

ਆਤਮ ਮਾਰਗ
ਪ੍ਰਕਾਸ਼ਨ

# ਨਾਮੁ ਮਹਾ ਰਸੁ

ਲੇਖਕ : ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ

# ਨਾਮੁ
# ਮਹਾ ਰਸੁ

- : ਕਰਤਾ :-
**ਸੰਤ ਬਾਬਾ ਵਰਿਆਮ ਸਿੰਘ ਜੀ**
**ਰਤਵਾੜਾ ਸਾਹਿਬ**

ਇਸ ਕਿਤਾਬ ਨੂੰ ਸਿਰਫ ਪੀ.ਡੀ.ਐਫ. ਫਾਰਮੇਟ ਵਿੱਚ ਰਿਲੀਜ਼ ਕੀਤਾ ਜਾ ਰਿਹਾ ਹੈ।
**ਹੇਠ ਲਿਖੀ ਵੈਬਸਾਇਟ ਤੇ ਡਾਊਨਲੋਡ ਕੀਤਾ ਜਾ ਸਕਦਾ ਹੈ।**
**www.ratwarasahib.com**

**ਜੇ ਪਰਿੰਟ ਚਾਹੀਦਾ ਹੈ ਤਾਂ ਹੇਠ ਦਿਤੇ ਨੰਬਰਾਂ ਤੇ ਸੰਪਰਕ ਕੀਤਾ ਸਕਦਾ ਹੈ**
**9417214391, 9417214379**

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

**- ਪ੍ਰਕਾਸ਼ਕ -**
**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ**
**ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ (ਨੇੜੇ ਚੰਡੀਗੜ੍ਹ)**
ਸੰਪਰਕ ਨੰ: ਦਫਤਰ-**94172-14391, 79**

# ਦੋ ਸ਼ਬਦ

ਆਤਮ ਰਸੀਏ, ਬ੍ਰਹਮੁ ਸਰੋਤਰੀ, ਬ੍ਰਹਮੁ ਨਿਸ਼ਠਾ, ਤੱਤ ਬੇਤੇ, ਬ੍ਰਹਮੁ ਗਿਆਨੀ, ਗਿਆਨ ਦੇ ਸੂਰਜ, ਸਤਿ ਚਿਤ ਅਨੰਦ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖ ਸ੍ਰੀ ਮਾਨ ਸੰਤ ਮਹਾਰਾਜ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਵੱਲੋਂ ਲਿਖਤ ਪੁਸਤਕ 'ਨਾਮੁ ਮਹਾ ਰਸੁ' ਨਾਮ ਰਸ ਨਾਲ ਭਰਪੂਰ ਹੈ। ਗੁਰੂ ਘਰ ਦਾ ਮਾਣਮੱਤਾ ਸ਼ਹੀਦੀਆਂ ਭਰਿਆ, ਸੇਵਾ-ਸਿਮਰਨ ਨਾਲ ਮਖਮੂਰ ਇਤਿਹਾਸ ਅਤੇ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵਿੱਚ ਮਹਾਂਪੁਰਖਾਂ ਨੇ ਆਪਣੇ ਇਸ ਜਨਮ ਅਤੇ ਪਿਛਲੇ ਕਈ ਜਨਮਾਂ ਦੀ ਕਮਾਈ ਕਰਕੇ ਅਨੁਭਵ ਪ੍ਰਕਾਸ਼ ਵਿੱਚੋਂ ਅੰਮ੍ਰਿਤ ਰੂਪੀ ਪ੍ਰਵਚਨ ਸੰਸਾਰ ਦੇ ਭਲੇ ਲਈ 3-3 ਘੰਟੇ ਦੇ ਦੀਵਾਨਾਂ ਵਿੱਚ ਬਖਸ਼ਿਸ਼ ਕੀਤੇ ਹਨ। ਜੋ ਉਨ੍ਹਾਂ ਵੱਲੋਂ ਅਪ੍ਰੈਲ 1995 ਵਿਚ ਪ੍ਰਕਾਸ਼ਿਤ ਰੂਹਾਨੀ ਪਤ੍ਰਿਕਾ 'ਆਤਮ ਮਾਰਗ' ਰਾਹੀਂ ਪੂਰੇ ਸੰਸਾਰ ਵਿੱਚ ਚਲ ਰਹੇ ਹਨ। ਆਤਮ ਮਾਰਗ ਤੇ ਚਲਣ ਵਾਲੇ ਜਗਿਆਸੂਆਂ ਲਈ ਮਾਨੋ ਇਕ ਬਹੁਤ ਵੱਡਾ ਖਜਾਨਾ ਹੈ। ਮਹਾਂਪੁਰਖਾਂ ਦੇ ਅੰਦਰ ਤਿੰਨ ਕਾਲ ਭੂਤ-ਭਵਿੱਖ-ਵਰਤਮਾਨ ਐਝੋਂ ਹੁੰਦੇ ਹਨ ਜਿਵੇਂ ਆਪਾਂ ਕੋਈ ਔਲਾ ਆਪਣੀ ਹੱਥ ਦੀ ਹੱਥਲੀ ਉਪਰ ਰੱਖ ਲਈਏ। ਇਸੇ ਤਰ੍ਹਾਂ ਲੰਘ ਚੁਕਿਆ ਸਮਾਂ, ਚਲ ਰਿਹਾ ਸਮਾਂ ਅਤੇ ਆਉਣ ਵਾਲਾ ਸਮਾਂ ਉਨ੍ਹਾਂ ਦੇ ਦ੍ਰਿਸ਼ਟੀ ਗੋਚਰੇ ਹੁੰਦਾ ਹੈ। ਆਪ ਜੀ ਨੇ ਆਉਣ ਵਾਲੇ ਸਮੇਂ ਨੂੰ ਭਾਂਪ ਲਿਆ ਸੀ ਕਿ ਇਲੈਕਟ੍ਰੋਨਿਕਸ ਮੀਡੀਏ ਦਾ ਯੁੱਗ ਆ ਰਿਹਾ ਹੈ। ਉਸ ਮੁਤਾਬਿਕ ਆਪ ਨੇ ਆਪਣੇ ਦੀਵਾਨਾਂ ਦੀਆਂ ਵੀਡੀਓ ਆਡੀਓ ਕੈਸਟਾਂ ਤਿਆਰ ਕਰਵਾ ਕੇ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਸੰਸਥਾ ਕੋਲ ਸਭਾਂ ਦਿਤੀਆਂ ਹਨ। ਪਿਛਲੇ ਜਨਮ-ਜਨਮਾਂਤਰਾਂ ਦੀ ਕਮਾਈ ਸਦਕਾ ਆਪ ਜੀ ਦਾ ਬਚਪਨ ਤੋਂ ਹੀ ਗੁਰੂ ਘਰ ਨਾਲ ਪਿਆਰ ਪੈ ਗਿਆ ਸੀ। ਪੰਜ ਸਾਲ ਦੀ ਉਮਰ ਵਿੱਚ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ ਸੀ। ਜਦੋਂ ਧਲੇਤੇ ਪਿੰਡ ਆਪਣੀ ਭੈਣ ਕੋਲ 5 ਸਾਲ ਦੀ ਉਮਰ ਵਿੱਚ ਛੁਟੀਆਂ ਕਟਣ ਲਈ ਪਹੁੰਚਦੇ ਹਨ ਪਹਿਰ ਰਾਤ ਰਹਿੰਦੀ 1 ਵਜੇ ਇਸ਼ਨਾਨ ਕਰਕੇ 6 ਮਾਲਾ ਪੱਕੀਆਂ ਗੁਰਮੰਤਰ ਦੀਆਂ ਫੇਰਦੇ ਸਨ। ਬਾਅਦ ਵਿੱਚ 22-22 ਘੰਟੇ ਦੀ ਸਮਾਧੀ ਅੰਦਰ ਬੈਠ ਕੇ ਨਾਮ ਜਪਦੇ ਰਹੇ। ਨਾਮ-ਰਸ-ਭਰਪੂਰ ਬਿਰਤੀ ਆਪ ਜੀ ਨੂੰ ਬਚਪਨ ਤੋਂ ਪ੍ਰਾਪਤ ਸੀ। ਅੰਮ੍ਰਿਤ ਨਾਮ ਵਿੱਚ ਮਖਮੂਰ ਬਿਰਤੀ-ਸੁਰਤੀ ਨਾਲ ਦੇਸ਼-ਕਾਲ-ਵਸਤੂ ਨੂੰ ਭੁਲ ਕੇ ਅਖੰਡ ਸਮਾਧੀ ਦੇ ਅੰਦਰ ਰਹਿੰਦੇ ਸਨ। 17 ਸਾਲ ਦੀ ਉਮਰ ਵਿੱਚ ਪੂਰਨ ਬ੍ਰਹਮ ਵੇਤੇ ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਨਾਲ ਮਿਲਾਪ ਹੋਇਆ ਜਦੋਂ ਬਚਨ-ਬਿਲਾਸ ਹੋਏ। ਤਾਂ ਸੰਤ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਨੇ ਕਿਹਾ ਕਿ ਅੱਜ ਇਕ ਸੋਹਾਗਣ ਨੂੰ ਸੋਹਾਗਣ ਦਾ ਮੇਲ ਹੋਇਆ ਹੈ ਪਹਿਲਾਂ ਤਾਂ ਰੰਡੀਆਂ ਹੀ ਮਿਲਦੀਆਂ ਰਹੀਆਂ। ਇਸ ਮਿਲਾਪ ਦੁਰਾਨ ਦੋ ਰੂਹਾਨੀ ਧਾਰਾ ਦਾ ਸੰਗਮ ਹੋ ਗਿਆ ਆਪਣਾ ਤਨ-ਮਨ-ਧਨ ਆਪ ਜੀ ਨੇ ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੂੰ ਵੇਚ ਦਿਤਾ। ਨਾਮ ਆਪ ਪਹਿਲਾਂ ਹੀ ਜਪਦੇ ਸਨ। ਹੁਣ

ਇਕ ਪੂਰਨ ਮਹਾਂਪੁਰਖ ਨੂੰ ਮਿਲਣ ਨਾਲ ਨਾਮ-ਰਸ ਵਿੱਚ ਬਿਰਤੀ ਹੋਰ ਮਖਮੂਰ ਹੋ ਗਈ। ਦਿਨ ਰਾਤ ਉਨ੍ਹਾਂ ਦੇ ਪਿਆਰ ਵਿੱਚ ਸੁਰਤੀ-ਬਿਰਤੀ-ਧਿਆਨ ਲੱਗੀ ਰਹਿੰਦੀ। ਫੇਰ ਆਪ ਜੀ ਨੇ ਹੋਰ ਘੋਰ ਤਪੱਸਿਆ ਅਰੰਭੀ ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਦੀਆਂ ਖੁਸ਼ੀਆਂ ਪ੍ਰਾਪਤ ਕਰ ਲਈਆਂ ਉਨ੍ਹਾਂ ਨੂੰ ਅੰਦਰੋਂ ਖੁਸ਼ ਕਰ ਲਿਆ ਅਖੀਰ ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਜਦੋਂ 1975 ਵਿੱਚ ਇੰਗਲੈਂਡ ਨੂੰ ਜਾਣ ਲਈ ਰਵਾਨਾਂ ਹੋਣਾ ਸੀ ਮੁਲਾਕਾਤ ਹੋਈ ਉਨ੍ਹਾਂ ਨੇ ਬਚਨ ਕੀਤੇ ਕਿ ਤੁਸੀਂ ਨਾਮ ਦੇ ਦਿਆ ਕਰੋ ਫੇਰ ਕਿਹਾ ਕਿ ਸਾਨੂੰ ਸਰੀਰ ਦੇ ਦਿਆ ਕਰੋ ਆਪ ਨੇ ਕਿਹਾ ਕਿ ਇਹ ਤਨ-ਮਨ-ਧਨ ਤਾਂ ਪਹਿਲਾਂ ਹੀ ਮੈਂ ਤੁਹਾਡੇ ਹਵਾਲੇ ਕਰ ਚੁਕਾ ਹਾਂ। ਇਹ ਆਖਰੀ ਮਿਲਣੀ ਸੀ। 26 ਅਗਸਤ ਅੰਮ੍ਰਿਤਵੇਲੇ ਵੁਲਵਰਹੈਂਪਟਨ ਇੰਗਲੈਂਡ ਵਿਖੇ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਨੇ ਆਪਣੇ ਸਰੀਰ ਦਾ ਪ੍ਰਤਿਆਗ ਕਰ ਦਿਤਾ। ਇਹ ਵਿਛੋੜਾ ਅਸਿਹ ਨਾ ਸਹਿ ਹੋਣ ਵਾਲਾ ਸੀ। ਆਪ ਜੀ 1978-79 ਵਿੱਚ ਚੰਡੀਗੜ੍ਹ ਆ ਗਏ। ਫੇਰ ਇਸ ਇਲਾਕੇ ਦੀ ਸਾਰ ਲਈ ਰੋਪੜ ਦੀ। ਦਿਨ ਰਾਤ ਇਕ ਕਰਕੇ ਪਿੰਡ-ਪਿੰਡ ਜਾ ਕੇ ਆਪਣੇ ਅੰਮ੍ਰਿਤ ਰੂਪੀ ਕੀਰਤਨ ਦੁਆਰਾ ਇਲਾਕੇ ਦੀ ਨੁਹਾਰ ਨੂੰ ਬਦਲ ਦਿਤਾ ਲੱਖਾਂ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕਰ ਲਿਆ ਗੁਰੂ ਦੇ ਲੜ ਲਗ ਗਏ। ਉਹ ਪ੍ਰਵਚਨ ਇਨ੍ਹਾਂ ਕਿਤਾਬਾਂ ਰਾਹੀਂ ਹੁਣ ਹੌਲੀ ਹੌਲੀ ਪ੍ਰਕਾਸ਼ਿਤ ਹੋ ਰਹੇ ਹਨ। ਜਿਹੜਾ ਵੀ ਇਨ੍ਹਾਂ ਪ੍ਰਵਚਨਾਂ ਨੂੰ ਪੜ੍ਹੇਗਾ ਉਹ 'ਨਾਮ-ਮਹਾ-ਰਸੁ' ਵਿੱਚ ਆਪਣੀ ਸੁਰਤਿ ਨੂੰ ਲਜਾ ਸਕਦਾ ਹੈ। ਨਾਮ ਦੇ ਮੰਡਲ ਵਿੱਚ ਆਏ ਹੋਏ ਪ੍ਰਵਚਨ ਨਾਮ ਵਿੱਚ ਸੁਰਤਿ ਜੋੜਨ ਨੂੰ ਸਮਰਥ ਹਨ। ਮਹਾਂਪੁਰਖਾਂ ਦੇ ਪਵਿੱਤਰ ਕੰਠ ਵਿੱਚੋਂ ਉਤਰੇ ਹੋਏ ਪ੍ਰਵਚਨ ਜਿਹੜਾ ਵੀ ਜਗਿਆਸੂ ਪੜ੍ਹੇਗਾ ਉਹ ਨਾਮ ਰਸ ਦੀਆਂ ਉਚੀਆਂ ਉਡਾਰੀਆਂ ਵਿੱਚ ਸੁਰਤਿ ਦਾ ਇਸ਼ਨਾਨ ਕਰਵਾ ਸਕੇਗਾ। ਕਾਮ-ਕਰੋਧ-ਲੋਭ-ਮੋਹ-ਹੰਕਾਰ ਨੂੰ ਫਤਿਹ ਪਾਉਣ ਲਈ ਇਹ ਪੁਸਤਕ ਮਹਾਂਪੁਰਖਾਂ ਵੱਲੋਂ ਰਚਿਤ ਇਕ ਤਲਵਾਰ ਦਾ ਕੰਮ ਕਰੇਗੀ। ਜਿਹੜਾ ਵੀ ਇਸ ਨੂੰ ਪੂਰੇ ਇਕਾਂਤ ਵਾਸ ਵਿੱਚ ਪੜ੍ਹੇਗਾ ਉਸ ਦਾ ਉਧਾਰ ਹੋਣਾ ਇਸੇ ਹੀ ਜਨਮ ਵਿੱਚ ਸੰਭਵ ਹੋਵੇਗਾ। ਇਕੱਲੇ ਇਕੱਲੇ ਲੇਖ ਨੂੰ ਪੜ੍ਹ ਕੇ ਸਪੈਲਿੰਗ ਮਿਸਟੇਕ ਦੂਰ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਇਸ ਦਾ ਥੋੜਾ ਜਗਿਆਸੂ ਦੀ ਸੂਝ ਲਈ ਹੇਠ ਲਿਖੇ ਅਨੁਸਾਰ ਸਿਰਲੇਖ ਲਿਖੇ ਗਏ ਹਨ :-

ਪਹਿਲਾ ਦੀਵਾਨ ਵਿਚ ਗੁਰਮੁਖ ਦੇ ਜੀਵਨ ਦੀ ਉਚਤਾ ਦੱਸੀ ਹੈ? ਗੁਰਮੁਖ ਦਾ ਜੀਵਨ ਕਿਹੋ ਜਿਹਾ ਹੁੰਦਾ ਹੈ? ਉਹ ਕਿਵੇਂ ਵਾਹਿਗੁਰੂ ਜੀ ਦੀ ਰਜ਼ਾ ਵਿੱਚ ਆਪਣੇ ਆਪ ਨੂੰ ਸੁਰ ਕਰ ਲੈਂਦਾ ਹੈ? ਗੁਰੂ ਨਾਨਕ ਸਾਹਿਬ ਜੀ ਦਾ ਪੀਰਾਂ ਫਕੀਰਾਂ ਨਾਲ ਵਾਹ ਪੈਂਦਾ ਰਹਿੰਦਾ ਸੀ ਨਾਮ ਦੇ ਰਸਤੇ ਤੋਂ ਭੜਕ ਚੁਕੇ ਉਸ ਸਮੇਂ ਸਿਧ, ਜਤੀ, ਜੋਗੀ, ਵੱਡੇ ਵੱਡੇ ਪੀਰ ਜਿਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਜੀ ਨੇ ਸਹੀ ਰਸਤਾ ਨਾਮ ਜੀ ਦਾ ਦਰਸਾਇਆ? ਇਸੇ ਤਰਾਂ ਇਸ ਲੇਖ ਅੰਦਰ ਉਸ ਸਮੇਂ ਦਾ ਪੀਰ ਜਿਸ ਦਾ ਨਾਮ ਮਖਦੂਮ ਸੀ ਜੋ ਆਪਣੀ ਹਾਸਲ ਕੀਤੀ ਸ਼ਕਤੀ ਨਾਲ ਸਮੁੰਦਰ ਦੇ ਉਤੇ ਆਪਣਾ ਮੁਸੱਲਾ ਰੱਖ ਕੇ ਬਹੁਤ ਦੂਰ ਤੱਕ ਚਲੇ ਜਾਂਦਾ ਅਨੇਕ

ਤਰਾਂ ਦੀਆਂ ਖੇਡਾਂ ਕਰਦਾ ਰਹਿੰਦਾ? ਉਥੇ ਜਦੋਂ ਗੁਰੂ ਨਾਨਕ ਸਾਹਿਬ ਪਹੁੰਚਦੇ ਹਨ ਉਨ੍ਹਾਂ ਨੇ ਦੇਖਿਆ ਕਿ ਇਹ ਪੀਰ ਸ਼ਕਤੀਆਂ ਹਾਸਲ ਕਰਕੇ ਲੋਕਾਂ ਦੀ ਪ੍ਰਸੰਸਾ ਹਾਸਲ ਕਰਦਾ ਹੈ? ਗੁਰੂ ਨਾਨਕ ਸਾਹਿਬ ਜੀ ਨੇ ਇਕ ਕੌਤਕ ਰਾਹੀਂ ਉਸ ਨੂੰ ਸਾਰਾ ਅਹਿਸਾਸ ਕਰਵਾਇਆ ਕਿ ਇਹ ਮਾਇਆਵੀ ਸ਼ਕਤੀਆਂ ਹਨ ਅਤੇ ਇਨ੍ਹਾਂ ਵਿੱਚ ਪੈ ਕੇ ਤੁਸੀਂ ਨਾਮ ਤੱਕ ਨਹੀਂ ਪਹੁੰਚ ਸਕਦੇ? ਪ੍ਰਮੇਸ਼ਰ ਜੀ ਨੂੰ ਮਿਲਣ ਦਾ ਰਸਤਾ ਹੋਰ ਹੈ? ਮਖਦੂਮ ਪੀਰ ਜੀ ਨੇ ਗੁਰੂ ਨਾਨਕ ਸਾਹਿਬ ਜੀ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਨਾਮ ਦੀ ਕਮਾਈ ਕੀਤੀ। ਗੁਰਮੁਖ ਸਬਦ ਦੇ ਅਰਥ ਸਮਝਣ ਲਈ ਮਹਾਂਪੁਰਖਾਂ ਦੇ ਇਸ ਲੇਖ ਨੂੰ ਪੜ੍ਹ ਕੇ ਪਤਾ ਲਗ ਜਾਂਦਾ ਹੈ ਕਿ ਰਾਜੇ ਮਹਾਂਰਜਿਆਂ ਪੀਰਾਂ, ਜੋਗੀਆਂ ਨਾਲੋਂ ਕਿਵੇਂ ਇਕ ਗੁਰਮੁਖ ਦਾ ਜੀਵਨ ਵਿਲੱਖਣ ਹੁੰਦਾ ਹੈ? ਕਿਵੇਂ ਪਰਮੇਸ਼ਰ ਜੀ ਦੇ ਭਾਣੇ ਅੰਦਰ ਦੁਨਿਆਂ ਦਾ ਭਲਾ ਕਰਦਾ ਹੈ ਅਤੇ ਸੰਸਾਰ ਵਿੱਚ ਰਹਿਕੇ ਇਸ ਤੋਂ ਉਪਰ ਉਠ ਕੇ ਪਰਉਪਕਾਰ ਦੇ ਕਾਰਜ ਕਰਦਾ ਹੈ ਅਤੇ ਉਸ ਦੇ ਕੀਤੇ ਸਾਰੇ ਕਾਰਜ ਦਰਗਾਹ ਵਿੱਚ ਪ੍ਰਵਾਨ ਹੁੰਦੇ ਹਨ?

ਦੂਜੇ ਦੀਵਾਨ ਵਿਚ ਮਹਾਂਪੁਰਖਾਂ ਨੇ ਆਪਣੀ ਪਵਿੱਤਰ ਅੰਮ੍ਰਿਤ ਰੂਪੀ ਰਸਨਾਂ ਤੋਂ ਸਰੀਰ ਜੋ ਸਾਡਾ ਹੈ ਨਰ ਨਰਾਇਣੀ ਦੇਹ ਵੀ ਇਸ ਨੂੰ ਕਿਹਾ ਹੈ? ਇਸ ਦੀ ਬਣਤਰ ਬਾਰੇ ਬਚਨ ਕੀਤੇ ਹਨ? ਕਿਵੇਂ ਇਹ ਸਾਨੂੰ ਪ੍ਰਾਪਤ ਹੋਈ ਹੈ? ਕਿਵੇਂ ਇਸ ਨੂੰ ਚਲਾਉਣ ਵਾਸਤੇ ਵਾਹਿਗੁਰੂ ਜੀ ਨੇ ਆਪਣੀ ਜੋਤ ਇਸ ਵਿੱਚ ਧਰੀ ਹੋਈ ਹੈ? ਵਾਹਿਗੁਰੂ ਜੀ ਇਸ ਸਰੀਰ ਵਿੱਚ ਕਿਥੇ ਨਿਵਾਸ ਕਰਦੇ ਹਨ? ਵਾਹਿਗੁਰੂ ਜੀ ਨੂੰ ਕਿਵੇਂ ਮਿਲਿਆ ਜਾ ਸਕਦਾ ਹੈ? ਇਸਲਾਮ ਵਿੱਚ ਬਹੁਤ ਉੱਚ ਕੋਟੀ ਦੇ ਫਕੀਰ ਹੋਏ ਬਾਬਾ ਫਰੀਦ ਜੀ ਉਨ੍ਹਾਂ ਨੇ ਕਿਹੜਾ ਰਸਤਾ ਅਪਣਾ ਕੇ ਵਾਹਿਗੁਰੂ ਜੀ ਦੇ ਦਰਸ਼ਨ ਕੀਤੇ? ਕਿਵੇਂ ਆਪ ਜੀ ਨੇ ਤਪ ਕੀਤਾ? ਅਖੀਰ ਪੂਰਨ ਗੁਰੂ ਉਸ ਸਮੇਂ ਦੇ ਮਖਤਿਆਰ ਕਾਕੀ ਕੋਲ ਕਿਵੇਂ ਸੇਵਾ ਕਰਕੇ ਉਨ੍ਹਾਂ ਦੇ ਮਨ ਨੂੰ ਮਨਾ ਲਿਆ? ਵਾਹਿਗੁਰੂ ਜੀ ਦੇ ਪ੍ਰਤੱਖ ਦਰਸ਼ਨ ਕਿਵੇਂ ਕੀਤੇ? ਇਸੇ ਤਰ੍ਹਾਂ ਬੜੀ ਦੇਰ ਤੋਂ 'ਕਾਲਸੀ ਦਾ ਰਿਸ਼ੀ' ਜੋ ਕਿ ਬੜੀ ਦੇਰ ਤੋਂ ਉਡੀਕ ਕਰ ਰਿਹਾ ਸੀ ਪੂਰਨ ਗੁਰ ਅਵਤਾਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਪ ਜੀ ਨੇ ਜਾ ਉਸ ਨੂੰ ਰੂਹਾਨੀਅਤ ਦੀ ਆਖਰੀ ਮੰਜਲ ਟਪਾ ਕੇ ਵਾਹਿਗੁਰੂ ਜੀ ਵਿੱਚ ਅਭੇਦ ਕਰ ਦਿਤਾ। ਤੇ ਨਾਲ ਦੇ ਸਿੰਘਾਂ ਨੂੰ ਹੁਕਮ ਕੀਤਾ ਕਿ ਇਸ ਰਿਸ਼ੀ ਨੂੰ ਪਾਲਕੀ ਵਿੱਚ ਬਿਠਾਲ ਕੇ ਪਾਉਂਟਾ ਸਾਹਿਬ ਲੈ ਚਲੋ। ਬਹੁਤ ਹੀ ਪਿਆਰ ਵਾਲੀ ਇਹ ਰਚਨਾ ਹੈ ਸੰਤ ਮਹਾਰਾਜ ਜੀ ਦੀ ਜਿਸ ਪੜ੍ਹ ਕੇ ਅੰਦਰਲੀ ਖੋਜ ਕਰਨ ਵਾਸਤੇ ਸਾਨੂੰ ਸੇਧ ਪ੍ਰਾਪਤ ਹੁੰਦੀ ਹੈ। ਉਨ੍ਹਾਂ ਵੱਲੋਂ ਦਰਸਾਏ ਰਸਤੇ ਤੇ ਚਲ ਕੇ ਪੜ੍ਹ ਕੇ ਵੀਚਾਰ ਕੇ ਆਪਣਾ ਜਨਮ ਸਫਲਾ ਕੀਤਾ ਜਾ ਸਕਦਾ ਹੈ।

ਤੀਜੇ ਦੀਵਾਨ ਵਿੱਚ ਮਹਾਂਪੁਰਖਾਂ ਨੇ ਬਹੁਤ ਵਿਸਥਾਰ ਦੱਸਿਆ ਹੈ ਕਿ ਇਹ ਜੋ ਸੰਸਾਰ ਅਸੀਂ ਦੇਖਦੇ ਹਾਂ ਕਿਵੇਂ ਹੋਂਦ ਵਿੱਚ ਆਇਆ ਹੈ? ਇਸ ਦੀ ਉਤਪਤੀ ਕਿਵੇਂ ਹੋਈ ਹੈ? ਕਿਹੜੇ ਮੁੱਖ ਦੇਵਤੇ ਹਨ ਜਿਨ੍ਹਾਂ ਦੀ

ਡਿਊਟੀ ਇਸ ਨੂੰ ਚਲਾਉਣ ਲਈ ਲੱਗੀ ਹੋਈ ਹੈ? ਉਹ ਕਿਵੇਂ ਸਾਰਾ ਪ੍ਰਬੰਧ ਇਸ ਧਰਤੀ ਚਲਾਉਣ ਦਾ ਕਰ ਰਹੇ ਹਨ? ਹੁਕਮ ਦੀ ਕਿਰਿਆ ਕਿਵੇਂ ਚਲ ਰਹੀ ਹੈ? ਵਾਰੀ ਕਿਵੇਂ ਸੰਭਾਲੀ ਜਾ ਸਕਦੀ ਹੈ? ਇਸ ਦੇਹੀ ਵਿਚ ਚੋਰ ਕਿਹੜੇ ਹਨ? ਇਸ ਦੇਹੀ ਵਿੱਚ ਰੱਬ ਕੋਲ ਜਾਣ ਲਈ ਪੁਰਾਤਨ ਅਤੇ ਨਵੇਂ ਦੱਸੇ ਰਾਹ ਕਿਹੜੇ ਕਿਹੜੇ ਹਨ? ਵਾਹਿਗੁਰੂ ਜੀ ਨੂੰ ਮਿਲਣ ਵਾਸਤੇ ਸੌਖਾ ਰਸਤਾ ਕਿਹੜਾ ਹੈ? ਨਾਮ ਮਾਰਗ, ਆਤਮ ਮਾਰਗ, ਸੁਰਤਿ ਸਬਦ ਮਾਰਗ ਕੀ ਹੈ? ਸੁਰਤਿ ਕਿਸ ਨੂੰ ਕਹਿੰਦੇ ਹਨ? ਸੁਰਤਿ ਨੂੰ ਫੜਿਆ ਕਿਵੇਂ ਜਾ ਸਕਦਾ ਹੈ? ਦਬਿਯ ਸਘੰਧੀ ਕਿਥੇ ਹੈ? ਭਗਤੀ ਕਿੰਨੇ ਪ੍ਰਕਾਰ ਦੀ ਹੈ। ਵੈਰਾਗ ਕਿੰਨੇ ਪ੍ਰਕਾਰ ਦਾ ਹੈ? ਧਰੂੰ ਭਗਤ ਜੀ ਨੂੰ ਕਿਹੜਾ ਵੈਰਾਗ ਲੱਗਿਆ ਸੀ? ਧਰੂੰ ਭਗਤ ਜੀ ਨੂੰ ਨਾਰਦ ਜੀ ਨੇ ਕਿਹੜਾ ਨਾਮ ਦਿਤਾ ਅਤੇ ਕਿਹੜਾ ਧਿਆਨ ਧਰਨ ਦੀ ਤਾਕੀਦ ਕੀਤੀ ਅਤੇ ਕਿਹੜਾ ਉਪਦੇਸ਼ ਬਖਸ਼ਿਸ਼ ਕੀਤਾ?

ਚੌਥੇ ਦੀਵਾਨ ਵਿੱਚ ਮਹਾਂਪੁਰਖਾਂ ਨੇ ਲੇਖੇ ਦੀ ਗੱਲ ਕੀਤੀ ਹੈ? ਹਰ ਸਮੇਂ ਬੰਦਾ ਕੁਝ ਨਾ ਕੁਝ ਕਰਦਾ ਹੈ ਪਰ ਇਹ ਸਾਰਾ ਕੁਝ ਕਿਹੜੇ ਲੇਖੇ ਪੈਂਦਾ ਹੈ? ਗੁਰੂ ਨਾਨਕ ਸਾਹਿਬ ਜੀ ਦਾ ਆਪਣੀ ਮਾਤਾ ਨਾਲ ਪਿਆਰ ਭੈਣ ਨਾਨਕੀ ਅਤੇ ਪਿਤਾ ਕਾਲੂ ਜੀ ਨਾਲ ਪਿਆਰ? ਰਾਇ ਬੁਲਾਰ ਜੀ ਵੱਲੋਂ ਬੇਨਤੀਆਂ? ਰਾਇ ਬੁਲਾਰ ਜੀ ਨੂੰ ਗਿਆਨ ਦੀ ਆਖਰੀ ਹੱਦ ਕਿਵੇਂ ਪਾਰ ਕਰਾਈ ਗਈ? ਰਾਇ ਬੁਲਾਰ ਜੀ ਨੂੰ ਬ੍ਰਹਮ ਗਿਆਨ ਦੀ ਬਖਸ਼ਿਸ਼? ਇਹ ਸਾਰਾ ਦੀਵਾਨ ਪੂਰੇ ਧਿਆਨ ਨਾਲ ਪੜ੍ਹਨ ਅਤੇ ਵਾਚਣ ਨਾਲ ਪਤਾ ਲਗਦਾ ਹੈ ਕਿ ਵਾਹਿਗੁਰੂ ਜੀ ਸਾਡੇ ਨਾਲ ਕਿਵੇਂ ਰਹਿ ਰਹੇ ਹਨ। ਸਾਰੇ ਭਰਮ ਦੇ ਮਾਇਆ ਦੇ ਛੌੜ ਕਿਵੇਂ ਕੱਟੇ ਜਾ ਸਕਦੇ ਹਨ?

ਪੰਜਵੇਂ ਦੀਵਾਨ ਵਿੱਚ ਮਹਾਂਪੁਰਖਾਂ ਨੇ ਇਸ ਜਲਦੇ ਬਲਦੇ ਵਿਸ਼ੇ ਵਿਕਾਰਾਂ ਭਰੇ ਸੰਸਾਰ ਨੂੰ ਤਰਨ ਦਾ ਬਹੁਤ ਹੀ ਸਰਲ ਤਰੀਕਾ ਅਨੇਕਾਂ ਬੀਤ ਚੁਕੇ ਸਮੇਂ ਦੀਆਂ ਸਾਖੀਆਂ ਕੁਝ ਹੱਡ ਬੀਤੀਆਂ ਕੁਝ ਜਗ ਬੀਤੀਆਂ ਦੱਸੀਆਂ ਹਨ। ਭੂਮੀਆਂ ਜੋ ਕਿ ਗੁਰੂ ਨਾਨਕ ਸਾਹਿਬ ਸਮੇਂ ਦਾ ਬਹੁਤ ਵੱਡਾ ਚੋਰ ਸੀ, ਉਸ ਨੇ ਗੁਰੂ ਨਾਨਕ ਸਾਹਿਬ ਜੀ ਦੇ ਬਚਨ ਨੂੰ ਕਮਾਇਆ ਜਿਸ ਰਾਜ ਵਿੱਚ ਡਾਕੇ ਮਾਰਦਾ ਸੀ ਉਸੇ ਰਾਜ ਦਾ ਰਾਜਾ ਬਣਿਆ ਅਤੇ ਆਪ ਤਰਿਆ ਅਤੇ ਲੱਖਾਂ ਦਾ ਤਾਰਕ ਬਣਿਆ। ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੇ ਜੀਵਨ ਦੀ ਘਟਨਾ ਵੀ ਦੱਸੀ ਗਈ ਹੈ। ਇਸ ਇਕ ਹੀ ਦੀਵਾਨ ਨੂੰ ਪੜ੍ਹ ਕੇ ਜੇ ਅਮਲ ਕਰ ਲਿਆ ਜਾਵੇ ਤਾਂ ਇਕ ਹੀ ਜਨਮ ਵਿੱਚ ਇਹ ਜੀਵ ਆਤਮਾ ਸੰਸਾਰ ਤੋਂ ਪਾਰ ਲੰਘ ਸਕਦੀ ਹੈ।

ਛੇਵੇਂ ਦੀਵਾਨ ਵਿੱਚ ਮਹਾਂਪੁਰਖਾਂ ਨੇ ਦੱਸਿਆ ਹੈ ਕਿ ਕਿੰਨੇ ਜਨਮਾਂ ਦਾ ਦੇਹ ਅਧਿਆਸ ਹੋ ਅਸੀਂ ਕਿਵੇਂ ਇਸ ਸੰਸਾਰ ਦੇ ਅੰਦਰ ਭੜਕਦੇ ਫਿਰਦੇ ਹਾਂ? ਫਿਲੋਸਫੀ ਕੀ ਕੰਮ ਕਰਦੀ ਹੈ? ਗੁਰੂ ਨਾਲ ਸਾਡਾ ਰਿਸ਼ਤਾ ਕਿਹੋ ਜਿਹਾ ਹੋਣਾ ਚਾਹੀਦਾ ਹੈ? ਪਦਮ ਭੂਸ਼ਨ ਭਾਈ ਸਾਹਿਬ ਭਾਈ ਵੀਰ

ਸਿੰਘ ਜੀ ਦੀਆਂ ਕਵਿਤਾ ਰਾਹੀਂ ਦੱਸ ਰਹੇ ਹਨ ਕਿ ਅਸੀਂ ਕਿਥੇ ਪਹੁੰਚਣਾ ਹੈ ਸਾਡੀ ਮੰਜਲ ਕੀ ਹੈ? ਗੁਰੂ ਦੀ ਹਸਤੀ ਕੀ ਹੈ? ਸਾਡਾ ਗੁਰੂ ਅਸਲ ਵਿੱਚ ਕੌਣ ਹੈ? ਗੁਰੂ ਵਿੱਚ ਕਿਹੜਿਆਂ ਖੂਬੀਆਂ ਹਨ? ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੀਵਨ ਦੀ ਇਕ ਝਲਕ ਜਿਸ ਰਾਹੀਂ ਪਤਾ ਲਗਦਾ ਹੈ ਕਿ ਗੁਰੂ ਦੇ ਅੰਦਰ ਬਿਲਕੁਲ ਵੀ ਵੈਰ ਭਾਵ ਨਹੀਂ ਹੈ ਔਰੰਗਜੇਬ ਨੇ ਗੁਰੂ ਸਾਹਿਬ ਦੇ ਬੱਚਿਆਂ ਲਈ ਕਿੰਨੇ ਸਖਤ ਹੁਕਮ ਸੁਣਾ ਕੇ ਉਨ੍ਹਾਂ ਨੂੰ ਸਜਾਵਾਂ ਦੇ ਕੇ ਸ਼ਹੀਦ ਕਰ ਦਿਤਾ ਪਰ ਗੁਰੂ ਸਾਹਿਬ ਔਰੰਗਜੇਬ ਦੇ ਵੱਡੇ ਸਪੁੱਤਰ ਦਾ ਸਾਥ ਦੇਣ ਗਏ ਅਤੇ ਉਸ ਨੂੰ ਕਿਵੇਂ ਰਾਜ ਗੱਦੀ ਤੇ ਬਿਠਾਲ ਕੇ ਆਏ। ਜੰਗ ਵਿੱਚ ਵੀ ਉਸ ਦਾ ਸਾਥ ਦਿਤਾ। ਮਾਲਵੇ ਵਿੱਚ ਭਾਈ ਦਾਨ ਸਿੰਘ ਜੀ ਨਾਲ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਕਿਹੜੇ ਬਚਨ ਬਿਲਾਸ ਹੋਏ। ਮਨੁੱਖ ਕਿੰਨੇ ਕਿਸਮ ਦੇ ਹੁੰਦੇ ਹਨ? ਗੁਰੂ ਘਰ ਦੇ ਅੰਦਰ ਸਿੱਖੀ ਦੀ ਦਾਤ ਕਿਵੇਂ ਪ੍ਰਾਪਤ ਹੁੰਦੀ ਹੈ? ਪਹਿਲਾਂ ਨੌਂ ਗੁਰੂਆਂ ਸਮੇਂ ਕਿਵੇਂ ਮੰਤਰ ਲਿਆ ਜਾਂਦਾ ਸੀ? ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕਿਹੜੀ ਰੀਤ ਚਲਾਈ? ਸਿੱਖੀ ਦੇ ਅੰਦਰ ਕਿਹੜੀਆਂ ਰਹਿਤਾਂ ਭਾਈ ਦਾਨ ਸਿੰਘ ਨੂੰ ਗੁਰੂ ਸਾਹਿਬ ਨੇ ਸਮਝਾਂਈਆਂ ਅਤੇ ਸਿੱਖੀ ਦੀ ਦਾਤ ਬਖਸ਼ਿਸ਼ ਕੀਤੀ? ਵਾਹਿਗੁਰੂ ਮੰਤਰ ਦੇ ਜਾਪ ਨਾਲ ਕੀ ਹੁੰਦਾ ਹੈ? ਕਿਵੇਂ ਅੰਦਰਲਾ ਬ੍ਰਹਿਮੰਡ ਖੁਲ੍ਹ ਜਾਂਦਾ ਹੈ? ਉਥੇ ਕੀ ਦਿਸਦਾ ਹੈ? ਸੰਤ ਮਹਾਰਾਜ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੇ ਜੀਵਨ ਦੀ ਘਟਨਾ? ਕਿਵੇਂ ਉਨ੍ਹਾਂ ਦੇ ਸਰੀਰ ਵਿੱਚੋਂ ਰੌਸ਼ਨੀ ਨਿਕਲਦੀ ਸੀ? ਸੰਤ ਭਾਈ ਹੀਰਾ ਸਿੰਘ ਜੀ ਦਾਉਦਪੁਰੀਏ ਦੇ ਜੀਵਨ ਦੀ ਘਟਨਾ? ਪੁਰਾਣੇ ਸਮਿਆਂ ਵਿੱਚ ਯੋਗੀ ਕਿਵੇਂ ਕੁੰਡਲਨੀ ਕਿਵੇਂ ਜਾਗਰਤ ਕਰਦੇ ਸਨ? ਵੱਡੇ ਵੱਡੇ ਯੋਗੀ ਮਛੰਦਰਨਾਥ ਵਰਗੇ ਕਿਵੇਂ ਮਾਇਆ ਨੇ ਭੁਲਾ ਦਿਤੇ? ਗੁਰੂ ਸੁਖਸ਼ਮ ਸਰੀਰ ਨਾਲ ਕਿਵੇਂ ਸੰਸਾਰ ਦੇ ਕਾਰਜ ਨੀਂਦ ਵਿੱਚ ਵੀ ਕਰਦਾ ਹੈ? ਅਖੀਰ ਪ੍ਰੇਮ ਦੇ ਵਸੀਭੂਤ ਵਾਹਿਗੁਰੂ ਜੀ ਕਿਵੇਂ ਆ ਜਾਂਦੇ ਹਨ?

ਸੱਤਵੇਂ ਦੀਵਾਨ ਵਿੱਚ ਮਹਾਂਪੁਰਖਾਂ ਨੇ ਭਾਈ ਨੰਦ ਲਾਲ ਜੀ ਦਾ ਬਹੁਤੇ ਸੰਖੇਪ ਵਿੱਚ ਜੀਵਨ ਝਾਤ ਮਾਰੀ ਹੈ। ਜਿਸ ਵਿੱਚ ਕਿਵੇਂ ਆਪ ਜੀ ਨੂੰ ਬਚਪਨ ਤੋਂ ਹੀ ਗਿਆਨ ਸੀ। ਉਸ ਸਮੇਂ ਮੁਤਾਬਿਕ ਗੁਰੂ ਧਾਰਨ ਦੀ ਜੋ ਰਸਮ ਸੀ ਉਸ ਬਾਰੇ ਮਹਾਂਪੁਰਖਾਂ ਨੇ ਦੱਸਿਆ ਹੈ ਕਿ ਆਪ ਜੀ ਨੂੰ ਬਚਪਨ ਤੋਂ ਗਿਆਨ ਸੀ। ਕਿਵੇਂ ਗੁਰੂ ਗੋਬਿੰਦ ਸਿੰਘ ਜੀ ਨੂੰ ਆਪ ਜੀ ਨੇ ਗੁਰੂ ਧਾਰਨ ਕੀਤਾ? ਗੁਰੂ ਸਾਹਿਬ ਨਾਲ ਆਪ ਜੀ ਮੁਲਾਕਾਤ ਕਦੋਂ ਹੋਈ? ਉਸ ਸਮੇਂ ਗੁਰੂ ਸਾਹਿਬ ਨਾਲ ਕੀ ਬਚਨ ਬਿਲਾਸ ਹੋਏ? ਗੁਰੂ ਸਾਹਿਬ ਆਪ ਜੀ ਕਿੰਨਾ ਪਿਆਰ ਪੈ ਗਿਆ? ਆਖੀਰ ਆਪ ਜੀ ਅਨੰਦਪੁਰ ਸਾਹਿਬ ਵਿੱਚ ਹੀ ਆ ਗਏ? ਮਹਾਪੁਰਖਾਂ ਨੇ ਆਪਣੇ ਮੁਖਾਬਿੰਦ ਤੋਂ ਬਹੁਤ ਹੀ ਪਿਆਰ ਦੇ ਨਾਲ ਇਸ ਗਾਥਾ ਨੂੰ ਇਸ ਲੇਖ ਦੇ ਅੰਦਰ ਪਰੋਇਆ ਹੈ ਜਿਹੜਾ ਵੀ ਜਗਿਅਸੂ ਇਸ ਅਮਰ ਗਾਥਾ ਨੂੰ ਪੜ੍ਹੇਗਾ ਉਸ ਦੇ ਅੰਦਰ ਗੁਰੂ ਗੋਬਿੰਦ ਸਿੰਘ ਜੀ ਦੀ ਸਖਸ਼ੀਅਤ ਅਤੇ ਉਨ੍ਹਾਂ ਦਾ ਪਿਆਰ ਅੰਦਰ ਆ ਜਾਵੇਗਾ। ਅੰਤਰ ਆਤਮੇ ਅੰਦਰ ਇਕ ਗਿਆਨ ਦੀ ਝਲਕ ਵਜਣੀ

ਸੁਭਾਵਿਕ ਹੈ।

ਅੱਠਵੇਂ ਦੀਵਾਨ ਵਿੱਚ ਮਹਾਂਪੁਰਖਾਂ ਨੇ ਜਿਵੇਂ ਕਪਾਟ ਹੀ ਖੋਲ੍ਹੇ ਪਏ ਹਨ। ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਇਸ ਜਲਦੀ ਅਤੇ ਬਲਦੀ ਦੁਨੀਆ ਨੂੰ ਸ਼ਾਂਤੀ ਦੇ ਰਾਹ ਚਲਾਉਣ ਵਾਸਤੇ, ਪਾਪਾਂ ਤੋਂ ਮੁਕਤਿ ਦੇਣ ਵਾਸਤੇ ਕਿਹੜਾਂ ਪਿਆਲਾ ਵਾਹਿਗੁਰੂ ਜੀ ਦੀ ਦਰਗਾਹ ਵਿੱਚੋਂ ਲੈ ਕੇ ਆਏ ਅਤੇ ਉਸ ਨੂੰ ਕਿਵੇਂ ਅਸੀਂ ਗ੍ਰਹਿਣ ਕਰਕੇ ਆਤਮ ਵਸਤੂ ਤੱਕ ਪਹੁੰਚ ਸਕਦੇ ਹਾਂ? ਨਾਮ ਜਪਣਾ ਕਿੰਨਾ ਔਖਾ ਹੈ? ਗੁਰੂ ਦੀ ਮਦਦ ਨਾਲ ਕਿਵੇਂ ਸੌਖਾ ਹੋ ਜਾਂਦਾ ਹੈ। ਨਾਮ ਜਪਣ ਨਾਲ ਕਿਹੜੀਆਂ ਬਰਕਤਾਂ ਬੰਦੇ ਦੇ ਅੰਦਰ ਆ ਜਾਂਦੀ ਹਨ? ਨਾਮ ਦਾ ਪਿਆਲਾ ਸਾਡੇ ਅੰਦਰ ਕਿਥੇ ਪਿਆ ਹੈ? ਗੁਰੂ ਨਾਨਕ ਸਾਹਿਬ ਜੀ ਜਦੋਂ ਪ੍ਰਾਰਬ੍ਰਹਮੁ ਪ੍ਰਮੇਸ਼ਰ ਦੀ ਦਰਗਾਹ ਵਿੱਚ ਪਹੁੰਚਦੇ ਹਨ ਤਿੰਨ ਦਿਨ ਬਾਅਦ ਆ ਕੇ ਕਿਹੜਾ ਉਪਦੇਸ਼ ਸਾਰੇ ਸੰਸਾਰ ਨੂੰ ਦੇਣਾ ਕੀਤਾ? ਆਪ ਜੀ ਨੇ ਕਿਹੜਾ ਨਾਮ ਜਪਾਇਆ ਜਿਸ ਨਾਲ ਸਾਡੇ ਸਾਰੇ ਪਾਪ ਨਾਸ਼ ਹੋ ਜਾਣ ਅਤੇ ਅੰਦਰ ਨਾਮ ਦਾ ਪ੍ਰਕਾਸ਼ ਹੋ ਜਾਵੇ। ਬਹੁਤ ਪਿਆਰ ਵਾਲਾ ਦੀਵਾਨ ਹੈ ਮਹਾਂਪੁਰਖਾਂ ਨੇ ਪੂਰੇ ਵਜਦ ਵਿੱਚ ਆ ਕੇ ਇਹ ਦੀਵਾਨ ਲਾਇਆ ਹੈ ਜਿਹੜਾ ਵੀ ਇਸ ਦੀਵਾਨ ਨੂੰ ਪੜ੍ਹੇਗਾ ਉਸ ਦੇ ਅੰਦਰ ਨਾਮ ਜਪਣ ਦੀ ਲਾਲਸਾ ਜਾਗੇਗੀ ਅਤੇ ਐਸੇ ਹੀ ਜਨਮ ਵਿੱਚ ਨਾਮ ਜਪ ਕੇ ਮਹਾਂ ਬਿਖਮ ਭਰਿਆ ਭਵਜਲ ਲੰਘ ਜਾਵੇਗਾ।

ਨੌਂਵੇਂ ਦੀਵਾਨ ਵਿੱਚ ਮਹਾਂਪੁਰਖਾਂ ਨੇ ਬਹੁਤ ਸੰਖੇਪ ਵਿੱਚ ਗੁਰੂ ਤੇ ਸਿੱਖ ਦਾ ਪਿਆਰ ਕਿਹੋ ਜਿਹਾ ਹੈ? ਸਿੱਖੀ ਕਿੰਨੇ ਪ੍ਰਕਾਰ ਦੀ ਹੈ? ਗੁਰਸਿੱਖ ਦੁੱਖ ਸੁਖ ਸਹਿੰਦਾ ਹੋਇਆ ਕਿਵੇਂ ਗੁਰੂ ਦੇ ਪਿਆਰ ਵਿੱਚ ਜੀਵਨ ਗੁਜਾਰਦਾ ਹੈ? ਫੇਰ ਗੁਰੂ ਦਾ ਕੀ ਫਰਜ ਹੈ? ਖਾਲਸੇ ਦੀ ਪ੍ਰਖਿਆ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਿੰਨੀ ਵਾਰ ਲਈ? ਗੁਰਸਿੱਖ ਸਿੱਖੀ ਕਿੰਨ੍ਹਾਂ ਸਿਧਾਂਤਾਂ ਤੇ ਚਲ ਕੇ ਗੁਰੂ ਦੇ ਲੋਕ ਵਿੱਚ ਜਿਉਂਦੇ ਜੀਅ ਵਾਸਾ ਕਰ ਲੈਂਦਾ ਹੈ? ਦੁਖ ਦੇ ਸਮੇਂ ਸਿਖੀ ਚੜ੍ਹਦੀ ਕਲਾ ਵਿੱਚ ਕੌਣ ਰਹਿ ਸਕਦਾ ਹੈ?

ਦੱਸਵੇਂ ਦੀਵਾਨ ਵਿੱਚ ਮਹਾਂਪੁਰਖਾਂ ਨੇ ਬਹੁਤ ਵਿਸਥਾਰ ਸਹਿਤ ਗੁਰਬਾਣੀ ਦੀ ਸ਼ਕਤੀ ਨੂੰ ਬਿਆਨ ਕੀਤਾ ਹੈ। ਜਿਸ ਵਿੱਚ ਆਪ ਜੀ ਨੇ ਬਹੁਤ ਵਿਸਥਾਰ ਨਾਲ ਦੱਸਿਆ ਹੈ ਕਿ ਸ਼ਕਤੀ ਬੰਦੇ ਅੰਦਰ ਪਈ ਹੈ। ਉਹ 'ਨਾਮ' ਦਵਾਈ ਅੰਦਰ ਹੈ। ਓਥੇ ਪਹੁੰਚਣ ਦੀ ਵਿਧੀ ਦੱਸੀ ਹੈ ਕਿੰਨੀ ਹੀ ਭਿਆਨਕ ਬਿਮਾਰੀ ਹੋਵੇ ਉਹ ਨਾਮ ਦੀ ਦਵਾਈ ਅਤੇ ਸੰਜਮ ਨਾਲ ਖਾਣ ਨਾਲ ਦੂਰ ਹੋ ਜਾਂਦੀ ਹੈ। ਨਿੰਦਿਆ ਦਾ ਫਲ ਕੀ ਹੁੰਦਾ ਹੈ? ਆਚਰਣ ਸ਼ੁਧ ਰੱਖਣਾ? ਕਿਸੇ ਵਾਸਤੇ ਆਪਣੇ ਮਨ ਵਿੱਚ ਵੈਰ ਭਾਵ ਨਾ ਰੱਖਣਾ? ਏਕਾ ਨਾਰੀ ਜਤੀ ਹੋਏ? ਦਾਨ ਦੇਣ ਦਾ ਤਰੀਕਾ ਕਿਹੜਾ ਹੈ? ਮਹਾਰਾਜਾ ਰਣਜੀਤ ਸਿੰਘ ਜੀ ਦੇ ਜੀਵਨ ਦੀਆਂ ਝਲਕੀਆਂ ਦਰਸਾਈਆਂ ਹਨ। ਹੋਰ ਅਨੇਕਾਂ ਭਗਤਾਂ ਦੇ ਜੀਵਨ ਦੀ ਵੀਚਾਰ ਇਸ ਲੇਖ ਅੰਦਰ ਪ੍ਰੜਨ ਲਈ ਮਿਲੇਗੀ।

ਗਿਆਰਵੇਂ ਦੀਵਾਨ ਵਿੱਚ ਮਹਾਂਪੁਰਖਾਂ ਨੇ ਭਾਈ ਮੰਝ ਜੀ ਜੋ ਇਸਲਾਮਕ-

ਪੀਰਾਂ–ਫਕੀਰਾਂ–ਮਜਾਰਾਂ ਨੂੰ ਪਹਿਲਾਂ ਮੰਨਦੇ ਸੀ ਇਲਾਕੇ ਵਿੱਚ ਪੂਰੇ ਚੌਧਰੀ ਸੀ। ਜਦੋਂ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਦੀਵਾਨ ਵਿੱਚ ਪਹੁੰਚਦੇ ਹਨ। ਉਨ੍ਹਾਂ ਦਾ ਮਨ ਬਣਿਆਂ ਕਿ ਸਿੱਖੀ ਧਾਰਨ ਕੀਤੀ ਜਾਵੇ ਗੁਰੂ ਅਰਜਨ ਸਾਹਿਬ ਜੀ ਕੋਲ ਨਿਮਰਤਾ ਸਹਿਤ ਬੇਨਤੀ ਕਿਤੀ ਅਤੇ ਸਿੱਖੀ ਦੀ ਯਾਚਨਾ ਕਿਤੀ। ਗੁਰੂ ਸਾਹਿਬ ਜੀ ਨੇ ਜੋ ਰਹਿਤਾਂ ਦੱਸਿਆਂ ਉਹ ਮਹਾਂਪੁਰਖਾਂ ਨੇ ਇਸ ਲੇਖ ਅੰਦਰ ਬਹੁਤ ਵਿਸਥਾਰ ਪੂਰਵਕ ਦੱਸਿਆਂ ਹਨ ਜਿਨ੍ਹਾਂ ਦੇ ਉਤੇ ਸਿੱਖੀ ਸਿਧਾਂਤ ਟਿਕਿਆ ਹੋਇਆ ਹੈ। ਇਸ ਇਕ ਹੀ ਲੇਖ ਨੂੰ ਪੜ੍ਹ ਕੇ ਸਾਰਾ ਗਿਆਨ ਹਾਸਲ ਹੋ ਜਾਂਦਾ ਹੈ ਜਿਸ ਤੇ ਸਿੱਖੀ ਦੀ ਨੀਂਹ ਰੱਖੀ ਗਈ ਹੈ। ਅਖੀਰ ਭਾਈ ਮੰਝ ਜੀ ਨੂੰ ਗੁਰੂ ਅਰਜਨ ਸਾਹਿਬ ਨੇ ਕਸਵੱਟੀ ਲਗਾ ਕੇ ਸਿੱਖੀ ਦੇ ਅੰਦਰ ਪਾਸ ਕਰ ਦਿਤਾ ਆਪਣੇ ਗਲੇ ਨਾਲ ਲਾ ਲਿਆ। ਗੁਰੂ ਜੀ ਨੇ ਬਰ ਦਿਤੇ ਤੇ ਸਿੱਖੀ ਦਾ ਜਹਾਜ ਬਣਾ ਦਿਤਾ।

ਬਾਹਰਵੇਂ ਦੀਵਾਨ ਵਿੱਚ ਮਹਾਂਪੁਰਖਾਂ ਨੇ ਬਹੁਤ ਵਿਸਥਾਰ ਪੂਰਵਕ ਪ੍ਰਕ੍ਰਿਤੀ ਮੰਡਲ ਤੋਂ ਆਤਮ ਮੰਡਲ ਵਿੱਚ ਪ੍ਰਵੇਸ਼ ਕਰਨ ਦੀਆਂ ਅਨੇਕਾਂ ਵਿਧੀਆਂ ਦੱਸੀਆਂ ਹਨ। ਪ੍ਰਕ੍ਰਿਤੀ ਕਿਵੇਂ ਵਾਹਿਗੁਰੂ ਵਿੱਚ ਓਤ–ਪੋਤ ਹੈ। ਮਨੁੱਖ ਦੇ ਅੰਦਰ ਕਿਵੇਂ ਵਾਹਿਗੁਰੂ ਜੀ ਵਸ ਰਹੇ ਹਨ। ਅਨੇਕਾਂ ਮਹਾਤਾਮਾਂ ਦੀਆਂ ਉਦਾਹਰਣਾ ਦੇ ਕੇ ਸਮਝਾਇਆ ਕਿ ਕਿਵੇਂ ਉਨ੍ਹਾਂ ਨੇ ਮੰਤਰ ਦੀ ਕਮਾਈ ਕਰਕੇ ਉਚੀਆਂ ਪਦਵੀਆਂ ਹਾਸਲ ਕੀਤੀਆਂ। ਵਾਹਿਗੁਰੂ ਮੰਤਰ ਦੀ ਸ਼ਕਤੀ ਦੱਸੀ ਹੈ। ਇਸ ਇਕ ਹੀ ਲੇਖ ਨੂੰ ਪੜ੍ਹਨ ਵੀਚਾਰਨ ਨਾਲ ਸਾਡੇ ਅੰਦਰ ਭਰਮ ਭੁਲੇਖੇ ਦੂਰ ਹੋ ਜਾਣਗੇ ਅਸੀਂ ਆਤਮ ਮੰਡਲ ਦੇ ਵਾਸੀ ਇਸੇ ਹੀ ਜਨਮ ਵਿੱਚ ਹੋ ਕੇ ਵਾਹਿਗੁਰੂ ਵਿੱਚ ਅਭੇਦ ਹੋ ਸਕਦੇ ਹਾਂ।

ਤੇਰਵੇਂ ਦੀਵਾਨ ਵਿੱਚ ਮਹਾਂਪੁਰਖਾਂ ਨੇ ਦੋ ਗੁਰਸਿੱਖ ਜੋ ਗੁਰੂ ਨਾਨਕ ਸਾਹਿਬ ਜੀ ਕੋਲ ਦੁਨੀਆਂ ਤੋਂ ਉਚਾਟ ਹੋ ਕੇ ਗਲ ਵਿੱਚ ਪੱਲਾ ਪਾ ਕੇ ਨਾਮ ਦੀ ਯਾਚਨਾ ਕਰਦੇ ਹਨ ਗੁਰੂ ਨਾਨਕ ਸਾਹਿਬ ਜੀ ਨੇ ਵਾਹਿਗੁਰੂ ਮੰਤਰ ਦੀ ਦਾਤ ਬਖਸ਼ਿਸ਼ ਕਰ ਦਿਤੀ। ਨਾਮ ਜਪਣ ਦੀਆਂ ਜੋ ਰਹਿਤਾਂ ਦੱਸਿਆ ਉਹ ਇਸ ਲੇਖ ਅੰਦਰ ਮੌਜੂਦ ਹਨ। ਵਾਹਿਗੁਰੂ ਮੰਤਰ ਦੀ ਮੱਤਤਾ, ਵਾਹਿਗੁਰੂ ਮੰਤਰ ਦਾ ਕਿਵੇਂ ਸਿਮਰਨ ਕਰਨੇ ਹੈ? ਪਹਿਲੇ ਜੁਗਾਂ ਦੇ ਮੰਤਰਾਂ ਅਤੇ ਵਾਹਿਗੁਰੂ ਮੰਤਰ ਵਿੱਚ ਕੀ ਫਰਕ ਹੈ? ਪੁਰਾਤਨ ਕਮਾਈ ਵਾਲੇ ਮਹਾਤਮਾ ਇਸ ਮੰਤਰ ਜਾਪ ਕਰਕੇ ਪਰਮ ਪਦ ਤੇ ਪਹੁੰਚ ਕੇ ਕਿਵੇਂ ਰਿਧੀਆਂ ਸਿਧੀਆਂ ਤੋਂ ਕੰਮ ਲੈ ਲੈਂਦੇ ਸਨ? ਅਖੀਰ ਪ੍ਰਾਪਤੀ ਕਿਵੇਂ ਹੁੰਦੀ ਹੈ? ਆਤਮ ਮੰਡਲ ਵਿੱਚ ਕਿਵੇਂ ਵਾਸਾ ਹੋ ਜਾਂਦਾ ਹੈ? ਮਹਾਂਪੁਰਖਾਂ ਦੇ ਇਸ ਦੀਵਾਨ ਨੂੰ ਪੜ੍ਹ ਕੇ ਵੀਚਾਰ ਕੇ ਅੰਦਰ ਚਕਸ਼ੂ ਨੇਤਰ ਖੁਲ੍ਹ ਜਾਂਦੇ ਪ੍ਰਕ੍ਰਿਤੀ ਡੀਕੋਡ ਕਿਵੇਂ ਹੋ ਜਾਂਦੀ ਹੈ? ਆਤਮ ਮੰਡਲ ਵਿੱਚ ਵਾਸਾ ਹੋਣਾ ਸੁਭਾਵਿਕ ਹੈ।

ਹਰ ਇਕ ਲੇਖ ਨੂੰ ਪੜ੍ਹ ਕੇ ਥੋੜਾ ਜਗਿਆਸੂ ਦੀ ਸੂਝ ਵਾਸਤੇ ਲਿਖਣ ਦੀ ਕੋਸ਼ਿਸ਼ ਕੀਤੀ ਹੈ ਕਿ ਇਨ੍ਹਾਂ ਲੇਖਾਂ ਅੰਦਰ ਮਹਾਂਪੁਰਖਾਂ ਨੇ

ਕਿਵੇਂ ਗੁਰਮਤਿ ਰੂਹਾਨੀ ਸੂਝ ਦੇ ਤੱਥ ਵਿਚਾਰੇ ਹਨ।

609 ਪੇਜਾਂ ਦੀ ਬਹੁਤ ਹੀ ਪਿਆਰੀ ਪੁਸਤਕ 'ਨਾਮੁ ਮਹਾ ਰਸੁ' ਤਿਆਰ ਹੋ ਕੇ 13 ਵੱਖ-ਵੱਖ ਸਿਰਲੇਖਾਂ ਤੇ ਅਧਾਰਤ ਪਾਠਕਾਂ ਲਈ ਇਲੈਕਟਰੋਨਿਕਸ ਮੀਡੀਏ ਤੇ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। ਇਹ ਪੁਸਤਕ ਨਾਮੁ ਰਸੁ ਭਰਭੂਰ ਮਹਾਂਪੁਰਖ ਰਤਵਾੜਾ ਸਾਹਿਬ ਵਾਲਿਆਂ ਦੀ ਕਿਰਤ ਹੈ।

ਆਉਣ ਵਾਲੀ ਮਹਾਂਪੁਰਖ ਸ੍ਰੀ ਮਾਨ ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਜੀ ਦੀ 106ਵੇਂ ਜਨਮ ਦਿਹਾੜੇ ਤੇ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ 17 ਜੂਨ 2023 ਨੂੰ 'ਮਹਾਨ ਗੁਰਮਤਿ ਸਮਾਗਮ' ਦੇ ਰੂਪ ਵਿੱਚ ਮਨਾਇਆ ਜਾ ਰਿਹਾ ਹੈ। ਜਿਸ ਵਿੱਚ ਦੇਸ਼ਾਂ ਵਿਦੇਸ਼ਾਂ ਤੋਂ ਲੱਖਾਂ ਸੰਗਤਾਂ ਮਹਾਂਪੁਰਖਾਂ ਦੀ ਪਵਿੱਤਰ ਭੂਮੀ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਤੇ ਨਤਮਸਤਕ ਹੋਣ ਲਈ ਆ ਰਹੀਆਂ ਹਨ। ਇਸ ਸਮਾਗਮ ਵਿੱਚ ਰਤਵਾੜਾ ਸਾਹਿਬ ਦੇ ਜੱਥੇ ਪ੍ਰਵਚਨਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹਨ। www.ratwarasahib.com ਤੇ vgrmct.org ਪੀ.ਡੀ.ਐਫ. ਫਾਰਮੇਟ ਵਿੱਚ ਰਿਲੀਜ਼ ਕੀਤੀ ਜਾ ਰਹੀ ਹੈ।

22.08.2022


ਗੁਰਿੰਦਰ ਸਿੰਘ

ਸੇਵਾਦਾਰ 'ਆਤਮ ਮਾਰਗ'

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ

ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ (ਨਿਊ ਚੰਡੀਗੜ੍ਹ)

ਡਾਕ. ਮੁੱਲਾਂਪੁਰ ਗਰੀਬਦਾਸ, ਤਹਿ. ਮੋਹਾਲੀ

ਜਿਲ੍ਹਾ - ਮੋਹਾਲੀ 140901, 9417214391, 9417214378

# ਤੱਤਕਰਾ


| ਲੜੀ ਨੰ. | ਸਿਰਲੇਖ | ਪੰਨਾ ਨੰ. |
|---|---|---|
| 1. | ਅਵਰ ਤਿਆਗਿ ਬਿਖਿਆ ਜੰਜਾਲ.. | 12 |
| 2. | ਕਾਲਸੀ ਦਾ ਰਿਸ਼ੀ | 43 |
| 3. | ਧਰੂ ਕਉ ਮਿਲਿਆ ਹਰਿ ਸਿੰਗ॥ | 70 |
| 4. | ਆਪਣਾ ਮੂਲ ਪਛਾਣ | 103 |
| 5. | ਜੇ ਕੋ ਬਚਕ ਕਮਾਵੈ ਸੰਤਨ ਕਾ | 146 |
| 6. | ਸਤਿਗੁਰ ਪੁਰਖੁ ਅਗੰਮ ਹੈ | 178 |
| 7. | ਗੁਰੂ ਦਸ਼ਮੇਸ਼ ਪਿਤਾ ਜੀ ਤੇ ਭਾਈ ਨੰਦਲਾਲ ਜੀ | 211 |
| 8. | ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ | 255 |
| 9. | ਸਿਦਕੀ ਸਿੱਖੀ | 296 |
| 10. | ਭਾਈ ਮੰਝ (ਸਰਬ ਰੋਗ ਕਾ ਅਉਖਦੁ ਨਾਮੁ) | 316 |
| 11. | ਭਾਈ ਮੰਝ, ਭਾਗ - 2 | 377 |
| 12. | ਗੁਰੂ ਨਾਨਕ ਦੇਵ ਜੀ (ਭਾਈ ਮਾਹਲੋ, ਭਾਈ ਮਾਂਗੋ) | 424 |
| 13. | ਗੁਰੂ ਨਾਨਕ ਪਾਤਸ਼ਾਹ (ਸੀਹਾਂ ਤੇ ਭਾਈ ਗੱਜਣ) | 471 |

# 1

# ਅਵਰ ਤਿਆਗਿ ਬਿਖਿਆ ਜੰਜਾਲ..

ਸ਼ਾਨ..............................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਅੰਗ - 256*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*
*ਧਾਰਨਾ - ਸਰਨਿ ਪਰਿਓ ਦਰਬਾਰੇ ਸੁਆਮੀ,*
*ਸਰਨਿ ਪਰਿਓ ਦਰਬਾਰੇ।*
*ਸ੍ਵਾਮੀ ਸਰਨਿ ਪਰਿਓ ਦਰਬਾਰੇ ॥*
*ਕੋਟਿ ਅਪਰਾਧ ਖੰਡਨ ਕੇ ਦਾਤੇ*
*ਤੁਝ ਬਿਨੁ ਕਉਨੁ ਉਧਾਰੇ ॥ ਰਹਾਉ ॥*
*ਖੋਜਤ ਖੋਜਤ ਬਹੁ ਪਰਕਾਰੇ ਸਰਬ ਅਰਥ ਬੀਚਾਰੇ ॥*
*ਸਾਧਸੰਗਿ ਪਰਮ ਗਤਿ ਪਾਈਐ*
*ਮਾਇਆ ਰਚਿ ਬੰਧਿ ਹਾਰੇ ॥ 1 ॥*
*ਚਰਨ ਕਮਲ ਸੰਗਿ ਪ੍ਰੀਤਿ ਮਨਿ ਲਾਗੀ*
*ਸੁਰਿ ਜਨ ਮਿਲੇ ਪਿਆਰੇ ॥*
*ਨਾਨਕ ਅਨਦ ਕਰੇ ਹਰਿ ਜਪਿ ਜਪਿ*
*ਸਗਲੇ ਰੋਗ ਨਿਵਾਰੇ ॥ ਅੰਗ - 715*
*ਧਾਰਨਾ - ਦਰਗਾਹ ਰਹਿਣ ਦੀ ਜਾਚ ਨਾ ਆਈ,*
*ਦੁਨੀਆਂ ਨਾਲ ਨੇਹੁੰ ਲਾ ਲਿਆ।*
*ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ ॥*
*ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ ॥*
*ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥*

*ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ ॥*
*ਮੁਹਿ ਚਲੈ ਸੁ ਅਗੈ ਮਾਰੀਐ ॥* *ਅੰਗ - 470*

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥ 1 ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥ 1 ॥ ਰਹਾਉ ॥*
*ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥*
*ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥ 2 ॥*
*ਕਹਤੁ ਕਬੀਰੁ ਕੋਈ ਨਹੀ ਤੇਰਾ ॥*
*ਹਿਰਦੈ ਰਾਮੁ ਕੀ ਨ ਜਪਹਿ ਸਵੇਰਾ ॥* *ਅੰਗ - 656*

*ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥*
*ਅੰਗ - 469*

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥* *ਅੰਗ - 315*

*ਆਪੀਨ੍ਹੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥* *ਅੰਗ - 464*

*ਧਾਰਨਾ - ਅੱਗੇ ਰਹਿਣ ਦੀ ਜਾਚ ਨਾ ਆਈ,*
*ਦੁਨੀਆਂ ਨਾਲ ਨੇਹੁੰ ਲਾ ਲਿਆ।*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ, ਆਪ ਗੁਰੂ ਦਰਬਾਰ 'ਚ ਪਹੁੰਚੇ ਹੋ। ਮਹਾਰਾਜ ਜੀ ਦਾ ਫੁਰਮਾਨ ਹੈ ਕਿ ਏਸ ਸੰਸਾਰ 'ਤੇ ਸਦਾ ਨਹੀਂ ਰਹਿਣਾ। ਥੋੜ੍ਹੀ ਦੇਰ ਵਾਸਤੇ ਆਪਾਂ ਏਥੇ ਆਏ ਹਾਂ, ਕੁਛ ਕਰਨ ਵਾਸਤੇ ਤੇ ਅੱਗੇ ਜਾ ਕੇ ਜਿੱਥੇ ਰਹਿਣਾ ਹੈ। ਉਹਨੂੰ ਗੁਰੂ ਮਹਾਰਾਜ ਨੇ ਤੇ ਸਾਰੇ ਧਾਰਮਿਕ ਸਿਧਾਂਤਾਂ ਨੇ, ਦਰਗਾਹ ਦੇ ਨਾਮ ਨਾਲ ਵਾਰ-ਏ-ਗਾਹ ਖੁਦਾ, ਸੱਚਖੰਡ, ਸਵਰਗ; ਨਰਕ ਵੀ ਨਾਲ ਦੀ ਨਾਲ ਹਨ, ਪਰ ਇਹ ਸਾਨੂੰ ਸੋਝੀ ਨਹੀਂ ਆਉਂਦੀ ਏਸ ਥਾਂ ਦੀ। ਕਿਉਂਕਿ ਅਸੀਂ ਦੁਨੀਆਂ ਦੇ ਨਾਲ ਨੇਹੁੰ ਪਾ ਕੇ ਐਸੀਆਂ ਗੱਲਾਂ ਕਰ ਦਿੰਦੇ ਹਾਂ ਜਿਹਦੇ ਬਾਰੇ ਵਾਰਨਿੰਗ ਹੈ ਕਿ 'ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥' ਦਰਗਾਹ 'ਚ ਜਾ ਕੇ ਸਾਨੂੰ ਹਾਰ ਦਾ ਮੂੰਹ ਦੇਖਣਾ ਪਵੇ। ਐਸੀ ਗੱਲ ਨਹੀਂ ਕਰਨੀ ਚਾਹੀਦੀ, ਦੁਨੀਆਂ ਦੇ ਵਿੱਚ ਅਸੀਂ ਭੁੱਲ ਜਾਂਦੇ ਹਾਂ। ਦੁਨੀਆਂ ਜਿਸਨੂੰ ਮਾਇਆ ਕਹਿੰਦੇ ਨੇ, ਇਹਦਾ ਸਰੂਪ ਹੀ ਇਹੀ ਹੈ -

*ਏਹ ਮਾਇਆ ਜਿਤੁ ਹਰਿ ਵਿਸਰੈ*
*ਮੋਹੁ ਉਪਜੈ ਭਾਉ ਦੂਜਾ ਲਾਇਆ ॥* *ਅੰਗ - 921*

ਪੈਸੇ ਟਕੇ ਨੂੰ ਮਾਇਆ ਨਹੀਂ ਕਹਿੰਦੇ, ਬਾਲ ਬੱਚਿਆਂ ਨੂੰ ਮਾਇਆ, ਕੋਠੀਆਂ ਨੂੰ ਮਾਇਆ, ਕਾਰਾਂ ਨੂੰ ਮਾਇਆ ਨਹੀਂ ਕਹਿੰਦੇ। ਮਾਇਆ ਇੱਕ ਭੁੱਲ ਦੀ ਅਵਸਥਾ ਹੈ ਜਿਹਦੇ ਵਿੱਚ ਆਦਮੀ ਪ੍ਰਮੇਸ਼ਰ ਨੂੰ ਭੁੱਲ ਜਾਂਦਾ ਹੈ ਤੇ ਉਹਦੇ ਵਿੱਚ ਮੋਹ ਪੈਦਾ ਹੋ ਜਾਂਦਾ ਹੈ ਤੇ ਦਵੈਤ ਦੇ ਵਿੱਚ ਪ੍ਰਮੇਸ਼ਰ ਨੂੰ ਛੱਡ ਕੇ ਹੋਰ ਚੀਜ਼ਾਂ ਦੇ ਨਾਲ ਮੋਹ ਲਾਉਣ ਦੇ ਨਾਲ ਆਦਮੀ ਬਾਜ਼ੀ ਜਿੱਤੀ ਹੋਈ ਹਾਰ ਕੇ ਸੰਸਾਰ ਤੋਂ ਜਾਂਦਾ ਹੈ। ਏਥੋਂ ਜਦ ਜਾਂਦਾ ਹੈ -

*ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ ॥ ਅੰਗ-520*

ਉਥੇ ਕੋਈ ਬੇਲੀ ਨਹੀਂ ਹੁੰਦਾ -

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥*
*ਅੰਗ - 1281*

ਇਹ ਮੌਕਾ ਸਭ ਦੇ ਉਤੇ ਆਉਣ ਵਾਲਾ ਹੈ, ਲਿਹਾਜ਼ ਕਿਸੇ ਨਾਲ ਨਹੀਂ ਹੋਣੀ। ਕਿਸੇ ਬੰਦੇ ਨੂੰ ਮਾਫ ਨਹੀਂ ਕੀਤਾ ਜਾਂਦਾ, ਚਾਹੇ ਵੱਡਾ ਹੋਵੇ ਚਾਹੇ ਛੋਟਾ ਹੋਵੇ। ਸੋ ਜਾਚ ਦੁਨੀਆਂ ਦੇ ਵਿੱਚ ਰਹਿ ਕੇ ਓਸ ਥਾਂ ਦੀ ਆਉਣੀ ਚਾਹੀਦੀ ਹੈ। ਉਹਦੇ ਬਾਰੇ ਮਹਾਰਾਜ ਸੰਕੇਤ ਦਿੰਦੇ ਨੇ ਕਿ -

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥* *ਅੰਗ - 283*

ਉਹ ਰਾਮ ਦਾ ਨਾਮ ਹੈ ਤੇ ਹੈ ਉਨ੍ਹਾਂ ਕੋਲ ਜਿਹੜੇ ਬੰਦਗੀ ਕਰਦੇ ਨੇ, ਨਾਮ ਜਪਦੇ ਨੇ, ਉਨ੍ਹਾਂ ਕੋਲ ਮਿਲਦੇ ਹੈ ਹੋਰ ਥਾਂ ਦੇ ਉਤੇ ਉਹ ਮਿਲਦਾ ਨਹੀਂ। ਮਿਲਦਾ ਕਿਵੇਂ ਹੈ? ਕਹਿੰਦੇ -

*ਤਜਿ ਅਭਿਮਾਨੁ ਲੇਹੁ ਮਨ ਮੋਲਿ ॥* *ਅੰਗ - 283*
*ਮਨ ਦੇ ਕੇ ਮੁੱਲ ਲੈ ਲੈ -*
*ਰਾਮ ਨਾਮੁ ਹਿਰਦੇ ਮਹਿ ਤੋਲਿ ॥* *ਅੰਗ - 283*

ਜਦੋਂ ਮੰਤਰ ਮਿਲ ਗਿਆ, ਫੇਰ ਉਹਨੂੰ ਹਿਰਦੇ 'ਚ ਤੋਲਦਾ ਰਹਿ, ਜਪਦਾ ਰਹਿ ਹਰ ਵਕਤ।

*ਲਾਦਿ ਖੇਪ ਸੰਤਹ ਸੰਗਿ ਚਾਲੁ ॥* *ਅੰਗ - 283*

ਖੇਪ ਜੇ ਲੱਦ ਕੇ ਤੂੰ ਇਕੱਲਾ ਤੁਰਿਆ ਤਾਂ ਤੈਨੂੰ ਪੰਜ ਚੋਰ ਲੁੱਟ ਲੈਣਗੇ -

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ*
*ਕੋਇ ਨ ਸੁਣੈ ਪੂਕਾਰਾ ॥* *ਅੰਗ - 600*

ਕਹਿੰਦੇ ਫੇਰ ਤੂੰ ਸੰਤਾਂ ਦੀ ਓਟ ਲੈ ਕੇ ਚੱਲ, ਕਿਉਂਕਿ ਸੰਤਾਂ ਦੇ ਕੋਲ

ਉਹ ਆਉਂਦੇ ਨਹੀਂ ਹਨ, ਨੱਠ ਜਾਂਦੇ ਨੇ। ਉਨ੍ਹਾਂ ਦੇ ਮੰਡਲ ਵਿੱਚ ਵੀ ਨਹੀਂ ਆਉਂਦੇ, ਦੌੜ ਜਾਂਦੇ ਨੇ –

***ਅਵਰ ਤਿਆਗਿ ਬਿਖਿਆ ਜੰਜਾਲ ॥*** ***ਅੰਗ – 283***

ਬਾਕੀ ਜਿੰਨੇ ਕੰਮਾਂ ਨੂੰ ਅਸੀਂ ਲੱਗੇ ਹੋਏ ਹਾਂ, ਜੇ ਸੱਚਮੁੱਚ ਅਸੀਂ ਗੁਰੂ ਨਾਨਕ ਪਾਤਸ਼ਾਹ ਦੇ ਸਿੱਖ ਹਾਂ, ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਹਾਂ, 100% ਤਾਂ ਸਿੱਖੀ ਸਾਡੇ ਵਿੱਚ ਹੈ ਕਿਉਂਕਿ ਸਿੱਖੀ ਦੀ ਵੀ definition (ਪਰਿਭਾਸ਼ਾ) ਹੈ। ਇੱਕ ਸਿੱਖੀ ਤਾਂ ਹੈ ਭੇਖ ਦੀ, ਐਵੇਂ ਭੇਖ ਜਿਹਾ ਬਣਾ ਲਿਆ, ਐਵੇਂ ਸਿੱਖ ਬਣ ਗਿਆ। ਇੱਕ ਸਿੱਖੀ ਹੁੰਦੀ ਹੈ, ਦੇਖਾ-ਦੇਖੀ ਦੀ ਕਿ ਆਹ ਵੀ ਸੋਹਣਾ ਲਗਦਾ ਹੈ, ਆਹ ਵੀ ਜਾਂਦਾ ਹੈ ਉਥੇ, ਤੇ ਆਹ ਵੀ ਜਾਂਦਾ ਹੈ ਤੇ ਨਾਲ ਹੀ ਰਲ ਗਿਆ। ਇੱਕ ਹੁੰਦੀ ਹੈ ਹਿਰਸ ਦੀ ਕਿ ਮੈਂ ਬਣ ਜਾਵਾਂ, ਮੈਨੂੰ ਭੂਤ ਪ੍ਰੇਤ ਕੁਛ ਨਹੀਂ ਕਹਿਣਗੇ, ਦੁੱਧ ਸਾਡੇ ਜ਼ਿਆਦਾ ਹੋਏਗਾ, ਫਸਲਾਂ ਸੋਹਣੀਆਂ ਹੋਣਗੀਆਂ, ਘਰ ਵਿੱਚ ਕਲੇਸ਼ ਹਟ ਜਾਏਗਾ ਵਿਘਨਾਂ ਦਾ ਨਾਸ਼ ਹੋ ਜਾਏਗਾ। ਇਹ ਤਿੰਨੋ ਸਿੱਖੀਆਂ ਇੱਕ ਘੇਰੇ ਵਿੱਚ ਆਉਂਦੀਆਂ ਨੇ। ਇਹ ਬੰਦੇ ਨੂੰ ਕਿਸੇ ਪਾਸੇ ਵੀ ਲੰਘਣ ਨਹੀਂ ਦਿੰਦੀਆਂ। ਐਵੇਂ ਧੋਖੇ 'ਚ ਰਹਿ ਜਾਂਦਾ ਹੈ ਬੰਦਾ। ਚੌਥੀ ਹੋਇਆ ਕਰਦੀ ਹੈ ਸਿੱਖੀ ਸਿਦਕ ਦੀ। ਪ੍ਰਮੇਸ਼ਰ ਰੂਪ ਮੰਨਣਾ ਆਪਣੇ ਗੁਰੂ ਨੂੰ ਵਾਹਿਗੁਰੂ ਦਾ ਰੂਪ ਮੰਨ ਕੇ ਉਹਦੇ ਸਾਰੇ ਹੁਕਮ ਮੰਨਣੇ। ਪੰਜਵੀਂ ਹੋਇਆ ਕਰਦੀ ਹੈ ਭਾਵਨਾ ਦੀ, ਭਾਵਨਾ ਦੇ ਨਾਲ ਉਹਨੂੰ ਹਰੇਕ ਘਟ ਦੇ ਵਿੱਚ ਵਿਆਪਕ ਦੇਖ ਕੇ, ਉਹਦੇ ਨਾਲ ਪਿਆਰ ਦੇ ਵਿੱਚ ਰਹਿਣਾ। ਭਾਵਨਾ ਪਿਆਰ ਨੂੰ ਕਹਿੰਦੇ ਨੇ। ਦੋ ਕਿਸਮ (catagory) ਦੇ ਸਿੱਖ ਪ੍ਰਵਾਨ ਨੇ, ਇੱਕ ਸਿਦਕ ਦੇ ਅਤੇ ਇੱਕ ਭਾਵਨਾ ਦੇ। ਬਾਕੀ ਜਿਹੜੇ ਨੇ ਉਹ ਆਪਣੀ ਗਰਜ਼ ਦੇ ਬੰਦੇ ਹੁੰਦੇ ਨੇ। ਹੁੰਦੀ ਰਹੇ ਠੀਕ ਹੈ, ਨਾ ਹੋਵੇ ਐਵੇਂ ਹੀ ਹੁੰਦੇ ਨੇ ਅਧਸੁੱਤੇ ਜਿਹੇ ਬੰਦੇ। ਕੋਈ ਜਾਗ ਕੇ ਨਹੀਂ ਸਿੱਖੀ ਧਾਰਨ ਕਰਦੇ। ਜਦੋਂ ਅਸੀਂ ਜਾਗ ਕੇ ਧਾਰਨ ਕਰਾਂਗੇ, ਫੇਰ ਅਸੀਂ ਗੁਰੂ ਦੇ ਹੁਕਮ ਮੰਨਾਂਗੇ। ਗੁਰੂ ਕੀ ਕਹਿੰਦਾ ਹੈ –

***ਅਵਰ ਤਿਆਗਿ ਬਿਖਿਆ ਜੰਜਾਲ ॥*** ***ਅੰਗ – 283***

ਵਿਚਾਰ ਕਰ ਲਓ ਆਪੇ ਹੀ ਕਿ ਜਿੰਨੇ ਹੋਰ ਕੰਮ ਨੇ –

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥*** ***ਅੰਗ – 12***

ਅਵਰ ਕਾਜ ਜਿੰਨੇ ਨੇ, ਮਹਾਰਾਜ ਉਹਨੂੰ ਬਿਖਿਆ ਦੇ ਕਾਰਜ ਕਹਿੰਦੇ ਨੇ ਕਿ ਉਹਨੂੰ ਛੱਡ ਦੇ। ਜਦੋਂ ਛੱਡ ਦਏਂਗਾ, ਫੇਰ ਕੀ ਹੋਏਗਾ? –

***ਧੰਨਿ ਧੰਨਿ ਕਹੈ ਸਭੁ ਕੋਇ ॥***
***ਮੁਖ ਊਜਲ ਹਰਿ ਦਰਗਹ ਸੋਇ ॥*** ***ਅੰਗ – 283***

ਫੇਰ ਜਾਚ ਆ ਗਈ ਦਰਗਾਹ 'ਚ ਰਹਿਣ ਦੀ। ਫੇਰ ਧੰਨ-ਧੰਨ

ਹੋਏਗੀ, ਇੱਥੇ ਵੀ ਤੇ ਦਰਗਾਹ ਵਿੱਚ ਵੀ –

*ਇਹੁ ਵਾਪਾਰੁ ਵਿਰਲਾ ਵਾਪਾਰੈ ॥ ਅੰਗ – 283*

ਮਹਾਰਾਜ ਕਹਿੰਦੇ, ਵੱਡੇ-ਵੱਡੇ ਇਹਦੇ 'ਚ ਹਾਰ ਜਾਂਦੇ ਨੇ। ਸਾਧੂ ਬਣ ਜਾਂਦੇ ਨੇ ਲੇਕਿਨ ਅੰਦਰੋਂ ਕਾਮਨਾ ਨਹੀਂ ਹਟਦੀ। ਕ੍ਰੋਧ ਮਰਦਾ ਹੀ ਨਹੀਂ ਹੈ। ਮਾਣ ਮਰਦਾ ਹੀ ਨਹੀਂ ਹੈ। ਫੇਰ ਮਾਣ ਦਾ ਮਾਣ, ਫਲਾਣੇ ਨੇ ਮੈਨੂੰ ਐਸ ਤਰ੍ਹਾਂ ਕਹਿ ਦਿੱਤਾ, ਫਲਾਣੇ ਨੇ ਐਸ ਤਰ੍ਹਾਂ ਕਹਿ ਦਿੱਤਾ। ਇਹ ਤਾਂ ਗੱਲਾਂ ਜੀਉਂਦਿਆਂ ਦੀਆਂ ਹੁੰਦੀਆਂ ਨੇ। ਜਿਹਨੇ ਸਿੱਖੀ ਧਾਰਨ ਕਰਨੀ ਹੈ, ਉਨ੍ਹਾਂ ਕੋਲ ਇਹ ਬਾਤਾਂ ਨਹੀਂ ਆਇਆ ਕਰਦੀਆਂ। ਉਹ ਤਾਂ ਕਹਿੰਦੇ –

*ਕੋਈ ਭਲਾ ਕਹਉ ਭਾਵੈ ਬੁਰਾ ਕਹਉ*
*ਹਮ ਤਨੁ ਦੀਓ ਹੈ ਢਾਰਿ ॥ ਅੰਗ – 528*

ਇਹ ਬਹੁਤ ਹੀ ਔਖਾ ਹੈ, ਏਸੇ ਕਰਕੇ ਮਹਾਰਾਜ ਨੇ ਕਿਹਾ ਹੈ ਕਿ –

*ਇਹੁ ਵਾਪਾਰੁ ਵਿਰਲਾ ਵਾਪਾਰੈ ॥ ਅੰਗ – 283*

ਕੋਈ ਵਿਰਲਾ-ਵਿਰਲਾ ਬੰਦਾ ਹੈ, ਜਿਹੜਾ ਇਸ ਵਾਪਾਰ ਦੇ ਵਿੱਚ ਆ ਕੇ ਮੁਨਾਫਾ ਹਾਸਿਲ ਕਰਦਾ ਹੈ। ਜਿਹੜਾ ਕਰਦਾ ਹੈ –

*ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ – 283*

ਕਹਿੰਦੇ, ਸੌ ਵਾਰੀ ਬਲਿਹਾਰ ਜਾਂਦੇ ਹਾਂ ਇਸਦੇ। ਜਿਹੜਾ ਇਸ ਤਰ੍ਹਾਂ ਦੇ ਨਾਲ ਜੀਵਨ ਬਤੀਤ ਕਰਦਾ ਹੈ। ਸੋ –

*ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥*
*ਅੰਗ – 469*

ਸਾਧੂ ਮਾਣ ਦੇ ਵਿੱਚ ਫਸ ਜਾਂਦਾ ਹੈ। ਗੁਰੂ ਨਾਨਕ ਪਾਤਸ਼ਾਹ ਵੱਡੇ-ਵੱਡੇ ਮਹਾਂਪੁਰਸ਼ਾਂ ਦੇ ਪਾਸ, ਸਾਧੂਆਂ ਦੇ ਪਾਸ, ਘਾਲਣਾ ਘਾਲਣ ਵਾਲਿਆਂ ਦੇ ਪਾਸ, ਜਿਹੜੇ ਰਸਤਿਆਂ ਦੇ ਵਿੱਚ ਅੜ ਕੇ ਖੜ੍ਹ ਗਏ ਸੀ ਉਨ੍ਹਾਂ ਨੂੰ ਜਾ ਕੇ ਰਸਤਾ ਦੱਸਣ ਗਏ ਕਿ ਪਿਆਰਿਓ! ਮਾਇਆ ਵਿੱਚ ਨਾ ਫਸਿਓ। ਇੱਕ ਮਹਾਤਮਾ ਦੇ ਕੋਲ ਗਏ ਉਪਦੇਸ਼ ਦਿੱਤਾ ਕਿ ਮਾਇਆ 'ਚ ਨਾ ਫਸ। ਕਹਿੰਦਾ, ਮਹਾਰਾਜ! ਮੈਂ ਤਾਂ ਇੱਕ ਵੀ ਪੈਸਾ ਕੋਲ ਨਹੀਂ ਰੱਖਦਾ। ਮੇਰੇ ਤਾਂ ਕੱਪੜੇ ਵੀ ਜਿਹੜੇ ਨੇ ਉਹ ਜਦ ਪਾਟਣਗੇ, ਜਦੋਂ ਗਲ 'ਚੋਂ ਲਹਿਣਗੇ। ਫੇਰ ਮਾਇਆ ਕਿਹੜੀ ਹੋ ਗਈ। ਮਹਾਰਾਜ ਕਹਿੰਦੇ, ਤੇਰੇ ਅੰਦਰ ਵੀ ਬਹੁਤ ਮਾਇਆ ਹੈ। ਕੀ ਕਰਦਾ ਸੀ। ਜਦੋਂ ਮਹਾਰਾਜ ਗਏ ਤਾਂ ਜਿਵੇਂ ਧਰਤੀ ਦੇ ਉਤੇ ਕਾਰਾਂ ਚਲਦੀਆਂ ਨੇ, ਐਸ ਤਰ੍ਹਾਂ ਦੇ ਨਾਲ ਉਹਦਾ ਮੁਸੱਲਾ ਧਰਤੀ ਦੇ ਉਤੇ ਦੌੜਿਆ ਫਿਰਦਾ ਸੀ। ਛੂੰਹਦਾ ਨਹੀਂ ਸੀ ਧਰਤੀ ਨੂੰ, ਉਤੇ-ਉਤੇ ਘੁੰਮਦਾ ਫਿਰਦਾ ਸੀ। ਮਹਾਰਾਜ ਜੀ ਖੜ੍ਹੇ ਹੋ ਕੇ ਦੇਖ ਰਹੇ ਨੇ ਕਿ ਇਹ ਸਾਧੂ ਕੀ ਕਰ ਰਿਹਾ ਹੈ। ਕਿਹੜਿਆਂ ਕੰਮਾਂ 'ਚ ਪੈ ਗਿਆ ਇਹ। ਉਸ ਵੇਲੇ ਆਵਾਜ਼ ਦਿੱਤੀ ਕਹਿੰਦਾ, ਆਓ ਸੰਤ ਜੀ! ਸੈਰ ਕਰੀਏ। ਆਓ ਤੁਸੀਂ ਆਪਣਾ ਕਰ ਲਓ। ਮਤਲਬ ਕਿ ਤੁਸੀਂ ਵੀ

ਆਪਣਾ ਆਸਣ ਲਾਓ ਤੇ ਆਪਾਂ ਸੈਰ ਕਰਕੇ ਆਈਏ। ਦੇਖਦੇ-ਦੇਖਦੇ ਸਮੁੰਦਰ ਦੇ ਵਿੱਚ ਦਾਖਲ ਹੋ ਗਿਆ। ਜਿਵੇਂ ਧਰਤੀ 'ਤੇ ਦੌੜਿਆ ਫਿਰਦਾ ਸੀ ਐਸ ਤਰ੍ਹਾਂ ਸਮੁੰਦਰ ਦੀਆਂ ਲਹਿਰਾਂ ਦੇ ਉਤੇ ਦੌੜਿਆ ਫਿਰਦਾ ਹੈ। ਮੁਸੱਲੇ 'ਤੇ ਬੈਠਾ ਹੈ, ਚੌਂਕੜਾ ਮਾਰਿਆ ਹੋਇਆ ਹੈ। ਮਹਾਰਾਜ ਜੀ ਦੇਖਦੇ ਰਹੇ, ਭਾਈ ਮਰਦਾਨਾ ਤੇ ਭਾਈ ਬਾਲਾ ਕਹਿੰਦੇ ਮਹਾਰਾਜ! ਬੜਾ ਸਾਧੂ ਹੈ ਇਹ ਤਾਂ ਤਕੜਾ ਹੈ ਕਰਨੀ ਵਾਲਾ। ਮਹਾਰਾਜ ਕਹਿੰਦੇ, ਨਹੀਂ ਮਾਇਆ 'ਚ ਫਸਿਆ ਹੋਇਆ ਬੰਦਾ ਹੈ। ਗਲਤ ਪਾਸੇ ਪਿਆ ਹੋਇਆ ਹੈ। ਵਾਪਸ ਆ ਗਿਆ, ਆ ਕੇ ਕਹਿਣ ਲੱਗਿਆ, ਆਓ ਸੰਤ ਜੀ! ਤੁਸੀਂ ਵੀ ਖੇਲ੍ਹ ਦਿਖਾਓ ਨਾ ਕੋਈ? ਮਹਾਰਾਜ ਜੀ ਕਹਿਣ ਲੱਗੇ, ਪ੍ਰੇਮੀਆਂ! ਤੂੰ ਐਸ ਤਰ੍ਹਾਂ ਕਰ ਕਿੱਡੀ ਕੁ ਦੂਰ ਜਾਂਦਾ ਹੁੰਦਾ ਹੈਂ? ਕਹਿੰਦਾ, ਮਹਾਰਾਜ! ਮੈਂ ਤਾਂ ਬਹੁਤ ਦੂਰ-ਦੂਰ ਸੈਰ ਕਰਕੇ ਆਉਂਦਾ ਹੁੰਦਾ ਹਾਂ। ਕਹਿੰਦੇ, ਜਿਹੜਾ ਤੇਰਾ ਕੰਮ ਹੈ ਨਾ, ਇਹ ਪ੍ਰਭੂ ਦੇ ਰਸਤੇ 'ਤੇ ਪ੍ਰਵਾਨ ਨਹੀਂ ਹੈ, ਮਨਜ਼ੂਰ ਨਹੀਂ ਹੈ ਦਰਗਾਹ ਦੇ ਵਿੱਚ। ਦੁਨੀਆਂ ਨੂੰ ਤੂੰ ਪ੍ਰਤਿਆ ਲਏਂਗਾ, ਦੁਨੀਆਂ ਤੇਰੀ ਖੇਡ ਦੇਖ ਕੇ, ਤਮਾਸ਼ਾ ਦੇਖ ਕੇ ਬੱਲੇ-ਬੱਲੇ ਕਹੇਗੀ, ਅਸ਼-ਅਸ਼ ਕਰ ਉਠੇਗੀ। ਪਰ ਰੱਬ ਦੇ ਦਰ ਦੇ ਉਤੇ ਇਹਦਾ ਕੌਡੀ ਜਿੰਨਾਂ ਵੀ ਮੁੱਲ ਨਹੀਂ ਹੈ। ਕਿਉਂ ਨਹੀਂ ਹੈ? ਕਿਉਂਕਿ ਰੱਬ ਦੇ ਦਰ ਦੇ ਉਤੇ ਇੱਕੋ ਹੀ ਗੱਲ ਮੁੱਲ ਪਾਉਂਦੀ ਹੈ, ਉਹ ਇਹ ਹੈ ਕਿ ਜੇ ਤਾਂ ਹਿਰਦੇ ਵਿੱਚ ਨਾਮ ਵਸ ਗਿਆ, ਫੇਰ ਤਾਂ ਅਸੀਂ ਪ੍ਰਵਾਨ ਹੋ ਗਏ, ਜੇ ਨਾਮ ਨਹੀਂ ਵਸਿਆ ਤਾਂ ਸਾਰੀਆਂ ਜਿੰਨੀਆਂ ਨੇਕੀਆਂ ਨੇ ਸਭ ਜ਼ੀਰੋ-ਜ਼ੀਰੋ ਲੱਗੀ ਜਾਂਦੀ ਹੈ, ਜਦੋਂ ਤੱਕ ਏਕਾ ਨਹੀਂ ਲਗਦਾ, ਉਹਦੀ value (ਕੀਮਤ) ਨਹੀਂ ਬਣਦੀ। ਉਹ ਰੱਬ ਦੇ ਦਰ 'ਤੇ ਨਹੀਂ ਪਹੁੰਚਦੀਆਂ, ਸਵਰਗਾਂ 'ਚ ਪਹੁੰਚ ਜਾਂਦੀਆਂ ਨੇ। ਚੌਦਾਂ ਸਵਰਗ ਨੇ ਹੇਠਲੇ, ਇਨ੍ਹਾਂ 'ਚ ਜਾ ਕੇ ਤਾਂ ਫਲ ਦੇ ਦਿੰਦੀਆਂ ਨੇ ਲੇਕਿਨ ਰੱਬ ਦੇ ਦਰ ਨਾਲ ਇਨ੍ਹਾਂ ਦਾ ਕੋਈ ਵੀ ਸਬੰਧ ਨਹੀਂ ਹੈ -

***ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥***
***ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ॥***
***ਲਖ ਸੂਰਤਣ ਸੰਗਰਾਮ ਰਣ ਮਹਿ ਛੂਟਹਿ ਪਰਾਣ ॥***
***ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ ॥***

***ਅੰਗ - 467***

ਸਾਰਾ ਹੀ ਮਹਾਰਾਜ ਨੇ ਲਿਖਿਆ ਹੈ, ਉਨ੍ਹਾਂ ਦੇ ਨਾਲ ਜੇ ਨਾਮ ਨਹੀਂ ਹੈ ਤਾਂ ਉਨ੍ਹਾਂ ਦੀ ਕੀਮਤ ਨਹੀਂ ਬਣਦੀ। ਪੰਜ ਸਿਫਰਾਂ ਲਾ ਲਓ, ਪੰਜ ਸਿਫਰਾਂ ਤੋਂ ਬਾਅਦ ਜੇ ਏਕਾ ਲਾ ਦਿਓ ਤਾਂ ਲੱਖ ਬਣ ਗਿਆ ਜੇ ਨਾ ਲਾਓ ਤਾਂ ਜ਼ੀਰੋ ਹੀ ਰਹਿੰਦਾ ਹੈ। ਮਹਾਰਾਜ ਕਹਿੰਦੇ ਇਹ ਜਿਹੜੀਆਂ ਚੀਜ਼ਾਂ ਨੇ ਇਹ ਤਾਂ ਮਾਇਆ ਹੈ ਐਸ ਤਰ੍ਹਾਂ ਦੇ ਨਾਲ ਉਹਨੂੰ ਸਮਝਾਉਂਦੇ ਨੇ -

***ਧਾਰਨਾ - ਨਾਮ ਮਨ ਵਿੱਚ ਵਸਣਾ ਨਹੀਂ,***
***ਪਿਆਰਿਆ! ਰਿਧ ਸਿਧ ਸਭ ਮੋਹ ਹੈ।***

ਕਹਿਣ ਲੱਗੇ, ਮਖਦੂਮ ਜੀ! ਕਿਹੜੀਆਂ ਖੇਲ੍ਹਾਂ 'ਚ ਪੈ ਗਏ, ਘਰ-

ਬਾਰ ਛੱਡਿਆ, ਖਾਣਾ ਛੱਡਿਆ, ਪਹਿਨਣਾ ਛੱਡਿਆ। ਇੱਕ ਸਿਰਫ ਲੋਕਾਂ ਦੀ ਵਾਹਵਾ ਵਾਸਤੇ। ਅਸਲੀ ਤਾਂ ਚੀਜ਼ ਤਾਂ ਪਿਆਰਿਆ ਨਾਮ ਹੋਇਆ ਕਰਦੀ ਹੈ। ਰਿਧ ਸਿੱਧ ਤਾਂ ਸਾਰੀਆਂ ਚੀਜ਼ਾਂ ਮੋਹ ਨੇ, ਪ੍ਰਮੇਸ਼ਰ ਦੇ ਵਲ ਜਾਣ ਨਹੀਂ ਦਿਆ ਕਰਦੀਆਂ। ਲੋਕਾਂ ਵਿੱਚ ਬਹੁਤ ਪ੍ਰਸੰਸਾ ਕਰਾਉਂਦੀਆਂ ਨੇ। ਲੋਕ ਬੜੇ ਤਮਾਸ਼ਬੀਨ ਨੇ। ਕਿਸੇ ਦੇ ਹੱਥ ਵਿੱਚੋਂ ਘੜੀ ਕੱਢ ਦੇ ਸਾਰੀ ਦੁਨੀਆਂ ਹੀ ਦੌੜੀ ਫਿਰੇਗੀ। ਕਿਸੇ ਨੇ ਹੋਰ ਕੱਢ ਦਿੱਤਾ, ਸੋਨੇ ਦਾ ਬਿਸਕੁਟ ਕੱਢ ਦਿੱਤਾ। ਕਹਿਣਗੇ, ਸੰਤ ਤਾਂ ਜੀ ਬੜੀ ਕਰਨੀ ਵਾਲੇ ਨੇ। ਸੰਤ ਨਹੀਂ ਹੋਇਆ ਕਰਦਾ। ਸੰਤ ਉਹ ਹੋਇਆ ਕਰਦਾ ਹੈ ਜਿਹਦੇ ਹਿਰਦੇ 'ਚ ਨਾਮ ਦਾ ਵਾਸਾ ਹੋਵੇ –

***ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ਅੰਗ – 319***

ਜਿਹਦੇ ਮਨ ਵਿੱਚ ਗਿਆਨ ਹਰ ਵਕਤ ਪ੍ਰਕਾਸ਼ ਕਰਦਾ ਹੈ, ਅਗਿਆਨ ਦਾ ਹਨ੍ਹੇਰਾ ਜਿਹਦੇ ਮਨ ਵਿੱਚ ਨਹੀਂ ਛਾਉਂਦਾ ਉਹ ਸਾਧੂ ਹੋਇਆ ਕਰਦਾ ਹੈ। ਇਹ ਤਾਂ ਤਮਾਸ਼ੇ ਹੋਇਆ ਕਰਦੇ ਨੇ ਸਾਰੇ। ਕੋਈ ਸਰੀਰਕ ਤਮਾਸ਼ੇ ਕਰ ਲਏ, ਕਿੰਨੇ-ਕਿੰਨੇ ਕਰਦੇ ਨੇ। ਖੇਡਾਂ ਜਿਹੜੇ ਕਰਦੇ ਨੇ, ਐਥਲੀਟ ਨੇ ਜਿਹੜੇ ਬੇਅੰਤ ਕਿਸਮ ਦੀਆਂ ਖੇਡਾਂ ਕਰਦੇ ਨੇ ਹੈਰਾਨ ਹੋ ਜਾਈਦਾ ਹੈ।

ਇੱਕ ਥਾਂ ਅਸੀਂ ਦੇਖਣ ਗਏ ਅਮਰੀਕਾ 'ਚ, ਉਹ ਅੱਧੇ ਅਸਮਾਨ ਉਡਿਆ ਹੀ ਫਿਰੇ। ਇੱਕ ਪਤੰਗ ਜਿਹਾ ਲਾਇਆ ਹੋਇਆ, ਉਹਦੇ ਉਤੇ ਆਰਾਮ ਨਾਲ ਹੀ ਤੁਰਿਆ ਫਿਰੇ, ਹੇਠਾਂ ਦਰਿਆ ਬੜਾ ਗਹਿਰਾ। ਕਦੇ ਹੇਠਾਂ ਆ ਜਾਵੇ, ਕਦੇ ਉਤੇ ਨੂੰ ਚਲਿਆ ਜਾਵੇ। ਇਸੇ ਤਰ੍ਹਾਂ ਨਾਲ ਉਹ ਕਿਸ਼ਤੀਆਂ, ਪਾਣੀ ਦੇ ਵਿੱਚ ਖੇਡਾਂ ਕਰਦੇ ਸੀ। ਕੋਈ ਤਕਰੀਬਨ 70-70 ਫੁੱਟ ਲੰਮੀ ਛਾਲ ਮਾਰਦੇ ਸੀ। ਮੁੜ ਕੇ ਫੇਰ ਖੜ੍ਹੇ ਦੇ ਖੜ੍ਹੇ, ਪਾਣੀ ਡੋਬਦਾ ਹੀ ਨਹੀਂ ਸੀ। ਇਸੇ ਤਰ੍ਹਾਂ ਜਿਵੇਂ ਇਹ ਖੇਡਾਂ ਨੇ ਇਸੇ ਤਰ੍ਹਾਂ ਦੇ ਨਾਲ ਮਾਨਸਿਕ ਸ਼ਕਤੀਆਂ ਨੂੰ ਸਿਧਾਉਣ ਦੇ ਨਾਲ ਇਕੱਠੀਆਂ ਕਰਨ ਦੇ ਨਾਲ, ਅੰਦਰਲੀਆਂ ਖੇਡਾਂ ਪੈਦਾ ਹੋ ਜਾਇਆ ਕਰਦੀਆਂ ਨੇ, ਇਨ੍ਹਾਂ ਨੂੰ ਦੋ ਦੇ ਵਿੱਚ ਗਿਣਿਆ ਹੈ, ਵੈਸੇ ਤਾਂ ਤਿੰਨ ਨੇ ਰਿੱਧੀ, ਸਿੱਧੀ, ਨਿੱਧੀ। ਇਹ ਤਿੰਨੋ ਹੀ ਜਿਹੜੇ ਨੇ ਤਮਾਸ਼ੇ ਹੋਇਆ ਕਰਦੇ ਨੇ। ਲੇਕਿਨ ਮਹਿਮਾ ਬੜੀ ਹੋਇਆ ਕਰਦੀ ਹੈ। ਆਮ ਤੌਰ ਤੇ ਸੰਤਾਂ ਦਾ ਇਹੀ ਸੁਣਾਇਆ ਕਰਦੇ ਨੇ ਕਿ ਆਹ ਸ਼ਕਤੀ ਦਿਖਾਈ ਸੀ ਉਨ੍ਹਾਂ ਨੇ, ਔਹ ਸ਼ਕਤੀ ਦਿਖਾਈ। ਜਿਹੜਾ ਦੂਜਾ ਪਾਸਾ ਹੈ ਕਿ ਆਹ ਡਾਕੂ ਨੂੰ ਸੁਧਾਰਿਆ, ਆਹ ਕਾਤਲ ਨੂੰ ਸੁਧਾਰਿਆ। ਇਹ ਤਾਂ ਹੁੰਦਾ ਹੈ ਸੰਤਾਂ ਦਾ ਕੰਮ, ਸ਼ਕਤੀਆਂ ਦਿਖਾਉਣੀਆਂ ਤਾਂ ਵਿਚਕਾਰਲਿਆਂ ਦਾ ਕੰਮ ਹੋਇਆ ਕਰਦਾ ਹੈ, ਉਹ ਉਥੇ ਹੀ ਉਲਝ ਕੇ ਬਹਿ ਜਾਂਦੇ ਨੇ। ਸੋ ਇਹ ਸ਼ਕਤੀਆਂ ਦੀ ਗਿਣਤੀ ਅਨੁਭਵੀ ਮਹਾਂਪੁਰਸ਼ਾਂ 'ਚ, ਜਿਹੜੇ ਬੰਦੇ ਇਸ ਕੰਮ 'ਚ ਪਏ ਨੇ ਉਹ ਕਰਦੇ ਨੇ ਕਿ ਅਠਾਰ੍ਹਾਂ ਸਿੱਧੀਆਂ ਹੋਇਆਂ ਕਰਦੀਆਂ ਨੇ। ਅਠਾਰ੍ਹਾਂ ਦੇ ਵਿੱਚ ਅਣਵਾਂ ਹੋਇਆ ਕਰਦੀ ਹੈ ਪਹਿਲੀ। ਛੋਟੇ ਤੋਂ ਛੋਟਾ ਹੋ ਜਾਣਾ ਕਿਸੇ ਨੂੰ ਦਿਸਣ ਤੋਂ ਹੀ ਹਟ ਜਾਣਾ। ਪ੍ਰਮਾਣੂ ਦਾ ਰੂਪ ਧਾਰਨ ਕਰ ਲੈਣਾ। ਮਹਿਮਾ ਹੁੰਦਾ ਹੈ ਜਿਸ

ਤਰ੍ਹਾਂ ਅੰਗਦ ਹੋਇਆ ਸੀ ਉਹਨੇ ਕਿਹਾ ਕਿ ਮੇਰਾ ਪੈਰ ਚੁੱਕੋ, ਕਿਸੇ ਤੋਂ ਨਹੀਂ ਚੁੱਕ ਹੋਇਆ, ਕਿਉਂਕਿ ਉਹਨੇ ਮਹਿਮਾ ਸਿੱਧੀ ਵਰਤੀ ਸੀ। ਸਿਰ ਅਸਮਾਨ ਦੇ ਨਾਲ ਜਾ ਲਗਦਾ ਹੈ। ਐਨਾ ਭਾਰਾ ਹੋ ਜਾਂਦਾ ਹੈ ਕਿ ਕੋਈ ਦੁਨੀਆਂ 'ਚ ਚੁੱਕ ਨਹੀਂ ਸਕਦਾ। ਮਹਿਮਾ ਵੱਡਾ ਕੱਦ ਕਰ ਲੈਂਦਾ ਹੈ, ਬਹੁਤ ਵੱਡਾ। ਤੀਸਰੀ ਹੋਇਆ ਕਰਦੀ ਹੈ ਗਹਿਮਾ, ਭਾਰੀ ਬਣ ਜਾਣਾ। ਚੌਥੀ ਹੋਇਆ ਕਰਦੀ ਹੈ, ਲਪਾਏਮਾਨ ਨਾ ਹੋਣਾ। ਪੰਜਵੀਂ ਹੋਇਆ ਕਰਦੀ ਹੈ ਪ੍ਰਾਪਤ, ਜਿਸ ਚੀਜ਼ ਨੂੰ ਮਨ ਵਿੱਚ ਇਛਿਆ ਕਰੇ, ਉਹ ਚੀਜ਼ ਉਸੇ ਵੇਲੇ ਪ੍ਰਾਪਤ ਹੋ ਜਾਣੀ। ਉਸ ਤੋਂ ਅਗਲੀ ਹੋਇਆ ਕਰਦੀ ਹੈ ਛੇਵੀਂ ਪ੍ਰਾਕਰਮ, ਬੰਦਾ ਆਉਂਦਾ ਹੈ ਉਹ ਕਹਿੰਦਾ ਆਉਂਦਾ ਹੈ ਕਿ ਮੇਰੇ ਮਨ ਦੀ ਜੇ ਜਾਣ ਕੇ ਆਵਾਜ਼ ਦੇ ਦਿਤੀ, ਤਾਂ ਮੈਂ ਮੰਨਾਂਗਾ। ਇਹ ਇੱਕ ਸਿੱਧੀ ਹੈ ਜੇ ਇਹਦਾ ਅਧਿਐਨ ਕਰ ਲਵੇ, ਸਾਧਨ ਕਰ ਲਵੇ, ਬਹੁਤਾ ਲੰਮਾ ਨਹੀਂ ਹੈ, ਛੋਟਾ ਜਿਹਾ ਸਾਧਨ; ਉਹਦੇ ਨਾਲ ਪਹਿਲਾਂ ਹੀ ਉਹਦੀ ਆਵਾਜ਼ ਉਥੇ ਪਹੁੰਚ ਜਾਏਗੀ ਕਿ ਆਹ ਗੱਲ ਕਹਿਣ ਵਾਸਤੇ ਫਲਾਣਾ ਆ ਰਿਹਾ ਹੈ, ਇਹਦਾ ਆਹ ਨਾਉਂ ਹੈ ਫਲਾਣੇ ਪਿੰਡ ਦਾ ਹੈ ਇਹਦੇ ਨਾਲ ਐਨੇ ਬੰਦੇ ਨੇ, ਐਨੇ ਚੜ੍ਹੇ ਸੀਗੇ ਇਹਦੇ ਨਾਲ ਗੱਡੀ 'ਚ ਐਨੇ ਸ਼ਹਿਰ ਨੂੰ ਚਲੇ ਗਏ, ਐਨੇ ਨਾਲ ਆਏ ਨੇ। ਉਹ ਸਾਰੀਆਂ ਗੱਲਾਂ ਦੱਸ ਦਏਗੀ, ਇਹਨੂੰ ਪ੍ਰਾਕਰਮ ਸਿੱਧੀ ਕਹਿੰਦੇ ਨੇ।

ਈਸ਼ਤਾ ਹੋਇਆ ਕਰਦੀ ਹੈ, ਬਾਬਾ ਜੀ ਬੈਠਾ ਹੈ ਕਿ ਫਲਾਣਾ ਖਰਚਾ ਹੈ। ਪ੍ਰੇਰਨਾ ਕਰ ਦੇਣੀ ਕਿ ਜਿੰਨੰ-ਜਿੰਨੇ ਆਹ ਤੁਹਾਡੀ ਜੇਬ ਵਿੱਚ ਪੈਸੇ ਨੇ ਇਹ ਵੀ ਦੇ ਦਿਓ ਤੇ ਇੱਕ-ਇੱਕ ਮਹੀਨੇ ਦੀ ਤਨਖਾਹ ਹੋਰ ਦਿਓ। ਇਹਨੂੰ ਈਸ਼ਤਾ ਸਿੱਧੀ ਕਹਿੰਦੇ, ਨੇ ਪ੍ਰੇਰਨਾ ਸਿੱਧੀ ਕਹਿੰਦੇ। ਇਸ ਤੋਂ ਅਗਲੀ ਹੋਇਆ ਕਰਧੀ ਹੈ ਵਸ਼ਤਾ। ਜਿਹੜਾ ਕਿਸੇ ਦੇ ਕਾਬੂ ਨਾ ਆਵੇ ਉਹਨੂੰ ਕਾਬੂ ਕਰ ਲੈਣਾ, ਇਹ ਅੱਠ ਹੋਇਆ ਕਰਦੀਆਂ ਨੇ, ਛੋਟੀਆਂ ਸਿੱਧੀਆਂ ਹੁੰਦੀਆਂ ਨੇ, ਅਨੂਰਮ ਜਿਹਨੂੰ ਕਹਿੰਦੇ ਨੇ, ਭੁੱਖ ਤ੍ਰੇਹ ਲੱਗਣੀ ਨਾ, ਕੁਛ ਵੀ ਨਾ ਖਾਣਾ, ਮਹੀਨਿਆਂ ਬੱਧੀ ਭੁੱਖੇ ਹੀ ਬੈਠੇ ਰਹਿਣਾ। ਇਹ ਵੀ ਬੜਾ ਚਮਤਕਾਰ ਹੈ ਕਿ ਖਾਧਾ ਹੀ ਨਹੀਂ ਜੀ ਇਹਨੇ ਤਾਂ ਨਾ ਦੋ ਮਹੀਨੇ ਤੋਂ ਪਾਣੀ ਪੀਤਾ ਹੈ, ਨਾ ਰੋਟੀ ਖਾਧੀ ਹੈ। ਅਗਲੀ ਹੋਇਆ ਕਰਦੀ ਹੈ ਦੂਰਸ਼ਾਲਾ; ਦੂਰ ਦੀ ਬਾਤ ਸੁਣ ਲੈਣੀ। ਅਮਰੀਕਾ 'ਚ ਕਿਸੇ ਨੇ ਗੱਲ ਕਰੀ ਹੈ ਇੱਥੇ ਸੁਣ ਕੇ ਉਹਨੂੰ ਜਵਾਬ ਦੇ ਦੇਣਾ ਕਿ ਤੂੰ ਫਲਾਣੇ ਦਿਨ ਐਸ ਤਰ੍ਹਾਂ ਕਹਿੰਦਾ ਸੀ। ਇੱਕ ਹੋਇਆ ਕਰਦਾ ਹੈ ਦੂਰ ਦਰਸ਼ਨ। ਸੈਂਕੜੇ ਮੀਲਾਂ ਦੇ ਉਤੇ ਦੇਖ ਲੈਣਾ।

ਇੱਕ ਵਾਰੀ ਬਾਪੂ ਜੀ (ਸ੍ਰੀ ਮਾਨ ਸੰਤ ਬਾਬਾ ਹੀਰਾ ਸਿੰਘ ਜੀ ਦਾਉਦਪੁਰੀਏ) ਬੈਠੇ ਸੀ, ਬੀਬੀ ਜੀ (ਸੰਤ ਮਾਤਾ ਰਣਜੀਤ ਕੌਰ ਜੀ) ਦੇ ਪਿਤਾ ਜੀ। ਇਨ੍ਹਾਂ ਨੂੰ ਕਹਿਣ ਲੱਗੇ ਕਿ ਦਰਵਾਜ਼ਾ ਬੰਦ ਕਰ ਦਿਓ। ਇੱਕ ਗੁਰਸਿੱਖ ਆ ਰਿਹਾ ਹੈ, ਦਰਵਾਜ਼ਾ ਨਹੀਂ ਖੋਲ੍ਹਣਾ। ਲਾਹੌਰ ਦੀ ਗੱਲ ਹੈ। ਇਨ੍ਹਾਂ ਨੇ ਦਰਵਾਜ਼ਾ ਬੰਦ ਕਰ ਦਿੱਤਾ। ਅੱਧੇ ਘੰਟੇ ਬਾਅਦ ਉਹ ਆ ਗਿਆ। ਆ ਕੇ ਕਹਿਣ ਲੱਗਿਆ ਕਿ ਦਰਵਾਜ਼ਾ ਖੋਲ੍ਹੋ। ਇਨ੍ਹਾਂ ਨੇ ਕਿਹਾ

ਕਿ ਬਾਪੂ ਜੀ ਨੇ ਕਿਹਾ ਕਿ ਦਰਵਾਜ਼ਾ ਤਾਂ ਖੋਲ੍ਹਣਾ ਨਹੀਂ। ਉਹ ਕਹਿੰਦਾ ਮੈਂ ਤਾਂ ਬੰਬਈ ਤੋਂ ਆਇਆ ਹਾਂ। ਬਾਰ-ਬਾਰ ਕਹਿਣ 'ਤੇ ਦਰਵਾਜ਼ਾ ਇਨ੍ਹਾਂ ਨੇ ਖੋਲ੍ਹ ਦਿੱਤਾ। ਜਦੋਂ ਉਪਰ ਗਿਆ, ਚੁਬਾਰੇ 'ਚ ਬੈਠੇ ਸੀ। ਪਹਿਲਾਂ ਹੀ ਸ਼ਬਦ ਉਨ੍ਹਾਂ ਨੇ ਕਿਹਾ ਕਿ ਓ ਪਾਮਰਾ! ਆਹ ਗੁਰਸਿੱਖੀ ਦਾ ਰੂਪ ਧਾਰ ਕੇ ਬੰਬਈ ਵਿੱਚ ਕੀ ਕਰਦਾ ਰਿਹਾ ਹੈਂ? ਕਹਿੰਦੇ ਜੇ ਮੈਂ ਦੇਖ ਲਿਆ ਤਾਂ ਤੇਰਾ ਖਿਆਲ ਹੈ ਕਿ ਗੁਰੂ ਦਸਵੇਂ ਪਾਤਸ਼ਾਹ ਨੂੰ ਨਹੀਂ ਪਤਾ, ਗੁਰੂ ਨਾਨਕ ਨੂੰ ਨਹੀਂ ਪਤਾ ਤੇਰੇ ਔਗੁਣਾਂ ਦਾ ਕਿ ਕੀ ਕਰਦਾ ਫਿਰਦਾ ਹੈਂ। ਬੜਾ ਰੋਇਆ ਉਹ, ਬੜਾ ਹੀ ਪਛਤਾਵਾ ਕਰਿਆ, ਕਹਿੰਦਾ ਮੈਨੂੰ ਐਸ ਤਰ੍ਹਾਂ ਨਹੀਂ ਸੀ ਪਤਾ ਕਿ ਗੁਰਮੁਖ ਐਡੀ-ਐਡੀ ਦੂਰ ਥਾਂ 'ਤੇ ਦੇਖ ਲੈਂਦੇ ਨੇ। ਇਹਨੂੰ ਦੂਰ-ਦਰਸ਼ਨ ਸਿੱਧੀ ਕਹਿੰਦੇ ਨੇ। ਇੱਕ ਹੋਇਆ ਕਰਦੀ ਮਨੋਵੇਗ। ਮਨੋਵੇਗ ਹੋਇਆ ਕਰਦੀ ਹੈ ਕਿ ਮੇਰੇ ਮਨ 'ਚ ਆਇਆ ਹੈ ਕਿ ਹੁਣੇ ਲੰਡਨ ਚਲਿਆ ਜਾਵਾਂ, ਉਸੇ ਵੇਲੇ ਮੈਂ ਉਥੇ ਬੈਠਾ ਨਜ਼ਰ ਆਊਂ। ਉਥੋਂ ਦੁਕਾਨ ਤੋਂ ਸੌਦਾ ਲਿਆ ਤੇ (Voucher) ਪਰਚੀ ਕਟਾਈ ਤੇ ਇੱਥੇ ਮੁੜ ਕੇ ਫੇਰ ਆ ਗਿਆ। ਤੁਹਾਨੂੰ ਉਥੇ ਦਾ ਸੌਦਾ ਦਿਖਾ ਦਏਗਾ, ਤੁਸੀਂ ਬੜੇ ਹੈਰਾਨ ਹੋਵੋਂਗੇ, ਇਹ ਤਾਂ ਲੰਡਨ ਦੀ ਮੋਹਰ ਹੁਣ ਦੀ ਹੀ ਹੈਗੀ, ਸਮਾਂ ਵੀ ਲਿਖਿਆ ਹੋਇਆ ਹੈ, ਇਹਨੂੰ ਮਨੋਵੇਗ ਸਿੱਧੀ ਕਹਿੰਦੇ ਨੇ ਤੇ ਇਸ ਤੋਂ ਬਾਅਦ ਹੁੰਦਾ ਹੈ ਕਾਮਰੂਪ। ਕਾਮ ਰੂਪ ਹੁੰਦਾ ਹੈ ਕਿ ਸ਼ੇਰ ਬਣ ਕੇ ਖੜ੍ਹ ਗਿਆ, ਸੱਪ ਬਣ ਕੇ ਖੜ੍ਹ ਗਿਆ, ਵੱਡਾ ਸਾਰਾ ਭੂਤ ਦਾ ਰੂਪ ਧਾਰ ਲਿਆ, ਕੋਈ ਹੋਰ ਹੀ ਰੂਪ ਧਾਰ ਲਿਆ, ਮਨੁੱਖ ਦਾ ਧਾਰ ਲਿਆ, ਔਰਤ ਦਾ ਧਾਰ ਲਿਆ, ਦਿੱਸਣਾ ਨਾ ਕਿਸੇ ਨੂੰ। ਇਸ ਤੋਂ ਅਗਲਾ ਹੁੰਦਾ ਹੈ ਪਰ ਕਾਇਆਂ ਪ੍ਰਵੇਸ਼। ਦੂਸਰੇ ਦੀ ਕਾਇਆਂ ਦੇ ਵਿੱਚ ਪ੍ਰਵੇਸ਼ ਕਰ ਜਾਣਾ। ਜਿਵੇਂ ਭੂਤ ਪ੍ਰਵੇਸ਼ ਕਰ ਜਾਂਦੇ ਨੇ ਐਸੇ ਤਰ੍ਹਾਂ ਦੇ ਨਾਲ ਯੋਗੀ ਵੀ ਪ੍ਰਵੇਸ਼ ਕਰ ਜਾਂਦੇ ਨੇ ਤੇ ਉਸ ਤੋਂ ਫੇਰ ਮਨਮਰਜ਼ੀ ਦੀ ਬਾਤ ਕਰਵਾਉਂਦੇ ਨੇ।

ਮਛੰਦਰ ਨਾਥ ਲੰਕਾ 'ਚ ਗਿਆ ਹੋਇਆ ਹੈ ਉਥੇ ਰਾਜਾ ਅਮਰੂ ਸ਼ਿਵਨਾਭ ਦਾ ਪਿਤਾ, ਉਹ ਉਹਦਾ ਸੇਵਕ ਸੀ। ਉਹ ਚੜ੍ਹਾਈ ਕਰ ਗਿਆ, ਉਹਦੇ ਪਦਮਨੀ ਰਾਣੀਆਂ ਸੀ, ਜਦੋਂ ਇਹਨੇ ਰਾਣੀਆਂ ਦੇਖੀਆਂ ਤਾਂ ਮਨ ਦੇ ਅੰਦਰ ਵਿਕਾਰ ਪੈਦਾ ਹੋ ਗਏ। ਆਪਣਾ ਸਰੀਰ ਤਾਂ ਰੱਖ ਆਇਆ ਕੰਦਰਾ 'ਚ ਤੇ ਆ ਕੇ ਰਾਜੇ ਅਮਰੂ ਦੇ ਮਰੇ ਹੋਏ ਸਰੀਰ 'ਚ ਦਾਖਲ ਹੋ ਕੇ ਚੌਦਾਂ ਸਾਲ ਉਹਦੇ ਸਰੀਰ 'ਚ ਰਾਜੇ ਦੇ ਤਖਤ 'ਤੇ ਬੈਠ ਕੇ ਰਾਜ ਭੋਗਦਾ ਰਿਹਾ। ਰਾਜਾ ਬਣਿਆ ਰਿਹਾ, ਏਧਰ ਬਾਲ ਗੁੰਦਾਈ ਤੇ ਗੋਰਖਨਾਥ ਖੈਬੜ ਪਏ ਆਪਸ ਵਿੱਚ। ਬਾਲ-ਗੁੰਦਾਈ ਨੇ ਤਾਅਨਾ ਮਾਰਿਆ, ਕਹਿੰਦਾ ਗੋਰਖ ਮੇਰੇ ਨਾਲ ਤਾਂ ਤੂੰ ਉੱਚੀਆਂ ਨੀਵੀਆਂ ਗੱਲਾਂ ਕਰਦਾ ਹੈਂ ਤੈਨੂੰ ਪਤਾ ਹੈ ਤੇਰਾ ਗੁਰੂ ਕਿੱਥੇ ਹੈ, ਜਾਹ ਟੋਲ੍ਹ। ਸਮਾਧੀਆਂ ਲਾਈਆਂ ਪਤਾ ਨਹੀਂ ਲਗਦਾ। ਅਖੀਰ ਇਹਦੀ ਨਿਗ੍ਹਾ 'ਚ ਆ ਗਿਆ ਕਿ ਮੇਰੇ ਗੁਰੂ ਦਾ ਸਰੀਰ ਤਾਂ ਇੱਕ ਕੰਦਰਾ 'ਚ ਪਿਆ, ਸੁੱਕਿਆ ਪਿਆ ਹੈ। ਗੁਰੂ ਕਿੱਥੇ ਹੋਇਆ? ਟੋਲ੍ਹਦੇ-ਟੋਲ੍ਹਦੇ ਨੇ ਟੋਲ੍ਹ ਲਿਆ ਕਿ ਇਹ ਤਾਂ ਰਾਜੇ ਅਮਰੂ ਦੇ ਸਰੀਰ 'ਚ ਚੌਦਾਂ ਸਾਲ ਤੋਂ ਫਸਿਆ ਬੈਠਾ ਹੈ। ਉਥੇ ਗਿਆ, ਉਹਨੇ

ਐਲਾਨ ਕਰ ਦਿੱਤਾ ਲੰਕਾ 'ਚ ਕਿ ਕੋਈ ਜੋਗੀ, ਕੋਈ ਸਾਧੂ ਮੇਰੇ ਦੇਸ਼ ਦੇ ਉਤੇ ਪੈਰ ਨਾ ਰੱਖ ਸਕੇ। ਇਹਨੇ ਤਬਲਾ ਸਿੱਖਿਆ, ਗਾਉਣ ਵਾਲੀਆਂ ਦੇ ਨਾਲ ਜਾ ਕੇ ਗਾਉਂਦਾ ਰਿਹਾ, ਉਥੇ ਜਾ ਕੇ ਇਹਨੇ ਉਹਨੂੰ ਸੁਚੇਤ ਕਰਿਆ ਤੇ ਕੱਢ ਕੇ ਉਹਦੇ ਸਰੀਰ 'ਚ ਉਹਨੂੰ ਦੁਬਾਰਾ ਦਾਖਲ ਕਰਾਇਆ ਤੇ ਫੇਰ ਗੁਰੂ ਨਾਨਕ ਪਾਤਸ਼ਾਹ ਕੋਲ ਲੈ ਕੇ ਆਇਆ। ਜਿਥੇ ਇਹ ਸ਼ਬਦ ਉਚਾਰਿਆ –

***ਗੁਰਮੁਖਿ ਭਗਤਿ ਪਰਾਪਤਿ ਹੋਵੈ ਜੀਵਤਿਆ ਇਉ ਮਰੀਐ ॥***

***ਅੰਗ – 245***

ਸੋ ਇਹਨੂੰ ਪਰ ਕਾਇਆਂ ਪ੍ਰਵੇਸ਼ ਸਿੱਧੀ ਕਹਿੰਦੇ ਨੇ। ਇੱਕ ਹੁੰਦੀ ਹੈ ਸਵੈਛੰਤ ਮ੍ਰਿਤੂ। ਮਰਜ਼ੀ ਦੇ ਨਾਲ ਜਿਵੇਂ ਜੀਅ ਕਰਦਾ ਹੈ, ਜਿੱਥੇ ਜੀਅ ਕਰਦਾ ਹੈ ਉਸੇ ਤਰ੍ਹਾਂ ਦੇ ਨਾਲ ਸਰੀਰ ਛੱਡ ਦੇਣਾ। ਇੱਕ ਹੁੰਦੀ ਹੈ ਸੁਰ ਕ੍ਰੀੜਾ, ਦੇਵਤਿਆਂ ਦੇ ਦੇਸ਼ 'ਚ ਪਹੁੰਚ ਜਾਣਾ। ਉਥੇ ਅਪੱਛਰਾ ਦੇ ਨਾਲ ਨਾਚ ਗਾਉਣੇ ਕਰਨੇ। ਇੱਕ ਹੁੰਦੀ ਹੈ ਸੰਕਲਪ ਸਿੱਧੀ, ਸੰਕਲਪ ਕਰ ਲੈਣਾ ਤੇ ਉਹ ਸਿੱਧ ਹੋ ਜਾਣਾ। ਇਸੇ ਤਰ੍ਹਾਂ ਦੇ ਨਾਲ ਅਪ੍ਰਤੇਹਤ ਹੁੰਦੀ ਹੈ ਕਿਸੇ ਥਾਂ ਦੇ ਵਿੱਚ ਜਾਣ ਨਾਲ ਕੋਈ ਰੁਕਾਵਟ ਨਾ ਹੋਣੀ।

ਭਾਈ ਰਣਧੀਰ ਸਿੰਘ ਜੀ ਲਿਖਦੇ ਨੇ ਇੱਕ ਪੁਸਤਕ ਦੇ ਅੰਦਰ ਕਿ ਮੈਂ ਜਦ ਬੀ.ਏ. 'ਚ ਪੜ੍ਹਦਾ ਸੀ ਲਾਹੌਰ। ਮੇਰੇ ਮਨ ਵਿੱਚ ਬੜਾ ਖਿਆਲ ਆਇਆ ਕਿ ਮੈਂ ਕਿਸੇ ਚੰਗੇ ਸਾਧੂ ਦੀ ਢੂੰਡ ਕਰਾਂ। ਕਹਿੰਦੇ ਉਥੇ ਮੈਨੂੰ ਇੱਕ ਮਿਲਿਆ, ਮੈਨੂੰ ਕਹਿੰਦਾ ਕਿ ਬਈ ਕਾਕਾ ਚੱਲੀਏ ਤੈਨੂੰ ਸੈਰ ਕਰਾਈਏ। ਕਹਿੰਦਾ, ਯੂਨੀਵਰਸਿਟੀ 'ਚ ਲੈ ਗਿਆ। ਉਥੇ ਇਮਤਿਹਾਨ ਹੋ ਰਿਹਾ ਸੀ। ਮੈਂ ਕਿਹਾ ਕਿ ਆਪਾਂ ਨੂੰ ਦੇਖ ਲੈਣਗੇ। ਕਹਿੰਦਾ, ਕੋਈ ਨਹੀਂ ਦੇਖਦਾ। ਕਹਿੰਦਾ, ਦਫਤਰਾਂ ਦੇ ਉਪਰ ਨੂੰ ਪੈਰ ਕਰਿਆ ਕਰੇ, ਨਾਲ ਮੇਰੀ ਬਾਂਹ ਫੜ ਲਏ, ਉਤੇ ਲੈ ਜਾਇਆ ਕਰੇ। ਘਰਾਂ 'ਚ, ਗੁਪਤ ਥਾਵਾਂ 'ਤੇ ਕੋਈ ਨਾ ਸਾਨੂੰ ਦੇਖੇ, ਜਿਥੇ ਅਸੀਂ ਫਿਰਦੇ ਰਹੇ। ਦੂਜੇ ਦਿਨ ਫੇਰ ਮੈਨੂੰ ਸੈਰ ਕਰਾਈ। ਤੀਸਰੇ ਦਿਨ ਜਦੋਂ ਮੈਨੂੰ ਚੇਲਾ ਬਣਾਉਣ ਲੱਗਿਆ, ਮੈਂ ਕੀ ਦੇਖਦਾ ਹਾਂ ਉਹ ਤਾਂ ਤੰਬਾਕੂ ਪੀਂਦਾ ਸੀ ਜਿੱਥੋਂ ਇਨ੍ਹਾਂ ਨੂੰ ਨਫਰਤ ਹੋਈ। ਸੋ ਇਹ ਇੱਕ ਸਿੱਧੀ ਹੁੰਦੀ ਹੈ ਦੂਜੇ ਦਰਜੇ ਦੀ ਕਿ ਕਿਸੇ ਥਾਂ ਚਲੇ ਜਾਓ, ਥਕਾਵਟ ਨਾ ਹੋਣੀ। ਰਿੱਧੀ ਉਹ ਹੁੰਦੀ ਹੈ ਕਿ ਥੋੜ੍ਹਾ ਜਿਹਾ ਅਨਾਜ ਲੈ ਕੇ ਬੈਠ ਜਾਣਾ, ਪੰਜ ਸੇਰ। ਕਹਿੰਦੇ, ਜੀ ਸੰਗਤ ਹਜ਼ਾਰਾਂ ਦੀ ਤਾਦਾਦ 'ਚ ਆਈ ਹੈ। ਉਹਦੇ ਉਤੇ ਕੱਪੜਾ ਪਾ ਦੇਣਾ, ਉਹ ਪੰਜ ਸੇਰ ਹੀ ਨਾ ਮੁੱਕਣ ਦੇਣਾ। ਇਨ੍ਹਾਂ ਨੂੰ ਰਿੱਧੀਆਂ ਤੇ ਸਿੱਧੀਆਂ ਕਹਿੰਦੇ ਨੇ ਸਾਧਸੰਗਤ ਜੀ। ਇਨ੍ਹਾਂ ਦੇ ਉਤੇ ਮਹਾਰਾਜ ਨੇ ਕਿਹਾ ਕਿ ਇਹ ਤਾਂ ਲੋਕਾਂ ਦੇ ਤਮਾਸ਼ੇ ਹੋਏ ਪਿਆਰਿਓ! ਇਹ ਕੋਈ ਵੱਡੀ ਬਾਤ ਨਹੀਂ, ਤੁਸੀਂ ਤਾਂ ਦੁਨੀਆਂ ਵਿੱਚ ਫਸ ਗਏ।

***ਧਾਰਨਾ – ਨਾਮ ਮਨ ਵਿੱਚ ਵਸਣਾ ਨਹੀਂ,***
***ਪਿਆਰਿਆ! ਰਿੱਧ ਸਿੱਧ ਸਭ ਮੋਹ ਹੈ।***

***ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥***

*ਮਨਹਠਿ ਭੇਖ ਕਰਿ ਭਰਮਦੇ ਦੂਖੁ ਪਾਇਆ ਦੂਜੈ ਭਾਇ ॥*
*ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥*
*ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥*
*ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥*

*ਅੰਗ - 593*

ਇਸ ਤਰ੍ਹਾਂ ਮਹਾਰਾਜ ਕਹਿਣ ਲੱਗੇ ਕਿ ਮਖਦੂਮ ਜੀ, ਕਿਹੜੀਆਂ ਖੇਡਾਂ ਵਿੱਚ ਪਏ ਹੋ, ਰੇਤੇ ਦੇ ਉਤੇ ਨਠਾਈ ਫਿਰਦੇ ਹੋ, ਕਦੇ ਪਾਣੀ 'ਤੇ ਨਠਾਈ ਫਿਰਦੇ ਹੋ।, ਅਸਲੀ ਗੱਲ ਤਾਂ ਤੁਸੀਂ ਭੁੱਲ ਗਏ। ਚੁੱਕ ਗਏ ਤੁਸੀਂ ਉਸ ਬਾਤ ਤੋਂ। ਕਹਿੰਦਾ, ਮਹਾਰਾਜ! ਆਓ ਤਾਂ ਸਹੀ ਸੈਰ ਕਰੀਏ। ਮਹਾਰਾਜ ਨੇ ਕਿਹਾ ਕਿ ਇਸ ਤਰ੍ਹਾਂ ਨਹੀਂ ਇਹਨੇ ਸਮਝਣਾ। ਕਹਿੰਦੇ, ਐਸ ਤਰ੍ਹਾਂ ਦਸ ਕਿ ਕਿੱਡੀ-ਕਿੱਡੀ ਦੂਰ ਜਾਂਦਾ ਹੈਂ ਕੋਈ ਚੀਜ਼ ਵੀ ਦੇਖੀ ਹੈ ਸਮੁੰਦਰ ਦੇ ਅੰਦਰ। ਕਹਿੰਦਾ, ਮਹਾਰਾਜ! ਇੱਕ ਮੁਨਾਰਾ ਦੇਖਿਆ ਹੈ, ਕਹਿੰਦੇ ਜਾਹ ਸਾਨੂੰ ਉਹਦੀ ਖਬਰ ਲੈ ਕੇ ਆ, ਪੂਰੀ ਤਰ੍ਹਾਂ ਨਾਲ। ਅਸੀਂ ਇੱਥੇ ਹੀ ਬੈਠਾਂਗੇ। ਬਚਨ ਮੰਨ ਕੇ ਚਲਿਆ ਗਿਆ, ਜਾ ਕੇ ਮੁਨਾਰੇ ਦੇ ਕੋਲ ਆਪਣਾ ਮੁਸੱਲਾ ਚੁੱਕਿਆ ਤੇ ਓਵੇਂ ਜਿਵੇਂ ਧਰਤੀ ਤੇ ਵੀ ਤੋਰੀ ਗਿਆ, ਪਾਣੀ ਤੇ ਵੀ ਤੋਰੀ ਗਿਆ ਤੇ ਉਥੇ ਮੁਨਾਰੇ ਦੇ ਕੋਲ ਜਾ ਕੇ ਇੰਤਜ਼ਾਰ ਕਰਨ ਲੱਗਿਆ ਕਿ ਕੌਣ ਆਉਂਦੇ ਨੇ। ਸ਼ਾਮ ਹੋ ਗਈ। ਉਸ ਵੇਲੇ ਕੀ ਦੇਖਦਾ ਹੈ ਕਿ ਵੀਹ ਗੁਰਮੁਖ ਪਿਆਰੇ ਓਸ ਥਾਂ 'ਤੇ ਪਹੁੰਚਦੇ ਨੇ ਤੇ ਆ ਕੇ ਉਨ੍ਹਾਂ ਨੇ ਆਪਣਾ ਪਾਠ ਕਰਿਆ। ਇੱਕ ਚਿੱਤ ਹੋ ਕੇ ਬੰਦਗੀ ਕਰੀ। ਅੱਠ ਨੌਂ ਵੱਜ ਗਏ ਉਸ ਤੋਂ ਬਾਅਦ 21 ਥਾਲ ਪ੍ਰਸ਼ਾਦੇ ਦੇ ਉਤਰੇ ਅਸਮਾਨਾਂ 'ਚੋਂ। ਵੀਹ ਵੰਡਦੇ ਸੀ, ਉਹ ਕਹਿੰਦੇ ਕਿ ਇੱਕ ਜਿਹੜਾ ਆਇਆ ਹੋਇਆ ਹੈ ਉਹਨੂੰ ਵੀ ਦੇ ਦਿਓ। ਉਸ ਨੂੰ ਵੀ ਦੇ ਦਿੱਤਾ। ਉਸ ਤੋਂ ਬਾਅਦ ਅੰਮ੍ਰਿਤ ਵੇਲਾ ਹੋਇਆ, ਫੇਰ ਆਪਣੇ ਕੰਮਾਂ ਨੂੰ, ਜਿਵੇਂ ਆਏ ਸੀ ਉਸੇ ਤਰ੍ਹਾਂ ਵਾਪਸ ਚਲੇ ਗਏ। ਨਾ ਆਉਂਦੇ ਦਿਸੇ ਨਾ ਜਾਂਦੇ ਦਿਸੇ। ਜਦੋਂ ਚਲੇ ਗਏ ਉਸ ਵੇਲੇ ਕੀ ਦੇਖਦਾ ਹੈ ਕਿ ਇੱਕ ਜਹਾਜ਼ ਜਾ ਰਿਹਾ ਹੈ ਤੇ ਸਮੁੰਦਰ ਵਿੱਚ ਡੁੱਬਣ ਲੱਗਿਆ ਉਹਨੇ ਕਿਹਾ ਕਿ ਬੜਾ ਮਾੜਾ ਕੰਮ ਹੋਇਆ ਕਿ ਜਹਾਜ਼ ਡੁੱਬ ਰਿਹਾ ਹੈ ਤੇ ਡੁੱਬਣਾ ਨਹੀਂ ਚਾਹੀਦਾ। ਉਸ ਵੇਲੇ ਆਪਣੀ ਸ਼ਕਤੀ ਵਰਤੀ ਤੇ ਜਹਾਜ਼ ਡੁੱਬਣ ਤੋਂ ਹਟਾ ਦਿੱਤਾ। ਬੜਾ ਮਨ ਵਿੱਚ ਖੁਸ਼ ਹੋਇਆ ਕਿ ਅੱਜ ਇੱਥੇ ਆਉਣ ਦੇ ਨਾਲ ਕਿੰਨੇ ਬੰਦਿਆਂ ਦੀ ਜਾਨ ਬਚ ਗਈ। ਬਾਰ-ਬਾਰ ਮਨ 'ਚ ਆਈ ਜਾਂਦਾ ਹੈ ਕਿ ਮੈਂ ਜਹਾਜ਼ ਬਚਾ ਦਿੱਤਾ, ਮੈਂ ਜਹਾਜ਼ ਬਚਾ ਦਿੱਤਾ। ਰਾਤ ਨੂੰ ਜਦੋਂ ਪ੍ਰਸ਼ਾਦਾ ਆਇਆ ਤਾਂ ਇੱਕ ਥਾਲ ਘੱਟ ਆਇਆ। ਸਾਰਿਆਂ ਨੇ ਵਿਚਾਰ ਕਰੀ ਕਿ ਆਪਣੇ ਵਿੱਚ ਕੋਈ ਐਸਾ ਬੰਦਾ ਹੈ ਭਾਈ ਜਿਹਨੇ ਰੱਬ ਦੀ ਰਜ਼ਾ ਨੂੰ ਨਹੀਂ ਮੰਨਿਆ। ਪ੍ਰਮੇਸ਼ਰ ਦੀ ਰਜ਼ਾ ਦੇ ਉਤੇ ਜਿਹੜਾ ਰਾਜ਼ੀ ਨਹੀਂ ਹੋਇਆ ਕੌਣ ਹੈ ਆਪਣੇ ਅੰਦਰ। ਲੇਕਿਨ ਗੁਰਮੁਖ ਸੀ, ਉਸ ਵੇਲੇ ਹਰੇਕ ਹੀ ਕਹੇ ਕਿ ਮੈਂ ਹੋ ਸਕਦਾ ਹਾਂ। ਇਹ ਨਹੀਂ ਕਿ ਇਹ ਜਿਹੜਾ ਨਵਾਂ ਆਇਆ ਹੈ ਇਹ ਹੋ ਸਕਦਾ ਹੈ। ਉਹ ਤਾਂ ਪਹਿਲਾਂ ਵੀ ਆਉਂਦੇ ਸੀ ਸਾਰੇ। ਫੇਰ ਅੰਮ੍ਰਿਤ ਵੇਲੇ ਚਲੇ ਗਏ, ਦੂਜੇ ਦਿਨ ਕੀ ਦੇਖਦਾ ਹੈ ਕਿ ਮੁਨਾਰਾ ਗਿਰਨ

ਲੱਗਿਆ, ਇਹਨੇ ਕਿਹਾ ਕਿ ਹੇ ਅੱਲਾਹ ਤਾਲਾ! ਇੱਥੇ ਆ ਕੇ ਤੇਰੀ ਇਬਾਦਤ ਕਰਦੇ ਨੇ ਤੇ ਤੂੰ ਉਹੀ ਥਾਂ ਸੁੱਟਣ ਲੱਗ ਗਿਆ ਬਈ ਇਹ ਗਿਰਨਾ ਨਹੀਂ ਚਾਹੀਦਾ। ਰੋਕ ਦਿੱਤਾ ਸ਼ਕਤੀ ਦੇ ਨਾਲ ਤੇ ਮਨ ਵਿੱਚ ਦੂਹਰੀ ਹਉਮੈ ਹੋ ਗਈ ਕਿ ਪਹਿਲਾਂ ਮੈਂ ਜਹਾਜ਼ ਬਚਾਇਆ ਤੇ ਹੁਣ ਮੈਂ ਮੁਨਾਰਾ ਗਿਰਨ ਤੋਂ ਬਚਾਇਆ, ਉਸ ਦਿਨ ਕਿਸੇ ਨੂੰ ਵੀ ਪ੍ਰਸ਼ਾਦਾ ਨਾ ਉਤਰਿਆ। ਉਸੇ ਤਰ੍ਹਾਂ ਭੁੱਖੇ ਭਾਣੇ ਬੰਦਗੀ ਕੀਤੀ ਤੇ ਨਾਲ ਕਹਿਣ ਲੱਗੇ ਜਿਹੜੇ ਗੁਰਮੁਖ ਸੀ ਵੱਡੇ, ਕਿ ਕੋਈ ਅਵੱਗਿਆ ਹੋ ਗਈ ਆਪਣੇ ਤੋਂ। ਕੋਈ ਪ੍ਰਮੇਸ਼ਰ ਦਾ ਹੁਕਮ ਮੋੜ ਦਿੱਤਾ ਗਿਆ ਤੇ ਹੁਣ ਚੰਗਾ ਇਹ ਹੈ ਕਿ ਆਪਾਂ ਇੱਥੋਂ ਚੱਲੀਏ ਕਿਉਂਕਿ ਹੁਣ ਹੁਕਮ ਨਹੀਂ ਏਸ ਥਾਂ 'ਤੇ ਆਉਣ ਦਾ। ਕੋਈ ਅਪਵਿੱਤਰਤਾ ਹੋ ਗਈ ਇਹਦੀ ਪਵਿੱਤਰਤਾ ਭੰਗ ਹੋ ਗਈ। ਉਸ ਵੇਲੇ ਇਹ ਰਹਿ ਗਿਆ ਤੇ ਓਧਰ ਕੀ ਦੇਖਦਾ ਹੈ ਕਿ ਮੀਂਹ ਪੈ ਰਿਹਾ ਹੈ। ਕਹਿਣ ਲੱਗਿਆ, ਸਮੁੰਦਰ 'ਚ ਮੀਂਹ ਪੈਂਦਾ ਹੈ ਤੇ ਜਿੱਥੇ ਪੈਣਾ ਚਾਹੀਦਾ ਹੈ ਉਥੇ ਪੈ ਨਹੀਂ ਰਿਹਾ। ਮੀਂਹ ਹਟ ਗਿਆ, ਉਥੇ ਪੈਣ ਤੋਂ। ਫੇਰ ਮਨ ਵਿੱਚ ਆਇਆ ਕਿ ਮੈਂ ਸਮੁੰਦਰ ਵਿੱਚ ਪਾਣੀ ਗਿਰਦਾ ਹਟਾਇਆ। ਕਿਤੇ ਖੁਸ਼ਕ ਥਾਂ 'ਤੇ ਗਿਰੇਗਾ ਉਥੇ ਫਸਲਾਂ ਹੋਣਗੀਆਂ। ਉਸ ਵੇਲੇ ਇਹਨੇ ਆਪਣਾ ਮੁਸੱਲਾ ਸਮੁੰਦਰ 'ਚ ਪਾ ਕੇ ਗੁਰੂ ਨਾਨਕ ਪਾਤਸ਼ਾਹ ਦੇ ਕੋਲ ਆ ਕੇ ਖਬਰ ਦੇਣ ਵਾਸਤੇ, ਜਦ ਪਾਇਆ ਤਾਂ ਥੋੜ੍ਹਾ ਜਿਹਾ ਤੁਰ ਪਿਆ ਉਹ। ਸੌ ਕੁ ਗਜ਼। ਉਸ ਤੋਂ ਬਾਅਦ ਨਾ ਓਧਰ ਜਾਵੇ ਨਾ ਓਧਰ। ਉਹ ਗੁਰਮੁਖ ਪਿਆਰੇ ਜਾਂਦੇ-ਜਾਂਦੇ ਖੜ੍ਹ ਗਏ, ਕਹਿਣ ਲੱਗੇ ਕਿ ਇਹ ਕੀ ਕਰ ਰਿਹਾ ਹੈ। ਉੱਚੀ ਆਵਾਜ਼ ਦਿੱਤੀ ਕਿ ਪ੍ਰੇਮੀਆਂ! ਕੀ ਕਰ ਰਿਹਾ ਹੈਂ। ਕਹਿਣ ਲੱਗਿਆ, ਪਿਆਰਿਓ! ਮੈਂ ਤਾਂ ਫਸ ਗਿਆ ਸਮੁੰਦਰ ਦੇ ਅੰਦਰ। ਨਾ ਮੈਂ ਤੁਹਾਡੇ ਤੱਕ ਆ ਸਕਦਾ ਹਾਂ, ਨਾ ਮੈਂ ਅਗਾਂਹਾਂ ਜਾ ਸਕਦਾ ਹਾਂ। ਮੁਸੱਲਾ ਮੇਰਾ ਡੁੱਬਦਾ ਜਾਂਦਾ ਹੈ ਤੇ ਮੈਂ ਕੀ ਕਰਾਂ। ਕਹਿਣ ਲੱਗੇ, ਕਰਨਾ ਕੀ ਹੈ, ਜਿਹਨੇ ਤੈਨੂੰ ਭੇਜਿਆ ਹੈ ਉਹਦੇ ਚਰਨਾਂ 'ਚ ਅਰਦਾਸ ਕਰ। ਕਹਿੰਦੇ ਉਨ੍ਹਾਂ ਦਾ ਨਾਉਂ ਗੁਰੂ ਨਾਨਕ ਹੈ। ਅਰਦਾਸ ਕੀਤੀ, ਮੁਸੱਲਾ ਤੁਰ ਪਿਆ ਤੇ ਗੁਰੂ ਮਹਾਰਾਜ ਦੇ ਕੋਲ ਆ ਗਿਆ, ਨੀਵੀਂ ਪਾਈ ਹੋਈ ਹੈ। ਹੁਣ ਉਹ ਬਾਤ ਨਹੀਂ ਰਹੀ ਜਿਹੜੀ ਪਹਿਲੀ ਸੀ, ਜਿਹੜੀ ਮਹਾਰਾਜ ਨੂੰ ਕਹਿੰਦਾ ਸੀ ਕਿ ਆਓ ਖੇਲ੍ਹ ਕਰੀਏ।

ਮਹਾਰਾਜ ਕਹਿਣ ਲੱਗੇ, ਮਖਦੂਮ! ਖਬਰ ਸੁਣਾ। ਕਹਿੰਦਾ, ਮਹਾਰਾਜ! ਮੈਂ ਕਾਹਦੀ ਖਬਰ ਸੁਣਾਵਾਂ। ਮੈਨੂੰ ਤਾਂ ਹੈਰਾਨੀ ਹੁੰਦੀ ਹੈ ਕਿ ਮੈਂ ਨੇਕੀ ਕਰੀ ਹੈ ਤੇ ਮੇਰਾ ਮੁਸੱਲਾ ਤੁਰਦਾ ਨਹੀਂ ਸੀ। ਜਦੋਂ ਮੈਂ ਕੁਛ ਨਹੀਂ ਸੀ ਕਰਿਆ, ਜਦ ਮੈਂ ਸਮੁੰਦਰ 'ਤੇ ਐਸ ਤਰ੍ਹਾਂ ਖੇਲ੍ਹਦਾ ਸੀ ਜਿਵੇਂ ਪੰਛੀ ਅਸਮਾਨ 'ਚ ਉਡਦੇ ਫਿਰਦੇ ਨੇ। ਕਹਿੰਦੇ, ਕੀ ਕਰਿਆ?

ਕਹਿੰਦਾ, ਮਹਾਰਾਜ! ਮੈਂ ਜਹਾਜ਼ ਡੁੱਬਦਾ ਬਚਾਇਆ, ਮੁਨਾਰਾ ਗਿਰਦਾ ਬਚਾਇਆ, ਮੀਂਹ ਪੈ ਰਿਹਾ ਸੀ ਉਥੇ ਤੇ ਮੈਂ ਉਹ ਹਟਾ ਕੇ ਖੁਸ਼ਕ ਥਾਂ 'ਤੇ ਪੁਆਇਆ। ਨੇਕੀ ਦਾ ਕੰਮ ਕਰਿਆ।

ਮਹਾਰਾਜ ਕਹਿੰਦੇ, ਠੀਕ ਹੈ ਪ੍ਰੇਮੀਆਂ! ਨੇਕੀ ਕਰਨ ਦੇ ਵਿੱਚ ਫਰਕ

ਹੋਇਆ ਕਰਦਾ ਹੈ। ਇਹ ਤੂੰ ਜਿਹੜੇ ਕੰਮ ਕਰੇ ਸੀ, ਰਜ਼ਾ ਤੇ ਸ਼ੁਕਰ ਦੀ ਬੇਸੁਰੀ 'ਚ ਕਰੇ ਸੀ। ਸੁਰ ਨਾਲ ਸੁਰ ਨਹੀਂ ਸੀ ਤੂੰ ਰਲਾਈ। ਤੂੰ ਕਹਿੰਦਾ ਹੈਂ ਮੈਂ ਬਚਾਏ –

*ਜੇ ਕੋਊ ਅਪੁਨੀ ਓਟ ਸਮਾਰੈ ॥*
*ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ ॥*

*ਅੰਗ – 679*

ਤੇਰਾ ਤਾਂ ਬਲ ਲੱਗ ਗਿਆ ਜਿੰਨਾਂ ਕਮਾਇਆ ਸੀ ਸਾਰਾ। ਕਿਉਂਕਿ ਤੂੰ ਜਹਾਜ਼ ਬਚਾਇਆ, ਨੇਕੀ ਤਾਂ ਕਰੀ ਪਰ ਤੂੰ ਜੇ ਇਹਦੀ ਥਾਂ 'ਤੇ ਅਰਦਾਸ ਕਰਦਾ, ਪ੍ਰਭੂ ਦੇ ਚਰਨਾਂ 'ਚ ਤਾਂ ਪ੍ਰਭੂ ਅਰਦਾਸ ਤਾਂ ਸੁਣਦਾ ਇਹ ਤਾਂ ਨਹੀਂ, ਬੋਲਾ ਹੈ ਰੱਬ। ਬੋਲੇ ਰੱਬ ਨੂੰ ਤਾਂ ਮੰਨਿਆ ਹੀ ਨਹੀਂ ਹੈ। ਸੰਤ ਉਸੇ ਵੇਲੇ ਖਬਰਦਾਰ ਕਰਦੇ ਨੇ ਜਿਹਦੇ ਮਨ ਵਿੱਚ ਆਉਂਦਾ ਹੈ ਕਿ ਰੱਬ ਬੋਲਾ ਹੈ। ਸੰਤਾਂ ਦਾ ਫੁਰਮਾਨ ਹੈ ਕਿ –

*ਮੁੱਲਾਂ ਮੁਨਾਰੇ ਕਿਆ ਚੜੈ, ਸਾਂਈਂ ਨਾ ਬਹਿਰਾ ਹੋਇ।*
*ਜਿਹ ਕਾਰਨ ਤੂੰ ਬਾਂਗ ਦੇਇ, ਦਿਲ ਹੀ ਭੀਤਰ ਜੋਇ।*

ਉੱਚੀ-ਉੱਚੀ ਕਿਉਂ ਬਾਂਗਾਂ ਦਿੰਦਾ ਹੈ, ਅੰਦਰੋਂ ਹੀ ਕਹਿ ਦੇ ਅੱਲਾਹ-ਹੂ-ਅਕਬਰ। ਉਤੇ ਅਸਮਾਨਾਂ ਨੂੰ ਭੇਜਦਾ ਹੈਂ ਕਿ ਸੱਤਵੇਂ ਅਸਮਾਨ 'ਚ ਸੁਣੇਗਾ ਰੱਬ, ਰੱਬ ਕੋਈ ਬੋਲਾ ਹੈ। ਰੱਬ ਤੇਰੇ ਅੰਦਰ ਬੈਠਾ ਸੁਣਦਾ ਹੈ। ਕਹਿਣ ਲੱਗੇ, ਪ੍ਰੇਮੀਆ! ਜੇ ਤੂੰ ਅਰਦਾਸ ਕਰਦਾ, ਤਾਂ ਤੇਰੀ ਗੱਲ ਮੰਨੀ ਜਾਣੀ ਸੀ, ਤੇਰਾ ਜ਼ੋਰ ਨਹੀਂ ਸੀ ਲਗਦਾ। ਠੀਕ ਹੈ ਨੇਕ ਕੰਮ ਕਰਿਆ, ਜੀਵਾਂ ਦੇ ਪਾਪ ਇਕੱਠੇ ਹੋਏ ਸੀ, ਸਾਰਿਆਂ ਦੇ ਇਕੱਠੇ ਪਾਪਾਂ ਦਾ ਫਲ ਇੱਥੇ ਮਿਲਣਾ ਸੀ। ਮੁਨਾਰੇ ਨੇ ਵੀ ਗਿਰਨਾ ਸੀ ਇਹਦੇ ਵਿੱਚ ਵੀ ਪ੍ਰਮੇਸ਼ਰ ਦੀ ਰਜ਼ਾ ਸੀ, ਜੋ ਮੀਂਹ ਪੈਂਦਾ ਸੀ, ਇਹ ਲੂਣ ਐਨਾ ਵਧ ਗਿਆ ਸੀ ਕਿ ਮੱਛੀਆਂ ਨੂੰ ਬੜੀ ਭਾਰੀ ਤਕਲੀਫ ਹੋ ਗਈ ਸੀ ਤੇ ਮਿੱਠਾ ਪਾਣੀ ਉਥੇ ਪ੍ਰਮੇਸ਼ਰ ਵਲੋਂ ਸੁੱਟਿਆ ਜਾ ਰਿਹਾ ਸੀ। ਤੂੰ ਰਜ਼ਾ ਨੂੰ ਨਹੀਂ ਸਮਝ ਸਕਿਆ। ਸੋ ਇਸੇ ਕਰਕੇ ਪਹਿਲੇ ਦਿਨ ਖਾਣਾ ਆਇਆ, ਦੂਸਰੇ ਦਿਨ ਉਨ੍ਹਾਂ ਦਾ ਨਹੀਂ ਆਇਆ। ਉਨ੍ਹਾਂ ਦੀ ਗੁਰਮੁਖ ਅਵਸਥਾ ਸੀ। ਗੁਰਮੁਖ ਅਵਸਥਾ ਜੋ ਹੁੰਦੀ ਹੈ ਗੁਰਮੁਖ ਸ਼ੁਕਰ ਤੇ ਰਜ਼ਾ ਦੀ ਸੁਰ ਵਿੱਚ ਰਹਿੰਦਾ ਹੈ। ਕਿਉਂਕਿ ਐਸਾ ਮਹਾਰਾਜ ਦਾ ਫੁਰਮਾਨ ਹੈ –

*ਧਾਰਨਾ – ਗੁਰਮੁਖ ਤੇਰਾ ਭਾਣਾ ਪਾਵੈ,*
*ਸਹਿਜੇ ਸਚਿ ਸਮਾਵੇ ਜੀ।*

ਮਹਾਰਾਜ ਕਹਿਣ ਲੱਗੇ, ਮਖਦੂਮ ਜੀ! ਗੁਰਮੁਖ ਜੋ ਹੋਇਆ ਕਰਦਾ ਹੈ ਵਾਹਿਗੁਰੂ ਦੀ ਰਜ਼ਾ ਵਿੱਚ ਤੇ ਸ਼ੁਕਰ ਤੇ ਸਬਰ ਦੇ ਵਿੱਚ ਸੁਰ ਮਿਲਾ ਕੇ ਚਲਦਾ ਹੈ –

*ਜੋ ਤੁਧੁ ਕਰਣਾ ਸੋ ਕਰਿ ਪਾਇਆ ॥*
*ਭਾਣੇ ਵਿਚਿ ਕੋ ਵਿਰਲਾ ਆਇਆ ॥*
*ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ ॥ 1 ॥*
*ਗੁਰਮੁਖਿ ਤੇਰਾ ਭਾਣਾ ਭਾਵੈ ॥*

*ਸਹਜੇ ਹੀ ਸੁਖੁ ਸਚੁ ਕਮਾਵੈ ॥*
*ਭਾਣੇ ਨੋ ਲੋਚੈ ਬਹੁਤੇਰੀ ਆਪਣਾ ਭਾਣਾ ਆਪਿ ਮਨਾਇਦਾ ॥ 2 ॥*
*ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ ॥*
*ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ ॥*
*ਭਾਣੇ ਵਿਚਿ ਵਡੀ ਵਡਿਆਈ ਭਾਣਾ ਕਿਸਹਿ ਕਰਾਇਦਾ ॥ 3 ॥*
*ਜਾ ਤਿਸੁ ਭਾਵੈ ਤਾ ਗੁਰੂ ਮਿਲਾਏ ॥*
*ਗੁਰਮੁਖਿ ਨਾਮੁ ਪਦਾਰਥੁ ਪਾਏ ॥*
*ਤੁਧੁ ਆਪਣੈ ਭਾਣੈ ਸਭ ਸ੍ਰਿਸਟਿ ਉਪਾਈ*
*ਜਿਸ ਨੋ ਭਾਣਾ ਦੇਹਿ ਤਿਸੁ ਭਾਇਦਾ ॥ ਅੰਗ - 1063*

ਲੇਕਿਨ ਜਿਹੜੇ ਮਨਮੁਖ ਨੇ ਇਹ ਚਤੁਰਾਈਆਂ ਕਰਦੇ ਨੇ। ਇਨ੍ਹਾਂ ਨੂੰ ਭਾਣਾ ਨਹੀਂ ਚੰਗਾ ਲਗਦਾ ਤੇ ਚਤੁਰਾਈਆਂ ਕਰਦੇ ਨੇ। ਮਹਾਰਾਜ ਕਹਿੰਦੇ -

*ਮਨਮੁਖੁ ਅੰਧੁ ਕਰੇ ਚਤੁਰਾਈ ॥*
*ਭਾਣਾ ਨ ਮੰਨੇ ਬਹੁਤੁ ਦੁਖੁ ਪਾਈ ॥*
*ਭਰਮੇ ਭੂਲਾ ਆਵੈ ਜਾਏ ਘਰੁ ਮਹਲੁ ਨ ਕਬਹੂ ਪਾਇਦਾ ॥*
*ਅੰਗ - 1064*

ਗੁਰਮੁਖਾਂ ਨੇ ਇਸ ਗੱਲ ਨੂੰ ਚੰਗੀ ਤਰ੍ਹਾਂ ਨਾਲ ਸਮਝਿਆ ਹੋਇਆ ਹੈ।

*ਧਾਰਨਾ - ਗੁਰਮੁਖ ਨੇ ਜਾਣਿਆ, ਚਲਣਾ ਵਿੱਚ ਹੁਕਮ ਰਜ਼ਾ ਦੇ।*

ਗੁਰਮੁਖ ਤੇ ਮਨਮੁਖ ਦਾ ਫਰਕ। ਮਹਾਰਾਜ ਕਹਿੰਦੇ ਜਿਹੜਾ ਤਾਂ ਮਨਮੁਖ ਹੈ -

*ਮਨਮੁਖੁ ਅੰਧੁ ਕਰੇ ਚਤੁਰਾਈ ॥*
*ਭਾਣਾ ਨ ਮੰਨੇ ਬਹੁਤੁ ਦੁਖੁ ਪਾਈ ॥ ਅੰਗ - 1064*

ਜਿਹੜਾ ਗੁਰਮੁਖ ਹੈ -

*ਚਲਣੁ ਹੁਕਮੁ ਰਜਾਇ ਗੁਰਮੁਖਿ ਜਾਣਿਆ।*
*ਭਾਈ ਗੁਰਦਾਸ ਜੀ, ਵਾਰ 22/16*

ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਦੇ ਕੋਲ, ਇੱਕ ਗੁਰਮੁਖ ਨਾਮ ਦੇ ਗੁਰਸਿੱਖ ਨੇ ਕਿਹਾ ਕਿ ਪਾਤਸ਼ਾਹ! ਐਸੇ ਗੁਰਮੁਖ ਦੇ ਲੱਛਣ ਜਿਹੜੇ ਲਿਖੇ ਹੋਏ ਨੇ ਕ੍ਰਿਪਾ ਕਰਕੇ ਦਰਸ਼ਨ ਹੀ ਕਰਾਓ। ਮਹਾਰਾਜ ਕਹਿਣ ਲੱਗੇ ਕਿ ਗੁਰਮੁਖ ਤਾਂ ਬੇਅੰਤ ਨੇ ਭਾਈ, ਇੱਕ ਤੋਂ ਇੱਕ ਚੜ੍ਹਦਾ, ਪਰ ਤੇਰੀ ਨਿਸ਼ਾ ਨਹੀਂ ਹੋਣੀ ਜੇ ਨਿਸ਼ਾ ਕਰਨੀ ਹੈ ਤਾਂ ਤੂੰ ਗੁਜਰਾਤ ਚਲਿਆ ਜਾਹ, ਉਥੇ ਭਾਈ ਭਿਖਾਰੀ ਦੇ ਘਰ ਪਹੁੰਚ ਜਾ, ਚਾਰ ਦਿਨ ਦੇ ਅੰਦਰ। ਹੁਕਮ ਮੰਨਿਆ, ਗੁਜਰਾਤ ਪਹੁੰਚਿਆ, ਉਥੇ ਭਾਈ ਭਿਖਾਰੀ ਨੂੰ ਮਿਲਿਆ। ਭਾਈ ਭਿਖਾਰੀ ਇੱਕ ਤਪੜ ਸਿਊਂ ਰਹੇ ਸੀ, ਘਰ ਵਿੱਚ ਬੜੀ ਅਮੀਰੀ ਸੀ, ਕਾਲੀਨ ਵਿੱਛੇ ਹੋਏ ਸੀ, ਬਹੁਤ ਸੋਹਣੀ ਹਵੇਲੀ ਸੀ ਤੇ ਹਵੇਲੀ ਦੇ ਵਿਹੜੇ ਵਿੱਚ ਕੜਾਹੀਆਂ ਚੜ੍ਹੀਆਂ ਹੋਈਆਂ ਸੀ ਤੇ ਵਿਆਹ ਦੀ ਤਿਆਰੀ ਹੋ ਰਹੀ ਸੀ। ਖੁਸ਼ੀਆਂ ਹੀ ਖੁਸ਼ੀਆਂ ਸੀ ਤੇ ਏਧਰ ਇਹ ਦੇਖਦਾ ਹੈ ਕਿ

ਤੱਪੜ ਸਿਉਂ ਰਹੇ ਨੇ ਤੇ ਇੱਕ ਅਰਥੀ ਪਈ ਹੈ, ਸੀੜੀ ਪਈ ਹੈ ਤੇ ਨਾਲ ਇੱਕ ਪੂਲਾ ਪਿਆ ਹੈ ਤੇ ਇੱਕ ਬਰਤਨ ਪਿਆ ਹੈ ਕੋਰਾ। ਦੁਚਿੱਤੀ 'ਚ ਪੈ ਗਿਆ, ਸਮਝ ਨਹੀਂ ਆਈ। ਦੂਸਰੇ ਦਿਨ ਭਾਈ ਭਿਖਾਰੀ ਭਾਈ ਗੁਰਮੁਖ ਨੂੰ ਵੀ ਵਿਆਹ 'ਚ ਨਾਲ ਲੈ ਗਏ। ਸ਼ਾਦੀ ਹੋਈ ਤੇ ਬੜੀਆਂ ਖੁਸ਼ੀਆਂ ਦੇ ਨਾਲ ਰਥਾਂ 'ਚ ਬੈਠ ਕੇ ਵਾਪਸ ਆ ਰਹੇ ਨੇ। ਜਦੋਂ ਪਿੰਡ ਦੇ ਨੇੜੇ ਆ ਗਏ ਤਾਂ ਘਰ ਦੇ ਮੂਹਰੇ ਆ ਗਏ ਤਾਂ ਮਾਂ ਵੀ ਖੜ੍ਹੀ ਹੈ ਪਾਣੀ ਵਾਰਨ ਵਾਸਤੇ, ਭੈਣਾਂ ਖੜ੍ਹੀਆਂ ਨੇ ਰਾਹ ਰੋਕਣ ਵਾਸਤੇ, ਸੋ ਬੜੇ ਖੁਸ਼ੀ ਦੇ ਸਮਾਗਮ ਨੇ ਲੇਕਿਨ ਭਾਈ ਭਿਖਾਰੀ ਜਦੋਂ ਆਪਣੀ ਸਵਾਰੀ 'ਚੋਂ ਉਤਰਦੇ ਨੇ ਤਾਂ ਉਸ ਵੇਲੇ ਜਾ ਕੇ ਪੁੱਤਰ ਵਾਲੇ ਰਥ ਨੂੰ ਝੰਮਣ ਚੁੱਕਦੇ ਨੇ ਤੇ ਉਹਦੇ ਵਿੱਚੋਂ ਪੁੱਤਰ ਦਾ ਮਿਰਤਕ ਸਰੀਰ ਹੱਥਾਂ 'ਚ ਲੈ ਲੈਂਦੇ ਨੇ। ਸਾਰੀਆਂ ਖੁਸ਼ੀਆਂ ਗਮੀਆਂ 'ਚ ਬਦਲ ਗਈਆਂ ਤੇ ਮੰਗਲਮਈ ਵਸਤਰ ਜਿਹੜੇ ਸੀ, ਸਾਰੇ ਸ਼ੋਕਮਈ ਵਸਤਰਾਂ 'ਚ ਬਦਲ ਗਏ। ਉਸ ਵੇਲੇ ਆਪ ਨੇ ਜੋ ਤੱਪੜ ਸਿਉਂਤਾ ਸੀ, ਬੜਾ ਭਾਰਾ ਤੱਪੜ ਸੀ ਉਹ ਬਾਹਰ ਵਿਛਾ ਦਿੱਤਾ, ਬਾਹਰ ਦਰੀ ਸੀ ਕੋਈ ਪੁਰਾਣੀ ਉਹਦੇ ਉਤੇ ਸਾਰੇ ਬੈਠ ਗਏ। ਉਤੇ ਨੂੰ ਦੇਖਿਆ ਕਹਿਣ ਲੱਗੇ ਭਾਈ ਥੋੜ੍ਹਾ ਹੀ ਸਮਾਂ ਰਹਿ ਗਿਆ, ਇਸ਼ਨਾਨ ਕਰਾਓ ਤੇ ਮਿਰਤਕ ਦੇਹ ਨੂੰ ਲੈ ਚੱਲੋ। ਅਰਥੀ ਕੱਢ ਲਿਆਏ, ਕਿਤੋਂ ਲਿਆਉਣਾ ਹੀ ਨਹੀਂ ਸੀ ਕੁਛ, ਪੂਲਾ ਵੀ ਕੱਢ ਲਿਆਏ ਤੇ ਉਹ ਬਰਤਨ ਵੀ ਕੱਢ ਲਿਆਏ। ਕਫਨ ਪਹਿਲਾਂ ਹੀ ਤਿਆਰ ਕਰਕੇ ਰੱਖਿਆ ਹੋਇਆ ਸੀ। ਉਸੇ ਵੇਲੇ ਇਸ਼ਨਾਨ ਕਰਾਉਂਦੇ ਸਾਰ ਅਰਦਾਸ ਕਰੀ ਤੇ ਸ਼ਮਸ਼ਾਨ ਭੂਮੀ ਜਾ ਕੇ ਲਾਂਬੂ ਦਿੱਤਾ ਤੇ ਉਸ ਤੋਂ ਬਾਅਦ ਘਰ ਆ ਗਏ। ਆ ਕੇ ਰਹਿਰਾਸ ਸਾਹਿਬ ਦਾ ਪਾਠ ਕਰਿਆ, ਉਸ ਵੇਲੇ ਭਾਈ ਗੁਰਮੁਖ ਬਹੁਤ ਗਮਗੀਨ ਹੋਇਆ ਤੇ ਨਾਲ ਇਹ ਪਤਾ ਲੱਗਿਆ ਕਿ ਇਨ੍ਹਾਂ ਨੂੰ ਪਤਾ ਸੀ ਏਸ ਗੱਲ ਦਾ ਤੇ ਜਦੋਂ ਬਾਤਚੀਤ ਚੱਲੀ ਕਹਿਣ ਲੱਗੇ ਭਾਈ ਭਿਖਾਰੀ! ਮੈਨੂੰ ਐਸ ਤਰ੍ਹਾਂ ਲਗਦਾ ਹੈ ਕਿ ਤੁਹਾਨੂੰ ਸਾਰੀ ਗੱਲ ਦਾ ਪਤਾ ਸੀ। ਕਿਉਂਕਿ ਤੁਸੀਂ ਪਹਿਲਾਂ ਹੀ ਮਿਰਤਕ ਦਾ ਸਾਮਾਨ ਰੱਖਿਆ ਹੋਇਆ ਸੀ, ਕਹਿੰਦੇ ਹਾਂ ਭਾਈ ਪਤਾ ਸੀ। ਕਹਿੰਦੇ, ਫੇਰ ਤੁਸੀਂ ਗੁਰੂ ਮਹਾਰਾਜ ਤੋਂ ਉਮਰ ਕਿਉਂ ਨਾ ਮੰਗੀ? ਕਹਿੰਦੇ ਫੇਰ ਵੀ ਭਾਈ ਜਾਣਾ ਹੀ ਸੀ। ਫੇਰ ਕਿਹੜਾ ਇੱਥੇ ਰਹਿਣਾ ਸੀ, ਕੋਈ ਦੁਨੀਆਂ 'ਚ ਰਿਹਾ ਅੱਜ ਤਾਈਂ। ਕੀ ਚੀਜ਼ ਮੰਗਣੀ ਹੈ, ਜੇ ਮੰਗਣਾ ਹੈ ਤਾਂ ਇੱਕ ਪ੍ਰਮੇਸ਼ਰ ਦਾ ਨਾਮ ਗੁਰੂ ਤੋਂ ਮੰਗਣਾ ਚਾਹੀਦਾ ਹੈ। ਇਹ ਨਾਸ਼ਵੰਤ ਚੀਜ਼ਾਂ ਦੀ ਕੀ ਮੰਗ ਹੈ। ਉਸ ਵੇਲੇ ਆਪ ਦੇਖਦੇ ਨੇ ਕਿ ਮਨ ਦੇ ਅੰਦਰ ਕੋਈ ਭੋਰਾ ਜਿੰਨਾਂ ਵੀ ਪਰਿਵਰਤਨ ਨਹੀਂ ਹੈ, ਜਿਵੇਂ ਪਹਿਲੇ ਸੀ ਉਸੇ ਤਰ੍ਹਾਂ ਹੁਣ ਨੇ। ਕਹਿਣ ਲੱਗੇ, ਲੜਕੀ ਕਿਉਂ ਵਿਆਹੀ ਤੁਸੀਂ, ਜੇ ਤੁਹਾਨੂੰ ਪਤਾ ਸੀ। ਕਹਿੰਦੇ, ਵਿਆਹ ਹੋ ਕੇ ਹੀ ਚੜ੍ਹਾਈ ਕਰਨੀ ਸੀ ਇਹਨੇ। ਇਵੇਂ ਜਿਵੇਂ ਹੀ ਹੋਣਾ ਸੀਗਾ, ਇਹਨੂੰ ਕੋਈ ਮੇਟ ਨਹੀਂ ਸਕਿਆ ਕਰਦਾ -

***ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥***

***ਅੰਗ - 937***

ਗੁਰੂ ਮਹਾਰਾਜ ਕਹਿੰਦੇ, ਜੇ ਕੋਈ ਜ਼ੋਰ ਲਾਵੇ ਵੀ ਕਿ ਮੈਂ ਮਿਟਾ

ਦੇਵਾਂਗਾ। ਕਹਿੰਦੇ, ਮਿਟਦਾ ਨਹੀਂ, ਇੱਕ ਸੰਤਾਂ ਕੋਲ ਵਿਸ਼ੇਸ਼ ਸ਼ਕਤੀ ਹੁੰਦੀ ਹੈ, ਉਹ ਵੀ ਕਦੇ-ਕਦੇ ਵਰਤਦੇ ਨੇ ਹਮੇਸ਼ਾ ਨਹੀਂ ਵਰਤਦੇ, ਉਨ੍ਹਾਂ ਦਾ ਹੈਗਾ -

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ ॥***
***ਅੰਗ - 748***

ਉਹ ਕਰ ਦੇਣ ਤਾਂ ਪ੍ਰਮੇਸ਼ਰ ਨੂੰ ਮੰਨਣਾ ਪੈਂਦਾ ਹੈ ਲੇਕਿਨ ਉਹ ਕਰਦੇ ਨਹੀਂ ਆਮ ਹਾਲਤਾਂ 'ਚ, ਕਦੇ ਪਰਉਪਕਾਰ ਵਸ ਕਿਤੇ ਕਰ ਦਿੱਤਾ ਤਾਂ ਕਰ ਦਿੱਤਾ। ਹਰ ਥਾਂ ਨਹੀਂ ਵਰਤਦੇ। ਕਹਿਣ ਲੱਗੇ ਇਹ ਕਿਸ ਤਰ੍ਹਾਂ?

ਕਹਿੰਦੇ, ਬੀਬੀ ਦਾ ਕੀ ਹਾਲ ਹੋਏਗਾ।

ਕਹਿੰਦੇ ਉਹਨੂੰ ਪੁੱਛ ਲਓ।

ਜਦੋਂ ਬੀਬੀ ਦੇ ਕੋਲ ਗਏ ਉਹ ਕਹਿਣ ਲੱਗੀ ਹਾਂ ਇਸੇ ਤਰ੍ਹਾਂ ਹੋਣਾ ਸੀ ਪਿਤਾ ਜੀ। ਮੇਰੀ ਸ਼ਾਦੀ ਹੋਣੀ ਸੀ ਉਸ ਤੋਂ ਬਾਅਦ ਇਹ ਘਰ ਵਿੱਚ ਨਹੀਂ ਸੀ ਆਉਣੇ, ਮੈਨੂੰ ਵੀ ਪਤਾ ਸੀ। ਕਹਿਣ ਲੱਗੇ, ਫੇਰ ਤੈਨੂੰ ਰੰਜ ਨਹੀਂ। ਕਹਿੰਦੀ, ਨਹੀਂ ਇਸੇ ਤਰ੍ਹਾਂ ਹੀ ਹੋਣਾ ਸੀ।

ਤੇਰੇ ਮਨ 'ਚ ਖੁਸ਼ੀ ਹੈ?

ਕਹਿੰਦੀ, ਹਾਂ ਖੁਸ਼ੀ ਹੈ।

ਕਿਉਂ?

ਕਹਿੰਦੀ, ਮੈਂ ਐਡੇ ਵੱਡੇ ਮਹਾਂਪੁਰਸ਼ ਦੀ ਪਤਨੀ ਬਣ ਗਈ ਤੇ ਹੁਣ ਅਸੀਂ ਦਰਗਾਹ ਵਿੱਚ ਇਕੱਠੇ ਰਹਾਂਗੇ। ਆਹ ਥੋੜ੍ਹਾ ਜਿਹਾ ਸਫਰ ਹੈ ਮੈਂ ਕੱਟ ਲੈਣਾ ਹੈ ਜ਼ਿੰਦਗੀ ਦਾ। ਉਸ ਤੋਂ ਬਾਅਦ ਸਾਡਾ ਸਬੰਧ ਜੁੜ ਗਿਆ। ਸੋ ਇਸ ਕਰਕੇ ਮੈਨੂੰ ਬੜੀ ਖੁਸ਼ੀ ਹੈ।

ਭਾਈ ਗੁਰਮੁਖ ਕਹਿਣ ਲੱਗੇ ਕਿ ਤੁਸੀਂ ਦੋਵੇਂ ਗੱਲਾਂ ਬੜੀਆਂ ਹੋਰ ਤਰ੍ਹਾਂ ਦੀਆਂ ਕਰਦੇ ਹੋ, ਖੋਲ੍ਹ ਕੇ ਦੱਸੋ ਤਾਂ ਜੋ ਮੈਨੂੰ ਵੀ ਪਤਾ ਲੱਗੇ। ਕਹਿਣ ਲੱਗੇ, ਪਿਤਾ ਜੀ! ਗੈਬ ਦੇ ਭੇਤ ਖੁੱਲ੍ਹਣੇ ਨਹੀਂ ਚਾਹੀਦੇ। ਚਲੋ ਤੁਸੀਂ ਬਾਰ-ਬਾਰ ਪੁੱਛਦੇ ਹੋ ਤੇ ਮੈਂ ਹੁਣ ਸੰਕੋਚ ਨਾਲ ਦੱਸਦੀ ਹਾਂ ਕਿ ਮੈਂ ਰਾਜੇ ਦੀ ਲੜਕੀ ਸੀ ਪਿਛਲੇ ਜਨਮ 'ਚ ਤੇ ਮੈਂ ਐਨਾ ਤਪ ਕਰਿਆ ਕਿ ਕਿਸੇ ਬੰਦੇ ਦਾ ਮੇਰੇ ਸਾਮ੍ਹਣੇ ਹੋ ਕੇ ਨੇਤਰ ਖੁੱਲ੍ਹਾ ਨਹੀਂ ਸੀ ਰਹਿੰਦਾ। ਇੱਕ ਦਮ ਥੱਲੇ ਗਿਰ ਜਾਂਦਾ ਸੀ। ਜਲਾਲ ਮੇਰੇ ਨੇਤਰਾਂ 'ਚ ਐਨਾ ਜ਼ਿਆਦਾ ਸੀ ਕਿ ਕੋਈ ਝਾਕ ਨਹੀਂ ਸੀ ਸਕਦਾ। ਸ਼ਾਦੀ ਦੀ ਮੈਂ ਸ਼ਰਤ ਇਹ ਰੱਖੀ ਕਿ ਜਿਸ ਬੰਦੇ ਦੇ ਸਾਮ੍ਹਣੇ ਮੇਰੇ ਨੇਤਰ ਨੀਵੇਂ ਪੈਣਗੇ। ਉਹਦੇ ਨਾਲ ਮੈਂ ਸ਼ਾਦੀ ਕਰਾਵਾਂਗੀ। ਸਵੰਬਰ ਰਚਿਆ ਗਿਆ ਪਰ ਕੋਈ ਰਾਜਕੁਮਾਰ ਐਸਾ ਨਾ ਨਿਕਲਿਆ ਜਿਹਦਾ ਜਲਾਲ ਤੇ ਤੇਜ ਐਨਾ ਹੋਵੇ। ਮੈਨੂੰ ਦੇਖ ਕੇ ਸਭ ਦੀਆਂ ਅੱਖਾਂ ਨੀਵੀਆਂ ਹੋ ਗਈਆਂ। ਫੇਰ ਮੈਂ ਤੀਰਥ ਯਾਤਰਾ ਕਰੀ, ਉਥੇ ਇੱਕ ਬ੍ਰਹਮਚਾਰੀ 22 ਸਾਲ ਦਾ ਤਪ ਕਰਦਾ ਸੀ, ਐਨਾ ਜਲਾਲ ਉਹਦਾ

ਤੇਜ ਵਧਿਆ ਹੋਇਆ ਸੀ ਕਿ ਜਦੋਂ ਮੈਂ ਉਹਦੇ ਦਰਸ਼ਨ ਕੀਤੇ, ਸਾਮ੍ਹਣੇ ਹੋਈ, ਉਹਨੇ ਦੇਖਿਆ ਮੇਰੇ ਵਲ, ਤਾਂ ਮੇਰੇ ਨੇਤਰ ਇੱਕ ਦਮ ਥੱਲੇ ਹੋ ਗਏ, ਖੱਪਰ ਗਿਰ ਗਏ। ਮੇਰੇ ਪਿਤਾ ਨੇ ਸਮਝ ਲਿਆ ਕਿ ਇੱਥੇ ਹੀ ਸੰਜੋਗ ਹੈ। ਬ੍ਰਹਮਚਾਰੀ ਨੂੰ ਪੁੱਛਿਆ ਉਹ ਕਹਿੰਦਾ ਕਿ ਮੈਂ ਤਾਂ ਨਹੀਂ ਕਰਾਉਣਾ ਵਿਆਹ।

ਕਹਿੰਦੀ, ਮੈਂ ਤਾਂ ਇਹਨੂੰ ਪਤੀ ਧਾਰ ਲਿਆ, ਮੈਂ ਤਾਂ ਇਹਦੀ ਸੇਵਾ ਹੀ ਕਰਾਂਗੀ।

ਮੈਂ ਸੇਵਾ ਕਰਦੀ ਰਹੀ, ਸਾਲਾਂ ਦੇ ਸਾਲ ਲੰਘਦੇ ਰਹੇ, ਕਦੇ ਨਾ ਉਹਨੇ ਮੈਨੂੰ ਬੁਲਾਇਆ। ਇੱਕ ਦਿਨ ਮੇਰੀ ਸੇਵਾ 'ਤੇ ਪ੍ਰਸੰਨ ਹੋ ਕੇ ਕਹਿਣ ਲੱਗਿਆ, ਤੂੰ ਚਾਹੁੰਦੀ ਕੀ ਹੈਂ?

ਕਹਿਣ ਲੱਗੀ ਕਿ ਮੈਂ ਤੇਰੇ ਨਾਲ ਸ਼ਾਦੀ ਕਰਾਉਣਾ ਚਾਹੁੰਦੀ ਹਾਂ।

ਉਹ ਕਹਿੰਦਾ, ਏਸ ਜਨਮ 'ਚ ਤਾਂ ਨਹੀਂ ਹੋਣੀ, ਅਗਲਾ ਜਨਮ ਆਏਗਾ ਤੇ ਸਿਰਫ ਮੈਂ ਸ਼ਾਦੀ ਕਰਾਵਾਂਗਾ, ਸੰਜੋਗ ਕੋਈ ਨਹੀਂ ਤੇਰੇ ਨਾਲ। ਇਹ ਗੱਲ ਮੈਂ ਮੰਨੀ ਹੋਈ ਸੀ, ਸੋ ਇਹ ਵੀ ਚੜ੍ਹਾਈ ਕਰ ਗਿਆ ਤੇ ਮੈਂ ਵੀ। ਏਸ ਜਨਮ ਦੇ ਅੰਦਰ ਮੈਨੂੰ ਵੀ ਪਿਛਲਾ ਪਤਾ ਹੈ ਤੇ ਇਹਨੂੰ ਵੀ ਪਿਛਲੇ ਜਨਮ ਦਾ ਪਤਾ ਸੀ ਤੇ ਸਾਡੇ ਪਿਤਾ ਜੀ ਨੂੰ, ਭਾਈ ਭਿਖਾਰੀ ਜੀ ਨੂੰ ਵੀ ਸਾਰੀ ਗੱਲ ਦਾ ਪਤਾ ਹੈ। ਸੋ ਇਸ ਕਰਕੇ ਪਿਤਾ ਜੀ! ਮੈਨੂੰ ਕੋਈ ਐਸੀ ਬਾਤ ਨਹੀਂ ਹੈ, ਕਿਉਂਕਿ ਇਸ ਤਰ੍ਹਾਂ ਹੋਣਾ ਹੀ ਸੀਗਾ, ਜੋ ਹੋਣਾ ਹੈ ਉਹਨੂੰ ਕੋਈ ਮੇਟ ਨਹੀਂ ਸਕਿਆ ਕਰਦਾ।

ਗੁਰੂ ਨਾਨਕ ਪਾਤਸ਼ਾਹ ਕਹਿੰਦੇ ਨੇ -

***ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜ੍ਹਾਇਆ ॥***
***ਤਿਨ੍ਹਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ ॥***

***ਅੰਗ - 1344***

ਜੋ ਕਿਰਤ ਹੁੰਦੀ ਹੈ ਲਿਖੀ ਹੋਈ ਮੱਥੇ ਦੇ ਵਿੱਚ ਉਹਨੂੰ ਕੋਈ ਮੇਟਣ ਨੂੰ ਸਮਰੱਥ ਨਹੀਂ ਹੋਇਆ ਕਰਦਾ। ਇਸ ਤਰ੍ਹਾਂ ਦੇ ਨਾਲ ਜੋ ਗੁਰਮੁਖ ਹੋਇਆ ਕਰਦੇ ਨੇ ਪ੍ਰਮੇਸ਼ਰ ਦੀ ਰਜ਼ਾ ਦੇ ਵਿੱਚ ਚੱਲਣਾ, ਗਾਡੀ ਰਾਹ ਪੰਥ 'ਤੇ ਚਲਦੇ ਨੇ, ਚਲਦੇ ਵਾਹਿਗੁਰੂ ਦੇ ਭਾਣੇ ਵਿੱਚ ਨੇ।

***ਚਲਣੁ ਹੁਕਮੁ ਰਜਾਇ ਗੁਰਮੁਖਿ ਜਾਣਿਆ।***
***ਗੁਰਮੁਖਿ ਪੰਥਿ ਚਲਾਇ ਚਲਣੁ ਭਾਣਿਆ।***
***ਸਿਦਕ ਸਬੂਰੀ ਪਾਇ ਕਰਿ ਸੁਕਰਾਣਿਆ।***

***ਭਾਈ ਗੁਰਦਾਸ ਜੀ, ਵਾਰ 22/16***

ਸਿਦਕ ਦੇ ਵਿੱਚ ਰਹਿੰਦੇ ਨੇ, ਸਬਰ 'ਚ ਰਹਿੰਦੇ ਨੇ। ਸਾਰੀਆਂ ਤਾਕਤਾਂ ਦੇ ਮਾਲਕ ਹੁੰਦੇ ਨੇ।

ਭਾਈ ਮਤੀ ਦਾਸ ਇੱਕ ਦਿਨ ਪਹਿਲਾਂ ਇਹ ਗੱਲ ਕਹਿੰਦੇ ਨੇ ਨਾਲਦਿਆਂ ਨੂੰ ਕਿ ਜੇ ਮਹਾਰਾਜ ਆਗਿਆ ਦੇਣ ਤਾਂ ਦਿੱਲੀ ਤੇ ਲਾਹੌਰ ਦੇ

ਮੈਂ ਛੈਣੇ ਵਜਾ ਦੇਵਾਂ। ਜਦੋਂ ਮਹਾਰਾਜ ਜੀ ਨੂੰ ਪਤਾ ਲੱਗਿਆ ਤਾਂ ਕਹਿੰਦੇ ਮਤੀ ਦਾਸ! ਇਹ ਰਜ਼ਾ ਦੇ ਵਿੱਚ ਆਪਾਂ ਚੱਲਣਾ ਹੈ ਪ੍ਰਮੇਸ਼ਰ ਦੀ, ਕਿੱਥੋਂ ਸ਼ਕਤੀ ਪ੍ਰਾਪਤ ਹੋਈ। ਕਹਿੰਦਾ, ਪਾਤਸ਼ਾਹ! ਆਪ ਦਾ ਸ਼ੀਤ ਪ੍ਰਸ਼ਾਦ ਛਕਦੇ ਰਹੇ ਹਾਂ। ਕਹਿੰਦੇ, ਜਿਹਦਾ ਸ਼ੀਤ ਪ੍ਰਸ਼ਾਦ ਛਕਦੇ ਰਹੇ ਹਾਂ ਉਹਦੇ 'ਚ ਕਿੰਨੀ ਕੁ ਸ਼ਕਤੀ ਹੋਏਗੀ? ਕਹਿੰਦਾ, ਮਹਾਰਾਜ ਆਪ ਤਾਂ ਭੰਡਾਰ ਹੋ, ਸਮੁੰਦਰ ਓਂ ਸ਼ਕਤੀਆਂ ਦੇ। ਕਹਿੰਦੇ ਫੇਰ ਜਦੋਂ ਅਸੀਂ ਸ਼ਹੀਦੀ ਦੇ ਰਹੇ ਹਾਂ। ਤਾਂ ਤੁਸੀਂ ਵੀ ਸਬਰ ਵਿੱਚ ਆਓ। ਸਿਦਕ ਵਿੱਚ ਆਓ -

***ਸਿਦਕ ਸਬੂਰੀ ਪਾਇ ਕਰਿ ਸੁਕਰਾਨਿਆ।***
***ਗੁਰਮੁਖਿ ਅਲਖੁ ਲਖਾਇ ਚੋਜ ਵਿਡਾਨਿਆ।***
***ਵਰਤਣ ਬਾਲ ਸੁਭਾਇ ਆਦਿ ਵਖਾਨਿਆ।***
***ਸਾਧ ਸੰਗਤਿ ਲਿਵ ਲਾਇ ਸਚੁ ਸੁਹਾਨਿਆ।***
***ਜੀਵਨ ਜੁਗਤਿ ਕਰਾਇ ਸਬਦਿ ਸਿਵਾਨਿਆ।***
***ਗੁਰਮੁਖਿ ਆਪੁ ਗਵਾਇ ਆਪੁ ਪਛਾਨਿਆ।***

***ਭਾਈ ਗੁਰਦਾਸ ਜੀ ਵਾਰ, 22/16***

***ਹਰਿ ਕਾ ਭਾਣਾ ਮੰਨਹਿ ਸੇ ਜਨ ਪਰਵਾਣੁ ॥***
***ਗੁਰ ਕੈ ਸਬਦਿ ਨਾਮ ਨੀਸਾਣੁ ॥*** ***ਅੰਗ - 1129***

ਸੋ ਇਸ ਤਰ੍ਹਾਂ ਮਹਾਰਾਜ ਕਹਿਣ ਲੱਗੇ, ਮਖਦੂਮ ਜੀ! ਤੇਰਾ ਜੋ ਬਲ ਹਾਰਿਆ, ਉਹ ਇਸ ਕਰਕੇ ਹਾਰਿਆ, ਤੇਰੇ ਵਿੱਚ ਹਉਂ ਸੀ। ਤੈਨੂੰ ਗੁਰਮੁਖਤਾਈ ਦੀ ਸਮਝ ਨਾ ਆਈ। ਉਹ ਜਿਹੜੇ ਆਉਂਦੇ ਸੀ ਵੀਹ, ਉਹ ਗੁਰੂ ਦੇ ਪਿਆਰੇ ਸੀ। ਗੁਰੂ ਨਾਨਕ ਪਾਤਸ਼ਾਹ ਦੇ ਸਿੱਖ ਸੀ ਸਾਧਸੰਗਤ ਜੀ! ਕਮਾਲ ਹੈ ਉਸ ਜ਼ਮਾਨੇ ਦੇ ਅੰਦਰ ਕਿੱਡੀ ਵੱਡੀ ਅਵਸਥਾ ਉਨ੍ਹਾਂ ਗੁਰਸਿੱਖਾਂ ਨੇ ਪ੍ਰਾਪਤ ਕਰੀ ਹੋਈ ਸੀ। ਭਾਈ ਗੁਰਦਾਸ ਜੀ ਗੁਰਮੁਖਾਂ ਦੀ ਜੋ ਰਹੁਰੀਤ ਹੁੰਦੀ ਹੈ, ਉਹ ਇਹ ਨਹੀਂ ਹੁੰਦਾ, ਭੇਖ ਨਹੀਂ ਹੁੰਦਾ ਕਿ ਭੇਖ ਤੋਂ ਗੁਰਮੁਖ ਬਣ ਗਿਆ। ਨਾ ਉਹਦੇ ਵਰਤ ਵਰਤਾਵੇ ਤੋਂ ਹੁੰਦਾ ਹੈ। ਉਹ ਮਾਇਆ ਦੇ ਵਿੱਚ ਉਦਾਸ ਰਹਿੰਦੇ ਨੇ, ਸਾਰੇ ਬਾਲ-ਬੱਚਿਆਂ ਨੂੰ ਪਾਲਣਗੇ, ਕੰਮ ਕਰਨਗੇ, ਖੇਤੀਆਂ ਵਣਜ ਵਪਾਰ, ਨੌਕਰੀਆਂ-ਚਾਕਰੀਆਂ, ਲੇਕਿਨ detached (ਨਿਰਲੇਪ) ਰਹਿਣਗੇ। ਕਿਸੇ ਨਾਲ ਮੋਹ ਨਹੀਂ ਪਾਉਣਗੇ। ਦੂਸਰਾ ਉਨ੍ਹਾਂ ਵਿੱਚ ਹੰਕਾਰ ਨਹੀਂ ਹੁੰਦਾ। ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਗੁਰਮੁਖ ਗਰਬ ਨਿਵਾਰ ਕੇ,***
***ਰਹਿੰਦੇ ਮਾਇਆ ਵਿੱਚ ਉਦਾਸੀ।***

***ਗੁਰ ਸਿਖਾ ਸਾਬਾਸ ਜਨਮੁ ਸਵਾਰਿਆ।***
***ਗੁਰ ਸਿਖਾ ਰਹਰਾਸਿ ਗੁਰੂ ਪਿਆਰਿਆ।***
***ਗੁਰਮੁਖਿ ਸਾਸਿ ਗਿਰਾਸਿ ਨਾਉ ਚਿਤਾਰਿਆ।***
***ਮਾਇਆ ਵਿਚਿ ਉਦਾਸੁ ਗਰਬੁ ਨਿਵਾਰਿਆ।***
***ਗੁਰਮੁਖਿ ਦਾਸਨਿ ਦਾਸ ਸੇਵ ਸੁਚਾਰਿਆ।***

***ਭਾਈ ਗੁਰਦਾਸ ਜੀ, ਵਾਰ 22/19***

ਦਾਸਾਂ ਦੇ ਦਾਸ ਰਹਿੰਦੇ ਨੇ, ਹੰਕਾਰੀ ਨਹੀਂ ਹੁੰਦੇ। ਇਹ ਨਹੀਂ

ਕਹਿੰਦੇ ਕਿ ਮੇਰਾ ਅਪਮਾਨ ਫਲਾਣੇ ਨੇ ਕਰ ਦਿੱਤਾ। ਕਿਉਂਕਿ ਜਿਹੜਾ ਪਹਿਲਾਂ ਹੀ ਦਾਸਾਂ ਦਾ ਦਾਸ ਹੈ, ਇੱਕ ਤਾਂ ਹੁੰਦਾ ਹੈ ਕਹਿਣ ਵਾਸਤੇ, ਮੈਂ ਤਾਂ ਜੀ ਤੁਹਾਡੇ ਦਾਸਾਂ ਦਾ ਦਾਸ ਹਾਂ। ਜੇ ਦਾਸਾਂ ਦੇ ਦਾਸ ਦੇ ਥਾਉਂ ਖੜ੍ਹਾ ਦਿਓ, ਫੇਰ ਗੁੱਸੇ ਹੋ ਜਾਏ।

ਕਹਿੰਦੇ ਸਾਬਾਸ਼ ਗੁਰਸਿੱਖਾਂ ਦੇ ਜਿਨ੍ਹਾਂ ਨੇ ਜਨਮ ਸਵਾਰ ਲਿਆ। ਇਨ੍ਹਾਂ ਦਾ ਰਸਤਾ ਚਾਹੇ ਜਿਹੜਾ ਹੈ ਉਹ ਗੁਰੂ ਦੇ ਪਿਆਰ ਵਿੱਚ ਹੈ। ਗੁਰਮੁਖ ਇੱਕ ਸਕਿੰਟ ਵਾਸਤੇ ਵੀ ਨਾਮ ਨਹੀਂ ਭੁੱਲਦੇ। ਮਾਇਆ 'ਚ ਉਦਾਸ ਰਹਿੰਦੇ ਨੇ। ਸਾਰੀਆਂ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਵੀ ਅਭਿਮਾਨ ਵਿੱਚ ਨਹੀਂ ਆਉਂਦੇ।

***ਵਰਤਨਿ ਆਸ ਨਿਰਾਸ ਸਬਦੁ ਵੀਚਾਰਿਆ।***
***ਗੁਰਮੁਖਿ ਸਹਜਿ ਨਿਵਾਸੁ ਮਨ ਹਠ ਮਾਰਿਆ।***
***ਗੁਰਮੁਖਿ ਮਨਿ ਪਰਗਾਸੁ ਪਤਿਤ ਉਧਾਰਿਆ।***
***ਭਾਈ ਗੁਰਦਾਸ ਜੀ, ਵਾਰ 22/19***

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਬਚਨ ਸੁਣੇ, ਗੁਰਮੁਖਾਂ ਨੇ ਕਹੇ, ਉਸ ਵੇਲੇ ਮੁਸੱਲਾ ਤਰਦਾ ਨਹੀਂ। ਕਹਿਣ ਲੱਗਿਆ ਕਿ ਮੈਂ ਤਾਂ ਫਸ ਗਿਆ, ਨਾ ਓਧਰ ਹੁੰਦਾ ਹਾਂ, ਨਾ ਓਧਰ। ਕਹਿਣ ਲੱਗੇ, ਪੀਰ ਜੀ! ਆਹ ਜਿਹੜਾ ਥਾਂ ਹੈ ਰੱਬ ਦਾ ਰਾਹ, ਇਹ ਪੀਰਾਂ ਤੇ ਬਾਦਸ਼ਾਹਾਂ ਦਾ ਨਹੀਂ ਹੁੰਦੀ। ਇਹ ਦੁਨੀਆਂ ਹੁੰਦੀ ਹੈ ਪੀਰਾਂ ਤੇ ਬਾਦਸ਼ਾਹਾਂ ਦੀ। ਗੁਰਮੁਖਾਂ ਦਾ ਰਸਤਾ ਹੋਰ ਹੈ, ਪੀਰਾਂ ਤੇ ਬਾਦਸ਼ਾਹਾਂ ਦਾ ਰਸਤਾ ਹੋਰ ਹੈ। ਨਿਮਰਤਾ 'ਚ ਆ, ਜਿਸਨੇ ਤੈਨੂੰ ਭੇਜਿਆ ਹੈ ਉਨ੍ਹਾਂ ਦੇ ਅੱਗੇ ਅਰਦਾਸ ਕਰ, ਉਹ ਗੁਰੂ ਨਾਨਕ ਸਾਹਿਬ ਹਨ –

***ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥***
***ਅੰਗ – 750***

ਉਹ ਸਾਰਿਆਂ ਤੋਂ ਵੱਡਾ ਹੈ ਤੇ ਉਹਦੇ ਕੋਲ ਤੂੰ ਅਰਦਾਸ ਕਰ। ਉਸ ਵੇਲੇ ਅਰਦਾਸ ਕਰਦਾ ਹੈ –

***ਧਾਰਨਾ – ਹੁਣ ਰੱਖ ਲਓ ਸਤਿਗੁਰ ਨਾਨਕ ਜੀ,***
***ਮੈਂ ਸਾਰ ਨਾ ਜਾਣਾ ਤੇਰੀ।***
***ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥***
***ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥***
***ਅੰਗ – 750***

ਦਿਲੋਂ ਅਰਦਾਸ ਕਰੀ, ਮੁਸੱਲਾ ਤੁਰ ਪਿਆ। ਗੁਰੂ ਨਾਨਕ ਪਾਤਸ਼ਾਹ ਦੇ ਪਾਸ ਆ ਗਿਆ, ਉਸ ਵੇਲੇ ਜਦੋਂ ਆ ਕੇ ਸੀਸ ਨਿਵਾਇਆ। ਉਸ ਵੇਲੇ ਮਹਾਰਾਜ ਦੇ ਮੁੱਖ ਤੋਂ ਸਾਧਾਰਣ ਇਸ ਤਰ੍ਹਾਂ ਦੇ ਬਚਨ ਨਿਕਲੇ –

***ਧਾਰਨਾ – ਕਰੰਗੀ ਲੱਗਾ ਹੰਸ, ਛੱਡ ਕੇ ਸਿਫਤ ਸਾਲਾਹ ਨੂੰ।***
***ਸਉ ਓਲਾਮ੍ਹੇ ਦਿਨੈ ਕੇ ਰਾਤੀ ਮਿਲਨ੍ਹਿ ਸਹੰਸ ॥***
***ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ ॥***

*ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥*
*ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ ॥ ਅੰਗ - 790*

ਜਦੋਂ ਇਸਨੇ ਆ ਕੇ ਨਮਸ਼ਕਾਰ ਕੀਤੀ, ਸਹਿਜ ਸੁਭਾਅ ਇਹ ਬਚਨ ਇਹਦੇ ਕੰਨ 'ਚ ਪੈ ਗਏ ਕਿ ਹੈਂ! ਕਰੰਗਾਂ ਰੋੜੀ 'ਚ ਤਾਂ ਹੰਸ ਕਦੇ ਜਾ ਕੇ ਬੈਠਾ ਨਹੀਂ, ਉਹ ਤਾਂ ਮਾਨ ਸਰੋਵਰ ਤੇ ਬੈਠਦਾ ਹੈ। ਇਹ ਬਚਨ ਕੀ ਕਹਿ ਦਿੱਤੇ ਗੁਰੂ ਮਹਾਰਾਜ ਨੇ, ਹੁਣ ਮੰਨ ਚੁੱਕਿਆ ਸੀ, ਸ਼ਕਤੀ ਆਪ ਦੀ ਹਾਰ ਗਈ ਸੀ। ਕਹਿਣ ਲੱਗਿਆ, ਪਾਤਸ਼ਾਹ! ਨੇਕ ਕੰਮ ਕਰਨ ਦੇ ਉਤੇ ਵੀ ਸ਼ਕਤੀਆਂ ਹਾਰ ਜਾਂਦੀਆ ਨੇ। ਮਹਾਰਾਜ ਕਹਿੰਦੇ ਨੇਕ ਕੰਮ ਕਰਨਾ ਵੀ ਬੁਰਾ ਨਹੀਂ ਪਰ ਜਿਹੜੀਆਂ ਤੇਰੀਆਂ ਸ਼ਕਤੀਆਂ ਨੇ ਇਹ ਤੂੰ ਮਨ ਜੋੜਿਆ ਸੀ, ਮਾਇਆ ਦੀਆਂ ਸ਼ਕਤੀਆਂ ਉਤੇ ਪ੍ਰਮੇਸ਼ਰ ਵਲ ਨਹੀਂ ਜੋੜਿਆ। ਪਰਉਪਕਾਰ ਕਰਨਾ ਚੰਗਾ ਹੈ, ਪਰ ਤੂੰ ਹਉਂ ਵਿੱਚ ਆ ਕੇ ਪਰਉਪਕਾਰ ਕੀਤਾ। ਜਦੋਂ ਹਉਂ 'ਚ ਆ ਕੇ ਕਰਿਆ ਤਾਂ ਆਦਮੀ ਥੱਕਦਾ ਵੀ ਹੈ, ਅੱਕਦਾ ਵੀ ਹੈ। ਗੁਰਦੁਆਰਾ ਪਹਿਲਾਂ ਬਣਾ ਬੈਠਦਾ ਹੈ, ਬਹੁਤ ਮਿਹਨਤ ਕਰਦਾ ਹੈ, ਜਦੋਂ ਉਹਨੂੰ ਬਦਲ ਦਿੰਦੇ ਨੇ, ਫੇਰ ਉਹ ਨਰਾਜ਼ ਹੋ ਕੇ ਮੁੜ ਕੇ ਗੁਰਦੁਆਰੇ ਨਹੀਂ ਵੜਦਾ। ਕਿਉਂਕਿ ਹਉਂ ਵਿੱਚ ਸੇਵਾ ਕਰੀ ਹੋਈ ਹੈ। ਸਦਾ ਹੀ ਚਾਹੁੰਦਾ ਹੈ ਕਿ ਮੇਰਾ ਮਾਣ ਹੋਵੇ, ਕੋਈ ਮੇਰੀ ਮਾਣ ਹਾਨੀ ਨਾ ਕਰ ਦੇਵੇ। ਮਹਾਰਾਜ ਕਹਿੰਦੇ, ਇਹਦੇ ਨਾਲ ਜਿਹੜਾ ਪਰਉਪਕਾਰ ਹੁੰਦਾ ਹੈ, ਹਉਂ ਵਿੱਚ ਕੀਤਾ ਹੋਇਆ, ਇਹਦੇ ਵਿੱਚ ਆਪਣਾ ਬਲ ਹਾਰ ਜਾਇਆ ਕਰਦਾ ਹੈ, ਘੁੱਟ ਜਾਂਦਾ ਹੈ ਆਦਮੀ ਦਾ ਦਮ, ਬਾਕੀ ਦੂਸਰੀ ਗੱਲ ਹੈ ਵਾਹਿਗੁਰੂ ਨੂੰ ਨੇੜੇ ਤਾਂ ਜਾਣਿਆ ਨਹੀਂ। ਜੇ ਤੂੰ ਨੇੜੇ ਜਾਣਦਾ ਹੁੰਦਾ ਤਾਂ ਅਰਦਾਸ ਹੀ ਬਹੁਤ ਸੀ। ਆਪਣਾ ਬਲ ਤੂੰ ਕਿਉਂ ਲਾਇਆ। ਤੂੰ ਵਾਹਿਗੁਰੂ ਨੂੰ ਪਛਾਣ ਨਾ ਸਕੇਂ ਤੇ ਹਉਮੈ ਨੇ ਤੈਨੂੰ ਛਲ ਲਿਆ। ਹੁਕਮ ਰਜ਼ਾ ਉਤੇ ਤੂੰ ਬੇਸੁਰਾ ਹੋ ਗਿਆ। ਬਾਕੀ ਜੇ ਸੰਸਾਰ ਚੰਗਾ ਕਹਿੰਦਾ ਹੈ, ਕਹਿੰਦੇ ਉਹਦੇ ਨਾਲ ਕੋਈ ਫਰਕ ਨਹੀਂ ਪਿਆ ਕਰਦਾ ਕਿ ਸੰਸਾਰ ਚੰਗਾ ਕਹਿੰਦਾ। ਚੰਗਾ ਨਾਉਂ ਵੀ ਉਹਨੇ ਰਖਾ ਲਿਆ, ਚੰਗੀਆਂ ਗੱਲਾਂ ਵੀ ਕਰ ਲਈਆਂ। ਕਹਿੰਦੇ, ਇਹਦੇ ਨਾਲ ਕੋਈ ਗੱਲ ਨਹੀਂ ਬਣਦੀ, ਐਸਾ ਫੁਰਮਾਨ ਕਰਦੇ ਨੇ -

*ਧਾਰਨਾ - ਜਸਕੀਰਤ ਜਗ ਲੈ ਲਈ ਜੀ,*
*ਚੰਗਾ ਨਾਉ ਰਖਾ ਕੇ ਆਪਣਾ।*
*ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥*
*ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥*
*ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥ ਅੰਗ - 2*

ਚੰਗੇ-ਚੰਗੇ ਕੰਮ ਕਰ ਲਏ, ਸੰਸਾਰ ਵਿੱਚ ਅਖਬਾਰਾਂ ਵਿੱਚ ਆ ਗਿਆ। ਮੁਲਾਕਾਤਾਂ ਹੋ ਗਈਆਂ, ਵੱਡੇ-ਵੱਡੇ ਇਨਾਮ ਦੁਨੀਆਂ ਨੇ ਦੇ ਦਿੱਤੇ। ਮਹਾਰਾਜ ਕਹਿੰਦੇ, ਪੀਰ ਜੀ! ਆਹ ਗੱਲ ਨਾਲ ਰੱਬ ਦੀ ਦਰਗਾਹ 'ਤੇ ਨਹੀਂ ਪ੍ਰਵਾਨ ਹੁੰਦਾ। ਰੱਬ ਦੀ ਦਰਗਾਹ 'ਤੇ ਪ੍ਰਵਾਨ ਤਾਂ ਹੁੰਦਾ ਹੈ ਜੇ ਰੱਬ ਦੀ ਨਦਰਿ ਹੋ ਜਾਵੇ, ਜਿੰਨਾਂ ਚਿਰ ਨਿਗ੍ਹਾ ਨਹੀਂ ਹੁੰਦੀ ਕੁਛ ਕਰੀ ਜਾਹ। ਓਨਾਂ ਚਿਰ ਪ੍ਰਵਾਨ ਨਹੀਂ ਹੁੰਦਾ -

*ਧਾਰਨਾ – ਕਿਸੇ ਬਾਤ ਨਾ ਪੁੱਛਣੀ ਜੀ,*
*ਜੇ ਨਾ ਨਦਰਿ ਸਾਂਈਂ ਦੀ ਹੋਵੇ।*

ਕਹਿਣ ਲੱਗੇ, ਪੀਰ ਜੀ! ਠੀਕ ਹੈ ਰਿੱਧੀਆਂ-ਸਿੱਧੀਆਂ ਦਿਖਾ ਕੇ ਪਰਉਪਕਾਰ ਕਰਕੇ, ਨੇਕੀਆਂ ਕਰਕੇ, ਸੰਸਾਰ ਨੂੰ ਰਿਝਾਇਆ ਜਾ ਸਕਦਾ ਹੈ। ਸੰਸਾਰ ਅਖਬਾਰਾਂ 'ਚ ਕਢਾ ਸਕਦਾ ਹੈ, ਵੱਡੇ-ਵੱਡੇ ਬੁੱਤ ਲਵਾ ਸਕਦਾ ਹੈ, ਵੱਡੇ-ਵੱਡੇ ਮਾਣ ਦਿਵਾ ਸਕਦਾ ਹੈ, ਵੱਡੀਆਂ-ਵੱਡੀਆਂ ਉਪਾਧੀਆਂ ਡਿਗਰੀਆਂ ਦੇ ਸਕਦਾ ਹੈ ਲੇਕਿਨ ਪ੍ਰਮੇਸ਼ਰ ਦੇ ਦਰ 'ਤੇ ਨਹੀਂ ਹੈ –

*ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥*
*ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥ ਅੰਗ – 2*

ਸਾਰੀ ਗੱਲ ਨਦਰ ਦੀ ਹੈ –

*ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥*
*ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥*
*ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥ ਅੰਗ – 2*

ਹੈਰਾਨ ਹੋ ਗਿਆ ਕਿ ਆਹ ਬਚਨ ਤਾਂ ਅੱਜ ਤੱਕ ਮੈਂ ਕਿਸੇ ਤੋਂ ਨਹੀਂ ਸੁਣੇ। ਮੈਨੂੰ ਤਾਂ ਵੱਡੇ-ਵੱਡੇ ਪੀਰ ਆ ਕੇ ਕਹਿੰਦੇ ਨੇ ਕਿ ਮਖਦੂਮ ਜੀ ਧੰਨ ਹੋ ਤੁਸੀਂ, ਐਨੀਆਂ ਸ਼ਕਤੀਆਂ ਦੇ ਮਾਲਕ, ਐਹੋ ਜਿਹੇ ਤੁਸੀਂ ਕੌਤਕ ਕਰ ਲਏ ਨੇ ਤੇ ਅੱਜ ਸੱਚੀਆਂ ਕਹਿਣ ਵਾਲਾ ਆ ਗਿਆ। ਮਹਾਰਾਜ ਜੀ ਕਹਿਣ ਲੱਗੇ, ਪੀਰ ਜੀ! ਇਹ ਗਲਤੀਆਂ ਪਤਾ ਕਿਉਂ ਹੁੰਦੀਆਂ ਨੇ? ਏਸ ਕਰਕੇ ਹੁੰਦੀਆਂ ਨੇ ਕਿ ਤੁਹਾਨੂੰ ਅਜੇ ਤੱਕ ਇਸ ਦੁਨੀਆਂ ਦੀ ਸੱਤਤਾ ਦੇ ਉਤੇ ਵਿਸ਼ਵਾਸ਼ ਹੈ, ਲੇਕਿਨ ਇੱਥੇ ਰੋਜ਼ ਧੋਖਾ ਰਹਿੰਦਾ ਹੈ। ਕੋਈ ਪਤਾ ਨਹੀਂ ਹੈ–

*ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥ 1 ॥*
*ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ ॥*
*ਅੰਗ – 631*

ਪਤਾ ਨਹੀਂ ਕਿਹੜੇ ਵੇਲੇ ਕਾਲ ਦਾ ਝਪਟਾ ਪੈ ਜਾਏ। ਵਿਚੋਂ ਹੀ ਚੋਗਾ ਚੁਗਦੇ ਨੂੰ ਲੈ ਜਾਂਦਾ ਹੈ –

*ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥*
*ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥*
*ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥*
*ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥*
*ਅੰਗ – 1383*

ਜਿਹੜੀਆਂ ਚਿੱਤ ਚੇਤੇ ਨਹੀਂ ਹੁੰਦੀਆਂ ਉਹ ਗੱਲਾਂ ਪ੍ਰਮੇਸ਼ਰ ਕਰਦਾ ਹੈ, ਰੋਜ਼ ਚੱਲਣ ਦੀ ਇੱਥੇ ਧੋਖ ਰਹਿੰਦੀ ਹੈ ਤੇ ਐਨਾ ਹੋਣ ਦੇ ਬਾਵਜੂਦ ਦੁਨੀਆਂ ਨੂੰ ਸੱਚੀ ਜਾਣਦਾ ਹੈ। ਕੋਈ ਵਿਰਲਾ ਹੈ ਜਿਹੜਾ ਦੁਨੀਆਂ ਦੇ ਵਿੱਚ ਰਹਿੰਦਾ ਹੋਇਆ ਇਹ ਤਿਆਰੀ ਰੱਖਦਾ ਹੈ ਕਿ ਅੱਜ ਗਏ, ਅੱਜ ਚੱਲੇ, ਕੱਲ੍ਹ ਨੂੰ ਚੱਲੇ, ਤਿਆਰੀ ਵਿੱਚ ਰਹਿੰਦਾ ਹੈ ਹਰ ਵਕਤ, ਗਫਲਤ

ਵਿੱਚ ਨਹੀਂ ਆਉਂਦਾ। ਐਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ -

***ਧਾਰਨਾ - ਨਿਤ ਚਲਣੇ ਦੀ ਧੋਖ,***
***ਕਾਹਨੂੰ ਦੁਨੀਆਂ ਸੱਚੀ ਜਾਣ ਲਈ।***

ਮਹਾਰਾਜ ਕਹਿਣ ਲੱਗੇ, ਪੀਰ ਜੀ! ਇਹ ਤਾਂ ਦੁਨੀਆਂ ਆਵਣ ਜਾਣੀ ਹੈ ਤੇ ਇੱਥੇ ਵੱਡੇ-ਵੱਡੇ ਸਾਧੂ ਮਹਾਤਮਾ, ਵੱਡੇ-ਵੱਡੇ ਡੇਰੇ, ਵੱਡੇ-ਵੱਡੇ ਮੁਕਾਮ, ਵੱਡੇ-ਵੱਡੇ ਤਕੀਏ ਕਰ ਕਰ ਬਹਿੰਦੇ ਨੇ, ਇੱਕ ਤੋਂ ਦੂਸਰਾ ਵੱਧ ਤੋਂ ਵੱਧ ਰਹਿੰਦਾ ਹੈ, ਕਿਉਂਕਿ ਉਨ੍ਹਾਂ ਨੇ ਚੱਲਣ ਨਹੀਂ ਜਾਣਿਆ -

***ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ ॥***
***ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ ॥***

***ਅੰਗ - 64***

ਉਥੇ ਮੁਕਾਮ ਬਣਾਓ, ਜਿੱਥੇ ਜਾ ਕੇ ਸਦਾ ਵਾਸਤੇ ਰਹਿਣਾ ਬਸਣਾ ਹੈ, ਇਹ ਕਾਹਦਾ ਮੁਕਾਮ ਹੈ, ਇੱਥੋਂ ਤਾਂ ਰੋਜ਼ ਹੀ ਚੱਲਣ ਦੀ ਧੋਖ ਰਹਿੰਦੀ ਹੈ, ਧੋਖਾ ਰਹਿੰਦਾ ਹੈ ਕਿ ਹੁਣ ਚੱਲੇ ਕਿ ਹੁਣ ਚੱਲੇ। ਸੋ ਇਹ ਗੱਲ ਮਨ 'ਚ ਹੋਣ ਕਰਕੇ, ਤੁਸੀਂ ਅਜੇ ਤੱਕ ਸੱਚ ਨੂੰ ਨਹੀਂ ਪਛਾਣਿਆ। ਨਾਮ ਦਾ ਅਜੇ ਤੁਹਾਨੂੰ ਪਤਾ ਨਹੀਂ ਲੱਗਿਆ ਤੇ ਨਾਮ ਜਪਣਾ ਚਾਹੀਦਾ ਹੈ। ਐਸ ਤਰ੍ਹਾਂ ਨਾਲ ਉਪਦੇਸ਼ ਦਿੰਦੇ ਨੇ -

***ਧਾਰਨਾ - ਨਾਮ ਜਪ ਲੈ ਹਰੀ ਦਾ ਭੁੱਲ ਜਾਈਂ ਨਾ,***
***ਸਿਦਕ ਵਿੱਚ ਰਹਿ ਕੇ ਬੰਦਿਆ।***

ਕਹਿਣ ਲੱਗੇ, ਪੀਰ ਜੀ! ਅਸਲੀ ਗੱਲ ਸ਼ਕਤੀਆਂ ਦਿਖਾਉਣਾ ਨਹੀਂ ਹੋਇਆ ਕਰਦਾ। ਇਹ ਦੁਨੀਆਂ ਨੂੰ ਤੁਸੀਂ ਸੱਚ ਕਰਕੇ ਜਾਣਿਆ ਹੈ। ਵਾਹਿਗੁਰੂ ਨੂੰ ਦੂਰ ਕਰਕੇ ਜਾਣਿਆ ਹੈ, ਇਸੇ ਕਰਕੇ ਤੁਸੀਂ ਪਰਚਾ ਪਾਇਆ ਹੈ, ਜਸ ਕੀਰਤ ਲੈਣ ਵਾਸਤੇ ਕਿ ਲੋਕ ਮੇਰਾ ਨਾਮ ਉੱਚਾ ਕਰਕੇ ਜਾਨਣ ਕਿ ਵੱਡਾ ਪੀਰ ਹੈ, ਵੱਡੀਆਂ ਸ਼ਕਤੀਆਂ ਵਾਲਾ ਹੈ। ਬੇਅੰਤ ਦੁਨੀਆਂ ਆਵੇ ਤੇ ਜਦੋਂ ਮੈਂ ਚੜ੍ਹਾਈ ਕਰ ਜਾਵਾਂ, ਫੇਰ ਮੇਰੇ ਮਜ਼ਾਰ ਦੇ ਉਤੇ ਮੇਲੇ ਲੱਗਣ। ਮਹਾਰਾਜ ਕਹਿੰਦੇ, ਇਹ ਕਿਹੜੀ ਗੱਲ ਹੈ। ਦੁਨੀਆਂ ਨੂੰ ਕਿਵੇਂ ਤੂੰ ਮੁਕਾਮ ਕਹਿੰਦਾ ਹੈਂ। ਏਥੋਂ ਤਾਂ ਚਲਣਾ ਹੀ ਚਲਣਾ ਹੈ -

***ਦੁਨੀਆ ਕੈਸਿ ਮੁਕਾਮੇ ॥***
***ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ ॥***

***ਅੰਗ - 64***

ਸਿਦਕ ਦੇ ਵਿੱਚ ਆ ਪਹਿਲਾਂ ਕਿ ਵਾਹਿਗੁਰੂ ਹਾਜ਼ਰ ਨਾਜ਼ਰ ਹੈ, ਮੇਰੇ ਅੰਦਰ ਬਾਹਰ ਸਾਰੇ ਪਰੀਪੂਰਨ ਹੈ, ਮੇਰੀ ਗੱਲ ਸੁਣਦਾ ਹੈ, ਜਦੋਂ ਮੈਂ ਉਹਦਾ ਨਾਮ ਲੈਂਦਾ ਹਾਂ ਨਾਮ ਦੇ ਵਿੱਚ ਪ੍ਰਮੇਸ਼ਰ ਹੁੰਦਾ ਹੈ -

***ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ ॥***

***ਅੰਗ - 55***

ਜਦੋਂ ਕੋਈ ਰਾਮ ਅੱਲਾਹ ਵਾਹਿਗੁਰੂ ਕਹਿੰਦਾ ਹੈ ਮੈਂ ਉਹਦੇ ਵਿੱਚ ਵਸਦਾ ਹੁੰਦਾ ਹਾਂ, ਅੱਖਰਾਂ 'ਚ। ਪਛਾਣ ਲਓ, ਜਿਹਨੂੰ ਇਹ ਨਿਹਚਾ ਆ

ਜਾਵੇ, ਉਹਦਾ ਮਨ ਕਦੇ ਨਹੀਂ ਦੌੜੇਗਾ, ਭਜਨ ਕਰਦੇ ਦਾ। ਕਿਉਂਕਿ ਅੱਖਰ ਕਹਿਣਾ ਹੈ ਨਾਲ ਦੀ ਨਾਲ ਵਾਹਿਗੁਰੂ ਵਸਦਾ ਉਹਨੂੰ ਨਜ਼ਰ ਆਉਂਦਾ ਹੈ। ਅਨੁਭਵ ਹੁੰਦਾ ਹੈ, ਝਰਨਾਟਾਂ ਆਉਂਦੀਆਂ ਨੇ। ਕਹਿੰਦੇ ਨਾਮ ਐਵੇਂ ਚੀਜ਼ ਨਹੀਂ ਹੈ, ਜਦੋਂ ਨਾਮ ਪ੍ਰਗਟ ਹੋ ਜਾਵੇ, ਇਹਦੇ ਵਿਚੋਂ ਨਾਮੀ ਪ੍ਰਗਟ ਹੋ ਜਾਇਆ ਕਰਦਾ ਹੈ। ਜਦੋਂ ਨਾਮ ਲਵਾਂਗੇ ਉਹਦਾ ਸਪਰਸ਼ ਹੋਵੇਗਾ। ਰਸ ਦੇ ਦੇਸ਼ ਵਿੱਚ ਪਹੁੰਚ ਜਾਵਾਂਗੇ। ਇਕਾਗਰਤਾ ਦੇ ਦੇਸ਼ ਵਿੱਚ ਸਾਡੀ ਬਿਰਤੀ ਪਹੁੰਚ ਜਾਏਗੀ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ –

***ਦੁਨੀਆ ਕੈਸਿ ਮੁਕਾਮੇ ॥***
***ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ ॥***

***ਅੰਗ – 64***

ਗੱਲਾਂ ਦਾ ਖਰਚ ਨਹੀਂ ਬੰਨ੍ਹਣਾ, ਕਰਣੀ ਦਾ ਬੰਨਣਾ ਹੈ। ਤੇਰੇ 'ਚ ਦਇਆ ਹੋਣੀ ਚਾਹੀਦੀ ਹੈ, ਧੀਰਜ ਹੋਣੀ ਚਾਹੀਦੀ ਹੈ, ਖਿਮਾ ਹੋਣੀ ਚਾਹੀਦੀ ਹੈ, ਸਤਿ ਹੋਣਾ ਚਾਹੀਦਾ ਹੈ, ਬ੍ਰਹਮਚਰੀਆ ਹੋਣਾ ਚਾਹੀਦਾ ਹੈ, ਅਹਿੰਸਾ ਹੋਣੀ ਚਾਹੀਦੀ ਹੈ, ਸਤਿ ਹੋਣਾ ਚਾਹੀਦਾ ਹੈ ਤੇ ਬੇਅੰਤ ਗੁਣ ਨੇ। ਕਰਨੀ ਹੈ, ਇਨ੍ਹਾਂ ਕਰਨੀਆਂ ਦਾ ਖਰਚ ਬੰਨ੍ਹ ਲੈ ਤੇ ਹਰ ਵਕਤ ਤੂੰ ਨਾਮ ਦੇ ਨਾਲ ਲੱਗਿਆ ਰਹਿ। ਹਰ ਵਕਤ ਤੇਰੀ ਰਸਨਾ ਤੋਂ ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅੱਲਾਹ-ਅੱਲਾਹ ਹੁੰਦਾ ਹੀ ਰਹਿੰਦਾ ਹੈ, ਬਾਕੀ ਇਹ ਦੁਨੀਆਂ ਹੈ ਜਿਹੜੀ ਇੱਥੇ ਤਾਂ ਪੀਰ ਜੀ ਰਹਿਣਾ ਨਹੀਂ ਹੈ, ਜੇ ਰਹਿਣਾ ਹੋਵੇ ਫੇਰ ਠੀਕ ਹੈ, ਖੇਡਾਂ ਤੁਹਾਡੀਆਂ ਮੰਨੀਆਂ ਜਾਣਗੀਆਂ, ਤੁਸੀਂ ਵੀ ਰਹਿਣਾ ਹੈ ਤੇ ਦੁਨੀਆਂ ਨੇ ਵੀ ਰਹਿਣਾ ਹੈ। ਪਰ ਏਸ ਦੁਨੀਆਂ ਤੋਂ ਤਾਂ ਜਿੰਨੇ ਵੀ ਸੰਸਾਰ 'ਤੇ ਆਏ ਨੇ ਵੱਡੇ-ਵੱਡੇ, ਕੋਈ ਨਹੀਂ ਰਿਹਾ।

***ਧਾਰਨਾ – ਵੱਡੇ-ਵੱਡੇ ਦੁਨੀਆਂ ਵਿਚੋਂ ਤੁਰ ਗਏ,***
***ਤੂੰ ਵੀ ਏਥੋਂ ਤੁਰ ਜਾਵਣਾ।***

***ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥***
***ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,***
***ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਏ ਹੈਂ॥***
***ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ***
***ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥***
***ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ***
***ਭੂਮ ਹੀ ਤੇ ਹੋਇਕੈ ਫੇਰੇ ਭੂਮ ਹੀ ਮਿਲਏ ਹੈਂ॥***

***ਅਕਾਲ ਉਸਤਤਿ***

ਮਹਾਰਾਜ ਕਹਿਣ ਲੱਗੇ, ਪੀਰ ਜੀ! ਵੱਡੇ-ਵੱਡੇ ਸੰਸਾਰ 'ਤੇ ਆਏ। ਜਿਨ੍ਹਾਂ ਦੀਆਂ ਉਮਰਾਂ ਗਿਣਤੀ ਮਿਣਤੀ ਤੋਂ ਬਾਹਰ ਸੀ। ਲੇਕਿਨ ਸੰਸਾਰ 'ਤੇ ਕੋਈ ਨਹੀਂ ਰਿਹਾ।

***ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ ॥***

***ਅੰਗ – 64***

ਲੇਕਿਨ ਸੰਸਾਰੀ ਬੰਦੇ, ਜੋਗੀ ਵੀ ਆਸਣ ਕਰਕੇ ਬਹਿ ਜਾਂਦਾ ਹੈ, ਮੁੱਲਾਂ ਮੁਕਾਮ ਕਰਕੇ ਬਹਿ ਜਾਂਦਾ ਹੈ –

*ਪੰਡਿਤ ਵਖਾਣਹਿ ਪੋਥੀਆ ਸਿਧ ਬਹਹਿ ਦੇਵ ਸਥਾਨਿ ॥ 2 ॥*
*ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ ॥*
*ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ ॥*

***ਅੰਗ – 64***

ਉਹ ਵੀ ਵਾਰੀ ਵਾਰੀ ਆਉਣ 'ਤੇ ਕੂਚ ਕਰੀ ਜਾਂਦੇ ਨੇ, ਤੁਰਦੇ ਜਾਂਦੇ ਨੇ –

*ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ ॥*
*ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ ॥*

***ਅੰਗ – 64***

ਦਿਲਾ ਸਮਝ ਲੈ, ਤੂੰ ਵੀ ਚਲਣਾ ਹੈ –

*ਸਬਦਾਹ ਮਾਹਿ ਵਖਾਣੀਐ ਵਿਰਲਾ ਤ ਬੂਝੈ ਕੋਇ ॥*
*ਨਾਨਕੁ ਵਖਾਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ ॥*

***ਅੰਗ – 64***

ਕਹਿਣ ਲੱਗੇ, ਜਿਹੜਾ ਸੱਚ ਹੈ ਉਹਨੂੰ ਪਛਾਣ ਇਸ ਦੁਨੀਆਂ ਦੇ ਅੰਦਰ। ਪੰਜ ਬਿਰਤੀਆਂ ਨੇ। ਚਿੱਤ ਦੀਆਂ ਬਿਰਤੀਆਂ – ਇੱਕ ਨੂੰ ਪ੍ਰਮਾਣ ਬਿਰਤੀ ਇਹ ਹੁੰਦੀ ਹੈ ਕਿ ਸੱਚ ਨੂੰ ਝੂਠ ਜਾਨਣਾ, ਝੂਠ ਨੂੰ ਸੱਚ ਜਾਨਣਾ, ਜਿੰਨਾਂ ਜੀਅ ਕਰਦਾ ਹੈ ਗਿਆਨ ਦੇਈ ਜਾਓ। ਜਿੰਨਾਂ ਜੀਅ ਕਰਦਾ ਹੈ ਸਮਝਾਈ ਜਾਓ, ਨਹੀਂ ਸਮਝਦਾ ਬੰਦਾ। ਕਹਿੰਦਾ ਮੈਂ ਪੀ ਐਚ.ਡੀ ਕਰ ਲਈ, ਮੈਂ ਫਲਾਣਾ ਹੋ ਗਿਆ ਧਿਮਕਾ ਹੋ ਗਿਆ। ਲੇਕਿਨ ਆਹ ਗੱਲ ਨਹੀਂ ਸਮਝਦਾ, ਕਿਉਂਕਿ ਉਹਦੀ ਪ੍ਰਮਾਣ ਬਿਰਤੀ ਸਮਝਣ ਨਹੀਂ ਦਿੰਦੀ।

ਦੂਸਰੀ ਵਿਕਲਪ ਬਿਰਤੀ ਹੁੰਦੀ ਹੈ, ਵਿਕਲਪ ਬਿਰਤੀ ਇਹ ਹੁੰਦੀ ਹੈ ਕਿ ਜਿਹੜਾ ਮਨ ਵਿੱਚ ਖਿਆਲ ਹੋਵੇ, ਉਹਨੂੰ ਤਾਂ ਠੀਕ ਸਮਝਣਾ, ਜਿਹੜਾ ਗੁਰੂ ਗੱਲ ਕਹਿ ਰਿਹਾ ਹੈ। ਸਰਬ ਕਲਾ ਸਮਰੱਥ ਜਿਹੜੇ ਹਨ, ਉਹ ਬੋਲ ਰਹੇ ਨੇ ਉਨ੍ਹਾਂ ਦੇ ਬਚਨਾਂ ਨੂੰ ਸਤਿ ਨਾ ਜਾਨਣਾ। ਆਪਣੀ ਹੀ ਗੱਲ ਉਤੇ ਰੱਖਣੀ। ਸੋ ਉਹ ਸਮਝਦਾ ਨਹੀਂ ਹੈ, ਮਹਾਰਾਜ ਕਹਿੰਦੇ ਇਹ ਬਿਰਤੀਆਂ ਤਿਆਗ ਕੇ ਤੂੰ ਇਹ ਗੱਲ ਜਾਣ ਕਿ ਇੱਥੇ ਵਾਹਿਗੁਰੂ ਸਤਿ ਹੈ ਤੇ ਬਾਕੀ ਜਿਹੜੀ ਦੁਨੀਆਂ ਹੈ ਇਹ ਸਾਰੀ ਆਉਣੀ ਜਾਣੀ ਹੈ।

*ਧਾਰਨਾ – ਆਦਿ ਸਚੁ ਤੇ ਜੁਗਾਦਿ ਸੱਚਾ ਵਾਹਿਗੁਰੂ,*
*ਦੁਨੀਆਂ ਸਭ ਆਵਣ ਜਾਵਣੀ।*

*ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ ॥*
*ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ ॥*

***ਅੰਗ– 64***

ਕਹਿੰਦੇ ਪੀਰ ਜੀ! ਇੱਕੋ ਮੁਕਾਮ ਹੈ ਸੱਚ ਦਾ, ਵਾਹਿਗੁਰੂ ਦਾ ਤੇ

ਬਾਕੀ ਸਾਰੀ ਦੁਨੀਆਂ ਆਉਣੀ ਜਾਣੀ ਹੈ –

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥* **ਅੰਗ – 1**
*ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ ॥*
**ਅੰਗ – 64**

ਕਹਿੰਦੇ, ਮੁਕਾਮ ਉਹਨੂੰ ਆਖਿਆ ਜਾਂਦਾ ਹੈ ਜਿਹਦੇ ਸਿਰ ਦੇ ਉਤੇ ਲੇਖ ਨਾ ਲਿਖਿਆ ਹੋਵੇ –

*ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ ॥* **ਅੰਗ – 64**

ਅਸਮਾਨ ਨੇ, ਧਰਤੀ ਨੇ, ਚੰਦ ਨੇ, ਸੂਰਜ ਤਾਰਿਆਂ ਨੇ ਜਿੰਨੀ ਤੂੰ ਕੁਦਰਤ ਦੇਖਦਾ ਹੈਂ ਇੱਕ ਦਿਨ ਇੱਕ ਨੇ ਵੀ ਨਹੀਂ ਰਹਿਣਾ, ਸਾਰੇ ਐਨਰਜੀ 'ਚ ਬਦਲ ਕੇ ਸ਼ਬਦ ਦਾ ਰੂਪ ਧਾਰ ਲੈਣਗੇ, ਕੁਛ ਵੀ ਨਹੀਂ ਰਹਿਣਾ। ਕਹਿੰਦੇ, ਫੇਰ ਮੁਕਾਮ ਤਾਂ ਓਹੀ ਹੋਇਆ ਜਿਹੜਾ ਸੱਚ ਹੋਇਆ –

*ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥*
*ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ ॥* **ਅੰਗ – 64**

ਕਹਿੰਦੇ ਤਾਰੇ ਵੀ ਚਲੇ ਜਾਣਗੇ। ਦਿਨ ਵੀ ਚਲਿਆ ਜਾਏਗਾ, ਰਾਤ ਵੀ ਖਤਮ ਹੋ ਜਾਏਗੀ। ਸਾਰਾ ਬ੍ਰਹਿਮੰਡ ਖਤਮ ਹੋ ਜਾਏਗਾ ਤੇ ਇੱਕ ਵਾਹਿਗੁਰੂ ਨੇ ਰਹਿ ਜਾਣਾ ਹੈ, ਉਹਦੀ ਪਛਾਣ ਕਰ।

ਸਮਝ ਆ ਗਈ, ਰਿੱਧੀਆਂ ਸਿੱਧੀਆਂ 'ਚੋਂ ਛਿੱਥਾ ਪੈ ਗਿਆ ਪੀਰ। ਪਛਤਾਵਾ ਕਰਨ ਲੱਗ ਗਿਆ ਕਿ ਮਨਾਂ! ਐਵੇਂ ਹੀ ਜ਼ਿੰਦਗੀ ਗੁਜ਼ਾਰ ਦਿੱਤੀ ਇਹ ਤਾਂ ਲੇਖੇ ਹੀ ਨਾ ਪਈਆਂ। ਮੈਂ ਤਾਂ ਕਹਿੰਦਾ ਸੀ ਬਹੁਤ ਕੁਛ ਹਾਸਲ ਕਰ ਲਿਆ। ਮੇਰੇ ਵਰਗਾ ਤਾਂ ਹੋਰ ਸੰਸਾਰ ਤੇ ਹੈ ਹੀ ਕੋਈ ਨਹੀਂ। ਕਿੱਡੀ ਭੁੱਲ 'ਚ ਮੇਰਾ ਜੀਵਨ ਲੰਘਿਆ ਹੈ। ਉਸ ਵੇਲੇ ਕਹਿਣ ਲੱਗਿਆ, ਹੇ ਗੁਰੂ ਨਾਨਕ! ਹੁਣ ਜਿੱਥੇ ਇਹ ਗੱਲ ਕਰਦਾ ਹੈਂ, ਹੁਣ ਮੈਨੂੰ ਕ੍ਰਿਪਾ ਕਰਕੇ ਰਸਤਾ ਵੀ ਦਸ, ਮਹਾਰਾਜ ਕਹਿਣ ਲੱਗੇ, ਤੇਰੇ ਅੰਦਰ ਪੰਜ ਭਰਮ ਪਏ ਹੋਏ ਨੇ। ਭੇਦ ਭਰਮ ਹੈ, ਸੰਗ ਭਰਮ ਹੈ, ਕਰਤੱਤੂ ਭਰਮ ਹੈ, ਸੰਸਾਰ ਸਤਿ ਹੈ ਇਹ ਭਰਮ ਹੈ, ਇਹ ਸੰਸਾਰ ਵਿਕਾਰ ਰੂਪ ਹੈ ਵਾਹਿਗੁਰੂ ਦਾ, ਇਹ ਭਰਮ ਹੈ। ਇਹ ਪੰਜ ਜਿਹੜੇ ਭਰਮ ਨੇ ਇਹ ਜਦੋਂ ਤੱਕ ਪੂਰਨ ਸਮਰੱਥ ਸਤਿਗੁਰੂ ਨਹੀਂ ਮਿਲਦਾ, ਓਨੀਂ ਦੇਰ ਤੱਕ ਦੂਰ ਨਹੀਂ। ਹਾਂ ਜਿਹੜਾ ਤੈਨੂੰ ਅਸੀਂ ਰਸਤਾ ਦੱਸਣਾ ਚਾਹੁੰਦੇ ਹਾਂ, ਉਹਨੂੰ ਤੂੰ ਧਿਆਨ ਦੇ ਨਾਲ ਸੁਣਨ ਕਰ।

*ਧਾਰਨਾ – ਬਿਨਾਂ ਗੁਰਾਂ ਤੋਂ ਭਰਮ ਨਹੀਂਓਂ ਜਾਣਾ,*
*ਪੂਰਾ ਸਤਿਗੁਰੂ ਭਾਲ ਜਗ 'ਤੇ।*

ਕਹਿਣ ਲੱਗੇ, ਪੀਰ ਜੀ! ਜਦੋਂ ਤੱਕ ਤੁਹਾਨੂੰ ਸਮਰੱਥ ਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ ਓਨੀਂ ਦੇਰ ਤੱਕ ਇਹ ਜੀਵ ਆਤਮਾ ਪ੍ਰਮੇਸ਼ਰ ਤੋਂ ਵਿਛੜੀ ਰਹਿੰਦੀ ਹੈ। ਜਦੋਂ ਪੂਰੇ ਸਤਿਗੁਰੂ ਨੇ ਸ਼ਬਦ ਦੇ ਕੇ ਭਰਮ ਦਾ ਨਾਸ਼ ਕਰ ਦਿੱਤਾ, ਉਸ ਵੇਲੇ ਇਹ ਸੋਝੀ ਆਇਆ ਕਰਦੀ ਹੈ, ਜਿਸ ਦਾ

ਅਸੀਂ ਜ਼ਿਕਰ ਕੀਤਾ ਹੈ। ਕਹਿਣ ਲੱਗੇ, ਮਹਾਰਾਜ! ਨਿਸ਼ਾਨੀ ਕੀ ਹੈ ਪੂਰੇ ਪੀਰ ਦੀ, ਪੂਰੇ ਮੁਰਸ਼ਦ ਦੀ? ਮਹਾਰਾਜ ਕਹਿਣ ਲੱਗੇ, ਜਿਹੜਾ ਪੂਰਾ ਮੁਰਸ਼ਦ ਹੁੰਦਾ ਹੈ ਉਹ ਇਸ ਤਰ੍ਹਾਂ ਦਾ ਹੁੰਦਾ ਹੈ -

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥***

***ਅੰਗ - 1291***

ਆਹ ਸਰੀਰ ਦੇ ਘਰ ਵਿੱਚ, ਪ੍ਰਮੇਸ਼ਰ ਦੇ ਘਰ ਵਿੱਚ, ਨਿਜ ਘਰਿ ਨੂੰ 'ਸੋ ਘਰ' ਨੂੰ ਜਿਹੜਾ ਦਿਖਾ ਦੇਵੇ, ਉਹ ਸਤਿਗੁਰੂ ਸੁਜਾਨ ਹੋਇਆ ਕਰਦਾ ਹੈ -

***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥***
***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥***
***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥***

***ਅੰਗ - 1291***

ਵਾਹਿਗੁਰੂ ਦੇ ਦਰਸ਼ਨ ਹੁੰਦੇ ਨੇ ਅੰਦਰ -

***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥***

***ਅੰਗ - 1291***

ਕਹਿੰਦੇ ਉਥੇ ਰਾਗ ਹੁੰਦਾ ਹੈ, ਮਿਊਜ਼ਿਕ ਹੁੰਦਾ ਹੈ -

***ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥***

***ਅੰਗ - 1291***

ਦਸਵੇਂ ਦੁਆਰ 'ਚ ਲਿਵ ਲਾ ਕੇ ਸੁਖਮਨਾ ਨਾੜੀ ਦੇ ਅੰਦਰ, ਟਿਕਾ ਕੇ ਉਥੇ ਮਿਊਜ਼ਿਕ ਸੁਣ ਅਕਾਲ ਪੁਰਖ ਦਾ।

***ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥***

***ਅੰਗ - 1291***

ਕਹਿੰਦੇ, ਮਨ ਜਿਹੜਾ ਹੈ, ਮਨੋ ਨਾਸ਼ ਹੋ ਜਾਂਦਾ ਹੈ, ਅਕਥ ਕਥਾ ਦਾ ਜਦੋਂ ਵਿਚਾਰ ਹੋ ਜਾਂਦਾ ਹੈ। ਮਨੋ ਨਾਸ਼, ਵਾਸ਼ਨਾ ਖੈਅ, ਤੱਤ ਗਿਆਨ ਪ੍ਰਗਟ ਹੋ ਜਾਇਆ ਕਰਦਾ ਹੈ -

***ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ ॥***
***ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥***

***ਅੰਗ - 1291***

ਅਜਪਾ ਜਾਪ ਅੰਦਰ ਸ਼ੁਰੂ ਹੋ ਗਿਆ, ਫੇਰ ਵਾਹਿਗੁਰੂ ਜਿੱਥੋਂ ਆਇਆ ਸੀ, ਜਿਹਦੇ ਨਾਲੋਂ ਵਿਛੜਿਆ ਸੀ, ਉਹਦੇ ਵਿੱਚ ਸਮਾਅ ਜਾਏਂਗਾ -

***ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥***

***ਅੰਗ - 1291***

ਇਹ ਸਾਰੇ ਪੰਜੇ ਗਿਆਨ ਇੰਦਰੇ, ਪੰਜੇ ਕਰਮ ਇੰਦਰੇ, ਸਭ ਇਕੱਠੇ ਹੋ ਜਾਂਦੇ ਨੇ, ਨਿਜ ਘਰ ਦੇ ਵਿੱਚ ਵਾਸਾ ਮਿਲਦਾ ਹੈ, ਲੇਕਿਨ -

***ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥***

***ਅੰਗ - 1291***

ਸ਼ਬਦ ਦੀ ਖੋਜ ਕਰਕੇ ਇਹ ਘਰ ਦੀ ਪ੍ਰਾਪਤੀ ਹੁੰਦੀ ਹੈ। ਸੋ ਜਾਹ, ਦੁਨੀਆਂ ਦੇ ਅੰਦਰ ਪੂਰਾ ਗੁਰੂ ਭਾਲ।

ਕਹਿੰਦੇ, ਮਹਾਰਾਜ! ਮੈਂ ਕਿੱਥੇ ਭਾਲਦਾ ਫਿਰਾਂਗਾ?

ਕੋਈ ਮੈਨੂੰ ਸੋਝੀ ਦਿਓ, ਕਹਿੰਦੇ ਜਾਹ, ਸ਼ੇਖ ਬ੍ਰਹਮ ਨੂੰ ਪੁੱਛ, ਬਾਬੇ ਫਰੀਦ ਨੂੰ ਪੁੱਛ। 12ਵੇਂ ਥਾਂ ਜਿਹੜਾ ਬੈਠਾ ਹੈ ਸ਼ੇਖ ਬ੍ਰਹਮ ਜਿਹਨੂੰ ਕਹਿੰਦੇ ਨੇ ਜਾਂ ਇਬਰਾਹੀਮ ਕਹਿੰਦੇ ਨੇ। ਉਸ ਵੇਲੇ ਮਹਾਰਾਜ ਜੀ ਨੂੰ ਮੱਥਾ ਟੇਕ ਕੇ ਤੁਰ ਗਿਆ। ਕਹਿਣ ਲੱਗਿਆ, ਮੈਂ ਤਾਂ ਬੜਾ ਭੁੱਲਿਆ ਰਿਹਾ। ਮੈਂ ਆਪ ਦਾ ਬਹੁਤ ਰਿਣੀ ਹਾਂ ਕਿ ਮੈਨੂੰ ਆਪ ਨੇ ਰਸਤੇ ਪਾ ਦਿੱਤਾ ਤੇ ਚਲਦਾ-ਚਲਦਾ ਪਾਕਪਟਨ ਪਹੁੰਚ ਗਿਆ, ਬਾਬੇ ਫਰੀਦ ਕੋਲ ਬਾਰ੍ਹਵੇਂ ਕੋਲ। ਫਰੀਦ ਸਾਨੀ ਉਸਨੂੰ ਕਹਿੰਦੇ ਨੇ, ਕਿਉਂਕਿ ਜਿਹੋ ਜਿਹੀ ਤਪਸਿਆ ਬਾਬੇ ਫਰੀਦ ਨੇ ਕਰੀ ਸੀ, ਵੈਸੀ ਹੀ ਤਪਸਿਆ ਉਹ ਕਰਦਾ ਸੀ, ਗੁਰੂ ਨਾਨਕ ਪਾਤਸ਼ਾਹ ਨੂੰ ਆਸਾਮ 'ਚ ਮਿਲਿਆ ਸੀ ਉਹ।

ਉਸ ਵੇਲੇ ਜਦੋਂ ਉਸ ਨੇ ਜਾ ਕੇ ਬੇਨਤੀ ਕਿ ਐਸ ਤਰ੍ਹਾਂ ਦੇ ਨਾਲ ਮੈਨੂੰ ਗੁਰੂ ਨਾਨਕ ਮਿਲਿਆ ਤੇ ਮੈਨੂੰ ਉਸਨੇ ਇੱਕ ਤਾਅਨਾ ਮਾਰਿਆ। ਕਹਿੰਦੇ ਕੀ ਮਾਰਿਆ?

ਕਹਿੰਦੇ, ਮੇਰੇ ਯਾਦ ਹੈ ਹੁਣ ਤੱਕ?

***ਸਉ ਓਲਾਮ੍ਹੇ ਦਿਨੈ ਕੇ ਰਾਤੀ ਮਿਲਨ੍ਹਿ ਸਹੰਸ ॥***
***ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ ॥ ਅੰਗ - 790***

ਕਹਿੰਦੇ ਫੇਰ ਇਹ ਤਾਅਨਾ ਤਾਂ ਨਹੀਂ ਮਾਰਿਆ। ਮਖਦੂਮ ਤੈਨੂੰ ਤਾਅਨਾ ਨਹੀਂ ਮਾਰਿਆ, ਤੈਨੂੰ ਗਿਲਝ ਦਾ ਤਾਂ ਨਹੀਂ ਕਿਹਾ ਗੁਰੂ ਨਾਨਕ ਪਾਤਸ਼ਾਹ ਨੇ। ਜੇ ਤਾਂ ਗਿਲਝ ਕਹਿੰਦੇ ਫੇਰ ਤਾਂ ਤਾਅਨਾ ਹੁੰਦਾ। ਤੈਨੂੰ ਹੰਸ ਆਖਿਆ ਹੈ। ਤੇਰੀ ਘਾਲ ਕਮਾਈ ਨੂੰ ਪਸੰਦ ਕੀਤਾ ਹੈ ਗੁਰੂ ਨਾਨਕ ਨੇ। ਲੇਕਿਨ ਜਿਹੜੇ ਤੂੰ ਕੰਮ ਕਰਦਾ ਸੀ ਉਨ੍ਹਾਂ ਨੂੰ ਕਰੰਗ ਦੱਸਿਆ ਹੈ ਕਿਉਂਕਿ ਹੰਸ ਜਿਹੜੇ ਨੇ ਉਨ੍ਹਾਂ ਦਾ ਚੋਗ ਨਾਮ ਹੋਇਆ ਕਰਦਾ ਹੈ। ਇਹ ਜਿਹੜੀਆਂ ਮਾਇਕ ਸ਼ਕਤੀਆਂ ਨੇ, ਇਨ੍ਹਾਂ ਦਾ ਸੁਆਦ ਹੋਰ ਹੈ, ਸ਼ਕਤੀਆਂ ਦੁਨੀਆਂ ਦਾ ਮੋਹ ਹੈ ਫੋਕਾ ਸੁਆਦ ਹੈ। ਇਹ ਫੋਕੇ ਸੁਆਦ 'ਚ ਤੈਨੂੰ ਪਿਆ ਦੇਖ ਕੇ ਉਨ੍ਹਾਂ ਨੇ ਕਿਹਾ ਕਿ ਅਫਸੋਸ ਹੈ, ਇੱਕ ਹੰਸ ਕਰੰਗਾ ਤੇ ਆ ਕੇ ਬਹਿ ਗਿਆ। ਕਰੰਗਾਂ 'ਤੇ ਆ ਕੇ ਕਾਉਂ ਬਹਿੰਦੇ ਨੇ, ਗਿਲਝਾਂ ਬਹਿੰਦੀਆਂ ਨੇ ਤੇ ਹੰਸ ਦਾ ਕੰਮ ਤਾਂ ਕਰੰਗਾ 'ਤੇ ਬੈਠਣਾ ਨਹੀਂ। ਹੰਸ ਦਾ ਕੰਮ ਤਾਂ ਹੁੰਦਾ ਹੈ, ਮੋਤੀਆਂ ਦੀ ਖੁਰਾਕ, ਨਾਮ ਦੀ ਖੁਰਾਕ ਚੁਗਣੀ -

***ਧਾਰਨਾ - ਹੰਸ ਚੋਗ ਮੋਤੀਆਂ ਦਾ ਚੁਗਦੇ,***
***ਡੱਡਾਂ ਖਾਣ ਕਾਗ ਬਗੁਲੇ।***

***ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ ॥***
***ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ ॥***
***ਬਗੁਲਾ ਕਾਗੁ ਨ ਰਹਈ ਸਰਵਰਿ ਜੇ ਹੋਵੈ ਅਤਿ ਸਿਆਣਾ ॥***
***ਓਨਾ ਰਿਜਕੁ ਨ ਪਇਓ ਓਥੈ ਓਨ੍ਹਾ ਹੋਰੋ ਖਾਣਾ ॥***
***ਸਚਿ ਕਮਾਣੈ ਸਚੋ ਪਾਈਐ ਕੂੜੈ ਕੂੜਾ ਮਾਣਾ ॥***

***ਨਾਨਕ ਤਿਨ ਕੌ ਸਤਿਗੁਰੁ ਮਿਲਿਆ***
***ਜਿਨਾ ਧੁਰੇ ਪੈਯਾ ਪਰਵਾਣਾ ॥*** ***ਅੰਗ - 956***

ਕਹਿਣ ਲੱਗੇ, ਪੀਰ ਮਖਦੂਮ ਜੀ! ਗੁਰੂ ਨਾਨਕ ਨੇ ਤੈਨੂੰ ਗਲਤ ਗੱਲ ਨਹੀਂ ਕਹੀ। ਤੈਨੂੰ ਗਿਲਝ ਤਾਂ ਨਹੀਂ ਨਾ ਕਿਹਾ, ਤੈਨੂੰ ਹੰਸ ਕਿਹਾ ਹੈ ਕਿ ਕਰੰਗਾ ਦੇ ਉਤੇ ਹੰਸ ਆ ਕੇ ਬੈਠ ਗਿਆ। ਤੈਨੂੰ ਹੰਸ ਜਾਣ ਕੇ ਇਹ ਗੱਲ ਕਹੀ ਹੈ ਕਿ ਤੂੰ ਰਿੱਧੀਆਂ ਸਿੱਧੀਆਂ 'ਚ ਪੈ ਗਿਆ, ਇਹ ਮਾਇਆਵੀ ਚੀਜ਼ਾਂ ਨੇ, ਕਰੰਗ ਨੇ, ਇਹ ਪ੍ਰਮੇਸ਼ਰ ਦੇ ਨਾਮ ਦੇ ਮੁਕਾਬਲੇ 'ਤੇ। ਕਹਿਣ ਲੱਗਿਆ ਕਿ ਮੇਰੇ ਤੋਂ ਭੁੱਲ ਕੀ ਹੋਈ? ਮੈਂ ਤਾਂ ਪਰਉਪਕਾਰ ਕਰਿਆ ਸੀ। ਕਹਿਣ ਲੱਗੇ ਕਿ ਤੇਰਾ ਬਲ ਐਨਾ ਸੀ, ਤੇਰੇ ਵਿੱਚ ਹਉਮੈ ਆਈ, ਇਹ ਭੁੱਲ ਤੈਨੂੰ ਨਹੀਂ, ਆਪਾਂ ਸਾਰਿਆਂ ਪੀਰਾਂ ਨੂੰ ਪੈਂਦੀ ਹੈ। ਮੈਨੂੰ ਵੀ ਪਈ ਸੀ, ਸੋ ਉਸ ਵੇਲੇ ਕਹਿਣ ਲੱਗੇ ਤੈਨੂੰ ਹੰਸ ਕਹਿ ਕੇ ਸੰਬੋਧਨ ਕਰਿਆ ਹੈ, ਹੰਸ ਦਾ ਕੰਮ ਹੁੰਦਾ ਹੈ ਹੀਰੇ ਮੋਤੀ ਖਾਣਾ, ਨਾਮ ਜਪਣਾ, ਬੰਦਗੀ ਕਰਨੀ। ਕਾਉਂ ਦਾ ਕੰਮ ਹੁੰਦਾ ਹੈ ਗੰਦਗੀਆਂ ਖਾਣੀਆਂ, ਗਲਤ ਗੱਲਾਂ 'ਚ ਪੈਣਾ, ਸੋ ਉਸ ਵੇਲੇ ਸਮਝਾਇਆ ਓਸ ਨੂੰ, ਕਹਿਣ ਲੱਗੇ ਕਿ ਤੂੰ ਹੁਕਮ ਤੇ ਰਜ਼ਾ ਦੀ ਸੁਰ ਵਿੱਚੋਂ ਨਿਕਲ ਜਾਣ ਕਰਕੇ ਤੇਰੀ ਸਾਰੀ ਸ਼ਕਤੀ ਜਾਂਦੀ ਰਹੀ। ਜਦੋਂ ਮੈਂ ਗੁਰੂ ਨਾਨਕ ਪਾਤਸ਼ਾਹ ਨੂੰ ਮਿਲਿਆ ਉਸ ਵੇਲੇ ਗੁਰੂ ਨਾਨਕ ਨੇ ਮੈਨੂੰ ਇੱਕ ਸਬਕ ਦਿੱਤਾ ਸੀ ਜਿਹੜਾ ਮੇਰੇ ਹੁਣ ਵੀ ਯਾਦ ਹੈ ਤੇ ਮੇਰੀ ਜ਼ਿੰਦਗੀ 'ਚ ਰਚਿਆ ਪਿਆ ਹੈ -

***ਧਾਰਨਾ - ਜੋ ਕਿਛੁ ਕਰੇ ਭਲਾ ਕਰਿ ਮੰਨੀਐ,***
***ਕਰੀਏ ਮਨ ਦੀ ਮਰਜ਼ੀ ਨਾ।***

ਕਹਿਣ ਲੱਗੇ, ਮਖਦੂਮ ਜੀ! ਮੇਰੇ ਹੁਣ ਤਾਈਂ ਯਾਦ ਹੈ ਜੋ ਉਨ੍ਹਾਂ ਨੇ ਮੈਨੂੰ ਬਚਨ ਦਿੱਤਾ ਸੀ -

***ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥***
***ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ***
***ਹਿਕਮਤਿ ਹੁਕਮੁ ਚੁਕਾਈਐ ॥*** ***ਅੰਗ - 722***

ਸੋ ਜੋ ਖੁਦਾਵੰਦ ਤਾਲਾ ਦੀ ਮਰਜ਼ੀ ਹੈ, ਰਜ਼ਾ ਹੈ, ਹੁਕਮ ਹੈ ਉਹਦੇ ਵਿੱਚ ਸੁਰ ਮਿਲਣੀ ਚਾਹੀਦੀ ਸੀ ਤੇਰੀ। ਤੂੰ ਇਸ ਗੱਲ ਵਿੱਚ ਆ ਗਿਆ ਕਿ ਮੈਂ ਜਹਾਜ਼ ਡੁੱਬਣ ਨਾ ਦਿੱਤਾ। ਮੈਂ ਮੁਨਾਰਾ ਗਿਰਨ ਨਾ ਦਿੱਤਾ, ਮੈਂ ਮੀਂਹ ਰੋਕ ਦਿੱਤਾ। ਕਹਿੰਦੇ ਬਸ, ਏਸੇ ਗੱਲ ਦਾ ਰੌਲਾ ਹੈ।

ਕਹਿਣ ਲੱਗਿਆ, ਪੀਰ ਜੀ! ਮੈਨੂੰ ਹੁਣ ਤੁਹਾਡੇ ਪਾਸ ਗੁਰੂ ਨਾਨਕ ਨੇ ਇੱਕ ਹੋਰ ਕੰਮ ਵਾਸਤੇ ਭੇਜਿਆ ਹੈ, ਉਨ੍ਹਾਂ ਨੇ ਇਹ ਕਿਹਾ ਹੈ ਕਿ ਜਦੋਂ ਤੱਕ ਸਮਰੱਥ ਗੁਰੂ ਨਹੀਂ ਮਿਲਦਾ, ਓਨੀਂ ਦੇਰ ਤੱਕ ਮਨ ਦਾ ਭਰਮ ਨਹੀਂ ਜਾਇਆ ਕਰਦਾ ਤੇ ਅੰਦ-ਰਲਾ ਖੁਲ੍ਹਿਆ ਨਹੀਂ ਕਰਦਾ, ਪ੍ਰਕਾਸ਼ ਨਹੀਂ ਹੋਇਆ ਕਰਦਾ, ਜਿੰਨਾਂ ਚਿਰ ਪੂਰਾ ਸਮਰੱਥ ਗੁਰੂ ਨਹੀਂ ਮਿਲਦਾ ਤੇ ਮੈਨੂੰ ਤੇਰੇ ਕੋਲ ਭੇਜਿਆ ਹੈ ਕਿ ਤੂੰ ਦੱਸੇਂ ਕਿ ਕਿੱਥੇ ਹੈ ਸਮਰੱਥ ਗੁਰੂ। ਮੈਨੂੰ ਦੱਸ ਪਾ ਮੈਂ ਜਾਵਾਂ ਤੇ ਉਹਦੇ ਤੋਂ ਆਪਣਾ ਤਨ ਵੀ ਵੇਚ ਦੇਵਾਂ, ਧਨ ਵੀ ਵੇਚ ਦੇਵਾਂ। ਕਹਿਣ ਲੱਗਿਆ, ਮਖਦੂਮ! ਮੇਰੀ ਵਾਲੀ ਹੀ ਭੁੱਲ ਤੂੰ ਕਰੀ ਹੈ। ਕਹਿੰਦੇ, ਜਦੋਂ ਮੈਨੂੰ ਗੁਰੂ ਨਾਨਕ ਮਿਲਿਆ ਸੀ, ਆਸਾਮ ਦੇ

ਵਿੱਚ ਤੇ ਮੇਰੇ ਪੇਟ ਦੇ ਉਤੇ ਕਾਠ ਦੀ ਰੋਟੀ ਬੰਨੀ ਹੋਈ ਸੀ ਤੇ ਮੈਂ ਝੂਠ ਬੋਲਦਾ ਸੀ, ਜਦ ਮੈਨੂੰ ਕਹਿੰਦੇ ਸੀ ਪ੍ਰਸ਼ਾਦਾ ਛਕ ਲੈ ਕੋਈ ਆ ਕੇ, ਮੈਂ ਕਹਿੰਦਾ ਸੀ ਕਿ ਕੁਛ ਛਕਿਆ ਹੋਇਆ ਹੈ, ਕੁਛ ਮੇਰੇ ਪੱਲੇ ਬੰਨ੍ਹਿਆ ਹੋਇਆ ਹੈ। ਤਾਂ ਉਥੇ ਮੈਨੂੰ ਝੂਠਾ ਕਿਹਾ ਗਿਆ, ਆਸਾਮੀਆਂ ਨੇ ਮੈਨੂੰ ਕਿਹਾ ਕਿ ਤੂੰ ਝੂਠ ਬੋਲਦਾ ਹੈਂ। ਉਥੇ ਦੇ ਰਾਜੇ ਦੀ ਖੋਪਰੀ ਨਹੀਂ ਸੀ ਜਲਦੀ। ਉਹਨੇ ਜ਼ਿੰਦਗੀ 'ਚ ਇੱਕ ਵਾਰੀ ਝੂਠ ਬੋਲਿਆ ਸੀ, ਗੁਰੂ ਨਾਨਕ ਨੇ ਆਪਣਾ ਚਰਨ ਛੂਹਾਇਆ ਤਾਂ ਉਹਦੀ ਖੋਪਰੀ ਜਲੀ ਸੀ ਤੇ ਮੈਂ ਪੁੱਠਾ ਲਟਕਦਾ ਸੀ ਖੂਹ ਦੇ ਅੰਦਰ, ਮੈਨੂੰ ਗੁਰੂ ਨਾਨਕ ਨੇ ਕੱਢਿਆ ਤੇ ਮੈਂ ਆਪਣਾ ਵੀ ਗਿਆਨ ਦਿੰਦਾ ਰਿਹਾ। ਉਨ੍ਹਾਂ ਤੋਂ ਜਦ ਮੈਂ ਸੁਣਿਆ ਤਾਂ ਮੈਨੂੰ ਇਹ ਪਤਾ ਲੱਗਿਆ ਕਿ ਮੈਂ ਪੂਰਾ ਨਹੀਂ ਹਾਂ ਅਧੂਰਾ ਤੁਰਿਆ ਫਿਰਦਾ ਹਾਂ ਤਾਂ ਮੈਨੂੰ ਉਸ ਵੇਲੇ ਗੁਰੂ ਨਾਨਕ ਨੇ ਕਿਹਾ ਕਿ ਜਾਹ, ਮੁਰਸ਼ਦ-ਏ-ਕਾਮਲ ਕਰ ਦਏਗਾ, ਪੂਰਾ ਗੁਰੂ ਟੋਲ੍ਹ ਸੰਸਾਰ ਵਿੱਚ। ਟੋਲ੍ਹਦਾ ਰਿਹਾ, ਮੈਨੂੰ ਤਾਂ ਕਿਤੇ ਲੱਭਿਆ ਨਾ, ਜਿਹੋ ਜਿਹਾ ਉਨ੍ਹਾਂ ਨੇ ਦੱਸਿਆ ਸੀ, ਅਖੀਰ ਮੈਂ ਦੁਆ ਕੀਤੀ ਅੱਲਾਹ ਤਾਲਾ ਨੂੰ ਤੇ ਗੁਰੂ ਨਾਨਕ ਪਾਤਸ਼ਾਹ ਮੁੜ ਕੇ ਮੁਲਤਾਨ ਵਿੱਚ ਆਏ। ਮੈਂ ਦੌੜਿਆ ਗਿਆ ਪਾਕਪਟਨ ਤੋਂ ਜਾ ਕੇ ਉਨ੍ਹਾਂ ਨੂੰ ਮੁਰਸ਼ਦ ਧਾਰਨ ਕਰਿਆ। ਭੋਲਿਆ! ਕੋਈ ਗੁਰੂ ਵੀ ਆਪਣੇ ਆਪ ਕਹਿੰਦਾ ਹੁੰਦਾ ਹੈ ਕਿ ਮੈਨੂੰ ਕਰ ਲੈ। ਮੈਂ ਵੀ ਗਲਤੀ ਕਰੀ, ਤੂੰ ਵੀ ਗਲਤੀ ਕਰੀ। ਕਹਿਣ ਲੱਗਿਆ ਕਿ ਹੁਣ ਹੋਏਗਾ ਕੀ, ਬਣੇਗਾ ਕੀ ਜੇ ਗੁਰੂ ਨਾਨਕ ਮੈਨੂੰ ਨਾ ਮਿਲਿਆ? ਉਹ ਕਹਿੰਦੇ ਗੁਰੂ ਨਾਨਕ ਦਾ ਤਾਂ ਐਨਾ ਪ੍ਰਤਾਪ ਹੈ ਧਿਆਨ ਨਾਲ ਸੁਣ -

***ਧਾਰਨਾ - ਜਿਨ੍ਹਾਂ ਪੇਖਿਆ ਸਤਿਗੁਰ ਨਾਨਕ ਨੂੰ।***
***ਉਹ ਗਰਬ ਜੂਨ ਨਾ ਆਉਂਦੇ।***

***ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥***
***ਗੁਰੁ ਨਾਨਕੁ ਜਿਨ ਸੁਣਿਆ ਪੇਖਿਆ***
***ਸੇ ਫਿਰਿ ਗਰਭਾਸਿ ਨ ਪਰਿਆ ਰੇ ॥ ਅੰਗ - 612***

ਕਹਿਣ ਲੱਗੇ, ਪੀਰ ਜੀ! ਧੰਨ ਹੈ, ਦਰਸ਼ਨ ਤਾਂ ਕਰ ਲਏ ਨਾ ਗੁਰੂ ਨਾਨਕ ਦੇ। ਉਨ੍ਹਾਂ ਦੇ ਦਰਸ਼ਨਾਂ ਵਿੱਚ ਹੀ ਬੇਅੰਤ-ਬੇਅੰਤ ਸ਼ਕਤੀ ਹੈ। ਆਮ ਸਾਧੂਆਂ ਦੇ ਦਰਸ਼ਨ 'ਚ ਸ਼ਕਤੀ ਬਾਰੇ ਗੁਰੂ ਨਾਨਕ ਪਾਤਸ਼ਾਹ ਨੂੰ ਇੱਕ ਗੁਰਸਿੱਖ ਨੇ ਪੁੱਛਿਆ ਕਿ ਮਹਾਰਾਜ! ਸੰਤਾਂ ਦੇ ਦਰਸ਼ਨ ਦੇ ਵਿੱਚ ਕੀ ਫਲ ਹੁੰਦਾ ਹੈ?

ਮਹਾਰਾਜ ਕਹਿੰਦੇ, ਅੱਗੇ ਵੀ ਤੂੰ ਪੁੱਛਿਆ ਹੈ?

ਕਹਿੰਦਾ, ਬੜਾ ਪੁੱਛਿਆ ਹੈ ਮਹਾਰਾਜ, ਲੇਕਿਨ ਮੇਰੀ ਨਿਸ਼ਾ ਨਹੀਂ ਹੁੰਦੀ। ਕਹਿੰਦੇ ਐਸ ਤਰ੍ਹਾਂ ਕਰੀਂ ਨਿਸ਼ਾ ਵਾਸਤੇ ਤੂੰ ਸਵੇਰੇ ਚੜ੍ਹਦੇ ਵਾਲੇ ਪਾਸੇ ਜਿਹੜਾ ਤੁਹਾਡੇ ਸਰੋਵਰ ਹੈ ਉਹਦੇ ਪਰਲੇ ਕੰਢੇ ਤੇ ਦਰਖਤ ਥੱਲੇ ਜਾ ਕੇ ਖੜ੍ਹੀਂ ਉਥੇ ਤੈਨੂੰ ਦੱਸਣ ਵਾਲਾ ਆਏਗਾ। ਉਸੇ ਤਰ੍ਹਾਂ ਨਾਲ ਕੀਤਾ ਲੇਕਿਨ ਉਥੇ ਕੋਈ ਨਾ ਆਇਆ ਵਾਪਸ ਆ ਗਿਆ।

ਕਹਿੰਦਾ, ਪਾਤਸ਼ਾਹ! ਉਥੇ ਤਾਂ ਕੋਈ ਅੱਜ ਆਇਆ ਨਹੀਂ।

ਮਹਾਰਾਜ ਕਹਿਣ ਲੱਗੇ, ਕੁਛ ਦੇਖਿਆ?

ਕਹਿੰਦਾ, ਇੱਕ ਕਾਂਵਾਂ ਦਾ ਜੋੜਾ ਬੈਠਾ ਸੀ।

ਮਹਾਰਾਜ ਨੇ ਕਿਹਾ ਕਿ ਫੇਰ ਜਾਈਂ।

ਦੂਸਰੇ ਦਿਨ ਬਗਲਿਆਂ ਦਾ ਜੋੜਾ ਬੈਠਾ ਸੀ।

ਕਹਿੰਦਾ, ਪਾਤਸ਼ਾਹ! ਕੋਈ ਨਹੀਂ ਆਇਆ, ਅੱਜ ਤਾਂ ਬਗਲਿਆਂ ਦਾ ਜੋੜਾ ਬੈਠਾ ਸੀ।

ਕਹਿੰਦੇ, ਫੇਰ ਜਾਈਂ।

ਤੀਸਰੇ ਦਿਨ ਗਿਆ ਤਾਂ ਕਹਿਣ ਲੱਗਿਆ, ਮਹਾਰਾਜ! ਅੱਜ ਉਥੇ ਹੰਸਾਂ ਦਾ ਜੋੜਾ ਬੈਠਾ ਸੀ।

ਕਹਿੰਦੇ, ਕੱਲ੍ਹ ਨੂੰ ਫੇਰ ਜਾਈਂ।

ਜਦੋਂ ਅੱਗੇ ਗਿਆ ਤਾਂ ਕੀ ਦੇਖਦਾ ਹੈ ਦੇਵ ਦੇਹਾਂ ਵਾਲੇ ਦੋ ਬੈਠੇ ਨੇ, ਦੇਵਤਿਆਂ ਦੇ ਪ੍ਰਕਾਸ਼ ਦੇ ਸਰੀਰ ਧਾਰੇ ਹੋਏ ਨੇ। ਗੁਰਸਿੱਖ ਨੂੰ ਦੇਖਦੇ ਸਾਰ ਚਰਨਾਂ 'ਤੇ ਨਮਸ਼ਕਾਰ ਕਰਨ ਲੱਗ ਗਏ।

ਕਹਿਣ ਲੱਗੇ, ਤੁਸੀਂ ਕੌਣ ਹੋਂ?

ਕਹਿਣ ਲੱਗੇ, ਅਸੀਂ ਕਹਿੰਦੇ ਮਹਾਂ ਪਾਪੀ ਹਾਂ। ਵੱਡੇ-ਵੱਡੇ ਮਹਾਂ ਅਪਰਾਧੀ ਹੋਣ ਕਰਕੇ ਸਾਨੂੰ ਕਾਂਵਾਂ ਦੀ ਜੂਨ ਮਿਲੀ ਹੋਈ ਤੇ ਸਾਡੇ ਭਾਗ ਜਾਗੇ, ਤੂੰ ਕਿਸੇ ਪੂਰਨ ਮਹਾਂਪੁਰਸ਼ ਦੇ ਦਰਸ਼ਨ ਕਰੇ, ਅਸੀਂ ਤੇਰੇ ਦਰਸ਼ਨ ਕਰੇ ਤੇ ਸਾਡੀ ਬਿਰਤੀ ਬਦਲ ਗਈ ਤੇ ਅਸੀਂ ਬਗਲਿਆਂ ਦੇ ਰੂਪ 'ਚ ਆ ਗਏ, ਅੰਦਰੋਂ ਕਾਲੇ ਤੇ ਬਾਹਰੋਂ ਚਿੱਟੇ। ਉਸ ਤੋਂ ਬਾਅਦ ਕਹਿਣ ਲੱਗੇ ਕਿ ਤੂੰ ਦੂਜੇ ਦਿਨ ਫੇਰ ਕ੍ਰਿਪਾ ਕੀਤੀ ਸਾਡੇ 'ਤੇ, ਦਰਸ਼ਨ ਦਿੱਤੇ ਤੇ ਤੂੰ ਕਿਸੇ ਪੂਰਨ ਮਹਾਂਪੁਰਸ਼ਾਂ ਦੇ ਦਰਸ਼ਨ ਕੀਤੇ ਸੀ, ਉਹਦਾ ਫਲ ਸਾਨੂੰ ਹੋਇਆ ਕਿ ਅਸੀਂ ਹੰਸਾਂ ਦੇ ਰੂਪ 'ਚ ਬਦਲ ਗਏ। ਤੀਸਰੇ ਦਿਨ ਤੂੰ ਫੇਰ ਆਇਆ ਤੇ ਫੇਰ ਸਾਡੇ 'ਤੇ ਕ੍ਰਿਪਾ ਹੋਈ, ਅਸੀਂ ਹੁਣ ਦੇਵ ਰੂਹਾਂ 'ਚ ਬਦਲ ਗਏ। ਦੇਵਤੇ ਬਣ ਗਏ। ਕਾਂਵਾਂ ਤੋਂ ਦੇਵਤੇ ਬਣਾ ਦਿੱਤੇ -

***ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥***

***ਅੰਗ - 463***

ਭੋਲਿਆ! ਇਸ ਤੋਂ ਜ਼ਿਆਦਾ ਤੂੰ ਕੀ ਸਬੂਤ ਭਾਲਦਾ ਹੈਂ। ਤੇਰੇ ਘਰ ਪੂਰਨ ਮਹਾਂਪੁਰਸ਼ ਆਏ ਨੇ।

ਸੋ ਮਖਦੂਮ ਦੇ ਮਨ ਵਿੱਚ ਬੜਾ ਪਛਤਾਵਾ ਹੁੰਦਾ ਹੈ ਮਨ ਵਿੱਚ, ਬਹੁਤ ਪਛਤਾਉਂਦਾ ਹੈ ਲੇਕਿਨ ਰਸਤਾ ਸੱਚ ਦਾ ਦੱਸ ਗਏ। ਸੱਚ ਦੇ ਰਸਤੇ ਚਲਦੇ-ਚਲਦੇ ਕਾਫੀ ਸਮਾਂ ਜਦੋਂ ਲੰਘ ਗਿਆ ਤਾਂ ਇੱਕ ਵਾਰੀ ਫੇਰ ਗੁਰੂ ਨਾਨਕ ਦਾ ਏਸ ਨੂੰ ਪਤਾ ਲੱਗਿਆ ਕਿ ਫਲਾਣੇ ਥਾਂ ਆਏ ਹੋਏ ਨੇ, ਧਾਈ ਕਰਕੇ ਗਿਆ, ਜਾ ਕੇ ਗੁਰੂ ਨਾਨਕ ਨੂੰ ਮੁਰਸ਼ਦ ਧਾਰਨ ਕਰਿਆ। ਸੱਚ ਦਾ ਰਾਹ ਪ੍ਰਾਪਤ ਕੀਤਾ ਤੇ ਅਖੀਰ ਜ਼ਿੰਦਗੀ ਚਲਦੀ-ਚਲਦੀ, ਸਮਾਂ ਆ ਗਿਆ ਜਿਹੜਾ ਸਾਡੇ ਸਾਰਿਆਂ 'ਤੇ ਆਉਣਾ ਹੈ। ਉਸ ਵੇਲੇ ਆਪਣੇ ਮੁਰੀਦ ਨੂੰ ਬੁਲਾਇਆ, ਕਹਿਣ ਲੱਗਿਆ, ਮੇਰੀ ਚਿੱਠੀ ਲੈ ਜਾ। ਕਿੱਥੇ ਲੈ ਜਾ, ਕਹਿੰਦੇ ਕਰਤਾਰਪੁਰ ਲੈ ਜਾ। ਗੁਰੂ ਨਾਨਕ ਦੇ ਪਾਸ ਲੈ ਜਾ ਤੇ ਉਥੇ ਇੱਕ ਬੇਨਤੀ ਕਰ ਦੇਈਂ ਤੇ ਮੈਨੂੰ ਆ ਕੇ ਸੁਨੇਹਾ ਦੇਈਂ। ਚਿੱਠੀ ਲਿਖ ਦਿੱਤੀ ਕਿ ਹੇ ਗੁਰੂ ਨਾਨਕ! ਮੇਰੇ ਜਾਣ ਦਾ ਸਮਾਂ ਆ ਗਿਆ ਕਿ ਪਰ

ਮੈਨੂੰ ਡਰ ਲਗਦਾ ਹੈ ਕਿ ਅੱਗੇ ਜੋ ਮਹਾਂ ਅੰਧਕਾਰ ਹੈ –

***ਜਿਹ ਪੈਡੈ ਮਹਾ ਅੰਧ ਗੁਬਾਰਾ ॥*** ***ਅੰਗ – 264***

ਉਹ ਅੰਧਕਾਰ ਦੇ ਵਿੱਚ ਰਹਿਣ 'ਤੇ ਮੇਰਾ ਦਿਲ ਘਬਰਾਉਂਦਾ ਹੈ, ਪਾਤਸ਼ਾਹ! ਮੈਨੂੰ 40 ਦਿਨ ਹੋਰ ਬਖਸ਼ਾ ਦਿਓ ਤੇ ਮੈਂ ਚਾਨਣੇ 'ਚ ਚੱਲਾਂ। ਤੁਸੀਂ ਵੀ ਚਾਲੀ ਦਿਨਾਂ ਨੂੰ ਅੱਜ ਤੋਂ ਜਾਣਾ ਹੈ ਮੇਰੇ ਬਾਅਦ 'ਚ ਤੇ ਮੇਰੇ 'ਤੇ ਕ੍ਰਿਪਾ ਕਰੋ। ਉਸ ਵੇਲੇ ਚਿੱਠੀ ਦੇ ਕੇ ਗੁਰੂ ਨਾਨਕ ਪਾਤਸ਼ਾਹ ਦੇ ਪਾਸ ਭੇਜਦਾ ਹੈ ਤੇ ਜਾ ਕੇ ਜਦੋਂ ਚਿੱਠੀ ਦਿੰਦਾ ਹੈ ਮੁਰੀਦ, ਉਸ ਵੇਲੇ ਮਹਾਰਾਜ ਜੀ ਨੇ ਇੱਕ ਉੱਤਰ ਦਿੱਤਾ ਐਸ ਤਰ੍ਹਾਂ ਦੇ ਨਾਲ ਚਿੱਠੀ ਦੇ ਵਿਚ –

***ਧਾਰਨਾ – ਜੋ ਭਰਿਆ ਸੋ ਲੱਦ ਸੀ,***
***ਸਭਨਾ ਹੁਕਮ ਰਜਾਇ।***

ਲਿਖ ਦਿੱਤਾ ਮਹਾਰਾਜ ਜੀ ਨੇ ਜੋ –

***ਜੋ ਭਰਿਆ ਸੋ ਲਦਸੀ ਸਭਨਾ ਹੁਕਮੁ ਰਜਾਇ।***
***ਨਾਨਕ ਤੇ ਮੁਖ ਉਜਲੇ ਚਲਹਿ ਹੁਕਮ ਰਜਾਇ।***

ਸੰਦੇਸਾ ਦੇ ਦਿੱਤਾ ਤੇ ਨਾਲ ਦੀ ਨਾਲ ਦੂਜਾ ਸੰਦੇਸਾ ਮਹਾਰਾਜ ਜੀ ਨੇ ਇਹ ਵੀ ਭੇਜ ਦਿੱਤਾ –

***ਧਾਰਨਾ – ਧਨ ਜੋਬਨ ਫੁੱਲਾਂ ਦੀਆਂ ਬਾੜੀਆਂ,***
***ਖਿੜੀਆਂ ਸਦਾ ਨਾ ਰਹਿਣੀਆਂ।***
***ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥***
***ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥ 1 ॥***

***ਅੰਗ – 23***

ਨਾਲ ਦੀ ਨਾਲ ਤੀਸਰਾ ਸੰਦੇਸ਼ਾ ਦੇ ਦਿੱਤਾ –

***ਧਾਰਨਾ – ਦਿਨ ਥੋੜ੍ਹੇ ਰਹਿ ਗਏ, ਭਇਆ ਪੁਰਾਣਾ ਚੋਲਾ।***
***ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥***
***ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥*** ***ਅੰਗ – 23***

ਚਿੱਠੀ ਬੰਦ ਕਰੀ, ਸ਼ਬਦ ਪੂਰਾ ਲਿਖਿਆ, ਪੀਰ ਨੇ ਖੋਲ੍ਹਿਆ, ਬਹੁਤ ਬੈਰਾਗ ਕਰਿਆ।

ਮੁਰੀਦਾਂ ਨੇ ਪੁੱਛਿਆ, ਪੀਰ ਜੀ! ਤੁਸੀਂ ਐਨਾ ਬੈਰਾਗ ਕਿਉਂ ਕਰਦੇ ਹੋ?

ਕਹਿਣ ਲੱਗੇ, ਗੁਰੂ ਨਾਨਕ ਪਾਤਸ਼ਾਹ ਨੇ ਮੇਰੇ ਤੋਂ ਚਾਲੀ ਦਿਨ ਪਿੱਛੋਂ ਆਉਣਾ ਹੈ ਤੇ ਮੈਂ ਏਸ ਕਰਕੇ ਬੈਰਾਗ ਕਰਦਾ ਹਾਂ ਕਿ ਮੈਨੂੰ ਚਾਲੀ ਦਿਨ ਹਨ੍ਹੇਰੇ 'ਚ ਰਹਿਣਾ ਪੈਣਾ ਹੈ। ਪਰ ਮੈਨੂੰ ਇੱਕ ਸੋਝੀ ਦੇ ਦਿੱਤੀ ਗੁਰੂ ਨਾਨਕ ਨੇ ਕਿ ਹੁਕਮ ਰਜ਼ਾ 'ਚ ਚੱਲ। ਹੁਕਮ ਤੇ ਰਜ਼ਾ ਨੂੰ ਜਦੋਂ ਮੰਨਿਆ ਉਸ ਨੇ, ਭੇਤ ਲੱਗ ਗਿਆ ਕਿ ਜੋ ਅੰਧਕਾਰ ਦੀ ਮੈਂ ਬਾਤ ਕਰਦਾ ਸੀ –

***ਜਿਹ ਪੈਡੈ ਮਹਾ ਅੰਧ ਗੁਬਾਰਾ ॥***
***ਹਰਿ ਕਾ ਨਾਮੁ ਸੰਗਿ ਉਜੀਆਰਾ ॥*** ***ਅੰਗ – 264***

ਪ੍ਰਕਾਸ਼ ਹੋ ਗਿਆ ਅੰਦਰ। ਰਸਤਾ ਦਿਸ ਗਿਆ ਸਾਫ ਕਿ ਗੁਰੂ ਨਾਨਕ ਦਾ ਪ੍ਰਤਾਪ ਦਰਗਾਹ ਦੇ ਸਾਰੇ ਰਸਤੇ ਨੂਰੋ ਨੂਰ ਹੋਏ ਪਏ ਨੇ। ਉਸ ਵੇਲੇ ਪੀਰ ਨੂੰ ਬੜੀ ਖੁਸ਼ੀ ਹੋਈ, ਕਹਿਣ ਲੱਗਿਆ ਮੁਰੀਦਾਂ ਨੂੰ ਕਿ ਮੈਂ ਪੂਰਾ ਮੁਰਸ਼ਦ ਲੱਭਿਆ ਤੇ ਮੇਰੇ ਮਨ ਵਿੱਚ ਬੜੀ ਪ੍ਰਸੰਨਤਾ ਹੈ ਕਿ ਹੁਣ ਮੈਂ ਗੁਰੂ ਨਾਨਕ ਦੇ ਪ੍ਰਕਾਸ਼ ਵਿੱਚ ਜਾਵਾਂਗਾ, ਭਾਵੇਂ ਚਾਲੀ ਦਿਨ ਬਾਅਦ ਆਉਣਾ ਹੈ ਲੇਕਿਨ ਸਾਰੀਆਂ ਬਹਿਸ਼ਤਾਂ, ਸਾਰੇ ਸਵਰਗ ਤੱਕ ਪ੍ਰਕਾਸ਼ਮਾਨ ਹੋ ਗਏ, ਇਨ੍ਹਾਂ ਦੇ ਇੰਤਜ਼ਾਰ ਦੇ ਅੰਦਰ।

ਸੋ ਇਸ ਤਰ੍ਹਾਂ ਦੇ ਨਾਲ ਇੱਕ ਪੀਰ ਜੋ ਗਲਤ ਧਾਰਨਾ 'ਚ ਪਿਆ ਹੋਇਆ ਸੀ, ਦਿਖਾਵਾ ਕਰਦਾ ਸੀ, ਰਿੱਧੀਆ ਸਿੱਧੀਆਂ 'ਚ ਪਿਆ ਹੋਇਆ ਸੀ, ਸ਼ਕਤੀਆਂ ਦਿਖਾਉਣ ਦੇ ਵਿੱਚ ਹੀ ਆਪਣੇ ਆਪ ਨੂੰ ਪੂਰਨ ਸਮਝਦਾ ਸੀ, ਜਦੋਂ ਪੂਰਨ ਮੁਰਸ਼ਦ ਮਿਲਿਆ ਉਸ ਨੇ ਸਿੱਧੇ ਰਾਹ ਪਾ ਕੇ, ਇੱਥੇ 7ਵੀ ਉਸਦਾ ਭਲਾ ਕੀਤਾ ਤੇ ਦਰਗਾਹ ਵਿੱਚ ਵਿੱਚ ਨਿਵਾਸ ਦਿੱਤਾ। ਜਦੋਂ ਅਸੀਂ ਹੁਕਮ ਨੂੰ ਸਮਝ ਲੈਂਦੇ ਹਾਂ ਫੇਰ ਸਾਡਾ ਉਸ ਪ੍ਰਮੇਸ਼ਰ ਨਾਲ ਪਿਆਰ ਪੈਂਦਾ ਹੈ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ ਬੋਲੋ।

ਗੁਰ ਸਤੋਤਰ, ਅਰਦਾਸ, ਹੁਕਮਨਾਮਾ (ਫਿਲਮ ਨੰ. 228)

(-------------------)

# 2

# ਕਾਲਸੀ ਦਾ ਰਿਸ਼ੀ

ਸ਼ਾਨ..........................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਧਾਰਨਾ - ਮਹਿਮਾ ਤੇਰੀ ਨਾ ਵੇਦ ਜਾਣਦੇ,*
*ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ।*

*ਮਹਿਮਾ ਨ ਜਾਨਹਿ ਬੇਦ ॥*
*ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥*
*ਪਰਮੇਸਰੁ ਪਾਰਬ੍ਰਹਮ ਬੇਅੰਤੁ ॥*
*ਅਪਨੀ ਗਤਿ ਆਪਿ ਜਾਨੈ ॥*
*ਸੁਣਿ ਸੁਣਿ ਅਵਰ ਵਖਾਨੈ ॥ 1 ॥ ਰਹਾਉ ॥*
*ਸੰਕਰਾ ਨਹੀ ਜਾਨਹਿ ਭੇਵ ॥*
*ਖੋਜਤ ਹਾਰੇ ਦੇਵ ॥*
*ਦੇਵੀਆ ਨਹੀ ਜਾਨੈ ਮਰਮ ॥*
*ਸਭ ਊਪਰਿ ਅਲਖ ਪਾਰਬ੍ਰਹਮ ॥ ਅੰਗ - 894*

*ਧਾਰਨਾ - ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ*
*ਮਹਿਮਾ ਨਾ ਤੇਰੀ ਵੇਦ ਜਾਣਦੇ।*

*ਅਪਨੈ ਰੰਗਿ ਕਰਤਾ ਕੇਲ ॥*
*ਆਪਿ ਬਿਛੋਰੈ ਆਪੇ ਮੇਲ ॥*

*ਇਕਿ ਭਰਮੇ ਇਕਿ ਭਗਤੀ ਲਾਏ ॥*
*/ਅਪਣਾ ਕੀਆ ਆਪਿ ਜਣਾਏ ॥ 3 ॥*
*ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ ॥*
*ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥*
*ਨਾਨਕ ਕਾ ਪ੍ਰਭੁ ਆਪੇ ਆਪਿ ॥* ***ਅੰਗ - 894***

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਹਫਤਾ ਵਾਰੀ ਦੀਵਾਨ ਦੇ ਅੰਦਰ, ਗੁਰੂ ਮਹਾਰਾਜ ਦੀ ਕ੍ਰਿਪਾ ਦੇ ਨਾਲ ਸ਼ਸੋਭਤ ਹੋ। ਮੇਰੇ ਤੋਂ ਪਹਿਲਾਂ ਵੀ ਆਪ ਕਾਫੀ ਕੁਛ ਸੁਣ ਰਹੇ ਸੀ। ਇਹ ਇਨਸਾਨ ਦੋ ਚੀਜ਼ਾਂ ਦਾ ਬਣਿਆ ਹੈ, ਇੱਕ ਚੀਜ਼ ਹੈ ਉਹ temporary (ਅਸਥਾਈ) ਹੈ, ਇੱਕ ਹੈ ਜਿਹੜੀ parmanent (ਸਥਾਈ) ਹੈ। ਇੱਕ ਉਹ ਹੈ ਜਿਹੜੀ ਬਦਲ ਜਾਇਆ ਕਰਦੀ ਹੈ, ਇੱਕ ਉਹ ਚੀਜ਼ ਹੈ ਜਿਹੜੀ ਕਦੇ ਨਹੀਂ ਬਦਲਦੀ। ਮੋਟਾ ਹਿਸਾਬ ਇੱਕ ਨੂੰ ਰੂਹ ਆਖਦੇ ਨੇ ਤੇ ਇੱਕ ਨੂੰ ਪੰਜ ਤੱਤ ਆਖਦੇ ਨੇ। ਪੰਜ ਤੱਤਾਂ ਦਾ ਹਿਸਾਬ ਇਹ ਹੈ ਕਿ ਪਹਿਲਾਂ ਇਹ ਕਿੰਨਾ invisible (ਆਦ੍ਰਿਸ਼) ਇਹਦੀ ਹਸਤੀ ਹੁੰਦੀ ਹੈ, ਮਾਤਾ ਦੇ ਪੇਟ ਵਿੱਚ ਨੌਂ ਮਹੀਨੇ, ਚੌਦਾਂ ਖਰਬ ਸੈੱਲ ਇਹਦੇ ਸਰੀਰ ਦੇ ਅੰਦਰ ਟਿਕਾਏ ਜਾਂਦੇ ਨੇ। 72 ਕਰੋੜ, 72 ਲੱਖ, 72 ਹਜ਼ਾਰ ਦੋ ਸੌ ਨਾੜੀਆਂ, ਬਲੱਡ ਚੈਨਲ ਦੀਆਂ ਉਨ੍ਹਾਂ ਸੈੱਲਾਂ ਨੂੰ ਜੀਵਤ ਰੱਖਣ ਵਾਸਤੇ ਇੰਤਜ਼ਾਮ ਕੀਤਾ ਜਾਂਦਾ ਹੈ। ਵੀਹ ਹਜ਼ਾਰ ਵੱਡੀ ਨਾੜੀ ਹੈ, ਤਿੰਨ ਸਾਰਿਆਂ ਤੋਂ ਵੱਡੀਆਂ ਜਿਹਨੂੰ life current (ਜੀਵਨ ਧਾਰਾ) ਕਹਿੰਦੇ ਨੇ। ਇਨ੍ਹਾਂ ਦੇ ਅੰਦਰ ਇਲੈਕਟ੍ਰਾਨਿਕਸ ਦੇ ਰੂਪ ਦੇ ਅੰਦਰ ਕੁੰਡਲਨੀ ਰੱਖ ਦਿੱਤੀ ਜਾਂਦੀ ਹੈ। ਜਿਹੜੀ ਸਰੀਰ ਨੂੰ ਜੀਵਤ ਰੱਖਦੀ ਹੈ। ਪੰਜ ਇਹਦੇ ਵਿੱਚ ਪ੍ਰਾਣ ਨੇ, vital forces (ਮਹੱਤਵਪੂਰਨ ਤਾਕਤਾਂ) ਨੇ। ਇੱਕ ਸਾਹ ਅੰਦਰ ਨੂੰ, ਬਾਹਰ ਨੂੰ ਕੱਢਦੀ ਹੈ, ਇੱਕ ਖੁਰਾਕ ਥਾਂ-ਥਾਂ 'ਤੇ ਪਹੁੰਚਾਂਦੀ ਹੈ। ਇੱਕ ਐਸਾ ਪ੍ਰਾਣ ਹੈ ਜਿਹੜਾ ਦਿਲ ਨੂੰ ਹਰ ਵਕਤ ਚਾਲੂ ਰੱਖਦਾ ਹੈ, ਕਦੇ ਵੀ ਨਹੀਂ ਖੜ੍ਹਨ ਦਿੰਦਾ। ਇੱਕ ਐਸਾ ਹੈ ਜੋ ਸਰੀਰ ਦੇ ਸਾਢੇ ਤਿੰਨ ਕਰੋੜ ਰੋਮਾਂ ਦੇ ਵਿਚੋਂ ਹਰ ਵਕਤ ਮੈਲ ਬਾਹਰ ਕੱਢਦਾ ਹੈ, ਹਰ ਸੈਕਿੰਡ। ਉਹ ਜੇ ਨਾ ਹੋਵੇ ਤੇ ਸਾਢੇ ਤਿੰਨ ਕਰੋੜ ਛੇਕ ਨਾ ਹੋਣ ਤਾਂ ਇਹ ਆਦਮੀ ਕੁਝ ਦਿਨ ਹੀ ਜੀਊਂਦਾ ਹੈ, ਸੁੱਜ ਕੇ ਮਰ ਜਾਏਗਾ ਕਿਉਂਕਿ ਜ਼ਹਿਰ ਫੈਲ ਜਾਏਗੀ ਅੰਦਰ। ਇੱਕ ਉਹ ਹੈ ਕਿ ਜਿਹੜਾ ਇਹਦਾ temperature (ਤਾਪਮਾਨ) ਸਾਢੇ 98 ਡਿਗਰੀ 'ਤੇ ਕਾਇਮ ਰੱਖਦਾ ਹੈ, ਨਾ ਹੇਠਾਂ ਆਉਣ ਦਿੰਦਾ ਹੈ ਨਾ ਵੱਧ ਹੋਣ ਦਿੰਦਾ ਹੈ। ਪੰਜ ਪ੍ਰਾਣ, ਪੰਜ ਮੋਟਰਾਂ ਇਸ ਸਰੀਰ ਨੂੰ ਲੱਗੀਆਂ ਹੋਈਆਂ ਨੇ। ਫੁਰਨੇ ਕਰਨ ਵਾਸਤੇ ਮਨ ਹੈ, ਵਿਚਾਰ ਕਰਨ ਵਾਸਤੇ ਇਹਦੇ ਕੋਲ ਬੁੱਧੀ ਹੈ, ਚਿਤਵਨੀ ਕਰਨ ਵਾਸਤੇ ਚਿੱਤ ਹੈ ਤੇ ਇੱਕ ਇਹਦੇ ਵਿੱਚ ਵਾਧੂ ਦੀ ਚੀਜ਼ ਹੈ ਜੋ ਕਿਸੇ ਕੰਮ ਨਹੀਂ ਆਉਂਦੀ, ਉਹ ਹੈ ਮੈਂ ਭਾਵ ਤੇ ਮੇਰੀ। ਇਹ ਦੋ ਚੀਜ਼ਾਂ ਕਰਕੇ ਇਹ ਫਸ ਗਿਆ। ਦੂਸਰਾ ਹੈ ਜਿਹਨੂੰ ਪ੍ਰਮੇਸ਼ਰ ਦੀ ਅੰਸ ਕਹਿੰਦੇ ਨੇ, ਜੋਤ ਕਹਿੰਦੇ ਨੇ, ਆਤਮਾ ਕਹਿੰਦੇ ਨੇ। ਉਹ ਆਤਮਾ ਦੀ ਸੱਤਾ ਦਾ ਪਰਛਾਵਾਂ ਇਹਦੇ ਉਤੇ ਪੈਂਦਾ

ਹੈ। ਕਰੰਟ ਇਹਦੇ ਉਤੋਂ ਦੀ ਹੋ ਕੇ ਲੰਘਦੀ ਹੈ। ਉਹ ਜਿਹੜਾ ਜੜ੍ਹ ਪੱਖ ਹੈ। ਉਹ ਜਿਉਂਦਾ ਨਜ਼ਰ ਆਉਣ ਲੱਗ ਜਾਂਦਾ ਹੈ। ਹਿਲਦਾ-ਜੁਲਦਾ ਹੈ, ਖਾਂਦਾ ਪੀਂਦਾ ਹੈ, ਪੜ੍ਹਦਾ ਹੈ, ਲਿਖਦਾ ਹੈ, ਪਿਆਰ ਕਰਦਾ ਹੈ, ਦੁਸ਼ਮਣੀਆਂ ਕਰਦਾ ਹੈ, ਵੈਰ-ਵਿਰੋਧ, ਕਾਮ, ਕ੍ਰੋਧ, ਮੋਹ, ਝੂਠ, ਬਿਕਾਰ, ਮਹਾਂ ਲੋਭ, ਧ੍ਰੋਹ। ਬੇਅੰਤ ਜਜ਼ਬੇ ਤੇ ਛਲ ਕਪਟ ਸਭ ਇਹਦੇ ਵਿਚੋਂ ਪੈਦਾ ਹੁੰਦੇ ਨੇ, ਪੰਜਾਂ ਤੱਤਾਂ ਦੇ ਜਿਹਨੂੰ ਪ੍ਰਾਕ੍ਰਿਤੀ ਕਹਿੰਦੇ ਨੇ। ਇਹ separate (ਅਲੱਗ) ਚੀਜ਼ ਨਹੀਂ ਹੈ। ਇਹ ਵੀ ਵਾਹਿਗੁਰੂ ਦੀ ਬਣਾਈ ਹੋਈ, ਉਸੇ ਤਰ੍ਹਾਂ ਦੇ ਨਾਲ ਹੈ ਜਿਵੇਂ ਰੂਹ ਬਣਾਈ ਹੋਈ ਹੈ। ਐਸ ਸਰੀਰ ਦੇ ਵਿੱਚ ਕੋਈ ਹੋਰ ਇੱਥੇ ਨਹੀਂ ਹੈ, ਕੇਵਲ ਪ੍ਰਮੇਸ਼ਰ ਹੈ। ਪ੍ਰਮੇਸ਼ਰ ਦੀ ਸੱਤਾ ਦੇ ਨਾਲ ਇਹ ਸਰੀਰ ਚਲਦਾ ਹੈ। ਸੋਚਦਾ ਹੈ, ਨੱਠਦਾ-ਭੱਜਦਾ ਹੈ, ਕਮਾਈ ਕਰਦਾ ਹੈ, ਖੁਸ਼ ਹੁੰਦਾ ਹੈ, ਗਮ ਵਿੱਚ ਆਉਂਦਾ ਹੈ, ਮਿਲਦਾ ਹੈ ਵਿਛੜਦਾ ਹੈ, ਲੇਕਿਨ ਪ੍ਰਮੇਸ਼ਰ ਕੇਵਲ ਸੱਤਾ ਦਿੰਦਾ ਹੈ, ਦੁੱਖ ਸੁੱਖ ਨਹੀਂ ਮੰਨਦਾ। ਹੇਠਲੀ ਨੀਵੇਂ ਪੱਧਰ ਦੀ ਸੁਰਤ ਦੁੱਖ ਸੁੱਖ ਮੰਨਦੀ ਹੈ। ਪ੍ਰਮੇਸ਼ਰ ਨਹੀਂ ਮੰਨਦਾ ਹੁੰਦਾ। ਉਹ ਅਲੱਗ-ਥਲੱਗ ਇਹਦੇ ਵਿੱਚ ਬੈਠਾ ਏਸ ਨੂੰ ਵੀ ਅਤੇ ਹੋਰ ਕਰੋੜਾਂ ਅਰਬਾਂ ਖਰਬਾਂ ਸਰੀਰਾਂ ਨੂੰ ਵੀ ਚਲਾਉਂਦਾ ਹੈ ਕਿਉਂਕਿ 84 ਲੱਖ ਜੂਨ ਹੈ। ਫੇਰ ਹੁੰਦਾ ਹੈ ਕਿ ਐਨੇ ਰੱਬ ਹੋਏ? ਰੱਬ ਤਾਂ ਇੱਕੋ ਹੀ ਹੈ, ਲੱਖ ਘੜਾ ਪਾਣੀ ਦਾ ਭਰ ਕੇ ਰੱਖ ਦਿਓ, ਲੱਖ ਤੱਸਲਾ ਪਾਣੀ ਦਾ ਭਰ ਕੇ ਰੱਖ ਦਿਓ, ਇੱਕ ਚੰਦਰਮਾ ਸਾਰਿਆਂ 'ਚ ਇੱਕੋ ਜਿਹਾ ਪ੍ਰਕਾਸ਼ ਦਿੰਦਾ ਹੈ। ਇਸ ਤਰ੍ਹਾਂ ਜਿਹੜੀ ਚੇਤਨ ਸੱਤਾ ਹੈ ਜਿਸਨੂੰ ਵਾਹਿਗੁਰੂ ਕਹਿੰਦੇ ਹਾਂ, ਜਿਹਦਾ ਆਦਿ ਅੰਤ ਅਜੇ ਤੱਕ ਕੋਈ ਪਾ ਨਹੀਂ ਸਕਿਆ, infinity (ਅਨੰਤਤਾ) ਹੈ ਹਰ ਪਾਸੇ। ਪੂਰਬ, ਪੱਛਮ, ਉੱਤਰ, ਦੱਖਣ; ਕਿਸੇ ਪਾਸੇ ਨੂੰ ਵੀ ਜਾਓ ਹਰ ਪਾਸੇ infinity (ਅਨੰਤਤਾ) ਹੈ। ਕਿਤੇ ਵੀ ਕੋਈ ਕਿਨਾਰਾ ਨਹੀਂ ਆਉਂਦਾ। ਉਪਰ ਨੂੰ ਜਾਓ ਤਾਂ (ਅਨੰਨਤਾ)! ਹੇਠਾਂ ਨੂੰ ਜਾਓ ਤਾਂ (ਅਨੰਨਤਾ)! ਪੂਰਬ, ਪਛੱਮ, ਉਤਰ ਦੱਖਣ ਕਿਤੇ ਜਾਓ ਕਿਤੇ ਵੀ ਕੋਈ ਕਿਨਾਰਾ ਨਹੀਂ ਆਉਂਦਾ ਏਸ ਕਰਕੇ ਮਹਾਰਾਜ ਕਹਿੰਦੇ ਨੇ - ***ਮਹਿਮਾ ਨ ਜਾਨਹਿ ਬੇਦ॥ ਬ੍ਰਹਮੇ ਨਹੀ ਜਾਨਹਿ ਭੇਦ ॥ ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ ॥ ਅਪਨੀ ਗਤਿ ਆਪਿ ਜਾਨੈ ॥'*** ਉਸ ਤੋਂ ਬਗੈਰ ਹੋਰ ਕੋਈ ਜਾਣਦਾ ਨਹੀਂ। ਉਹਦੀ ਸੱਤਾ ਏਸ ਸਰੀਰ ਦੇ ਵਿੱਚ ਪੈਂਦੀ ਹੈ। ਕਿੰਨਾ ਸੌਖਾ ਕਰ ਦਿੱਤਾ ਵਾਹਿਗੁਰੂ ਨੇ। ਇਹ ਜੀਵ ਮੈਂ ਤੇ ਮੇਰੀ ਦਾ ਬੰਨ੍ਹਿਆ ਹੋਇਆ, ਜਨਮਾਂ-ਜਨਮਾਂਤਰਾ 'ਚ ਘੁੰਮ ਕੇ ਛੋਟੀਆਂ-ਛੋਟੀਆਂ ਜੂਨਾਂ, ਨਖਿੱਧ ਜੂਨਾਂ ਜੋ ਰੋਜ਼ ਅਸੀਂ ਦੇਖਦੇ ਹਾਂ -

***ਕਈ ਜਨਮ ਭਏ ਕੀਟ ਪਤੰਗਾ ॥***
***ਕਈ ਜਨਮ ਗਜ ਮੀਨ ਕੁਰੰਗਾ ॥***
***ਕਈ ਜਨਮ ਪੰਖੀ ਸਰਪ ਹੋਇਓ ॥***
***ਕਈ ਜਨਮ ਹੈਵਰ ਬ੍ਰਿਖ ਜੋਇਓ ॥*** ***ਅੰਗ - 176***

ਇਨ੍ਹਾਂ ਜੂਨਾਂ ਦੇ ਵਿੱਚ ਘੁੰਮਦਾ ਰਹਿੰਦਾ ਹੈ -

*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥* *ਅੰਗ - 176*

ਬੜਾ ਚਿਰ ਲੰਘ ਜਾਂਦਾ ਹੈ, ਜਦੋਂ ਫੇਰ ਮਨੁੱਖ ਬਣ ਜਾਂਦਾ ਹੈ। ਬੜੀ ਦੇਰ ਤੋਂ ਬਾਅਦ ਇਹਦੇ ਵਿੱਚ ਇੱਕ ਵਿਸ਼ੇਸ਼ ਕੰਮ ਕਰਨਾ ਹੁੰਦਾ ਹੈ ਏਸ ਰੂਹ ਨੇ। ਬਾਕੀਆਂ 'ਚ ਨਹੀਂ। ਬਾਕੀ ਤਾਂ ਭੋਗ ਜੂਨੀਆਂ ਨੇ ਦੁਖੀ ਹੋਈ ਜਾਂਦਾ ਹੈ। ਇਹਦੇ ਵਿੱਚ ਇੱਕ ਮੌਕਾ ਹੈ ਕਿ ਇਹ ਪਰਮ ਸੁਖੀ ਹੋ ਸਕਦਾ ਹੈ, ਇਹ ਛੁਟਕਾਰਾ ਪਾ ਸਕਦਾ ਹੈ ਚੱਕਰ 'ਚੋਂ। ਕਿਵੇਂ? ਜਿਹੜੀ ਹਉਮੈ ਦੀ ਸੁਰਤ ਹੈ ਇਹ ਪੁੰਨ ਪਾਪ ਨਾਲ ਲਈ ਫਿਰਦੀ ਹੈ। ਸਰੀਰ ਧਾਰੀ ਜਾਂਦੀ ਹੈ, ਮਰ ਜਾਂਦੀ ਹੈ ਜੰਮ ਪੈਂਦੀ ਹੈ। ਪਰ ਇੱਕ ਛੁਟਕਾਰੇ ਦਾ ਤਰੀਕਾ ਰੱਖਿਆ ਹੋਇਆ ਹੈ ਵਾਹਿਗੁਰੂ ਨੇ। ਉਹਨੂੰ ਦੱਸਣ ਵਾਸਤੇ ਆਪਣੇ ਸੰਤ ਭੇਜੇ ਹੋਏ ਨੇ ਕਿ ਦੱਸ ਦਿਓ ਦੁਨੀਆਂ ਨੂੰ। ਸੰਤ ਬੇਵਸ ਹੋ ਜਾਂਦੇ ਨੇ ਕਹਿੰਦੇ, ਕਰੀਏ ਕੀ? -

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥*
*ਅੰਗ - 1378*

ਸ਼ੈਤਾਨ ਇਸਲਾਮ ਵਾਲੇ ਮੰਨਦੇ ਨੇ, ਈਸਾਈ ਮੰਨਦੇ ਨੇ; ਇਹ ਜਿਹੜੇ ਹਿੰਦੂ ਧਰਮ ਨੇ ਇਹ ਸ਼ੈਤਾਨ ਨੂੰ ਨਹੀਂ ਮੰਨਦੇ ਇਹ ਕਹਿੰਦੇ ਨੇ ਕਿ ਮਨ ਹੀ ਸ਼ੈਤਾਨ ਹੈ। ਇਹੀ ਆਦਮੀ ਨੂੰ ਭੁਲਾ ਕੇ ਰੱਖਦਾ ਹੈ, ਨਹੀਂ ਚੱਲਣ ਦਿੰਦਾ। ਸੋ ਇਸੇ ਸਰੀਰ ਦੇ ਅੰਦਰ ਵਾਹਿਗੁਰੂ ਵਸਦਾ ਹੈ, ਉਹ ਵਾਹਿਗੁਰੂ ਨੂੰ ਅਸੀਂ ਮਿਲਣਾ ਹੈ ਜੇ ਤਾਂ ਅਸੀਂ ਗਲਤ ਰਸਤੇ ਪੈ ਗਏ। ਫੇਰ ਤਾਂ ਸਾਡੀ ਜ਼ਿੰਦਗੀ ਬਤੀਤ ਹੋ ਗਈ। ਜੇ ਅਸੀਂ ਸਿੱਧੇ ਰਸਤੇ ਪੈ ਗਏ ਤਾਂ ਅਸੀਂ ਇੱਕੋ ਜਨਮ ਦੇ ਅੰਦਰ ਪ੍ਰਮੇਸ਼ਰ ਨੂੰ ਮਿਲ ਸਕਦੇ ਹਾਂ। ਇੱਕ ਜਨਮ ਵੀ ਬਹੁਤ ਹੈ ਜੇਕਰ ਤੱਤ ਬੇਤਾ ਮਹਾਂਪੁਰਸ਼ ਹੋਵੇ, ਉਹ ਮਿਲਾ ਦਿੰਦਾ ਹੈ ਜਦੇ ਹੀ, ਬਹੁਤਾ ਚਿਰ ਵੀ ਨਹੀਂ ਲਾਉਂਦਾ। ਗੁਰੂ ਮਹਾਰਾਜ ਗੁਰੂ ਦਸ਼ਮੇਸ਼ ਪਿਤਾ, ਆਪ ਜੀ ਨੂੰ ਰਾਜਾ ਰਤਨਰਾਇ ਨੇ, ਮਨੀਪੁਰ ਦੇ ਰਾਜੇ ਨੇ, ਬਹੁਤ ਸੋਹਣੇ ਤੋਹਫੇ ਲਿਆ ਕੇ ਦਿੱਤੇ। ਇੱਕ ਤਾਂ ਹਾਥੀ ਦਿੱਤਾ ਜਿਹਦੇ ਰੰਗ ਵਿੱਚ ਸਫੈਦੀ ਸੀ ਤੇ ਵਿਚਕਾਰ ਚਿੱਟੀ ਧਾਰ ਜਾਂਦੀ ਸੀ ਰੀੜ੍ਹ ਦੀ ਹੱਡੀ ਦੇ ਉਤੇ। ਉਹ ਸਿਖਲਾਇਆ ਹੋਇਆ ਸੀ, ਜੇ ਇਸ਼ਨਾਨ ਕਰਨਾ ਹੈ ਪਹਿਲਾਂ ਸਾਬਣ ਆਦਿ ਚੀਜ਼ਾਂ ਫੜਾਏਗਾ, ਫੇਰ ਪਿੰਡਾ ਸਾਫ ਕਰਨ ਵਾਸਤੇ ਪਰਨਾ ਫੜਾਉਣਾ ਹੈ, ਫੇਰ ਤੇਲ ਵਗੈਰਾ ਦੇਣਾ ਹੈ, ਫੇਰ ਵਸਤਰ ਦੇਣੇ ਨੇ ਸਾਰੇ ਵਸਤਰ ਪਹਿਨਾਏਗਾ। ਉਸ ਤੋਂ ਬਾਅਦ ਸ਼ਾਬਾਸ਼ ਲੈ ਕੇ ਫੇਰ ਉਪਰ ਜਾਂਦਾ ਹੈ। ਕੋਈ ਉਥੇ ਲਿੱਦ ਨਹੀਂ ਕਰਦਾ, ਕੋਈ ਪਿਸ਼ਾਬ ਨਹੀਂ ਕਰਦਾ, ਸੁੱਚਾ ਰੱਖਦਾ ਹੈ ਥਾਂ। ਇਹ ਸਿਖਾਇਆ ਹੋਇਆ ਸੀ। ਦੂਸਰਾ ਉਨ੍ਹਾਂ ਨੇ ਇੱਕ ਪੰਜ ਕਲਾ ਹਥਿਆਰ ਦਿੱਤਾ, ਓਹੀ ਹਥਿਆਰ ਕਲਾ ਦੱਬਣ 'ਤੇ ਬਰਛਾ ਬਣ ਜਾਂਦਾ ਸੀ, ਗੰਡਾਸਾ ਬਣ ਜਾਂਦਾ ਸੀ। ਤਲਵਾਰ ਬਣ ਜਾਂਦੀ ਸੀ। ਖੰਜਰ ਬਣ ਜਾਂਦਾ ਸੀ, ਇੱਕੋ ਹੀ ਹਥਿਆਰ ਸੀ, ਪੰਜ ਕਲਾ ਹਥਿਆਰ ਕਹਿੰਦੇ ਸੀ। ਇੱਕ ਚੌਂਕੀ ਦਿੱਤੀ ਹੋਈ ਸੀ ਚੰਦਨ ਦੀ। ਜਿਸ

'ਤੇ ਬੈਠ ਕੇ ਇਸ਼ਨਾਨ ਕੀਤਾ ਜਾਂਦਾ ਸੀ ਤੇ ਨਾਲ ਪੁਤਲੀਆਂ ਸੀ। ਜਿਹੜੀਆਂ ਆਪਣੀਆਂ-ਆਪਣੀਆਂ ਚੀਜ਼ਾਂ ਲੈ ਕੇ ਸਾਮ੍ਹਣੇ ਖੜ੍ਹਦੀਆਂ ਸੀ ਹੱਥ ਜੋੜ ਕੇ। ਬੜੀਆਂ ਵਚਿੱਤਰ ਵਸਤਾਂ ਸੀ, ਇਹ ਜਿਹੜਾ ਭੀਮ ਸੈਨ ਸੀ, ਬਿਲਾਸਪੁਰ ਦਾ ਰਾਜਾ। ਇਹਨੂੰ ਪਤਾ ਲੱਗਿਆ, ਇਹ ਗੁਰੂ ਮਹਾਰਾਜ ਕੋਲ ਆਇਆ। ਇਹ ਕਹਿਣ ਲੱਗਿਆ ਕਿ ਮੇਰੇ ਲੜਕੇ ਦੀ ਸ਼ਾਦੀ ਹੈ, ਚੀਜ਼ਾਂ ਮੈਨੂੰ ਦੇ ਦਿਓ, ਗੁਰੂ ਮਹਾਰਾਜ ਭਾਂਪ ਗਏ ਕਿ ਚੀਜ਼ਾਂ ਦੇਣੀਆਂ ਕੀ, ਮੁੜ ਕੇ ਆਉਣੀਆਂ ਹੀ ਨਹੀਂ, ਦੱਬਣ ਦੀ ਸਲਾਹ ਨਾਲ ਆਇਆ, ਮਹਾਰਾਜ ਕਹਿੰਦੇ ਪਿਆਰਿਆ! ਮੇਰੀਆਂ ਹੁੰਦੀਆਂ ਤਾਂ ਮੈਂ ਦੇ ਦਿੰਦਾ, ਇਹ ਤਾਂ ਸੰਗਤ ਦੀਆਂ ਚੀਜ਼ਾਂ ਨੇ। ਇਹ ਨਹੀਂ ਜਾ ਸਕਦੀਆਂ ਗੁਰੂ ਘਰ ਤੋਂ ਬਾਹਰ। ਵੈਰ ਮਨ ਵਿੱਚ ਉੱਠ ਖੜ੍ਹਿਆ। ਸਾਰੇ ਸਿਆਣਿਆ ਨੇ ਸਲਾਹ ਕਰੀ ਕਿ ਕਿਸੇ ਲਾਂਭੇ ਚੱਲੀਏ ਤਾਂ ਆਪ ਉਥੋਂ ਕਾਫੀ ਦੂਰ ਸੌ ਕਿਲੋਮੀਟਰ, ਸਵਾ ਸੌ ਕਿਲੋਮੀਟਰ ਪਾਉਂਟਾ ਸਾਹਿਬ ਪਹੁੰਚ ਜਾਂਦੇ ਨੇ, ਜਿੱਥੇ ਚਾਰੇ ਪਾਸੇ ਪਹਾੜੀਆਂ ਨਾਲ ਘਿਰਿਆ ਹੋਇਆ ਇਲਾਕਾ ਹੈ। ਕੋਲ ਦੀ ਗੰਗਾ ਜਾਂਦੀ ਹੈ, ਜਮਨਾ ਜਾਂਦੀ ਹੈ ਹਰ ਵਕਤ। ਉਹ ਥਾਂ ਰਾਜਾ ਮੇਦਨੀ ਪ੍ਰਕਾਸ਼ ਨੇ ਦਿਖਾਇਆ, ਮਹਾਰਾਜ ਨੂੰ ਪਸੰਦ ਆਇਆ। ਉਥੇ ਆਪ ਨੇ ਡੇਰਾ ਕਰ ਲਿਆ। ਨੇੜੇ ਹੀ ਉਹ ਕਹਿੰਦਾ 15 ਮੀਲ 'ਤੇ ਜੰਗਲ ਦੇ ਵਿੱਚ ਇੱਕ ਮਹਾਤਮਾ ਜਿਸਨੇ ਬੜੀ ਹੀ ਮਿਹਨਤ ਕੀਤੀ ਸੀ, ਸਾਰੇ ਸਾਧਨ ਕੀਤੇ ਸੀ ਨਿਉਲੀ, ਧੋਤੀ, ਬਸਤੀ, ਕਪਾਲੀ, ਤ੍ਰਾਟਕ, ਭਾਠੀ, ਇਹ ਸਾਰੇ ਸਾਧਨ ਕਰੇ। ਇਨ੍ਹਾਂ ਦੇ ਨਾਲ ਰਿੱਧੀਆਂ ਸਿੱਧੀਆਂ ਆ ਗਈਆਂ। ਰੱਬ ਹੋਰ ਚੀਜ਼ ਹੁੰਦਾ ਹੈ, ਸ਼ਕਤੀਆਂ ਹੋਰ ਚੀਜ਼ ਹੁੰਦੀਆਂ ਨੇ। ਉਥੇ ਦੇ ਰਾਜੇ ਆਉਣੇ ਸ਼ੁਰੂ ਹੋ ਗਏ, ਜਦੋਂ ਕੋਈ ਕਿਸੇ ਦਾ ਕੰਮ ਨਹੀਂ ਬਣਦਾ ਇਹਦੇ ਕੋਲ ਜਾਂਦੇ ਨੇ। ਲੇਕਿਨ ਇਹ ਇੱਥੇ ਰੁਕਿਆ ਨਹੀਂ ਹੈ, ਇਹਦੇ ਮਨ ਵਿੱਚ ਆਸਾ ਹੈ ਕਿ ਮਨੁੱਖ ਦਾ ਜਾਮਾ ਪ੍ਰਾਪਤ ਹੋਇਆ ਹੈ ਪਰ ਰਿੱਧੀ-ਸਿੱਧੀ -

***ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥***

***ਅੰਗ - 593***

ਇਹ ਤਾਂ ਮਾੜੀਆਂ ਚੀਜ਼ਾਂ ਨੇ, ਮੈਨੂੰ ਤਾਂ ਪ੍ਰਮੇਸ਼ਰ ਦੇ ਦਰਸ਼ਨ ਦੀ ਲੋੜ ਹੈ। ਅਜੇ ਤੱਕ ਦਰਸ਼ਨ ਹੋਏ ਨਹੀਂ ਤੇ ਇਹਦੇ ਅੰਦਰੋਂ ਐਸੀ ਹੂਕ ਨਿਕਲਦੀ ਹੈ ਪੜ੍ਹੋ ਪਿਆਰ ਨਾਲ -

***ਧਾਰਨਾ - ਹਰਿ ਦਰਸ਼ਨ ਕੀ ਆਸਾ***
***ਮੇਰੇ ਮਨ ਹਰਿ ਦਰਸ਼ਨ ਕੀ ਆਸਾ।***

ਇੱਕੋ ਆਸ ਲੱਗੀ ਹੋਈ ਹੈ, ਰਿੱਧੀਆਂ-ਸਿੱਧੀਆਂ, ਸ਼ਕਤੀਆਂ ਸਭ ਹਾਰ ਗਈਆਂ ਪਰ ਅਜੇ ਤੱਕ ਪ੍ਰਮੇਸ਼ਰ ਤਾਂ ਮਿਲਿਆ ਨਹੀਂ -

***ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥***

***ਅੰਗ - 338***

ਰਸਤਾ ਉਡੀਕਦੀ ਹੈ ਕਾਮਨੀ, ਅੱਖਾਂ ਦੇ ਵਿਚੋਂ ਹੰਝੂ ਜਾਂਦੇ ਨੇ, ਅੰਦਰੋਂ ਹਉਕੇ ਆਉਂਦੇ ਨੇ -

***ਉਰ ਨਾ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ ॥***

***ਅੰਗ - 338***

ਕਾਉਂ ਆ ਕੇ ਬੈਠਦੇ ਨੇ, ਕਾਵਾਂ! ਕੋਈ ਤਾਂ ਮੈਨੂੰ ਸੋਝੀ ਦੱਸ, ਕੋਈ ਆਉਂਦਾ ਹੈ ਪ੍ਰਮੇਸ਼ਰ ਨੂੰ ਮਿਲਾਉਣ ਵਾਲਾ -

***ਉਡਹੁ ਨ ਕਾਗਾ ਕਾਰੇ ॥***
***ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ ॥***
***ਕਹਿ ਕਬੀਰ ਜੀਵਨ ਪਦ ਕਾਰਨਿ ਹਰਿ ਕੀ ਭਗਤਿ ਕਰੀਜੈ ॥***
***ਏਕੁ ਆਧਾਰੁ ਨਾਮੁ ਨਾਰਾਇਨ ਰਸਨਾ ਰਾਮੁ ਰਵੀਜੈ ॥***

***ਅੰਗ - 338***

ਬਾਰ-ਬਾਰ ਬੇਨਤੀਆਂ ਨਿਕਲਦੀਆਂ ਨੇ, ਜਦੋਂ ਵੀ ਕੋਈ ਆਉਂਦਾ ਹੈ ਮਹਾਂਪੁਰਸ਼ ਮਿਲਣ ਗਿਲਣ ਆਉਂਦਾ ਹੈ, ਰਸਤੇ 'ਚ ਜਾਂਦਾ ਠਹਿਰ ਜਾਂਦਾ ਹੈ, ਇੱਕੋ ਹੀ ਉਹਦੇ ਕੋਲ ਇਹ ਸਵਾਲ ਕਰਦਾ ਹੈ, ਪੜ੍ਹੋ ਪਿਆਰ ਨਾਲ -

***ਧਾਰਨਾ - ਮੈਨੂੰ ਦੱਸਣਾ ਰਾਮ ਪਿਆਰਿਓ!***
***ਕਿਨ ਬਿਧ ਮਿਲਦੈ ਰਾਮ ਪਿਆਰਾ।***

ਹਰ ਵਕਤ ਆਸ ਲੱਗੀ ਰਹਿੰਦੀ ਹੈ, ਮਹਾਰਾਜ ਕਹਿੰਦੇ ਜਿਹਦੇ ਮਨ 'ਚ ਆਸ ਲੱਗ ਜਾਏ, ਉਹ ਕੋਈ ਮਾਮੂਲੀ ਬੰਦਾ ਨਹੀਂ ਹੁੰਦਾ। ਅਸੀਂ ਬਲਿਹਾਰ ਜਾਂਦੇ ਹਾਂ ਜਿਹਦੇ ਮਨ ਵਿੱਚ ਪ੍ਰਮੇਸ਼ਰ ਦੇ ਮਿਲਣ ਦੀ ਆਸ ਹੈ -

***ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥***
***ਨਾਨਕ ਤਾ ਕੈ ਬਲਿ ਬਲਿ ਜਾਸਾ ॥*** ***ਅੰਗ - 266***

ਪਿਆਸ ਤੋਂ ਹੀਣੇ ਹਾਂ, ਖੁਸ਼ਕ ਹਾਂ। ਪ੍ਰਕ੍ਰਿਤੀ ਦੀਆਂ ਚੀਜ਼ਾਂ ਪ੍ਰਾਪਤ ਕਰਨ ਦੀ ਪਿਆਸ ਲਗਦੀ ਹੈ, ਪੈਸਾ ਆਹੁਦਾ, ਜ਼ਮੀਨ ਜਾਇਦਾਦ, ਕੋਠੀਆਂ, ਇੰਡਸਟਰੀਆਂ; ਸਭ ਪਿਆਸ ਲਗਦੀ ਹੈ ਆਦਮੀ ਦੇ ਮਨ ਦੇ ਅੰਦਰ। ਕੋਈ-ਕੋਈ, ਟਾਂਵਾ-ਟਾਂਵਾ ਪੁਰਸ਼ ਹੁੰਦਾ ਹੈ ਜਿਹਦੇ ਮਨ ਵਿੱਚ ਪਿਆਸ ਹੁੰਦੀ ਹੈ ਪ੍ਰਮੇਸ਼ਰ ਦੇ ਮਿਲਣ ਦੀ। ਕਹਿੰਦੇ, ਜਿਹਦੇ ਮਨ ਵਿੱਚ ਪਿਆਸ ਪ੍ਰਮੇਸ਼ਰ ਦੇ ਮਿਲਣ ਦੀ ਆਸ ਹੈ, ਮੈਂ ਬਲਿਹਾਰ ਜਾਂਦਾ ਹਾਂ ਗੁਰੂ ਮਹਾਰਾਜ ਕਹਿੰਦੇ। ਸੈਂਕੜੇ ਵਾਰੀ ਬਲਿਹਾਰ ਜਾਂਦਾ ਹਾਂ, ਕਿਉਂਕਿ ਉਹਦੇ ਅੰਦਰ ਪਿਆਸ ਲੱਗ ਗਈ ਤੇ ਉਹਨੂੰ ਕੋਈ ਨਾ ਕੋਈ ਮਿਲਾ ਵੀ ਜ਼ਰੂਰ ਦੇਵੇਗਾ, ਜਿਹਦੇ ਅੰਦਰ ਪਿਆਸ ਨਹੀਂ ਉਹਨੂੰ ਕੌਣ ਮਿਲਾ ਦੇਵੇਗਾ। ਲੋਚਾ ਹੀ ਨਹੀਂ ਹੈ ਜੇ ਅੰਦਰ, ਮਿਲਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਬਾਰ-ਬਾਰ ਬੇਨਤੀਆਂ ਕਰਦਾ ਹੈ, ਜੋ ਵੀ ਕੋਈ ਆਉਂਦਾ ਹੈ ਨੇੜੇ -

***ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥***
***ਕੋਈ ਐਸਾ ਸੰਤੁ ਸਹਜ ਸੁਖਦਾਤਾ***
***ਮੋਹਿ ਮਾਰਗੁ ਦੇਇ ਬਤਾਈ ॥*** ***ਅੰਗ - 205***

ਹੇ ਮੇਰੇ ਰਾਮ ਕੋਈ ਐਸਾ ਜਿਹੜਾ ਮੈਨੂੰ ਤੇਰਾ ਰਾਹ ਦੱਸ ਦੇਵੇ। ਮੈਂ

ਅਣਜਾਣ ਹਾਂ ਮੈਨੂੰ ਰਸਤੇ ਦਾ ਪਤਾ ਨਹੀਂ। ਕਿਸੇ ਨੂੰ ਵੀ ਨਹੀਂ ਪਤਾ। ਬਾਬਾ ਫਰੀਦ, ਬਾਰ੍ਹਾਂ ਸਾਲ ਤਪ ਕਰਿਆ। ਬਹੁਤ ਘੋਰ ਤਪਸਿਆ ਕਰਕੇ, ਸ਼ਕਤੀਆਂ ਆ ਗਈਆਂ। ਮਾਂ ਨੂੰ ਮਿਲਣ ਵਾਸਤੇ ਆਉਂਦਾ ਹੈ। ਰਸਤੇ 'ਚ ਇੱਕ ਸੰਘਣਾ ਦਰਖਤ ਦੇਖ ਕੇ, ਗਰਮੀ ਤੋਂ ਬਚਣ ਵਾਸਤੇ ਬੈਠ ਗਿਆ। ਹਵਾ ਆ ਰਹੀ ਹੈ ਤੇ ਉਥੇ ਦਰਖਤ ਦੇ ਉਤੇ ਚੋਗਾ ਚੁਗ ਕੇ ਪੰਛੀ ਬੈਠੇ ਚੀਂ- ਚੀਂ-ਚੀਂ-ਚੀਂ ਆਪਣੀ-ਆਪਣੀ ਬੋਲੀ, ਬੋਲੀ ਜਾਂਦੇ ਨੇ। ਇਹਨੂੰ ਚੰਗੀ ਨਾ ਲੱਗੀ, ਖਿੱਝ ਰਿਹਾ ਹੈ। ਖਿੱਝ ਕੇ ਇਹਨੇ ਕਿਹਾ ਮਰ ਵੰਞੋ ਪੰਛੀਓ। ਸਾਰੇ ਹੀ ਮਰ ਗਏ, ਖਿਆਲ ਆਇਆ ਕਿ ਮੇਰਾ ਕੀ ਵਿਗਾੜਿਆ ਹੈ ਇਨ੍ਹਾਂ ਨੇ, ਬੋਲਦੇ ਸੀ ਖੁਸ਼ੀ ਦੇ ਨਾਲ, ਮੈਂ ਤਾਂ ਇੱਕ ਗੁਨਾਹ-ਏ-ਅਜ਼ੀਮ ਕਰ ਦਿੱਤਾ, ਇਹਦਾ ਲੇਖਾ ਮੈਨੂੰ ਦੇਣਾ ਪੈਣਾ ਹੈ, ਦਰਗਾਹ ਦੇ ਅੰਦਰ ਕਿ ਤੇਰਾ ਕੀ ਵਿਗਾੜਦੇ ਸੀ, ਤੂੰ ਸਾਰੇ ਹੀ ਮਾਰ ਦਿੱਤੇ। ਉਸ ਵੇਲੇ ਕਹਿਣ ਲੱਗਿਆ, ਜੀਅ ਵੰਞੋ ਪੰਛੀਓ। ਜਿਉਂਦੇ ਹੋ ਗਏ ਸਾਰੇ, ਅੰਦਰੋਂ ਬੜੀ ਖੁਸ਼ੀ ਹੋਈ ਕਿ ਮੇਰੇ ਵਿੱਚ ਇਹ ਤਾਕਤ ਆ ਗਈ, ਮੈਂ ਜਿਉਂਦੇ ਵੀ ਕਰ ਸਕਦਾ ਹਾਂ, ਮਾਰ ਵੀ ਸਕਦਾ ਹਾਂ। ਪੰਦਰਾਂ ਮੀਲ ਜੰਗਲ ਦੇ ਅੰਦਰ ਹੋਰ ਚੱਲ ਕੇ ਬਾਹਰ ਆ ਗਿਆ। ਪਿਆਸ ਲੱਗੀ ਬਹੁਤ ਜ਼ਿਆਦਾ, ਉਥੇ ਹੀ ਇੱਕ ਲੜਕੀ, ਖੂਹ ਸੀਗਾ, ਖੂਹ ਵਿੱਚ ਲੱਜ ਦੇ ਨਾਲ ਡੋਲ (ਬਾਲਟੀ) ਫਿਰ੍ਹਾ ਲੈਂਦੀ ਸੀ, ਪਾਣੀ ਡੋਲ੍ਹ ਦਿੰਦੀ ਸੀ। ਇਹਨੇ ਕਿਹਾ, ਏ ਲੜਕੀ! ਦਰਵੇਸ਼ ਕੋ ਪਾਣੀ ਪਿਲਾਓ, ਪਿਆਸ ਲੱਗੀ ਹੈ। ਕਹਿੰਦੀ, ਬਾਬਾ! ਇੱਥੇ ਬਹਿ ਜਾ। ਹੈਰਾਨ ਹੋ ਗਿਆ ਕਿ ਪਾਣੀ ਡੋਲ੍ਹੀ ਜਾਂਦੀ ਹੈ, ਪਿਲਾਉਂਦੀ ਨਹੀਂ ਮੈਨੂੰ। ਮੈਨੂੰ ਕਹਿੰਦੀ ਹੈ ਬਹਿ ਜਾ, ਮੈਨੂੰ ਜਾਣਦੀ ਨਹੀਂ ਇਹ ਕਿ ਮੈਂ ਕੌਣ ਹਾਂ? ਜੇ ਮੈਂ ਇੱਕ ਵਾਰੀ ਕਹਿ ਦਿੱਤਾ ਕਿ ਖੂਹ ਵਿੱਚ ਗਿਰ ਜਾ, ਕਹਿੰਦਾ ਇੱਕ ਮਿੰਟ 'ਚ ਗਿਰ ਜਾਏਗੀ। ਐਨੀ ਤਾਕਤ ਹੈ ਮੇਰੇ 'ਚ। ਉਹ ਲੜਕੀ ਮੁਸਕਰਾ ਪਈ, ਅੰਦਰਲੀ ਗੱਲ ਉਹਦੇ ਕੋਲ ਪਹੁੰਚ ਗਈ। ਐਨੇ ਨੂੰ ਫੇਰ ਕੋਈ ਪਾਣੀ ਪੀਣ ਆਇਆ, ਉਹਨੇ ਫੇਰ ਉਸਨੂੰ ਪਾਣੀ ਪਿਲਾ ਦਿੱਤਾ। ਇਹ ਕਹਿਣ ਲੱਗਿਆ, ਐ ਲੜਕੀ! ਦਰਵੇਸ਼ ਨੇ ਕਿਤਨੇ ਬਾਰ ਪਾਣੀ ਪਿਲਾਨੇ ਕੋ ਕਹਾ, ਤੂੰ ਜਾਨਤੀ ਨਹੀਂ ਮੈਂ ਕੌਨ ਹੂੰ? ਕਹਿੰਦੀ! ਬਾਬਾ ਫਰੀਦ ਹੈਂ ਤੂੰ, ਮੈਂ ਤੈਨੂੰ ਚੰਗੀ ਤਰ੍ਹਾਂ ਜਾਣਦੀ ਹਾਂ, ਇਹ ਚਿੜੀਆਂ ਨਹੀਂ ਜਿਹੜੀਆਂ ਮਾਰ ਦਏਂਗਾ ਤੇ ਫੇਰ ਜਿਉਂਦੀਆਂ ਕਰ ਦਏਂਗਾ। ਬਹਿ ਜਾ ਟਿਕ ਕੇ, ਮਾਣ ਕਰਦਾ ਹੈਂ ਕਹਿੰਦੀ ਸ਼ਕਤੀਆਂ ਦਾ।

ਬਾਬੇ ਫਰੀਦ ਦੀ ਪਾਣੀ ਦੀ ਪਿਆਸ ਤਾਂ ਕਿਧਰੇ ਗਈ। ਉਸ ਵੇਲੇ ਖਿਆਲ ਆ ਗਿਆ ਕਿ ਹੈਂ! ਮੈਨੂੰ ਨਹੀਂ ਪਤਾ ਕਿ ਇਹ ਪਾਣੀ ਕਿਉਂ ਡੋਲ੍ਹਦੀ ਹੈ, ਇਹਨੂੰ ਪਤਾ ਹੈ ਕਿ ਮੈਂ ਚਿੜੀਆਂ ਮਾਰੀਆਂ ਸੀ ਤੇ ਜੀਉਂਦੀਆਂ ਕਰ ਦਿੱਤੀਆਂ ਸੀ। ਅਰ ਮੇਰੇ ਤਪ ਨੂੰ ਸਮਝਦੀ ਕੁਛ ਨਹੀਂ ਮੈਂ ਤਾਂ ਇਹ ਸੋਚਦਾ ਹਾਂ ਕਿ ਇਹਨੂੰ ਫੁਰਨਾ ਕਰਕੇ ਖੂਹ ਵਿੱਚ ਸੁੱਟ ਦੇਵਾਂ ਤੇ ਇਹ ਕਹਿੰਦੀ ਹੈ ਕਿ ਇਹ ਚਿੜੀਆਂ ਨਹੀਂ ਜਿਹੜੀਆਂ ਮਾਰ ਦੇਵੇਂਗਾ। ਠਰ ਗਿਆ ਬਿਲਕੁਲ ਸ਼ਕਤੀ ਨਹੀਂ ਆ ਰਹੀ। ਪਾਣੀ ਡੋਲੀ ਗਈ, ਡੋਲਣ ਤੋਂ ਬਾਅਦ ਲੜਕੀ ਨੇ ਕਿਹਾ, ਆਓ ਦਰਵੇਸ਼! ਹੁਣ ਪਾਣੀ ਪੀਓ। ਕਹਿੰਦਾ,

ਬੀਬਾ! ਹੁਣ ਮੈਂ ਕਾਹਦਾ ਪਾਣੀ ਪੀਵਾਂ। ਮੇਰੇ ਤਾਂ ਅੰਦਰ ਸੰਸਾ ਖੜ੍ਹਾ ਹੋ ਗਿਆ। ਪਹਿਲਾਂ ਮੈਨੂੰ ਦਸ ਕਿ ਤੂੰ ਪਾਣੀ ਕਿਉਂ ਡੋਲ੍ਹਦੀ ਸੀ। ਉਹ ਕਹਿੰਦੀ, ਐਵੇਂ ਹੀ ਦਰਵੇਸ਼ ਬਣਿਆ ਫਿਰਦਾ ਹੈਂ, ਤੈਨੂੰ ਪਤਾ ਨਹੀਂ ਹੈ ਕਿ ਮੈਂ ਪਾਣੀ ਕਿਉਂ ਡੋਲ੍ਹਦੀ ਹਾਂ। ਦੂਜਾ ਤੈਨੂੰ ਕਿਵੇਂ ਪਤਾ ਹੈ ਕਿ ਮੈਂ ਚਿੜੀਆਂ ਮਾਰੀਆਂ ਸੀ, ਜਿਉਂਦੀਆਂ ਕੀਤੀਆਂ। ਕਹਿਣ ਲੱਗੀ, ਦਰਵੇਸ਼ ਸਾਂਈਂ! ਸਾਡੇ ਤੋਂ ਕੋਈ ਗੱਲ ਵੀ ਗੁੱਝੀ ਨਹੀਂ ਹੈ, ਇਹ ਤਾਂ ਤੂੰ ਪੰਦਰਾਂ ਮੀਲ 'ਤੇ ਹੀ ਕੰਮ ਕਰਿਆ ਸੀ, ਵੀਹ ਮੀਲ ਦੇ ਉਤੇ ਮੇਰੀ ਭੈਣ ਹੈ ਉਹਦਾ ਘਰ ਹੈ ਉਹ ਮਹਾਂਪੁਰਸ਼ਾਂ ਦੀ ਸੰਗਤ ਵਿੱਚ ਗਈ ਹੈ, ਅਚਾਨਕ ਉਸ ਦੇ ਘਰ ਨੂੰ ਅੱਗ ਲੱਗ ਗਈ। ਮੈਂ ਡੋਲ ਲਿਆ ਕੇ, ਪਾਣੀ ਡੋਲ੍ਹ-ਡੋਲ੍ਹ ਕੇ ਉਹਨੂੰ ਬੁਝਾਉਂਦੀ ਸੀ, ਹੁਣ ਬੁਝ ਗਈ। ਤੈਨੂੰ ਨਹੀਂ ਦਿੱਸਿਆ ਕਿ ਮੈਂ ਅੱਗ ਬੁਝਾ ਰਹੀ ਹਾਂ? ਕਾਹਦਾ ਦਰਵੇਸ਼ ਹੈਂ ਤੂੰ?

ਆਪਣੀ ਸ਼ਕਤੀ ਦੀ ਜਿਹੜੀ ਹਉਮੈ ਸੀ ਉਹ ਸਾਰੀ ਜ਼ੀਰੋ ਪੁਆਇੰਟ 'ਤੇ ਆ ਗਈ ਕਿ ਮੈਂ ਹੁਣ ਕੀ ਜਵਾਬ ਦੇਵਾਂ, ਇਹ ਪਾਣੀ ਕਿਉਂ ਡੋਲ੍ਹਦੀ ਸੀ। ਆਖਿਰ ਪੁੱਛਿਆ ਤੇ ਕਿਹਾ ਕਿ ਮੈਂ ਨਹੀਂ ਦੇਖਿਆ।

ਕਹਿੰਦਾ ਬੀਬੀ! ਇੱਕ ਗੱਲ ਦੱਸ, ਤੇਰੀ ਉਮਰ 20-22 ਸਾਲ ਦੀ ਹੈ, ਬਹੁਤੀ ਨਹੀਂ ਹੈ। ਮੈਂ ਤੀਹ ਸਾਲ ਦਾ ਹੋ ਗਿਆ। ਮੈਂ ਘੋਰ ਤਪੱਸਿਆਵਾਂ ਕੀਤੀਆਂ ਜੰਗਲ ਦੇ ਅੰਦਰ, ਭੁੱਖਾ ਰਿਹਾ, ਖੜ੍ਹਾ ਰਿਹਾ ਹਾਂ। ਦਰਖਤਾਂ ਨਾਲ ਲਟਕਦਾ ਰਿਹਾ ਹਾਂ ਤੇ ਤੈਨੂੰ ਘਰ ਵਿੱਚ ਬੈਠੀ ਨੂੰ ਕਿਵੇਂ ਐਨੀ ਸ਼ਕਤੀ ਮਿਲ ਗਈ?

ਕਹਿੰਦੀ, ਦਰਵੇਸ਼ ਸਾਂਈਂ! ਅਸੀਂ ਪਤੀਵਰਤਾ ਔਰਤਾਂ ਹਾਂ, ਸਾਡਾ ਸੰਤ ਵੀ ਸਾਡਾ ਪਤੀ ਹੁੰਦਾ ਹੈ, ਸਾਡਾ ਰੱਬ ਵੀ ਸਾਡਾ ਪਤੀ ਹੁੰਦਾ ਹੈ, ਅਸੀਂ ਉਸਨੂੰ ਪ੍ਰਮੇਸ਼ਰ ਨਿਸ਼ਚਾ ਕਰਕੇ ਪੂਜਦੀਆਂ ਹਾਂ। ਉਹ ਸਾਡੇ ਨਿਸ਼ਚੇ ਦੇ ਵਿਚੋਂ ਸ਼ਕਤੀ ਪਤੀਵਰਤਾ ਇਸਤ੍ਰੀ 'ਚ ਕੁਦਰਤੀ ਆ ਜਾਂਦੀ ਹੈ। ਉਹ ਜੇ ਚਾਹੇ ਸੂਰਜ ਦੀ ਚਾਲ ਰੋਕ ਦਿੰਦੀ ਹੈ। ਧਰਤੀ ਨੂੰ ਰੋਕ ਦਿੰਦੀ ਹੈ, ਤਾਰੇ ਘੁੰਮਣ ਤੋਂ ਰੋਕ ਦਿੰਦੀ ਹੈ। ਸਮੁੰਦਰ ਨੂੰ ਉਛਲਣ ਤੋਂ ਰੋਕ ਦਿੰਦੀ ਹੈ। ਮਾਮੂਲੀ ਸ਼ਕਤੀ ਹੈ, ਲੱਖਾਂ ਸਾਲ ਕਰੋੜਾਂ ਸਾਲ ਆਪਣੇ ਪਤੀ ਨੂੰ ਬੈਕੁੰਠ ਧਾਮ 'ਚ ਲੈ ਜਾਂਦੀ ਹੈ, ਐਨੀ ਸੱਤਿਆ ਉਹਦੇ 'ਚ ਆ ਜਾਂਦੀ ਹੈ। ਸੋ ਅਸੀਂ ਪਤੀਵਰਤਾ ਇਸਤ੍ਰੀਆਂ ਹਾਂ, ਅਸੀਂ ਤੇਰੇ ਵਰਗੇ ਜ਼ੋਹਦ ਕੀ ਕਰਨੇ ਨੇ, ਅਸੀਂ ਤਾਂ ਪਤੀ ਸੇਵਾ ਕਰਦੀਆਂ ਹਾਂ। ਉਥੋਂ ਚੁੱਪ ਕਰਕੇ ਆ ਗਿਆ ਕਿ ਇਹ ਤਾਂ ਕੁਛ ਵੀ ਨਾ ਹੋਇਆ ਮੇਰਾ ਬਾਰ੍ਹਾਂ ਸਾਲ 'ਚ। ਮੈਂ ਤਾਂ ਵੱਡੇ-ਵੱਡੇ ਪੀਰਾਂ ਕੋਲ ਜਾ ਕੇ ਅਭਿਮਾਨ ਕਰਦਾ ਸੀ। ਬਣਿਆ ਕੁਛ ਨਹੀਂ, ਮਾਂ ਦੇ ਕੋਲ ਚਲਿਆ ਗਿਆ, ਮਾਂ ਨੂੰ ਗੱਲ ਦੱਸੀ, ਕਹਿੰਦੀ ਫਰੀਦਾ! ਅਜੇ ਦਿੱਲੀ ਬੜੀ ਦੂਰ ਹੈ। ਜਾਹ ਫੇਰ ਤਪਸਿਆ ਕਰ। ਦੁਬਾਰਾ ਜਾ ਕੇ ਫੇਰ ਤਪਸਿਆ ਕਰਦਾ ਹੈ। ਪੁੱਠਾ ਲਟਕਦਾ ਹੈ, ਖਾਂਦਾ ਪੀਂਦਾ ਕੁਛ ਨਹੀਂ ਹੈ, ਖੜ੍ਹਾ ਰਹਿੰਦਾ ਹੈ। ਸੁੱਕ ਗਿਆ, ਸੁੱਕਿਆ ਵੀ ਐਨਾ -

***ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥***

***ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥***

***ਅੰਗ - 1382***

ਸੁੱਕ ਗਿਆ, ਤਲੀਆਂ ਦੇ ਉਤੇ ਆ ਕੇ ਕਾਵਾਂ ਨੇ ਠੂੰਗਾਂ ਮਾਰੀਆਂ। ਕਹਿੰਦਾ, ਦੇਖੋ ਮੇਰੀ ਕਿਸਮਤ ਕਿਹੋ ਜਿਹੀ ਹੈ, ਅਜੇ ਵੀ ਰੱਬ ਨਹੀਂ ਬਹੁੜਿਆ। ਕਾਉਂ ਅੱਖ ਦੇ ਉਤੇ ਚੁੰਝ ਮਾਰਨ ਲੱਗਿਆ ਅਧਮੋਇਆ ਸਮਝ ਕੇ। ਉਹਨੂੰ ਕਹਿੰਦਾ ਹੈ, ਹੇ ਕਾਵਾਂ! ਮੇਰਾ ਮਾਸ ਤਾਂ ਤੂੰ ਖਾ ਲਿਆ। ਉਹ ਖਾ ਲੈ ਮੈਂ ਤਾਂ ਤੈਨੂੰ ਕੁਛ ਨਹੀਂ ਕਹਿੰਦਾ, ਮੇਰੀਆਂ ਅੱਖਾਂ ਨਾ ਖਾ ਲਈਂ ਕਿਤੇ। ਮੈਂ ਰੱਬ ਦੇ ਦਰਸ਼ਨ ਕਰ ਰਿਹਾ ਹਾਂ -

***ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ॥***
***ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥***

***ਅੰਗ - 1382***

ਦੇਖੀਂ ਮੈਨੂੰ ਪਿਰ ਦੇਖਣ ਦੀ ਆਸ ਹੈ, ਕਿਤੇ ਐਸਾ ਨਾ ਹੋਵੇ ਤੂੰ ਮੇਰੀ ਅੱਖ ਖਾ ਜਾਏਂ। ਮੈਂ ਕਾਹਦੇ ਨਾਲ ਦੇਖਾਂਗਾ। ਬੜੀਆਂ ਸ਼ਕਤੀਆਂ ਆ ਗਈਆਂ, ਅਖੀਰ ਵੱਡੇ-ਵੱਡੇ ਸੰਤਾਂ ਨੂੰ ਮਿਲਣ ਵਾਸਤੇ ਚਲਿਆ ਗਿਆ। ਇੱਕ ਮਹਾਤਮਾ ਨੂੰ ਮਿਲਿਆ। ਉਹਨੇ ਕਿਹਾ ਫਰੀਦਾ ਕਿੱਥੇ ਕੁ ਪਹੁੰਚ ਗਿਆ। ਇਹਨੇ ਉਹਦੀ ਕੁਰਸੀ ਵੱਲ ਨਿਗ੍ਹਾ ਕਰ ਦਿੱਤੀ। ਛੇ ਫੁੱਟ ਉੱਚੀ ਕੁਰਸੀ ਚੁੱਕ ਦਿੱਤੀ। ਜਦੋਂ ਛੇ ਫੁੱਟ ਚਲੀ ਗਈ ਉਤੇ ਨੂੰ ਹੋਰ ਜਾਣ ਲੱਗੀ, ਮਹਾਤਮਾ ਨੇ ਹੇਠਾਂ ਵੱਲ ਨੂੰ ਹੱਥ ਮਾਰਿਆ। ਹੱਥ ਮਾਰਿਆ ਤਾਂ ਕੁਰਸੀ ਥੱਲੇ ਆ ਗਈ। ਚੁੱਪ ਕਰ ਰਿਹਾ ਕਿ ਹੁਣ ਅਗਾਂਹਾਂ ਗੱਲ ਕਰਨਗੇ। ਜਦੋਂ ਮਹਾਤਮਾ ਨੇ ਗੱਲ ਹੀ ਨਾ ਕਰੀ, ਪੁੱਛਿਆ ਕਿ ਮਹਾਰਾਜ! ਮੈਂ ਕਿੱਥੇ ਕੁ ਪਹੁੰਚ ਗਿਆ। ਕਹਿੰਦੇ, ਫਰੀਦਾ! ਅਜੇ ਤੂੰ ੳ, ਅ ਵੀ ਨਹੀਂ ਸਿੱਖਿਆ ਰੂਹਾਨੀਅਤ ਦਾ, ਇਹ ਤਾਂ ਸ਼ਕਤੀਆ ਨੇ ਮਾਇਆ ਦੀ ਖੇਡ ਸਿੱਖ ਲਈ ਤੂੰ। ਚੌਵੀਂ ਸਾਲ ਭੁੱਖਾ ਰਹਿ ਕੇ ਤੈਨੂੰ ਸ਼ਕਤੀਆਂ ਤਾਂ ਗਈਆਂ ਮਿਲ, ਲੇਕਿਨ ਮਾਇਆ ਦੀ ਸ਼ਕਤੀ ਹੈ। ਰੂਹਾਨੀਅਤ ਦੇ ਰਾਹ 'ਤੇ ਨਹੀਂ ਤੂੰ ਅਜੇ ਪਿਆ। ਅਜੇ ਤਾਂ ਤੈਨੂੰ ਪਤਾ ਹੀ ਨਹੀਂ ਹੈ।

ਕਹਿੰਦਾ, ਮੈਂ ਖੁਦਾ ਦੀ ਤਲਾਸ਼ ਵਿੱਚ ਭੁੱਖਾ ਰਿਹਾ, ਖੂਹ ਦੇ ਅੰਦਰ ਪੁੱਠਾ ਲਟਕਦਾ ਰਿਹਾ ਹਾਂ। ਰੋਟੀ ਨਹੀਂ ਖਾਧੀ -

***ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥***
***ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ ॥***
***ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥***
***ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥***

***ਅੰਗ - 1379***

ਸੁੱਕੀਆਂ ਹੋਈਆਂ ਰੋਟੀਆਂ ਖਾਂਦਾ ਰਿਹਾ ਮਹਾਰਾਜ, ਇਹ ਕਿਸੇ ਲੇਖੇ ਵਿੱਚ ਹੀ ਨਹੀਂ ਪਈਆਂ? ਪੁੱਠਾ ਲਟਕਦਿਆਂ, ਰੰਗ ਦਾ ਕੀ ਬਣਾ ਲਿਆ ਮੈਂ, ਸੋਨੇ ਵਰਗਾ ਰੰਗ ਤੇ ਕਾਲੀ ਕੋਇਲ ਵਰਗਾ ਰੰਗ ਮੇਰਾ ਨਿਕਲ ਆਇਆ -

***ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥*** ***ਅੰਗ - 794***

ਕਹਿੰਦੀ ਫਰੀਦਾ! ਤੂੰ ਵੀ ਕਾਲਾ ਮੈਂ ਵੀ ਕਾਲੀ। ਤੈਨੂੰ ਵੀ ਕੋਈ ਲੱਗਿਆ ਹੋਇਆ ਹੈ ਦਰਦ, ਮੈਨੂੰ ਵੀ ਲੱਗਿਆ ਹੋਇਆ ਹੈ -

***ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥*** ***ਅੰਗ - 794***

ਮੈਂ ਆਪਣੇ ਪ੍ਰੀਤਮ ਦੇ ਬੈਰਾਗ 'ਚ ਸੜਦੀ ਹਾਂ, ਕਿਉਂਕਿ ਸਾਰੇ ਪੰਛੀਆਂ ਨੂੰ ਉਨ੍ਹਾਂ ਦਾ ਸਾਥੀ ਮਿਲਿਆ ਹੋਇਆ ਹੈ। ਲੇਕਿਨ ਸਾਰੇ ਪੰਛੀਆਂ ਦੇ ਵਿੱਚ ਮੈਂ ਇਕੱਲੀ ਹਾਂ, ਜਿਹਨੂੰ ਜੋੜਾ ਨਹੀਂ ਮਿਲਿਆ, ਮੈਂ ਇਕੱਲੀ ਤਰਸਦੀ ਰਹਿੰਦੀ ਹਾਂ। ਬਿਰਹੁੰ ਦੇ ਵਿੱਚ ਬੋਲਦੀ ਰਹਿੰਦੀ ਹਾਂ। ਕਿਤੇ ਮਨ 'ਚ ਮਿਹਰ ਪੈਂਦੀ ਹੈ ਤਾਂ ਮੇਰੇ ਨਾਲ ਘੜੀ, ਪੰਜ ਮਿੰਟ, ਸੱਤ ਮਿੰਟ ਮੇਲ ਹੁੰਦਾ ਹੈ, ਮੁੜ ਕੇ ਸਾਡਾ ਫੇਰ ਵਿਛੋੜਾ ਹੋ ਜਾਂਦਾ ਹੈ, ਫੇਰ ਕਾਲੀ ਨਾ ਹੋਵਾਂ ਤਾਂ ਕੀ ਹੋਵਾਂ?

ਕਹਿਣ ਲੱਗਿਆ, ਐਸਾ ਸਭ ਕੁਛ ਹੋ ਗਿਆ ਤੇ ਮੈਨੂੰ ਰੱਬ ਕਿਉਂ ਨਹੀਂ ਮਿਲਿਆ?

ਮਹਾਤਮਾ ਕਹਿਣ ਲੱਗੇ, ਫਰੀਦਾ! ਜਿੱਥੇ ਰੱਬ ਹੈ ਤੂੰ ਓਸ ਰਸਤੇ ਹੀ ਨਹੀਂ ਤੁਰਿਆ। ਤੂੰ ਤਾਂ ਜੰਗਲਾਂ ਦੇ ਵਿੱਚ ਟੋਲ੍ਹਦਾ ਫਿਰਦਾ ਹੈਂ। ਪਹਾੜਾਂ 'ਚ ਟੋਲ੍ਹਦਾ ਫਿਰਦਾ ਹੈਂ, ਉਜਾੜਾਂ 'ਚ ਟੋਲ੍ਹਦਾ ਫਿਰਦਾ ਹੈਂ। ਐਸ ਤਰ੍ਹਾਂ ਰੱਬ ਮਿਲ ਜਾਏਗਾ? -

***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥***
***ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥***

***ਅੰਗ - 1378***

ਉਹ ਤੇਰੇ ਸਰੀਰ ਦੇ ਵਿੱਚ ਪੰਜਾਂ ਤੱਤਾਂ ਦੇ ਵਾਲਿਆਂ 'ਚ ਆਸਣ ਲਾਈਂ ਬੈਠਾ ਹੈ। ਤੂੰ ਬਾਹਰ ਕਿਉਂ ਟੋਲ੍ਹਦਾ ਫਿਰਦਾ ਹੈਂ, ਐਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਘਰ ਮਾਹਿ ਵਿਧਾਤਾ ਜੀ,***
***ਬਾਹਰ ਮੂਲ ਨਾ ਖੋਜੀਐ।***

ਫਰੀਦਾ! 24 ਸਾਲ ਬਰਬਾਦ ਕਰ ਲਏ, ਤੇਰੀ ਉਮਰ ਦੇਖ ਕਿੰਨੀ ਹੋ ਗਈ 52 ਸਾਲ ਦੀ। 18 ਸਾਲ ਦਾ ਘਰੋਂ ਚੱਲਿਆ ਹੈਂ, 24 ਸਾਲ ਤੇਰੇ ਐਵੇਂ ਹੀ ਗਏ। ਰੱਬ ਤਾਂ ਤੇਰੀ ਮਿਲਣ ਦੀ ਆਸ ਹੈ ਨਹੀਂ, ਤੂੰ ਤਾਂ ਸ਼ਕਤੀਆਂ ਭਾਲਦਾ ਫਿਰਦਾ ਸੀ। ਬਾਹਰੋਂ ਤਾਂ ਸ਼ਕਤੀਆਂ ਨੇ ਮਿਲਣਾ ਹੈ, ਰੱਬ ਨੇ ਨਹੀਂ ਮਿਲਣਾ। ਰੱਬ ਅੰਦਰ ਹੈ।

***ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥***

***ਅੰਗ - 953***

ਹਰੀ ਦਾ ਮੰਦਰ ਕਹਿੰਦੇ ਹੀ ਓਸਨੂੰ ਨੇ, ਜਿੱਥੇ ਵਾਹਿਗੁਰੂ ਨੂੰ ਜਾਣ ਜਾਈਏ। ਕਹਿਣ ਲੱਗੇ, ਤੇਰੇ ਅੰਦਰ ਹੈ, ਬਾਹਰ ਨਹੀਂ ਹੈ, ਐਸ ਤਰ੍ਹਾਂ ਪੜ੍ਹ ਲਓ -

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥ 1*

*ਅੰਗ - 954*

*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥ ਅੰਗ - 947*

ਕਹਿਣ ਲੱਗੇ ਮਹਾਤਮਾ ਕਿ ਫਰੀਦਾ! ਅਜੇ ਤਾਂ ਤੂੰ ਕੁਛ ਵੀ ਨਹੀਂ, ਮੇਰੀ ਕੁਰਸੀ ਛੇ ਫੁੱਟ ਉੱਚੀ ਚੁੱਕ ਦਿੱਤੀ, ਸੌ ਫੁੱਟ ਵੀ ਚੁੱਕ ਦਿੰਦਾ, ਹਜ਼ਾਰ ਫੁੱਟ ਵੀ ਚੁੱਕ ਦਿੰਦਾ, ਪਰ ਤੂੰ ਤਾਂ ੳ, ਅ ਵੀ ਨਹੀਂ ਸਿੱਖਿਆ ਅਜੇ ਰੂਹਾਨੀਅਤ ਦਾ। ਸ਼ਕਤੀਆਂ ਦੇ ਵਿੱਚ ਫਿਰਦਾ ਹੈਂ ਇਹ ਤਾਂ ਮਾਇਆ ਦੀ ਖੇਲ੍ਹਾਂ ਨੇ, ਮਦਾਰੀਆਂ ਵਾਲੀਆਂ। ਜਿਹੜੇ ਪ੍ਰਮੇਸ਼ਵਰ ਨੂੰ ਤੂੰ ਭਾਲਦਾ ਫਿਰਦਾ ਹੈਂ ਪਿਆਰਿਆ! ਉਹ ਜੰਗਲਾਂ 'ਚ ਨਹੀਂ ਮਿਲਣਾ, ਪੁੱਠੇ ਲਟਕ ਕੇ ਨਹੀਂ ਮਿਲਣਾ, ਭੁੱਖੇ ਰਹਿ ਕੇ ਨਹੀਂ ਮਿਲਣਾ। ਤੂੰ ਅੰਦਰ ਦੀ ਖੋਜ ਕਰ, ਅੰਦਰ ਜਾਣ ਦੀ ਜਾਚ ਸਿੱਖ -

*ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥*
*ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ ॥*

*ਅੰਗ - 953*

ਮਾਨਸ ਦੇਹ ਤੈਨੂੰ ਮਿਲੀ ਹੋਈ ਹੈ, ਗੁਰੂ ਦੇ ਬਚਨ ਦੀ ਕਮਾਈ ਕਰਕੇ ਤੂੰ ਟੋਲ੍ਹ ਲਏਂਗਾ ਰੱਬ ਨੂੰ। ਫੇਰ ਕੀ ਤੂੰ ਦੇਖੇਂਗਾ ਕਿ ਇੱਥੇ ਇੱਕੋ ਹੀ ਆਤਮਾ ਪਰੀਪੂਰਨ ਹੈ, ਹੋਰ ਕੋਈ ਹੈ ਨਹੀਂ।

*ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥*

*ਅੰਗ - 953*

ਉਹ ਤਾਂ ਅੰਦਰ ਹੈ, ਤੂੰ ਬਾਹਰ ਕਾਹਨੂੰ ਖੋਜਦਾ ਫਿਰਦਾ ਹੈਂ, ਬਾਹਰੋਂ ਨਹੀਂ ਮਿਲਣਾ, ਸਰੀਰ ਨੂੰ ਕਸ਼ਟ ਦੇ ਕੇ ਨਹੀਂ ਮਿਲਣਾ -

*ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥*
*ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ ॥*

*ਅੰਗ - 1384*

ਕਹਿੰਦੇ ਜੇ ਮੈਨੂੰ ਰੱਬ ਮਿਲ ਜਾਵੇ ਫੇਰ ਮੈਂ ਸਿਰ ਦੇ ਭਾਰ ਤੁਰਾਂ ਜੇ ਮੇਰੇ ਪੈਰ ਥੱਕ ਜਾਣ। ਕਹਿੰਦੇ, ਕਿੰਨੀ ਗਲਤ ਤੇਰੀ approach (ਪਹੁੰਚ) ਹੈ।

ਕਹਾਣੀ ਆਉਂਦੀ ਹੈ ਕਿ ਕੋਈ ਅੰਨ੍ਹਾ ਪੁਰਸ਼ ਸੀਗਾ, ਉਹਦੀ ਘਰ ਵਿੱਚ ਸੂਈ ਗੁਆਚ ਗਈ। ਉਹਨੇ ਲਾਲਟੈਨ ਟੰਗ ਲਈ, ਆਪ ਨੂੰ ਤਾਂ ਦਿੰਹਦਾ ਨਹੀਂ ਸੀ। ਉਹ ਬਾਹਰ ਗਲੀ ਵਿੱਚ ਆ ਕੇ ਟੋਲ੍ਹੀ ਜਾਂਦਾ ਹੈ। ਕਹਿਣ ਲੱਗੇ, ਸੂਰਮਾ ਸਿੰਘ ਜੀ ਕੀ ਕਰ ਰਹੇ ਓਂ। ਕਹਿੰਦੇ, ਸੂਈ ਟੋਲ੍ਹਦੇ ਹਾਂ, ਕਹਿੰਦੇ ਕਿੱਥੇ ਗੁਆਚੀ ਹੈ, ਕਹਿੰਦੇ ਗੁਆਚੀ ਤਾਂ ਅੰਦਰ ਸੀਗੀ ਤੇ

ਤੂੰ ਤਾਂ ਲਾਲਟੈਨ ਲਈਂ ਫਿਰਦਾ ਹੈਂ? ਕਹਿੰਦਾ, ਮੈਂ ਕਿਹਾ ਕਿ ਚਾਨਣਾ ਹੈਗਾ ਚਾਨਣੇ 'ਚ ਦਿਸ ਜਾਊਗੀ। ਕਹਿੰਦੇ, ਨਹੀਂ ਪਿਆਰਿਆ! ਨਾ ਇਹ ਚਾਨਣੇ ਨੇ ਸੂਈ ਟੋਲ੍ਹਣੀ ਹੈ, ਨਾ ਤੇਰੇ ਹੱਥ ਫੇਰ-ਫੇਰ ਕੇ ਲੱਭਣ ਨਾਲ ਸੂਈ ਲੱਭਣੀ ਹੈ, ਸੂਈ ਤਾਂ ਅੰਦਰ ਗੁਆਚੀ ਹੈ ਤੂੰ ਅੰਦਰ ਹੀ ਟੋਲ੍ਹ। ਜਿਹੜੀ ਚੀਜ਼ ਜਿੱਥੇ ਹੈਗੀ, ਉਥੇ ਟੋਲ੍ਹੀ ਜਾਵੇ ਤਾਂ ਮਿਲ ਜਾਂਦੀ ਹੈ। ਹੁਣ ਪ੍ਰਮੇਸ਼ਰ ਹੈ ਅੰਦਰ, ਬਾਹਰ ਤਾਂ ਹੈ ਨਹੀਂ। ਬਾਹਰੋਂ ਤਾਂ ਅਜੇ ਤੱਕ ਲੱਭਿਆ ਨਹੀਂ ਕਿਸੇ ਨੂੰ। ਜਦੋਂ ਵੀ ਲੱਭਿਆ ਅੰਦਰੋਂ ਲੱਭਿਆ। ਉਹ ਕਹਿੰਦੇ ਕਿ -

***ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥***
***ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ***
***ਤਿਨੀ ਜਨਮੁ ਗਵਾਤਾ ॥***
***ਸਭ ਮਹਿ ਇਕੁ ਵਰਤਦਾ ਗੁਰ ਸਬਦੀ ਪਾਇਆ ਜਾਈ ॥***

***ਅੰਗ - 953***

ਮਨਮੁਖ ਦਾ ਅੰਨ੍ਹੇ ਵਾਲਾ ਹਾਲ ਹੈ। ਆਪਣਾ ਜਨਮ ਬਿਰਥਾ ਗੁਆ ਕੇ ਸੰਸਾਰ ਤੋਂ ਚਲਿਆ ਜਾਂਦਾ ਹੈ। ਜੇ ਭਲਾ ਅਰਬਾਂ ਰੁਪਈਏ ਵੀ ਹੋ ਜਾਣ, ਖਰਬਾਂ ਰੁਪਈਏ ਵੀ ਹੋ ਜਾਣ, ਬਜ਼ਾਰਾਂ ਦੇ ਬਜ਼ਾਰ ਆਪਣੇ ਬਣ ਜਾਣ। ਹਰ ਦੇਸ਼ ਦੇ ਵਿੱਚ ਆਪਣੀ ਬਿਜ਼ਨਸ ਚਲਦੀ ਹੋਵੇ। ਕਹਿੰਦੇ, ਜਾਣ ਵੇਲੇ ਕੁਛ ਵੀ ਨਾਲ ਨਹੀਂ ਜਾਂਦਾ ਹੈਗਾ, ਫੇਰ ਉਹਦੀ ਜਿਹੜੀ ਸਾਰੀ ਜੱਦੋ-ਜਹਿਦ ਹੈ, ਉਹ ਬੇਕਾਰ ਹੈ, ਕਿਸੇ ਲੇਖੇ 'ਚ ਨਹੀਂ ਪੈਂਦੀ -

***ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ ॥***
***ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥***

***ਅੰਗ - 1365***

ਕਹਿੰਦੇ, ਮਨਮੁਖ ਜਿਹੜਾ ਹੈ ਉਹ ਨਹੀਂ ਜਾਣਦਾ, ਹਰਿਮੰਦਰ ਦੀ ਸਾਰ ਕਿ ਇਹਦੇ ਅੰਦਰ ਵਾਹਿਗੁਰੂ ਰਹਿੰਦਾ ਹੈ, ਮੈਂ ਵਾਹਿਗੁਰੂ ਦੀ ਤਲਾਸ਼ ਕਰ ਲਵਾਂ ਤੇ ਉਹਨੇ ਆਪਣਾ ਜਨਮ ਗਵਾ ਲਿਆ -

***ਸਭ ਮਹਿ ਇਕੁ ਵਰਤਦਾ ਗੁਰ ਸਬਦੀ ਪਾਇਆ ਜਾਈ ॥***

***ਅੰਗ - 953***

ਮਹਾਤਮਾ ਕਹਿਣ ਲੱਗੇ -

***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥***
***ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥***

***ਅੰਗ - 1378***

ਕਾਹਨੂੰ ਜੰਗਲਾਂ 'ਚ ਟੋਲ੍ਹਦਾ ਫਿਰਦਾ ਹੈਂ, ਰੱਬ ਤਾਂ ਤੇਰੇ ਅੰਦਰ ਹੈ। ਹੁਣ ਸ਼ੌਂਕ ਨਾ ਜਿਹਦੇ ਅੰਦਰ ਹੋਵੇ, ਮਹਾਰਾਜ ਕਹਿੰਦੇ ਉਹ ਤਾਂ ਮਰਿਆ ਹੋਇਆ ਬੰਦਾ ਹੈ, ਜਿਉਂਦਾ ਨਹੀਂ, ਜਿਉਂਦਾ ਉਹ ਹੈ ਜਿਸਦੇ ਹਿਰਦੇ 'ਚ ਯਾਦ ਵਸ ਗਈ -

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥***

***ਨਾਨਕ ਅਵਰੁ ਨ ਜੀਵੈ ਕੋਇ ॥***
***ਜੇ ਜੀਵੈ ਪਤਿ ਲਥੀ ਜਾਇ ॥***
***ਸਭੁ ਹਰਾਮੁ ਜੇਤਾ ਕਿਛੁ ਖਾਇ ॥*** ***ਅੰਗ – 142***

ਇਹੀ ਵੱਡੀ ਮੁਸ਼ਕਲ ਹੈ। ਅਸੀਂ ਵਾਹਿਗੁਰੂ ਵਲ ਨੂੰ ਰੁਖ ਹੀ ਨਹੀਂ ਕਰਦੇ, ਹੁੰਦਾ ਹੀ ਨਹੀਂ ਸਾਡਾ ਰੁਖ, ਦੁਨੀਆਂ ਵਲ ਨੂੰ ਰਹਿੰਦਾ ਹੈ। ਮਹਾਰਾਜ ਕਹਿੰਦੇ ਜੇ ਸਾਰ ਨਹੀਂ ਜਾਣੀ, ਤਾਂ ਤੂੰ ਐਵੇਂ ਹੀ ਮਨਮੁਖ ਹੋ ਕੇ, ਜਨਮ ਗਵਾ ਕੇ ਚਲਿਆ ਜਾਂਦਾ ਹੈਂ, ਗੁਰੂ ਦਾ ਬਚਨ ਮੰਨ, ਗੁਰੂ ਇਹ ਕਹਿੰਦਾ ਹੈ ਕਿ ਹਰ ਥਾਂ ਦੇ ਉਤੇ ਪ੍ਰਮੇਸ਼ਰ ਹੀ ਹੈ, ਹੋਰ ਕੋਈ ਹੈ ਨਹੀਂ –

***ਅੰਤਰਿ ਏਕੋ ਬਾਹਰਿ ਏਕੋ ਸਭ ਮਹਿ ਏਕੁ ਸਮਾਈਐ ॥***
***ਘਟਿ ਅਵਘਟਿ ਰਵਿਆ ਸਭ ਠਾਈ***
***ਹਰਿ ਪੂਰਨ ਬ੍ਰਹਮੁ ਦਿਖਾਈਐ ॥*** ***ਅੰਗ – 528***

ਉਹ ਤਾਂ ਅੰਦਰ ਤੇਰੇ ਰਹਿੰਦਾ ਹੈ, ਬਾਹਰ ਤਾਂ ਉਹ ਹੈ ਨਹੀਂ। ਬਾਬਾ ਫਰੀਦ, ਸਭ ਕੁਛ ਛੱਡ ਕੇ, ਕਰਾਮਾਤਾਂ ਛੱਡ ਕੇ, ਨਿਮਰਤਾ 'ਚ ਆ ਕੇ, ਮੁਰਸ਼ਦ ਦੀ ਸੇਵਾ ਕਰਦਾ ਹੈ, ਚੌਦਾਂ ਸਾਲ ਉਸਨੇ ਮੁਰਸ਼ਦ ਦੀ ਸੇਵਾ ਕੀਤੀ, ਨਾਮ ਜਪਿਆ ਤੇ ਆਪਣੇ ਆਪ ਨੂੰ ਮੁਰਦਾ ਬਣਾ ਲਿਆ। ਫੇਰ ਮੁਰਸ਼ਦ ਨੇ ਦੇਖਿਆ ਕਿ ਹੁਣ ਮੁਰਦਾ ਬਣ ਚੁੱਕਿਆ, ਟੈਸਟ ਲਈਏ ਇਹਦਾ, ਕਸਵੱਟੀ ਲਾ ਦਿੱਤੀ, ਉਹ ਕਸਵੱਟੀ ਦੇ ਵਿੱਚ ਪਾਸ ਹੋ ਗਿਆ, ਡੇਲਾ ਦੇ ਕੇ ਅੱਗ ਦਾ ਅੰਗਿਆਰ ਲੈ ਆਇਆ, ਲਿਆ ਕਿ ਇਸ਼ਨਾਨ ਕਰਾਇਆ ਮੁਰਸ਼ਦ ਦਾ। ਮੁਰਸ਼ਦ ਨੇ ਪੁੱਛਿਆ ਸਵੇਰ ਵੇਲੇ ਕਿ ਫਰੀਦਾ! ਅੱਖ ਕਿਉਂ ਬੰਨ੍ਹੀ ਹੈ? ਕੋਈ ਗੱਲ ਨਹੀਂ ਕਰੀ ਆਪ ਕਿ ਜੀ ਮੈਂ ਬੜਾ ਔਖਾ ਹੋ ਕੇ ਲਿਆਇਆ ਹਾਂ ਜੀ, ਅੱਜ ਤਾਂ ਜੀ ਅੱਗ ਸਾਰੀ ਬਾਰਿਸ਼ ਨਾਲ ਬੁੱਝ ਗਈ ਸੀ। ਸ਼ਹਿਰ 'ਚ ਗਿਆ, ਉਥੇ ਡੇਲਾ ਮੰਗਿਆ, ਮੈਂ ਡੇਲਾ ਦਿੱਤਾ, ਕੋਈ ਗੱਲ ਨਹੀਂ ਕਰੀ। ਚਾਉ ਹੈ ਮਨ ਦੇ ਅੰਦਰ ਕਿ ਮੇਰਾ ਨੇਮ ਨਾ ਟੁੱਟਿਆ। ਮੈਂ ਬਚ ਗਿਆ –

***ਤਨ ਗੰਦਗੀ ਦੀ ਕੋਠੜੀ, ਹਰਿ ਹੀਰਿਆਂ ਦੀ ਖਾਣ।***
***ਸਿਰ ਦਿਤਿਆਂ ਜੇ ਹਰਿ ਮਿਲੇ ਤਾਂ ਵੀ ਸਸਤਾ ਜਾਣ।***

ਮੁਰਸ਼ਦ ਰਾਜ਼ੀ ਕਰ ਲਿਆ, ਜੇ ਮੁਰਸ਼ਦ ਨਰਾਜ਼ ਹੋ ਜਾਂਦਾ, ਤਾਂ ਚੌਦਾਂ ਸਾਲ ਦੀ ਕੀਤੀ ਹੋਈ ਭਗਤੀ ਸਭ ਜ਼ੀਰੋ 'ਤੇ ਆ ਜਾਣੀ ਸੀ। ਸਭ ਤੋਂ ਔਖੀ ਹੈ –

***ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ ॥***
***ਅੰਗ – 1422***

ਹੱਦ ਤੋਂ ਜ਼ਿਆਦਾ ਕਰੜੀ ਹੈ, ਪਰ ਸੁੱਖਾਂ ਦੇ ਦੇਣ ਵਾਲੀ ਹੈ। ਇੱਕ ਵਾਰੀ ਵੀ ਜੇ ਚਲੀ ਜਾਵੇ, ਨੇਮ ਟੁੱਟ ਜਾਵੇ, ਮਹਾਂਪੁਰਸ਼ ਨਰਾਜ਼ ਹੋ ਜਾਵੇ, ਸਮਝ ਲਓ ਕਿ ਸਾਰਾ ਕੁਛ ਹੀ ਕੀਤਾ ਹੋਇਆ ਜ਼ੀਰੋ ਬਣ ਜਾਂਦਾ ਹੈ। ਸ਼ੁਕਰ ਸੀ ਕਿ ਮੇਰਾ ਨੇਮ ਨਿਭ ਗਿਆ ਕਿਉਂਕਿ ਨਿਭਣ ਦੀ ਹੀ ਸਾਰੀ

ਬਾਤ ਹੁੰਦੀ ਹੈ -

***ਧਾਰਨਾ - ਮੇਰੀ ਨਿਭ ਜਾਇ ਗੁਰਾਂ ਦੇ ਨਾਲ - 2***

***ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।***
***ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।***
***ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।***
***ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।***
***ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ।***
***ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ।***

***ਭਾਈ ਗੁਰਦਾਸ ਜੀ, 27/4***

ਨਿਭਾਉਣ ਵਾਸਤੇ ਅੱਖ ਦੇ ਆਂਦੀ, ਡੇਲਾ ਕੱਢ ਕੇ ਫੜਾ ਦਿੱਤਾ। ਮੁਰਸ਼ਦ ਦਾ ਇਸ਼ਨਾਨ ਕਰਾਇਆ। ਪੁੱਛਿਆ, ਮੁਰਸ਼ਦ-ਏ-ਕਾਮਲ ਨੇ ਕਿ ਫਰੀਦਾ! ਅੱਖ ਬੰਨ੍ਹੀ ਹੈ? ਕਹਿੰਦਾ, ਆਈ ਹੋਈ ਹੈ।ਕਹਿੰਦੇ, ਆਈਆਂ ਅੱਖਾਂ ਨਹੀਂ ਬੰਨ੍ਹੀਦੀਆਂ, ਗਈਆਂ ਬੰਨ੍ਹੀਦੀਆਂ ਨੇ, ਖੋਲ੍ਹ ਦੇ ਪੱਟੀ। ਦੇਖਿਆ ਤਾਂ ਡੇਲਾ ਸਾਬਤ। ਉੱਠ ਕੇ ਜੱਫੀ 'ਚ ਲਿਆ, ਘੁੱਟ ਲਿਆ ਤੇ ਨਾਲ ਬ੍ਰਹਮਗਿਆਨ ਦਾ ਉਪਦੇਸ਼ ਕਰ ਦਿੱਤਾ। ਹਰ ਥਾਂ ਇੱਕੋ ਪ੍ਰਮੇਸ਼ਰ ਹੈ, ਇੱਥੇ ਹੋਰ ਕੋਈ ਚੀਜ਼ ਹੀ ਨਹੀਂ ਹੈ। ਅੱਲਾ ਹੀ ਅੱਲਾ ਹੈ, ਰਿੱਧੀਆਂ-ਸਿੱਧੀਆਂ, ਸ਼ਕਤੀਆਂ, ਸਾਰੀਆਂ ਤਾਬੇ ਕਰ ਦਿੱਤੀਆਂ। ਕਿੱਡੀ ਉੱਚੀ ਬੰਦਗੀ ਕੀਤੀ ਬਾਬੇ ਫਰੀਦ ਨੇ ਕਿ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਸਤਿਗੁਰੂ ਦਾ ਸਰੂਪ ਧਾਰ ਕੇ ਬੈਠੇ ਨੇ। ਅਸੀਂ ਉਨ੍ਹਾਂ ਦੀ ਬਾਣੀ ਨੂੰ ਓਨਾਂ ਹੀ ਸਤਿਕਾਰ ਦਿੰਦੇ ਹਾਂ ਜਿੰਨਾਂ ਗੁਰੂਆਂ ਦੀ ਬਾਣੀ ਨੂੰ ਦਿੰਦੇ ਹਾਂ। ਕਿਉਂਕਿ ਸਾਰੀ ਬਾਣੀ ਸਾਧਸੰਗਤ ਜੀ! ਗੁਰੂ ਦਸ਼ਮੇਸ਼ ਪਿਤਾ ਦੇ ਮੁੱਖ ਤੋਂ ਹੋ ਕੇ ਆਈ ਹੈ। ਗੁਰੂ ਦੀ ਬਾਣੀ ਹੈ ਇਹ ਸਾਰੀ।

ਜਿਸ ਦੇ ਅੰਦਰ ਲੋਚਾ ਲੱਗ ਗਈ, ਮਹਾਰਾਜ ਕਹਿੰਦੇ ਅਸੀਂ ਬਲਿਹਾਰ ਜਾਂਦੇ ਹਾਂ ਉਸਦੇ। ਉਹ ਜਿਹੜਾ ਰਿਸ਼ੀ ਬੈਠਾ ਹੈ ਜਿਸਦਾ ਨਾਉਂ ਕਲਸ਼ੀ ਰਿਸ਼ੀ ਹੈ, ਇੱਕੋ ਹੀ ਲੋਚਾ ਲੱਗੀ ਹੋਈ ਹੈ ਉਸ ਦੇ ਅੰਦਰ ਕਿ ਮੈਨੂੰ ਪ੍ਰਮੇਸ਼ਰ ਮਿਲ ਜਾਏ। ਸੁਣ ਲਿਆ ਕਿ ਗੁਰੂ ਗੋਬਿੰਦ ਸਿੰਘ ਮਹਾਰਾਜ ਆਏ ਹੋਏ ਨੇ। ਗੁਰੂ ਨਾਨਕ ਸਾਹਿਬ ਬਾਰੇ ਪਹਿਲਾਂ ਸੁਣਿਆ ਹੋਇਆ ਸੀ। ਗੁਰੂ ਨੌਵੇਂ ਪਾਤਸ਼ਾਹ ਕੋਲ ਵੀ ਉਡਦੀ-ਉਡਦੀ ਖਬਰ ਪਹੁੰਚ ਗਈ ਸੀ। ਇਹ ਵੀ ਰਾਜਿਆਂ ਨੇ ਦਸ ਦਿੱਤਾ ਕਿ ਗੁਰੂ ਗੋਬਿੰਦ ਸਿੰਘ ਅਨੰਦਪੁਰ ਸਾਹਿਬ ਵਾਲੇ ਆ ਗਏ ਨੇ। ਗੁਰੂ ਨਾਨਕ ਸਾਹਿਬ ਦੀ ਗੱਦੀ 'ਤੇ ਬਹੁਤ ਉੱਚੀ ਕਿਸਮ ਦੇ ਪੀਰ ਨੇ। ਹੁਣ ਇਹਨੂੰ ਆਸ ਬੱਝ ਗਈ, ਬਈ ਮੇਰੀ ਮਦਦ ਕਰਨਗੇ ਉਹ। ਮੈਨੂੰ ਪ੍ਰਮੇਸ਼ਰ ਦਿਖਾ ਦੇਣਗੇ ਉਹ।

ਸਾਧਸੰਗਤ ਜੀ! ਗੱਲ ਬੜੀ ਸਮਝਣ ਵਾਲੀ ਹੈ, ਸਮਝਣ ਦਾ ਯਤਨ ਕਰੋ। ਯਤਨ ਇਹ ਹੈ ਕਿ ਵਾਹਿਗੁਰੂ ਹੈ ਤਾਂ ਅੰਦਰ। ਮਹਾਰਾਜ ਕਹਿੰਦੇ, ਆਹ ਜਿਹੜਾ ਨਗਰ ਹੈ ਨਾ ਕਾਇਆ ਦਾ। ਇਹ ਗੜ੍ਹ ਹੈ, ਕਿਲਾ ਹੈ ਨੌਂ ਦਰਵਾਜ਼ਿਆਂ ਦਾ -

***ਕਾਇਆ ਨਗਰੁ ਨਗਰ ਗੜ ਅੰਦਰਿ ॥***
***ਸਾਚਾ ਵਾਸਾ ਪੁਰਿ ਗਗਨੰਦਰਿ ॥*** ***ਅੰਗ - 1033***

'ਪੁਰ' ਕਹਿੰਦੇ ਨੇ ਦਸਵੇਂ ਦੁਆਰ ਨੂੰ। ਦਸਵੇਂ ਦੁਆਰ ਦੇ ਵਿੱਚ ਵਾਹਿਗੁਰੂ ਵਸ ਰਿਹਾ ਹੈ। ਹੁਣ ਇਹ ਲਾਰਾ ਲੱਪਾ ਤਾਂ ਹੈ ਨਹੀਂ। ਦਿਲ ਪਰਚਾਉਣ ਵਾਲੀ ਬਾਤ ਵੀ ਨਹੀਂ ਹੈ। ਇਹ ਬਾਣੀ ਸਤਿ ਹੈ, ਤੁਹਾਡੇ ਨਾਲ ਰਹਿੰਦਾ ਹੈ ਪ੍ਰਮੇਸ਼ਰ ਹਰ ਵਕਤ। ਜੇ ਤਾਂ ਯਾਦ ਦੇ ਵਿੱਚ ਸਮਾਅ ਗਿਆ। ਫੇਰ ਤਾਂ ਇਹਨੂੰ ਮਿਲਦੇ ਨੂੰ ਕੋਈ ਚਿਰ ਨਹੀਂ ਲੱਗਿਆ ਕਰਦਾ। ਸਿਰਫ ਮਹਾਂਪੁਰਸ਼ ਦੀ ਲੋੜ ਹੁੰਦੀ ਹੈ। ਜਿਵੇਂ ਤੇਲ ਹੈਗਾ, ਬੱਤੀ ਹੈਗੀ, ਠੁੱਠੀ ਹੈ, ਜਗਦੇ ਦੀਵੇ ਦੀ ਲੋੜ ਹੁੰਦੀ ਹੈ ਉਹ ਨਾਲ ਲਗ ਜਾਂਦਾ ਹੈ, ਉਹ ਲਟਲਟ ਮੱਚਣ ਲਗ ਜਾਂਦਾ ਹੈ। ਜਿਹਨੂੰ ਤਾਂ ਇਹ ਸਮਝ ਵਿੱਚ ਆ ਗਈ, ਬੁੱਝ ਲਿਆ, 100% ਵਿਸ਼ਵਾਸ਼ ਨਾਲ ਸਮਝ 'ਚ ਆ ਗਈ। ਕਹਿੰਦੇ, ਇਹਦੇ ਵਿੱਚ ਵਸਦਾ ਹੈ -

***ਅਸਥਿਰੁ ਥਾਨੁ ਸਦਾ ਨਿਰਮਾਇਲੁ***
***ਆਪੇ ਆਪੁ ਉਪਾਇਦਾ ॥*** ***ਅੰਗ - 1033***

ਆਪਣਾ ਥਾਂ ਵਸਣ ਵਾਸਤੇ ਵਾਹਿਗੁਰੂ ਨੇ ਸਪੈਸ਼ਲ ਇਹਦੇ ਵਿੱਚ ਰੱਖ ਲਿਆ। ਜਿਹੜਾ ਅਸੀਂ ਵਸਦੇ ਹਾਂ, ਸਾਡੇ ਵਾਸਤੇ ਭਾਰੀ ਜਿਹਾ ਬਣਾ ਦਿੱਤਾ ਮਹਿਲ। ਆਹ ਜਿਹੜਾ ਪੰਜਾਂ ਤੱਤਾਂ ਦਾ ਬਣਿਆ ਹੋਇਆ, ਜਿਹਨੂੰ ਅਸੀਂ ਗਲਤੀ ਨਾਲ ਮੈਂ ਕਹਿੰਦੇ ਹਾਂ। ਕੋਈ ਹੈ ਜਿਹੜਾ ਇਹਨੂੰ ਮੈਂ ਨਾ ਕਹਿੰਦਾ ਹੋਵੇ। ਇਹਨੂੰ ਕਹਿਣਗੇ ਮੈਂ, ਸ਼ੀਸ਼ੇ ਸਾਮ੍ਹਣੇ ਖੜ੍ਹ ਕੇ ਭਾਵ ਆਏਗਾ, ਮੈਂ। ਮੇਰੇ ਕੱਪੜੇ ਵਧੀਆਂ ਲਗਦੇ ਨੇ ਪਾਏ ਹੋਏ। ਐਸ ਤਰ੍ਹਾਂ ਨਹੀਂ ਕਹਿੰਦੇ ਕਿ ਇਹਦੇ ਉਤੇ ਜਿਹੜੇ ਕੱਪੜੇ ਪਾਏ ਹੋਏ ਨੇ ਇਹ ਸਜਦੇ ਨੇ, ਤੇਰੇ ਉਤੇ ਤਾਂ ਕੱਪੜਾ ਪੈਂਦਾ ਹੀ ਨਹੀਂ ਕੋਈ। ਨਾ ਤੈਨੂੰ ਕੱਪੜਿਆਂ ਦੀ ਲੋੜ ਹੈ, ਜੇ ਕੱਪੜਿਆਂ ਦੀ ਲੋੜ ਹੈ ਤਾਂ ਸਿਫਤ ਸਾਲਾਹ ਦਾ ਕੱਪੜਾ ਪੈਂਦਾ ਹੈ ਇਹਦੇ ਉਤੇ। ਵਾਹਿਗੁਰੂ ਦੇ ਜਸ ਦਾ ਕੱਪੜਾ ਪੈਂਦਾ ਹੈ ਇਹਦੇ ਉਤੇ, ਹੋਰ ਨਹੀਂ ਕੋਈ ਪੈਂਦਾ। ਨਹੀਂ ਤਾਂ ਨੰਗਾ ਹੀ ਰਹਿੰਦਾ ਹੈ ਇਹ। ਸੋ ਇਸ ਤਰ੍ਹਾਂ ਦੇ ਨਾਲ ਕਿੱਡਾ ਭੁਲੇਖਾ ਹੈ, ਪੀ.ਐਚ, ਡੀ ਕਰ ਲਈ, ਡੀ.ਲਿਟ ਕਰ ਲਿਆ। ਬੜਾ ਭਾਰੀ ਪੰਡਤ ਹੋ ਗਿਆ, ਕਥਾਕਾਰ ਹੋ ਗਿਆ, ਲੈਕਚਰਾਰ ਹੋ ਗਿਆ, ਬੜੀਆਂ ਗੱਲਾਂ ਕਰਦਾ ਹੈ, ਮਹਾਰਾਜ ਕਹਿੰਦੇ, ਅੰਨੇ ਸਾਰੇ ਅੰਨ੍ਹੀਆਂ ਹੀ ਗੱਲਾਂ ਕਰਦੇ ਤੁਰੇ ਫਿਰਦੇ ਨੇ। ਅੰਨ੍ਹਾ ਅੰਨ੍ਹੇ ਨੂੰ ਖੂਹ 'ਚ ਧੱਕਾ ਦੇ ਰਿਹਾ ਹੈ। ਅਸਲ ਗੱਲ ਕੋਈ ਨਹੀਂ ਕਰ ਰਿਹਾ। ਇਹ ਬੜੀ ਸਾਡੇ ਵਾਸਤੇ ਚਿੰਤਾ ਦੀ ਬਾਤ ਹੈ ਸਾਧਸੰਗਤ ਜੀ! ਸੋਚਣ ਦੀ ਬਾਤ ਹੈ ਕਿ ਇਹ ਹੋ ਕੀ ਗਿਆ, ਅਸੀਂ ਤਾਂ ਕਿਤੇ ਦੀ ਕਿਤੇ ਫਿਰਦੇ ਹਾਂ। ਓਧਰਲੇ ਪਾਸੇ ਸਮਾਂ ਮੁੱਕਣ ਵਾਲਾ ਹੋ ਗਿਆ, ਓਧਰ ਗੱਲ ਨਹੀਂ ਸਮਝ 'ਚ ਆਈ। ਮਹਾਰਾਜ ਕਹਿੰਦੇ, ਗੱਲ ਤਾਂ ਨਹੀਂ ਆਉਂਦੀ ਤੇਰੀ ਸਮਝ 'ਚ, ਪਹਿਲਾਂ ਤਾਂ ਨਿਸ਼ਚਾ ਹੀ ਨਹੀਂ ਆਉਂਦਾ ਕਿ ਮੇਰੇ ਅੰਦਰ ਪ੍ਰਮੇਸ਼ਰ ਵਸਦਾ ਹੈ। ਜੇ ਨਿਸ਼ਚਾ ਆਵੇ ਤਾਂ ਐਡਾ ਵੱਡਾ ਗੁਆਂਢੀ ਹੋਵੇ, ਚਲੋ ਮੰਨ ਲਓ ਘੜੀ ਦੀ ਘੜੀ ਕਿ ਤੁਸੀਂ ਵੀ ਹੈਗੇ। ਇੱਕ ਬਾਦਸ਼ਾਹ

ਕੋਠੀ ਦੇ ਨਾਲ ਆ ਕੇ ਵਸਣ ਲੱਗ ਜਾਵੇ ਉਹ ਤਾਂ ਹਰ ਵਕਤ ਹੀ ਯਾਦ ਰਹਿੰਦਾ ਹੈ ਕਿ ਬਾਦਸ਼ਾਹ ਰਹਿੰਦਾ ਹੈ ਮੇਰੇ ਨੇੜੇ। ਅਰ ਬਾਦਸ਼ਾਹ ਵੀ ਉਹ ਜਿਸ ਤੋਂ ਮੈਂ ਸਾਰੀਆਂ ਦਾਤਾਂ ਲੈਣੀਆਂ ਨੇ। ਮੇਰਾ ਛੁਟਕਾਰਾ ਦੁੱਖਾਂ ਦਾ ਇਹਨੇ ਹੀ ਕਰਨਾ ਹੈ। ਫੇਰ ਉਹ ਯਾਦ ਰਹੇਗਾ ਕਿ ਨਹੀਂ ਕਿ ਮੇਰੇ ਨਾਲ ਵਸਦਾ ਹੈ। ਕੋਠੀ ਜੇ ਕਹਿ ਦੇਈਏ ਕਿ ਨਾਲ ਲਗਦੀ ਕੋਠੀ 'ਚ ਵਸਦਾ ਹੈ ਤਾਂ ਵੀ ਉਹ ਦੂਰ ਹੋ ਜਾਂਦਾ ਹੈ ਉਸੇ ਕੋਠੀ 'ਚ ਰਹਿ ਰਿਹਾ ਹੈ, ਉਸੇ ਕਮਰੇ 'ਚ ਰਹਿ ਰਿਹਾ ਹੈ। ਮਹਾਰਾਜ ਕਹਿੰਦੇ ਉਸੇ ਕਮਰੇ ਨੂੰ ਵੀ ਛੱਡੋ, ਇੱਕੋ ਸੇਜਾਂ ਦੇ ਉਤੇ ਦੋਵੇਂ ਪਏ ਨੇ –

***ਧਨ ਪਿਰ ਕਾ ਇਕ ਹੀ ਸੰਗਿ ਵਾਸਾ***
***ਵਿਚਿ ਹਉਮੈ ਭੀਤਿ ਕਰਾਰੀ ॥*** ***ਅੰਗ – 1263***

ਵਿਚਾਲੇ ਇੱਕ ਕੰਧ ਬਣੀ ਹੋਈ ਹੈ, 'ਮੈਂ' ਭਾਵ ਦੀ, ਜੀਵ ਦਰਅਸਲ ਤਾਂ ਕੋਈ ਚੀਜ਼ ਨਹੀਂ ਹੈ। ਦੇਖੋ, ਇਹ ਵੀ ਬੜਾ ਕੌਤਕ ਰਚਿਆ ਹੋਇਆ ਹੈ। ਆਹ ਪ੍ਰਾਕ੍ਰਿਤੀ ਦੇ ਉਤੇ, ਜਿਵੇਂ ਚੁੰਬਕ ਪੱਥਰ ਲਾ ਦੇਈਏ ਇੰਡਸਟਰੀ 'ਚ, ਉਥੇ ਟੁਕੜੇ ਪਏ ਨੇ ਛੋਟੇ-ਛੋਟੇ, ਉਹਨੂੰ ਘੁੰਮਾ ਦਿੱਤਾ, ਘੁੰਮਾ ਕੇ ਦੇਖ ਲਓ ਉਹ ਸਾਰੇ ਟੁਕੜੇ ਨੱਚਣ ਲੱਗ ਜਾਣਗੇ। ਉਨ੍ਹਾਂ ਵਿੱਚ ਤਾਂ ਨੱਚਣ ਦੀ ਤਾਕਤ ਨਹੀਂ, ਉਹ ਤਾਕਤ ਕਿੱਥੋਂ ਆ ਗਈ ਉਹ ਚੁੰਬਕ ਪੱਥਰ ਦੀ ਖਿੱਚ ਨਾਲ ਆ ਗਈ। ਹੁਣ ਉਹ ਖਿੱਚ ਨੂੰ ਜੇ ਮਹਿਸੂਸ ਨਹੀਂ ਕਰਦਾ, ਉਹ ਆਪਣੇ ਆਪ ਨੂੰ ਸਮਝਦਾ ਹੈ ਕਿ ਮੈਂ ਹਾਂ ਮੈਂ ਟੱਪਦਾ ਹਾਂ, ਮੈਂ ਰੱਜਦਾ ਹਾਂ। ਫੇਰ ਤਾਂ ਉਹਨੂੰ ਮੂਰਖ ਕਹਿ ਸਕਦੇ ਹਾਂ। ਏਵੇਂ ਜਿਵੇਂ ਸੱਤਾ ਪੈਂਦੀ ਹੈ ਪ੍ਰਾਕ੍ਰਿਤੀ ਤੇ ਪ੍ਰਮੇਸ਼ਰ ਦੀ ਸੱਤਾ ਹੈ। ਸੱਤਾ ਪੈਣਾ ਹੀ ਇਹਦੇ ਵਿੱਚ ਇੱਕ ਔਜ਼ਾਰ ਹੈ ਜਿਹਨੂੰ ਚਿੱਤ ਕਹਿੰਦੇ ਨੇ, ਚਿੱਤ 'ਚ ਸੱਤਾ ਪੈ ਕੇ ਐਨਰਜੀ ਪੈਦਾ ਹੁੰਦੀ ਹੈ। ਉਹ ਐਨਰਜੀ ਸਰੀਰ ਨੂੰ ਹਰਕਤ ਦਿੰਦੀ ਹੈ, ਦਿਮਾਗ ਦੀਆਂ ਜਿਹੜੀਆਂ ਤਰੰਗਾਂ ਨੇ ਉਹਨੂੰ ਚਾਲੂ ਕਰ ਲੈਂਦੀ ਹੈ। ਚਾਲੂ ਕਰਿਆਂ ਦਿਮਾਗ ਦੇ ਅੰਦਰ ਹੋਸ਼ ਆ ਜਾਂਦੀ ਹੈ, ਹੁਣ ਇਹਨੂੰ ਗਿਆਨ ਅਗਲਾ ਪਿਛਲਾ ਹੈ ਨਹੀਂ ਫੇਰ ਕਹਿੰਦਾ ਹੈ ਕਿ ਮੈਂ ਹਾਂ, ਮੈਂ। ਉਹ ਜਿਹੜਾ ਮੈਂ ਹੈ ਮੈਂ ਕਹਿੰਦਾ ਹੈ, ਇੱਥੇ ਕੁ ਰਹੇ ਤਾਂ ਵੀ ਚੰਗਾ ਹੈ। ਪਰ ਇਹ ਐਨਾ ਹੇਠਾਂ ਤਿਲਕਦਾ ਹੈ, ਪੰਜ ਪਉੜੀਆਂ ਨੇ ਤਿਲਕਣ ਵਾਲੀਆਂ ਵੱਡੀਆਂ-ਵੱਡੀਆਂ, ਇੱਕ ਪਉੜੀ ਨੂੰ ਅਨੰਦਮਯ ਕੋਸ਼ ਕਹਿੰਦੇ ਨੇ। ਦੂਜੀ ਨੂੰ ਵਿਗਿਆਨਮਯ ਕੋਸ਼ ਕਹਿੰਦੇ ਨੇ। ਤੀਜੀ ਨੂੰ ਮਨੋਮਯ ਕੋਸ਼ ਕਹਿੰਦੇ ਨੇ, ਚੌਥੇ ਨੂੰ ਪ੍ਰਾਣਮਯ, ਪੰਜਵਾਂ ਅੰਨਮਯ, ਉਹ ਜਿਹੜਾ ਅੰਨਮਯ ਕੋਸ਼ ਹੈ, ਐਸ ਤਰ੍ਹਾਂ ਸਮਝ ਲਓ ਕਿ ਜਿਵੇਂ ਦਲ-ਦਲ ਹੁੰਦੀ ਹੈ। ਉਤੋਂ ਤਿਲਕਿਆ ਕੋਈ ਚੀਜ਼ ਉਹ ਦਲ ਦਲ ਦੇ ਵਿੱਚ ਆ ਗਈ। ਹੁਣ ਜੇ ਬਾਹਰ ਕੱਢਿਆ, ਉਹਦੇ ਆਲੇ-ਦੁਆਲੇ ਗੰਦ-ਮੰਦ, ਸਭ ਕੁਛ ਲੱਗਿਆ ਹੋਇਆ ਆਏਗਾ। ਹੁਣ ਇਹ ਜਿਹੜੀ ਚੇਤਨ ਜੋਤ ਸੀ ਤਿਲਕ ਕੇ ਜੇ ਤਾਂ ਉਥੇ ਹੀ ਖੜ੍ਹ ਜਾਂਦੀ, ਤਾਂ ਵੀ ਛੇਤੀ ਦੇ ਕੇ ਮਿਲ ਲੈਂਦੇ, ਕੋਈ ਔਖਾ ਨਹੀਂ ਸੀ। ਇਹ ਤਿਲਕਦੀ ਹੋਈ ਹੇਠਾਂ ਨੂੰ ਚੱਲ ਪਈ ਇਹ ਪੰਜਾਂ ਹੀ ਦਰਜਿਆਂ ਤੋਂ ਹੇਠਾਂ ਆ ਕੇ ਮਿੱਟੀ ਦੇ ਵਿੱਚ ਰਲ ਗਈ –

***ਕਬੀਰ ਨਿਰਮਲ ਬੂੰਦ ਅਕਾਸ ਕੀ***
***ਪਰਿ ਗਈ ਭੂਮਿ ਬਿਕਾਰ ॥***
***ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ ॥***

***ਅੰਗ - 1375***

ਹੁਣ ਹੋਇਆ ਕੀ, ਉਹਦਾ ਸਬੰਧ ਟੁੱਟ ਗਿਆ। ਏਸੇ ਤਰ੍ਹਾਂ ਇਹਦਾ ਸਬੰਧ ਟੁੱਟ ਗਿਆ।

***ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ ॥***
***ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ ॥***

***ਅੰਗ - 1375***

ਇਸੇ ਤਰ੍ਹਾਂ ਪ੍ਰਾਕ੍ਰਿਤੀ ਨੇ ਜੋਤ ਨੂੰ ਨਾਲ ਰਲਾ ਲਿਆ, ਇਹਨੂੰ ਵੱਖਰਾ ਕਰ ਹੀ ਨਹੀਂ ਸਕਦਾ ਕੋਈ। ਬੜੀ ਮਾੜੀ ਗੱਲ ਹੋਈ ਇਹਨੂੰ ਅਸੀਂ ਆਪਣਾ ਆਪ ਸਮਝ ਲਿਆ। ਭਰਮ ਪੈ ਗਿਆ ਪੱਕਾ। ਉਹ ਭਰਮ ਹਟਦਾ ਨਹੀਂ, ਜੇ ਕਿਸੇ ਨੂੰ ਭਰਮ ਪੈ ਜਾਏ, ਕਿਸੇ ਦੇ ਉਤੇ ਉਹ ਨਹੀਂ ਹਟਦਾ ਹੁੰਦਾ।

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਇੱਕ ਸਾਖੀ ਸੁਣਾਉਂਦੇ ਹੁੰਦੇ ਸੀ, ਕਹਿੰਦੇ ਜਦ ਨਹਿਰ ਪੁੱਟੀ ਰਾਜਸਥਾਨ ਦੀ, ਪੁੱਲ ਬਣਾਇਆ ਠੇਕੇਦਾਰ ਨੇ, ਉਹਨੇ ਕਿਹਾ ਕਿ ਗੱਡੇ ਵਗੈਰਾ ਲੱਗ ਕੇ ਟੁੱਟ ਨਾ ਜਾਵੇ, ਉਹਨੇ ਇੱਕ ਪਾਸੇ ਇੱਕ ਮੁੱਢ ਲੈ ਕੇ ਗੱਡ ਦਿੱਤਾ। ਉਹਦੇ ਇੱਕ ਛਾਂਗੜ ਜਿਹੀ ਸੀ, ਦੂਰੋਂ ਐਸ ਤਰ੍ਹਾਂ ਲਗਦਾ ਸੀ ਜਿਵੇਂ ਕੋਈ ਮਨੁੱਖ ਖੜ੍ਹਾ ਹੁੰਦਾ ਹੈ। ਉਸੇ ਇਲਾਕੇ ਦੇ ਚਾਰ ਬੰਦੇ ਸਵੇਰੇ-ਸਵੇਰੇ ਚੱਲੇ ਕਿ ਸ਼ਹਿਰ 'ਚ ਜਾ ਕੇ ਸੌਦਾ ਖਰੀਦ ਕੇ ਲਿਆਈਏ, ਉਹ ਜਦੋਂ ਉਥੇ ਆਏ ਪਹਿਲਾਂ ਉਨ੍ਹਾਂ ਨੇ ਦੇਖਿਆ ਨਹੀਂ ਸੀਗਾ, ਉਹ ਜਦੋਂ ਦੇਖਿਆ ਪੰਡਤ ਸੀਗਾ, ਕਹਿਣ ਲੱਗਿਆ ਕਿ ਲੈ ਬਈ ਭੂਤ ਖੜ੍ਹਾ ਹੈ। ਦੂਜਾ ਕਹਿੰਦਾ ਭੂਤ ਤਾਂ ਨਹੀਂ ਹੋ ਸਕਦਾ, ਮੈਂ ਮੰਨਦਾ ਨਹੀਂ ਭੂਤ ਨੂੰ। ਕੋਈ ਚੋਰ ਡਾਕੂ ਹੈ। ਇੱਕ ਬਾਣੀਆਂ ਸੀ ਉਹਨੇ ਕਿਹਾ ਕਿ ਆਪਾਂ ਨੇ ਕੀ ਲੈਣਾ ਹੈ ਭੂਤ ਤੇ ਚੋਰ ਡਾਕੂ ਤੋਂ ਆਪਾਂ ਪਿੱਛੇ ਹਟ ਕੇ ਚਲੇ ਜਾਓ, ਰਾਸ ਹੈ ਆਪਣੇ ਪੱਲੇ, ਐਵੇਂ ਨਾ ਲੁੱਟੇ ਜਾਈਏ, ਬਹਿ ਜਾਈਏ ਉਥੇ ਜਾ ਕੇ। ਇੱਕ ਹੋਰ ਸੀਗਾ ਨਾਲ, ਉਹ ਵੀ ਥੋੜ੍ਹਾ ਜਿਹਾ ਦਲੇਰ ਸੀ, ਉਹ ਰਾਜਪੂਤ ਜਿਹੜਾ ਸੀ ਉਹਦੇ ਕੋਲ ਤੀਰ ਕਮਾਨ ਸਾਰਾ ਭੱਥਾ ਭਰਿਆ ਹੋਇਆ ਸੀ, ਤਲਵਾਰ ਵੀ ਲਾਈ ਹੋਈ ਸੀ, ਉਹ ਪੰਡਤ ਨੂੰ ਕਹਿੰਦਾ ਕਿ ਪੰਡਤ ਜੀ! ਜੇ ਤਾਂ ਹੋਇਆ ਭੂਤ ਤੂੰ ਪੜ੍ਹ ਮੰਤਰ, ਤਾਂ ਤਾਂ ਇਹ ਹਟ ਜਾਏਗਾ। ਉਹ ਕਹਿੰਦਾ ਠੀਕ ਹੈ ਮੈਂ ਮੰਤਰ ਪੜ੍ਹਦਾ ਹਾਂ, ਕਹਿੰਦਾ ਜੇ ਮੈਂ ਡਾਕੂ ਹੋਇਆ ਤਾਂ ਮੈਂ ਤੀਰ ਮਾਰਦਾ ਹਾਂ ਇਹਦੇ। ਉਹ ਤੀਰ ਮਾਰਨ ਲੱਗ ਗਿਆ, ਉਹ ਮੰਤਰ ਪੜ੍ਹਨ ਲੱਗ ਗਿਆ, ਮਾਰਦੇ-ਮਾਰਦੇ ਤੀਰ ਮੁੱਕ ਗਏ, ਨੇੜੇ ਕੋਈ ਜਾਵੇ ਨਾ ਉਹਦੇ। ਅਖੀਰ ਉਹਨੇ ਨਾਲਦੇ ਨੂੰ ਕਿਹਾ, ਬਾਣੀਆਂ ਤਾਂ ਇੱਕ ਪਾਸੇ ਜਾ ਕੇ ਬਹਿ ਗਿਆ ਕਿ ਦਿਨ ਚੜ੍ਹੇਗਾ ਫੇਰ ਦੇਖਾਂਗੇ। ਨੱਠਣ ਜੋਗੀ ਵਿੱਥ 'ਤੇ ਬਹਿਨੇ ਆਂ, ਜੇ ਨੱਠਿਆ ਵੀ ਪਿੱਛੇ ਤਾਂ

ਵੀ ਨਹੀਂ ਆਪਾਂ ਡਾਹ ਦੇਣੀ। ਉਹ ਜਿਹੜਾ ਚੌਥਾ ਬੰਦਾ ਸੀ, ਉਹ ਕਹਿੰਦਾ ਲਿਆ ਤੂੰ ਰੋੜੇ ਇਕੱਠੇ ਕਰਕੇ ਦੇ ਏਧਰੋਂ ਓਧਰੋਂ। ਮੈਂ ਮਾਰਾਂਗਾ। ਮਾਰਦਾ-ਮਾਰਦਾ ਨੇੜੇ ਚਲਿਆ ਗਿਆ, ਜਦੋਂ ਨੂੰ ਪਹੁ-ਫੁੱਟ ਗਈ ਰੋਸ਼ਨੀ ਹੋ ਗਈ, ਉਹ ਜਾ ਕੇ ਠਾਹ ਲੱਗਿਆ ਪੱਥਰ ਉਹਦੇ ਵਿੱਚ, ਉਹ ਕਹਿੰਦਾ ਇਹ ਤਾਂ ਹਿੱਲਿਆ ਹੀ ਨਹੀਂ, ਕੋਲ ਨੂੰ ਚਲਿਆ, ਜਦੋਂ ਦੇਖਿਆ ਤਾਂ ਲੱਕੜ ਗੱਡੀ ਹੋਈ ਹੈ, ਐਵੇਂ ਹੀ ਖਪੀ ਗਏ ਤੜਕੇ ਦੇ।

ਇਹ ਕਿਉਂ ਹੋਇਆ? ਕਿਉਂਕਿ ਭਰਮ ਪੈ ਗਿਆ। ਹੁਣ ਭਰਮ ਜਦੋਂ ਤੱਕ ਨਵਿਰਤ ਨਹੀਂ ਹੁੰਦਾ, ਤਦ ਤੱਕ ਇਹ ਗੱਲ ਨਹੀਂ ਹੁੰਦੀ। ਇਸੇ ਤਰ੍ਹਾਂ ਦੇ ਨਾਲ ਸਾਡੀ ਜਿਹੜੀ ਸੁਰਤ ਹੈ, ਉਹਦੇ ਵਿੱਚ ਭਰਮ ਪੈ ਗਿਆ, ਉਹ ਭਰਮ ਪੈ ਗਿਆ ਕਿ ਮੈਂ ਹੋਰ ਹਾਂ, ਰੱਬ ਹੋਰ ਹੈ। ਮੈਂ ਵਿੱਚ ਪੈਦਾ ਹੋ ਗਈ ਉਹਦੇ। ਜੀਵ ਹੋਰ ਹੈ, ਆਤਮਾ ਹੋਰ ਹੈ। ਭਰਮ ਪੈ ਗਿਆ, ਪਿਆ ਐਸ ਤਰ੍ਹਾਂ ਜਿਵੇਂ ਟਿਕੀ ਹੋਈ ਰਾਤ ਨੂੰ ਚੰਦਰਮਾ ਚਮਕਦਾ ਹੈ, ਹਜ਼ਾਰ ਪਾਣੀ ਦਾ ਤਸਲਾ ਭਰ ਕੇ ਰੱਖ ਦਿੱਤਾ, ਉਹ ਸਾਰਿਆਂ ਦੇ ਵਿੱਚ ਚੰਦ ਦਿਸਦਾ ਹੈ, ਜੇ ਹਵਾ ਚੱਲੇ ਤਾਂ ਪਾਣੀ ਹਿਲਦਾ ਹੈ ਤਾਂ ਚੰਦ ਵੀ ਹਿਲਦਾ ਨਜ਼ਰ ਆਉਂਦਾ ਹੈ। ਇੱਕ ਤਰ੍ਹਾਂ ਦੇ ਨਾਲ ਮੈਂ ਦਾ ਭਰਮ ਪੈ ਗਿਆ ਕਿ ਮੈਂ ਵੀ ਹੈਗਾ। ਦੂਸਰਾ ਹੈਗਾ ਬੁੱਧੀ ਦੀ ਸੰਜੀਵਤਾ ਦੇ ਕਾਰਨ ਬੁੱਧੀ ਨੇੜੇ ਲੱਗ ਗਈ, ਇਹਨੇ ਦੁੱਖ ਸੁੱਖ ਇਹਦੇ ਵਿੱਚ ਪੈਦਾ ਕਰ ਦਿੱਤੇ। ਇਹ ਕਹਿੰਦਾ, ਮੈਂ ਦੁਖੀ ਹਾਂ ਸੁਖੀ ਹਾਂ, ਮੈਨੂੰ ਫਾਇਦਾ ਹੋ ਗਿਆ, ਮੈਂ ਨੁਕਸਾਨ ਹੋ ਗਿਆ, ਮੈਂ ਕਰਦਾ ਹਾਂ, ਮੈਂ ਭੋਗਦਾ ਹਾਂ। ਇਹ ਇਹਦੇ ਵਿੱਚ ਦੂਜਾ ਭਰਮ ਪੈ ਗਿਆ ਇਹਨੂੰ ਕਰਤੱਤ੍ਰ ਭਰਮ ਕਹਿੰਦੇ ਨੇ। ਤੀਸਰਾ ਭਰਮ ਇਹਦੇ ਵਿੱਚ ਪੈ ਗਿਆ ਇਹ ਆਪਣੇ ਆਪ ਨੂੰ ਬੁੱਧੀ ਦੇ ਸੰਗ ਕਰਕੇ ਆਪਣੇ ਆਪ ਨੂੰ ਸਮਝਣ ਲੱਗ ਗਿਆ ਕਿ ਮੈਂ ਸਿੱਖ ਹਾਂ, ਮੁਸਲਮਾਨ ਹਾਂ, ਮੈਂ ਈਸਾਈ ਹਾਂ, ਮੈਂ ਹਿੰਦੂ ਹਾਂ, ਮੈਂ ਇੰਡੀਅਨ ਹਾਂ, ਮੈਂ ਪਾਕਿਸਤਾਨੀ ਹਾਂ; ਮੈਂ ਕਾਲਾ, ਮੈਂ ਗੋਰਾ, ਮੈਂ ਚੰਗਾ ਹਾਂ, ਮੈਂ ਮੰਦਾ; ਸੀਗਾ ਆਤਮਾ ਅਖੰਡ, ਵਿਆਪਕ, ਲੇਕਿਨ ਭਰਮ ਦੇ ਨਾਲ ਜਾਤਾਂ ਪਾਤਾਂ 'ਚ ਪੈ ਗਿਆ। ਇਹਨੂੰ ਸੰਗ ਭਰਮ ਕਹਿੰਦੇ ਨੇ। ਚੌਥਾ ਭਰਮ ਹੋਇਆ ਵਿਕਾਰ ਭਰਮ ਕਹਿੰਦੇ ਨੇ, ਹੈਗਾ ਤਾਂ ਸਤਿ, ਚਿਤ, ਅਨੰਦ; ਅਕਾਸ਼ ਦੀ ਉਪਾਧੀ ਵਾਂਗਣ ਪੈ ਗਿਆ। ਆਕਾਸ਼ ਦੀ ਉਪਾਧੀ ਕੀ ਹੁੰਦੀ ਹੈ, ਇੱਕ ਬਰਤਨ ਹੈ ਮਿੱਟੀ ਦਾ, ਉਹਦਾ ਜਿਹੜਾ ਵਿਚਾਲੇ base (ਅਧਾਰ) ਹੈ ਖਾਲੀ ਉਹਨੂੰ ਮਟਾ ਆਕਾਸ਼ ਕਹਿੰਦੇ ਨੇ। ਆਹ ਜਿਹੜੀ ਮੇਰੇ ਤੇ ਤੁਹਾਡੇ ਵਿਚਾਲੇ ਸ਼ਾਮਿਆਨੇ ਦੀ space ਇਹ ਵੀ ਆਕਾਸ਼ ਹੈ। ਇਹ ਜੇ ਬੱਦਲ ਹੋਏ ਹੋਣ ਤਾਂ ਉਸਨੂੰ ਘਟਾ ਆਕਾਸ਼ ਕਹਿੰਦੇ ਨੇ। ਜੇ ਬੱਦਲ ਹਟ ਜਾਣ ਤਾਂ ਮਹਾਂਆਕਾਸ਼ ਹੈ। ਹੈਗਾ ਤਾਂ ਆਕਾਸ਼ ਹੀ ਹੋਰ ਤਾਂ ਕੋਈ ਚੀਜ਼ ਹੋਈ ਨਾ। ਜੇ ਬਰਤਨ ਭੰਨ ਦਿਓ ਤਾਂ ਆਕਾਸ਼ ਕਿੱਥੇ ਜਾਂਦਾ ਹੈ ਕਿਤੇ ਵੀ ਨਹੀਂ ਜਾਂਦਾ, ਉਹ ਅਕਾਸ਼ ਪਹਿਲਾਂ ਵੀ ਓਵੇਂ ਹੀ ਫੇਰ ਵੀ ਓਵੇਂ ਹੀ ਹੈ। ਮਹਾਰਾਜ ਕਹਿੰਦੇ –

***ਬਾਜੀਗਰਿ ਜੈਸੇ ਬਾਜੀ ਪਾਈ ॥***

*ਨਾਨਾ ਰੂਪ ਭੇਖ ਦਿਖਲਾਈ ॥*
*ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥ ਤਬ ਏਕੋ ਏਕੰਕਾਰਾ ॥ 1 ॥*
*ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥*
*ਕਤਹਿ ਗਇਓ ਉਹੁ ਕਤ ਤੇ ਆਇਓ ॥*

***ਅੰਗ – 736***

ਜਾਣਾ ਆਉਣਾ ਕਿੱਥੇ ਸੀ, ਆਕਾਸ਼ ਦਾ ਆਕਾਸ਼ ਵਿੱਚ ਸਮਾਅ ਗਿਆ। ਆਹ ਜਦੋਂ ਸ਼ਾਮਿਆਨੇ ਲਹਿ ਜਾਣਗੇ, ਆਹ ਆਕਾਸ਼ ਉਪਰਲੇ ਆਕਾਸ਼ 'ਚ ਚਲਿਆ ਜਾਏਗਾ, ਜਦੋਂ ਬੱਦਲ ਦੂਰ ਹੋ ਜਾਣਗੇ, ਉਹ ਮਹਾਂ ਆਕਾਸ਼ ਹੋ ਜਾਏਗਾ। ਹੈ ਮਹਾਂਆਕਾਸ਼ ਹੀ ਸਾਰੇ ਪਰ ਬਿਆਧੀ ਕਰਕੇ ਛੋਟੇ ਵੱਡੇ ਬਣ ਗਏ, ਏਵੇਂ ਜਿਵੇਂ ਹੈ ਤਾਂ ਇੱਕੋ ਹੀ ਆਤਮਾ, ਪਰ ਉਹ ਸਰੀਰ ਦੇ ਵਿੱਚ ਆਉਣ ਕਰਕੇ 'ਜੀਵ ਆਤਮਾ' ਕਹਾਉਣ ਲੱਗ ਗਿਆ, ਇਹਨੂੰ ਭਰਮ ਕਹਿੰਦੇ ਨੇ, ਭਰਮ ਪੈ ਗਿਆ, ਇਹ ਟੁੱਟਦਾ ਨਹੀਂ ਜ਼ੋਰ ਲਾ ਲਓ। ਫੇਰ ਹੈਗਾ ਵਿਕਾਰ ਭਰਮ। ਉਹ ਇਹ ਕਹਿੰਦੇ ਨੇ ਕਿ ਇਹ ਜਿਹੜਾ ਸੰਸਾਰ ਹੈ, ਇਹ ਰੱਬ ਹੋਰ ਹੈ ਸੰਸਾਰ ਹੋਰ ਹੈ। ਮਹਾਂਪੁਰਸ਼ ਕਹਿੰਦੇ ਨਹੀਂ ਇਹ ਤੈਨੂੰ ਭਰਮ ਪੈ ਗਿਆ, ਹਨ੍ਹੇਰੇ ਵਿੱਚ ਰੱਸੀ ਪਈ ਹੈ ਤੈਨੂੰ ਭਰਮ ਪੈ ਗਿਆ ਕਿ ਸੱਪ ਪਿਆ ਹੈ। ਜਦੋਂ ਚਾਨਣਾ ਹੋਇਆ ਤਾਂ ਦੇਖਿਆ ਕਿ ਇਹ ਤਾਂ ਰੱਸੀ ਸੀ। ਰੜੇ ਮੈਦਾਨ ਦੇ ਵਿੱਚ ਤੈਨੂੰ ਭਰਮ ਪੈ ਗਿਆ ਕਿ ਦਰਿਆ ਚੱਲ ਰਿਹਾ ਤੇ ਜਦੋਂ ਤੂੰ ਕੋਲ ਚਲਿਆ ਗਿਆ, ਜਾਂ ਸ਼ਾਮ ਹੋ ਗਈ, ਉਸ ਵੇਲੇ ਦਰਿਆ ਪਤਾ ਨਹੀਂ ਕਿਧਰੇ ਚਲਿਆ, ਕਿਉਂਕਿ ਉਸ 'ਚੋਂ ਪਹਿਲਾਂ ਜਿਹੜੀ ਗੈਸ ਨਿਕਲਦੀ ਸੀ ਉਹ ਅੱਖਾਂ ਦੇ ਵਿੱਚ ਐਸ ਤਰ੍ਹਾਂ ਲਗਦੀ ਸੀ ਕਿ ਜਿਵੇਂ ਪਾਣੀ ਤੁਰਿਆ ਜਾਂਦਾ ਹੁੰਦਾ ਹੈ। ਸੱਚਮੁੱਚ ਉਹ ਚੀਜ਼ ਨਹੀਂ ਸੀ। ਇਸੇ ਤਰ੍ਹਾਂ ਦੇ ਨਾਲ ਚੇਤਨ ਦੇ ਵਿੱਚ ਆਹ ਸੰਸਾਰ ਜਿਹੜਾ ਦੇਖਦੇ ਹਾਂ, ਇਹ ਸੰਸਾਰ ਭਰਮ ਪੈ ਗਿਆ, ਹੈ ਇੱਕੋ ਹੀ ਚੇਤਨ, ਆਪੇ ਹੀ ਉਹਨੇ ਰੂਪ ਬਣਾਇਆ ਹੋਇਆ ਹੈ –

*ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥*

***ਅੰਗ – 463***

ਪੰਜਵਾਂ ਭਰਮ ਇਹ ਹੁੰਦਾ ਹੈ ਕਿ ਅਸੀਂ ਅੱਡ-ਅੱਡ ਹਾਂ, ਮਹਾਰਾਜ ਕਹਿੰਦੇ ਨਹੀਂ। ਅੱਡ-ਅੱਡ ਨਹੀਂ। ਸੋਨੇ ਦੇ ਅਨੇਕ ਗਹਿਣੇ ਬਣ ਗਏ ਉਹ ਸੋਨਾ ਹੀ ਹੈ, ਸੋਨੇ ਤੋਂ ਅੱਡ ਨਹੀਂ ਹੋਇਆ ਕਰਦਾ। ਸ਼ਕਲਾਂ ਕਰਕੇ ਅੱਡ ਲਗਦਾ ਹੈ, ਲੇਕਿਨ ਹੈ ਨਹੀਂ। ਪਾਣੀ ਤੋਂ ਦੋ-ਦੋ ਸੌ, ਚਾਰ-ਚਾਰ ਸੌ ਫੁੱਟ, ਵਾ-ਵਰੋਲਾ ਪਾਣੀ 'ਚ ਅੱਡ ਲਗਦਾ ਹੈ ਬਈ ਵਰੋਲਾ ਆ ਰਿਹਾ ਹੈ, ਲੇਕਿਨ ਹੈ ਕੀ, ਉਹ ਪਾਣੀ ਹੀ ਹੈ। ਸਮੁੰਦਰ ਹੀ ਹੈ, ਹਵਾ ਦੇ ਨਾਲ ਉੱਚਾ ਉੱਠ ਗਿਆ। ਇਹ ਭਰਮ ਪੈਣ ਦੇ ਨਾਲ ਜਿਹੜਾ ਵਾਹਿਗੁਰੂ ਸੀਗਾ –

*ਅੰਤਰਿ ਏਕੋ ਬਾਹਰਿ ਏਕੋ ਸਭ ਮਹਿ ਏਕੁ ਸਮਾਈਐ ॥*
*ਘਟਿ ਅਵਘਟਿ ਰਵਿਆ ਸਭ ਠਾਈ*

***ਹਰਿ ਪੂਰਨ ਬ੍ਰਹਮੁ ਦਿਖਾਈਐ ॥*** ***ਅੰਗ - 528***

ਇਹਦਾ ਨਹੀਂ ਪਤਾ ਲਗਦਾ, ਮਹਾਰਾਜ ਕਹਿੰਦੇ ਆਹੀ ਚੀਜ਼ ਹੈ, ਜਿੱਥੇ ਆਦਮੀ ਫਸਿਆ ਹੋਇਆ ਹੈ, ਰੱਬ ਤੇਰੇ ਨਾਲ ਹੈ -

***ਅੰਦਰਿ ਕੋਟ ਛਜੇ ਹਟਨਾਲੇ ॥ ਆਪੇ ਲੇਵੈ ਵਸਤੁ ਸਮਾਲੇ ॥***
***ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥***
***ਅੰਗ - 1033***

ਵਾਸ਼ਨਾਵਾਂ ਦੇ ਬਜਰ ਕਪਾਟ ਜੜੇ ਹੋਏ ਨੇ ਆਹ ਜਿਹੜੀ ਕਿਤਾਬ ਆਈ ਹੈ ਨਾ ਹੁਣ, 'ਅਗੰਮ ਅਗੋਚਰ ਦਾ ਮਾਰਗ' ਇਹਦੇ ਆਖਰੀ ਚੈਪਟਰ ਦੇ ਵਿੱਚ ਆਉਂਦਾ ਹੈ ਕਿ ਵਾਸ਼ਨਾਵਾਂ ਕਿਵੇਂ ਅੱਡ ਕਰ ਦਿੰਦੀਆਂ ਨੇ। ਵਾਸ਼ਨਾਵਾਂ ਕਰਕੇ ਬੱਜਰ ਕਪਾਟ ਜੜੇ ਹੋਏ ਨੇ ਪਰ ਜਦੋਂ ਗੁਰੂ ਦਾ ਸ਼ਬਦ ਮਿਲ ਜਾਂਦਾ ਹੈ। ਗੁਰੂ ਦਾ ਸ਼ਬਦ ਦੋ ਤਰ੍ਹਾਂ ਦਾ ਹੁੰਦਾ ਹੈ। ਸ਼ਬਦ ਦਾ ਨਹੀਂ ਸਾਨੂੰ ਪਤਾ ਲਗਦਾ। ਰੌਲਾ ਪਿਆ ਹੋਇਆ ਹੈ। ਇੱਕ ਸ਼ਬਦ ਤਾਂ ਉਹ ਹੈ ਜਿਹੜਾ ਮੈਂ ਬੋਲ ਰਿਹਾ ਹਾਂ, ਬੋਲਣ ਨੂੰ ਵੀ ਸ਼ਬਦ ਹੀ ਕਹਿੰਦੇ ਨੇ। ਇੱਕ ਮੈਂ ਆਹ ਹੱਥ ਮਾਰ ਦਿੱਤਾ ਇਹਨੂੰ ਪ੍ਰਾਕ੍ਰਿਤੀ ਦੇ ਟਕਰਾਅ ਦਾ ਸ਼ਬਦ ਹੈ। ਕਿਸੇ ਨੇ ਆਹ ਵਾਜੇ 'ਤੇ ਉਂਗਲੀ ਰੱਖ ਦਿੱਤੀ ਇਹ ਸ਼ਬਦ ਹੈ। ਸਿਤਾਰ ਦੇ ਉਤੇ ਗਜ਼ ਫੇਰ ਦਿੱਤਾ ਇਹ ਸਭ ਪ੍ਰਕ੍ਰਿਤਕ ਸ਼ਬਦ ਕਹਾਉਂਦੇ ਨੇ। ਆਹ ਜਿਹੜਾ ਮੈਂ ਬੋਲਦਾ ਹਾਂ ਇਹ ਸ਼ਬਦ ਹੈ ਸਰੀਰ ਦੇ ਵਿਚੋਂ ਆਇਆ ਹੋਇਆ। ਇੱਕ ਹੈਗਾ ਗੁਰੂ ਦਾ ਸ਼ਬਦ ਜਿਹਦੇ ਨਾਲ ਇਹ ਖੁੱਲ੍ਹਣਾ ਹੈ ਬਜਰ ਕਪਾਟ। ਇੱਕ ਤਾਂ ਗੁਰੂ ਦਾ ਸ਼ਬਦ ਹੈ ਜਿਹੜਾ ਤੁਸੀਂ ਆ ਕੇ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕਣ ਤੋਂ ਬਾਅਦ ਲੈਂਦੇ ਓਂ, ਇਹਨੂੰ ਕਹਿੰਦੇ ਨੇ ਗੁਰ ਸ਼ਬਦ ਇਹਨੂੰ ਪ੍ਰਾਪਤ ਹੋ ਗਿਆ। ਵਾਹਿਗੁਰੂ ਮੰਤਰ ਪ੍ਰਾਪਤ ਹੋ ਗਿਆ। ਇੱਕ ਗੁਰੂ ਸ਼ਬਦ ਉਹ ਹੈ ਜਿਹੜਾ ਬਾਣੀ ਦੇ ਵਿੱਚ ਆਉਂਦਾ ਹੈ, ਜਿਹੜਾ ਆਪਾਂ ਕੀਰਤਨ ਕਰਦੇ ਹਾਂ ਇਹ ਗੁਰ ਸ਼ਬਦ ਹੈ। ਇੱਕ ਸ਼ਬਦ ਉਹ ਜਿਹਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕਰੀ ਹੈ ਉਹਨੂੰ ਸ਼ਬਦ ਬ੍ਰਹਮ ਕਹਿੰਦੇ ਨੇ, ਓਅੰਕਾਰ ਕਹਿੰਦੇ ਨੇ -

***ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।***
***ਭਾਈ ਗੁਰਦਾਸ ਜੀ, ਵਾਰ 26/2***

ਇਹ ਸ਼ਬਦ ਜਿਹੜਾ ਹੈ, ਇਹ ਅਰ ਨਾਮ ਨੇੜੇ-ਨੇੜੇ ਨੇ। ਅੱਡ ਨਹੀਂ ਹੈਗੇ, ਨਾਮ ਸ਼ਕਤੀ ਕਰਕੇ ਸ਼ਬਦ ਹੈ, ਸ਼ਬਦ ਕਰਕੇ ਸਾਰੀ ਰਚਨਾ ਹੈ। ਇੱਥੇ ਨਾਮ ਦੇ ਨਾਲ ਸ਼ਬਦ ਇੱਕ ਹੋ ਜਾਂਦਾ ਹੈ। ਰੌਲਾ ਪੈ ਜਾਂਦਾ ਹੈ ਜਦੋਂ ਸਾਨੂੰ ਸ਼ਬਦ ਦੀ ਸਮਝ ਨਹੀਂ ਆਉਂਦੀ। ਗੁਰੂ ਗ੍ਰੰਥ ਸਾਹਿਬ 'ਚ ਤਾਂ ਸ਼ਬਦ ਆਉਂਦਾ ਹੈ ਬਾਰ-ਬਾਰ -

***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥***
***ਅੰਗ - 954***

***ਅੰਦਰਿ ਕੋਟ ਛਜੇ ਹਟਨਾਲੇ ॥ ਆਪੇ ਲੇਵੈ ਵਸਤੁ ਸਮਾਲੇ ॥***
***ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥***
***ਅੰਗ - 1033***

ਗੁਰੂ ਦੇ ਸ਼ਬਦ ਨਾਲ ਖੁਲ੍ਹਣਾ ਹੈ ਉਹ। ਜਦੋਂ ਖੁਲ੍ਹ ਗਿਆ –

*ਭੀਤਰਿ ਕੋਟ ਗੁਫਾ ਘਰ ਜਾਸ਼ਈ ॥*
*ਨਉ ਘਰ ਥਾਪੇ ਹੁਕਮਿ ਰਜਾਈ ॥*
*ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥*

***ਅੰਗ – 1033***

ਪਰ ਇਹ ਭਰਮ ਕਰਕੇ ਐਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਮਾਧਵੇ ਭਰਮ ਪੈ ਗਿਆ ਏਸ ਜੀਵ ਨੂੰ।***
***ਵਾਹਿਗੁਰੂ ਭਰਮ ਪੈ ਗਿਆ ਏਸ ਜੀਵ ਨੂੰ।***
***ਤੂੰ ਨਾ ਦਿਸਦਾ, ਖੇਲ੍ਹ ਪਿਆ ਖੇਲ੍ਹੇ।***

ਭਰਮ ਪੈ ਗਿਆ –

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥* ***ਜਾਪੁ ਸਾਹਿਬ***

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ*
*ਜਲ ਕੇਵਲ ਜਲ ਮਾਂਹੀ ॥ 1 ॥*
*ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥*
*ਜੈਸਾ ਮਾਨੀਐ ਹੋਇ ਨ ਤੈਸਾ ॥* ***ਅੰਗ – 657***

ਜਿੰਨਾਂ ਚਿਰ ਮੈਂ ਸੀਗਾ, ਤੂੰ ਨਹੀਂ ਸੀਗਾ। ਹੁਣ ਮੈਂ ਟੁੱਟ ਗਈ ਤੇ ਹੁਣ ਤੂੰ ਹੀ ਤੂੰ ਰਹਿ ਗਿਆ। ਸਮੁੰਦਰ ਉਛਲਦਾ ਸੀ ਤੇ ਪਾਣੀ, ਪਾਣੀ ਸੀ ਅਸੀਂ ਲਹਿਰਾਂ ਬਣਾ ਲਿਆ ਉਹਨੂੰ, ਇੱਕ ਸਮੁੰਦਰ ਬਣਾ ਲਿਆ। ਜਿਹੋ ਜਿਹਾ ਅਸੀਂ ਸੰਸਾਰ ਨੂੰ ਮੰਨਦੇ ਹਾਂ ਸੰਸਾਰ ਓਹੋ ਜਿਹਾ ਹੈ ਨਹੀਂ। ਇਹ ਤਾਂ ਪ੍ਰਮੇਸ਼ਰ ਹੀ ਹੈ –

*ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥*
*ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥*

***ਅੰਗ– 658***

ਆਤਮ ਸ਼ਹਿਜ਼ਾਦੇ ਸੀ ਅਸੀਂ, ਵਾਹਿਗੁਰੂ ਦਾ ਰੂਪ ਸੀ, ਪਰ ਸੁਪਨਾ ਆ ਗਿਆ ਮਾਇਆ ਦਾ, ਤ੍ਰਿਗੁਣੀ ਮਾਇਆ ਦਾ; ਰਜੋ ਗੁਣ, ਸਤੋ ਗੁਣ, ਤਮੋ ਗੁਣ ਤਿੰਨਾਂ ਦੇ ਵਿੱਚ ਸੁਰਤ ਫਸ ਗਈ। ਜੋਤ ਫਸ ਗਈ।

ਰਾਜਾ ਕਹਿੰਦੇ ਤਖਤ 'ਤੇ ਬੈਠਾ ਹੈ, ਸੁਪਨਾ ਆ ਗਿਆ, ਸੁਪਨੇ ਦੇ ਵਿੱਚ ਰਾਜ ਖੋਹ ਲਿਆ, ਉਹ ਬਹੁਤ ਦੁਖੀ ਹੁੰਦਾ ਹੈ ਜਦੋਂ ਜਾਗ ਆਈ, ਕੀ ਦੇਖਦਾ ਹੈ ਕਿ ਮੈਂ ਤਖਤ 'ਤੇ ਹੀ ਬੈਠਾ ਹਾਂ। ਕਹਿੰਦੇ, ਆਹੀ ਹਾਲ ਸਾਡਾ ਹੈ –

*ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ*
*ਅਬ ਕਛੁ ਮਰਮੁ ਜਨਾਇਆ ॥*

***ਅੰਗ – 658***

ਹੁਣ ਪਤਾ ਲੱਗਿਆ ਕਿ ਜਿਹੜੀ ਰੱਸੀ ਸੱਪ ਦਿਸਦਾ ਰਿਹਾ ਸਾਰੀ ਰਾਤ ਉਹ ਸੱਪ ਤਾਂ ਹੈ ਨਹੀਂ ਸੀ, ਉਹ ਤਾਂ ਰੱਸੀ ਸੀ ਹਨ੍ਹੇਰੇ ਕਰਕੇ ਦਿਸਦਾ ਰਿਹਾ –

***ਅਨਿਕ ਕਟਕ ਜੈਸੇ ਭੂਲਿ ਪਰੇ***
***ਅਬ ਕਹਤੇ ਕਹਨੁ ਨ ਆਇਆ ॥ ਅੰਗ – 658***

ਕਹਿਣ ਲੱਗੇ, ਸੋਨੇ ਨੂੰ ਦੇਖ ਕੇ ਭੁੱਲ ਗਏ, ਸੀਗਾ ਸਾਰਾ ਹੀ ਸੋਨਾ, ਪਰ ਅਸੀਂ ਗਿਣਨ ਲੱਗ ਗਏ ਉਹਦੇ ਗਹਿਣੇ ਕਿ ਆਹ ਗਹਿਣਾ ਹੈ, ਆਹ ਗਹਿਣਾ ਹੈ –

***ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ ॥***
***ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥***
***ਅੰਗ – 658***

ਸੋ ਏਸ ਤਰ੍ਹਾਂ ਦੇ ਨਾਲ ਉਹ ਪਹੁੰਚਿਆ ਹੋਇਆ, ਸਾਧਨਾ ਕੀਤੀ ਹੋਈ, ਸਾਰੀ ਨੇਤੀ, ਧੋਤੀ, ਬਸਤੀ, ਕਪਾਲੀ, ਤ੍ਰਾਟਕ ਵਗੈਰਾ; ਹਰ ਚੀਜ਼ ਉਹਨੇ ਕੀਤੀ ਹੋਈ, ਬੜੇ ਔਖੇ ਸਾਧਕ ਕੀਤੇ ਹੋਏ, ਰਿੱਧੀਆਂ-ਸਿੱਧੀਆਂ ਦਾ ਮਾਲਕ ਹੋ ਗਿਆ, ਅੰਤਰਯਾਮੀ ਹੋ ਗਿਆ। ਦੂਰ-ਦ੍ਰਿਸ਼ਟੀ ਕਰਨ ਵਾਲਾ ਹੋ ਗਿਆ, ਰਾਜੇ ਉਹਦੀ ਚਰਨ ਸ਼ਰਨ ਆਉਣ ਲੱਗ ਗਏ। ਲੇਕਿਨ ਅੰਦਰੋਂ ਬਹੁਤ ਵੱਡਾ ਵਿਯੋਗ ਲੱਗਿਆ ਹੋਇਆ ਸੀ ਕਿ ਮੇਰੀ ਉਮਰ ਥੋੜ੍ਹੀ ਰਹਿ ਗਈ, ਅਜੇ ਮਿਲਿਆ ਨਹੀਂ, ਪਤਾ ਲੱਗਿਆ ਕਿ ਗੁਰੂ ਦਸ਼ਮੇਸ਼ ਪਿਤਾ ਨੇੜੇ ਆਏ ਹੋਏ ਨੇ ਪਾਉਂਟੇ ਸਾਹਿਬ। ਕਿਵੇਂ ਮੈਂ ਸੁਨੇਹਾ ਭੇਜਾਂ ਉਹਨਾਂ ਨੂੰ, ਸੁਨੇਹਾ ਨਹੀਂ ਭੇਜ ਸਕਦਾ ਰਾਜਿਆਂ ਦੇ ਕੋਲ, ਅੰਦਰੋਂ ਵਿਸ਼ਵਾਸ਼ ਹੈ ਕਿ ਉਹ ਪੂਰਨ ਅੰਤਰਜਾਮੀ ਹੈ ਤੇ ਹਾਲਤ ਐਸੀ ਬਣ ਗਈ, ਪੜ੍ਹੋ ਪਿਆਰ ਨਾਲ –

***ਧਾਰਨਾ – ਦਿਨ ਥੋੜ੍ਹੇ ਰਹਿ ਗਏ,***
***ਭਇਆ ਪੁਰਾਣਾ ਚੋਲਾ ਜੀ।***

***ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥ ਅੰਗ – 23***

ਏਸ ਤਰ੍ਹਾਂ ਦੇ ਮਨ ਵਿਚੋਂ ਭਾਵ ਆਉਂਦੇ ਨੇ ਕਿ ਮਨਾਂ! ਹਿੱਲਣਾ ਜੁੱਲਣਾ ਵੀ ਰਹਿ ਗਿਆ, ਅੱਗੇ ਵਾਂਗਣ ਮੈਂ ਤੁਰ ਫਿਰ ਨਹੀਂ ਸਕਦਾ –

***ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ ॥***
***ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥ ਅੰਗ – 1378***

ਹੱਥ ਕੰਬ ਰਹੇ ਨੇ, ਪੈਰ ਤੁਰ ਨਹੀਂ ਰਹੇ, ਸਰੀਰ ਬੋਝ ਨਹੀਂ ਚੁੱਕਦਾ, ਅੱਖਾਂ ਨੂੰ ਦਿੱਸਣ ਤੋਂ ਘੱਟ ਹੋ ਗਿਆ, ਕੰਨ ਸੁਣਦੇ ਨਹੀਂ ਹੈਗੇ ਤੇ ਦੰਦ ਉੱਖੜ ਗਏ ਇਹ ਤਾਂ ਸਾਰੇ ਹੀ ਛੱਡ ਗਏ ਅਜੇ ਤੱਕ ਮੇਰਾ ਕਾਰਜ ਨਹੀਂ ਹੋਇਆ –

***ਧਾਰਨਾ – ਤੈਨੂੰ ਛੱਡ ਗਏ ਬਾਲ ਸਖਾਈ, ਜਿੰਦੇ ਤੈਨੂੰ ਛੱਡ ਗਏ।***

***ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥***
***ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥ ਅੰਗ – 1381***

ਸਰੀਰ ਵੱਲ ਝਾਕਦਾ ਹੈ ਕਿ ਕਿੰਨੇ ਕੁ ਦਿਨ ਹੋਰ ਇਹਦੀ ਮਿਆਦ ਹੈ, ਉੱਠਣਾ ਬੈਠਣਾ ਵੀ ਸਹਾਰੇ ਨਾਲ ਹੋ ਗਿਆ। ਜਾ ਮੈਂ ਕਿਤੇ ਸਕਦਾ ਨਹੀਂ, ਗੁਰੂ ਮੇਰੇ ਨੇੜੇ ਆਇਆ ਹੋਇਆ ਹੈ, ਆਪਣੇ ਹਿਰਦੇ ਦੀ ਵੇਦਨਾ ਦੱਸੀ ਜਾਂਦਾ ਹੈ, ਹੁਣ ਤਾਂ ਥੋੜ੍ਹਾ ਹੀ ਰਹਿ ਗਿਆ ਐਸ ਤਰ੍ਹਾਂ ਪੜ੍ਹ ਲਓ –

*ਧਾਰਨਾ – ਧਨ ਜੋਬਨ ਫੁੱਲਾਂ ਦੀਆਂ ਬਾੜੀਆਂ,*
*ਖਿੜੀਆਂ ਨਾ ਸਦਾ ਰਹਿਣੀਆਂ।*

*ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥*
*ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥ 1 ॥*
*ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥*
*ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥ ਅੰਗ – 23*

ਐਸੀਆਂ ਅਰਦਾਸਾਂ ਆਪਣੇ ਸਰੀਰ ਨੂੰ ਦੇਖ ਕੇ, ਮਨ ਵਿੱਚ ਖਿਆਲ ਆਉਂਦੇ ਨੇ ਕਿ ਮਨਾਂ! ਆਹ ਤਾਂ ਜਨਮ ਲੰਘ ਗਿਆ, ਗੁਰੂ ਮੇਰੇ ਨੇੜੇ ਆਇਆ ਹੋਇਆ ਹੈ, ਗੁਰੂ ਅੰਤਰਜਾਮੀ ਹੈ, ਮੇਰੇ 'ਤੇ ਰੀਝਦਾ ਕਿਉਂ ਨਹੀਂ, ਕਿਉਂਕਿ ਮੇਰਾ ਤਪ ਨਹੀਂ ਹੈ ਕੋਈ। ਤਪ ਤੋਂ ਮੈਂ ਹੀਣਾ ਹਾਂ, ਹੇ ਪ੍ਰਭੂ! ਤੂੰ ਕ੍ਰਿਪਾ ਕਰ। ਹੁਣ ਮੇਰਾ ਸਰੀਰ ਨਹੀਂ ਹੈ ਕਿ ਮੈਂ ਚੱਲ ਕੇ ਤੇਰੇ ਦਰਸ਼ਨ ਕਰਾਂ ਤੇ ਤੂੰ ਕ੍ਰਿਪਾ ਕਰਕੇ ਮੇਰੇ ਪਾਸ ਪਹੁੰਚ।

ਗੁਰੂ ਦਸ਼ਮੇਸ਼ ਪਿਤਾ ਜੀ ਕੋਲ ਦੂਸਰੇ ਦਿਨ ਰਾਜੇ ਆਏ ਬੈਠੇ ਬਾਤਚੀਤ ਹੋ ਰਹੀ ਹੈ। ਉਸ ਵੇਲੇ ਖਬਰ ਆਈ ਕਿ ਇੱਕ ਬਹੁਤ ਵੱਡਾ ਸ਼ੇਰ ਜਿੱਥੇ ਸ਼ੇਰਗੜ੍ਹੀ ਗੁਰਦੁਆਰਾ ਹੈ, ਉਥੇ ਜੰਗਲ ਦੇ ਵਿੱਚ ਹੈ। ਮਹਾਰਾਜ! ਉਹ ਕਿਸੇ ਤੋਂ ਨਹੀਂ ਮਰਦਾ। ਬੇਅੰਤ ਸ਼ਿਕਾਰੀਆਂ ਨੂੰ ਮਾਰ ਚੁੱਕਿਆ ਹੈ ਤੇ ਅਸੀਂ ਕਿਸਾਨ ਲੋਕ ਬਹੁਤ ਦੁਖੀ ਹਾਂ। ਤੁਸੀਂ ਸਾਰੇ ਰਾਜੇ ਇੱਥੇ ਇਕੱਠੇ ਹੋਏ ਹੋ ਤੇ ਕ੍ਰਿਪਾ ਕਰੋ ਸਾਡੇ ਦੁੱਖ ਦੀ ਨਵਿਰਤੀ ਕਰੋ। ਓਸ ਵੇਲੇ ਰਾਜੇ, ਆਸਾਮ ਵਾਲਾ ਰਾਜਾ ਮੇਦਨੀ ਪ੍ਰਕਾਸ਼, ਕਹਿਣ ਲੱਗਿਆ, ਸ਼ੇਰ ਬਹੁਤ ਵੱਡਾ ਹੈ, ਕਿਸੇ ਢੰਗ ਨਾਲ ਮਾਰਿਆ ਜਾਵੇਗਾ। ਗੁਰੂ ਮਹਾਰਾਜ ਨੂੰ ਬੇਨਤੀ ਕਰੀ, ਆਪ ਵੀ ਨਾਲ ਚਲੇ ਗਏ। ਆਪ ਨੇ ਸਿੰਘਾਂ ਨੂੰ ਕਿਹਾ ਕਿ ਪਿਆਰਿਓ! ਇੱਕ ਡੋਲੀ ਨਾਲ ਲੈ ਕੇ ਚੱਲੋ। ਬਿਸਤਰਾ ਵਿਛਾ ਲਓ ਵਿੱਚ ਗਦੈਲੇ ਵਗੈਰਾ ਲਾ ਲਓ, ਇੱਕ ਸ਼ਿਕਾਰ ਤਾਂ ਆਪਾਂ ਇਹ ਕਰਨਾ ਹੈ, ਇੱਕ ਹੋਰ ਜਿੱਤ ਜਿੱਤਣੀ ਹੈ ਆਪਾਂ, ਇੱਕ ਆਤਮਾ ਜਿੱਤ ਕੇ ਲਿਆਉਣੀ ਹੈ।

ਹੁਕਮ ਦੀ ਤਾਮੀਲ ਹੋ ਗਈ, ਘੋੜਿਆ 'ਤੇ ਚੜ੍ਹੇ, ਪਾਲਕੀ ਵੀ ਨਾਲ ਚਲੀ ਗਈ, ਗੁਰੂ ਮਹਾਰਾਜ ਨੇ ਕਿਹਾ ਕਿ ਤੁਸੀਂ ਜੰਗਲ ਤੋਂ ਬਾਹਰ ਹੀ ਰਹੋ। ਇੱਥੇ ਇੰਤਜ਼ਾਰ ਕਰੋ ਸਾਡਾ। ਆਪ ਗਏ ਉਥੇ ਤਾਂ ਸ਼ੇਰ ਨੂੰ ਦੇਖ ਕੇ ਸਾਰੇ ਚੁੱਪ ਕਰ ਗਏ, ਕੋਈ ਰਾਜਾ ਨਹੀਂ ਹੈ ਜਿਹੜਾ ਤਲਵਾਰ ਦੇ ਮੁੱਠੇ 'ਤੇ ਹੱਥ ਪਾ ਲਵੇ। ਕਹਿਣ ਲੱਗੇ, ਮਹਾਰਾਜ! ਇਹਨੂੰ ਨਾ ਛੇੜੀਏ ਆਪਾਂ, ਇਹਨੂੰ ਗੋਲੀਆਂ ਨਾ, ਤੀਰਾਂ ਨਾਲ ਘੇਰ ਕੇ ਮਾਰੀਏ। ਮਹਾਰਾਜ ਕਹਿੰਦੇ,

ਇਹ ਕਿਧਰਲੀ ਬਹਾਦਰੀ ਹੈ। ਇਕੱਲਾ ਉਹ ਹੈ, ਇਕੱਲੇ-ਇਕੱਲੇ ਚੱਲੋ। ਕਹਿੰਦੇ, ਮਹਾਰਾਜ! ਸਾਡੇ 'ਚ ਤਾਂ ਸ਼ਕਤੀ ਨਹੀਂ ਆਪ ਦੇਖ ਲਓ।

ਉਸ ਵੇਲੇ ਮਹਾਰਾਜ ਜੀ ਗਏ, ਜਾ ਕੇ ਹਾਕ ਮਾਰੀ। ਉਹ ਉੱਠਿਆ ਨਾ, ਕਹਿੰਦੇ ਹੁਣ ਤੂੰ ਇੱਥੇ ਗਿੱਦੜ ਬਣਿਆ ਬੈਠਾ ਹੈਂ, ਉੱਠ ਜਾਗ, ਆ ਕੇ ਮੁਕਾਬਲਾ ਕਰ। ਖੜ੍ਹਾ ਹੋ ਗਿਆ, ਤਣਿਆ ਆਪਣੇ ਸਰੀਰ ਨੂੰ, ਪੂਰੇ ਜ਼ੋਰ ਨਾਲ ਉਹਨੇ ਛਲਾਂਗ ਮਾਰੀ। ਗੁਰੂ ਮਹਾਰਾਜ ਨੇ ਢਾਲ 'ਤੇ ਲਿਆ, ਪੰਜੇ 'ਤੇ ਸ੍ਰੀ ਸਾਹਿਬ ਨਾਲ ਜਿਵੇਂ ਆਰਾਮ ਨਾਲ ਕੋਈ ਚੀਜ਼ ਕੱਟ ਦੇਈਦੀ ਹੈ, ਐਸ ਤਰ੍ਹਾਂ ਪੇਟ ਕੱਟ ਦਿੱਤਾ। ਦੇਖਦੇ ਕੀ ਨੇ ਕਿ ਉਹਦੇ ਵਿਚੋਂ ਇੱਕ ਰੂਹ ਨਿਕਲੀ ਤੇ ਦੇਖਦੇ-ਦੇਖਦੇ ਪ੍ਰਕਾਸ਼ ਵਾਲੀ ਹੋ ਗਈ। ਮਹਾਰਾਜ ਜੀ ਨੂੰ ਪੁੱਛਿਆ ਕਿ ਸੱਚੇ ਪਾਤਸ਼ਾਹ! ਇਹ ਕੀ ਕੌਤਕ ਹੈ, ਸ਼ੇਰ ਤਾਂ ਅੱਗੇ ਹੀ ਬਹੁਤ ਮਾਰੇ ਨੇ, ਮੈਂ ਤਾਂ ਦੇਖਿਆ ਨਹੀਂ ਕਿ ਕੋਈ ਰੂਹ ਵੀ ਨਿਕਲ ਆਏ। ਉਸ ਵੇਲੇ ਮਹਾਰਾਜ ਕਹਿਣ ਲੱਗੇ ਕਿ ਪਿਆਰਿਓ! ਪੰਜ ਹਜ਼ਾਰ ਸਾਲ ਦਾ ਇਹ ਭਟਕਦਾ ਫਿਰਦਾ ਸੀ, ਤਿੰਨ ਸੌ ਸਾਲ ਘੱਟ ਪੰਜ ਹਜ਼ਾਰ।

ਕਹਿਣ ਲੱਗੇ, ਮਹਾਰਾਜ! ਕੌਣ ਹੋਇਆ?

ਕਹਿੰਦੇ, ਇਹ ਜੈਦਰਥ ਹੈ।

ਮਹਾਂਭਾਰਤ ਦੇ ਯੁੱਧ 'ਚੋਂ ਪਿੱਠ ਦੇ ਕੇ ਨੱਠਿਆ ਸੀ। ਇਹਦਾ ਦੋਸ਼ ਇਹ ਲੱਗਿਆ, ਜੰਗ 'ਚੋਂ ਨੱਠਣ ਦਾ ਬੁੱਜ਼ਦਿਲੀ ਦੇ ਨਾਲ, ਉਸ ਵੇਲੇ ਦਾ ਹੀ ਇਹ ਬਣਦਾ ਫਿਰਦਾ ਹੈ ਜੂਨਾਂ 'ਚ, ਹੁਣ ਇਹ ਸ਼ੇਰ ਦੀ ਜੂਨੀ 'ਚ ਬੜਾ ਤਕੜਾ ਡਾਹਢਾ ਨਰੋਆ ਸੀ। ਇਹਨੇ ਕ੍ਰਿਸ਼ਨ ਮਹਾਰਾਜ ਦੇ ਦਰਸ਼ਨ ਕਰੇ ਸੀ। ਸਤਿਪੁਰਸ਼ ਦੇ ਦਰਸ਼ਨਾਂ ਦਾ ਫਲ ਜ਼ਰੂਰ ਮਿਲਦਾ ਹੈ। ਜੇ ਮੂਲੇ ਨੇ ਅੰਤ ਸਮੇਂ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕਰੇ, ਸੱਪ ਲੜੇ ਲੜਾਏ ਤਾਂ ਫਲ ਕੀ ਮਿਲਿਆ, ਦੋ ਸੌ ਸਾਲ ਬਾਅਦ ਮਹਾਰਾਜ ਸਹਾ (ਖਰਗੋਸ਼) ਮਾਰਿਆ ਤੇ ਉਹਦੀ ਰੂਹ ਨੂੰ ਮੁਕਤ ਕੀਤਾ। ਇਹਨੂੰ ਵੀ ਦਰਸ਼ਨਾਂ ਦਾ ਫਲ ਦਿੱਤਾ। ਸੋ ਉਸ ਤੋਂ ਬਾਅਦ ਰਾਜੇ ਬਹੁਤ ਗੱਲਾਂ ਕਰਨ ਲੱਗ ਗਏ ਕਿ ਮਹਾਰਾਜ! ਇਹ ਵਿਦਿਆ ਤਾਂ ਕਿਸੇ ਨੂੰ ਨਹੀਂ ਆਉਂਦੀ, ਮਹਾਨ ਯੋਧੇ ਓਂ ਐਸ ਵੇਲੇ ਦੇ ਤੁਸੀਂ। ਗੁਰੂ ਹੋਂ ਤੁਸੀਂ। ਉਸ ਵੇਲੇ ਮਹਾਰਾਜ ਕਹਿਣ ਲੱਗੇ ਚਲੋ ਮੇਰੇ ਨਾਲ ਇੱਕ ਰੂਹ ਐਸ ਵੇਲੇ ਬਿਰਲਾਪ ਕਰ ਰਹੀ ਹੈ। ਉਸ ਵੇਲੇ ਆਪ ਜੀ ਪਹਾੜ ਵਲ ਨੂੰ ਚੱਲ ਪਏ। ਦੇਖਦੇ ਨੇ ਕਿ ਮਹਾਰਾਜ ਜਾਣਦੇ ਨੇ ਰਸਤਾ, ਏਧਰ ਕਦੇ ਆਏ ਤਾਂ ਹੈ ਨਹੀਂ। ਆਪ ਉਤੇ ਚੜ੍ਹਾਈ 'ਤੇ ਚੜ੍ਹ ਰਹੇ ਨੇ। ਇੱਕ ਬਾਲਕਾ ਮਿਲਿਆ, ਕਹਿਣ ਲੱਗੇ ਬਾਲਕੇ! ਰਿਸ਼ੀ ਕਿੱਥੇ ਰਹਿੰਦਾ ਹੈ? ਕਹਿੰਦੇ ਮਹਾਰਾਜ! ਉਹ ਤਾਂ ਇੰਤਜ਼ਾਰ ਕਰ ਰਿਹਾ ਹੈ, ਇੰਤਜ਼ਾਰ ਕਰਦੇ-ਕਰਦੇ ਪਤਾ ਨਹੀਂ ਉਹਦਾ ਸਰੀਰ ਛੁਟ ਗਿਆ, ਮੇਰਾ ਗੁਰੂ ਹੈ ਉਹ, ਉਹ ਤਾਂ ਬਹੁਤ ਦਿਨਾਂ ਤੋਂ ਬੈਰਾਗ ਕਰ ਰਿਹਾ ਹੈ, ਤੁਸੀਂ ਗੁਰੂ ਗੋਬਿੰਦ ਸਿੰਘ ਤਾਂ ਨਹੀਂ ਹੋ? ਤੁਹਾਡਾ ਨਾਉਂ ਲੈ-ਲੈ ਕੇ ਬਾਰ-ਬਾਰ ਮੈਨੂੰ ਕਹਿੰਦਾ ਹੈ ਕਿ ਜਾਹ ਬੇਟਾ! ਦੇਖ ਗੁਰੂ ਰਸਤਾ ਨਾ ਭੁੱਲ ਜਾਣ, ਤੂੰ ਰਾਹ ਚੰਗੇ ਲਿਆਈਂ, ਝਾੜੀਆਂ ਵਿਚੀਂ ਨਾ ਲਿਆਈਂ,

ਉਨ੍ਹਾਂ ਨੇ ਆਉਣਾ ਜ਼ਰੂਰ ਹੈ, ਐਸੀ ਬਾਤ ਨਹੀਂ ਕਿ ਉਹ ਨਹੀਂ ਆਉਣਗੇ।

ਉਸੇ ਵੇਲੇ ਗੁਰੂ ਮਹਾਰਾਜ ਜੀ ਚਲੇ ਜਾਂਦੇ ਨੇ, ਜਾ ਕੇ ਦੇਖਿਆ, ਉਹ ਲੰਮਾ ਪਿਆ ਹੈ, ਤਖਤਪੋਸ਼ ਦੇ ਉਤੇ। ਮਹਾਰਾਜ ਜੀ ਨੇ ਆਵਾਜ਼ ਦਿੱਤੀ, ਉਸ ਵੇਲੇ ਉੱਠਿਆ, ਉੱਠ ਕੇ ਕੋਸ਼ਿਸ਼ ਕਰੀ ਕਿ ਮੈਂ ਚਰਨਾਂ ਨੂੰ ਛੂਹ ਲਵਾਂ। ਮਹਾਰਾਜ ਕਹਿੰਦੇ, ਨਹੀਂ, ਤੇਰਾ ਸਰੀਰ ਨਹੀਂ ਐਸਾ। ਮਹਾਰਾਜ ਨੇ ਸੀਸ ਦੇ ਉਤੇ ਹੱਥ ਰੱਖ ਦਿੱਤਾ, ਹੱਥ ਰੱਖਣ ਦੀ ਦੇਰ ਸੀ, ਉਹ ਜਿਹੜੇ ਬੱਜਰ ਕਪਾਟ ਖੁੱਲ੍ਹਦੇ ਨਹੀਂ ਸੀ, ਤੜਾਕ ਦੇ ਕੇ ਖੁਲ੍ਹ ਗਏ ਤੇ ਕੀ ਦੇਖਦਾ ਹੈ, ਗਿਆਨ ਦਾ ਪ੍ਰਕਾਸ਼, ਇੱਕੋ ਜੋਤ ਸਾਰੇ ਪਰੀਪੂਰਨ –

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋ ਹੈ॥***
***ਨ ਘਾਟ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ॥***

***ਅਕਾਲ ਉਸਤਤਿ***

ਉਸ ਜੋਤ ਦੇ ਦਰਸ਼ਨ ਕਰਦਾ ਹੈ। ਉਸ ਵੇਲੇ ਐਸਾ ਖੁਸ਼ੀ ਵਿੱਚ ਆ ਕੇ, ਵਜਦ ਵਿੱਚ ਆ ਕੇ ਮੁੱਖ ਤੋਂ ਉਚਾਰਨ ਕਰਦਾ ਹੈ, ਪੜ੍ਹੋ ਪਿਆਰ ਨਾਲ –

***ਧਾਰਨਾ – ਅੱਖਾਂ ਨਾਲ ਓ ਵੇਖ ਲਿਆ,***
***ਜਿਹੜਾ ਰੱਬ ਨਾ ਕਿਸੇ ਨੂੰ ਦਿਸਿਆ।***

***ਹਰਿ ਕੇ ਸੰਤ ਸੁਣਹੁ ਜਨ ਭਾਈ***
***ਹਰਿ ਸਤਿਗੁਰ ਕੀ ਇਕ ਸਾਖੀ ॥***
***ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ***
***ਤਿਨਿ ਜਨਿ ਲੈ ਹਿਰਦੈ ਰਾਖੀ ॥***
***ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰ ਬਚਨੀ ਸਹਜੇ ਚਾਖੀ ॥***
***ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ***
***ਜਿਉ ਸੂਰਜ ਰੈਣਿ ਕਿਰਾਖੀ ॥***
***ਅਦਿਸਟੁ ਅਗੋਚਰੁ ਅਲਖੁ ਨਿਰੰਜਨੁ***
***ਸੋ ਦੇਖਿਆ ਗੁਰਮੁਖਿ ਆਖੀ ॥*** ***ਅੰਗ – 87***

ਗੁਰੂ ਦੇ ਰਾਹੀਂ ਇਨ੍ਹਾਂ ਅੱਖਾਂ ਨਾਲ ਦੇਖ ਲਿਆ –

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥***
***ਏਹੁ ਵਿਸੁ ਸੰਸਾਰੁ ਤੁਮ ਦੇਖਦੇ***
***ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥***

***ਅੰਗ – 922***

ਅੰਦਰ ਦੇਖਦਾ ਹੈ ਤਾਂ ਜੋਤ ਹੀ ਜੋਤ –

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋ ਹੈ॥***
***ਨ ਘਾਟ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ॥***

***ਅਕਾਲ ਉਸਤਤਿ***

ਬਾਹਰ ਦੇਖਦਾ ਹੈ ਗੁਰੂ ਵਜੂਦ ਨਿਰਾ ਹੀ ਜੋਤ ਖੜ੍ਹਾ ਹੈ, ਅੰਦਰ ਵੀ ਬਾਹਰ ਵੀ ਦੋਵੀਂ ਪਾਸੀਂ ਦੇਖ ਕੇ ਐਸਾ ਮਨ 'ਚੋਂ ਭਾਵ ਨਿਕਲਿਆ –

*ਧਾਰਨਾ – ਤੂੰਹੀਂ-ਤੂੰਹੀਂ ਮੋਹਿਨਾ।*

*ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ – 407*

ਅੱਖ ਖੋਲ੍ਹ ਦਿੱਤੀ। ਹੁਣ ਦਿਸਦਾ ਕੀ ਹੈ –

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥ ਅੰਗ – 294*

ਮਹਾਰਾਜ ਕਹਿਣ ਲੱਗੇ ਕਿ ਰਿਸ਼ੀ ਨੂੰ ਪਾਲਕੀ 'ਚ ਪਾਓ। ਪਾਉਂਟਾ ਸਾਹਿਬ ਲੈ ਕੇ ਚੱਲੋ, ਪਾਉਂਟਾ ਸਾਹਿਬ ਲਿਆ ਕੇ ਮਹਾਂ ਅਨੰਦ, ਬ੍ਰਹਮਗਿਆਨ ਦੀ ਦਾਤ, ਪ੍ਰਮੇਸ਼ਰ ਸਾਖਸ਼ਾਤ ਅੱਖਾਂ ਨਾਲ ਦਿਖਾ ਦਿੱਤਾ। ਕਹਿੰਦੇ, ਭਾਈ! ਅੱਜ ਇਹਨੇ ਸਰੀਰ ਛੱਡ ਜਾਣਾ ਹੈ। ਇਹਦਾ ਆਖਰੀ ਦਿਨ ਸੀ ਅੱਜ ਤੇ ਚਿਖਾ ਤਿਆਰ ਕਰੋ। ਸਮੇਂ ਨਾਲ ਸਰੀਰ ਛੱਡ ਗਿਆ ਤੇ ਗੁਰੂ ਮਹਾਰਾਜ ਨੇ ਆਪਣੇ ਦਸਤ-ਏ-ਮੁਬਾਰਕ ਨਾਲ ਅਗਨ ਪ੍ਰਚੰਡ ਦਿੱਤਾ।

ਸੋ ਇਸ ਤਰ੍ਹਾਂ ਜੋ ਸਮਰੱਥ ਗੁਰੂ ਹੁੰਦਾ ਹੈ –

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।*

*ਭਾਈ ਗੁਰਦਾਸ ਜੀ, ਵਾਰ ੩੪/੧*

ਸ਼ਰਧਾ ਦੇ ਨਾਲ ਚਾਹੁੰਦਾ ਸੀ ਕਿ ਮੈਨੂੰ ਦਰਸ਼ਨ ਕਰਾ ਦੇਣ। ਸਾਰੀ ਉਮਰ ਹੋਇਆ ਨਹੀਂ ਸੀ, ਪਰ ਗੁਰੂ ਨੇ ਕ੍ਰਿਪਾ ਕਰਕੇ –

*ਅਦਿਸਟੁ ਅਗੋਚਰੁ ਅਲਖੁ ਨਿਰੰਜਨੁ*

***ਸੋ ਦੇਖਿਆ ਗੁਰਮੁਖਿ ਆਖੀ ॥ ਅੰਗ - 87***

ਅੱਖਾਂ ਦੇ ਨਾਲ ਦਿਖਾ ਦਿੱਤਾ -

***ਜਲ ਤੇ ਤਰੰਗ ਤਰੰਗ ਤੇ ਹੈ ਜਲੁ ਕਹਨ ਸੁਨਨ ਕਉ ਦੂਜਾ ॥***
***ਅੰਗ - 1252***

ਆਪੇ ਹੀ ਆਪ ਵਾਹਿਗੁਰੂ ਹੈ ਲੇਕਿਨ ਸਾਨੂੰ ਭਰਮ ਪੈਣ ਕਰਕੇ ਇਹ ਨਜ਼ਰ ਨਹੀਂ ਆਉਂਦਾ। ਭਰਮ ਦਾ ਖਾਤਮਾ ਕਿਵੇਂ ਹੋਵੇ, ਜਦੋਂ ਤੱਕ ਨਾਮ ਅੰਦਰ ਪ੍ਰਚੰਡ ਨਹੀਂ ਹੁੰਦਾ, ਨਾਮ ਚਲਦਾ ਨਹੀਂ ਹੈ ਪੂਰੇ ਜ਼ੋਰ ਸ਼ੋਰ ਨਾਲ, ਓਨੀਂ ਦੇਰ ਤੱਕ ਬੱਜਰ ਕਪਾਟ ਨਹੀਂ ਖੁਲ੍ਹਦੇ -

***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥ ਅੰਗ - 954***

ਜਦੋਂ ਤੱਕ ਬੱਜਰ ਕਪਾਟ ਨਹੀਂ ਖੁਲ੍ਹਦੇ, ਅੰਦਰ ਗਿਆਨ ਦ੍ਰਿੜ੍ਹ ਨਹੀਂ ਹੁੰਦਾ, ਗੱਲਾਂ ਦਾ ਗਿਆਨ ਹੈ, ਬੁੱਧੀ ਦਾ ਗਿਆਨ ਇਹ ਕਿਸੇ ਕੰਮ ਨਹੀਂ ਆਇਆ ਕਰਦਾ। ਇੱਕ Knowledge ਹੈ ਜਿਵੇਂ ਹੋਰ ਗੱਲਾਂ ਜਾਣਦੇ ਹਾਂ ਇਵੇਂ ਇਹ ਜਾਨਣਾ ਹੈ। ਪ੍ਰਤੱਖ ਰੂਪ ਦੇ ਵਿੱਚ ਜਦੋਂ ਦੇਖ ਲੈਂਦਾ ਹੈ ਫੇਰ ਸਾਰੀ ਕਾਇਆ ਕਲਪ ਹੋ ਜਾਂਦੀ ਹੈ, ਸੰਸਾਰ ਦੇ ਨਾਲ dealing ਹੀ ਬਦਲ ਜਾਂਦੀ ਹੈ। ਸਾਰਾ ਸੰਸਾਰ ਆਪਣਾ ਹੋ ਜਾਂਦਾ ਹੈ, ਬੇਗਾਨਾ ਕੋਈ ਨਹੀਂ ਰਹਿੰਦਾ। ਇਸ ਤਰ੍ਹਾਂ ਦੇ ਨਾਲ ਆਪਾਂ ਇੱਕ ਜਗਿਆਸੂ ਦਾ ਜੀਵਨ ਵਿਚਾਰਿਆ ਹੈ। ਬਹੁਤ ਸਾਰੀਆਂ ਗੱਲਾਂ ਇਹਦੇ ਵਿੱਚ ਵਿਚਾਰਨ ਵਾਲੀਆਂ, ਯਾਦ ਰੱਖਣ ਵਾਲੀਆਂ ਨੇ; ਸਾਡਾ ਭਲਾ ਹੋਵੇਗਾ। ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ, ਜਿਹੜੇ ਹਾਲੇ ਤੱਕ ਨਹੀਂ ਬੋਲੇ ਉਹ ਵੀ ਕ੍ਰਿਪਾ ਕਰਕੇ ਆਪਣੀ ਰਸਨਾ ਪਵਿੱਤਰ ਕਰ ਲਓ।

ਗੁਰਸਤੋਤਰ, ਅਰਦਾਸ। (ਫਿਲਮ ਨੰ. 736)

# 3

# ਧ੍ਰੂ ਕਉ ਮਿਲਿਆ
## ਹਰਿ ਨਿਸੰਗ ॥

ਸ਼ਾਨ.............................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - ੨੮੯*

*ਧਾਰਨਾ - ਮਹਿਮਾ ਤੇਰੀ ਨਾ ਵੇਦ ਜਾਣਦੇ,*
*ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ।*

*ਮਹਿਮਾ ਨ ਜਾਨਹਿ ਬੇਦ ॥*
*ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥*
*ਪਰਮੇਸਰੁ ਪਾਰਬ੍ਰਹਮ ਬੇਅੰਤੁ ॥*
*ਅਪਨੀ ਗਤਿ ਆਪਿ ਜਾਨੈ ॥*
*ਸੁਣਿ ਸੁਣਿ ਅਵਰ ਵਖਾਨੈ ॥ ਰਹਾਉ ॥*
*ਸੰਕਰਾ ਨਹੀ ਜਾਨਹਿ ਭੇਵ ॥*
*ਖੋਜਤ ਹਾਰੇ ਦੇਵ ॥*
*ਦੇਵੀਆ ਨਹੀ ਜਾਨੈ ਮਰਮ ॥*

*ਸਭ ਊਪਰਿ ਅਲਖ ਪਾਰਬ੍ਰਹਮ ॥* *ਅੰਗ - 894*

*ਧਾਰਨਾ - ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ,*
*ਮਹਿਮਾ ਨਾ ਤੇਰੀ ਵੇਦ ਜਾਣਦੇ।*

*ਅਪਨੈ ਰੰਗਿ ਕਰਤਾ ਕੇਲ ॥*
*ਆਪਿ ਬਿਛੋਰੈ ਆਪੇ ਮੇਲ ॥*
*ਇਕਿ ਭਰਮੇ ਇਕਿ ਭਗਤੀ ਲਾਏ ॥*
*ਅਪਣਾ ਕੀਆ ਆਪਿ ਜਣਾਏ ॥*
*ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ ॥*
*ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥*
*ਨਾਨਕ ਕਾ ਪ੍ਰਭੁ ਆਪੇ ਆਪਿ ॥* *ਅੰਗ - 894*

ਸਾਧਸੰਗਤ ਜੀ! ਗੱਜ ਵੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋ, ਗੁਰੂ ਮਹਾਰਾਜ ਨੇ ਫੁਰਮਾਨ ਕੀਤਾ ਹੈ ਹੇ ਵਾਹਿਗੁਰੂ! ਵੇਦ ਜੋ ਹੈ ਸਭ ਤੋਂ ਵੱਡਾ ਗਿਆਨ ਪੁਰਾਣਿਆਂ ਸਮਿਆਂ ਦੇ ਵਿੱਚ ਗਿਣੀ ਗਈ ਹੁਣ ਵੀ ਗਿਣੀ ਜਾਂਦੀ ਹੈ। ਕੁਰਾਨ ਸ਼ਰੀਫ ਹੈ, ਬਾਈਬਲ ਹੈ, ਅੰਜੀਲ ਹੈ, ਹੋਰ ਅਨੇਕਾਂ ਧਰਮ ਗ੍ਰੰਥ, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਸਾਰੇ ਹੀ ਮੰਨਣਯੋਗ ਹਨ। ਨਾ ਤਾਂ ਵੇਦ ਨੂੰ ਪਤਾ ਹੈ ਪ੍ਰਮੇਸ਼ਰ ਕਿੱਡਾ ਕੁ ਹੈ, ਕਿੱਡੀ ਕੁ ਮਹਿਮਾ ਹੈ ਓਹਦੀ। ਪ੍ਰਮੇਸ਼ਰ ਤਾਂ ਬਹੁਤ ਵੱਡੀ ਚੀਜ਼ ਹੈ ਪਰ ਉਹਦੇ ਜਿਹੜੇ ਪਿਆਰੇ ਨੇ ਉਹਦੀ ਵੀ ਮਹਿਮਾ ਦਾ ਪਤਾ ਨਹੀਂ ਹੈ ਵੇਦ ਨੂੰ -

*ਸਾਧ ਕੀ ਮਹਿਮਾ ਬੇਦ ਨ ਜਾਨਹਿ ॥*
*ਜੇਤਾ ਸੁਨਹਿ ਤੇਤਾ ਬਖਿਆਨਹਿ ॥*
*ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥*
*ਸਾਧ ਕੀ ਉਪਮਾ ਰਹੀ ਭਰਪੂਰਿ ॥*
*ਸਾਧ ਕੀ ਸੋਭਾ ਕਾ ਨਾਹੀ ਅੰਤ ॥*
*ਸਾਧ ਕੀ ਸੋਭਾ ਸਦਾ ਬੇਅੰਤ ॥*
*ਸਾਧ ਕੀ ਸੋਭਾ ਊਚ ਤੇ ਊਚੀ ॥*
*ਸਾਧ ਕੀ ਸੋਭਾ ਮੂਚ ਤੇ ਮੂਚੀ ॥*
*ਸਾਧ ਕੀ ਸੋਭਾ ਸਾਧ ਬਨਿ ਆਈ ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥* *ਅੰਗ - 272*

ਅਭੇਦ ਹੈ, ਵਾਹਿਗੁਰੂ ਦੀ ਗਤਿ ਤਾਂ ਕੋਈ ਜਾਣਦਾ ਹੀ ਨਹੀਂ। ਬ੍ਰਹਮਾ ਜਦੋਂ ਕੀਤਾ ਗਿਆ, ਉਸ ਤੋਂ ਪਹਿਲਾਂ ਪ੍ਰਮੇਸ਼ਰ ਨੇ ਸਾਕਾਰ ਰੂਪ ਧਾਰਨ ਕਰਕੇ ਏਕੰਕਾਰ ਕਹਾਇਆ -

*ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।*
*ਭਾਈ ਗੁਰਦਾਸ ਜੀ, ਵਾਰ 26/2*

ਏਕੰਕਾਰ ਤੋਂ ਸ਼ਬਦ ਧੁਨ ਹੋਈ। ਇਸਲਾਮ ਵਾਲਿਆਂ ਦਾ ਤੇ ਈਸਾਈਆਂ ਦਾ ਖਿਆਲ ਹੈ ਕਿ ਸ਼ਬਦ ਸਭ ਤੋਂ ਪਹਿਲਾਂ ਹੋਇਆ ਉਹ ਸੀ 'ਕੁੰਨ'।

ਵੈਦਿਕ ਧਰਮ ਵਾਲਿਆਂ ਦਾ ਖਿਆਲ ਹੈ ਕਿ ਇੱਕ ਸ਼ਬਦ ਹੋਇਆ, ਜਿਸ ਦੀ ਆਵਾਜ਼ ਸੀ 'ਓਅੰਕਾਰ'।

***ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰ ਜਗਤ ਮੋ ਰਹਾ।***

ਇਹ ਆਵਾਜ਼ ਤੋਂ ਕੀ ਹੋਇਆ, ਜਿਥੋਂ ਆਵਾਜ਼ ਹੋਈ ਉਹਨੂੰ ਓਅੰਕਾਰ ਕਹਿੰਦੇ ਨੇ। ੴ, ਆਵਾਜ਼ ਤੋਂ ਸਭ ਤੋਂ ਪਹਿਲਾਂ ਇੱਕ ਤੱਤ ਦੀ ਉਪਜ ਹੋਈ ਜਿਸਨੂੰ 'ਹਉਮੈ' ਕਹਿੰਦੇ ਨੇ। ਉਸ ਤੋਂ ਬਾਅਦ 'ਮਹਿਤਤ੍ਵ' ਦੀ ਹੋਈ, ਪੰਜ ਵਿਸ਼ਿਆਂ ਦੀ ਹੋਈ - ਸ਼ਬਦ, ਸਪਰਸ਼, ਰੂਪ, ਰਸ, ਗੰਧ; ਸ਼ਬਦ ਤੋਂ ਹੋਇਆ ਆਕਾਸ਼, ਸਪਰਸ਼ ਤੋਂ ਹਵਾ, ਰੂਪ ਤੋਂ ਤੇਜ਼, ਰਸ ਤੋਂ ਪਾਣੀ, ਗੰਧ ਹੋਈ ਮਿੱਟੀ ਤੋਂ। ਪੰਜ ਤੱਤਾਂ ਤੋਂ ਸ੍ਰਿਸ਼ਟੀ ਦੀ ਰਚਨਾ ਸ਼ੁਰੂ ਹੋਈ, ਇਹ ਪਾਣੀ ਜਦੋਂ ਬਣ ਗਿਆ, ਉਸ ਵੇਲੇ ਬ੍ਰਹਮਾ ਦੀ ਉਤਪਤੀ ਹੋਈ। ਬ੍ਰਹਮਾ ਕੀ ਦੇਖਦਾ ਹੈ ਕਿ ਸਭ ਪਾਸੇ ਪਾਣੀ ਹੀ ਪਾਣੀ। ਤਿੰਨ ਗੁਣਾਂ ਵੱਡਾ ਹੈ ਸਮੁੰਦਰ ਧਰਤੀ ਤੋਂ, ਜੇ ਇਹ ਆਪਣੀ ਮਰਿਆਦਾ ਛੱਡ ਦੇਵੇ ਤਾਂ ਪਹਾੜਾਂ ਦੇ ਉਤੇ, ਕਿਉਂਕਿ ਉੱਤਰੀ ਧੁਰਾ ਜੋ ਹੈ ਸਾਡਾ ਉਹਦੇ ਉਤੇ ਵੀ ਸਮੁੰਦਰ ਹੈ। ਸਭ ਤੋਂ ਉੱਚਾ ਹੈ ਉਹ, ਜਿਹੜਾ ਦੱਖਣੀ ਧਰੁੱਵ ਹੈ ਉਥੇ ਵੀ ਪਾਣੀ ਹੀ ਪਾਣੀ ਹੈ, ਜਿਹੜੀ ਭੂ-ਮੱਧ ਰੇਖਾ ਹੈ, ਉਹਦੇ ਵਿੱਚ ਵੀ ਪਾਣੀ ਹੀ ਪਾਣੀ ਹੈ। ਜੇ ਉਤਲਾ ਪਾਣੀ ਮਰਿਆਦਾ ਛੱਡ ਦੇਵੇ, ਉਹ ਪਹਾੜਾਂ ਤੋਂ ਤਾਂ ਕਈ-ਕਈ ਮੀਲ ਉੱਚਾ ਹੈ। ਇਹ ਤਾਂ ਡੁੱਬ ਜਾਂਦੀ ਧਰਤੀ ਉਹਦੇ ਵਿੱਚ, ਪਾਣੀ ਹੀ ਪਾਣੀ ਹੋ ਜਾਂਦਾ। ਧਰਤੀ ਨਹੀਂ ਸੀ ਅਜੇ ਬਣੀ ਪਾਣੀ ਹੀ ਪਾਣੀ ਸੀ। ਘੁੰਮ ਰਿਹਾ ਸੀ ਪਾਣੀ, ਉਸ ਵੇਲੇ ਕੀ ਦੇਖਦਾ ਹੈ ਇੱਕ ਫੁੱਲ ਦੇ ਉੱਤੇ ਬ੍ਰਹਮਾ ਜੀ ਚੌਂਕੜਾ ਮਾਰੀਂ ਬੈਠੇ ਨੇ, ਜਿਧਰ ਦੇਖਦਾ ਹੈ ਪਾਣੀ, ਜਿਧਰ ਦੇਖਦਾ ਹੈ ਪਾਣੀ। ਕਹਿਣ ਲੱਗਿਆ, ਫੇਰ ਮੈਂ ਹਾਂ ਮੈਂ ਹਾਂ। ਆਵਾਜ਼ ਆਈ ਕਿ ਤੂੰ ਨਹੀਂ ਹੈਂ, ਉਹ ਮੈਂ ਹੋਰ ਹੈ, ਕਹਿਣ ਲੱਗਿਆ ਫੇਰ ਮੈਂ ਕਿੱਥੋਂ ਆ ਗਿਆ। ਕਹਿੰਦੇ ਆਹ ਜਿਹੜੇ ਕਮਲ ਫੁੱਲ 'ਤੇ ਬੈਠਾ ਹੈਂ ਇਹਦੀ ਨਾਲੀ 'ਚੋਂ ਆਇਆ ਹੈਂ, ਉਸਨੇ ਲੱਤ ਮਾਰੀ ਇਹਦੇ ਵਿੱਚ, ਲੱਤ ਮਾਰੀ ਤਾਂ ਨਾਲੀ ਦੇ ਵਿੱਚ ਗਿਰ ਗਿਆ, ਅੰਤ ਲੈਣ ਗਿਆ ਕਿ ਮੇਰਾ ਆਦਿ ਕਿੱਥੇ ਹੈ। ਐਸਾ ਮੱਤ ਹੈ ਗੁਰਬਾਣੀ ਦਾ ਕਿ ਹੋਰ ਮਹਾਂਪੁਰਸ਼ਾਂ ਦਾ ਵੀ, ਵੇਦਾਂ, ਸਾਸ਼ਤਰਾਂ ਦਾ ਵੀ ਕਿ ਉਹ ਛੱਤੀ ਯੁੱਗ ਘੁੰਮਦਾ ਰਿਹਾ। ਨੌਂ ਚੌਂਕੜੀਆਂ ਘੁੰਮਦਾ ਰਿਹਾ, ਕਿੰਨਾਂ ਚਿਰ, ਨੌਂ ਚੌਂਕੜੀਆਂ ਘੁੰਮਿਆ, 43 ਲੱਖ ਵੀਹ ਹਜ਼ਾਰ ਨੂੰ ਨੌਂ ਨਾਲ ਗੁਣਾਂ ਕਰ ਲਓ, ਤਕਰੀਬਨ ਇਹ ਕਰੋੜਾਂ ਦੇ ਵਿੱਚ ਚਲੀ ਗਈ। ਕਰੋੜਾਂ ਸਾਲ ਘੁੰਮੀ ਗਿਆ, ਕੁਛ ਨਾ ਪਤਾ ਲੱਗਿਆ ਅਖੀਰ ਪੁਕਾਰ ਕਰੀ ਕਿ ਆਹ ਮੈਨੂੰ ਬਣਾਉਣ ਵਾਲੇ! ਤੂੰ ਕੋਈ ਬਹੁਤ ਵੱਡੀ ਹਸਤੀ ਹੈਂ ਮੈਨੂੰ ਤੇਰਾ ਪਤਾ ਨਹੀਂ ਲੱਗ ਰਿਹਾ। ਮੈਨੂੰ ਗਿਆਨ ਦੇਹ, ਮੈਨੂੰ ਦੱਸ ਮੈਂ ਕੀ ਕਰਾਂ। ਉਸ ਵੇਲੇ ਕਮਲ ਫੁੱਲ 'ਤੇ ਫੇਰ ਆ ਗਿਆ। ਉਹਨੂੰ ਕਿਹਾ ਕਿ ਮਾਇਆ ਦੇ ਵਿੱਚੋਂ ਤੇਰਾ ਜਨਮ ਹੋਇਆ ਹੈ। ਮੈਂ ਆਪਣੀ ਸ਼ਕਤੀ ਦੇ ਨਾਲ ਮਾਇਆ ਦਾ ਪਸਾਰਾ ਕਰਿਆ ਹੈ -

***ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥***

***ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥***

***ਅੰਗ - 537***

ਪਾਣੀ ਵੀ ਮੈਂ ਆਪਣੇ ਆਪ 'ਚੋਂ ਪੈਦਾ ਕਰਿਆ ਹੈ, ਆਕਾਸ਼ ਵੀ, ਅੱਗ ਵੀ ਤੇ ਪਾਣੀ ਦੇ ਵਿਚੋਂ ਮਿੱਟੀ ਹੋਈ, ਧਰਤੀ ਬਣੀ, ਤੂੰ ਦੁਨੀਆਂ ਦੀ ਸਾਜਨਾ ਕਰ, ਤੇਰੀ ਅਸੀਂ ਡਿਊਟੀ ਲਾਉਂਦੇ ਹਾਂ। ਦੂਸਰਾ ਪੈਦਾ ਕਰਿਆ ਉਹਨੂੰ ਕਿਹਾ ਕਿ ਇਹ ਜਿਹੜੀ ਦੁਨੀਆ ਪੈਦਾ ਹੋਈ ਹੈ ਇਹਨੂੰ ਤੂੰ ਲੈਅ ਕਰਨਾ ਹੈ, ਹਰ ਚੀਜ਼ ਨੂੰ ਖਤਮ ਕਰਨਾ ਹੈ, ਸੰਸਾਰ ਦੇ ਅੰਦਰ ਨਵੀਨਤਾ ਰੱਖਣੀ ਹੈ, ਬੁਢਾਪਾ ਨਹੀਂ ਆਉਣ ਦੇਣਾ, ਬਿਲਕੁਲ ਨਵੀਨਤਾ ਰੱਖਣੀ ਹੈ। ਜਿਵੇਂ ਕੂੜਾ ਹੂੰਝ ਕੇ ਬਾਹਰ ਸੁੱਟ ਦੇਈਦਾ ਹੈ, ਸਾਰੇ ਸੰਸਾਰ ਵਿਚੋਂ, ਬ੍ਰਹਿਮੰਡਾਂ ਦੇ ਵਿੱਚੋਂ ਕੋਹਝ ਨੂੰ ਤੂੰ ਕੱਢਣਾ ਹੈ। ਤੀਸਰੇ ਨੂੰ ਫੇਰ ਕਹਿਣ ਲੱਗੇ ਕਿ ਤੇਰੀ ਡਿਊਟੀ, ਜਿੰਨੀ ਸ੍ਰਿਸ਼ਟੀ ਬਣਨੀ ਹੈ ਉਹ ਚਾਹੇ ਅੰਡਜ ਹੈ, ਜੇਰਜ ਹੈ, ਸੇਤਜ ਹੈ, ਚਾਹੇ ਉਤਭੁਜ ਹੈ; ਇਹਨੂੰ ਪਾਲਣ ਦੀ ਜ਼ਿੰਮੇਵਾਰੀ ਤੇਰੀ ਹੈ। ਤਿੰਨ ਸ਼ਕਤੀਆਂ ਪ੍ਰਭੂ ਨੇ ਆਪਣੀਆਂ ਹੀ ਅੱਡ-ਅੱਡ ਕੰਮ ਲਾ ਦਿੱਤੀਆਂ। ਗੁਰੂ ਮਹਾਰਾਜ ਜੀ ਏਸ ਤਰ੍ਹਾਂ ਫੁਰਮਾਨ ਕਰਦੇ ਹਨ - ***ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥ ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ ॥ 1 ॥ ਅਪਨੀ ਗਤਿ ਆਪਿ ਜਾਨੈ ॥ ਸੁਣਿ ਸੁਣਿ ਅਵਰ ਵਖਾਨੈ ॥ 1 ॥ ਰਹਾਉ ॥ ਸੰਕਰਾ ਨਹੀ ਜਾਨਹਿ ਭੇਵ ॥ ਖੋਜਤ ਹਾਰੇ ਦੇਵ ॥ ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ ॥ ਅੰਗ - 894***

ਏਸੇ ਕਰਕੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਤੁਸੀਂ ਸਿਰੇ ਨੂੰ ਫੜੋ, ਅਖੀਰ ਨੂੰ ਫੜੋ, ਵਿਚਕਾਰਲੇ ਨੂੰ ਨਾ ਫੜੋ। ਵਿਚਕਾਰਲੇ ਤਾਂ ਉਸ ਤੋਂ ਹੇਠਾਂ ਨੇ। ਉਹ ਜਿਵੇਂ ਕਹਿੰਦਾ ਹੈ ਉਵੇਂ ਜਿਵੇਂ ਇਹ ਕਰਦੇ ਨੇ, ਇਨ੍ਹਾਂ ਦਾ ਅਖਤਿਆਰ ਨਹੀਂ ਕੁਛ। ਇਹ ਹੁਕਮ ਦੇ ਬੰਨ੍ਹੇ ਹੋਏ, ਕਾਰ ਕਮਾ ਰਹੇ ਨੇ। ਇਨ੍ਹਾਂ ਦਾ ਜੋ ਜਨਮ ਹੈ ਉਹ ਪ੍ਰਮੇਸ਼ਰ 'ਚੋਂ ਨਹੀਂ ਹੈ, ਮਾਇਆ 'ਚੋਂ ਅਗਾਂਹਾਂ ਵੰਡਿਆ ਹੋਇਆ ਹੈ। ਜਿਸਨੂੰ ਐਸ ਤਰ੍ਹਾਂ ਦੇ ਨਾਲ ਪੜ੍ਹ ਲਓ ਸਾਰੇ -

***ਧਾਰਨਾ - ਏਕਾ ਮਾਈ ਜੁਗਤ ਵਿਆਈ,***
***ਤਿੰਨ ਚੇਲੇ ਪਰਵਾਨ ਜੀ।***

***ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥***
***ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ ਅੰਗ - 7***

ਇੱਕ ਮਾਇਆ ਤੋਂ ਤਿੰਨ ਪਰਵਾਣ ਹੋਏ, ਡਿਊਟੀਆਂ ਕੀ ਨੇ ਉਨ੍ਹਾਂ ਦੀਆਂ 'ਇਕੁ ਸੰਸਾਰੀ' ਪੈਦਾ ਕਰਨ; ਦੂਸਰਾ ਹੈ 'ਭੰਡਾਰੀ' ਸਾਰਿਆਂ ਨੂੰ ਰੋਜ਼ੀ ਦੇਣ ਵਾਲਾ, ਜਿਸਨੂੰ ਵਿਸ਼ੰਭਰ ਕਹਿੰਦੇ ਨੇ; 'ਇਕੁ ਲਾਏ ਦੀਬਾਣੁ' ਇੱਕ ਉਹ ਜਿਹੜਾ ਸਮੇਟੀ ਜਾਂਦਾ ਹੈ ਨਾਲ ਦੀ ਨਾਲ; ਨਹੀਂ ਤਾਂ ਐਨਾ ਕੋਹਝ ਹੋ ਜਾਵੇ ਸੰਸਾਰ ਦੇ ਉਤੇ। ਬਹੁਤ ਕੋਹਝ ਹੋ ਜਾਵੇ, ਮਨੁੱਖਤਾ 'ਚ

ਵੀ, ਪਸ਼ੂਆਂ ਪੰਛੀਆਂ 'ਚ ਵੀ, ਬੁੱਢੇ-ਬੁੱਢੇ ਨਜ਼ਰ ਆਉਣ, ਸਾਰਾ ਕੋਹਝ ਹੀ ਨਜ਼ਰ ਆਵੇ। ਪ੍ਰਮੇਸ਼ਰ ਨੂੰ ਇਹ ਭਾਉਂਦਾ ਨਹੀਂ, ਉਹ ਨਿੱਤ ਨਵਾਂ ਨਰੋਆ ਹੈ, ਸਦਾ ਹੀ ਸੁੰਦਰ ਹੈ -

***ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ ॥*** ***ਅੰਗ- 527***

ਵਾਹਿਗੁਰੂ ਕੋਹਝ ਨਹੀਂ ਹੈ, ਗੰਦ-ਮੰਦ ਨਹੀਂ ਹੈ ਵਾਹਿਗੁਰੂ। ਵਾਹਿਗੁਰੂ ਜਿਹੜਾ ਹੈ -

***ਸਚੁ ਪਰਮੇਸਰੁ ਨਿਤ ਨਵਾ ॥*** ***ਅੰਗ - 1183***

ਉਹਦਾ ਨਾਮ ਵੀ ਨਿਤ ਨਵਾਂ ਹੈ, ਉਹਦਾ ਜ਼ਿਕਰ, ਉਹਦਾ ਕੀਰਤਨ, ਉਹਦੇ ਪਿਆਰੇ, ਉਹਦੇ ਬਚਨ ਨਿਤ ਨਵੇਂ ਨੇ। ਗੁਰੂ ਗ੍ਰੰਥ ਸਾਹਿਬ ਦੇ ਬਚਨ ਪੁਰਾਣੇ ਨਹੀਂ ਹੁੰਦੇ, ਨਿਤ ਨਵੇਂ ਨੇ। ਨਵੀਨਤਾ ਹੈ, ਸੁੰਦਰਤਾ ਹੈ ਉਹਦੇ ਵਿੱਚ। ਸੋ ਡਿਊਟੀ ਲਾ ਦਿੱਤੀ ਕਿ ਸੁੰਦਰਤਾ ਦਾ ਜ਼ਿੰਮੇਵਾਰ ਤੂੰ ਹੈਂ ਫਸਲ ਪੱਕ ਜਾਂਦੀ ਹੈ ਫੇਰ ਉਹਦੇ ਖੜ੍ਹਨ ਦਾ ਕੀ। ਦਰਖਤ ਪੱਕ ਜਾਂਦਾ ਹੈ, ਫੇਰ ਕੋਹਝ ਆ ਜਾਂਦਾ ਹੈ ਪੱਕਿਆ ਹੋਇਆ ਦਾ, ਫੇਰ ਪੱਤੇ ਨਿਕਲਦੇ ਨੇ, ਟਾਹਣੀਆਂ ਵੀ ਸੁੱਕੀਆਂ ਖੜ੍ਹੀਆਂ ਨੇ, ਕੁਛ ਵੀ ਨਹੀਂ ਅੱਗੇ ਤਾਂ ਸਮੇਟਣਾ ਹੀ ਹੁੰਦਾ ਹੈ। ਮੱਝਾਂ ਗਊਆਂ ਪੱਕ ਜਾਂਦੀਆਂ ਨੇ, ਪੁੜਪੜੀਆਂ ਵਿੱਚ ਵੜ ਜਾਂਦੀਆ ਨੇ, ਦੰਦ ਖਾ ਨਹੀਂ ਸਕਦੇ, ਅੱਖਾਂ ਵਿੱਚ ਧੱਸ ਜਾਂਦੀਆਂ ਨੇ, ਕਿੰਨਾਂ ਬੁਰਾ ਲਗਦਾ ਹੈ। ਉਹ ਵਾਹਿਗੁਰੂ ਜੀ ਨੇ ਹੀ ਡਿਊਟੀ ਲਾਈ ਹੋਈ ਹੈ ਕਿ ਨਾਲ ਦੀ ਨਾਲ ਸਮੇਟੀ ਜਾਹ। ਉਹਨੂੰ 'ਲਾਇ ਦੀਬਾਣੁ' ਕਹਿੰਦੇ ਨੇ।

ਹੁਣ ਇਨ੍ਹਾਂ ਦੀ ਆਪਣੀ ਮਰਜ਼ੀ ਨਹੀਂ ਕੁਛ ਚਲਦੀ -

***ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥***

***ਅੰਗ - 7***

ਇਹ ਗੱਲ ਧਿਆਨ 'ਚ ਰੱਖਣ ਵਾਲੀ ਹੈ, ਆਪਣੇ ਉਤੇ ਹੁਕਮ ਚੱਲ ਰਿਹਾ ਹੈ ਸਾਰਿਆਂ ਦੇ ਉਤੇ। ਤੁਹਾਡੇ 'ਤੇ ਮੇਰੇ ਉਤੇ, ਤੁਹਾਡਾ ਇੱਥੇ ਆਉਣਾ ਹੁਕਮ ਦੇ ਵਿੱਚ ਹੈ। ਸਤਿਸੰਗ 'ਚ ਆ ਜਾਣਾ ਹੁਕਮ ਦੇ ਵਿੱਚ ਹੈ। ਉਹ ਹੁਕਮ ਕਿਵੇਂ action (ਕਾਰਵਾਈ) ਵਿੱਚ ਆਉਂਦਾ ਹੈ, ਪੂਰਾ ਨਹੀਂ ਦੱਸਿਆ ਜਾਂਦਾ। ਪਹਿਲਾਂ ਤੁਹਾਡੇ ਪੁੰਨ ਕਰਮ ਬਣਦੇ ਨੇ, ਪੁੰਨ ਕਰਮ ਤੁਹਾਨੂੰ ਪ੍ਰੇਰਦੇ ਨੇ। ਸਹੂਲਤਾਂ ਮੁਹੱਈਆ ਕਰਦੇ ਨੇ, ਸਮਾਂ ਕਢਾਉਂਦੇ ਨੇ, ਫੇਰ ਸਤਿਸੰਗ 'ਚ ਲੈ ਆਉਂਦੇ ਨੇ -

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ ॥*** ***ਅੰਗ - 204***

ਸਾਰੀ ਚੀਜ਼ ਹੁਕਮ 'ਚ ਚੱਲ ਰਹੀ ਹੈ -

***ਇਸ ਕਾ ਬਲੁ ਨਾਹੀ ਇਸੁ ਹਾਥ ॥***
***ਕਰਨ ਕਰਾਵਨ ਸਰਬ ਕੋ ਨਾਥ ॥***
***ਆਗਿਆਕਾਰੀ ਬਪੁਰਾ ਜੀਉ ॥***
***ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥*** ***ਅੰਗ - 277***

ਸੋ ਇਹ ਹੁਕਮ ਦੇ ਅੰਦਰ ਉਹ ਕੰਮ ਕਰਦੇ ਨੇ –

***ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥***

***ਅੰਗ – 7***

ਇਨ੍ਹਾਂ ਦੀ ਆਪਣੀ ਕੋਈ ਮਰਜ਼ੀ ਨਹੀਂ ਹੈ, ਨਾ ਸ਼ਿਵ ਜੀ ਦੀ, ਨਾ ਬ੍ਰਹਮਾ ਦੀ, ਨਾ ਵਿਸ਼ਨੂੰ ਦੀ। ਅਸੀਂ ਨਾਉਂ ਰੱਖ ਲਏ, ਕੋਈ ਵੀ ਨਾਉਂ ਇਹਦਾ ਰੱਖਿਆ ਜਾ ਸਕਦਾ ਹੈ ਇਹ ਨਹੀਂ ਕਿ ਉਨ੍ਹਾਂ ਨੇ ਰੱਖ ਲਏ, ਅਸੀਂ ਕਾਹਨੂੰ ਰੱਖਣੇ ਨੇ। ਮਤਲਬ ਓਹੀ ਹੁੰਦਾ ਹੈ, ਇਸ ਕਰਕੇ ਅੱਖਰਾਂ ਦੇ ਪਿੱਛੇ ਝਗੜਨਾ ਨਹੀਂ ਚਾਹੀਦਾ, ਕਿੰਤੂ ਨਹੀ ਚਾਹੀਦਾ। ਗੱਲ ਫੜੋ ਅਸਲੀ ਕੀ ਹੈ ਕਿ ਇਨ੍ਹਾਂ ਦੇ ਅਖਤਿਆਰ ਕੁਛ ਨਹੀਂ ਹੈ। ਪਰ ਅਸਚਰਜ ਦੀ ਬਾਤ ਇਹ ਹੈ ਕਿ –

***ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥***

***ਅੰਗ – 7***

ਵਾਹਿਗੁਰੂ ਜੀ ਤਾਂ ਇਨ੍ਹਾਂ ਨੂੰ ਦੇਖ ਰਿਹਾ ਹੈ ਤੇ ਇਨ੍ਹਾਂ ਨੂੰ ਵਾਹਿਗੁਰੂ ਨਜ਼ਰ ਨਹੀਂ ਆਉਂਦਾ। ਇਹੀ ਗੱਲ ਅਸਚਰਜ ਰੂਪ 'ਚ ਹੈ। ਹੁਣ ਵਾਹਿਗੁਰੂ ਜੀ ਕਿਸੇ ਨੂੰ ਨਜ਼ਰ ਆਉਂਦਾ ਹੈ? ਨਾ ਦੇਵਤਿਆਂ ਨੂੰ ਆਉਂਦਾ ਹੈ, ਨਾ 83 ਲੱਖ 9 ਹਜ਼ਾਰ 999 ਜੂਨਾਂ 'ਚੋਂ ਕਿਸੇ ਨੂੰ ਵੀ ਵਾਹਿਗੁਰੂ ਨਜ਼ਰ ਆਉਂਦਾ। ਸਿਰਫ ਇੱਕ ਨੂੰ ਰਿਆਇਤ ਹੈ ਉਹ ਹੈ ਸਾਡਾ ਮਾਨਸ ਜਨਮ, ਐਡਾ ਕੀਮਤੀ ਤੋਹਫਾ ਤੁਹਾਨੂੰ ਪ੍ਰਮੇਸ਼ਰ ਨੇ ਦਿੱਤਾ। ਉਹਦੀ ਸਾਨੂੰ ਕਦਰ ਨਹੀਂ ਹੈ। ਸਮਾਂ ਲੰਘਦਾ ਜਾਂਦਾ ਹੈ ਲੰਘਦਾ ਜਾਂਦਾ ਹੈ, ਅੱਜ ਚਲਿਆ ਗਿਆ, ਕੱਲ੍ਹ ਚਲਿਆ ਗਿਆ, ਪਰਸੋਂ, ਚੌਥੇ, ਪੰਜਵੇਂ ਆਈ ਜਾਣੇ ਨੇ ਤੁਰੀ ਜਾਣੇ ਨੇ। ਪਰ ਅਸਾਨੂੰ ਕਦਰ ਨਹੀਂ ਹੈ ਕਿ ਮਾਨਸ ਜਨਮ ਕਾਹਦੇ ਵਾਸਤੇ ਮਿਲਿਆ ਹੈ। ਕੱਲ੍ਹ ਦੇ ਦੀਵਾਨ ਵਿੱਚ ਮੈਂ ਬੜੇ ਵਿਸਥਾਰ ਨਾਲ ਦੱਸਿਆ ਸੀ ਖੋਲ੍ਹ-ਖੋਲ੍ਹ ਕੇ। ਉਹ ਕੇਵਲ ਮਨੁੱਖ ਹੈ ਜਿਹੜਾ ਵਾਹਿਗੁਰੂ ਤੱਕ ਪਹੁੰਚ ਸਕਦਾ ਹੈ, ਹੋਰ ਕੋਈ ਨਹੀਂ ਪਹੁੰਚ ਸਕਦਾ ਏਸੇ ਕਰਕੇ ਉਤਮ ਦੇਹੀ ਕਿਹਾ ਹੈ ਏਸਨੂੰ–

***ਚਿਰੰਕਾਲ ਇਹ ਦੇਹ ਸੰਜਰੀਆ ॥*** ***ਅੰਗ – 176***

ਪਰ ਐਸ ਤਰ੍ਹਾਂ ਨਹੀਂ ਕਿ ਇਹ ਫਟਾਫਟ ਮਿਲੀ ਜਾਂਦੀ ਹੈ, ਬਹੁਤ ਚਿਰ ਤੋਂ ਬਾਅਦ ਇਹ ਦੇਹ ਮਿਲੀ ਹੈ, ਇਹਦਾ ਕੰਮ ਕੀ ਹੈ –

***ਮਿਲੁ ਜਗਦੀਸ ਮਿਲਨ ਕੀ ਬਰੀਆ ॥*** ***ਅੰਗ – 12***

ਤੇਰੀ ਵਾਰੀ ਆ ਗਈ।

ਆਹ ਯੂ.ਪੀ. ਦੇ ਅੰਦਰ ਪਾਣੀ ਵੀ ਅਸੀਂ ਧਰਤੀ 'ਚੋਂ ਕੱਢ ਲਏ ਸੀ, ਟਿਊਬਵੈਲ ਲਾ ਲਏ ਸੀ ਬੇਅੰਤ ਹੀ, ਹਰ ਬੰਦੇ ਨੇ ਹੀ ਲਾ ਲਏ ਸੀ। ਸੋ ਪਹਿਲਾਂ-ਪਹਿਲਾਂ ਟਿਊਬਵੈਲ, ਬਿਜਲੀ ਹੈ ਨਹੀਂ ਸੀ ਟਿਊਬਵੈਲ ਲਾ ਨਹੀਂ ਸੀ ਸਕਦੇ, ਇੰਜਣਾਂ ਨਾਲ ਚਲਾਉਂਦੇ ਸੀ, ਉਹ ਮਹਿੰਗਾ ਬਹੁਤ ਪੈਂਦਾ ਸੀ। ਇੰਜਣ ਖਰਾਬ ਹੀ ਰਹਿੰਦੇ ਸੀ। ਹੁਣ ਧਾਨ ਬੀਜੇ ਹੋਏ ਨੇ ਤੇ ਇਕੱਠੇ ਹੋ ਕੇ ਇਹ ਕਰਦੇ ਸੀ ਕਿ ਦੇਖੋ, ਐਨੀ ਜ਼ਮੀਨ ਨੂੰ ਸਿੰਜਦਾ ਹੈ

ਇਹ ਖਾਲਾ। ਇਹਨੂੰ ਤਕਸੀਮ ਕਰੋ ਸੱਤ ਦਿਨਾਂ 'ਤੇ ਜਾਂ ਦੱਸ ਦਿਨਾਂ 'ਤੇ। ਦੱਸ ਦਿਨਾਂ 'ਚ ਕਰ ਲਿਆ ਕਿ ਏਕੜ ਨੂੰ ਅੱਧਾ ਘੰਟਾ ਆਉਣਾ ਹੈ, ਚਾਹੇ ਭਰੇ, ਚਾਹੇ ਖਾਲੀ ਰਹੇ ਆਪਣੀ ਫਸਲ ਉਸ ਹਿਸਾਬ ਨਾਲ ਬੀਜੋ ਜਿਹੜੀ ਸਿੰਜੀ ਜਾਵੇ।

ਧਿਆਨ ਨਾਲ ਮੇਰੀ ਗੱਲ ਸੁਣਿਓ। ਉਹ ਫਿਰ ਇੱਕ ਬੰਦਾ, ਥਾਪ ਲਿਆ ਜਾਂਦਾ ਸੀ, ਸਾਰਿਆਂ ਨੂੰ ਜਿਹੜਾ ਮਨਜ਼ੂਰ ਸੀ, ਉਹਦੇ ਕੋਲ ਘੜੀ ਹੁੰਦੀ, ਲਿਖਿਆ ਹੋਇਆ ਹੁੰਦਾ ਕਿ ਐਨੇ ਵਜ ਕੇ ਐਨੇ ਮਿੰਟ, ਤੱਕ ਵਾਰੀ ਹੈ ਇਹਦੀ। ਐਨੀ ਸਾਰੀ ਜ਼ਮੀਨ ਹੈ, 20 ਏਕੜ ਜ਼ਮੀਨ ਹੈ 10 ਘੰਟੇ ਦੀ ਵਾਰੀ ਹੈ। ਉਹ ਸਮਾਂ ਲਿਖ ਕੇ ਪਰਚੀਆਂ ਦੇ ਦਿੰਦਾ ਸੀ ਸਾਰਿਆਂ ਨੂੰ ਕਿ ਤੇਰੀ ਵਾਰੀ ਐਨੇ ਵਜੇ, ਤੇਰੀ ਐਨੇ ਵਜੇ। ਰੌਲਾ ਹੀ ਨਹੀਂ ਪੈਂਦਾ ਸੀ ਜੱਟਾਂ ਦਾ, ਨਹੀਂ ਤਾਂ ਇੱਕ ਦੂਜੇ ਨੂੰ ਵੱਢ ਦਿੰਦੇ ਨੇ ਇਹ। ਪਾਣੀ ਪਿੱਛੇ ਹੀ ਵੱਢ ਦਿੰਦੇ ਨੇ। ਉਸ ਲਈ ਫੇਰ ਹਰ ਬੰਦਾ ਚੌਕਸ ਰਹਿੰਦਾ ਸੀ ਕਿ ਮੇਰਾ ਫੇਰ ਇੱਕ ਮਿੰਟ ਵੀ ਨਾ ਲੰਘ ਜਾਵੇ। ਜਿਹਦਾ ਪਾਣੀ ਪਹਿਲਾਂ ਪੈ ਰਿਹਾ ਉਪਰਲੇ ਖੇਤ ਵਾਲੇ ਦਾ, ਜਾਂ ਹੇਠਲੇ ਖੇਤ ਵਾਲੇ ਨੂੰ, ਉਥੇ ਬਹਿ ਜਾਂਦੇ ਸੀ ਜਾ ਕੇ ਦੱਸ ਪੰਦਰਾਂ ਮਿੰਟ ਪਹਿਲਾਂ, ਉਹਨੂੰ ਵੀ ਪਤਾ ਲਗ ਜਾਂਦਾ ਸੀ ਕਿ ਮੇਰਾ ਸਮਾਂ ਹੋ ਗਿਆ। ਉਹਦੇ ਕੋਲ ਵੀ ਘੜੀ ਹੈ, ਦੂਜੇ ਕੋਲ ਵੀ ਘੜੀ ਹੈ, ਦੋਹਾਂ ਨੇ ਸਮਾਂ ਮਿਲਾਇਆ ਹੋਇਆ ਹੈ ਤੇ ਉਹਨੇ ਕਿਹਾ ਕਿ ਲੈ ਹੁਣ ਪੰਜ ਮਿੰਟ ਰਹਿ ਗਏ, ਮੈਂ ਹੁਣ ਚਲਦਾ ਹਾਂ, ਮੈਂ ਆ ਜਾ ਕੇ ਖਾਲੇ ਦੇ ਵਿੱਚ ਪੰਜ ਮਿੰਟ ਦਾ ਪਾਣੀ ਪਿਆ ਹੈ ਤੇ ਮੈਂ ਆਪਣੇ ਖੇਤ ਨੂੰ ਵੱਢ ਦੇਵਾਂ। ਉਹਦਾ ਖੇਤ ਸਿੰਜਿਆ ਜਾਂਦਾ ਸੀ ਪੂਰੇ ਸਮੇਂ 'ਚ ਜਿੰਨੀ ਵਾਰੀ ਆਉਂਦੀ ਸੀ। ਹੁਣ ਇਹਦੇ ਮੁਕਾਬਲੇ ਦੇ ਉਤੇ ਇੱਕ ਬੰਦੇ ਐਸੇ ਨੇ ਜਿਨ੍ਹਾਂ ਨੂੰ ਨਸ਼ੇ ਪੀਣ ਦੀ ਆਦਤ ਹੁੰਦੀ ਹੈ, ਉਹਨੇ ਕਿਹਾ ਕਿ ਵਾਰੀ ਤਾਂ ਆ ਗਈ, ਭਈਏ, ਨੌਕਰ ਵੀ ਨਾਲ ਲੈ ਲਏ, ਖਾਲਾ ਵੀ ਠੀਕ ਕਰ ਲਿਆ, ਉਸ ਤੋਂ ਬਾਅਦ ਉਹ ਸ਼ਰਾਬ ਪੀਣ ਲੱਗ ਗਿਆ। ਉਹ ਜ਼ਿਆਦਾ ਪੀ ਲਈ, ਮਸਤ ਹੋ ਕੇ ਸਾਰੇ ਹੀ ਪੈ ਗਏ, ਹੋਇਆ ਕੀ, ਵਾਰੀ ਵਾਲਾ ਫੇਰ ਖੜ੍ਹਾ ਹੈ ਕਿ ਮੇਰੇ ਖੇਤ ਨੂੰ ਪਾਣੀ ਲਗਦਾ ਹੈ ਤੇ ਉਹ ਤਾਂ ਹੈ ਹੀ ਨਹੀਂ, ਉਹ ਆਪਣਾ ਛੱਡਿਆ ਪਾਣੀ, ਆਪਣੇ ਘਰ ਨੂੰ ਤੁਰ ਆਇਆ ਕਿ ਆਪੇ ਜਦ ਆਉਣਗੇ ਬੰਦ ਕਰ ਲੈਣਗੇ, ਮੈਂ ਇੱਥੇ ਖੜ੍ਹਾ ਹਾਂ ਉਹ ਰੌਲਾ ਪਾਉਣਗੇ ਮੇਰੇ ਨਾਲ। ਇਧਰ ਚਾਰ ਏਕੜ ਜ਼ਮੀਨ ਸੀ, ਦੋ ਘੰਟੇ ਦੀ ਵਾਰੀ ਸੀ, ਉਹ ਦੋ ਘੰਟੇ ਬੇਹੋਸ਼ ਹੀ ਪਏ ਰਹੇ, ਅਗਲੇ ਖੇਤ ਵਾਲਾ ਆਇਆ ਉਹਨੇ ਕਿਹਾ ਕਿ ਆਹ ਤਾਂ ਪਾਣੀ ਵੱਢਿਆ ਹੀ ਨਹੀਂ ਇਨ੍ਹਾਂ ਨੇ ਮੇਰਾ ਤਾਂ ਸਮਾਂ ਹੋ ਗਿਆ। ਉਹ ਗਿਆ, ਨੱਕਾ ਉਹਨੇ ਉਹਦਾ ਬੰਦ ਕਰਕੇ ਆਪਣੇ ਖੇਤ ਵਿੱਚ ਪਾਣੀ ਪਾਉਣਾ ਸ਼ੁਰੂ ਕਰ ਦਿੱਤਾ। ਹੁਣ ਹੋਇਆ ਕੀ? ਕਿੰਨਾ ਨੁਕਸਾਨ ਹੋਇਆ ਉਸ ਬੰਦੇ ਦਾ, ਜਦੋਂ ਉਹਨੂੰ ਹੋਸ਼ ਆਈ, ਹੁਣ ਲੜ ਤਾਂ ਸਕਦੇ ਨਹੀਂ, ਉਹ ਕਹਿੰਦਾ ਭਾਈ! ਦੇਖ ਤੇਰਾ ਪਾਣੀ ਮੈਨੂੰ ਨਹੀਂ ਪਤਾ ਕਿੱਥੇ ਗਿਆ। ਮੈਂ ਤਾਂ ਆਪਣੇ ਸਮੇਂ 'ਤੇ ਆਇਆ ਹਾਂ, ਤੂੰ ਸਾਵਧਾਨ ਹੋ ਕੇ ਆਪਣਾ ਪਾਣੀ ਵੱਢ ਲੈਂਦਾ।

ਹੁਣ ਇਹਦਾ ਜ਼ਵਾਬ ਕੀ ਹੈ ਕਿ ਉਹ ਤਾਂ ਨਸ਼ੇ ਵਿੱਚ ਗੁਲਤਾਨ ਪਿਆ ਰਿਹਾ, ਪਾਣੀ ਵੱਢ ਨਹੀਂ ਸੀ ਸਕਦਾ। ਮਹਾਰਾਜ ਕਹਿੰਦੇ, ਤੇਰੀ ਵਾਰੀ ਆਈ ਹੋਈ ਹੈ ਪ੍ਰੇਮੀਆਂ! ਇਹ ਲੰਘ ਜਾਣੀ ਹੈ–

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*** ***ਅੰਗ - 12***

ਜੇ ਤਾਂ ਸਮੇਂ ਦੇ ਅੰਦਰ-ਅੰਦਰ, ਮਿਲ ਲਿਆ-ਮਿਲ ਲਿਆ, ਨਹੀਂ ਤਾਂ ਪਿਆਰਿਆ ਫੇਰ ਜਿਹੜੇ ਚੱਕਰ 'ਚੋਂ ਤੈਨੂੰ ਕੱਢ ਕੇ ਮਨੁੱਖ ਬਣਾਇਆ, ਮੁੜ ਕੇ ਉਸੇ ਚੱਕਰ 'ਚ ਫੇਰ ਪੈ ਜਾਵੇਂਗਾ -

***ਇਸੁ ਪਉੜੀ ਤੇ ਜੋ ਨਰੁ ਚੂਕੈ***
***ਸੋ ਆਇ ਜਾਇ ਦੂਖੁ ਪਾਇਦਾ ॥*** ***ਅੰਗ - 1075***

ਦੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ਸੋ ਏਸ ਤਰ੍ਹਾਂ ਦੇ ਨਾਲ ਦੇਵਤਿਆਂ ਨੂੰ ਪ੍ਰਮੇਸ਼ਰ ਨਹੀਂ ਦਿਸਦਾ, ਪਸ਼ੂ ਪੰਛੀਆਂ ਨੂੰ ਪ੍ਰਮੇਸ਼ਰ ਦੇ ਦਰਸ਼ਨ ਨਹੀਂ ਹੁੰਦੇ। ਹੈਗਾ ਉਨ੍ਹਾਂ ਦੇ ਅੰਦਰ ਇੱਕ ਰਸਤਾ ਹੈ, ਜਿਹੜਾ ਸਿੱਧਾ ਰੱਬ ਕੋਲ ਨੂੰ ਜਾਂਦਾ ਹੈ। ਅਸੀਂ ਵਿਚਾਰਦੇ ਨਹੀਂ ਹਾਂ, ਅਸੀਂ ਇਹਨੂੰ ਅਹਮੀਅਤ ਨਹੀਂ ਦਿੰਦੇ ਕਿ ਸਾਡੇ ਅੰਦਰ ਵੀ ਤਾਂ ਗੁਪਤ ਰਸਤਾ ਹੈ, ਜਿਹੜਾ ਸਿੱਧਾ ਹੀ ਰੱਬ ਦੇ ਦਰ 'ਤੇ ਜਾ ਪਹੁੰਚਦਾ ਹੈ, ਉਹਦੇ ਆਲੇ-ਦੁਆਲੇ ਕੁਛ ਹਦਾਇਤਾਂ ਨੇ ਕਿ ਦੇਖੀ ਆਹ ਨਾ ਕਰੀਂ, ਆਲੇ-ਦੁਆਲੇ ਤੇਰੇ ਬੜੇ ਖਤਰਨਾਕ ਚੋਰ ਰਹਿੰਦੇ ਨੇ। ਉਹ ਧੋਖੇ ਦਿੰਦੇ ਨੇ ਉਨ੍ਹਾਂ ਕੋਲ ਐਨੀਆਂ ਚੀਜ਼ਾਂ ਨੇ ਕਿ ਆਦਮੀ ਉਨ੍ਹਾਂ ਦਾ ਮੁਕਾਬਲਾ ਕਰਨ ਤੋਂ ਅਸਮਰੱਥ ਹੈ, ਜਦੋਂ ਤੱਕ ਕਿਸੇ ਤਕੜੇ ਬੰਦੇ ਦੀ ਸ਼ਰਨ ਵਿੱਚ ਨਾ ਆ ਜਾਵੇ, ਜੇ ਉਹਦਾ ਡਰ ਉਨ੍ਹਾਂ ਨੂੰ ਹੋਵੇ ਫੇਰ ਤਾਂ ਨਹੀਂ ਉਹ ਕੁਛ ਕਰਦੇ। ਜੇ ਇਕੱਲਾ ਹੋਵੇ ਫੇਰ ਲੁੱਟ ਲੈਂਦੇ ਨੇ -

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
***ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥***
***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ***
***ਕੋਇ ਨ ਸੁਣੈ ਪੂਕਾਰਾ ॥*** ***ਅੰਗ - 600***

ਉਹਨੇ ਆਪਣਾ ਕੁਛ ਬਣਾਇਆ ਹੀ ਨਹੀਂ, ਨਾ ਬਣਾਉਣ ਕਰਕੇ ਲੁੱਟਿਆ ਜਾਂਦਾ ਹੈ, ਸਾਰੀ ਦੁਨੀਆਂ ਨੂੰ ਉਹ ਲੁੱਟ ਰਹੇ ਨੇ। ਹੁਣ ਵੱਡੀ ਬਾਤ ਇਹ ਹੈ ਕਿ ਸਤਿਸੰਗ 'ਚ ਤੁਸੀਂ ਆਉਂਦੇ ਹੋ। ਇਹ ਤੁਹਾਨੂੰ ਅਸੀਂ ਬਾਤਾਂ ਸੁਣਾਂ ਕੇ ਖੁਸ਼ ਨਹੀਂ ਕਰ ਰਹੇ, ਅਸੀਂ ਰਾਹ ਦੀ ਗੱਲ ਕਰਦੇ ਹਾਂ ਕਿ ਆਹ ਰਸਤਾ ਜਾਂਦਾ ਹੈ। ਉਹਦੇ ਬਾਰੇ ਐਸਾ ਫੁਰਮਾਨ ਹੈ, ਪੜ੍ਹੋ ਪਿਆਰ ਨਾਲ -

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥***
***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥***
***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥***
***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥***

***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥ ਅੰਗ - 947***

ਰਸਤਾ ਦੱਸ ਦਿੱਤਾ ਮਹਾਰਾਜ ਜੀ ਨੇ। ਖੋਲ੍ਹ ਕੇ ਕਿ ਪਉੜੀ-ਪਉੜੀ, ਡੰਡਾ-ਡੰਡਾ, ਉਹ ਡਿਊਟੀ ਲਾ ਦਿੱਤੀ ਸੰਤਾਂ ਦੀ ਕਿ ਤੁਸੀਂ ਦੱਸ ਦਿਓ। ਮਹਾਰਾਜ ਜੀ ਨੇ ਰਸਤੇ ਦਾ ਸਕੈਚ ਖਿੱਚ ਦਿੱਤਾ-***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥ '*** ਆਹ ਕਿਲਾ ਨੌਂ ਦਰਵਾਜ਼ਿਆਂ ਵਾਲਾ ਹੈ, ਅੱਖਾਂ ਦੋਵੇਂ, ਨੱਕ ਹੈ, ਕੰਨ ਹਨ, ਮਲਮੂਤਰ ਦੇ ਇੰਦਰੇ ਨੇ, ਨੌਂ ਦਰਵਾਜ਼ੇ ਬਾਹਰ ਨੂੰ ਖੁਲ੍ਹਦੇ ਨੇ। ਇੱਕ ਦਰਵਾਜ਼ਾ ਅੰਦਰ ਨੂੰ ਖੁਲ੍ਹਦਾ ਹੈ, ਬਾਹਰ ਨੂੰ ਨਹੀਂ ਖੁੱਲ੍ਹਦਾ, ਉਹ ਜਾਂਦਾ ਕਿੱਥੋਂ ਦੀ ਹੈ। ਦੋ ਰਸਤੇ ਨੇ ਉਹਦੇ, ਇੱਕ ਤਾਂ ਬਹੁਤ ਹੀ ਔਖਾ ਹੈ, ਬਹੁਤ ਔਖਾ ਹੈ, ਉਹ ਹੈ ਰੀੜ੍ਹ ਦੀ ਹੱਡੀ ਜਿੱਥੇ ਖਤਮ ਹੁੰਦੀ ਹੈ, ਇੱਥੇ ਇੱਕ ਨਾੜੀ ਹੈ ਭੁਅੰਗਾ ਨਾੜੀ ਜਿਹਨੂੰ ਕਹਿੰਦੇ ਨੇ, ਉਹਨੇ ਜਿਵੇਂ ਸੱਪ ਕੋਈ ਚੀਜ਼ ਮੂੰਹ 'ਚ ਲੈ ਲਵੇ, ਸੱਪ ਵਰਗੀ ਸ਼ਕਲ ਹੈ, ਐਸ ਤਰ੍ਹਾਂ ਉਹਨੇ ਰੀੜ੍ਹ ਦੀ ਹੱਡੀ ਦਾ ਹੇਠਲਾ ਹਿੱਸਾ ਜਿੱਥੇ ਸੁਰਾਖ ਹੈ, ਉਹ ਐਸ ਤਰ੍ਹਾਂ ਮੂੰਹ 'ਚ ਲੈ ਲਿਆ। ਉਹਦੀ ਵਿਚੀਂ ਜਾਂਦਾ ਹੈ ਰਾਹ, ਰਾਹ ਰੋਕ ਲਿਆ ਉਹਨੇ। ਉਹ ਹੈ ਸ਼ਕਤੀ, ਉਹਨੂੰ ਇਲੈਕਟ੍ਰਾਨਿਕ ਦੀ ਸ਼ਕਤੀ ਕਹਿੰਦੇ ਨੇ, ਸਾਸ਼ਤਰ ਦੀ ਬੋਲੀ 'ਚ ਉਹਨੂੰ ਕੁੰਡਲਨੀ ਕਹਿੰਦੇ ਨੇ। ਇਹ ਜਿਹੜਾ ਉਹਨੇ ਰਾਹ ਖੋਲ੍ਹਿਆ, ਉਹ ਪ੍ਰਾਣਾਯਾਮ ਕਰਦੇ ਨੇ। ਸਾਹ ਖਿੱਚਦੇ ਨੇ ਅੰਦਰ ਨੂੰ। ਰੋਕਦੇ ਨੇ। ਹੌਲੀ-ਹੌਲੀ ਛੱਡਦੇ ਨੇ, ਛੋਟਾ ਪ੍ਰਾਣਾਯਾਮ ਜਿਹੜਾ ਸ਼ੁਰੂ ਹੁੰਦਾ ਹੈ, ਕਿਤੇ ਕਰਨ ਨਾ ਲੱਗ ਜਾਇਓ, ਦਿਮਾਗ ਖਤਮ ਹੋ ਜਾਏਗਾ, ਕਿਉਂਕਿ ਅੱਜਕੱਲ੍ਹ ਕੋਈ ਵੀ ਦੁਨੀਆਂ 'ਚ ਬ੍ਰਹਮਚਾਰੀ ਨਹੀਂ ਰਿਹਾ, ਸਾਰੇ ਪਤਿਤ ਹੋਏ-ਹੋਏ ਲੋਕ ਨੇ। ਗ੍ਰਿਹਸਤ ਵਾਲੇ ਗ੍ਰਹਿਸਤੀ ਨੇ, ਦੂਜੇ ਵੈਸੇ ਨੇ। ਉਹ ਨਹੀਂ ਏਸ ਰਸਤੇ ਜਾ ਸਕਦੇ। 42 ਵਾਰੀ ਵਾਹਿਗੁਰੂ-ਵਾਹਿਗੁਰੂ ਅੰਦਰ ਨੂੰ ਸਾਹ ਲੈ ਕਹੋ, 84 ਵਾਰੀ ਰੋਕ ਕੇ ਕਹੋ, 42 ਵਾਰੀ ਛੱਡ ਕੇ ਕਰੋ। 168 ਵਾਰੀ ਵਾਹਿਗੁਰੂ ਇੱਕ ਸਾਹ 'ਚ ਕਹਿਣਾ ਹੈ। ਪੂਰਾ ਬੋਲਣਾ ਹੈ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ। ਇਹਦੇ ਨਾਲ ਕੀ ਹੁੰਦਾ ਹੈ ਗਰਮੀ ਵੱਧ ਜਾਂਦੀ ਹੈ ਬੇਅੰਤ, ਦਿਮਾਗ ਵੀ ਚਕਰਾ ਜਾਂਦਾ ਹੈ, ਕਈ ਪਾਗਲ ਹੋ ਜਾਂਦੇ ਨੇ। ਦਿਮਾਗ ਹਿੱਲ ਜਾਂਦਾ ਹੈ, ਕਿਉਂਕਿ ਗਰਮੀ ਐਨੀ ਸਰੀਰ 'ਚ ਵੱਧ ਜਾਂਦੀ ਹੈ, ਠੰਢੇ ਪਾਣੀਆਂ 'ਚ ਬੈਠੇ, ਠੰਡੀਆਂ ਚੀਜ਼ਾਂ ਖਾਵੇ, ਫੇਰ ਉਹ ਪਰੈਸ਼ਰ ਪਾਉਂਦੇ ਨੇ, ਅਪਾਨ ਵਾਯੂ ਜਿਹੜੀ ਸਰੀਰ ਵਿੱਚ ਹੈਗੀ, ਗੰਦ ਮੰਦ ਨੂੰ, ਸਾਰੇ ਸਾਢੇ ਤਿੰਨ ਕਰੋੜ ਰੋਮਾਂ ਵਿਚੋਂ ਜ਼ਹਿਰ ਕੱਢਣ ਵਾਲੀ, ਉਹਨੂੰ ਸਾਹ ਵਾਲੀ ਹਵਾ ਦੇ ਨਾਲ ਰਲਾਉਣਾ ਪੈਂਦਾ ਹੈ। ਇਹ ਰਲਾ ਕੇ ਦੋਹਾਂ ਦੀ ਗਰਮੀ ਦੇਣੀ ਪੈਂਦੀ ਹੈ ਉਨ੍ਹਾਂ ਨੂੰ। ਜਿਹੜਾ ਭੁਜੰਗਾ ਨਾੜੀ ਦਾ ਮੂੰਹ ਹੈ, ਉਹ ਗਰਮੀ ਦੇ ਨਾਲ ਖੁਲ੍ਹ ਜਾਂਦਾ ਹੈ। ਖੁਲ੍ਹਦੇ ਸਾਰ ਕੀ ਹੁੰਦਾ ਹੈ, ਹਵਾ ਦਾ ਸੁਭਾਅ ਹੈ, ਜਿੱਥੇ ਖਾਲੀ ਥਾਉਂ ਨੇ ਉਥੇ ਦਾਖਲ ਹੋ ਜਾਣਾ ਹੈ। ਉਹ ਰੀੜ੍ਹ ਦੀ ਹੱਡੀ ਦੇ ਸੁਰਾਖ ਵਿੱਚ ਦਾਖਲ ਹੋ ਜਾਂਦੀ ਹੈ ਤੇ ਉਥੇ ਅਗਾਂਹਾਂ ਇੱਕ ਮਾਸ ਦਾ ਟੁਕੜਾ ਹੈ, ਉਹਨੂੰ ਚੱਕਰ ਕਹਿੰਦੇ ਨੇ, ਉਹਨੂੰ ਮੂਲਧਾਰ ਚੱਕਰ ਕਹਿੰਦੇ ਨੇ। ਉਹ ਚੱਕਰ ਉਸੇ

ਤਰ੍ਹਾਂ ਗਰਮੀ ਦਿੰਦੇ-ਦਿੰਦੇ ਤੋੜ ਲਿਆ, ਉਥੇ ਨਿਸ਼ਾਨੀਆਂ ਨੇ, ਚਾਰ ਪੱਤਿਆਂ ਦਾ ਉਥੇ ਫੁੱਲ ਹੈ ਤੇ ਰੰਗ ਹੈ, ਉਹਦਾ ਤੇ ਰੋਸ਼ਨੀ ਹੈ। ਉਥੇ ਅੱਖਰ ਬਣਦੇ ਨੇ, ਛੇ ਸੱਤ ਅੱਖਰ ਉਥੇ ਹੁੰਦੇ ਨੇ, ਉਨ੍ਹਾਂ ਦੀ ਆਵਾਜ਼ ਆਉਂਦੀ ਹੈ। ਉਸ ਤੋਂ ਉਪਰ ਫੇਰ ਸ਼ੁਰੂ ਕਰ ਲੈਂਦੇ ਨੇ। ਫੇਰ ਇਹ ਅਗਲਾ ਚੱਕਰ ਤੋੜ ਲੈਂਦੇ ਨੇ ਇਵੇਂ ਜਿਵੇਂ, ਜਿਹਨੂੰ ਅਧਿਸ਼ਠਾਨ ਦਾ ਚੱਕਰ ਕਹਿੰਦੇ ਨੇ। ਉਸ ਤੋਂ ਉੱਤੇ ਨਾਭੀ ਜਿੱਥੇ ਹੈ ਬਿਲਕੁਲ ਪੈਰਲਰ ਰੀੜ੍ਹ ਦੀ ਹੱਡੀ ਦੇ ਵਿੱਚ ਤੀਸਰਾ ਚੱਕਰ ਆ ਜਾਂਦਾ ਹੈ, ਉਹ ਚੱਕਰ ਕੀ ਹੈ ਉਥੇ ਗੋਲਾਈ ਦੇ ਵਿੱਚ, ਰੀੜ੍ਹ ਦੀ ਹੱਡੀ ਵਿਚੋਂ ਪੋਲੀ ਹੈ। ਭੁਅੰਗਾ ਨਾੜੀ ਹੈ, ਈੜਾ ਪਿੰਗਲਾ ਉਹਦੇ ਆਲੇ-ਦੁਆਲੇ ਨੇ, ਇਹ life lines ਕਹਾਉਂਦੀਆਂ ਨੇ, ਇਹਦੇ ਨਾਲ ਫੇਰ ਤੀਸਰਾ ਮਣੀਪੂਰਕ ਕਹਿੰਦੇ ਨੇ, ਉਹਨੂੰ। ਉਹ ਵੀ ਤੋੜ ਲੈਂਦਾ ਹੈ। ਫੇਰ ਉਸ ਤੋਂ ਬਾਅਦ ਜ਼ੋਰ ਪਾਉਂਦੇ ਨੇ, ਫੇਰ ਜਿੱਥੇ ਕੌਡੀ ਹੈ ਸਾਡੀ; ਦਿਲ ਜਿੱਥੇ ਸ਼ੁਰੂ ਹੁੰਦਾ ਹੈ। ਉਹ ਉਥੇ ਫੇਰ ਆਉਂਦਾ ਹੈ ਇੱਕ ਚੱਕਰ, ਉਹਨੂੰ ਵਿਸ਼ੁੱਧ ਚੱਕਰ ਕਹਿੰਦੇ ਨੇ, ਅਨਾਹਤ ਚੱਕਰ। ਉਥੇ ਆ ਕੇ ਬਾਰ੍ਹਾਂ ਪੱਤਿਆਂ ਦਾ ਫੁੱਲ ਹੋ ਜਾਂਦਾ ਹੈ, ਰੋਸ਼ਨੀ ਉਸ ਥਾਂ ਦੇ ਉਤੇ ਲਾਲ ਰੰਗ ਦੀ ਹੋ ਜਾਂਦੀ ਹੈ, ਉਸ ਤੋਂ ਫੇਰ ਇੱਕ ਦਮ ਸੁਰਤ ਨੂੰ ਉਸੇ ਤਰ੍ਹਾਂ ਖੋਲ੍ਹਦੇ-ਖੋਲ੍ਹਦੇ ਗਲ ਤੱਕ ਪਹੁੰਚ ਜਾਂਦੇ ਨੇ, ਜਿੱਥੇ ਗਲ ਦੇ ਬਰਾਬਰ ਰੀੜ੍ਹ ਦੀ ਹੱਡੀ ਹੈ। ਉਹਨੂੰ ਵਿਸ਼ੁੱਧ ਚੱਕਰ ਕਹਿੰਦੇ ਨੇ। ਇੱਥੇ ਆ ਕੇ ਸੋਲ੍ਹਾਂ ਪੱਤੇ ਨੇ ਤੇ ਇਸ ਤੋਂ ਅੱਗੇ ਫੇਰ ਜਿੱਥੇ ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ ਹੈ, ਬਿਲਕੁਲ ਇਹਦੇ ਬਰਾਬਰ ਚਲੇ ਜਾਓ, ਇੱਥੇ ਆਗਿਆ ਚੱਕਰ ਹੈ, ਉਹਦੇ 'ਚ ਦੋ ਪੱਤੇ ਨੇ ਲੇਕਿਨ ਰੋਸ਼ਨੀ ਐਨੀ ਤੇਜ਼ ਹੈ, ਚਿੱਟੀ ਰੋਸ਼ਨੀ ਇੱਥੇ ਹੀ ਗੁਰੂ ਦਾ ਮਿਲਾਪ ਹੁੰਦਾ ਹੈ, ਇੱਥੇ ਹੀ ਜਿਹੜਾ ਜੀਵ ਹੈ, ਸਰੀਰ ਤਾਂ ਨਹੀਂ ਇਹਦੇ ਰਹਿਣ ਵਾਲਾ ਹੈ, ਉਹ ਨਿਕਲ ਜਾਂਦਾ ਹੈ, ਮਰ ਜਾਂਦਾ ਹੈ, ਜਿੰਨਾਂ ਚਿਰ ਹੁੰਦਾ ਹੈ ਓਨਾਂ ਚਿਰ ਕਹਿੰਦੇ ਨੇ ਜੀਉਂਦਾ ਹੈ। ਉਹ ਮਿਲ ਜਾਂਦਾ ਹੈ। ਇੱਥੋਂ ਫੇਰ ਗੁਰੂ ਜੇ ਧਾਰਿਆ ਹੋਇਆ ਹੈ ਮਦਦ ਕਰਦਾ ਹੈ। ਇਹਨੂੰ ਤ੍ਰਿਕੁਟੀ ਵਿੱਚੋਂ ਲੰਘਾਉਂਦਾ ਹੈ। ਉਸ ਤੋਂ ਅੱਗੇ ਗੁਰੂ ਫੇਰ ਰਾਖੀ ਕਰਦਾ ਹੈ, ਫੇਰ ਸਹੰਸਰਾਰ ਦਲ ਇੱਕ ਹਜ਼ਾਰ ਦਲ ਦਾ ਫੁੱਲ ਹੈ ਉਥੇ, ਚਿੱਟੀ ਰੋਸ਼ਨੀ ਹੈ ਉਥੇ ਸ਼ਕਤੀਆਂ ਹੀ ਸ਼ਕਤੀਆਂ ਨੇ ਬੇਅੰਤ। ਲੋਕ ਇਕੱਠੇ ਹੋ ਜਾਂਦੇ ਨੇ ਫੇਰ ਆਲੇ-ਦੁਆਲੇ ਕਿ ਇਹਦਾ ਬਚਨ ਲਓ ਇਹ ਐਸ ਤਰ੍ਹਾਂ ਹੋ ਜਾਂਦਾ ਹੈ, ਐਸ ਤਰ੍ਹਾਂ ਹੋ ਜਾਂਦਾ ਹੈ। ਪਰ ਉਹਨੂੰ ਘਾਟਾ ਬਹੁਤ ਪੈਂਦਾ ਹੈ ਬਚਨ ਦੇ ਕੇ। ਇਹ ਤਾਂ ਮੱਖੀਆਂ ਜਿਹੜੀਆਂ ਸ਼ਹਿਦ ਕੱਢ ਕੇ ਲੈ ਜਾਂਦੀਆਂ ਨੇ ਫੁੱਲਾਂ 'ਚੋਂ, ਲੋਕ ਐਸ ਤਰ੍ਹਾਂ ਲੈ ਜਾਂਦੇ ਨੇ, ਖਾਲੀ ਕਰ ਜਾਂਦੇ ਨੇ। ਨਿੰਬੂ ਦਾ ਰਸ ਨਿਕਲ ਜਾਂਦਾ ਹੈ, ਥੋਥਾ ਹੋਇਆ ਫੇਰ ਕਿਸੇ ਕੰਮ ਦਾ ਨਹੀਂ ਰਹਿੰਦਾ, ਸੁੱਟ ਦਿੰਦੇ ਨੇ ਫੇਰ ਲੋਕੀ ਕਿ ਹੁਣ ਨਹੀਂ ਇਹਦੇ 'ਚ ਸ਼ਕਤੀ ਰਹੀ। ਉਸ ਤੋਂ ਅੱਗੇ ਫੇਰ, ਦਸਵਾਂ ਦੁਆਰ ਆਉਂਦਾ ਹੈ। ਮਹਾਰਾਜ ਕਹਿੰਦੇ, ਇਹ ਦਸਵਾਂ ਦੁਆਰ -

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥***

***ਅੰਗ - 954***

ਇੱਥੇ ਪਹੁੰਚਦੇ ਸੀਗੇ। ਇੱਥੇ ਉਹ ਅੱਖ ਲੱਗੀ ਹੋਈ ਹੈ ਜਿਹਦੇ ਨਾਲ ਰੱਬ ਦੇ ਦਰਸ਼ਨ ਹੁੰਦੇ ਨੇ। ਖੁਰਦਬੀਨ ਹੈ, ਦੂਰਬੀਨ ਹੈ ਉਹ; ਦੂਰ ਤੱਕ ਦੇਖਦੀ ਹੈ, ਸਾਰਾ ਬ੍ਰਹਿਮੰਡ ਦੇਖਦੀ ਹੈ। ਉਹਦੇ ਮੂਹਰੇ ਨਾ ਕੋਈ ਕੰਧ ਹੈ, ਨਾ ਕੋਠਾ ਹੈ, ਨਾ ਕੋਈ ਦੂਰੀਆਂ ਨੇ, ਜਿੱਥੇ ਜੀਅ ਕਰਦਾ ਹੈ ਦੇਖ ਸਕਦਾ ਹੈ, ਅਮਰੀਕਾ 'ਚ ਦੇਖਣਾ ਹੈ ਕੁਛ ਉਥੇ ਹੀ ਦੇਖ ਲਏਗਾ। ਬਹੁਤ ਵਾਰੀ ਮੈਂ ਦੱਸੀਆਂ ਨੇ ਐਸੀਆਂ ਮਿਸਾਲਾਂ ਕਿ ਐਸ ਤਰ੍ਹਾਂ ਦੇਖ ਲੈਂਦੇ ਨੇ। ਗੁਰੂ ਸਾਹਿਬ ਨੇ ਦੇਖ ਲਿਆ ਕਿ ਜੋਗਾ ਸਿੰਘ ਤਾਂ ਚੱਲਿਆ ਵੇਸਵਾ ਦੇ ਘਰ ਵੱਲ, ਮਹਾਰਾਜ ਉਸ ਤੋਂ ਪਹਿਲਾਂ ਹੀ ਖੜ੍ਹ ਗਏ ਜਾ ਕੇ। ਦੇਖ ਰਹੇ ਸੀ ਸਿੱਖ ਨੂੰ ਕਿ ਕੀ ਕਰ ਰਿਹਾ ਹੈ। ਸਭ ਸਿੱਖਾਂ ਨੂੰ ਦੇਖ ਰਹੇ ਨੇ, ਤੁਹਾਨੂੰ ਦੇਖ ਰਹੇ ਨੇ, ਮੈਨੂੰ ਦੇਖ ਰਹੇ ਨੇ। ਸਭ ਦਾ ਨਾਉਂ ਜਾਣਦੇ ਨੇ। ਮਹਾਤਮਾ ਨੂੰ ਦੱਸ ਦਿੰਦੇ ਨੇ ਕਿ ਫਲਾਣੇ ਦੀ ਡਿਊਟੀ ਅਸੀਂ ਉਥੇ ਲਾਈ ਹੈ, ਸਭ ਡਿਊਟੀਆਂ ਗੁਰੂ ਮਹਾਰਾਜ ਵਲੋਂ ਲੱਗਦੀਆਂ ਨੇ। ਇਹ ਰਸਤਾ ਤਾਂ ਨਹੀਂ ਹੁਣ ਰਿਹਾ ਕਿਉਂਕਿ ਔਖਾ ਬਹੁਤ ਹੈ, ਹੁਣ ਤਾਂ ਜਦੋਂ ਪੈਦਲ ਚਲਦੇ ਸੀ, ਪੁਰਾਣੇ ਜ਼ਮਾਨਿਆਂ 'ਚ, ਅੱਜਕੱਲ੍ਹ ਹਵਾਈ ਜਹਾਜ਼ ਆ ਗਏ, ਹੁਣ ਪੈਦਲ ਚੱਲਣ ਦੀ ਲੋੜ ਨਹੀਂ, ਹੁਣ ਸਮੁੰਦਰਾਂ ਦੇ ਉੱਤੇ ਕਿਸ਼ਤੀ ਦੇ ਵਿਚੀਂ ਲੰਘਣ ਦੀ ਲੋੜ ਹੈ। ਹੁਣ ਜਿਹੜੀ ਲੋੜ ਹੈ, ਉਹ ਮਹਾਰਾਜ ਨੇ ਗੁਰੂ ਨਾਨਕ ਸਾਹਿਬ ਨੇ, ਸਭ ਕੁਛ ਦੇਖ ਕੇ ਨਾਮ ਮਾਰਗ ਲਿਆਂਦਾ, ਆਤਮ ਮਾਰਗ। ਆਤਮ ਮਾਰਗ ਦੇ ਵਿੱਚ ਰਹਿਤਾਂ ਨੇ, ਉਹਦੇ ਵਿੱਚ ਸਾਹ ਨਹੀਂ ਚਾੜ੍ਹਨੇ ਪੈਂਦੇ, ਰਹਿਤਾਂ ਰੱਖਣੀਆਂ ਪੈਂਦੀਆਂ ਨੇ, ਉਹ ਰਹਿਤਾਂ ਬਹੁਤ ਵਾਰੀ 'ਆਤਮ ਮਾਰਗ' ਮੈਗਜ਼ੀਨ ਵਿੱਚ ਛਪਦੀਆਂ ਹੀ ਰਹਿੰਦੀਆਂ ਨੇ ਹਮੇਸ਼ਾ ਹੀ, ਕਦੇ ਕਿਸੇ ਰੂਪ 'ਚ, ਕਦੇ ਕਿਸੇ ਰੂਪ 'ਚ ਤਾਂਕਿ ਸਾਨੂੰ ਪਤਾ ਲੱਗਦਾ ਰਹੇ। ਉਨ੍ਹਾਂ ਦਾ ਨਾਉਂ ਹੈ ਸਮ ਤੇ ਦਮ। ਇੱਕ ਉਹ ਹੁੰਦੀਆਂ ਨੇ ਜਿਹੜੀਆਂ ਨਾਲ ਇੰਦਰੀਆਂ ਰੋਕੀਆਂ ਜਾਂਦੀਆਂ ਨੇ, ਇੱਕ ਉਹ ਹੁੰਦੀਆਂ ਨੇ ਕਿ ਜਿਨ੍ਹਾਂ ਦੇ ਨਾਲ ਕਰਮ ਇੰਦਰੀਆਂ ਸਰੀਰ ਨੂੰ ਮਾੜੇ ਕੰਮਾਂ ਤੋਂ ਰੋਕਿਆ ਜਾਂਦਾ ਹੈ। ਉਹਦੇ ਨਾਲ ਸੁਰਤ ਨੂੰ ਫੜਨਾ ਪੈਂਦਾ ਹੈ, ਜਿਹੜੀ ਸਾਡੇ ਅੰਦਰ ਸੁਰਤ ਹੈ ਦੌੜੀ ਫਿਰਦੀ ਹੈ, ਮਨ ਦੇ ਨਾਲ ਰਲੀ ਹੋਈ ਹੈ ਸੁਰਤ। ਰਾਤ ਨੂੰ ਨਹੀਂ ਟਿਕਦੀ ਇਹ, ਮਨ ਉਹਨੂੰ ਉਠਾਲ ਲੈਂਦਾ ਹੈ, ਸੁਪਨੇ ਹੀ ਸੁਪਨੇ। ਦੁਨੀਆਂ ਬਣਾ ਲੈਂਦਾ ਹੈ ਨਵੀਂ। ਉਹ ਸੁਰਤ ਨੂੰ ਫੜਨਾ ਪੈਂਦਾ ਹੈ, ਸੁਰਤ ਫੜ ਕਾਹਦੇ ਨਾਲ ਹੁੰਦੀ ਹੈ, ਕਿਸੇ ਚੀਜ਼ ਨਾਲ ਤਾਂ ਫੜ ਨਹੀਂ ਹੁੰਦੀ, ਉਹ ਸ਼ਬਦ ਦੀ ਧੁਨ ਦੇ ਨਾਲ ਲਗਦੀ ਹੈ। ਕੀਰਤਨ ਦੇ ਵਿੱਚ ਉਹ ਬਹੁਤ ਟਿਕਾਣੇ 'ਤੇ ਆ ਜਾਂਦੀ ਹੈ। ਕੀਰਤਨ ਗਾਓ ਤੁਸੀਂ, ਪਿਆਰ ਦੇ ਨਾਲ ਪੜ੍ਹੋ, ਉਹ ਸੁਰਤ ਕੇਂਦਰਤ ਹੋਣੀ ਸ਼ੁਰੂ ਹੋ ਜਾਂਦੀ ਹੈ, ਇਕੱਠੀ ਹੋਣੀ ਸ਼ੁਰੂ ਹੋ ਜਾਂਦੀ ਹੈ, ਉਹ ਸੁਰਤ ਫੇਰ ਉਪਰ ਨੂੰ ਚੜ੍ਹਦੀ ਹੈ ਕਿਉਂਕਿ ਸ਼ਬਦ ਵਾਹਿਗੁਰੂ ਦੇ ਦਰ ਤੋਂ ਆਉਂਦਾ ਹੈ। ਉਹ ਉਸੇ ਦਰ ਵਲ ਨੂੰ ਖਿੱਚਦਾ ਤੁਰਿਆ ਜਾਂਦਾ ਹੈ, ਨਾਲ ਲੈ ਕੇ ਸੁਰਤ ਨੂੰ। ਮਹਾਰਾਜ ਕਹਿੰਦੇ ਇਹ ਸਾਰਿਆਂ ਨਾਲੋਂ ਸੁਖਾਲਾ ਹੈ -

***ਕਲਜੁਗ ਨਾਨਕ ਨਾਮ ਸੁਖਾਲਾ।***

ਮੈਂ ਐਨੀ ਬੇਨਤੀ ਤਾਂ ਕਰੀ ਹੈ ਕਿ ਸਮਝ ਵਿੱਚ ਆ ਜਾਏ ਕਿ ਸਾਡਾ ਜਿਹੜਾ ਸਰੀਰ ਹੈ, ਐਵੇਂ ਨਹੀਂ ਹੈ ਰੋਟੀਆਂ ਵਗੈਰਾ ਖਾਣ ਵਾਸਤੇ, ਬਾਲ ਬੱਚੇ ਪੈਦਾ ਕਰਕੇ ਜ਼ਮੀਨਾਂ ਖਰੀਦਣ ਵਾਸਤੇ, ਇਹ ਤਾਂ ਬੜੀ ਮੁਸ਼ਕਲ ਦੇ ਨਾਲ ਸਾਨੂੰ ਪ੍ਰਾਪਤ ਹੋਈ ਹੈ। ਇਹ ਮਿਲਿਆ ਹੈ ਵਾਹਿਗੁਰੂ ਨੂੰ ਮਿਲਣ ਵਾਸਤੇ, ਜੇ ਤਾਂ ਮਿਲ ਗਏ, ਆਉਣਾ ਜਾਣਾ ਖਤਮ ਹੋ ਗਿਆ, ਨਹੀਂ ਤਾਂ ਪਿਆਰਿਓ! ਓਹੀ ਚੱਕਰ ਫੇਰ ਸ਼ੁਰੂ ਹੋ ਜਾਣਾ ਹੈ। ਜੇ ਕਹੇ ਕਿ ਅਸੀਂ ਤਾਂ ਸਾਰਾ ਜ਼ੋਰ ਲਾ ਰਹੇ ਹਾਂ ਕਿ ਮਿਲਦਾ ਤਾਂ ਹੈ ਨਹੀਂ। ਮਿਲਦਾ ਨਹੀਂ ਉਹ ਜਨਮ-ਜਨਮਾਂਤਰਾਂ ਦਾ ਤਪ ਕਰਨਾ ਪੈਂਦਾ ਹੈ।

ਕਿਹਾ ਜਾਂਦਾ ਹੈ ਕਿ ਧੰਨੇ ਨੇ ਕਿਹਾ ਕਿ ਮਨ 'ਚ ਆ ਗਿਆ ਕਿ ਲੈ ਮੈਂ ਦੋ ਢਾਈ ਘੰਟੇ ਬੈਠਾ, ਰੋਇਆ ਤੇ ਰੱਬ ਮਿਲ ਗਿਆ। ਇਹ ਤਾਂ ਸੁਖਾਲਾ ਹੀ ਹੈ। ਪ੍ਰਮੇਸ਼ਰ ਨੂੰ ਹੋਰ ਸਭ ਚੀਜ਼ਾਂ ਭਾਉਂਦੀਆਂ ਨੇ, ਬੰਦੇ ਦਾ ਅਭਿਮਾਨ ਨਹੀਂ ਭਾਉਂਦਾ, ਕਿਉਂਕਿ ਓਹੀ ਵੱਖਰਾ ਕਰਦਾ ਹੈ ਪ੍ਰਮੇਸ਼ਰ ਨਾਲੋਂ। ਪ੍ਰਭੂ ਕਹਿਣ ਲੱਗੇ, ਧੰਨਿਆਂ! ਕੀ ਖਿਆਲ ਕਰਦਾ ਹੈਂ ਤੂੰ ਗਲਤ, ਇਕ ਜਨਮ 'ਚ ਕਹਿੰਦਾ ਹੈਂ, ਆਹ ਤੈਨੂੰ ਦਿਖਾਵਾਂ। ਸੌ ਜਨਮ ਦੇਖਿਆ ਕਿਤੇ ਪੁੱਠਾ ਲਟਕਦਾ ਹੈ, ਕਿਤੇ ਪਾਣੀ 'ਚ ਬੈਠਾ ਹੈ, ਕਿਤੇ ਸੇਵਾ ਕਰਦਾ ਹੈ, ਕਿਤੇ ਕੁਛ ਕਰ ਰਿਹਾ ਹੈ, ਕਿਤੇ ਸਾਧਨਾ ਕਰ ਰਿਹਾ ਹੈ। ਕਹਿੰਦੇ ਪਿਆਰਿਆ! ਜਿੰਨੀ ਦੇਰ ਤੱਕ ਅੰਦਰ ਪੂਰੀ ਸੁੱਚ ਨਹੀਂ ਆਉਂਦੀ, ਨਿਰਮਲਤਾ ਨਹੀਂ ਆਉਂਦੀ ਮੈਂ ਨਹੀਂ ਪ੍ਰਗਟ ਹੋਇਆ ਕਰਦਾ। ਰਹਿੰਦਾ ਮੈਂ ਅੰਦਰ ਹੀ ਹਾਂ। ਪਰ ਮਨੁੱਖ ਦੇ ਅੰਦਰ ਦੁਰਗੰਧ ਹੈ ਬੇਅੰਤ, ਜਦੋਂ ਤੱਕ ਇਹ ਦੁਰਗੰਧ ਬਾਹਰ ਕੱਢ ਕੇ ਸੁਗੰਧੀ ਨਹੀਂ ਪੈਦਾ ਕਰਦਾ; ਹੁਣ ਇਹ ਹੁੰਦਾ ਹੈ ਕਿ ਸੁਗੰਧੀ ਕਿੱਥੋਂ ਪੈਦਾ ਕਰੀਏ, ਫੁੱਲ ਅੰਦਰ ਲੈ ਜਾਈਏ। ਨਹੀਂ। ਇੱਕ ਐਸਾ ਥਾਉਂ ਹੈ ਸਾਡੇ ਜਿੱਥੇ ਸੁਗੰਧੀ ਹੀ ਸੁਗੰਧੀ ਹੈ, ਆਪਣੇ ਆਪ ਨੱਕ ਨੂੰ ਬਾਹਰ ਵੀ ਆਉਣ ਲੱਗ ਜਾਂਦੀ ਹੈ। ਉਹ ਦਿੱਬਯ ਨਾਸਿਕਾ ਖੁਲ੍ਹਦੀ ਹੈ, ਪਵਿੱਤਰਤਾ ਆਉਣ ਲੱਗ ਜਾਂਦੀ ਹੈ। ਫੇਰ ਸੁਰਤੀ ਪ੍ਰਮੇਸ਼ਰ ਵਲ ਜਾਂਦੀ ਹੈ -

***ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥***

***ਅੰਗ - 938***

ਏਸ ਤਰ੍ਹਾਂ ਦੇ ਨਾਲ ਇਹ ਮਾਨਸ ਜਨਮ ਬਹੁਤ ਹੀ ਦੁਰਲੱਭ ਆਪਾਂ ਨੂੰ ਪ੍ਰਾਪਤ ਹੋਇਆ ਹੈ। ਤੁਹਾਡਾ ਸੰਗਤ 'ਚ ਆ ਜਾਣਾ ਇਹ ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਹੈ, ਤੁਹਾਡੇ ਕਰਮ ਜਾਗੇ ਹੋਏ ਨੇ ਫਲ ਦੇਣ ਨੂੰ ਸਮਰੱਥ ਹੋ ਰਹੇ ਨੇ। ਅਚਾਨਕ ਨਹੀਂ ਕੋਈ ਸਤਿਸੰਗ 'ਚ ਆਇਆ ਕਰਦਾ। ਜੇ ਆਵੇ ਲੈਣਾ ਦੇਣਾ ਉਹਨੇ ਕੁਛ ਨਹੀਂ ਹੁੰਦਾ। ਉਹਦੀ ਸੁਰਤ ਨੱਠ ਜਾਂਦੀ ਹੈ ਟਿਕਦੀ ਨਹੀਂ ਹੈ। ਸੋ ਕੱਲ੍ਹ ਮੈਂ ਬੇਨਤੀ ਕਰਦਾ ਸੀ, ਬੜੀ ਲੰਮੀ ਚੌੜੀ ਬੇਨਤੀ ਕਰੀ ਸੀ। ਮਹਾਰਾਜ ਨੇ ਸਿਆਣੇ ਦੀ ਮਿਸਾਲ ਨਹੀਂ ਦਿੱਤੀ ਕਿਸੇ ਦੀ। ਇੱਕ ਬੱਚੇ ਦੀ ਮਿਸਾਲ ਦਿੱਤੀ ਹੈ, ਕਹਿੰਦੇ, ਪੰਜ ਸਾਲ ਦਾ ਸੀ ਸਾਰਾ ਹੀ -

***ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ***

***ਹਰਿ ਸਿਮਰਤ ਅਮਰ ਅਟਾਰੇ ॥*** ***ਅੰਗ - 999***

ਪਿਓ ਨੇ ਵੀ ਕੱਢਿਆ ਹੋਇਆ, ਮਾਂ ਵਿਚਾਰੀ ਗਰੀਬਣੀ ਸੀ ਤੇ ਜਦੋਂ ਉਹਨੇ ਬੰਦਗੀ ਕੀਤੀ, ਕਹਿੰਦੇ ਅਮਰ ਅਵਸਥਾ, ਅਟਾਰੀ, ਸਭ ਤੋਂ ਉੱਤਮ ਅਵਸਥਾ ਪ੍ਰਾਪਤ ਹੋ ਗਈ -

***ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ***
***ਅਰੁ ਨਿਰਭੈ ਪਦੁ ਪਾਇਆ ॥***
***ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ ॥***
***ਅੰਗ - 632***

ਤੇਰੇ ਤਾਂ ਚਿੱਤ ਚੇਤੇ ਹੀ ਨਹੀਂ ਆਉਂਦਾ। ਕਾਹਤੋਂ ਭੁੱਲਿਆ ਹੈਂ ਉਹਨੂੰ -

***ਜਿਨੀ ਐਸਾ ਹਰਿ ਨਾਮੁ ਨ ਚੇਤਿਓ***
***ਸੇ ਕਾਹੇ ਜਗਿ ਆਏ ਰਾਮ ਰਾਜੇ ॥*** ***ਅੰਗ - 450***

ਹੁਣ ਮਾਤਾ ਦੇ ਕੋਲ ਉਸ ਨੇ ਸਵਾਲ ਕਰਿਆ ਕਿਉਂਕਿ ਥੱਪੜ ਲੱਗ ਗਏ, ਵਿਚਾਰਾ ਬੇਇੱਜ਼ਤ ਹੋ ਗਿਆ, ਪਿਓ ਦੀ ਗੋਦੀ 'ਚੋਂ ਖਿੱਚ ਲਿਆ, ਰੋਂਦਾ ਮਾਂ ਕੋਲ ਆਉਂਦਾ ਹੈ, ਮਾਂ ਨੂੰ ਪੁੱਛਿਆ ਕਿ ਮੈਨੂੰ ਐਸ ਤਰ੍ਹਾਂ ਮਾਰਿਆ ਪਟਕਾ ਕੇ, ਤੇ ਨਾਲ ਆਹ ਗੱਲ ਕਹੀ ਕਿ ਜੇ ਗੋਦੀ 'ਚ ਬਹਿਣਾ ਸੀ ਤਾਂ ਤੂੰ ਮੇਰੇ ਪੇਟ 'ਚੋਂ ਜਨਮ ਲੈਂਦਾ। ਉਹਦੇ ਪੇਟ 'ਚੋਂ ਕਿਉਂ ਜਨਮ ਲਿਆ। ਮਾਤਾ ਉਹ ਕੌਣ ਹੈ ਤੂੰ ਕੌਣ ਹੈ?

ਕਹਿਣ ਲੱਗੀ, ਬੇਟਾ! -

***ਸਾਵਾਣੀ ਹਾਂ ਜਨਮ ਦੀ ਨਾਮੁ ਨ ਭਗਤੀ ਕਰਮਿ ਦ੍ਰਿੜ੍ਹੀਤਾ।***
***ਭਾਈ ਗੁਰਦਾਸ ਜੀ, ਵਾਰ 10/1***

ਮੈਂ ਹਾਂ ਤਾਂ ਪਟਰਾਣੀ, ਪਰ ਮੇਰੇ ਕੋਲ ਤਪ ਨਹੀਂ ਸੀ। ਤਪ ਦੀ ਘਾਟ ਸੀ, ਇਸ ਕਰਕੇ ਮੈਨੂੰ ਬਨਵਾਸ ਦੇ ਦਿੱਤਾ। ਹੁਣ ਉਹਦਾ ਅਗਲਾ ਸਵਾਲ ਸੀ ਕਿ ਜਦ ਤਾਂ ਅਸੀਂ ਨਾਮ ਨਹੀਂ ਸੀ ਜਪਿਆ, ਹੁਣ ਦੱਸੋ -

***ਕਿਸ ਉਦਮ ਤੇ ਰਾਜੁ ਮਿਲੈ..............।***
***ਭਾਈ ਗੁਰਦਾਸ ਜੀ, ਵਾਰ 10/1***

ਕੋਈ ਹੈ ਤਰੀਕਾ ਜਿਹਦੇ ਨਾਲ ਰਾਜ ਮਿਲ ਜਾਂਦਾ। ਮੇਰਾ ਹੱਕ ਮੈਨੂੰ ਮਿਲ ਜਾਵੇ, ਕੋਈ ਤਰੀਕਾ ਹੈ ਦੁਨੀਆਂ 'ਚ। ਤੇ ਦੂਸਰਾ ਇਹ ਕਿ ਜਿਹੜਾ ਸਾਡੇ ਨਾਲ ਵੈਰ ਕਰ ਰਹੇ ਨੇ। ਪਿਤਾ ਵੈਰ ਕਰ ਰਿਹਾ ਹੈ, ਮਾਤਾ ਵੈਰ ਕਰ ਰਹੀ ਹੈ ਬਈ ਇਹ ਮਿੱਤਰ ਕਿਵੇਂ ਹੋਣਗੇ -

***ਸ਼ਤਰੂ ਤੇ ਸਭ ਹੋਵਨਿ ਮੀਤਾ। ਭਾਈ ਗੁਰਦਾਸ ਜੀ, ਵਾਰ 10/1***

ਕੋਈ ਵੀ ਦੁਨੀਆਂ ਦੇ ਅੰਦਰ ਵੈਰ ਨਾ ਰਹੇ, ਸਾਰੇ ਮਿੱਤਰ ਹੋ ਜਾਣ। ਉਸ ਵੇਲੇ ਮਾਂ ਉਸਦੇ ਸਵਾਲ ਦਾ ਜਵਾਬ ਇਸ ਤਰ੍ਹਾਂ ਦਿੰਦੀ ਹੈ ਪੜ੍ਹੋ ਪਿਆਰ ਨਾਲ -

***ਧਾਰਨਾ - ਸਭੇ ਇੱਛਾ ਹੋਣ ਤੇਰੀਆਂ ਪੂਰੀਆਂ,***
***ਸਤਿਨਾਮ ਜਪ ਕੇ ਵਾਹਿਗੁਰੂ।***

*ਜੋ ਮਾਗਹਿ ਸੋਈ ਸੋਈ ਪਾਵਹਿ*
*ਸੇਵਿ ਹਰਿ ਕੇ ਚਰਣ ਰਸਾਇਣ ॥*
*ਜਨਮ ਮਰਣ ਦੁਹਹੂ ਤੇ ਛੂਟਹਿ*
*ਭਵਜਲੁ ਜਗਤੁ ਤਰਾਇਣ ॥ 1 ॥*
*ਖੋਜਤ ਖੋਜਤ ਤਤੁ ਬੀਚਾਰਿਓ*
*ਦਾਸ ਗੋਵਿੰਦ ਪਰਾਇਣ ॥*
*ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ ॥*
*ਅੰਗ - 714*

*ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥*
*ਅੰਗ - 1427*

ਬੇਟਾ! ਸਾਰਿਆਂ ਸੁੱਖਾਂ ਦੇ ਦੇਣ ਵਾਲਾ, ਸਾਰੀਆਂ ਆਸਾਂ ਪੂਰਨ ਕਰਨ ਵਾਲਾ, ਸੰਸਾਰ ਦਾ ਮਾਲਕ, ਵਾਹਿਗੁਰੂ ਹੈ, ਪ੍ਰਭੂ ਹੈ, ਨਾਰਾਇਣ ਹੈ, ਗੋਬਿੰਦ ਹੈ, ਅੱਲਾਹ ਹੈ; ਕੁਛ ਕਹਿ ਲਓ। ਉਹਦਾ ਨਾਮ ਜਪਦੇ, ਉਹਦਾ ਧਿਆਨ ਜੇ ਹਿਰਦੇ 'ਚ ਬੈਠ ਜਾਵੇ, ਜੋ ਮੰਗਦਾ ਹੈ ਉਹ ਪੂਰਾ ਹੋ ਜਾਂਦਾ ਹੈ -

*ਪ੍ਰਭ ਕੈ ਸਿਮਰਨਿ ਪੂਰਨ ਆਸਾ ॥* *ਅੰਗ - 263*

ਕੋਈ ਆਸਾ ਬਕਾਇਆ ਨਹੀਂ ਰਹਿੰਦੀ। ਉਹਦੇ ਪਿਆਰਿਆਂ ਦੀ ਜੇ ਸੇਵਾ ਕਰੋ ਤਾਂ ਚਾਰ ਚੀਜ਼ਾਂ ਮਿਲ ਜਾਂਦੀਆਂ ਨੇ - ਧਰਮ, ਅਰਥ, ਕਾਮ, ਮੋਖਸ਼। ਗੁਰੂ ਦੀ ਸੇਵਾ ਕਰੋ, ਕੋਈ ਅੰਤ ਹੀ ਨਹੀਂ ਰਹਿੰਦਾ। ਤੀਰਥ ਤੇ ਜਾਓ ਇੱਕ ਫਲ ਮਿਲਦਾ ਹੈ -

*ਤੀਰਥ ਕੀਏ ਏਕ ਫਲ, ਸੰਤ ਮਿਲੇ ਫਲ ਚਾਰ।*
*ਗੁਰੂ ਮਿਲੇ ਫਲ ਅਨੇਕ ਹੈਂ ਕਹਤ ਕਬੀਰ ਵਿਚਾਰ।*

ਜਿਹੜਾ ਏਧਰ ਨਹੀਂ ਆਉਂਦਾ ਬੇਟਾ, ਪ੍ਰਮੇਸ਼ਰ ਦੀ ਬੰਦਗੀ ਨਹੀਂ ਕਰਦਾ, ਉਹਨੇ ਦੁਰਲੱਭ ਦੇਹ ਪਾ ਤਾਂ ਲਈ, ਪਰ ਜੇ ਨਾਮ ਨਹੀਂ ਜਪਦਾ ਤਾਂ ਉਹ ਆਤਮਘਾਤੀ ਹੈ। ਫੁਰਮਾਨ ਹੈ -

*ਦੁਲਭ ਦੇਹ ਪਾਈ ਵਡਭਾਗੀ ॥*
*ਨਾਮੁ ਨ ਜਪਹਿ ਤੇ ਆਤਮ ਘਾਤੀ ॥ 1 ॥*
*ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥*
*ਨਾਮ ਬਿਹੂਨ ਜੀਵਨ ਕਉਨ ਕਾਮ ॥ 1 ॥ ਰਹਾਉ ॥*
*ਖਾਤ ਪੀਤ ਖੇਲਤ ਹਸਤ ਬਿਸਥਾਰ ॥*
*ਕਵਨ ਅਰਥ ਮਿਰਤਕ ਸੀਗਾਰ ॥ 2 ॥*
*ਜੋ ਨ ਸੁਨਹਿ ਜਸੁ ਪਰਮਾਨੰਦਾ ॥*
*ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ ॥ 3 ॥*
*ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥*
*ਕੇਵਲ ਨਾਮੁ ਰਿਦ ਮਾਹਿ ਸਮਾਇਆ ॥* *ਅੰਗ - 188*

ਜਪਣ ਦਾ ਫਾਇਦਾ ਤੇ ਨਾ ਜਪਣ ਦਾ ਨੁਕਸਾਨ -

*ਜਿਸੁ ਤੂ ਆਵਹਿ ਚਿਤਿ ਤਿਸ ਨੋ ਸਦਾ ਸੁਖ ॥* *ਅੰਗ - 960*

ਦੁਨੀਆਂ ਸੁੱਖ ਭਾਲਦੀ ਫਿਰਦੀ ਹੈ, ਪਰ –

*ਐਸਾ ਜਗੁ ਦੇਖਿਆ ਜੂਆਰੀ ॥*
*ਸਭਿ ਸੁਖ ਮਾਗੈ ਨਾਮੁ ਬਿਸਾਰੀ ॥* *ਅੰਗ – 222*

ਨਾਮ ਨੂੰ ਭੁੱਲ ਜਾਂਦੇ ਨੇ, ਸੁੱਖ ਸਾਰੇ ਮੰਗਦੇ ਨੇ। ਮੇਰਾ ਆਹ ਹੋ ਜਾਵੇ, ਮੇਰਾ ਔਹ ਹੋ ਜਾਵੇ, ਮੇਰਾ ਕੰਮ ਨਹੀਂ ਚਲਦਾ। ਸਾਧਸੰਗਤ ਜੀ! ਮੇਰਾ ਤਾਂ ਸਮਾਂ ਹੀ ਜ਼ਿਆਦਾ ਲੋਕਾਂ ਦੀਆਂ ਇਨ੍ਹਾਂ ਗੱਲਾਂ 'ਚ ਹੀ ਜਾਂਦਾ ਹੈ, ਹੁਣ ਤਾਂ ਮੈਂ ਹਰਪਾਲ ਸਿੰਘ ਲਾ ਦਿੱਤਾ ਕਿ ਤੂੰ ਕਰੀ ਜਾ ਗੱਲਾਂ ਇਹੋ ਜਿਹੀਆਂ।

ਜਦੋਂ ਸਾਫ ਕਿਹਾ ਹੋਇਆ ਹੈ ਬਾਣੀ ਦੇ ਅੰਦਰ ਉਹਦੇ ਉਤੇ ਕਿਉਂ ਨਹੀਂ ਭਰੋਸਾ ਲਿਆਉਂਦੇ, ਫੇਰ ਬਾਬਾ ਜੀ ਕੋਲ, ਫੇਰ ਬਾਬਾ ਜੀ ਕੋਲ। ਮੇਰੇ ਕੋਲ ਕੀ ਕਰਨਾ ਹੈ। ਮਹਾਰਾਜ ਕਹਿੰਦੇ–

*ਜਿਸੁ ਤੂ ਆਵਹਿ ਚਿਤਿ ਤਿਸ ਨੋ ਸਦਾ ਸੁਖ ॥* *ਅੰਗ – 960*

ਕੋਈ ਚਾਹੁੰਦਾ ਹੈ ਸੁੱਖ, ਦੱਸੋ? ਦੁਨੀਆਂ 'ਚ ਦੁੱਖ ਤਾਂ ਕੋਈ ਨਹੀਂ ਚਾਹੁੰਦਾ। ਸੁੱਖ ਅਸੀਂ ਸਾਰੇ ਹੀ ਚਾਹੁੰਦੇ ਹਾਂ। ਮਹਾਰਾਜ ਕਹਿੰਦੇ, ਤੈਨੂੰ ਦੱਸ ਦਿੰਦੇ ਹਾਂ। ਐਸ ਤਰ੍ਹਾਂ ਪੜ੍ਹ ਲਓ, ਯਾਦ ਰਹਿ ਜਾਊ ਤੁਹਾਡੇ –

*ਧਾਰਨਾ – ਸਾਧੂ ਦੀ ਸੰਗਤ ਤੋਂ, ਸਾਰੇ ਸੁੱਖ ਆਣ ਮਿਲਦੇ।*

ਕਹਿੰਦੇ, ਚਾਹੁੰਦਾ ਹੈਂ ਤੂੰ ਕਿ ਤੈਨੂੰ ਸਦਾ ਸੁੱਖ ਮਿਲੇ, ਤਾਂ ਤੈਨੂੰ ਅਸੀਂ ਦੱਸ ਦਿੰਦੇ ਹਾਂ ਭੇਤ ਦੀ ਗੱਲ –

*ਸਾਧੂ ਸੰਗਤਿ ਗੁਰਹਿ ਬਤਾਈ ॥* *ਅੰਗ – 1182*

ਗੁਰੂ ਨੇ ਦੱਸ ਦਿੱਤਾ ਕਿ ਸਾਧੂ ਦੀ ਸੰਗਤ ਕਰ, ਜੇ ਸਾਰੇ ਸੁੱਖ ਚਾਹੁੰਦਾ ਹੈਂ। ਹੁਣ ਇਸ ਤੋਂ ਅਗਾਂਹਾਂ ਤਾਂ ਕੋਈ ਗੱਲ ਨਹੀਂ ਹੈ ਫੇਰ ਆ ਕੇ ਬਾਬਾ ਜੀ! ਸਾਡਾ ਕੰਮ ਨਹੀਂ ਚਲਦਾ ਜੀ। ਅਸੀਂ ਦੁਖੀ ਬਹੁਤ ਹਾਂ, ਉਹ ਸਾਧੂ ਦਸਦੇ ਨੇ ਅਗਾਂਹਾਂ ਨੁਸਖੇ। ਉਹ ਕਹਿੰਦੇ –

*ਜਿਸੁ ਤੂ ਆਵਹਿ ਚਿਤਿ ਤਿਸ ਨੋ ਸਦਾ ਸੁਖ ॥*
*ਜਿਸੁ ਤੂ ਆਵਹਿ ਚਿਤਿ ਤਿਸੁ ਜਮ ਨਾਹਿ ਦੂਖ ॥*
*ਜਿਸੁ ਤੂ ਆਵਹਿ ਚਿਤਿ ਤਿਸੁ ਕਿ ਕਾੜਿਆ ॥*
*ਜਿਸ ਦਾ ਕਰਤਾ ਮਿਤ੍ਰੁ ਸਭਿ ਕਾਜ ਸਵਾਰਿਆ ॥*

*ਅੰਗ – 960*

ਮਿੱਤਰ ਬਣਾ ਲਓ ਵਾਹਿਗੁਰੂ ਨੂੰ, ਦਿਨ ਰਾਤ ਮਿੱਤਰ ਦਾ ਧਿਆਨ ਰਹਿੰਦਾ ਹੈ। ਸਾਰੇ ਹੀ ਜਾਣਦੇ ਨੇ ਇਸ ਗੱਲ ਨੂੰ। ਆਪਣਾ ਪਿਆਰਾ ਹੋਵੇ ਉਹਦਾ ਧਿਆਨ ਹਰ ਵਕਤ ਰਹਿੰਦਾ ਹੈ। ਕਹਿੰਦੇ, ਫੇਰ ਕੀ ਹੁੰਦਾ ਹੈ? ਸਾਰੇ ਕੰਮ ਸੰਵਾਰ ਜਾਂਦਾ ਹੈ ਉਹ–

*ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ*
*ਜਿਨ ਹਰਿ ਕਾ ਨਾਮੁ ਪਿਆਰਾ ॥* *ਅੰਗ – 638*

*ਜਿਸੁ ਤੂ ਆਵਹਿ ਚਿਤਿ ਸੋ ਪਰਵਾਣੁ ਜਨੁ ॥*

***ਜਿਸੁ ਤੂ ਆਵਹਿ ਚਿਤਿ ਬਹੁਤਾ ਤਿਸੁ ਧਨੁ ॥***

***ਅੰਗ - 960***

ਧਨ ਦੀ ਗੱਲ ਵੀ ਮਹਾਰਾਜ ਨੇ ਕਰ ਦਿੱਤੀ, ਕਹਿੰਦੇ ਅਮੀਰ ਹੋ ਜਾਂਦਾ ਹੈ ਦਿਨਾਂ ਦੇ ਅੰਦਰ ਹੀ, ਐਨਾ ਧਨ ਆਉਂਦਾ ਹੈ ਉਹਦੇ ਕੋਲ, ਮਾਇਆ ਨੱਠ-ਨੱਠ ਕੇ ਆਉਂਦੀ ਹੈ -

***ਜਿਸੁ ਤੂ ਆਵਹਿ ਚਿਤਿ ਸੋ ਵਡ ਪਰਵਾਰਿਆ ॥***
***ਜਿਸੁ ਤੂ ਆਵਹਿ ਚਿਤਿ ਤਿਨਿ ਕੁਲ ਉਧਾਰਿਆ ॥***

***ਅੰਗ - 960***

21 ਕੁਲਾਂ ਦਾ ਉਧਾਰ, 101 ਕੁੱਲ ਦਾ ਉਧਾਰ ਕਰ ਦਿੰਦਾ ਹੈ। ਚੌਵੀ ਦਾਦਕਿਆਂ, ਵੀਹ ਨਾਨਕਿਆਂ ਦੀਆਂ, ਸੋਲਾਂ ਜਿੱਥੇ ਵਿਆਹਿਆ ਹੈ, ਬਾਰ੍ਹਾਂ ਜਿੱਥੇ ਲੜਕਾ ਲੜਕੀ ਵਿਆਹੇ ਨੇ, ਗਿਆਰ੍ਹਾਂ ਜਿਸ ਥਾਂ ਦੇ ਉਤੇ ਭੈਣ ਵਿਆਹੀ ਹੈ, ਨੌਂ ਜਿੱਥੇ ਮਾਸੀ ਹੈ, ਅੱਠ ਜਿੱਥੇ ਭੂਆ ਹੈ। ਸਾਰੀਆਂ ਕੁੱਲਾਂ ਦਾ ਉਧਾਰ ਕਰ ਦਿੰਦਾ ਹੈ ਤੇ ਫੇਰ ਮਹਾਰਾਜ ਕਹਿੰਦੇ, ਉਹਦਾ ਤਾਂ ਕਿਹਾ ਹੋਇਆ ਦਰਗਾਹ 'ਚ ਚਲਦਾ ਹੈ, ਜਿੱਸ ਦੇ ਚਿੱਤ 'ਚ ਵਾਹਿਗੁਰੂ ਹੋਵੇ। ਲੇਖ ਮੇਟ ਦਿੰਦਾ ਹੈ, ਵਾਹਿਗੁਰੂ ਦਰਗਾਹ ਦੇ ਵਿੱਚ ਕਹਿ ਦਿੰਦਾ ਹੈ ਕਿ ਇਹ ਨਹੀਂ ਗੱਲ, ਆਹ ਗੱਲ ਕਰ ਤੂੰ। ਇੱਕ ਵਾਰੀ ਸਵਾਲ ਆਇਆ ਮਹਾਂਪੁਰਸ਼ਾਂ ਸਾਰਿਆਂ 'ਚ। ਪ੍ਰਮੇਸ਼ਰ ਨੇ ਸਾਖਸ਼ਾਤ ਹੋ ਕੇ ਵੀ ਕਿ ਤੇਰੇ ਤੋਂ ਵੀ ਕੋਈ ਵੱਡਾ ਹੈ। ਤੂੰ ਸਭ ਤੋਂ ਵੱਡਾ ਹੈਂ, ਤੇਰੇ ਤੋਂ ਕੋਈ ਵੱਡਾ ਹੈ। ਚੁੱਪ ਕਰ ਰਹੇ। ਕਹਿਣ ਲੱਗੇ, ਮਹਾਰਾਜ! ਇਹ ਭੇਤ ਆਪ ਖੋਲ੍ਹ ਦਿਓ। ਉਹ ਕਹਿਣ ਲੱਗੇ, ਮੇਰੇ ਤੋਂ ਵੱਡੇ ਉਹ ਨੇ ਪਿਆਰਿਓ! ਜਿਨ੍ਹਾ ਦੇ ਆਸਰੇ ਮੈਂ ਰਹਿੰਦਾ ਹਾਂ, ਮੈਂ ਪ੍ਰਗਟ ਹੁੰਦਾ ਹਾਂ। ਮੈਂ ਤਾਂ ਗੁਪਤ ਹਾਂ, ਮੈਨੂੰ ਤਾਂ ਕੋਈ ਜਾਣ ਹੀ ਨਹੀਂ ਸਕਦਾ। ਉਹ ਮੇਰਾ ਰੂਪ ਨੇ -

***ਦਾਸ ਅਨਿੰਨ ਮੇਰੋ ਨਿਜ ਰੂਪ ॥***
***ਦਰਸਨ ਨਿਮਖ ਤਾਪ ਤ੍ਰਈ ਮੋਚਨ***
***ਪਰਸਤ ਮੁਕਤਿ ਕਰਤ ਗ੍ਰਿਹ ਕੂਪ ॥*** ***ਅੰਗ - 1252***

ਪਰਸਣ ਦੇ ਨਾਲ ਜਿਹੜਾ ਡੂੰਘਾ ਖੂਹ ਹੈ ਉਹਦੇ ਵਿੱਚੋਂ ਵੀ ਨਿਕਲ ਆਉਣਾ ਹੈ -

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥*** ***ਅੰਗ- 1253***

ਜੇ ਮੇਰੇ ਤੋਂ ਵੱਡੇ ਹੋਏ ਤਾਂ ਹੀ ਮੇਰੀ ਬੰਨ੍ਹੀ ਹੋਈ ਛੁਡਾ ਦਿੰਦੇ ਨੇ। ਛੋਟੇ ਹੋਣ ਤਾਂ ਮੇਰਾ ਬੰਨ੍ਹਿਆ ਹੋਇਆ ਵੀ ਕੋਈ ਦੁਨੀਆਂ 'ਚ ਛੁਡਾਉਂਦਾ ਹੈ। ਜੇ ਉਹ ਬੰਨ੍ਹ ਦਿੰਦੇ ਨੇ ਫੇਰ ਉਹ ਨਹੀਂ ਮੇਰੇ ਤੋਂ ਛੁਟਦੀ। ਮੈਂ ਕੁਛ ਨਹੀਂ ਕਹਿ ਸਕਦਾ, ਮੈਂ ਆਪਣੇ ਪਿਆਰਿਆਂ ਦੇ ਅਧੀਨ ਹਾਂ। ਮੇਰਾ ਜੀਵਨ ਜਿਹੜਾ ਹੈ ਉਹ ਮੇਰੇ ਪਿਆਰੇ ਨੇ। ਸੋ ਇਸ ਤਰ੍ਹਾਂ ਦੇ ਨਾਲ ਮਹਾਂਪੁਰਸ਼ ਦੱਸ ਦਿੰਦੇ ਨੇ ਕਿ ਏਸ ਤਰ੍ਹਾਂ ਪਿਆਰਿਆ ਕਰ ਲੈ। ਫੇਰ ਮਹਾਂਪੁਰਸ਼ਾਂ ਦਾ ਦਰਜਾ ਕਿੱਡਾ ਹੁੰਦਾ ਹੈ। ਮਹਾਰਾਜ ਐਸ ਤਰ੍ਹਾਂ ਫੁਰਮਾਉਂਦੇ

ਨੇ –

*ਧਾਰਨਾ – ਚਿੱਤ ਹਰੀ ਦੇ ਨਾਮ ਨਾਲ ਲੱਗਿਆ,*
*ਰਾਜਾ ਸਾਰੀ ਦੁਨੀਆਂ ਦਾ।*

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥*
*ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥*
*ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥*

***ਅੰਗ – 707***

ਸਾਰੀ ਸ੍ਰਿਸ਼ਟੀ ਦਾ ਬਾਦਸ਼ਾਹ –

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥* ***ਅੰਗ – 186***

ਬਾਦਸ਼ਾਹ ਦਾ ਤਾਂ ਚਲਦਾ ਨਹੀਂ ਹੈ, ਉਹਦਾ ਚਲਦਾ ਹੈ। ਬਾਦਸ਼ਾਹ ਵੀ ਦਰ ਦੇ ਉਤੇ ਆ ਕੇ ਖੜ੍ਹੇ ਹੁੰਦੇ ਨੇ, ਮੰਗਦੇ ਨੇ ਉਹਦੇ ਕੋਲੋਂ।

ਸੋ ਮਾਤਾ ਕਹਿਣ ਲੱਗੀ, "ਬੇਟਾ! ਪ੍ਰਭੂ ਦਾ ਨਾਮ ਜਪਣ ਨਾਲ –

*ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥* ***ਅੰਗ – 1155***

ਜਿਹਦੇ ਚਿੱਤ ਵਿੱਚ ਵਾਹਿਗੁਰੂ ਆ ਜਾਵੇ।"

"ਮਾਤਾ! ਪਹਿਲਾਂ ਜਨਮ ਵੀ ਇਸੇ ਕਰਕੇ ਹੀ ਹੈ?"

"ਕਹਿੰਦੀ, "ਹਾਂ ਪੁੱਤਰ! ਇਹ ਸਰੀਰ ਜਦ ਤੇਰਾ ਬਣਿਆ ਨਹੀਂ ਸੀ ਉਸ ਵੇਲੇ ਤੂੰ ਕਿਸੇ ਹੋਰ ਸਰੀਰ ਵਿੱਚ ਸੀ। ਜਿਸਨੂੰ ਮੌਤ ਕਹਿੰਦੇ ਨੇ ਉਹ ਮੌਤ ਨਹੀਂ ਹੁੰਦੀ, ਤਬਾਦਲਾ ਹੋਇਆ ਕਰਦਾ ਹੈ। ਇੱਕ ਘਰ ਛੱਡ ਕੇ ਜਿਵੇਂ ਦੂਜੇ 'ਚ ਚਲਿਆ ਜਾਵੇ, ਇਸੇ ਤਰ੍ਹਾਂ ਇਹ ਜੀਵ ਆਤਮਾ ਇੱਕ ਸਰੀਰ ਛੱਡ ਦਿੰਦਾ ਹੈ, ਦੂਜੇ 'ਚ ਆ ਜਾਂਦਾ ਹੈ। ਬੇਟਾ! ਉਸ ਜਨਮ ਵਿੱਚ ਨਾ ਤੂੰ ਕੁਛ ਕਰਿਆ, ਨਾ ਮੈਂ ਕਰਿਆ। ਫੇਰ ਮਾਤਾ! ਹੁਣ ਮੈਂ ਕੀ ਕਰਾ? ਕਹਿੰਦੀ, ਭਗਤੀ ਕਰ। ਸਾਰੇ ਰਿਸ਼ੀ-ਮੁਨੀ ਜੰਗਲਾਂ ਦੇ ਅੰਦਰ ਭਗਤੀ ਕਰ ਰਹੇ ਨੇ, ਤਪ ਕਰ ਰਹੇ ਨੇ।

ਮਾਂ! ਮੈਨੂੰ ਤਾਂ ਭਗਤੀ ਦਾ ਪਤਾ ਨਹੀਂ।

ਭਗਤੀ ਬੇਟਾ! ਨੌਂ ਤਰ੍ਹਾਂ ਦੀ ਹੋਇਆ ਕਰਦੀ ਹੈ, ਇੱਕ ਤਾਂ ਹੋਇਆ ਕਰਦੀ ਹੈ ਵਾਹਿਗੁਰੂ ਨੂੰ ਯਾਦ ਰੱਖਣ ਵਾਸਤੇ, ਉਹਦਾ ਨਾਮ ਜਪੀ ਜਾਣਾ, ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ... ਰਾਮ-ਰਾਮ-ਰਾਮ-ਰਾਮ-ਰਾਮ-ਰਾਮ-ਰਾਮ-ਰਾਮ-ਰਾਮ-ਰਾਮ-ਰਾਮ-ਰਾਮ..... ਕਰੀ ਜਾਣਾ। ਮੰਤਰ ਦਿੰਦਾ ਹੁੰਦਾ ਹੈ ਗੁਰੂ, ਜਿਹੜਾ ਵੀ ਮੰਤਰ ਦੇ ਦੇਵੇ ਉਹਨੂੰ ਜਪੋ, ਜਦੋਂ ਯਾਦ ਦੇ ਵਿੱਚ ਬਹਿ ਜਾਵੇ ਜਿਹਦਾ ਨਾਮ ਜਪਦੇ ਹਾਂ, ਫੇਰ ਉਹਨੂੰ ਸਿਮਰਨ ਕਹਿੰਦੇ ਨੇ। ਪਹਿਲਾਂ ਜਪਣਾ ਹੁੰਦਾ ਹੈ,

ਫੇਰ ਯਾਦ ਦੇ ਵਿੱਚ ਵਸਾਉਣਾ ਹੁੰਦਾ ਹੈ ਸਿਮਰਨ ਭਗਤੀ ਬਹੁਤ ਵੱਡੀ ਹੈ। ਜਦੋਂ ਯਾਦ ਵਿੱਚ ਵਸ ਜਾਂਦਾ ਹੈ, ਫੇਰ ਉਹ ਪ੍ਰਮੇਸ਼ਰ 'ਚ ਹੀ ਰਹਿੰਦਾ ਹੈ ਹਰ ਵਕਤ। ਦੂਸਰੀ ਹੋਇਆ ਕਰਦੀ ਹੈ ਸਰਵਣ ਭਗਤੀ। ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਵਿੱਚ ਜਾ ਕੇ ਉਨ੍ਹਾਂ ਦੇ ਤੱਤ ਦੇ ਬਚਨ ਸਰਵਣ ਕਰੋ। ਘਟੀਆ ਬਚਨ ਨਹੀਂ ਸਗੋਂ ਤੱਤ ਦੇ ਬਚਨ। ਇਹ ਸਰਵਣ ਭਗਤੀ ਹੁੰਦੀ ਹੈ, ਇਹਦਾ ਮਹਾਤਮ ਬਹੁਤ ਵੱਡਾ ਹੈ -

***ਸੁਣਿਐ ਸਿਧ ਪੀਰ ਸੁਰਿ ਨਾਥ ॥***
***ਸੁਣਿਐ ਧਰਤਿ ਧਵਲ ਆਕਾਸ ॥***
***ਸੁਣਿਐ ਦੀਪ ਲੋਅ ਪਾਤਾਲ ॥***
***ਸੁਣਿਐ ਪੋਹਿ ਨ ਸਕੈ ਕਾਲੁ ॥***
***ਨਾਨਕ ਭਗਤਾ ਸਦਾ ਵਿਗਾਸੁ ॥***
***ਸੁਣਿਐ ਦੂਖ ਪਾਪ ਕਾ ਨਾਸੁ ॥*** ***ਅੰਗ - 2***

ਤੀਸਰੀ ਭਗਤੀ ਹੋਇਆ ਕਰਦੀ ਹੈ ਕੀਰਤਨ, ਵਜਦ ਵਿੱਚ ਆ ਕੇ ਹਰੀ ਦਾ ਜਸ ਕਰਨਾ।

ਗੁਰੂ ਨਾਨਕ ਪਾਤਸ਼ਾਹ ਨੇ ਕੀਰਤਨ ਭਗਤੀ ਪਹਿਲੇ ਨੰਬਰ 'ਤੇ ਕਰ ਦਿੱਤੀ। ਜਿਹੜਾ ਹਰੀ ਦਾ ਜਸ ਗਾਉਂਦਾ ਹੈ, ਮਹਾਰਾਜ ਕਹਿੰਦੇ, ਹਰ ਬੰਦਾ ਨਹੀਂ ਕੀਰਤਨ ਕਰ ਸਕਦਾ। ਜਿਹੜੇ ਕੀਰਤਨ ਦਾ ਮੁੱਲ ਲੈਂਦੇ ਨੇ, ਵੇਚਦੇ ਨੇ ਕੀਰਤਨ। ਉਹ ਹੀਰਿਆਂ ਨੂੰ ਕੌਡੀਆਂ ਦੇ ਭਾਅ ਵੇਚ ਰਹੇ ਨੇ। ਪੈਸਾ ਤਾਂ ਨਾਲ ਨਹੀਂ ਜਾਣਾ, ਪੈਸਾ ਤਾਂ ਪਰਾਲਬਧ ਲਿਖੀ ਹੋਈ ਵਾਹਿਗੁਰੂ ਨੇ ਹਰ ਜੀਵ ਦੇ ਮੱਥੇ 'ਚ। ਇਹਨੂੰ ਵੇਚਣਾ, ਮਨ ਵਿੱਚ ਚਿਤਵ ਲੈਣਾ ਕਿ ਐਨੇ ਪੈਸੇ ਲਵਾਂਗੇ, ਤਾਂ ਅਸੀਂ ਆਵਾਂਗੇ, ਪਰ ਸੁਣਨ ਵਾਲੇ ਉਹ ਜਗਿਆਸੂ ਨੇ ਉਹ ਚਾਹੁੰਦੇ ਨੇ ਕਿ ਅਸੀਂ ਕੁਛ ਸੁਣੀਏ, ਕੀਰਤਨੀਏ ਨੇ ਘੰਟਾ ਬੰਨ੍ਹ ਦਿੱਤਾ ਕਿ ਇੱਕ ਘੰਟੇ ਦਾ ਗਿਆਰ੍ਹਾਂ ਹਜ਼ਾਰ ਲਵਾਂਗੇ, ਪੰਦਰਾਂ ਲਵਾਂਗੇ, ਪੱਚੀ ਲਵਾਂਗੇ, ਦਸਦੇ ਹੁੰਦੇ ਨੇ, ਕਿ ਐਨਾ-ਐਨਾ ਰੇਟ ਹੋ ਗਿਆ ਜੀ। ਕੋਈ ਕਹਿ ਦਿੰਦੇ ਨੇ ਕਿ ਜੀ ਚੜ੍ਹਾਵਾ ਲਵਾਂਗੇ ਸਾਰਾ, ਵਾਜਿਆਂ 'ਤੇ ਰਖਾਵਾਂਗੇ ਪੈਸਾ। ਆਉਣ ਜਾਣ ਦਾ ਲਵਾਂਗੇ ਖਰਚਾ ਤੇ ਕੀਰਤਨ ਦਾ ਅਸੀਂ ਐਨਾ ਰੁਪਿਆ ਹੋਰ ਲਵਾਂਗੇ। ਸੌਦੇਬਾਜ਼ੀ ਹੈ ਸਾਰੀ। ਇਹ ਭਗਤੀ ਨਹੀਂ ਹੈ ਇਹ ਤਾਂ art display (ਕਲਾ ਦਿਖਾ ਰਿਹਾ ਹੈ) ਕਰ ਰਿਹਾ ਹੈ, ਉਹਦਾ ਮੁੱਲ ਹੈ। ਮਹਾਰਾਜ ਕਹਿੰਦੇ ਜੇ ਤੇਰੇ ਕੋਲ ਗੁਣ ਨੇ, ਤਾਂ ਤੂੰ ਮੁੱਲ ਨਾ ਵੇਚ। ਉਹਦੀ ਸਾਂਝ ਪਾ ਦੂਜਿਆਂ ਦੇ ਨਾਲ -

***ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥***
***ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥***

***ਅੰਗ - 766***

ਵਜਦ 'ਚ ਆ ਕੇ ਪ੍ਰਭੂ ਦਾ ਨਾਮ ਆਪ ਜਪਣਾ, ਆਪ ਗਾਉਣਾ ਤੇ ਆਪ ਕੀਰਤਨ ਕਰਨਾ ਤੇ ਦੂਜਿਆਂ ਤੋਂ ਕਰਾਉਣਾ ਇਹ ਸਭ ਤੋਂ ਸ੍ਰੇਸ਼ਟ ਭਗਤੀ ਹੈ -

***ਕਲਜੁਗ ਮਹਿ ਕੀਰਤਨੁ ਪਰਧਾਨਾ ॥***

***ਗੁਰਮੁਖਿ ਜਪੀਐ ਲਾਇ ਧਿਆਨਾ ॥ ਅੰਗ - 1075***

ਗੁਰੂ ਦੇ ਰਾਹੀਂ ਜਦੋਂ ਅਸੀਂ ਜਪਦੇ ਹਾਂ ਧਿਆਨ ਲਗਾ ਕੇ। ਕੀਰਤਨ ਦੋ ਪ੍ਰਕਾਰ ਦਾ ਹੈ, ਇੱਕ ਤਾਂ ਆਹ ਹੈ ਜਿਹੜਾ ਆਪਾਂ ਕਰ ਰਹੇ ਹਾਂ, ਚਲੋ ਰਾਗੀ ਦੂਜੀ ਤਰ੍ਹਾਂ ਕਰ ਰਹੇ ਨੇ, ਅਸੀਂ ਵਿੱਚ ਵਿਚਾਰਾਂ ਵੀ ਕਰ ਰਹੇ ਹਾਂ। ਹੈ ਕੀਰਤਨ ਸਾਰਾ। ਇਹਦਾ ਫਲ ਹੈ ਬਹੁਤ ਜ਼ਿਆਦਾ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥ਅੰਗ - 546***

ਕਈ ਕਰੋੜ ਜਗਾਂ ਦਾ ਫਲ ਜਿਹੜੇ ਸੁਣਦੇ ਨੇ ਤੇ ਗਾਉਂਦੇ ਨੇ। ਇੱਕ ਕੀਰਤਨ ਅੰਦਰ ਹੈ, ਜਿਸਦੇ ਬਾਰੇ ਗੁਰੂ ਮਹਾਰਾਜ ਫੁਰਮਾਨ ਕਰਦੇ ਨੇ, ਬਾਹਰਲੇ ਬਾਰੇ ਵੀ ਕਰਦੇ ਨੇ, ਅੰਦਰਲੇ ਬਾਰੇ ਬਹੁਤ ਹੀ ਕਰ ਰਹੇ ਨੇ। ਨਾਮ ਜਪਣਾ ਬਾਹਰਲਾ ਵੀ ਹੈ ਇਕੱਠੇ ਹੋ ਕੇ ਆਪਾਂ ਵਾਹਿਗੁਰੂ-ਵਾਹਿਗੁਰੂ ਦੀ ਧੁਨ ਲਾ ਦੇਈਏ, ਵਾਜਾ ਵੱਜੇ, ਢੋਲਕੀਆਂ ਵੱਜਣ, ਵਾਹਿਗੁਰੂ-ਵਾਹਿਗੁਰੂ। ਇਹ ਅੰਦਰ ਘਟ ਜਾਂਦਾ ਹੈ, ਬਾਹਰ ਹੀ ਬਾਹਰ ਰਹਿੰਦਾ ਹੈ। ਇੱਕ ਹੈਗਾ ਨਾ ਵਾਜਾ ਵਜਦਾ ਹੈ ਨਾ ਢੋਲਕੀ ਵੱਜਦੀ ਹੈ, ਨਾ ਚਿਮਟਾ ਵੱਜਦਾ ਹੈ ਨਾ ਕੋਈ ਸਾਜ ਵੱਜਦਾ ਹੈ, ਨਾ ਕੋਈ ਸਿਤਾਰ ਵੱਜਦੀ ਹੈ, ਨਾ ਕੋਈ ਵੀਣਾ ਵੱਜਦੀ ਹੈ, ਨਾ ਕੋਈ ਬੰਸਰੀ ਵੱਜਦੀ ਹੈ, ਐਸ ਤਰ੍ਹਾਂ ਬੈਠਾ ਹੈ ਕੀਰਤਨ ਸੁਣ ਰਿਹਾ ਹੈ। ਸਾਰੇ ਸਾਜ ਵੱਜ ਰਹੇ ਨੇ, ਝੂੰਮਦਾ ਹੈ, ਦੂਜਿਆਂ ਨੂੰ ਪਤਾ ਨਹੀਂ ਲਗਦਾ ਉਹ ਗੱਲ ਕਰਦੇ ਨੇ ਕਿ ਕਾਹਦੀ ਖੁਸ਼ੀ ਇਹਨੂੰ ਹੋ ਗਈ, ਝੂੰਮਣ ਲੱਗ ਗਿਆ ਇਹ। ਉਹ ਅੰਦਰ ਕੀਰਤਨ ਸੁਣਦਾ ਹੈ, ਚਾਹੇ ਕਿਸੇ ਬਾਣੀ ਦੀ ਤੁਕ ਦਾ ਹੋਵੇ, ਚਾਹੇ ਹੋਵੇ ਨਾਮ ਦਾ। ਨਾਮ ਦਾ ਕੀਰਤਨ ਹੋਰ ਸ੍ਰੇਸ਼ਟ ਹੋਇਆ ਕਰਦਾ ਹੈ, ਨਾਮ ਦੀ ਧੁਨ ਦਾ ਕੀਰਤਨ ਸੁਣਦਾ ਹੈ ਕਹਿੰਦੇ -

***ਧੁਨਿ ਮਹਿ ਧਿਆਨੁ ਧਿਆਨ***
***ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥ ਅੰਗ - 879***

ਗੱਲਾਂ ਇਹ ਜੇ ਤੁਹਾਡੇ ਯਾਦ ਰਹਿ ਜਾਣ ਤਾਂ ਬਹੁਤ ਵਧੀਆ ਨੇ, ਪਰ ਜਦ ਮੈਂ ਬਾਅਦ ਵਿੱਚ ਪੁੱਛਦਾ ਹੁੰਦਾ ਹਾਂ ਕਿਸੇ ਦੇ ਨਹੀਂ ਯਾਦ। ਏਧਰ ਉਧਰ ਦੇਖੀ ਜਾਣਗੇ ਜਿਵੇਂ ਕਿਤੇ ਦੀਵਾਨ 'ਚ ਬੈਠੇ ਹੀ ਨਹੀਂ ਹੁੰਦੇ। ਪੁੱਛਦਾ ਹਾਂ ਮੈਂ ਬਾਅਦ ਵਿੱਚ ਕਿ ਦੱਸ ਕੀ ਕਿਹਾ ਹੈ ਮੈਂ। ਉਹ ਇਸ ਕਰਕੇ ਪੁੱਛਦਾ ਹਾਂ ਕਿ ਥੋੜ੍ਹੇ ਜਿਹੇ attentive (ਸਚੇਤ) ਹੋਣ ਕਿ ਮੇਰੇ ਤੋਂ ਮਹਾਰਾਜ ਕਰਾ ਰਹੇ ਨੇ ਕੋਈ ਫਲ ਵੀ ਹੋ ਰਿਹਾ ਹੈ ਕਿ ਐਵੇਂ ਕੰਨੀਂ ਸੁਣ ਕੇ ਕੱਢੀ ਜਾ ਰਹੇ ਨੇ ਬਾਹਰ। ਉਹਦਾ ਫਲ ਬਹੁਤਾ ਮਿਲਦਾ ਹੈ ਹੱਦ ਤੋਂ ਜ਼ਿਆਦਾ, ਉਹਦੇ ਉਹ ਜਿਹੜੇ ਸਾਜ ਵੱਜਦੇ ਨੇ ਉਹ ਐਨੇ ਮਿੱਠੇ ਹੁੰਦੇ ਨੇ, ਵਾਹਿਗੁਰੂ ਉਨ੍ਹਾਂ ਸਾਜਾਂ ਦੀ ਧੁਨ ਸੁਣ ਕੇ ਮੋਹ ਹੋ ਜਾਂਦਾ ਹੈ -

***ਅਨਹਤ ਬਾਣੀ ਥਾਨੁ ਨਿਰਾਲਾ ॥***
***ਤਾ ਕੀ ਧੁਨਿ ਮੋਹੇ ਗੋਪਾਲਾ ॥ ਅੰਗ - 186***

ਗੋਪਾਲ ਵੀ ਮੋਹਿਆ ਜਾਂਦਾ ਹੈ ਉਹਦੇ ਨਾਲ। ਬੰਦਗੀ ਕਰੋ, ਬੈਠੋ,

ਦੇਣ ਵਾਲਿਆਂ ਨੂੰ ਮੈਂ ਕੁਟੀਆ ਬਣਾ ਕੇ ਦਿੱਤੀਆਂ ਨੇ, ਬੈਠੋ ਜੇ ਕਿਸੇ ਤੋਂ ਬੈਠ ਹੁੰਦਾ ਹੈ ਮਿਹਨਤ ਕਰੋ। ਸੁਣੋ ਅੰਦਰਲਾ ਕੀਰਤਨ, ਭਾਗਾਂ ਵਾਲਾ ਹੋਏਗਾ, ਸਾਰੇ ਚਰਨੀਂ ਪੈਣਗੇ ਉਹਦੇ ਆ ਕੇ। ਜਿਹਦੇ ਅੰਦਰਲਾ ਕੀਰਤਨ ਜਾਗ ਪਵੇ। ਬਾਹਰੋਂ ਤਾਂ ਪੜ੍ਹੇ ਲਿਖੇ ਗਿਆਨੀ ਸਾਰੇ ਹੀ ਹੁੰਦੇ ਨੇ, ਲੇਕਿਨ ਗੁਰੂ ਘਰ 'ਚ ਤਾਂ ਪ੍ਰਵਾਨ ਓਹੀ ਹੈ ਜਿਹੜਾ ਅੰਦਰਲੀ ਖੇਲ੍ਹ ਨੂੰ ਸਮਝ ਗਿਆ। ਓਹੀ ਵੱਡਾ ਹੁੰਦਾ ਹੈ, ਠੀਕ ਹੈ ਅਸੀਂ ਸੇਵਾ ਕਰਦੇ ਹਾਂ, ਕੀਰਤਨ ਕਰਦੇ ਹਾਂ, ਅਸੀਂ ਏਸ ਰਸਤੇ 'ਤੇ ਚੱਲਣ ਦਾ ਯਤਨ ਕਰਦੇ ਹਾਂ ਪਰ ਜੇ ਕਿਸੇ ਨੇ ਮਿਹਨਤ ਕਰ ਲਈ, ਰੋਟੀ ਪਾਣੀ, ਹਰ ਚੀਜ਼ ਮਿਲਦੀ ਹੈ, ਬੈਠੇ ਨੂੰ ਮਿਲੂ। ਮੈਂ ਤਾਂ ਕਹਿੰਦਾ ਹਾਂ ਘਿਉ ਵੀ ਦੇਵਾਂਗੇ, ਬਦਾਮ ਵੀ ਦੇਵਾਂਗੇ, ਕਰਕੇ ਦੇਖੋ ਕੋਈ ਜੇ ਕਰ ਸਕਦਾ ਹੈ ਸਮਾਂ ਵੀ ਦੇਵਾਂਗੇ ਉਹਨੂੰ। ਉਹ ਹੁੰਦਾ ਨਹੀਂ ਕਿਉਂਕਿ ਮਹਾਰਾਜ ਕਹਿੰਦੇ –

***ਆਖਣਿ ਅਉਖਾ ਸਾਚਾ ਨਾਉ ॥ ਅੰਗ – 9***

ਜਿੰਨਾਂ ਚਿਰ ਅੰਦਰ ਵਿਕਾਰ ਪਏ ਨੇ ਨਾਮ ਨਹੀਂ ਚਲਦਾ ਹੁੰਦਾ। ਨਾਮ 'ਚ ਬਿਰਤੀ ਨਹੀਂ ਲਗਦੀ, ਉਬਾਸੀਆਂ ਆਉਣਗੀਆਂ। ਨੀਂਦ ਆਏਗੀ, ਚਿੱਤ ਨਹੀਂ ਲੱਗੇਗਾ। ਜੀਅ ਕਰੇਗਾ ਕਿ ਹੁਣ ਛੇਤੀ ਦੇ ਕੇ ਚੱਲ ਕੇ ਸਾਥੀਆਂ ਨਾਲ ਗੱਲਾਂ ਕਰੀਏ, ਦੁਨੀਆਂ ਦੇਖੀਏ, ਹੁਣ ਜੇ ਨਾਮ ਅੰਦਰ ਪ੍ਰਗਟ ਹੋ ਜਾਵੇ ਚਿੱਤ ਇਹ ਨਹੀਂ ਕਰਦਾ, ਕਹਿੰਦਾ ਹੈ ਕਿ ਐਥੇ ਕੋਈ ਆਵੇ ਹੀ ਨਾ।

***ਬੁੱਲਿਆ ਓਥੇ ਵੱਸੀਏ ਜਿੱਥੇ ਸਾਰੇ ਹੀ ਅੰਨ੍ਹੇ।***
***ਨਾ ਕੋਈ ਸਾਨੂੰ ਜਾਣੇ ਤੇ ਨਾ ਕੋਈ ਮੰਨੇ।***

ਇਹ ਬੜੀਆਂ ਤੱਤ ਦੀਆਂ ਗੱਲਾਂ ਮਹਾਂਪੁਰਸ਼ਾਂ ਨੇ ਕਹੀਆਂ ਹੋਈਆਂ ਨੇ, ਪਰਖ-ਪਰਖ ਕੇ। ਸੋ ਕੀਰਤਨ ਭਗਤੀ ਹੁੰਦੀ ਹੈ।

ਚੌਥੀ ਭਗਤੀ ਨਮਸ਼ਕਾਰ ਦੀ ਹੁੰਦੀ ਹੈ –

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ – 256***

ਅਸੀਂ ਤਾਂ ਕਹਿ ਦਿੰਦੇ ਹਾਂ ਨਾ, ਯੂ.ਪੀ. 'ਚ ਮੈਂ ਦੇਖਿਆ, ਇੱਕ ਨਦੀ ਆਉਂਦੀ ਹੈ, ਓਥੋਂ ਉੱਚਾ ਥਾਉਂ, ਉਥੋਂ ਨਾਨਕ ਮਤੇ ਦਾ ਉਪਰਲਾ ਬੁਰਜ ਦਿੱਸਣ ਲਗ ਜਾਂਦਾ ਹੈ, ਗੁੰਬਦ ਦਿਸਦੀ ਹੈ। ਉਥੋਂ ਪ੍ਰੇਮ ਵਾਲੇ ਬੰਦੇ ਜਿਹੜੇ ਨੇ ਓਧਰਲੇ ਭਈਏ, ਉਹ ਕੱਪੜੇ ਫੜਾ ਦਿੰਦੇ ਨੇ ਆਪਣੇ ਨਾਲਦਿਆਂ ਨੂੰ, ਜੇ ਘਰਵਾਲੀ ਨਾਲ ਹੈ ਉਹਨੂੰ ਫੜਾ ਦੇਣਗੇ, ਫੇਰ ਉਹ ਲੰਮੇ ਪੈ ਕੇ ਲਕੀਰ ਕੱਢ ਦਿੱਤੀ, ਲੰਮੇ ਪੈ ਕੇ ਲਕੀਰ ਕੱਢ ਦਿੱਤੀ। ਪੂਰਾ ਰਸਤਾ ਡੰਡਉਤਾਂ ਕਰਦੇ ਜਾਂਦੇ ਨੇ, ਅਸੀਂ ਤਾਂ ਪੜ੍ਹਦੇ ਹੁੰਦੇ ਹਾਂ ਕਿ ਮੈਂ ਡੰਡਉਤਾਂ ਕਰਦਾ ਆਵਾਂ। ਪਰ ਸਾਨੂੰ ਤਾਂ ਪਤਾ ਨਹੀਂ ਇੱਕ ਵਾਰੀ ਵੀ ਨਹੀਂ ਕਰੀ ਸਾਰੀ ਜ਼ਿੰਦਗੀ 'ਚ। ਪੜ੍ਹਦੇ ਅਸੀਂ ਬਹੁਤ ਹਾਂ। ਇਹਨੂੰ ਡੰਡਉਤ ਭਗਤੀ ਕਹਿੰਦੇ ਨੇ। ਫੇਰ ਪਾਦ ਸੇਵਨ ਭਗਤੀ ਹੈ, ਸੇਵਾ ਕਰਨੀ। ਸਰੀਰ ਨੂੰ ਸਾਂਭਣਾ ਮਹਾਂਪੁਰਸ਼ਾਂ ਨੂੰ। ਮੁੱਠੀ ਚਾਪੀ ਵੀ ਕਰਨੀ, ਹੋਰ ਸਾਰੇ ਸਾਧਨ

ਦੇਖਣੇ ਕਿਉਂਕਿ ਬਿਰਤੀ ਉਨ੍ਹਾਂ ਦੀ ਇੱਕ ਥਾਂ 'ਤੇ ਲਗ ਜਾਂਦੀ ਹੈ ਉਹ ਸਰੀਰ ਦੀ ਸੰਭਾਲ ਛੱਡ ਦਿੰਦੇ ਨੇ। ਉਹ ਸਰੀਰ ਦੀ ਸੰਭਾਲ ਕਰਨੀ, ਪਾਦ ਸੇਵਨ; ਫੇਰ ਅਰਚਣ ਹੈ; ਫੇਰ ਪੂਜਾ ਹੈ, ਫੇਰ ਹੈਗਾ ਦਾਸਾ ਭਾਵ। ਦਾਸ ਭਾਵ 'ਚ ਆ ਕੇ ਕਹੇ ਕਿ ਮੈਂ ਦਾਸ ਹਾਂ, ਮੈਨੂੰ ਜੋ ਕੁਛ ਮਰਜ਼ੀ ਕਰ ਲਵੇ।

ਇੱਕ ਰਾਜਾ ਸੀ ਉਹਨੇ ਇੱਕ ਦਾਸ ਮੁੱਲ ਲੈ ਲਿਆ, ਜਿਹਨੂੰ ਗੁਲਾਮ ਕਹਿੰਦੇ ਨੇ, ਭਾਈ ਗੁਰਦਾਸ ਜੀ ਦਸਦੇ ਨੇ ਕਿ ਜੇ ਰਾਹ 'ਤੇ ਪੈਣਾ ਹੈ ਤਾਂ ਫੇਰ ਸੋਚ ਕੇ ਪੈ, ਇਹ ਜੀਉਂਦਿਆਂ ਦਾ ਰਾਹ ਨਹੀਂ ਹੈ, ਇਹ ਜਿਹੜੇ ਜੀਉਂਦੇ ਮੁਰਦੇ ਹੋ ਜਾਂਦੇ ਨੇ, ਇਹ ਉਨ੍ਹਾਂ ਦਾ ਰਸਤਾ ਹੈ, ਐਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਮੁਰਦਾ ਹੋਇਕੇ ਮੁਰੀਦ ਬਣ ਜਾਵਣਾ।***

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ,***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***

ਗੁਲਾਮ ਹੋ ਗਿਆ, ਬਾਦਸ਼ਾਹ ਨੇ, ਗੁਲਾਮ ਖਰੀਦਿਆ, ਕਹਿਣ ਲੱਗੇ, ਐ ਗੁਲਾਮ! ਤੂੰ ਮੈਨੂੰ ਬਹੁਤ ਅੱਛਾ ਲੱਗ ਰਿਹਾ ਹੈਂ। ਤੇਰਾ ਤੁਰਨਾ, ਫਿਰਨਾ, ਉੱਠਣਾ, ਬੈਠਣਾ, ਬੜੀ ਮਰਿਯਾਦਾ ਦਾ ਹੈ, ਤੂੰ ਕੋਈ ਖਾਸ ਬੰਦਾ ਮੈਨੂੰ ਲਗਦਾ ਹੈਂ। ਮੇਰੇ ਮਨ ਵਿੱਚ ਵੀ ਆਈ ਹੈ ਕਿ ਮੈਂ ਤੇਰੇ ਨਾਲ ਓਹੀ ਸਲੂਕ ਕਰਾਂ, ਜਿਸਦਾ ਤੂੰ ਪਾਤਰ ਸੀਗਾ। ਮੈਨੂੰ ਇਸ ਤਰ੍ਹਾਂ ਦਸ ਕਿ ਤੇਰਾ ਨਾਉਂ ਕੀ ਹੈ?

ਕੱਪੜੇ ਕਿਹੋ ਜਿਹੇ ਪਹਿਨਣਾ ਚਾਹੁੰਦਾ ਹੈਂ?

ਤੀਸਰਾ – ਤੂੰ ਖਾਣਾ ਕਿਵੇਂ ਦਾ ਖਾਣਾ ਚਾਹੁੰਦਾ ਹੈਂ?

ਚੌਥਾ – ਤੂੰ ਕਦ ਸੌਣਾ ਚਾਹੁੰਦਾ ਹੈਂ, ਕਦ ਉੱਠਣਾ ਚਾਹੁੰਦਾ ਹੈਂ?

ਕਹਿਣ ਲੱਗਿਆ, ਆਲੀ ਜਾਨ! ਮੈਂ ਗੁਲਾਮ ਹਾਂ, ਗੁਲਾਮ ਹੋ ਗਿਆ ਹਾਂ ਤਾਂ ਮੇਰੇ ਹੱਕ ਸਾਰੇ ਖਤਮ ਹੋ ਗਏ। ਮੁੱਲ ਵਿਕ ਗਿਆ, ਤੁਸੀਂ ਮੈਨੂੰ ਮੁੱਲ ਲਿਆਂਦਾ। ਪਸ਼ੂ ਵੀ ਤੁਸੀਂ ਮੁੱਲ ਲੈ ਕੇ ਆਉਂਦੇ ਹੋ। ਬੰਦੇ ਵੀ ਮੁੱਲ ਲੈ ਆਉਂਦੇ ਹੋ। ਪਸ਼ੂ ਦੀ ਆਪਣੀ ਮਰਜ਼ੀ ਤਾਂ ਕੋਈ ਨਹੀਂ ਨਾ ਹੈ, ਜੇ ਪਾਣੀ ਦੀ ਪਿਆਸ ਲੱਗੇ, ਵੱਧ ਤੋਂ ਵੱਧ ਕਿੱਲੇ ਦੇ ਦੁਆਲੇ ਗੇੜੇ ਕੱਢਣ ਲੱਗ ਜਾਏਗਾ, ਭੁੱਖ ਲੱਗੀ ਹੋਵੇ, ਕਿੱਲੇ ਦੁਆਲੇ ਗੇੜੇ ਕੱਢਣ ਲੱਗ ਜਾਏਗਾ। ਭੁੱਖ ਲੱਗੀ ਹੋਈ ਹੈ, ਗੇੜੇ ਕੱਢੇਗਾ। ਲਬੇਰੇ ਨੇ ਦੁੱਧ ਦੇਣਾ ਹੈ, ਬੋਲਣ ਲੱਗ ਜਾਏਗਾ, ਉਹਦੇ ਅਖਤਿਆਰ ਨਹੀਂ ਹੈ ਕੁਛ ਵੀ। ਇਹ ਜਿਹੜਾ ਗੁਲਾਮ ਹੈ ਇਹਦੇ ਵੀ ਅਖਤਿਆਰ ਨਹੀਂ। ਆਲੀ ਜਾਨ! ਜਿਹੜਾ ਨਾਉਂ ਤੁਸੀਂ ਰੱਖਣਾ ਹੈ, ਤੁਹਾਨੂੰ ਚੰਗਾ ਲਗਦਾ ਹੈ, ਉਹ ਰੱਖ ਲਓ, ਮੇਰਾ ਨਾਉਂ ਤਾਂ ਬਹੁਤ ਵੱਡਾ ਸੀ, ਬੜੀਆਂ ਉਪਾਧੀਆਂ ਲੱਗਦੀਆਂ ਸੀ ਤੇ ਹੁਣ ਤਾਂ ਮੈਂ ਗੁਲਾਮ ਹਾਂ ਮੇਰੀ ਕੋਈ ਵੀ ਪੁਜੀਸ਼ਨ ਨਹੀਂ ਦੁਨੀਆਂ 'ਚ ਰਹੀ, ਮੇਰਾ ਹੱਕ

ਕੋਈ ਨਹੀਂ ਹੈ, ਮੇਰੇ ਜੀਉਣ ਤੇ ਵੀ ਮੇਰਾ ਹੱਕ ਨਹੀਂ ਹੈ। ਤੁਸੀਂ ਕੋਈ ਨਾਉਂ ਰੱਖ ਲਓ ਜਿਹੜਾ ਤੁਹਾਡਾ ਜੀਅ ਕਰਦਾ ਹੈ। ਮੈਂ ਬੋਲ ਪਿਆ ਕਰਾਂਗਾ, ਮੈਨੂੰ ਦੱਸ ਦਿਓ। ਚਾਹੇ ਕੁੱਤਾ ਰੱਖ ਲਓ, ਚਾਹੇ ਬਿੱਲਾ ਰੱਖ ਲਓ, ਚਾਹੇ ਸੂਰ ਰੱਖ ਲਓ, ਚਾਹੇ ਸ਼ੇਰ ਰੱਖ ਲਓ, ਨਾਉਂ ਹੀ ਰੱਖਣਾ ਹੈ, ਮੈਨੂੰ ਪਤਾ ਲੱਗ ਜਾਏਗਾ ਕਿ ਏਸ ਸਰੀਰ ਦਾ ਨਾਉਂ ਹੈ। ਕੱਪੜੇ ਜਿਹੜੇ ਤੁਹਾਨੂੰ ਪਾਏ ਹੋਏ ਮੇਰੇ ਚੰਗੇ ਲੱਗਦੇ ਨੇ ਉਹ ਤੁਸੀਂ ਪੁਆ ਦਿਓ, ਚਾਹੇ ਪਾਟੇ ਹੋਏ ਦੇ ਦਿਓ ਮੈਨੂੰ ਉਹਦਾ ਕੋਈ ਫਰਕ ਨਹੀਂ। ਚਾਹੇ ਵਧੀਆ ਤੋਂ ਵਧੀਆ ਪੁਆ ਦਿਓ, ਉਹਦਾ ਵੀ ਮੈਨੂੰ ਕੋਈ ਫਰਕ ਨਹੀਂ। ਖਾਣ ਨੂੰ ਜਿਹੜਾ ਕੁਛ ਦੇ ਦਿਓਂਗੇ, ਮੈਂ ਉਹ ਖਾ ਲੈਣਾ ਹੈ। ਖਾਣਾ ਮੇਰਾ ਤੁਹਾਡੇ ਹਿਤ 'ਚ ਹੈ, ਚੰਗਾ ਖਾਊਂਗਾ ਮਜ਼ਬੂਤ ਰਹੂੰਗਾ, ਮਾੜਾ ਹੋਊਗਾ ਥੋੜ੍ਹੇ ਦਿਨਾਂ 'ਚ ਹੀ ਹਾਰ ਜਾਊਂਗਾ, ਸੌਣਾ ਮੇਰੇ ਹੱਥ 'ਚ ਨਹੀਂ ਹੈ। ਜਦੋਂ ਕਹਿ ਦਿਓਂਗੇ ਜਾਹ ਪੈ ਜਾ, ਹਾਕ ਮਾਰ ਲਓਂਗੇ ਉੱਠ ਖੜ੍ਹਾਂਗਾ। ਸੋ ਗੁਲਾਮ ਹੁੰਦਾ ਹੈ ਇਹਨੂੰ ਦਾਸਾ ਭਾਵ ਕਹਿੰਦੇ ਨੇ,

ਜਿਹੜਾ ਦਾਸਾ ਭਾਵ ਦੇ ਵਿੱਚ ਭਗਤੀ ਕਰਦਾ ਹੈ, ਇਹ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਉਹਦੇ ਬਾਰੇ ਜਦੋਂ ਮੁਕਤੀ ਹੁੰਦੀ ਹੈ ਉਹ ਵਾਹਿਗੁਰੂ ਜੀ ਦੇ ਸਮੀਪ ਵਸ ਪੈਂਦਾ ਹੈ, ਜਿਹੜਾ ਦਾਸਾ ਭਾਵ ਵਾਲਾ ਹੁੰਦਾ ਹੈ। ਜਿਹੜਾ ਪਿਆਰ ਵਾਲਾ ਹੁੰਦਾ ਹੈ ਤਾਂ ਉਸ ਲੋਕ ਦੇ ਵਿੱਚ ਜਾ ਕੇ ਵਸ ਜਾਂਦਾ ਹੈ ਜਿਵੇਂ ਗਵਰਨਰ ਨੂੰ ਰੱਬ ਸਮਝ ਲਓ ਤੇ ਚੰਡੀਗੜ੍ਹ ਦੇ ਕਿਸੇ ਸੈਕਟਰ 'ਚ ਜਾ ਕੇ ਕਿਤੇ ਵਸ ਜਾਵੇ, ਉਸ ਲੋਕ 'ਚ ਆ ਗਿਆ ਤੇ ਜਿਹੜਾ ਮਿੱਤਰ ਜਾਣ ਕੇ ਵਾਹਿਗੁਰੂ ਦੀ ਭਗਤੀ ਕਰਦਾ ਹੈ, ਸਖਾ ਭਾਵ ਦੀ ਭਗਤੀ ਹੈ, ਉਹ ਰੱਬ ਵਰਗਾ ਹੀ ਰੂਪ ਧਾਰ ਲੈਂਦਾ ਹੈ। ਉਹੋ ਜਿਹਾ ਹੀ ਰੂਪ ਹੋ ਜਾਂਦਾ ਹੈ ਉਹਦਾ। ਜਿਹੜਾ ਗਿਆਨ ਦੇ ਨਾਲ, ਪ੍ਰਮੇਸ਼ਰ ਦਾ ਗਿਆਨ ਹੋਣ ਤੋਂ ਬਾਅਦ ਮੁਕਤੀ ਹੁੰਦੀ ਹੈ, ਉਹ ਵਾਹਿਗੁਰੂ ਜੀ ਦੇ ਸਰੀਰ ਦੇ ਵਿੱਚ ਸਮਾਅ ਜਾਂਦਾ ਹੈ, ਵਾਹਿਗੁਰੂ ਦਾ ਰੂਪ ਬਣ ਜਾਂਦਾ ਹੈ, ਉਹਦਾ ਫਰਕ ਨਹੀਂ ਰਹਿੰਦਾ। ਜਿਹੜਾ ਇਹ ਭਗਤੀ ਕਰਦਾ ਹੈ। ਜਿਵੇਂ ਜਲ ਦੇ ਅੰਦਰ ਬੁਲਬੁਲੇ ਦਾ ਖੋਜ ਖੁਰਾ ਨਹੀਂ ਲੱਭਦਾ, ਐਸ ਤਰ੍ਹਾਂ ਦੇ ਨਾਲ ਉਹ ਪ੍ਰਮੇਸ਼ਰ ਦੇ ਵਿੱਚ ਲੀਨ ਹੋ ਜਾਇਆ ਕਰਦਾ ਹੈ -

***ਜਿਉ ਜਲ ਮਹਿ ਜਲੁ ਆਇ ਖਟਾਨਾ ॥***
***ਤਿਉ ਜੋਤੀ ਸੰਗਿ ਜੋਤਿ ਸਮਾਨਾ ॥***
***ਮਿਟਿ ਗਏ ਗਵਨ ਪਾਏ ਬਿਸ੍ਰਾਮ ॥***
***ਨਾਨਕ ਪ੍ਰਭ ਕੈ ਸਦ ਕੁਰਬਾਨ ॥*** ***ਅੰਗ - 278***

ਸਾਰਿਆਂ ਤੋਂ ਉੱਪਰ ਭਗਤੀ ਹੁੰਦੀ ਹੈ, ਪ੍ਰੇਮਾ ਭਗਤੀ।

***ਸਾਚੁ ਕਹੌਂ ਸੁਨ ਲੇਹੁੰ ਸਭੈ***
***ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***

ਹੁਣ ਮਾਂ ਉਪਦੇਸ਼ ਦੇ ਰਹੀ ਹੈ ਵਿਰਲੀਆਂ ਮਾਵਾਂ ਨੇ ਜਿਹੜੀਆਂ ਬੱਚਿਆਂ ਨੂੰ ਭਗਤੀ ਵਲ ਲਾਉਂਦੀਆਂ ਨੇ, ਨਹੀਂ ਤਾਂ ਡਰਦੀਆਂ ਨੇ। ਉਨ੍ਹਾਂ

ਦਾ ਡਰਨਾ ਵੀ ਠੀਕ ਹੈ, ਕਿਉਂਕਿ ਖੋਟ ਬਹੁਤ ਆ ਗਈ, ਸੰਤਾਂ ਦੇ ਵਿੱਚ ਵੀ, ਡੇਰਿਆਂ ਦੇ ਵਿੱਚ ਵੀ, ਹਰ ਥਾਂ ਦੇ ਉਤੇ, ਕਿਤੇ-ਕਿਤੇ ਸੱਚ ਰਹਿ ਗਿਆ। ਬਾਕੀ ਤਾਂ ਕੂੜ ਦਾ ਪਸਾਰਾ ਬਹੁਤ ਚੱਲ ਰਿਹਾ ਹੈ, ਤੁਹਾਡੇ ਬੱਚੇ ਲੈ ਲੈਣਗੇ। ਉਨ੍ਹਾਂ ਦਾ ਹਿਤ ਹੁੰਦਾ ਹੈ ਕਿ ਚੱਲ ਕੋਈ ਢੋਲਕੀ ਵਜਾਊ, ਕੋਈ ਚਿਮਟਾ ਵਜਾਊ। ਰੂਹਾਨੀ ਤਰੱਕੀ ਨਹੀਂ ਕਰਾਉਂਦੇ। ਉਹ ਉਥੇ ਹੀ ਰੱਖਦੇ ਨੇ ਆਪਣੇ ਗਰੁੱਪ ਵਿੱਚ। ਇਹ ਮੁਸ਼ਕਲ ਹੈ, ਮਾਵਾਂ ਵੀ ਕੀ ਕਰਨ। ਉਹ ਕਹਿੰਦੀਆਂ ਪੜ੍ਹ ਲਿਖ ਕੇ ਨੌਕਰ ਹੋਏਗਾ ਪਰ ਕੋਈ-ਕੋਈ ਮਾਂ ਹੈ ਜਿਹੜੀ ਬੱਚੇ ਨੂੰ ਪ੍ਰੇਰਨਾ ਦਿੰਦੀ ਹੈ ਕਿ ਬੇਟਾ! ਮਨੁੱਖਾ ਜਨਮ ਤੈਨੂੰ ਬੜੀ ਮੁਸ਼ਕਲ ਨਾਲ ਪ੍ਰਾਪਤ ਹੋਇਆ ਹੈ, ਤੂੰ ਏਸ ਦੇ ਵਿੱਚ ਵਾਹਿਗੁਰੂ ਦੀ ਪ੍ਰਾਪਤੀ ਕਰ। ਉਹਨੂੰ ਮਹਾਰਾਜ ਕਹਿੰਦੇ, ਉਹ ਧੰਨ ਨੇ ਮਾਵਾਂ ਜਿਨ੍ਹਾਂ ਦੇ ਪੁੱਤਰ ਨਾਮ ਜਪਦੇ ਨੇ। ਦੂਜੇ ਪਾਸੇ ਕਹਿੰਦੇ ਨੇ ਕਿ -

***ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥***<br>***ਬਿਧਵਾ ਕਸ ਨ ਭਈ ਮਹਤਾਰੀ ॥*** ***ਅੰਗ - 328***

ਜਿਹੜੀ ਕੁਲ ਦੇ ਅੰਦਰ ਪੁੱਤਰ ਨਾਮ ਨਹੀਂ ਜਪਦਾ, ਬੱਚਾ ਨਾਮ ਨਹੀਂ ਜਪਦਾ ਕਹਿੰਦੇ ਉਹਦੇ ਨਾਲੋਂ ਤਾਂ ਚੰਗਾ ਸੀ ਉਹ ਵਿਧਵਾ ਹੋ ਜਾਂਦੀ -

***ਜਨਨੀ ਜਨੇ ਤਾਂ ਭਗਤ ਜਨ ਕੈ ਦਾਤਾ ਕੈ ਸੂਰੁ॥***<br>***ਨਹੀ ਤਾਂ ਜਨਨੀ ਬਾਂਝ ਰਹਿ ਕਾਹੇ ਗਵਾਵੈ ਨੂਰ॥***

ਤੁਲਸੀ ਦਾਸ ਕਹਿੰਦੇ ਇਹ ਗੱਲ। ਸੋ ਧਰੂੰ ਦੇ ਮਨ 'ਚ ਬੈਠ ਗਿਆ, ਛੋਟਾ ਸੀ ਕਿ ਹੈਂ ਵਾਹਿਗੁਰੂ ਦਾ ਨਾਮ ਜਪਣਾ ਹੈ। ਉਹ ਕਹਿਣ ਲੱਗੀ, ਬੇਟਾ! ਰਿਸ਼ੀ-ਮੁਨੀ ਸਾਰੇ ਜੰਗਲਾਂ 'ਚ ਬੈਠੇ ਨੇ, ਕੰਦ-ਮੂਲ ਚੁਣ ਕੇ ਆਪਣਾ ਗੁਜ਼ਾਰਾ ਕਰਦੇ ਨੇ। ਉਥੇ ਭਗਤੀ ਕਰਦੇ ਨੇ ਸਾਰੇ। ਵੈਰਾਗ ਹੋਣਾ ਚਾਹੀਦਾ ਹੈ, ਇੱਕ ਪਾਸੇ ਪ੍ਰਮੇਸ਼ਰ ਦਾ ਪਿਆਰ ਹੋਣਾ ਚਾਹੀਦਾ ਹੈ, ਫੇਰ ਭਗਤੀ ਹੁੰਦੀ ਹੈ। ਨੌਂ ਤਰ੍ਹਾਂ ਦਾ ਬੈਰਾਗ ਹੁੰਦਾ ਹੈ, ਇਹਨੂੰ ਸਭ ਤੋਂ ਸ੍ਰੇਸ਼ਟ ਬੈਰਾਗ ਹੋ ਗਿਆ। ਉਹ ਤੀਬਰ-ਤਮ-ਤਰ ਬੈਰਾਗ ਕਹਿੰਦੇ ਨੇ। ਰਾਤ ਨੂੰ ਸੁੱਤਾ ਨਹੀਂ ਹੈ, ਮਾਤਾ ਤੋਂ ਇਜਾਜ਼ਤ ਮੰਗੀ, ਮਾਤਾ ਨੇ ਦਿੱਤੀ ਨਾ ਕਿ ਬੇਟਾ! ਤੂੰ ਛੋਟਾ ਹੈਂ ਤੇ ਕੋਈ ਗੱਲ ਹੋ ਜਾਏਗੀ। ਤੈਨੂੰ ਭਗਤੀ ਦਾ ਪਤਾ ਨਹੀਂ ਲੱਗਣਾ। ਤੈਨੂੰ ਇਸ਼ਨਾਨ ਮੈਂ ਕਰਾਉਂਦੀ ਹਾਂ, ਉਥੇ ਤੂੰ ਇਸ਼ਨਾਨ ਕਿਵੇਂ ਕਰੇਂਗਾ? ਏਥੇ ਤੇਰੇ ਖਾਣ ਵਾਸਤੇ ਮੈਂ ਦਿੰਦੀ ਹਾਂ ਉਥੇ ਜੰਗਲਾਂ 'ਚ ਕੀ ਖਾਏਂਗਾ? ਉਥੇ ਤਾਂ ਸਭ ਆਪਣੇ-ਆਪਣੇ ਹਾਲ ਵਿੱਚ ਮਸਤ ਨੇ। ਤੇਰਾ ਕਿਸੇ ਨੇ ਧਿਆਨ ਨਹੀਂ ਰੱਖਣਾ ਬੇਟਾ! ਤੂੰ ਅਜੇ ਨਾ ਜਾਹ, ਜਵਾਨ ਹੋ ਜਾ ਫੇਰ ਚਲੇ ਜਾਈਂ। ਕਹਿੰਦਾ, ਮਾਤਾ! ਕੀ ਭਰੋਸਾ ਹੈ ਕਾਲ ਦਾ, ਕਿਹੜੇ ਵੇਲੇ ਆ ਜਾਏ। ਚਲੋ ਮੈਂ ਤਾਂ ਛੋਟਾ ਜਿਹਾ ਹੀ ਹਾਂ, ਮੇਰੀ ਤਾਂ ਉਵੇਂ ਹੀ ਬੁਰਕੀ ਬਣ ਜਾਏਗੀ। ਵੱਡਾ ਤਾਂ ਅਜੇ ਚੱਲ ਜਾਏਗਾ ਕੁਛ ਦੇਰ। ਛੋਟੇ ਨੇ ਕੀ ਚੱਲਣਾ ਹੈ -

***ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥***<br>***ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥***

ਸੋ ਭਾਈ ਗੁਰਦਾਸ ਜੀ ਲਿਖਦੇ ਨੇ ਕਿ ਜਦੋਂ ਮਾਤਾ ਸੌਂ ਗਈ ਤਾਂ ਉਹ ਉਸ ਵੇਲੇ ਉੱਠਿਆ, ਉੱਠ ਕੇ ਪ੍ਰਕਰਮਾ ਪੰਜ ਕਰੀਆਂ, ਮਾਤਾ ਦੇ ਚਰਨਾਂ 'ਤੇ ਮੱਥਾ ਟੇਕ ਕੇ, ਸਿੱਧਾ ਹੀ ਘਣੇ ਜੰਗਲ ਵਲ ਨੂੰ ਚੱਲ ਪਿਆ। ਐਸ ਤਰ੍ਹਾਂ ਪੜ੍ਹ ਲਓ-

***ਧਾਰਨਾ - ਮਨ ਹੋਇਕੈ ਬੈਰਾਗੀ ਉਠ ਚੱਲਿਆ।***

***ਪਰਮੇਸਰੁ ਆਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ।***
***ਬਾਹਰਿ ਚਲਿਆਂ ਕਰਣਿ ਤਪੁ ਮਨ ਬੈਰਾਗੀ ਹੋਇ ਅਤੀਤਾ।***
***ਭਾਈ ਗੁਰਦਾਸ ਜੀ, ਵਾਰ 10/1***

ਪੂਰਾ ਬੈਰਾਗ। ਬੜੇ ਬੈਰਾਗ ਦੇ ਬਾਰੇ ਮੈਂ ਬਚਨ ਕਰਦਾ ਰਹਿੰਦਾ ਹਾਂ। ਸੋ ਇਹ ਪੂਰਨ ਬੈਰਾਗ ਹੈ ਇਹਨੂੰ ਸ਼ੇਰ ਬੈਰਾਗ ਕਹਿੰਦੇ ਨੇ। ਤੁਰਿਆ ਜਾ ਰਿਹਾ ਹੈ, ਦਿਨ ਚੜ੍ਹ ਗਿਆ। ਡਰਦਾ ਨਹੀਂ, ਸ਼ੇਰਾਂ ਦੀਆਂ ਆਵਾਜ਼ਾਂ ਆ ਰਹੀਆਂ ਨੇ, ਚਿਤਿਆਂ ਦੀ ਆ ਰਹੀਆਂ ਨੇ, ਹੋਰ ਜੰਗਲੀ ਜਾਨਵਰ ਬੋਲ ਰਹੇ ਨੇ, ਬਘਿਆੜ ਬੋਲ ਰਹੇ ਨੇ, ਬਿਲਕੁਲ ਨਹੀਂ ਡਰਦਾ। ਡਰ ਹੀ ਨਹੀਂ ਰਿਹਾ, ਮਾਂ ਨੇ ਦੱਸ ਦਿੱਤਾ ਕਿ ਜੇ ਪ੍ਰਮੇਸ਼ਰ ਦਾ ਭਜਨ ਕਰੀਏ, ਉਹਦੇ ਰਸਤੇ ਤੁਰੀਏ ਉਹ ਰਾਖੀ ਆਪ ਕਰਦਾ ਹੈ। ਚਲਦਾ-ਚਲਦਾ, ਇੱਕ ਨਦੀ ਆ ਗਈ, ਹੁਣ ਲੰਘਣ ਵਾਸਤੇ ਕਰਦਾ ਹੈ ਕੋਸ਼ਿਸ਼, ਨਦੀ ਵਿੱਚ ਪਾਣੀ ਜ਼ਿਆਦਾ ਹੈ। ਉਧਰੋਂ ਨਾਰਦ ਜੀ ਨੂੰ ਇਹ ਵਰ ਪ੍ਰਾਪਤ ਹੈ, ਸ਼ਕਤੀ ਪ੍ਰਾਪਤ ਹੈ ਕਿ ਜਿੱਥੇ ਵੀ ਜੀਅ ਕਰੇ ਚਲੇ ਜਾਵੇ। ਜਿੱਥੋਂ ਜੀਅ ਕਰੇ ਉਥੋਂ ਅਲੋਪ ਹੋ ਜਾਂਦੇ ਸੀ। ਉਹ ਇੱਕ ਦਮ ਪ੍ਰਗਟ ਹੋ ਗਏ, ਕਹਿੰਦੇ ਬੇਟਾ! ਤੂੰ ਕਿੱਥੇ ਜਾ ਰਿਹਾ ਹੈਂ ਕਾਕਾ!; ਕਹਿੰਦੇ ਬਾਬਾ! ਮੈਂ ਭਗਤੀ ਕਰਨੀ ਹੈ।

ਕਿਉਂ ਕਰਨੀ ਹੈ?

ਨਿਆਣਾ ਸੀ ਦੱਸ ਦਿੱਤਾ ਕਿ ਐਸ ਤਰ੍ਹਾਂ ਮੇਰੀ ਸੁਤੇਲੀ ਮਾਂ ਨੇ ਥੱਪੜ ਮਾਰੇ। ਮੈਂ ਮਾਂ ਨੂੰ ਪੁੱਛਿਆ ਕਿ ਰਾਜ ਆਪਾਂ ਨੂੰ ਕਿਉਂ ਨਹੀਂ ਮਿਲਿਆ। ਉਹ ਕਹਿੰਦੀ ਕਿ ਆਪਾਂ ਪ੍ਰਮੇਸ਼ਰ ਦਾ ਨਾਮ ਨਹੀਂ ਜਪਿਆ -

***ਸਾਵਾਣੀ ਹਾਂ ਜਨਮ ਦੀ ਨਾਮੁ ਨ ਭਗਤੀ ਕਰਮਿ ਦ੍ਰਿੜੀਤਾ।***
***ਭਾਈ ਗੁਰਦਾਸ ਜੀ, ਵਾਰ 10/1***

ਉਹ ਕਹਿੰਦਾ, "ਬੇਟਾ! ਫੇਰ ਭਗਤੀ ਕਿਵੇਂ ਕਰੇਂਗਾ?"

ਕਹਿੰਦਾ, "ਮੇਰੀ ਮਾਂ ਨੇ ਮੈਨੂੰ ਨੌਂ ਕਿਸਮ ਦੀ ਭਗਤੀ ਦੱਸੀ ਹੈ।"

ਕਹਿੰਦੇ, "ਆਪੇ ਤਾਂ ਇਹ ਹੁੰਦੀ ਨਹੀਂ ਹੁੰਦੀ।"

ਜਿੰਨਾਂ ਚਿਰ ਗੁਰੂ ਮੰਤਰ ਨਾ ਦੇਵੇ, ਓਨੀਂ ਦੇਰ ਤੱਕ ਭਗਤੀ ਰੰਡੀ ਰਹਿੰਦੀ ਹੈ, ਜ਼ੀਰੋ ਰਹਿੰਦੀ ਹੈ। ਜੇ ਤਿੰਨ ਜ਼ੀਰੋ ਨੇ ਇੱਕ ਏਕਾ ਲੱਗ ਜਾਵੇ ਤਾਂ ਹਜ਼ਾਰ ਬਣ ਜਾਂਦਾ ਹੈ। ਚਾਰ ਜ਼ੀਰੋ ਨੇ ਤਾਂ ਇੱਕ ਏਕਾ ਲੱਗ ਜਾਵੇ,

ਦੱਸ ਹਜ਼ਾਰ ਬਣ ਜਾਂਦਾ ਹੈ। ਨਹੀਂ ਤਾਂ ਜ਼ੀਰੋ ਦਾ ਕੋਈ ਮਤਲਬ ਨਹੀਂ ਹੋਇਆ ਕਰਦਾ। ਇਹ ਤਾਂ ਨਾਮ ਲੈਣਾ ਪੈਂਦਾ ਹੈ, ਪੁੱਛਣਾ ਪੈਂਦਾ ਹੈ। ਸਮਰੱਥ ਦੱਸਦਾ ਹੈ ਕਿ ਤੈਨੂੰ ਐਸ ਤਰ੍ਹਾਂ ਪ੍ਰਮੇਸ਼ਰ ਮਿਲੇਗਾ। ਇਹਦੇ ਬਗੈਰ ਤਾਂ ਮਿਲਦਾ ਨਹੀਂ ਹੁੰਦਾ, ਚੱਲ ਨਹੀਂ ਸਕਦਾ ਆਦਮੀ। ਕਿਉਂਕਿ ਗੁਪਤ ਰਸਤਾ ਹੈ। ਆਪਣੇ ਆਪ ਪਤਾ ਨਹੀਂ ਲਗਦਾ। ਖੋਜ ਅੰਦਰਲੀ ਕਿਵੇਂ ਕਰ ਲਏਗਾ ਜਦੋਂ ਰਾਹ ਦਾ ਹੀ ਨਹੀਂ ਪਤਾ। ਮਹਾਤਮਾ ਨੂੰ ਪਤਾ ਹੁੰਦਾ ਹੈ, ਐਸ ਤਰ੍ਹਾਂ ਰਸਤਾ ਲਾਈਏ, ਐਸ ਤਰ੍ਹਾਂ ਇਹਨੂੰ ਉਂਗਲੀ ਲਾਈਏ, ਤਾਂ ਇਹ ਅਗਾਹਾਂ ਚੜ੍ਹੇਗਾ। ਉਸ ਵੇਲੇ ਬੜਾ ਹੀ ਦੀਨ ਹੋ ਕੇ ਕਹਿਣ ਲੱਗਿਆ, ਬਾਬਾ! ਫੇਰ ਤੂੰ ਮੈਨੂੰ ਰਾਹ ਦੱਸ ਦੇ, ਮੈਂ ਤਾਂ ਭਗਤੀ ਕਰਨੀ ਹੈ। ਕਹਿੰਦਾ, ਤੁਹਾਨੂੰ ਰਾਜ ਦਿਵਾ ਦਿੰਦੇ ਹਾਂ। ਇਹ ਚੱਕਰ 'ਚ ਨਾ ਪੈ, ਨਿਆਣਾ ਹੈਂ ਤੂੰ। ਤੇਰੇ ਤੋਂ ਹੋਣੀ ਨਹੀਂ ਹੈ, ਇੱਥੇ ਸ਼ੇਰ ਬੋਲਦੇ ਨੇ। ਦਹਾੜਦੇ ਨੇ ਰਾਤਾਂ ਨੂੰ, ਤੁਰੇ ਫਿਰਦੇ ਨੇ। ਤੇਰੇ ਕੋਲ ਦੀ ਲੰਘਣਗੇ, ਕੀ ਪਤਾ ਕੋਈ ਸ਼ੇਰ ਇੱਕ ਬੁਰਕੀ ਹੀ ਤੇਰੀ ਬਣਾ ਲਵੇ।

ਕਹਿਣ ਲੱਗਿਆ, ''ਬਾਬਾ! ਮੇਰੀ ਮਾਂ ਨੇ ਕਿਹਾ ਹੈ ਕਿ ਜੇ ਰੱਬ ਦੇ ਲੜ ਲੱਗ ਜਾਈਏ, ਕੋਈ ਚੀਜ਼ ਨਹੀਂ, ਸਾਰੀਆਂ ਚੀਜ਼ਾਂ ਜਿਹੜੀਆਂ ਨੇ ਸੇਵਾ ਕਰਦੀਆਂ ਨੇ, ਖਾਂਦੀ ਨਹੀਂ ਕੋਈ, ਨਾ ਕੋਈ ਸੱਪ ਕੁਛ ਕਹੇ, ਨਾ ਸ਼ੇਰ ਕੁਛ ਕਹੇ, ਉਹ ਵੀ ਪ੍ਰਮੇਸ਼ਰ ਦੇ ਹੁਕਮ 'ਚ ਨੇ। ਮੇਰੀ ਮਾਂ ਨੇ ਮੈਨੂੰ ਸਭ ਕੁਛ ਦੱਸ ਦਿਤਾ।

ਦੇਖਿਆ ਕਿ ਇਹ ਦ੍ਰਿੜ੍ਹ ਹੈ, ਇਹ ਨਹੀਂ ਕਿਸੇ ਤਰੀਕੇ ਨਾਲ ਮੰਨਣਾ। ਨਾ ਇਹ ਰਾਜ ਮੰਗਦਾ ਹੈ। ਕਹਿੰਦੇ, ਤੈਨੂੰ ਰਾਜ ਦਿਵਾ ਦਿੰਦੇ ਹਾਂ। ਕਹਿੰਦਾ, ਮੈਨੂੰ ਲੋੜ ਨਹੀਂ ਮੈਂ ਤਾਂ ਭਗਤੀ ਕਰਨੀ ਹੈ, ਰਾਜ ਮਿਲੇ ਨਾ ਮਿਲੇ। ਮੈਂ ਰੱਬ ਨੂੰ ਮਿਲਣਾ ਹੈ।

ਉਸ ਵੇਲੇ ਨਾਰਦ ਨੇ ਕਿਹਾ, ਸਾਵਧਾਨ ਹੋ, ਇਸ਼ਨਾਨ ਕਰਕੇ ਆ। ਨਦੀ 'ਚ ਇਸ਼ਨਾਨ ਕਰਾਇਆ, ਸਾਮ੍ਹਣੇ ਆ ਕੇ ਬੱਚਾ ਬਹਿ ਗਿਆ। ਕਹਿੰਦਾ, ਦੇਖ! ਤੈਨੂੰ ਮੈਂ ਪ੍ਰਾਣਾਯਾਮ ਦਾ ਤਰੀਕਾ ਦੱਸਾਂਗਾ, ਜਿਹਦੇ ਨਾਲ ਤੂੰ ਸਾਹ ਦਸਵੇਂ ਦੁਆਰ 'ਚ ਲੈ ਜਾਵੇਂ। ਦੂਸਰਾ ਤੈਨੂੰ ਮੈਂ ਮੰਤਰ ਦੱਸਾਂਗਾ ਜਿਸ ਮੰਤਰ ਦੇ ਬਲ ਨਾਲ ਪ੍ਰਮੇਸ਼ਰ ਨੇ ਪ੍ਰਗਟ ਹੋਣਾ ਹੈ। ਉਸ ਵੇਲੇ ਉਹਨੇ ਸਾਮ੍ਹਣੇ ਬਿਠਾ ਕੇ ਕਹਿਣ ਲੱਗਿਆ, ਰੀੜ੍ਹ ਦੀ ਹੱਡੀ ਬਿਲਕੁਲ ਸਿੱਧੀ ਰੱਖਣੀ ਹੈ। ਸਰੀਰ ਢਿੱਲਾ ਰੱਖਣਾ ਹੈ ਬਿਲਕੁਲ, ਉਹਦੇ 'ਚ ਵਲ ਨਹੀਂ ਪੈਣ ਦੇਣਾ। ਕਿਉਂਕਿ ਉਥੋਂ ਦੀ ਰਸਤਾ ਜਾਂਦਾ ਹੈ, ਜੇ ਵਲ ਪਏਗਾ ਰਸਤਾ ਬਹੁਤ ਭੀੜਾ ਹੈ; ਵਲ ਪੈ ਜਾਏ ਪਾਣੀ ਨਹੀਂ ਜਾਂਦਾ ਨਾਲੀਆਂ 'ਚ ਵਲ ਪਾ ਕੇ ਦੇਖ ਲਓ, ਕਦੇ ਨਹੀਂ ਪਾਣੀ ਜਾਂਦਾ, ਉਥੇ ਹੀ ਰੁਕ ਜਾਏਗਾ। ਵਲ ਨਹੀਂ ਪੈਣਾ ਚਾਹੀਦਾ ਉਹਦੇ 'ਚੋਂ ਹੀ current flow (ਸ਼ਕਤੀ ਪ੍ਰਵਾਹਿਤ) ਹੋਣੀ ਹੈ ਅੱਜ ਦੀ ਬੋਲੀ 'ਚ। ਉਹ flow (ਵਹਾਅ) ਰੁਕ ਜਾਂਦਾ ਹੈ, ਚਲਦਾ ਨਹੀਂ ਫੇਰ। ਕਹਿੰਦੇ, ਸਿੱਧਾ ਰਹਿਣਾ ਹੈ। ਦੋਵੇਂ ਹੱਥ ਗੋਡਿਆਂ 'ਤੇ ਰੱਖ ਲੈਣੇ ਨੇ ਸਹਿਜ ਨਾਲ, ਹਥੇਲੀਆਂ ਉੱਪਰ ਨੂੰ ਰੱਖਣੀਆਂ ਨੇ ਤੇ ਹੱਥਾਂ

ਦੀ ਪਿੱਠ ਗੋਡਿਆਂ 'ਤੇ ਰੱਖ ਲੈਣੀ ਹੈ। ਫੇਰ ਤੈਨੂੰ ਮੈਂ ਮੰਤਰ ਦਸਦਾ ਹਾਂ ਉਹਦਾ ਜਾਪ ਕਰਨਾ ਹੈ। ਉਸ ਵੇਲੇ ਉਹਨੇ ਕਿਹਾ ਕਿ ਬੋਲ, ਉਸ ਵੇਲੇ ਉਨ੍ਹਾਂ ਨੇ ਦੱਸਿਆ ਕਿ –

***ਓਨਮ ਵਾਸਦੇਵ ਭਗਵਤ ਕੋ।***
***ਓਨਮ ਵਾਸਦੇਵ ਭਗਵਤ ਕੋ।***
***ਓਨਮ ਵਾਸਦੇਵ ਭਗਵਤ ਕੋ।***

ਕਹਿੰਦੇ, ਇਹ ਤਾਂ ਮੰਤਰ ਜਾਪ ਕਰਨਾ ਹੈ, ਪਹਿਲਾਂ ਤੂੰ ਬੋਲ ਕੇ ਕਰੀਂ। ਫੇਰ ਬੋਲਣ ਤੋਂ ਬਿਨਾਂ ਤੈਨੂੰ ਇਹਦੀ ਆਵਾਜ਼ ਸੁਣਨ ਲੱਗ ਜਾਏਗੀ। ਫੇਰ ਨਾ ਬੋਲੀਂ। ਫੇਰ ਮੇਰੇ ਅੰਦਰ ਹੋਈ ਜਾਏਗਾ। ਤੂੰ ਇਹ ਧੁਨ ਨਾ ਖਤਮ ਹੋਣ ਦੇਈਂ ਕਦੇ ਵੀ ਤੇ ਫੇਰ ਕੀਹਨੂੰ ਮਿਲਣਾ ਹੈ, ਉਹਦਾ ਮੈਂ ਤੈਨੂੰ ਧਿਆਨ ਦੱਸ ਦਿੰਦਾ ਹਾਂ। ਕਹਿੰਦੇ ਚਾਰ ਬਾਹਾਂ ਨੇ ਉਹਦੇ ਤੇ ਹੱਥ ਵਿੱਚ ਉਹਦੇ ਸੰਖ ਹੈ, ਫੁੱਲ ਹੈ, ਸਾਰਾ ਦੱਸ ਦਿੱਤਾ ਕਿ ਚਾਰ ਬਾਂਹਾਂ ਐਨਾ ਸੁੰਦਰ ਹੈ, ਐਨਾ ਮੁਕਟ ਹੈ, ਗਲ ਵਿੱਚ ਜਿਹੜੀ ਮਾਲਾ ਹੈ, ਉਹ ਚਿੱਟੇ ਤੇ ਪੀਲੇ ਫੁੱਲਾਂ ਦੀ ਮਾਲਾ ਪਾਈ ਹੋਈ ਹੈ ਤੇ ਇੱਕ ਹੱਥ ਵਿੱਚ ਚੱਕਰ ਹੈ, ਇੱਕ ਵਿੱਚ ਗਦਾ ਹੈ, ਉਹਦੇ ਉਤੇ ਮੋਰ ਮੁਕਟ, ਇਹਦਾ ਧਿਆਨ ਰੱਖ। ਤੇਰੇ ਧਿਆਨ 'ਚ ਆਇਆ ਕੁਛ। ਕਹਿੰਦਾ ਹਾਂ, ਜਿਵੇਂ ਤੁਸੀਂ ਦੱਸਿਆ ਹੈ ਮੇਰੇ ਧਿਆਨ 'ਚ ਬੈਠ ਗਿਆ।

ਸੋ ਇਸ ਤਰ੍ਹਾਂ ਦੇ ਨਾਲ ਧਿਆਨ ਦੱਸ ਦਿੱਤਾ। ਤੇ ਨਾਰਦ ਨੇ ਕਿਹਾ ਕਿ ਜਿੱਥੇ ਜੀਅ ਕਰਦਾ ਹੈ ਤੇਰਾ ਜਾਹ, ਉਥੇ ਸਾਧੂ ਰਹਿੰਦੇ ਨੇ, ਉਨ੍ਹਾਂ ਦੇ ਨੇੜੇ ਹੀ ਚਲਿਆ ਜਾਹ। ਉਥੇ ਕੋਈ ਸੁਥਰਾ ਥਾਂ ਭਾਲ ਲਈਂ। ਅੱਗ ਹਰ ਵਕਤ ਉਥੇ ਜਲਦੀ ਹੈ ਸ਼ੇਰ ਵਗੈਰਾ ਆਉਂਦੇ ਨਹੀਂ ਹਨ, ਜੇ ਆ ਵੀ ਜਾਏ ਤਾਂ ਤੈਨੂੰ ਕੁਛ ਨਹੀਂ ਕਹਿੰਦਾ। ਤੇਰੇ ਆਲੇ-ਦੁਆਲੇ ਭਗਵਾਨ ਦੇ ਚੱਕਰ ਦੀ ਰਾਖੀ ਹੋ ਜਾਣੀ ਹੈ। ਤੈਨੂੰ ਕੁਛ ਨਹੀਂ ਕੋਈ ਕਹੇਗਾ, ਨੇਹੁੰ ਕੰਟਕ ਹੋ ਕੇ ਤੂੰ ਭਗਤੀ ਕਰ। ਉਸ ਵੇਲੇ ਧਰੂੰ ਚਲਿਆ ਜਾਂਦਾ ਹੈ ਤੇ ਜਾ ਕੇ ਉਨ੍ਹਾਂ ਸੰਤਾਂ ਨੂੰ ਦੇਖਦਾ ਹੈ ਕਿ ਕਿਵੇਂ ਭਗਤੀ ਕਰਦੇ ਨੇ। ਜਿਵੇਂ ਉਹਨੂੰ ਦੱਸਿਆ ਉਸ ਤਰ੍ਹਾਂ ਕਰਦਾ ਹੈ, ਕਰਦੇ-ਕਰਦੇ ਬੱਚਾ ਸੀਗਾ, ਸਵਾਸ ਇੱਕ ਦਮ ਦਸਵੇਂ ਦੁਆਰ 'ਚ ਪ੍ਰਵੇਸ਼ ਕਰਨ ਲੱਗ ਗਏ। ਸਾਰੇ ਚੱਕਰ ਖੁੱਲ੍ਹ ਗਏ, ਅੰਦਰਲਾ ਸਾਰਾ ਮਾਮਲਾ ਉਹਨੂੰ ਨਜ਼ਰ ਆ ਗਿਆ। ਫੇਰ ਸਮਾਧੀ ਲਾਈ ਉਹਨੇ। ਇੱਕ ਵਾਰੀ ਪੂਰੇ ਛੇ ਮਹੀਨੇ ਦੀ ਸਮਾਧੀ ਲਾ ਦਿੱਤੀ। ਪਹਿਲਾਂ ਹੌਲੀ-ਹੌਲੀ ਖਾਂਦਾ ਰਿਹਾ ਕੰਦ ਮੂਲ ਸੱਤ ਅੱਠ ਦਿਨ। ਫੇਰ ਘਟਾ ਦਿੱਤਾ। ਫੇਰ ਪੱਤੇ ਖਾਣ ਲੱਗ ਗਿਆ, ਫੇਰ ਤੀਜੇ ਦਿਨ ਖਾਣ ਲੱਗ ਗਿਆ, ਫੇਰ ਉਹਨੇ ਪਾਣੀ ਪੀਣਾ ਸ਼ੁਰੂ ਕਰ ਦਿੱਤਾ, ਫੇਰ ਪਾਣੀ ਵੀ ਬੰਦ ਕਰ ਦਿੱਤਾ, ਖਾਣਾ ਵੀ ਬੰਦ ਕਰ ਦਿੱਤਾ, ਸੁਰਤ ਖਿੱਚ ਲਈ ਤੇ ਪੈਰ ਦੀ ਪੇਤਲੀ ਹੈ ਅੱਧਾ ਪੈਰ ਉਹਦੇ ਉਤੇ ਖੜ੍ਹਾ ਹੋ ਗਿਆ, ਇੱਕ ਲੱਤ ਪੱਟ 'ਤੇ ਰੱਖ ਲਈ ਖੜ੍ਹੇ ਨੇ। ਉਸ ਵੇਲੇ ਜਿਹੜੇ ਉਪਰਲੇ ਲੋਕ ਨੇ ਦੇਵ ਲੋਕ ਉਹ ਹਿੱਲਣਾ ਸ਼ੁਰੂ ਹੋ ਗਏ। ਕਹਿਣ ਲੱਗੇ, ਕੌਣ ਹੈ ਭਗਤ। ਦੁਨੀਆਂ ਦੇ ਉੱਤੇ ਕਿਹੜਾ ਹੈ ਜਿਹਨੇ ਸਵਰਗ ਲੋਕਾਂ ਨੂੰ ਹਿਲਾ ਦਿੱਤਾ ਭਗਤੀ ਕਰਕੇ। ਛੇ ਮਹੀਨੇ ਤੋਂ

ਬਾਅਦ ਵਿਸ਼ਨੂੰ ਜੀ ਨੂੰ ਕਿਹਾ ਕਿ ਮਹਾਰਾਜ! ਸਵਰਗ ਲੋਕ ਡੋਲ ਰਹੇ ਨੇ, ਕੋਈ ਐਨਾ ਤਪ ਕਰ ਰਿਹਾ ਹੈ ਉਹਦਾ ਸੇਕ ਇੱਥੇ ਪਹੁੰਚ ਗਿਆ, ਠੰਢ ਨਹੀਂ ਰਹੀ, ਗਰਮੀ ਹੋ ਰਹੀ ਹੈ। ਕ੍ਰਿਪਾ ਕਰੋ ਆਪਣੇ ਭਗਤ ਨੂੰ ਸੰਵਾਰੋ। ਉਸ ਵੇਲੇ ਭਗਵਾਨ ਜਿਸ ਰੂਪ ਦਾ ਧਿਆਨ ਉਹ ਧਰਦਾ ਸੀ। ਵਾਹਿਗੁਰੂ ਤਾਂ ਕੋਈ ਰੂਪ ਵਿੱਚ, ਸਾਰੇ ਰੂਪ ਵਾਹਿਗੁਰੂ ਦੇ ਨੇ, ਗੁਰੂ ਨਾਨਕ ਸਾਹਿਬ ਦਾ ਰੂਪ ਵੀ ਵਾਹਿਗੁਰੂ ਦਾ ਹੈ, ਸਾਡੇ ਤਾਂ ਰੌਲਾ ਪਾਈ ਜਾਂਦੇ ਨੇ ਆਹ ਕਿਤਾਬਾਂ ਵਾਲੇ, ਇਹ ਜੀ ਬੁੱਤ ਪ੍ਰਸਤੀ ਹੈ, ਫਲਾਣਾ ਹੈ, ਇਨ੍ਹਾਂ ਦੀ ਗੱਲਾਂ ਸਮਝ ਲਓ, ਚਾਹੇ ਆਪਣਾ ਮਤਲਬ ਸਿੱਧ ਕਰ ਲਓ। ਕਿਉਂਕਿ ਕੱਚੀਆਂ ਕਿਤਾਬਾਂ ਬੇਅੰਤ ਆ ਗਈਆਂ। ਗੁਰੂ ਮਹਾਰਾਜ ਤਾਂ ਏਸ ਤਰ੍ਹਾਂ ਫੁਰਮਾਨ ਕਰਦੇ ਨੇ, ਪੜ੍ਹੋ ਪਿਆਰ ਨਾਲ –

***ਧਾਰਨਾ – ਧਰੀਏ ਮਨ ਵਿੱਚ ਧਿਆਨ ਗੁਰਾਂ ਦੀ ਮੂਰਤ ਦਾ।***

***ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥***
***ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥*** ***ਅੰਗ – 864***

ਜਿਹੋ ਜਿਹੇ ਸਰੂਪ ਦਾ ਧਿਆਨ ਕਹਿ ਦਿੱਤਾ, ਉਹ ਬਿਲਕੁਲ ਪੂਰਨ ਰੂਪ ਦੇ ਅੰਦਰ ਪ੍ਰਗਟ ਹੋ ਗਿਆ। ਬੇਅੰਤ ਮਿਸਾਲਾਂ ਨੇ, ਬਹੁਤ ਵਾਰੀ ਮੈਂ ਸੁਣਾਈਆਂ ਨੇ। ਕਿਵੇਂ ਗੁਰੂਆਂ ਦਾ ਧਿਆਨ ਧਰ ਲਿਆ, ਗੁਰੂ ਸਤਵੇਂ ਪਾਤਸ਼ਾਹ ਸਵੇਰ ਦੇ ਬੈਠੇ, ਚਾਰ ਵਜੇ ਦਿਨ ਦੇ ਉੱਠੇ। ਕਹਿੰਦੇ, ਭਾਈ! ਭਾਈ ਗੋਂਦੇ ਨੇ ਚਰਨ ਫੜੇ ਹੋਏ ਸੀ ਤਾਂ ਨਹੀਂ ਅਸੀਂ ਉੱਠੇ। ਸੋ ਇਸ ਤਰ੍ਹਾਂ ਉਸ ਬੱਚੇ ਨੇ ਜਦੋਂ ਪੂਰੇ ਨਿਸ਼ਚੇ ਦੇ ਨਾਲ ਭਗਵਾਨ ਨੂੰ ਅੰਦਰ ਵਸਾ ਲਿਆ, ਉਸ ਵੇਲੇ ਵਾਹਿਗੁਰੂ ਜੀ ਉਹ ਹੀ ਰੂਪ ਧਾਰ ਕੇ ਉਹਦੇ ਸਾਮ੍ਹਣੇ ਆ ਗਏ, ਕਿਸੇ ਰੂਪ ਦਾ ਧਿਆਨ ਦਰ ਲਓ ਸਾਧਸੰਗਤ ਜੀ! ਵਾਹਿਗੁਰੂ ਸਾਰੇ ਪਰੀਪੂਰਨ ਹੈ, ਉਸ ਤੋਂ ਬਗੈਰ ਕੋਈ ਹੈ ਨਹੀਂ। ਉਹੋ ਜਿਹਾ ਰੂਪ ਧਾਰ ਕੇ ਉਹ ਮਿਲ ਲੈਂਦਾ ਹੈ, ਉਹੋ ਜਿਹਾ ਹੀ ਰੂਪ ਧਾਰ ਕੇ ਕੰਮ ਸਵਾਰ ਦਿੰਦਾ ਹੈ, ਦੇਖ ਲੈਂਦੇ ਨੇ ਬਹੁਤੇ ਕਿ ਉਹ ਆਏ ਸੀਗੇ, ਚਲੇ ਗਏ। ਗੁਪਤ ਰੱਖਣ ਵਾਲੀਆਂ ਗੱਲਾਂ ਹੁੰਦੀਆਂ ਨੇ, ਪ੍ਰਗਟ ਕਰਨ 'ਤੇ ਫੇਰ ਬੰਦ ਹੋ ਜਾਇਆ ਕਰਦੀਆਂ ਨੇ। ਸੋ ਉਸ ਨੇ ਉਹ ਧਿਆਨ ਧਰ ਲਿਆ।

***'ਓਨਮ ਵਾਸਦੇਵ ਭਗਵਤ ਕੌ' ਧਰੂੰ ਕੋ ਮੰਤਰ ਦੇਹ ਦਿੜ੍ਹਾਇਆ।***

ਸਾਮ੍ਹਣੇ ਆ ਗਏ, ਆਵਾਜ਼ ਦਿੱਤੀ। ਧਰੂੰ, ਨੇਤਰ ਖੋਲ੍ਹ। ਖੋਲ੍ਹਦਾ ਨਹੀਂ ਹੈ ਕਿਉਂਕਿ ਉਸ ਤੋਂ ਪਹਿਲਾਂ ਉਹਦੇ ਬੜੇ ਟੈਸਟ ਹੋਏ ਸੀ। ਜਿਹੜੀਆਂ ਦੂਜੀਆਂ ਸ਼ਕਤੀਆਂ ਨੇ ਉਹ ਆ–ਆ ਕੇ ਭਗਵਾਨ ਦਾ ਰੂਪ ਧਾਰ ਕੇ ਆਵਾਜ਼ਾਂ ਮਾਰਦੀਆਂ ਸੀ, ਕਦੇ ਨਹੀਂ ਡਰਿਆ, ਨਾ ਨੇਤਰ ਖੋਲ੍ਹੇ। ਭਗਵਾਨ ਨੇ ਆਪਣਾ ਸਰੂਪ ਬਾਹਰ ਖਿੱਚ ਲਿਆ। ਉਹ ਖਿੱਚਣ ਦੀ ਦੇਰ ਹੈ, ਉਸ ਵੇਲੇ ਛਟਪਟਾਇਆ, ਇੱਕ ਦਮ ਰੋਇਆ, ਕਹਿਣ ਲੱਗਿਆ, "ਹੇ ਭਗਵਾਨ! ਤੂੰ ਕਿੱਥੇ ਚਲਿਆ ਗਿਆ?"

ਭਗਤ ਦੀ ਅਵਸਥਾ ਹੈ ਉਹਨੂੰ ਸਮਝਣ ਵਾਸਤੇ ਐਸ ਤਰ੍ਹਾਂ ਪੜ੍ਹ ਲਓ –

***ਧਾਰਨਾ - ਨਾ ਜੀਵੇ ਮੱਛੀ ਜਲ ਤੋਂ ਬਿਨਾਂ।***

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥***

***ਅੰਗ - 708***

ਇੱਕ ਦਮ ਚੀਕ ਮਾਰੀ ਉਸਨੇ ਕਿ ਹੇ ਪ੍ਰਭੂ! ਤੂੰ ਕਿੱਥੇ ਚਲਿਆ ਗਿਆ। ਧਰਤੀ 'ਤੇ ਗਿਰ ਗਿਆ, ਉਸ ਵੇਲੇ ਭਗਵਾਨ ਨੇ ਕਿਹਾ ਕਿ ਧਰੂੰ! ਮੈਂ ਤੇਰੇ ਸਾਮ੍ਹਣੇ ਖੜ੍ਹਾ ਹਾਂ, ਨੇਤਰ ਤਾਂ ਖੋਲ੍ਹ। ਹੈਰਾਨ ਹੋ ਗਿਆ ਸਾਮ੍ਹਣੇ ਖੜ੍ਹੇ ਨੇ।

ਕਹਿਣ ਲੱਗੇ ਕਿ ਮੈਂ ਆਇਆ ਹਾਂ, ਤੂੰ ਕੋਈ ਆਰਤੀ ਉਚਾਰ। ਕਹਿੰਦਾ, ਮਹਾਰਾਜ! ਮੈਨੂੰ ਪਤਾ ਹੀ ਨਹੀਂ ਕਿ ਆਰਤੀ ਕੀ ਹੁੰਦੀ ਹੈ। ਸੰਖ ਰੱਖ ਦਿੱਤਾ ਸਿਰ ਦੇ ਉਤੇ, ਛੂਹਾ ਦਿੱਤਾ। ਛੂਹ ਜਾਣ ਦੀ ਦੇਰ ਸੀ ਸਾਰੇ ਵੇਦਾਂ ਦਾ ਗਿਆਨ, ਸਾਰੇ ਸ਼ਾਸਤਰਾਂ ਦਾ ਗਿਆਨ ਇੱਕ ਦਮ ਅੰਦਰ ਪ੍ਰਗਟ ਹੋ ਗਿਆ। ਉਸ ਵੇਲੇ ਆਰਤੀ ਉਤਾਰੀ, ਭਗਵਾਨ ਨੇ ਕਿਹਾ ਧਰੂੰ! ਚੱਲ ਮੈਂ ਤੈਨੂੰ ਤਖਤ 'ਤੇ ਬਿਠਾਵਾਂ।

ਕਹਿੰਦਾ, ਮਹਾਰਾਜ! ਉਹ ਤਾਂ ਮੈਂ ਪਹਿਲਾਂ ਛੱਡ ਦਿੱਤਾ ਸੀ -

***ਪਿਛਹੁ ਰਾਜੇ ਸਦਿਆ ਅਬਿਚਲ ਰਾਜ ਕਰਹੁ ਨਿਤ ਨੀਤਾ।***

***ਭਾਈ ਗੁਰਦਾਸ ਜੀ, ਵਾਰ 10/1***

ਮੈਂ ਤਾਂ ਉਹ ਜਵਾਬ ਦੇ ਦਿੱਤਾ ਸੀ।

***ਹਾਰਿ ਚਲੇ ਗੁਰਮੁਖਿ ਜਗ ਜੀਤਾ॥***

***ਭਾਈ ਗੁਰਦਾਸ ਜੀ, ਵਾਰ 10/1***

ਮੈਨੂੰ ਨਹੀਂ ਕਿਸੇ ਚੀਜ਼ ਦੀ ਲੋੜ। ਮੈਨੂੰ ਜੇ ਲੋੜ ਹੈ ਤਾਂ ਤੇਰੇ ਦਰਸ਼ਨ ਦੀ ਹੈ। ਤੇਰੇ ਦਰਸ਼ਨ ਤੋਂ ਬਗੈਰ ਮੈਂ ਜੀਉਂਦਾ ਨਹੀਂ ਰਹਿ ਸਕਦਾ। ਅੱਧੋ-ਅੱਧ ਪੜ੍ਹਿਓ ਭਾਈ -

***ਧਾਰਨਾ - ਜੀ ਮੈਂ ਰਾਜ ਮੁਕਤ ਨਹੀਂਓਂ ਮੰਗਦਾ,***
***ਪ੍ਰੀਤੀ ਮੰਗਾਂ ਚਰਨਾਂ ਦੀ।***

***ਰਾਜੁ ਨ ਚਾਹਉ ਮੁਕਤਿ ਨ ਚਾਹਉ***
***ਮਨਿ ਪ੍ਰੀਤਿ ਚਰਨ ਕਮਲਾਰੇ ॥*** ***ਅੰਗ - 534***

ਮੈਨੂੰ ਕੋਈ ਨਹੀਂ ਮੇਰੀਆਂ ਸਾਰੀਆਂ ਵਾਸ਼ਨਾਂ ਪੂਰੀਆਂ ਹੋ ਗਈਆਂ। ਮੈਨੂੰ ਤਾਂ ਇੱਕ ਵਾਸ਼ਨਾ ਤੇਰੇ ਦਰਸ਼ਨ ਦੀ ਹੈ, ਇਸ ਤੋਂ ਬਿਨਾਂ ਮੈਂ ਕੋਈ ਹੋਰ ਚੀਜ਼ ਨਹੀਂ ਮੰਗਦਾ ਕਿਉਂਕਿ ਤੇਰਾ ਦਰਸ਼ਨ ਮੇਰਾ ਜੀਵਨ ਹੈ, ਹੇ ਪ੍ਰਭੂ! ਮੈਨੂੰ ਹੋਰ ਚੀਜ਼ਾਂ 'ਚ ਨਾ ਪਾਵੋ ਤਾਂ ਉਸ ਵੇਲੇ ਪ੍ਰਭੂ ਨੇ ਕਿਹਾ ਕਿ ਹੇ ਧਰੂੰ! ਤੂੰ ਮੇਰਾ ਆਰਤ ਭਗਤ ਹੈਂ, ਤੈਨੂੰ ਤਕਲੀਫ ਹੋਈ, ਤੇਰਾ ਨਿਰਾਦਰ ਹੋਇਆ, ਤੂੰ ਮੇਰੇ ਨਾਲ ਪਿਆਰ ਪਾਇਆ, ਤੇਰਾ ਫੁਰਨਾ ਸੀ ਕਿ ਮੈਂ

ਰਾਜ ਲਵਾਂ। ਹੁਣ ਤੂੰ ਬੜੀ ਦੇਰ ਤੱਕ ਰਾਜ ਕਰ। ਉਸ ਤੋਂ ਬਾਅਦ ਤੂੰ ਮੇਰੇ ਕੋਲ ਪਹੁੰਚੇਂਗਾ, ਤੈਨੂੰ ਮੈਂ ਅਟੱਲ ਪਦਵੀ ਦਿੰਦਾ ਹਾਂ -

***ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ***
***ਅਰੁ ਨਿਰਭੈ ਪਦੁ ਪਾਇਆ ॥*** ***ਅੰਗ - 632***

ਅਟੱਲ ਪਦਵੀ ਮਿਲ ਗਈ ਐਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਵਾਹਵਾ ਵਾਹਵਾ ਅਟੱਲ ਪਦਵੀ ਧਰੂੰ ਨੂੰ ਮਿਲੀ।***
***ਐਸੀ ਕਰੀ ਤਪਸਿਆ ਜਗ 'ਤੇ - 2***
***ਵਾਹਵਾ ਵਾਹਵਾ ਅਟੱਲ.........।***

***ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ***
***ਅਰੁ ਨਿਰਭੈ ਪਦੁ ਪਾਇਆ ॥***
***ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ ॥***
***ਅੰਗ - 632***

ਸੋ ਮਹਾਰਾਜ ਕਹਿੰਦੇ ਪਿਆਰਿਓ! ਜੇ ਨਾਮ ਜਪਣਾ ਹੈ, ਤਾਂ ਧਰੂੰ ਦੀ ਮਿਸਾਲ, ਪ੍ਰਹਿਲਾਦ ਦੀ ਮਿਸਾਲ ਸਾਮ੍ਹਣੇ ਰੱਖੋ -

***ਰਾਮ ਜਪਉ ਜੀ ਐਸੇ ਐਸੇ ॥***
***ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥*** ***ਅੰਗ - 337***

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਜੋ ਬੇਨਤੀਆਂ ਕੀਤੀਆਂ ਨੇ ਮਹਾਰਾਜ ਕਹਿੰਦੇ -

***ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥***
***ਜਿਹ ਸਿਮਰਤ ਗਨਕਾ ਸੀ ਉਧਰੀ***
***ਤਾ ਕੋ ਜਸੁ ਉਰ ਧਾਰੋ ॥*** ***ਅੰਗ - 632***

ਉਹਦਾ ਜਸ ਹਿਰਦੇ 'ਚ ਧਾਰਨ ਕਰੋ, ਉਹਦੇ ਨਾਲ ਜੁੜੋ। ਅੰਮ੍ਰਿਤ ਵੇਲੇ ਜਾਗੋ, ਨਾਮ ਜਪੋ। ਨਾਮ ਦੇ ਵਿੱਚ ਪ੍ਰੀਤ ਪੈਦਾ ਕਰੋ-

***ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥*** ***ਅੰਗ - 787***

ਨਹਾ ਵੀ ਲਿਆ, ਆ ਕੇ ਬਹਿ ਵੀ ਗਿਆ ਤੇ ਅੰਦਰ ਕੀ ਹੈ, ਤੁੰਦਰਾ ਨੀਂਦ ਪੈ ਗਈ। ਸੁੱਤਾ ਪਿਆ। ਨਾਮ ਦਾ ਅੰਦਰ ਸ਼ੌਂਕ ਪੈਦਾ ਹੋਣਾ ਚਾਹੀਦਾ ਹੈ। ਡੇਰੇ ਵਿੱਚ ਜਿਹੜੇ ਪ੍ਰੇਮੀ ਆਏ ਨੇ, ਘਰ-ਬਾਰ ਛੱਡੇ, ਵਿਆਹ ਕਰਾਉਣੇ ਸਭ ਛੱਡੇ। ਨਹੀਂ ਤਾਂ ਮਾਇਆ ਪੈ ਜਾਂਦੀ ਹੈ ਜੇ ਨਾਮ ਨਾ ਜਪੋ। ਜੇ ਤਾਂ ਇਹ ਲਗਨ ਲੱਗੀ ਰਹੇ ਫੇਰ ਤਾਂ ਚੜ੍ਹ ਜਾਓਂਗੇ ਸਿਰੇ। ਕਿਸੇ ਨਾ ਕਿਸੇ ਕਿਨਾਰੇ ਪਹੁੰਚ ਜਾਓਗੇ। ਜੇ ਪਿੱਛੇ ਮੁੜ-ਮੁੜ ਦੇਖਣ ਵਾਲੀ ਬਿਰਤੀ ਨਾ ਹਟੀ, ਫੇਰ ਨਹੀਂ ਚੜਦੇ। ਫੇਰ ਵਿਚੀ ਦੁਨੀਆਂ ਹੈ, ਵਿਚੀ ਇਹ ਹੈ। ਇੱਥੇ ਦੁਨੀਆਂ ਦਾ ਕੀ ਕੰਮ, ਇੱਥੇ ਸਭ ਕੁਛ ਇੰਤਜ਼ਾਮ ਹੈ, ਪ੍ਰਸ਼ਾਦ ਪਾਣੀ ਮਿਲਦਾ ਹੈ, ਪਰਾਲਬਧ ਨੱਠ-ਨੱਠ ਕੇ ਆਉਂਦੀ ਹੈ, ਕੱਪੜੇ-ਲੀੜੇ, ਖਾਣ ਦੀਆਂ ਚੀਜ਼ਾਂ ਬੇਅੰਤ ਆਉਂਦਾ ਹੈ ਇੱਥੇ। ਇਹੋ ਜਿਹੀ ਸਹੂਲਤ ਨਾ ਕਿਸੇ ਜੰਗਲ 'ਚ ਮਿਲਦੀ ਹੈ, ਕਿਤੇ ਨਹੀਂ ਮਿਲਦੀ। ਜੰਗਲ ਹੀ ਪਿਆ ਹੈ ਤੁਹਾਡੇ ਪਰਲੇ ਪਾਸੇ, ਫਸਲਾਂ ਬੀਜੀਆਂ ਜਾਂਦੀਆਂ, ਕੁਟੀਆਂ

ਵਾਲੇ ਪਾਸੇ ਜੰਗਲ ਹੀ ਹੈ, ਕੋਈ ਨਹੀਂ ਸ਼ੌਂਕ ਵਾਲਾ, ਕਿਸੇ ਦਾ ਜੀਅ ਨਹੀਂ ਕਰਦਾ ਕਿ ਭਜਨ ਕਰਾਂ। ਮੈਂ ਤਾਂ ਹੈਰਾਨ ਹੋ ਗਿਆ, ਕੁਟੀਆ ਪਾ ਦਿੱਤੀਆਂ, ਧੱਕੇ ਨਾਲ ਮੈਂ ਕਹਿ ਦੇਵਾਂ ਰੋਕ ਲੈ, ਤਾਂ ਰੋਕਦੇ ਨੇ, ਨਹੀਂ ਤਾਂ ਸਾਰੇ ਹੀ ਡਰਦੇ ਨੇ ਉਥੇ ਜਾਣ ਤੋਂ। ਮੇਰੀ ਉਮਰ ਨਹੀਂ ਹੈ, ਨਹੀਂ ਤਾਂ ਮੈਂ ਉਥੇ ਹੀ ਰਿਹਾ ਕਰਾਂ। ਹੁਣ ਸਰੀਰ ਚਲਦਾ ਨਹੀਂ ਹੈ। ਨਹੀਂ ਤਾਂ ਮੈਨੂੰ ਐਹੋ ਜਿਹੀਆਂ ਮਿਲ ਜਾਂਦੀਆਂ ਮੈਂ ਤਾਂ ਹਿੱਲਣਾ ਹੀ ਨਹੀਂ ਸੀ ਇਨ੍ਹਾਂ ਕੁਟੀਆਂ 'ਚੋਂ ਕਦੇ। ਜ਼ੋਰ ਲਾ-ਲਾ ਕੱਢਦੇ ਤਾਂ ਵੀ ਨਹੀਂ ਸੀ ਨਿਕਲਣਾ। ਐਨੀਆਂ ਸਹੂਲਤਾਂ ਦਿੱਤੀਆਂ ਨੇ, ਸੰਗਤ ਵਾਸਤੇ ਵੀ ਉਹ ਖੁਲ੍ਹੀਆਂ ਨੇ, ਕਿਸੇ ਨੇ ਨਾਮ ਜਪਣਾ ਹੈ ਆ ਜਾਓ। ਬੈਠਿਆਂ ਨੂੰ ਸਭ ਕੁਛ ਮਿਲੇਗਾ, ਸਾਲ ਲਾਓ, ਸਵਾ ਸਾਲ ਲਾਓ, ਦੋ ਸਾਲ ਲਾਓ। ਪਰ ਜੇ ਡੇਰੇ ਵਿੱਚ ਆ ਕੇ ਵੀ ਓਹੀ ਬਿਰਤੀ ਰਹੀ -

***ਇੱਕ ਫਕੀਰੀ ਲੇਖ ਦੀ, ਇੱਕ ਭੇਖ ਦੀ,***
***ਇੱਕ ਪਿੱਛੇ ਮੁੜ ਮੁੜ ਦੇਖਦੀ।***

ਉਹ ਪਿੱਛੇ ਮੁੜ-ਮੁੜ ਕੇ ਦੇਖਣ ਵਾਲੀ ਫਕੀਰੀ ਕਿਸੇ ਕੰਮ ਦੀ ਨਹੀਂ ਹੁੰਦੀ, ਉਹਨੂੰ ਹਜ਼ਾਰਾਂ ਚਿੰਤਾ, ਹਜ਼ਾਰਾਂ ਗੱਲਾਂ ਵਾਹਿਗੁਰੂ ਤੋਂ ਬੇਮੁਖ ਰਹਿੰਦਾ ਹੈ। ਨਿਸ਼ਚਾ ਉਹਦਾ ਹੁੰਦਾ ਨਹੀਂ, ਆਦਰ-ਅਨਾਦਰ ਨੂੰ ਨਹੀਂ ਸਮਝਦਾ। ਪਿਆਰ ਹੁੰਦਾ ਹੀ ਨਹੀਂ ਹੈ, ਮਹਾਂਪੁਰਸ਼ਾਂ ਦਾ ਤਾਂ ਕਿਸੇ ਵਿਰਲੇ ਨਾਲ ਪਿਆਰ ਹੁੰਦਾ ਹੈ। ਮੈਂ ਤਾਂ ਮਹਾਰਾਜ ਜੀ ਨੂੰ (ਸ੍ਰੀ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ) ਹੁਣ ਤੱਕ ਨਹੀਂ ਭੁੱਲਿਆ। ਹੁਣ ਵੀ ਮੇਰੇ ਯਾਦ ਆ ਜਾਣ, ਅਜੇ ਵੀ ਮੇਰੇ ਹੰਝੂ ਨਹੀਂ ਸੁੱਕਦੇ। ਉਸੇ ਵੇਲੇ ਚੱਲ ਪੈਂਦੇ ਨੇ। ਉਹ ਭਾਵੇਂ ਮੇਰੇ ਨਾਲ ਰਹਿੰਦੇ ਨੇ, ਪਰ ਪਿਆਰ ਹੋਰ ਹੁੰਦਾ ਹੈ, ਪਿਆਰ ਦੀ ਨਿਸ਼ਾਨੀ ਹੈ ਉਹ ਹੁਕਮ ਹੁੰਦਾ ਹੈ, ਬਚਨ ਮੰਨਣਾ, ਬਚਨ ਮੰਨ ਲਿਆ ਠੀਕ ਹੈ, ਨਹੀਂ ਮੰਨਦਾ, ਔਖਾ ਹੋ ਕੇ ਮੰਨਦਾ ਹੈ ਫੇਰ ਕੋਈ ਗੱਲ ਨਹੀਂ, ਤਾਰ ਅੰਦਰ ਦੀ ਅੰਦਰ ਆ ਜਾਂਦੀ ਹੈ, ਅੰਦਰ ਇੱਕ ਹੋ ਜਾਂਦਾ ਹੈ ਦੋਹਾਂ ਦਾ, ਫੇਰ ਚੀਜ਼ਾਂ ਮਿਲਦੀਆਂ ਨੇ ਉਸ ਤਰ੍ਹਾਂ ਨਹੀਂ ਮਿਲਦੀਆਂ ਹੁੰਦੀਆਂ। ਧੱਕੇ ਨਾਲ ਕਿ ਮੈਨੂੰ ਨਾਮ ਦਾ ਦੱਸੋ ਜੀ ਕਿਵੇਂ ਜਪਾਂ, ਦੱਸੀ ਜਾਂਦੇ ਹਾਂ, ਦੀਵਾਨਾਂ 'ਚ ਦੱਸੀ ਜਾਂਦਾ ਹਾਂ ਕਿ ਭਾਈ! ਐਸ ਤਰ੍ਹਾਂ ਨਾਮ ਜਪ ਲਓ, ਚੇਲੇ ਨਹੀਂ ਮੈਂ ਬਣਾਉਂਦਾ ਕੋਈ ਵੀ, ਨਾ ਮੈਂ ਹਾਲੇ ਤੱਕ ਬਣਾਇਆ ਹੈ ਤੇ ਮੈਨੂੰ ਤਾਂ ਮੱਲੋ-ਮੱਲੀ ਹੀ ਸੰਤ ਕਹਿਣ ਲੱਗ ਗਏ, ਮੈਂ ਸੰਤ ਵਗੈਰਾ ਕੋਈ ਨਹੀਂ ਸੀਗਾ, ਮੈਂ ਤਾਂ ਖੇਤੀ ਕਰਨ ਵਾਲਾ ਸੀਗਾ, ਸਰਦਾਰ ਕਹਿੰਦੇ ਸੀ ਮੈਨੂੰ, ਕੋਈ ਮੈਂ ਵਰਦੀ ਨਹੀਂ ਬਹੁਤੀ ਬਦਲੀ ਹੋਈ। ਅੱਗੇ ਮੈਂ ਟਾਈ ਲਾਉਂਦਾ ਸੀ, ਹੁਣ ਮੈਂ ਕੁੜਤਾ ਪਜਾਮਾ ਪਾ ਲੈਂਦਾ ਹਾਂ। ਸੁਖਾਲਾ ਹੈ, ਪੈਂਟ ਨਾਲ ਬੈਠਿਆ ਨਹੀਂ ਜਾਂਦਾ। ਕੱਪੜਾ ਤਾਂ ਕੋਈ ਹੋਇਆ, ਇਹ ਹੋਇਆ ਕਿ ਉਹ ਹੋਇਆ। ਮੈਂ ਨਹੀਂ ਕਹਾਉਂਦਾ ਸੰਤ। ਲੋਕ ਗੁੱਸੇ ਹੋ ਜਾਂਦੇ ਨੇ ਸਾਨੂੰ ਸੰਤ ਨਹੀਂ ਮੰਨਦੇ। ਪਤਾ ਨਹੀਂ ਕੀ ਹੋ ਗਿਆ ਦੁਨੀਆਂ ਨੂੰ ਗਾਲ੍ਹਾਂ ਹੀ ਕੱਢਦੇ ਨੇ। ਕੱਢੀ ਵੀ ਜਾਣ ਤਾਂ ਵੀ ਕੋਈ ਫਰਕ ਨਹੀਂ, ਅਸੀਂ ਕਹਿੰਦੇ ਹਾਂ, ਸ਼ੀਸ਼ੀਆਂ ਵਲ ਨਾ ਦੇਖੋ, ਦਵਾਈ ਦੀ ਤਾਸੀਰ ਦੇਖੋ ਕਿ

ਦਵਾਈ ਕੀ ਹੈ, ਨਾ ਕੁਛ ਲੈਣਾ ਹੈ ਨਾ ਦੇਣਾ ਹੈ। ਆਪਣਾ ਪ੍ਰਸ਼ਾਦਾ ਅਸੀਂ ਛਕਦੇ ਹਾਂ, ਆਪਣੀ ਅਸੀਂ ਚਾਰ ਏਕੜ ਜ਼ਮੀਨ ਲੈ ਕੇ ਦਿੱਤੀ ਸੀ, ਮੱਝਾਂ ਗਾਈਆਂ ਲੈ ਕੇ ਦਿੱਤੀਆਂ ਸੀ ਕਿ ਕਿਤੇ ਚਾਹ ਪੀਣੀ ਪੈ ਜਾਂਦੀ ਹੈ, ਦਾਲ ਸਬਜ਼ੀ, ਕਿਤੇ ਲੰਗਰ 'ਚ ਰੋਟੀ ਖਾਣੀ ਪੈ ਜਾਂਦੀ ਹੈ। ਮੈਂ ਤਾਂ ਖਾਧਾ ਹੀ ਨਹੀਂ ਹੈ, ਉਥੇ ਕੁਛ ਵੀ ਕਿਸੇ ਦਾ ਵੀ, ਸੋ ਇਸ ਕਰਕੇ ਇਹ ਜੇ ਤੁਸੀਂ ਘਰ ਬਾਰ ਛੱਡੇ ਨੇ, ਇੱਥੇ ਪਹੁੰਚੇ ਓਂ, ਆਹ ਢੋਲਕੀ ਚਿਮਟੇ ਵਾਜਿਆਂ ਨਾਲ ਨਹੀਂ ਖਹਿੜਾ ਛੁਟਣਾ, ਇਹ ਤਾਂ ਨਾਮ ਜਪਣਾ ਪੈਣਾ ਹੈ ਤਕੜੇ ਹੋ ਕੇ। ਸੇਵਾ ਇੱਕ ਪੱਖ ਹੈ ਜੇ ਦੂਜਾ ਪਹੀਆ ਨਾ ਲੱਗਿਆ, ਜਹਾਜ਼ ਚਲਦਾ ਹੀ ਨਹੀਂ ਦੋ ਪਹੀਏ, ਦੋ ਫੰਘ ਹੁੰਦੇ ਨੇ। ਸੇਵਾ ਤੇ ਸਿਮਰਨ ਦੋ ਚੀਜ਼ਾਂ ਨੇ, ਸਿਮਰਨ ਵੀ ਕਰੋ ਸੇਵਾ ਵੀ ਕਰੋ। ਸੇਵਾ ਨਾਲ ਮਨ ਨਿਮਰਤਾ 'ਚ ਆਉਂਦਾ ਹੈ, ਖੁਸ਼ੀ ਮਿਲਦੀ ਹੈ, ਬੇਅੰਤ ਖੁਸ਼ੀ ਮਿਲਦੀ ਹੈ, ਨਾਮ ਨਾਲ ਚੜ੍ਹਾਈ ਹੁੰਦੀ ਹੈ, ਚੜ੍ਹਾਈ ਵੀ ਕਰੋ ਤੇ ਦੁਨੀਆਂ ਦੀ ਸੇਵਾ ਕਰਾਂਗੇ –

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥*** ***ਅੰਗ – 26***

ਦਰਗਾਹ 'ਚ ਵਾਸਾ ਤਾਂ ਮਿਲਿਆ ਕਰਦਾ ਹੈ ਪਿਆਰਿਓ! ਜੇ ਦੁਨੀਆਂ ਦੇ ਵਿੱਚ ਸੇਵਾ ਕਰੀਏ। ਸੇਵਾ ਵੀ ਜਿਹੜੀ ਹੈ –

***ਸੇਵਾ ਕਰਤ ਹੋਇ ਨਿਹਕਾਮੀ ॥***
***ਤਿਸ ਕਉ ਹੋਤ ਪਰਾਪਤਿ ਸੁਆਮੀ ॥*** ***ਅੰਗ – 286***

ਜੇ ਕਾਮਨਾ ਨਾਲ ਸੇਵਾ ਕਰਦਾ ਹੈ, ਉਹ ਸੇਵਾ ਥਾਂ ਹੀ ਨਹੀਂ ਪੈਂਦੀ। ਉਹ ਐਵੇਂ ਥਕੇਵਾਂ ਹੁੰਦਾ ਹੈ ਲੋਕ ਵਾਹਵਾ-ਵਾਹਵਾ ਕਰੀ ਜਾਂਦੇ ਨੇ, ਗੱਲ ਕੋਈ ਸਿਰੇ ਚੜ੍ਹਦੀ ਨਹੀਂ ਹੈ। ਸੋ ਮੈਂ ਤਾਂ ਇੱਕੋ ਹੀ ਗੱਲ ਜਿਸ ਦਿਨ ਦੀ ਮੈਨੂੰ ਹੋਸ਼ ਆਈ ਹੈ, ਉਸ ਵੇਲੇ ਤੋਂ ਸ਼ੁਰੂ ਕਰ ਲਿਆ। ਅੱਠਵੀਂ ਵਿੱਚ ਸਾਢੇ ਤੇਰ੍ਹਾਂ ਸਾਲ ਦਾ ਸੀ ਜਦੋਂ ਮੈਂ ਇਮਤਿਹਾਨ ਦਿੱਤਾ ਹੈ। ਪਿੰਡ ਸਾਡਾ ਜਿਹੜੇ ਸਾਡੇ ਰਾਮਗੜ੍ਹੀਏ ਸੀ, ਸਾਰੇ ਵਿਸ਼ਕਰਮਾ ਦੇ ਜਾਂਦੇ ਸੀ, ਉਨ੍ਹਾਂ ਦੇ ਮੁਹੱਲੇ ਵਿੱਚ ਹੀ ਜਾ ਕੇ ਮੈਂ ਕੀਰਤਨ ਕਰਦਾ ਰਿਹਾ ਦੋ ਤਿੰਨ ਮਹੀਨੇ ਜਦੋਂ ਤੱਕ ਦਾਖਲਾ ਨਾ ਮਿਲਿਆ ਨੌਵੀਂ ਜਮਾਤ ਦਾ। ਉਹ ਸਾਰੇ ਦੇ ਸਾਰੇ ਗੁਰਦੁਆਰੇ ਆਉਣੇ ਸ਼ੁਰੂ ਹੋ ਗਏ। ਕੀ ਹੁੰਦਾ ਹੈ ਤੇਰ੍ਹਾਂ ਸਾਲ ਦਾ ਮੁੰਡਾ, ਹੁੰਦਾ ਹੈ ਗਿਣਤੀ 'ਚ? ਇਕਹਿਰਾ ਜਿਹਾ ਕੱਦ ਸੀਗਾ। ਸਾਢੇ ਪੰਦਰਾਂ ਸਾਲ ਤੋਂ ਬਾਅਦ ਮੈਂ ਲਗਾਤਾਰ ਹੀ ਲੱਗ ਗਿਆ ਕੀਰਤਨ ਕਰਨ ਚਾਹੇ ਖੇਤੀ ਕਰੀ ਹੈ, ਚਾਹੇ ਫੌਜ ਵਿੱਚ ਰਿਹਾ ਹਾਂ, ਚਾਹੇ ਨੌਕਰੀ ਕਰੀ ਹੈ ਪਰ ਇਹ ਕੰਮ ਨਹੀਂ ਛੱਡਿਆ। ਕੀਰਤਨ ਨਹੀਂ ਕਰਿਆ ਤਾਂ ਬਚਨ ਕਰਦਾ ਰਿਹਾ। ਸੈਕਟਰੀਏਟ ਰਿਹਾ, ਤਾਂ ਉਥੇ ਮੈਂ ਇਹੀ ਬਚਨ ਕਰਦਾ ਸੀ ਨਾਮ ਦੇ, ਫਾਰਮ 'ਚ ਗਿਆ, ਉਥੇ ਮੰਦਾ ਹਾਲ ਦੇਖਿਆ ਕਿ ਸ਼ਰਾਬਾਂ-ਕਬਾਬਾਂ, ਡੰਗਰਾਂ ਦੀਆਂ ਚੋਰੀਆਂ, ਕਤਲ; ਬਹੁਤ ਮਾੜਾ ਹਾਲ ਸੀ, ਦੇਖਿਆ ਕਿ ਇੱਥੇ ਤਾਂ ਸਾਰਿਆਂ ਦਾ ਹਾਲ ਮਾੜਾ ਹੋ ਜਾਊ, ਉਥੇ ਮੈਂ ਆਪਣਾ ਕੰਮ ਨਾਲ ਕਰਦਾ ਸੀ, ਨਾਲ ਕੀਰਤਨ ਕਰਦਾ ਹੈ। ਘਰੋਂ ਹੀ ਖਰਚਦਾ

ਰਿਹਾ ਮੁੱਢ ਤੋਂ। ਬਚਪਨ 'ਚ ਵੀ ਮੈਨੂੰ ਸੁਭਾਅ ਸੀ ਕਿ ਕਿਸੇ ਦਾ ਖਾਣਾ ਨਹੀਂ, ਜਥੇਦਾਰ ਨੇ ਮੈਨੂੰ ਭੇਜ ਦੇਣਾ ਕਿ ਫਲਾਣੇ ਦੇ ਪਾਠ ਕਰ ਆ, ਬਸਤਾ ਮੇਰਾ ਫੜ ਕੇ ਰੱਖ ਲੈਣਾ, ਮਾਈ ਨੇ ਕਹਿਣਾ ਕਿ ਦੁੱਧ ਪੀ ਪਹਿਲਾਂ। ਮੈਂ ਕਹਿਣਾ, ਨਾ ਬੀਬੀ! ਮੈਂ ਨਹੀਂ ਪੀਣਾ। ਕਹਿੰਦੀ ਕਿ ਤੂੰ ਪੀਂਦਾ ਕਿਉਂ ਨਹੀਂ। ਮੈਂ ਕਹਿਣਾ ਕਿ ਨਹੀਂ ਸਾਡੇ ਘਰ ਹੈਗਾ ਦੁੱਧ। ਜ਼ੋਰ ਲਾ ਲੈਂਦੀਆਂ ਸੀ ਕਿ ਤੂੰ ਰੋਟੀ ਖਾ ਲੈ, ਸ਼ੱਕਰ ਘਿਉ ਰਲਾਇਆ ਹੈ। ਮੈਂ ਕਹਿਣਾ ਕਿ ਮੈਂ ਖਾਣਾ ਹੀ ਨਹੀਂ। ਸੇਵਾ ਕਰ ਆਉਂਦਾ ਸੀ। ਏਵੇਂ ਬਾਹਰ ਰਿਹਾ, ਕਿਸੇ ਦਾ ਅੱਜ ਤੱਕ ਨਹੀਂ ਖਾਧਾ। ਚਾਹ ਪਾਣੀ ਆਪਣਾ ਲੈ ਕੇ ਜਾਂਦਾ ਹਾਂ, ਪਾਣੀ ਵੀ ਆਪਣਾ ਲੈ ਕੇ ਜਾਂਦਾ ਹਾਂ ਘਰ ਤੋਂ। ਮੇਰਾ ਸੁਭਾਅ ਹੀ ਨਹੀਂ ਕਿ ਕਿਸੇ ਦਾ ਖਾਵਾਂ ਪੀਵਾਂ। ਇੱਥੇ ਜੇ ਗੁਰਦੁਆਰੇ ਲੰਗਰ ਛਕਦਾ ਹਾਂ ਤਾਂ ਅਸੀਂ ਪਹਿਲਾਂ ਹੀ ਲੈ ਕੇ ਦੇ ਦਿੱਤਾ ਸੀ ਸਭ ਕੁਛ ਕਿ ਕਿਤੇ ਪੂਜਾ ਦਾ ਧਾਨ ਨਾ ਸਾਡੇ ਹੱਡਾਂ 'ਚ ਰਲ ਜਾਏ।

ਸੋ ਜਿਹੜੇ ਪ੍ਰੇਮੀ ਇੱਥੇ ਆ ਗਏ ਉਹ ਮਿਹਨਤ ਕਰੋ ਪਿਆਰਿਓ! ਕੁਟੀਆ ਬਣੀਆਂ ਹੋਈਆਂ ਨੇ, ਬੇਰੁਖੀ ਨਾ ਦਿਖਾਓ, ਓਧਰ ਨੂੰ ਕੋਈ ਮੂੰਹ ਹੀ ਨਹੀਂ ਕਰਦਾ, ਜਾਂਦਾ ਹੀ ਨਹੀਂ। ਏਥੋਂ ਕੀ ਲੈ ਲਓਂਗੇ ਤੁਸੀਂ, ਗੱਡੀਆਂ ਵਗੈਰਾ ਚਲਾਉਂਦੇ ਹੋ ਕੀ ਲੱਭਣਾ ਹੈ ਏਥੋਂ ਕੁਛ ਨਹੀਂ ਲੱਭਣਾ। ਲੱਭਣਾ ਜਦ ਹੈ ਜਦੋਂ ਏਥੋਂ ਜਾ ਕੇ ਤੁਸੀਂ ਪੰਜ-ਪੰਜ, ਸੱਤ-ਸੱਤ ਘੰਟੇ ਬੈਠੋਂਗੇ। ਸਮਾਂ ਮਿਲ ਜਾਏਗਾ, ਜਿਹੜਾ ਕਹਿੰਦਾ ਹੈ ਕਿ ਮੈਂ ਕਰਨਾ ਹੈ ਮੈਂ ਉਹਨੂੰ ਸਮਾਂ ਦਿੰਦਾ ਹਾਂ, ਕੋਈ ਡਿਊਟੀ ਨਹੀਂ ਲਾਉਂਦਾ, ਸਭ ਮਾਫ ਕਰ ਦੇਵਾਂਗਾ। ਸੰਗਤ ਦਾ ਵੀ ਕੋਈ ਜੇ ਸਰੀਰ ਕਹਿੰਦਾ ਹੈ, ਉਹਦੀ ਰੋਟੀ ਪਾਣੀ, ਸਾਰਾ ਅਸੀਂ ਸੰਭਾਲ ਕਰਾਂਗੇ ਪਰ ਬੰਦਗੀ ਤਾਂ ਕਰੋ ਕੋਈ ਆਦਮੀ। ਖਾਲੀ ਪਈਆਂ ਨੇ, ਹੋਰ ਬਣਾ ਦੇਵਾਂਗੇ, ਵਧੀਆ ਬਣਾ ਦੇਵਾਂਗੇ ਇਨ੍ਹਾਂ ਨਾਲੋਂ ਵੀ, ਨਾਹੁੰਣ ਧੋਣ ਦਾ ਬੰਦੋਬਸਤ ਵੀ ਨਾਲ ਕਰ ਦੇਵਾਂਗੇ। ਕੋਈ ਨਾਮ ਜਪਣ ਵਾਲਾ ਤਾਂ ਆਵੇ।

ਸੋ ਇਹ ਜੇ ਧਰੂੰ ਨੇ ਜਪਿਆ ਹੈ ਕਿੱਡਾ ਛੋਟਾ ਬੱਚਾ ਸੀ, ਕਿੱਡਾ ਦ੍ਰਿੜ੍ਹ ਇਰਾਦਾ ਸੀ, ਸਾਖੀਆਂ ਸੁਣਾਉਣ ਵਾਸਤੇ ਨਹੀਂ ਹੁੰਦੀਆਂ, ਨਾ ਸੁਣਨ ਵਾਸਤੇ, ਆਪ ਕਰੋ, ਫੇਰ ਗੱਲ ਦੇ ਵਿੱਚ ਵਜ਼ਨ ਪੈਂਦਾ ਹੈ, ਅੰਦਰਲੀ ਪੂਰੀ ਸੋਝੀ ਆਉਂਦੀ ਹੈ ਨਹੀਂ ਤਾਂ ਆਉਂਦੀ ਹੀ ਨਹੀਂ। ਅੱਜਕੱਲ੍ਹ ਪਤਾ ਹੀ ਨਹੀਂ ਲੱਗਦਾ, ਪਹਿਲਾਂ ਤਾਂ ਅਨੁਭਵ ਹੁੰਦਾ ਸੀ ਹੁਣ ਪਤਾ ਹੀ ਨਹੀਂ ਲਗਦਾ, ਟੇਪਾਂ ਬਣੀਆਂ ਹੋਈਆਂ ਨੇ, ਮੈਂ ਤਾਂ ਕਹਿੰਦਾ ਹੁੰਦਾ ਹਾਂ ਕਿ ਵੀਹ ਟੇਪਾਂ ਯਾਦ ਕਰ ਲੈ, ਤੇਰਾ ਗੁਜ਼ਾਰਾ ਚੱਲ ਜਾਏਗਾ। ਅਨਪੜ੍ਹ ਬੰਦੇ ਟੇਪਾਂ ਯਾਦ ਕਰਕੇ ਕੀਰਤਨ ਸੁਣਾਈ ਜਾਂਦੇ ਨੇ। ਉਹ ਸੁਣਨ ਵਾਲੇ ਨੂੰ ਕਦੇ ਨਹੀਂ ਦਸਦੇ ਕਿ ਟੇਪ ਬਾਬਾ ਜੀ ਦੀ ਹੈ, ਆਪਣਾ ਬਣਾ ਕੇ ਦੱਸਣਗੇ ਸਾਰਾ ਕੁਛ, ਬ੍ਰਹਮਗਿਆਨ ਦੀਆਂ ਗੱਲਾਂ ਕਰਨਗੇ ਮੈਂ ਹੈਰਾਨ ਹੋ ਜਾਂਦਾ ਹਾਂ। ਰਜਨੀਸ਼ ਕਹਿੰਦਾ ਹੁੰਦਾ ਕਿ ਮੇਰੇ ਤੋਤੇ ਨੇ ਜਿਹੜੇ ਬੜੇ ਸਿਆਣੇ ਨੇ। ਉਹਨੂੰ ਕਹਿੰਦੇ ਕਿ ਫਲਾਣਾ ਤੁਹਾਡੇ ਵਰਗਾ ਬੋਲਦਾ ਹੈ। ਕਹਿੰਦੇ ਹਾਂ, ਉਹ great parrot ਹੈ। ਇਹ ਨਾ ਬਣੋ, ਆਪਣੇ ਅੰਦਰੋਂ ਅਨੁਭਵ ਕੱਢੋ,

ਆਪਣੇ ਅੰਦਰੋਂ ਖੋਜ ਕਰੋ ਬਾਣੀ ਦੀ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਖੋਜ ਕਰੋ, ਹੋਰ ਅਗਾਂਹਾਂ ਨਵੀਆਂ ਗੱਲਾਂ ਲਿਆਓ, ਪਬਲਿਕ ਨੂੰ ਸਮਝਾਓ। ਸੋ ਇਹਦੇ ਨਾਲ ਤੁਹਾਡਾ ਵੀ ਭਲਾ, ਸਾਰਿਆਂ ਦਾ ਭਲਾ। ਜਿਹੜੇ ਇੱਥੇ ਦਾਨ ਦਿੰਦੇ ਨੇ ਉਨ੍ਹਾਂ ਦਾ ਵੀ ਭਲਾ, ਇਹ ਜ਼ਿੰਮੇਵਾਰੀ ਤੁਹਾਡੇ ਉਤੇ ਹੈ ਸਾਧਸੰਗਤ ਜੀ। ਸੰਗਤ ਵਿੱਚ ਆਉਂਦੀਆਂ ਨੇ, ਬੀਬੀਆਂ ਆਉਂਦੀਆਂ ਨੇ ਉਹ ਸੇਵਾ ਤਾਂ ਕਰਦੀਆਂ ਨੇ ਸਾਰੀਆਂ ਪਰ ਨਾਮ ਘੱਟ ਹੋ ਗਿਆ। ਪਹਿਲਾਂ-ਪਹਿਲਾਂ ਮੈਂ ਕਹਿੰਦਾ ਹੁੰਦਾ ਸੀ ਕਿ ਸਵਾ ਲੱਖ ਪਾਠ ਕਰੋ, ਮੂਲਮੰਤਰ ਦਾ ਐਨਾ ਕਰੋ, 'ਜਪੁਜੀ ਸਾਹਿਬ' ਦਾ ਐਨਾ ਕਰੋ, ਸਭ ਹੁੰਦਾ ਸੀਗਾ, ਹੁਣ ਆ ਕੇ ਪਤਾ ਨਹੀਂ ਕੀ ਕਲਜੁਗ ਪੈ ਗਿਆ। ਨਾਮ ਹੈ ਨਹੀਂ ਸੇਵਾ ਹੈਗੀ, ਜੀਵਨ ਬਣ ਗਏ, ਸੋਹਣੇ ਜੀਵਨ ਬਣ ਗਏ, ਇਹ ਵੀ ਬੜੀ ਭਾਰੀ ਪ੍ਰਾਪਤੀ ਹੈ ਪਰ ਇਹ ਸਮਾਂ ਹੀ ਹੁੰਦਾ ਹੈ ਮਹਾਂਪੁਰਸ਼ ਸਦਾ ਨਹੀਂ ਰਹਿੰਦੇ ਹੁੰਦੇ, ਆਪਣਾ ਪੜਦਾ ਪਾ ਜਾਂਦੇ ਹੁੰਦੇ ਨੇ। ਉਨ੍ਹਾਂ ਦੇ ਹੁੰਦੇ-ਹੁੰਦੇ ਜੇ ਜਪ ਲਵੇ ਤਾਂ ਕੰਮ ਚਲ ਜਾਇਆ ਕਰਦਾ ਨੇ ਕਿਉਂਕਿ ਉਹ ਪੱਤਣਾਂ ਦੇ ਵਾਕਫ ਹੁੰਦੇ ਨੇ ਉਹ ਦੱਸ ਦਿੰਦੇ ਨੇ ਕਿ ਤੂੰ ਇੱਥੇ ਰੁਕ ਗਿਆ, ਇਹ ਰੁਕਣ ਵਾਲਾ ਥਾਂ ਨਹੀਂ ਤੂੰ ਅਗਾਂਹਾਂ ਚੱਲ। ਹੁਣ ਜੇ ਕਹੇ ਕਿ ਭੇਤ ਦੀ ਗੱਲ ਸਾਨੂੰ ਸਾਰੀ ਹੀ ਦੱਸ ਦਿਓ, ਭਾਂਡਾ ਹੀ ਨਹੀਂ ਹੈ। ਸ਼ੇਰਨੀ ਦਾ ਦੁੱਧ ਲੈਣਾ ਹੈ ਸੋਨੇ ਦੇ ਭਾਂਡੇ ਤੋਂ ਬਗੈਰ ਟਿਕਦਾ ਹੀ ਨਹੀਂ, ਬਾਕੀਆਂ 'ਚ ਗਲੀਆਂ ਕੱਢ ਕੇ ਥੱਲੇ ਬਹਿ ਜਾਂਦਾ ਹੈ -

*ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ ॥*
*ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥*

***ਅੰਗ - 1365***

ਪਰ ਜਿਹੜਾ 'ਆਤਮ ਮਾਰਗ' ਮੈਗਜ਼ੀਨ ਹੈ ਇਹਦੇ ਵਿੱਚ ਖੁਲ੍ਹੀਆਂ ਗੱਲਾਂ ਆ ਰਹੀਆਂ ਨੇ, ਲਕੋ ਕੇ ਗੱਲ ਨਹੀਂ ਕੀਤੀ ਜਾ ਰਹੀ। ਬਿਲਕੁਲ ਸਿੱਧੀ ਗੱਲ ਚੱਲ ਰਹੀ ਹੈ, ਉਥੋਂ ਫੜ ਲਓ ਜਿਹਨੇ ਫੜਨਾ ਹੈ। ਸੋ ਇਸ ਤਰ੍ਹਾਂ ਮੇਰੀ ਬੇਨਤੀਆਂ ਨੇ, ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਮੈਂ ਇੱਥੇ ਹੀ ਸਮਾਪਤ ਕਰਦਾ ਹਾਂ। ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।(ਫਿਲਮ ਨੰ. 761)

# 4

## ਆਪਣਾ ਮੂਲ ਪਛਾਣ

ਸ਼ਾਨ.............................................................।

***ਸਤਿਨਾਮੁ ਸ੍ਰੀ ਵਾਹਿਗੁਰੂ,***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!***

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਅੰਗ - 256***

***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥***
***ਅੰਗ - 289***

***ਧਾਰਨਾ - ਲੇਖੇ ਵਿੱਚ ਲਾ ਲਓ ਜੀ,***
***ਜਨਮ ਤੁਮਾਰੇ ਲੇਖੇ।***

***ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ***
***ਅਬ ਪਤੀਆਰੁ ਕਿਆ ਕੀਜੈ ॥***
***ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥ 1 ॥***
***ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥***
***ਕਾਰਨ ਕਵਨ ਅਬੋਲ ॥ ਰਹਾਉ ॥***
***ਬਹੁਤ ਜਨਮ ਬਿਛੁਰੇ ਥੇ ਮਾਧਉ***
***ਇਹੁ ਜਨਮੁ ਤੁਮ੍ਹਾਰੇ ਲੇਖੇ ॥***
***ਕਹਿ ਰਵਿਦਾਸ ਆਸ ਲਗਿ ਜੀਵਉ***
***ਚਿਰ ਭਇਓ ਦਰਸਨੁ ਦੇਖੇ ॥*** ***ਅੰਗ - 694***

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋ, ਏਸ ਦੁਨੀਆਂ ਦੇ ਅੰਦਰ ਕੋਈ ਬੰਦਾ ਐਸਾ ਨਹੀਂ ਹੈ, ਜਿਸਦਾ ਕੋਈ ਸਾਹ ਕਿਸੇ ਨਾ ਕਿਸੇ ਲੇਖੇ 'ਚ ਨਾ ਲਗਦਾ ਹੋਵੇ, ਲੇਖਾ ਅੰਗਰੇਜ਼ੀ ਵਿੱਚ ਏਸਨੂੰ account for ਕਰਨਾ ਕਹਿੰਦੇ ਨੇ। ਕਿਸੇ ਲੇਖੇ 'ਚ ਗੱਲ ਲੱਗ ਜਾਣੀ। ਦੋ ਤਰ੍ਹਾਂ ਦੇ ਲੇਖੇ

ਹੋਇਆ ਕਰਦੇ ਨੇ ਇੱਕ debit ਹੋਇਆ ਕਰਦਾ ਹੈ credit ਹੁੰਦਾ ਹੈ, ਇੱਕ ਘਾਟਿਆਂ ਦੇ ਲੇਖੇ ਹੁੰਦੇ ਨੇ, ਜਿਸ ਨਾਲ ਕਰਜ਼ਾ ਚੜ੍ਹ ਜਾਇਆ ਕਰਦਾ ਹੈ, ਇੱਕ ਵਾਧਿਆਂ ਦੇ ਲੇਖੇ ਹੁੰਦੇ ਨੇ ਜਿਸ ਨਾਲ ਆਦਮੀ ਦਾ balance ਵੱਧ ਜਾਇਆ ਕਰਦਾ ਹੈ। ਹਰ ਮਨ ਜੋ ਕਦੇ ਹਰ ਵਕਤ ਸੋਚਦਾ ਹੈ –

***ਚਿੰਤਤ ਹੀ ਦੀਸੈ ਸਭੁ ਕੋਇ ॥***
***ਚੇਤਹਿ ਏਕੁ ਤਹੀ ਸੁਖੁ ਹੋਇ ॥*** ***ਅੰਗ – 932***

ਕੋਈ ਬੰਦਾ ਐਸਾ ਨਹੀਂ ਜਿਹਦਾ ਮਨ ਨਿਚਲਾ ਹੋ ਕੇ ਬੈਠ ਜਾਏ। ਕੋਈ ਨਾ ਕੋਈ ਗੱਲ ਹਰ ਵਕਤ ਮਨ ਸੋਚਦਾ ਰਹਿੰਦਾ ਹੈ। ਉਹ ਸਮਾਂ ਜਿਹੜਾ ਸਾਡਾ ਸੋਚਣ ਦਾ ਹੈ, ਉਹ ਕਿਸ ਖਾਤੇ ਵਿੱਚ ਜਾ ਰਿਹਾ ਹੈ, ਇੱਕ ਰਜਿਸਟਰ ਖੁੱਲ੍ਹਿਆ ਹੋਇਆ ਹੈ ਬਹੁਤ ਵੱਡਾ, ਉਹਦੇ 'ਚ ਬੇਅੰਤ ਖਾਤੇ ਨੇ। ਕਿਤੇ ਵੈਰ ਦਾ ਖਾਤਾ ਲਿਖਿਆ ਹੋਇਆ ਹੈ, ਕਿਤੇ ਨਿੰਦਿਆ ਦਾ ਲਿਖਿਆ ਹੋਇਆ ਹੈ, ਕਿਤੇ ਈਰਖਾ ਦਾ ਲਿਖਿਆ ਹੋਇਆ ਹੈ, ਕਿਤੇ ਕਾਮ ਦਾ ਖਾਤਾ ਹੈ, ਕਿਤੇ ਕ੍ਰੋਧ ਦਾ ਹੈ, ਕਿਤੇ ਲੋਭ ਦਾ ਹੈ, ਕਿਤੇ ਮੋਹ ਦਾ ਹੈ, ਕਿਤੇ ਵਿਰੋਧ ਦਾ ਹੈ, ਏਸੇ ਤਰ੍ਹਾਂ ਦੇ ਨਾਲ ਕਿਤੇ ਖਾਤਾ ਲਿਖਿਆ ਹੋਇਆ ਹੈ ਸੇਵਾ ਦਾ, ਕਿਤੇ ਲਿਖਿਆ ਹੋਇਆ ਹੈ ਸਤਿਸੰਗ ਦਾ। ਕਿਸੇ ਥਾਂ ਲਿਖਿਆ ਹੋਇਆ ਹੈ ਵਾਹਿਗੁਰੂ ਦੀ ਯਾਦ ਦਾ, ਕੀਰਤਨ ਦਾ, ਹੁਣ ਇਹ ਦੋਵੇਂ ਤਰ੍ਹਾਂ ਦੇ ਖਾਤੇ ਨੇ, ਇੱਕ ਨੂੰ ਅਸੀਂ ਘਾਟੇ ਦਾ ਖਾਤਾ ਕਹਿ ਸਕਦੇ ਹਾਂ, ਇੱਕ ਨੂੰ ਵਾਧੇ ਦਾ, ਘਾਟੇ ਦੇ ਖਾਤੇ ਵਿੱਚ punishment (ਸਜ਼ਾ) ਮਿਲਦੀ ਹੈ ਸਜ਼ਾ ਮਿਲਦੀ ਹੈ। ਨਿੰਦਾ ਕਰਦਾ ਹੈ ਆਦਮੀ, ਨਿੰਦਾ ਦੇ ਖਾਤੇ 'ਚ ਜਿੰਨਾਂ ਸਮਾਂ ਸਾਡਾ ਜਾਏਗਾ, ਮਹਾਰਾਜ ਕਹਿੰਦੇ –

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥***

***ਅੰਗ – 755***

ਚਾਰ ਉਂਗਲ ਦੀ ਜ਼ੁਬਾਨ ਹੈ, ਇਹਦੇ ਨਾਲ ਨਿੰਦਿਆ ਕਰਨੀ ਸ਼ੁਰੂ ਕਰ ਦਿਓ। ਕਹਿੰਦੇ, ਉਹਦਾ ਜਿਹੜਾ ਸਮਾਂ ਲੱਗਿਆ ਨਿੰਦਿਆ ਕਰਨ 'ਚ, ਉਹਦਾ ਫਲ ਇਹ ਹੋਏਗਾ ਕਿ ਉਹਨੂੰ ਕੁੰਭੀ ਨਰਕ ਦਾ ਵਾਸਾ ਮਿਲੇਗਾ ਅਤੇ ਉਹਦੇ ਕੀਤੇ ਨੇਕ ਕਰਮ ਜਿੰਨੇ ਨੇ ਸਭ ਖਤਮ ਹੋ ਜਾਣਗੇ। ਈਰਖਾ ਦੇ ਖਾਤੇ 'ਚ ਜਾਂਦੇ ਹਾਂ ਅਸੀਂ। ਕਹਿੰਦੇ, ਉਹਦਾ ਫਲ ਹੋਏਗਾ –

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਕਾ ਕਦੇ ਨ ਹੋਵੀ ਭਲਾ ॥*** ***ਅੰਗ – 308***

ਕਿਉਂਕਿ ਈਰਖਾ ਦੇ ਅੰਦਰ ਜ਼ਿੰਦਗੀ ਬਤੀਤ ਕਰਦਾ ਹੈ। ਚੰਗੇ-ਚੰਗੇ ਬੰਦੇ, ਸੇਵਾ ਕਰਨ ਵਾਲਿਆਂ 'ਚ ਮੈਂ ਦੇਖੀ ਹੈ ਈਰਖਾ, ਹੈਰਾਨ ਹੋ ਜਾਈਦਾ ਹੈ ਕਿ ਜੇ ਮੈਂ ਇਹਨੂੰ ਦੱਸਿਆ ਕਿ ਤੇਰੇ ਅੰਦਰ ਈਰਖਾ ਹੈ ਗੁੱਸਾ ਕਰੇਗਾ ਇਹ। ਨਾਲ ਦੇ ਸਾਥੀਆਂ ਤੇ ਕੀਰਤਨ ਕਰਨ ਵਾਲਿਆਂ ਨੂੰ ਕੀਰਤਨ ਦੀ, ਕੰਮ ਕਰਨ ਵਾਲਿਆਂ ਨੂੰ ਕੰਮ ਦੀ। ਓਹੀ ਗੁਰਦੁਆਰਾ ਹੈ ਇੱਕ ਸਾਂਝਾਂ, ਉਥੇ ਹੀ ਸਾਰੇ ਜਾਂਦੇ ਨੇ ਉਥੇ ਹੀ ਈਰਖਾ ਚਲਦੀ ਹੈ। ਜੇ ਇਹ ਵਿਚਾਰ

ਨਾਲ ਸੋਚੇ ਕਿ ਇਹਦਾ ਫਾਇਦਾ ਤਾਂ ਮੈਨੂੰ ਕੋਈ ਨਹੀਂ ਹੋਇਆ, ਇਹਦੇ ਨਾਲੋਂ ਤਾਂ ਸੌਂ ਜਾਣਾ ਚੰਗਾ ਹੈ। ਕਿਉਂਕਿ ਮਾੜਾ ਲੇਖਾ ਤਾਂ ਨਹੀਂ ਬੀਜਿਆ ਜਾਂਦਾ। ਏਸੇ ਤਰ੍ਹਾਂ ਪ੍ਰਭੂ ਦੇ ਸਿਮਰਨ ਵਿੱਚ ਜੋ ਸਮਾਂ ਲਗਦਾ ਹੈ ਉਹ ਲੇਖੇ ਵਿੱਚ ਲਗਦਾ ਹੈ, ਹਰੀ ਦੇ ਜਸ ਕਰਨ ਵਿੱਚ, ਜੋ ਭਜਨ ਵਿੱਚ ਲਗਦਾ ਹੈ, ਉਹ ਲੇਖੇ 'ਚ ਲਗਦਾ ਹੈ, ਸੇਵਾ ਕਰਨ ਵਾਲਾ ਸਮਾਂ ਲੇਖੇ 'ਚ ਲਗਦਾ ਹੈ, ਲੋਕਾਂ ਦੇ ਵਾਸਤੇ ਭਲਾ ਸੋਚਣ ਵਾਲਾ ਸਮਾਂ ਲੇਖੇ 'ਚ ਲਗਦਾ ਹੈ। ਪਰ ਇਨ੍ਹਾਂ 'ਚ ਕੀਮਤੀ ਲੇਖਾ ਹੈ ਜਿਹੜਾ ਸਾਰਿਆਂ ਨਾਲੋਂ ਉਹ ਹੈ ਪ੍ਰਭੂ ਦੀ ਯਾਦ ਦਾ। ਉਹ ਸਮਾਂ ਜਿੰਨਾਂ ਕੁ ਸਾਨੂੰ ਮਿਲ ਜਾਵੇ, ਉਹ ਲੇਖੇ 'ਚ ਲਗਦਾ ਹੈ, ਹੁਣ ਅਸੀਂ ਐਨੇ ਗਾਫਲ ਹੋਏ ਹੋਏ ਹਾਂ, ਅਸੀਂ ਆਪਣਾ ਸਮੇਂ ਦਾ ਵਿਸ਼ਲੇਸ਼ਣ ਨਹੀਂ ਕਰ ਸਕਦੇ, ਸਹੀ ਉਪਯੋਗ ਨਹੀਂ ਕਰ ਸਕਦੇ ਸਮੇਂ ਨੂੰ। ਕਈ ਬੰਦਿਆਂ ਨੇ, ਸਿਆਣਿਆਂ ਨੇ ਤਰੀਕੇ ਕੱਢੇ ਹੋਏ ਨੇ, ਉਹ ਇੱਕ ਡਾਇਰੀ ਬਣਾ ਦਿੰਦੇ ਨੇ ਜਿਹਦੇ 'ਚ ਗੁਣ ਅਵਗੁਣ ਤਕਰੀਬਨ 60 ਕੁ ਹੈਗੇ, 75 ਇੱਕ ਵਾਰੀ ਮੈਂ ਗਿਣੇ ਸੀ ਦੀਵਾਨ 'ਚ। ਐਨੇ ਕੁ ਹੈਗੇ। ਇਨ੍ਹਾਂ ਦੇ ਵਿੱਚ ਇੱਕ ਪਾਸਾ ਜਿਹੜਾ ਹੈ ਉਹ credit ਦਾ ਹੈ, ਦੂਜਾ ਪਾਸਾ debit ਦਾ ਹੈ। ਈਮਾਨਦਾਰੀ ਨਾਲ ਰਾਤ ਵੇਲੇ ਬੈਠ ਕੇ ਦੇਖੋ ਕਿ ਜੇ ਯਾਦਦਾਸ਼ਤ ਕੰਮ ਦਿੰਦੀ ਹੈ ਕਿ ਅੱਜ ਕਿੰਨੀ ਮੈਂ ਈਰਖਾ ਕਰੀ, ਕਿੰਨੀ ਨਿੰਦਿਆ ਕਰੀ, ਕਿੰਨੀਆਂ ਚੁਗਲੀਆਂ ਕਰੀਆਂ, ਕਿੰਨੀਆਂ ਗਲਤ ਸੋਚਾਂ ਸੋਚੀਆਂ, ਕਿੰਨਾਂ ਮੇਰਾ ਸਮਾਂ ਰੋਟੀ ਕਮਾਉਣ 'ਚ ਲੰਘਿਆ, ਕਿੰਨਾਂ ਆਪਸ ਵਿੱਚ ਲੰਘਿਆ, ਕਿੰਨਾਂ ਨਾਹੁਣ ਧੋਣ 'ਚ ਲੰਘਿਆ, ਭਜਨ 'ਚ ਮੇਰਾ ਕਿੰਨਾ ਲੰਘਿਆ। ਉਹ ਫੇਰ ਖਾਨਾਪੂਰਤੀ ਕਰ ਦਿੰਦੇ ਨੇ। ਮਹੀਨੇ ਬਾਅਦ ਫੇਰ ਨਤੀਜਾ ਦੇਖਦੇ ਨੇ, ਫੇਰ ਸਾਲ ਬਾਅਦ ਦੇਖਦੇ ਨੇ, ਸਾਲ ਬਾਅਦ ਪਤਾ ਲਗਦਾ ਹੈ ਕਿ ਐਨਾ ਘਾਟਾ ਇਹਨੂੰ ਪੈ ਗਿਆ। ਜਦੋਂ ਜਨਮਦਿਨ ਮਨਾਉਂਦੇ ਨੇ ਬਹੁਤ ਰਿਵਾਜ਼ ਹੈ ਸ਼ਹਿਰਾਂ ਦੇ ਅੰਦਰ। ਹੁਣ ਤਾਂ ਬੱਚੇ ਕਹਿੰਦੇ ਨੇ ਕਿ ਮੇਰਾ ਜਨਮਦਿਨ ਨਹੀਂ ਮਨਾਇਆ। ਚਲੋ, ਫੇਰ ਵੀ ਚੰਗਾ ਹੈ, ਲੇਕਿਨ ਕੌਮਾਂ ਜਿਹੜੀਆਂ ਨੇ ਉਹ ਆਪਣਾ ਜਦੋਂ ਜਨਮਦਿਨ ਹੁੰਦਾ ਹੈ, ਜਿਵੇਂ ਵਿਸਾਖੀ ਹੈ ਉਸ ਦਿਨ ਲੇਖਾ ਪੱਤਾ ਦੇਖਦੇ ਨੇ ਕਿ ਸਾਲ ਦੇ ਅੰਦਰ ਮੈਂ ਤਰੱਕੀ ਕਰੀ ਹੈ ਕਿ ਪਿੱਛੇ ਨੂੰ ਗਿਆ ਹਾਂ। ਸੋ ਜਿਹੜਾ ਐਨਾ ਸੁਚੇਤ ਹੋਵੇ, ਉਹ ਤਾਂ ਜਿੱਤ ਜਾਂਦਾ ਹੈ ਇੱਥੇ ਜਿਹੜਾ ਅਚੇਤ ਤੁਰਿਆ ਜਾਂਦਾ ਹੈ, ਉਹਦਾ ਸਮਾਂ ਘਾਟੇ 'ਚ ਲਗਦਾ ਤੁਰਿਆ ਜਾਂਦਾ ਹੈ।

ਗੁਰੂ ਨਾਨਕ ਪਾਤਸ਼ਾਹ ਇੱਕ ਥਾਂ ਬੈਠੇ ਨੇ ਤੇ ਆਪ ਕੀਰਤਨ ਤੋਂ ਬਾਅਦ ਸਮਾਧੀ ਵਿੱਚ ਹੋ ਗਏ ਤੇ ਮਰਦਾਨਾ ਇੱਕ ਕਬਰਸਤਾਨ ਦੇ ਵਿੱਚ ਘੁੰਮਦਾ, ਜੋ ਸਰ੍ਹਾਣੇ ਪੱਥਰ ਲੱਗੇ ਹੋਏ ਨੇ ਉਨ੍ਹਾਂ ਨੂੰ ਪੜ੍ਹ ਰਿਹਾ ਹੈ। ਉਨ੍ਹਾਂ ਪੱਥਰਾਂ 'ਤੇ ਉਮਰ ਲਿਖੀ ਹੋਈ ਹੈ, ਕਿਸੇ ਦੀ ਦੱਸ ਸਾਲ, ਕਿਸੇ ਦੀ ਦੋ ਸਾਲ, ਕਿਸੇ ਦੀ ਤਿੰਨ ਸਾਲ, ਕਬਰਾਂ ਵੱਡੀਆਂ-ਵੱਡੀਆਂ ਨੇ। ਹੈਰਾਨ ਹੋ ਕੇ ਆ ਗਿਆ, ਮਹਾਰਾਜ ਕੋਲ, ਕਹਿਣ ਲੱਗਿਆ, ਸੱਚੇ ਪਾਤਸ਼ਾਹ! ਮੈਂ ਏਧਰ ਕਬਰਸਤਾਨ 'ਚ ਗਿਆ ਸੀ ਇੱਥੇ ਉਮਰ ਬੜੀ ਘੱਟ ਲਿਖੀ ਹੋਈ ਹੈ। ਕੀ ਏਸ ਨਗਰ ਦੇ ਅੰਦਰ ਵੱਡੀ ਉਮਰ ਦਾ ਬੰਦਾ ਹੁੰਦਾ ਹੀ ਨਹੀਂ? ਵੱਧ

ਤੋਂ ਵੱਧ ਦੱਸ ਸਾਲ ਮੈਂ ਦੇਖੀ ਹੈ। ਮਹਾਰਾਜ ਕਹਿੰਦੇ, ਮਰਦਾਨਿਆਂ! ਨਗਰ ਨੇੜੇ ਹੀ ਹੈ, ਜਾ ਕੇ ਪੁੱਛ ਆ, ਇਹਦੇ 'ਚ ਹੈਰਾਨ ਹੋਣ ਦੀ ਕੋਈ ਬਾਤ ਨਹੀਂ। ਮਰਦਾਨਾ ਜਾ ਕੇ ਦੇਖਦਾ ਹੈ ਤਾਂ ਵੱਡੀਆਂ-ਵੱਡੀਆਂ ਉਮਰਾਂ ਦੇ ਬੰਦੇ ਬੈਠੇ ਹੋ, ਸਤਿ ਕਰਤਾਰ ਦੀ ਆਵਾਜ਼ ਦਿੱਤੀ, ਉਨ੍ਹਾਂ ਨੇ ਵੀ ਆਦਰ ਨਾਲ ਬਿਠਾਇਆ। ਇਹਨੇ ਆਪਣਾ ਪ੍ਰਸ਼ਨ ਉਨ੍ਹਾਂ ਦੇ ਸਾਮ੍ਹਣੇ ਪੇਸ਼ ਕੀਤਾ। ਕਹਿਣ ਲੱਗਿਆ, ਬਜ਼ੁਰਗੋ! ਇੱਥੇ ਆ ਕੇ ਮੈਂ ਹੈਰਾਨ ਹੋਇਆ ਹਾਂ ਕਿ ਤੁਸੀਂ ਤਾਂ ਬਹੁਤ ਵੱਡੀਆਂ-ਵੱਡੀਆਂ ਉਮਰਾਂ ਦੇ ਬੈਠੇ ਓਂ ਤੇ ਆਹ ਜਿਹੜਾ ਕਬਰਸਤਾਨ ਹੈ ਇਹਦੇ ਵਿੱਚ ਤਾਂ ਦੱਸ ਸਾਲ ਤੋਂ ਵੱਧ ਕਿਸੇ ਦੀ ਉਮਰ ਨਹੀਂ ਲਿਖੀ ਹੋਈ। ਉਹ ਸਾਰੇ ਮੁਸਕਰਾ ਪਏ। ਕਹਿੰਦੇ, ਭਾਈ ਮਰਦਾਨਾ! ਠੀਕ ਹੈ। ਜਿਹੜਾ ਪਰਦੇਸੀ ਬੰਦਾ ਹੁੰਦਾ ਹੈ ਉਹਨੂੰ ਸ਼ੱਕ ਪੈਂਦਾ ਹੈ ਇਨ੍ਹਾਂ ਗੱਲਾਂ ਦਾ। ਲੇਕਿਨ ਸਾਡੇ ਨਗਰ ਦੀ ਜੋ ਰੀਤ ਹੈ ਉਹ ਹੋਰ ਹੈ। ਕਹਿਣ ਲੱਗੇ, "ਸਾਡੇ ਨਗਰ ਦੇ ਅੰਦਰ ਕੋਈ ਨਿਗੁਰਾ ਪੁਰਸ਼ ਨਹੀਂ ਹੈ, ਕੋਈ ਮਨਮੁਖ ਨਹੀਂ ਹੈ, ਕੋਈ ਬੇਮੁਖ ਨਹੀਂ ਹੈ। ਅਸੀਂ ਸਾਰੇ ਪੀਰ ਪ੍ਰਸੱਤ ਹਾਂ। ਪੀਰ ਦੇ ਜੋ ਸਾਨੂੰ ਉਪਦੇਸ਼ ਮਿਲੇ ਨੇ ਅਸੀਂ ਉਨ੍ਹਾਂ ਨੂੰ ਕਮਾਉਂਦੇ ਹਾਂ, ਕਹਿੰਦੇ ਸਾਡੇ ਨਗਰ ਦੀ ਰੀਤ ਇਹ ਹੈ ਕਿ ਪੰਜ ਸਾਲ ਦਾ ਜਦੋਂ ਬੱਚਾ ਹੋ ਜਾਂਦਾ ਹੈ, ਉਸ ਵੇਲੇ ਸਾਡੀ ਪੰਚਾਇਤ ਇੱਕ ਕਾਪੀ ਉਨ੍ਹਾਂ ਨੂੰ ਦਿੰਦੀ ਹੈ ਤੇ ਕਾਪੀ ਦੇ ਕੇ ਉਨ੍ਹਾਂ ਨੂੰ ਕਹਿੰਦੀ ਹੈ ਕਿ ਦੇਖੋ ਭਾਈ! ਹੁਣ ਇਨ੍ਹਾਂ ਨੂੰ ਬੁਰੇ ਭਲੇ ਦਾ ਗਿਆਨ ਹੋ ਗਿਆ, ਇਹਨੂੰ ਰੱਬ ਦੀ ਭਗਤੀ ਕਰਾ। ਨੇਕ ਕੰਮ ਕਰਾਓ ਇਸ ਤੋਂ ਤੇ ਆਹ ਡਾਇਰੀ ਦੇ ਵਿੱਚ ਲਿਖਦੇ ਚਲੇ ਜਾਓ, ਜਿਸ ਦਿਨ ਅਠਾਰ੍ਹਾਂ ਸਾਲ ਦਾ ਹੋ ਜਾਂਦਾ ਹੈ, ਫੇਰ ਸਾਡੀ ਓਹੀ ਪੰਚਾਇਤ ਇਕੱਠੀ ਹੋ ਕੇ ਉਸਨੂੰ ਡਾਇਰੀ ਦਿੰਦੀ ਹੈ ਕਿ ਹੁਣ ਤੂੰ ਓਨਾਂ ਸਮਾਂ ਲਿਖਦਾ ਜਾਈਂ ਇਹਦੇ 'ਚ ਜਿਹੜਾ ਤੇਰਾ ਪ੍ਰਮੇਸ਼ਰ ਦੀ ਯਾਦ ਵਿੱਚ ਗੁਜ਼ਰਿਆ ਹੈ ਤੇ ਜੀਵ ਜਦੋਂ ਚੜ੍ਹਾਈ ਕਰ ਜਾਂਦਾ ਹੈ ਫੇਰ ਸਾਡੀ ਪੰਚਾਇਤ ਇਕੱਠੀ ਹੁੰਦੀ ਹੈ, ਇਕੱਠੇ ਹੋ ਕੇ ਉਹ ਸਮਾਂ ਗਿਣਦੇ ਨੇ ਜਿਹੜਾ ਉਹਨੇ ਪ੍ਰਮੇਸ਼ਰ ਦੀ ਯਾਦ ਵਿੱਚ ਲਾਇਆ ਹੈ, ਉਹ ਸਮਾਂ ਅਸੀਂ ਉਹਦੀ ਕਬਰ 'ਤੇ ਲਿਖ ਦਿੰਦੇ ਹਾਂ ਕਿ ਆਹ ਬੰਦੇ ਦੀ ਉਮਰ ਅਸਲ ਵਿੱਚ ਐਨੀ ਹੀ ਹੈ।"

***ਉਮਰ ਓਹਾ ਵਿਚ ਲੇਖੇ ਦੇ***
***ਜੋ ਯਾਦ ਸਾਂਈ ਵਿਚ ਗੁਜਰੇ,***
***ਪੈਂਦੀ ਮੁਜਰੇ।***
***ਨਹੀਂ ਤਾਂ ਸਾਨੂੰ ਹਾਸਲ ਕੀ ਹੈ***
***ਇਸ ਵਿੱਚ ਨੀਲੇ ਹੁਜਰੇ, ਸੰਝ ਤੇ ਫਜਰੇ। ਭਾਈ ਵੀਰ ਸਿੰਘ ਜੀ***

ਕਹਿੰਦੇ, "ਭਾਈ ਮਰਦਾਨਾ! ਅਸੀਂ ਪ੍ਰਮੇਸ਼ਰ ਦੀ ਯਾਦ ਵਿੱਚ ਗੁਜ਼ਰਿਆ ਹੋਇਆ ਸਮਾਂ ਲਿਖਦੇ ਹਾਂ।"

ਹੁਣ ਆਪਾਂ ਦੇਖੋ ਕਿ ਸਾਡੀ ਉਮਰ ਕਿੰਨੀ ਕੁ ਹੋਣੀ ਹੈ। ਕੋਈ ਭਾਗਾਂ ਵਾਲਾ ਬੰਦਾ ਹੈ ਜਿਹਨੂੰ ਬਚਪਨ ਤੋਂ ਹੀ ਸੋਝੀ ਹੋਵੇ। ਜੇ ਦਸ ਸਾਲ ਤੋਂ ਹੀ ਸੋਝੀ ਆ ਗਈ ਨਾਮ ਜਪਣ ਦੀ, 75 ਸਾਲ ਦੀ ਉਮਰ ਹੋਵੇ ਤਾਂ

65 ਬਚ ਗਏ, ਬਾਕੀ ਦਸ ਤਾਂ ਗਏ ਪਹਿਲੇ। 65 ਦੇ ਵਿੱਚ ਅਸੀਂ ਨਿਤਨੇਮ ਨਾਲ ਢਾਈ ਘੰਟੇ ਰੱਬ ਦੀ ਯਾਦ ਵਿੱਚ ਗੁਜ਼ਾਰਦੇ ਹਾਂ। ਕਿੰਨਾ ਸਮਾਂ ਹੋਇਆ? ਸਾਢੇ ਛੇ ਸਾਲ ਹੋਇਆ ਸਾਰਾ ਹੀ। ਇਹਦਾ ਮਤਲਬ ਹੈ ਢਾਈ ਘੰਟੇ ਜੋ ਨਿਤਨੇਮ ਨਾਲ ਨਾਮ ਜਪਦਾ ਹੈ ਉਹਦੀ ਉਮਰ ਸਾਢੇ ਛੇ ਸਾਲ ਹੈ, ਰੱਬ ਦੇ ਲੇਖੇ ਤੇ ਅਠਾਹਠ ਸਾਲ ਛੇ ਮਹੀਨੇ ਉਹਦੀ ਉਮਰ ਬਰਬਾਦ ਗਈ, ਕਿਸੇ ਲੇਖੇ 'ਚ ਨਹੀਂ ਹੈ। ਸਗੋਂ ਮਾੜਿਆਂ ਲੇਖੇ 'ਚ ਹੈ –

***ਬੈਰ ਬਿਰੋਧ ਕਾਮ ਕ੍ਰੋਧ ਮੋਹ ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ਅੰਗ – 268***

ਇਨ੍ਹਾਂ ਲੇਖਿਆਂ 'ਚ ਜਦੋਂ ਸਾਡੀ ਉਮਰ ਜਾਂਦੀ ਹੈ, ਕਿੰਨੀ ਬਰਬਾਦ ਕਰ ਦਿੱਤੀ, ਥੋੜ੍ਹੀ ਉਮਰ ਨਹੀਂ ਹੈ, ਇੱਕ ਸਵਾਸ ਦੀ ਕਿੰਨੀ ਕੀਮਤ ਹੈ, ਮਹਾਰਾਜ ਕਹਿੰਦੇ –

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ। ਅਕਾਲ ਉਸਤਤਿ***

ਇੱਕ ਸਵਾਸ ਵਿੱਚ ਵੀ ਜੇ ਵਾਹਿਗੁਰੂ ਯਾਦ ਆ ਜਾਵੇ ਤਾਂ ਵੀ ਕਾਲ ਫਾਸ 'ਚ ਨਹੀਂ ਆਉਂਦਾ। ਕਿੰਨੇ ਸਵਾਸ ਬਰਬਾਦ ਕਰ ਦਿੱਤੇ। 75 ਸਾਲ ਵਾਲੇ ਦੀ, ਸਵਾਸਾਂ ਦੀ ਗਿਣਤੀ 66 ਕਰੋੜ 44 ਲੱਖ ਹੋਇਆ ਕਰਦੀ ਹੈ ਤੇ ਜੇ 66 ਸਾਲ ਦਾ ਹੈ, 60 ਸਾਲ ਹੈ ਤਾਂ ਕਿੰਨੇ ਹੋ ਗਏ, ਛੇ ਸਾਲ ਕੱਢ ਦਿਓ, ਬਾਕੀ ਸਾਰੇ ਬਰਬਾਦ ਗਏ। ਏਸ ਕਰਕੇ ਬੇਨਤੀ ਕਰਦੇ ਹਾਂ ਕਿ ਹੇ ਪ੍ਰਭੂ! ਤੂੰ ਕਿਤੋਂ ਕ੍ਰਿਪਾ ਕਰ। ਸਾਡੇ ਤਾਂ ਵਸ ਤੋਂ ਬਾਹਰਲੀ ਗੱਲ ਹੈ। ਸਾਡੇ ਤਾਂ ਇਹ ਗੱਲ ਸਮਝ 'ਚ ਨਹੀਂ ਆਉਂਦੀ ਤੇ ਨਾ ਅੰਦਰ ਜਾਂਦੀ ਹੈ। ਨਾ ਇਹ ਜਾ ਕੇ ਸਾਡੇ ਅੰਦਰ ਕੋਈ ਪ੍ਰੇਰਨਾ ਕਰਦੀ ਹੈ ਤੇ ਸਾਡੇ ਅੰਦਰ ਕੋਈ vibration ਨਹੀਂ ਹੁੰਦੀ। ਅਸੀਂ ਤਾਂ ਕਠੋਰ ਬੰਦੇ ਹਾਂ –

***ਕੁਚਲ ਕਠੋਰ ਕਾਮਿ................॥ ਅੰਗ – 1001***

ਕਠੋਰਤਾ ਕਰਕੇ ਸਾਡੇ ਉਤੇ ਤੇਰੇ ਉਪਦੇਸ਼ਾਂ ਦਾ ਅਸਰ ਨਹੀਂ ਹੁੰਦਾ। ਇਹ ਤੂੰ ਆਪ ਹੀ ਕ੍ਰਿਪਾ ਕਰ।

***ਧਾਰਨਾ – ਲੇਖੇ ਵਿੱਚ ਲਾ ਲਓ ਜੀ,***
***ਜਨਮ ਤੁਮਾਰੇ ਲੇਖੇ।***

ਸੋ ਜੋ ਵਾਹਿਗੁਰੂ ਦੇ ਲੇਖੇ 'ਚ ਪੈਂਦਾ ਹੈ ਉਹ ਸਮਾਂ ਸਾਡਾ ਸਫਲਾ ਹੈ, ਬਾਕੀ ਜਿਹੜਾ ਸਾਡਾ ਸਮਾਂ ਲੰਘ ਗਿਆ, ਉਹਦੇ 'ਤੇ ਸਾਨੂੰ ਫਿਕਰ ਕਰਨਾ ਚਾਹੀਦਾ ਹੈ, ਕਰੋੜਾਂ ਸਾਲਾਂ ਤੋਂ ਬਾਅਦ ਸਾਨੂੰ ਮਨੁੱਖ ਦਾ ਜਾਮਾ ਪ੍ਰਾਪਤ ਹੋਇਆ ਹੈ। ਬੜੇ ਚੱਕਰ ਖਾਧੇ ਨੇ –

***ਕਈ ਜਨਮ ਭਏ ਕੀਟ ਪਤੰਗਾ ॥***

*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ 1 ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥* **ਅੰਗ - 176**

ਬਹੁਤ ਮੁਦੱਤ ਤੋਂ ਬਾਅਦ ਇਹ ਦੇਹ ਦੀ ਪ੍ਰਾਪਤੀ ਹੋਈ ਹੈ, ਸਾਨੂੰ ਏਸ ਦੀ ਕਦਰ ਕਰਨੀ ਚਾਹੀਦੀ ਹੈ, seriously (ਗੰਭਰੀਤਾ ਨਾਲ), ਐਵੇਂ ਨਹੀਂ ਉਤੋਂ-ਉਤੋਂ, ਜਿਹੜੇ ਉਤਲੇ-ਉਤਲੇ ਧਰਮ ਹੁੰਦੇ ਨੇ ਉਹ ਕੋਈ ਬਹੁਤਾ ਕੰਮ ਨਹੀਂ ਸਾਰਿਆ ਕਰਦੇ, ਮਾੜਾ ਜਿਹਾ ਹੀ ਫਰਕ ਹੁੰਦਾ ਹੈ ਉਨ੍ਹਾਂ ਦਾ, ਅੰਦਰੋਂ ਜਿਹਨੂੰ ਲਗਨ ਲੱਗ ਗਈ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
**ਡਾ. ਭਾਈ ਵੀਰ ਸਿੰਘ ਜੀ**

ਮਿਲਾਪ ਤੋਂ ਉਰ੍ਹੇ ਠਹਿਰਦੇ ਨਹੀਂ ਹਨ। ਸੋ ਸਾਰਾ ਸਮਾਂ ਸਾਡਾ ਝੂਠੀਆਂ ਪ੍ਰੀਤਾਂ 'ਚ ਲੰਘ ਜਾਂਦਾ ਹੈ, ਮਹਾਰਾਜ ਕਹਿੰਦੇ ਝੂਠੀਆਂ ਪ੍ਰੀਤਾਂ ਨੂੰ ਛੱਡ ਦੇ -

*ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥*
*ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥*
**ਅੰਗ - 1102**

ਦੁਨੀਆਂ ਦੀਆਂ ਪ੍ਰੀਤਾਂ ਜਿਹੜੀਆਂ ਨੇ, ਇਹ ਕਿਸੇ ਕੰਮ ਨਹੀਂ ਆਉਂਦੀਆਂ। ਇਹ ਪ੍ਰੀਤਾਂ ਆਦਮੀ ਦਾ ਸਮਾਂ ਬਰਬਾਦ ਕਰਕੇ ਇਹਨੂੰ ਧੋਖਾ ਦਿੰਦੀਆਂ ਨੇ, ਇਹ ਮਾਇਆ ਦਾ ਛਲ ਹੈ। ਨਾ ਪੁੱਤਰ ਦੀ ਪ੍ਰੀਤ ਸਿਰੇ ਚੜ੍ਹਦੀ ਹੈ ਕਿਸੇ ਦੀ ਵੀ ਨਹੀਂ ਚੜ੍ਹਦੀ, ਜਿੰਨੇ ਦੁਨੀਆਂ ਦੇ ਪਿਆਰ ਮਾਇਆ ਦੇ ਪਿਆਰ ਨੇ। ਜੇ ਕੋਈ ਪਿਆਰ ਸਿਰੇ ਚੜ੍ਹਦਾ ਹੈ ਕਿਉਂਕਿ ਵਾਹਿਗੁਰੂ ਨਿਰਾ ਪਿਆਰ ਹੈ। ਪਿਆਰ ਜਿਹੜਾ ਹੈ ਇਹ ਜ਼ਿੰਦਗੀ ਹੈ ਆਦਮੀ ਦੀ। ਪਿਆਰ ਤੋਂ ਵਿਹੂਣੀ ਜ਼ਿੰਦਗੀ ਜਿਹੜੀ ਹੈ, ਮਹਾਰਾਜ ਨੇ ਤਾਂ ਮੰਨੀ ਹੀ ਨਹੀਂ ਹੈ ਪਿਆਰ ਤੋਂ ਵਿਹੂਣੀ ਜ਼ਿੰਦਗੀ। ਕਹਿੰਦੇ, ਜੀ ਜਿਹੜੇ ਸੋਹਣੇ ਸੁਨੱਖੇ ਪੈਸੇ ਵਾਲੇ ਨੇ ਉਹਦੇ ਬਾਰੇ ਵੀ ਮਹਾਰਾਜ ਕਹਿੰਦੇ -

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥*
**ਅੰਗ - 253**

ਜਿਸਦੇ ਅੰਦਰ ਹਰੀ ਦਾ ਪਿਆਰ ਨਹੀਂ ਹੈ, ਉਹ ਸਾਰਾ ਝੂਠਾ ਪਿਆਰ ਹੈ, ਮਰੇ ਹੋਏ ਬੰਦੇ ਨੇ ਉਹ ਕਿਉਂਕਿ ਅਸਲੀ ਪਿਆਰ ਦੀ ਰੌਂ ਨਹੀਂ ਰੁਮਕਦੀ। ਬਾਕੀ ਪਿਆਰ ਜਿਹੜੇ ਨੇ ਉਹ ਨਿਭਦੇ ਨਹੀਂ। ਪੁੱਤਰ ਨੂੰ ਮਾਂ ਪਿਆਰ ਕਰੀ ਜਾਂਦੀ ਹੈ ਇੱਥੇ ਮੇਰੇ ਕੋਲ ਕਿੰਨੇ ਹੀ ਆਉਂਦੇ ਨੇ

ਕਿ ਨਾ ਮੁੰਡਾ ਪੁੱਛਦਾ ਹੈ, ਨਾ ਨੂੰਹ ਪੁੱਛਦੀ ਹੈ, ਕੋਈ ਨਹੀਂ ਪੁੱਛਦਾ। ਮੈਂ ਕਹਿ ਦਿੰਦਾ ਹੈ ਕਿ ਚੱਲ ਬੀਬੀ, ਫੇਰ ਤੂੰ ਐਸ ਤਰ੍ਹਾਂ ਕਰ, ਆਪਣਾ ਕਾਰੋਬਾਰ ਕਰ ਲੈਨੀ ਐਂ? ਕ੍ਰਿਆ ਕਰ ਲੈਨੀ ਹੈਂ? ਚੱਲ ਫੇਰ ਸਾਡੇ ਉਥੇ ਬਹਿ ਜਾ ਭਾਈ, ਗੁਰੂ ਨਾਨਕ ਪੁੱਛ ਲਏਗਾ ਤੈਨੂੰ, ਜੇ ਨਹੀਂ ਕੋਈ ਪੁੱਛਦਾ, ਪਰ ਉਹਦੀ ਬਣ ਕੇ ਰਹੀਂ। ਉਥੇ ਨਾ ਨਿੰਦਿਆ, ਚੁਗਲੀ ਕਰੀਂ ਜਾ ਕੇ ਨੂੰਹਾਂ ਦੀ ਜਾਂ ਹੋਰ ਰਿਸ਼ਤੇਦਾਰਾਂ ਦੀ। ਕਿਉਂਕਿ ਇਹ ਪਿਆਰ ਨਿਭਿਆ ਨਹੀਂ ਕਰਦੇ ਇਹ ਸਾਰਿਆਂ ਨੂੰ –

***ਜਗਤ ਮੈ ਝੂਠੀ ਦੇਖੀ ਪ੍ਰੀਤਿ ॥*** ***ਅੰਗ – 536***

ਕਹਿੰਦੇ, ਅਸੀਂ ਅੱਖਾਂ ਨਾਲ ਦੇਖ ਲਈ, ਇਹ ਪ੍ਰੀਤ ਜਿੰਨੀ ਸੰਸਾਰ ਦੀ ਹੈ ਇਹ ਸਾਰੀ ਝੂਠੀ ਹੈ। ਜੇ ਕੋਈ ਪ੍ਰੀਤ ਸੱਚੀ ਹੈ ਉਹਦੇ ਬਾਰੇ ਇਸ ਤਰ੍ਹਾਂ ਨਾਲ ਫੁਰਮਾਨ ਆਉਂਦਾ ਹੈ –

***ਧਾਰਨਾ – ਪੀਰ ਮੁਰੀਦ ਦਾ ਨਿਭਦਾ ਹੈ ਪਿਆਰ ਨਾਲੇ।***

***ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।***
***ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।***
***ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।***
***ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।***
***ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ।***
***ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ।***

***ਭਾਈ ਗੁਰਦਾਸ ਜੀ, 27/4***

ਪੱਕੀਆਂ ਪ੍ਰੀਤਾਂ, ਚੰਦ ਤੇ ਚਕੋਰ ਦੀ ਪ੍ਰੀਤ ਕਦੇ ਨਹੀਂ ਟੁੱਟਦੀ, ਮਰ ਜਾਂਦਾ ਹੈ ਪਰ ਪੱਕੀ ਰਹਿੰਦੀ ਹੈ ਇਸੇ ਤਰ੍ਹਾਂ ਦੇ ਨਾਲ ਚਕਵੀ ਤੇ ਸੂਰਜ ਦੀ ਪ੍ਰੀਤ ਨਹੀਂ ਟੁੱਟਦੀ। ਕਮਲ ਤੇ ਜਲ ਦੀ ਪ੍ਰੀਤ ਨਹੀਂ ਟੁੱਟਦੀ, ਮੋਰ ਤੇ ਬਬੀਹੇ ਤੇ ਬੱਦਲਾਂ ਦੀ ਪ੍ਰੀਤ ਨਹੀਂ ਟੁੱਟਦੀ। ਏਸੇ ਤਰ੍ਹਾਂ ਮਹਾਰਾਜ ਕਹਿੰਦੇ ਜਿਹੜਾ –

***ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ।***

***ਭਾਈ ਗੁਰਦਾਸ ਜੀ, 27/4***

ਜਿਸਨੇ ਵੀ ਪਿਆਰ ਪਾਇਆ ਹੈ ਇੱਥੇ ਵੀ ਨਿਭੇਗਾ, ਦਰਗਾਹ ਵਿੱਚ ਵੀ ਜਾ ਕੇ ਨਿਭੇਗਾ, ਇਹ ਤਾਂ ਨਹੀਂ ਕਿ ਇੱਥੋਂ ਪਿਆਰ ਟੁੱਟ ਗਿਆ। ਵਿਚਾਰ ਕਰਕੇ ਦੇਖ ਲਓ। ਕਿਸੇ ਦਾ ਪੁੱਤਰ ਨਾਲ ਪਿਆਰ ਹੈ।

ਇੱਕ ਸਾਖੀ ਸੁਣਾਈਦੀ ਸੀ ਅੱਗੇ ਕਿ ਇੱਕ ਬਜ਼ੁਰਗ ਦਾ ਆਪਣੇ ਪਰਿਵਾਰ ਨਾਲ ਪਿਆਰ ਸੀ, ਉਹ ਬਜ਼ੁਰਗ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਪ੍ਰਸ਼ਾਦਾ ਛਕਾ ਦਿੱਤਾ, ਮਹਾਰਾਜ ਕਹਿੰਦੇ, ਤੈਨੂੰ ਪੁਰਖਾ! ਮੁਕਤ ਕਰ ਦੇਈਏ?

ਕਹਿੰਦਾ, "ਮੈਂ ਕੀ ਵਿਗਾੜਿਆ ਹੈ ਤੁਹਾਡਾ? ਪ੍ਰਸ਼ਾਦਾ ਛਕਾਇਆ ਹੈ, ਉਲਟਾ ਮੈਨੂੰ ਮੁਕਤ ਕਰਨ ਲੱਗੇ ਹੋ।"

ਮਹਾਰਾਜ ਕਹਿੰਦੇ, "ਸਮਝਦਾ ਨਹੀਂ ਹੈ ਮਰਦਾਨਿਆਂ! ਇਹਨੂੰ ਪਤਾ

ਨਹੀਂ ਕਿ ਮੁਕਤੀ ਕੀ ਹੁੰਦੀ ਹੈ, ਇਹ ਮਰਨ ਨੂੰ ਹੀ ਮੁਕਤੀ ਸਮਝਦਾ ਹੈ।''

ਮਹਾਰਾਜ ਚਲੇ ਜਾਂਦੇ ਨੇ ਉਹ ਜਿਹੜਾ ਬਜ਼ੁਰਗ ਹੈ, ਮਰ ਕੇ; ਪਿਆਰ ਦੀ ਕਸ਼ਸ਼ ਤਾਂ ਸੀ ਉਹ ਬੈਲ ਬਣ ਗਿਆ।

ਫੇਰ ਪੁੱਛਿਆ ਆ ਕੇ ਉਹਨੇ ਫੇਰ ਜਵਾਬ ਦੇ ਦਿੱਤਾ।

ਤੀਸਰੀ ਵਾਰੀ ਕੁੱਤਾ ਬਣ ਗਿਆ, ਮਹਾਰਾਜ ਕਹਿੰਦੇ, ''ਹੁਣ ਤਾਂ ਤੇਰੀ ਮੁਕਤੀ ਕਰ ਦੇਈਏ।''

ਕਹਿੰਦਾ, ''ਮਹਾਰਾਜ! ਮੇਰੇ ਬੱਚੇ ਐਡੇ ਨਲਾਇਕ ਨੇ, ਨੂੰਹਾਂ ਐਨੀਆ ਨਲਾਇਕ ਨੇ ਜਿੰਦੀ ਜਿਹੀ ਲਾ ਕੇ ਕੋਠੇ 'ਤੇ ਜਾ ਪੈਂਦੀਆਂ ਨੇ ਤੇ ਚੋਰ ਆ ਕੇ ਜਿੰਦੀ ਖੋਲ੍ਹਣ ਲੱਗਦੇ ਨੇ, ਮੈਂ ਭੌਂਕਦਾ ਹਾਂ, ਦੇਖੋ ਮੇਰੀ ਪਿੱਠ ਤੋੜੀ ਪਈ ਹੈ, ਡੰਡੇ ਮਾਰ-ਮਾਰ ਕੇ, ਇਹ ਤਾਂ ਸਾਰੇ ਗਰੀਬ ਹੋ ਜਾਣਗੇ ਜੇ ਤੁਸੀਂ ਮੇਰੀ ਮੁਕਤੀ ਕਰ ਦਿੱਤੀ। ਉਸ ਤੋਂ ਬਾਅਦ ਐਸਾ ਪੁਸਤਕਾਂ 'ਚ ਲਿਖਿਆ ਹੋਇਆ ਹੈ ਕਿ ਉਸੇ ਘਰ 'ਚ ਸੱਪ ਬਣ ਗਿਆ। ਉਹ ਮੁੰਡਾ ਛੋਟਾ ਖੇਲ੍ਹਦਾ ਸੀ, ਆਪ ਬਾਹਰ ਗਏ ਹੋਏ ਸੀ, ਪਘੂੰੜੇ 'ਤੇ ਪਾਇਆ ਹੋਇਆ ਸੀ, ਸੱਪ ਪਘੂੰੜੇ 'ਤੇ ਚੜ੍ਹ ਕੇ ਨਾਲ ਲੱਗ ਗਿਆ ਖੇਲ੍ਹਣ। ਜਦੋਂ ਮੁੰਡਾ ਆਇਆ ਬਾਹਰੋਂ ਵੱਡਾ, ਉਹਨੇ ਕਿਹਾ ਕਿ ਆਹ ਤਾਂ ਸੱਪ ਨੇ ਮਾਰ ਦਿੱਤਾ। ਉਹਨੇ ਡੰਡਾ ਚੁੱਕਿਆ ਸੱਪ ਦੀ ਸਿਰੀ 'ਤੇ ਮਾਰ ਕੇ, ਸੱਪ ਮਾਰ ਦਿੱਤਾ। ਫੇਰ ਸੁੰਡ ਬਣ ਗਿਆ, ਇਹ ਪਿਆਰ ਕਿੰਨਾ ਦੁੱਖ ਦਿੰਦਾ ਹੈ, ਜਿਹੜਾ ਇਹ ਹੈ। ਇਹ ਸਿਰਫ ਜੋ ਸੱਚਾ ਪਿਆਰ ਗੁਰੂ ਤੇ ਪੀਰ ਦਾ, ਸਿੱਖ ਤੇ ਗੁਰੂ ਦਾ, ਇਹ ਇੱਥੇ ਵੀ ਨਿਭਦਾ ਹੈ ਤੇ ਦਰਗਾਹ ਵਿੱਚ ਜਾ ਕੇ ਵੀ ਨਿਭਦਾ ਹੈ। ਜਦੋਂ ਤੱਕ ਸੰਸਾਰ ਹੈ ਉਸ ਵੇਲੇ ਤੱਕ ਨਿਭਦਾ ਹੀ ਚਲਿਆ ਜਾਂਦਾ ਹੈ। ਕਹਿੰਦੇ, ਇੱਕੋ ਪਿਆਰ ਹੈ ਜਿਹੜਾ ਨਿਭਦਾ ਹੈ। ਸੋ ਪਿਆਰ ਦੀ ਜ਼ਿੰਦਗੀ ਜਿਹੜੀ ਹੈ ਗੁਰੂ ਦੇ ਨਾਲ ਪਿਆਰ ਕਰਨਾ, ਸਾਰੇ ਸਾਧਨਾਂ ਦਾ ਸ਼੍ਰੋਮਣੀ ਸਾਧਨ ਪਿਆਰ ਹੋਇਆ ਕਰਦਾ ਹੈ। ਬੇਗਰਜ਼ ਪਿਆਰ, ਕੋਈ ਗਰਜ਼ ਨਾ ਹੋਵੇ ਕਿਸੇ ਕਿਸਮ ਦੀ।

ਸੋ ਐਸੇ ਪਿਆਰ ਦੀ ਇੱਕ ਕਹਾਣੀ ਗੁਰੂ ਨਾਨਕ ਪਾਤਸ਼ਾਹ ਰਾਇ ਭੋਇੰ ਦੀ ਤਲਵੰਡੀ 'ਚ, ਜੋ ਰਾਏ ਬੁਲਾਰ ਸੀ ਇਹਨੇ ਗੁਰੂ ਨਾਨਕ ਮਹਾਰਾਜ ਦੇ ਬਹੁਤ ਕੌਤਕ ਦੇਖੇ। ਸੀ ਤਾਂ ਇਸਲਾਮ ਵਾਲਾ ਤੇ ਹਿੰਦੂਆਂ ਨੂੰ ਕਾਫਰ ਕਹਿਣ ਵਾਲੇ ਇੱਕ ਨਫਰਤ ਦਾ ਅੱਖਰ ਹੈ, ਇਹ ਮਲੇਛ ਕਹਿੰਦੇ ਸੀ, ਉਹ ਕਾਫਰ ਕਹਿੰਦੇ ਸੀ ਏਸ ਨਫਰਤ ਨੂੰ ਉਪਰ ਦੀ ਲੰਘ ਕੇ ਉਹ ਗੁਰੂ ਨਾਨਕ ਨੂੰ ਐਨਾ ਪਿਆਰ ਕਰਦਾ ਸੀ ਕਿ ਜੇ ਕੋਈ ਅੱਲਾਹ ਤਾਲਾ ਹੈ ਵਜੂਦ ਦੇ ਅੰਦਰ ਤਾਂ ਗੁਰੂ ਨਾਨਕ ਹੀ ਹੈ। ਹੱਦ ਤੋਂ ਜ਼ਿਆਦਾ ਪਿਆਰ ਸੀ ਉਸਦਾ। ਗੁਰੂ ਨਾਨਕ ਪਾਤਸ਼ਾਹ ਜਦੋਂ ਭਾਈ ਲਾਲੋ ਕੋਲ ਗਏ, ਤੁਰਨ ਲੱਗੇ ਤਾਂ ਭਾਈ ਲਾਲੋ ਨੇ ਚਰਨ ਫੜ ਲਏ ਕਹਿਣ ਲੱਗਿਆ, ਪਾਤਸ਼ਾਹ! ਤਿੰਨ ਦਿਨ ਹੀ। ਸਦੀਆਂ ਬਾਅਦ ਮਿਲੇ ਹੋ, ਜੁਗਾਂ ਬਾਅਦ ਆਪ ਦੇ

ਦਰਸ਼ਨ ਹੋਏ ਨੇ ਤੇ ਆਪ ਤਿੰਨ ਦਿਨ ਰਹਿ ਕੇ ਜਾ ਰਹੇ ਹੋ। ਬਹੁਤ ਵੈਰਾਗ ਕਰਿਆ, ਮਹਾਰਾਜ ਉਹਦੇ ਪਿਆਰ ਵਿੱਚ ਕਾਬੂ ਹੋ ਗਏ। ਕਿਉਂਕਿ ਜਿਹੜੇ ਭਗਤ ਹੁੰਦੇ ਨੇ ਉਹ ਪ੍ਰਮੇਸ਼ਰ ਨੂੰ ਕੀਲ ਲਿਆ ਕਰਦੇ ਨੇ -

***ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ ॥***

***ਅੰਗ - 1105***

ਅਜੇ ਵੀ ਕਹਿੰਦੇ, ਰਾਜੇ ਬਲ ਦੇ ਦੁਆਰ 'ਤੇ ਖੜ੍ਹਾ ਦਰਬਾਨ ਬਣ ਕੇ ਪਹਿਰਾ ਦੇ ਰਿਹਾ ਹੈ।

ਗੁਰੂ ਨਾਨਕ ਪਾਤਸ਼ਾਹ ਠਹਿਰ ਗਏ, ਕਹਿੰਦੇ ਮਰਦਾਨਿਆਂ! ਜਾਹ ਤੂੰ ਤਲਵੰਡੀ ਖਬਰ ਸਾਰ ਲੈ ਆ ਆਪਣੀ। ਕਿਉਂਕਿ ਤੇਰੇ ਮਨ 'ਚ ਹਮੇਸ਼ਾ ਇਹ ਫੁਰਨਾ ਰਹਿੰਦਾ ਹੈ। ਸੋ ਮਰਦਾਨਾ ਜਾਂਦਾ ਹੈ ਜਦੋਂ ਮਹਿਤਾ ਕਾਲੂ ਜੀ ਨੂੰ ਪਤਾ ਲੱਗਿਆ ਕਿ ਮਰਦਾਨਾ ਆਇਆ ਹੈ ਤੇ ਭਾਈ ਬਾਲਾ ਵੀ ਨਾਲ ਹੋ ਗਏ। ਦੋਹਾਂ ਨਾਲ ਇਕੱਠਿਆਂ ਨਾਲ ਮਿਲਦਾ ਹੈ।

ਕਹਿੰਦਾ, ''ਕਿੱਥੇ ਹੈ ਨਾਨਕ?''

ਉਹ ਕਹਿੰਦੇ ਉਹ ਤਾਂ ਐਸ ਤਰ੍ਹਾਂ ਦੇ ਨਾਲ ਸੁਲਤਾਨਪੁਰ ਮੋਦੀਖਾਨਾ ਲੁਟਾ ਦਿੱਤਾ, ਵੇਈਂ ਨਦੀ 'ਚੋਂ ਨਿਕਲ ਕੇ, ਨਮਾਜ਼ ਦਾ ਕੌਤਕ ਦੱਸਿਆ ਤੇ ਉਸ ਤੋਂ ਬਾਅਦ ਸਾਰੀਆਂ ਗੱਲਾਂ ਦੱਸ ਕੇ ਉਨ੍ਹਾਂ ਦੇ ਮੂੰਹੋਂ ਨਿਕਲਿਆ ਕਿ ਮਹਿਤਾ ਜੀ! ਗੁਰੂ ਨਾਨਕ ਤਾਂ ਆਪ ਪ੍ਰਮੇਸ਼੍ਵਰ ਹੈ।

ਕਹਿੰਦਾ ਓਏ! ਤੁਸੀਂ ਭੱਠਾਂ ਬਹਾਇਆ ਹੈ ਮੇਰਾ। ਦੋਹਾਂ ਜਣਿਆ ਨੇ। ਕਹਿੰਦਾ, ਐਨਾ ਪੈਸਾ ਕਮਾਇਆ ਸੀ, 760 ਰੁਪਏ ਤੁਸੀਂ ਕਹਿੰਦੇ ਓਂ, ਬਾਕੀ ਨਿਕਲੀ। 760 ਹੁਣ ਦੇ ਸੱਤ ਲੱਖ ਵਰਗੇ ਸੀ। ਤੁਹਾਡੇ ਤੋਂ ਪੈਸਾ ਸੰਭਾਲਿਆ ਨਾ ਗਿਆ। ਕੰਮ ਆਉਂਦਾ, ਉਹ ਸਾਰਾ ਹੀ ਫਕੀਰਾਂ ਨੂੰ ਲੁਟਾ ਦਿੱਤਾ। ਤੁਸੀਂ ਮੱਤ ਨਾ ਦਿੱਤੀ ਨਾਨਕ ਨੂੰ। ਬੜੀ ਹੀ ਲੜਾਈ ਕਰੀ।

ਉਹ ਕਹਿੰਦੇ ਮਹਿਤਾ ਜੀ! ਸਾਡੇ ਨਾਲ ਤੁਸੀਂ ਕਾਹਨੂੰ ਲੜਦੇ ਹੋ, ਤੁਸੀਂ ਆਪਣੇ ਪੁੱਤਰ ਨਾਲ ਹੀ ਗੱਲ ਕਰਿਓ। ਅਸੀਂ ਤਾਂ ਉਨ੍ਹਾਂ ਦੇ ਦਾਸ ਹਾਂ, ਜਿਵੇਂ ਉਹ ਕਹਿੰਦੇ ਨੇ ਓਵੇਂ ਕਰਾਂਗੇ। ਸਾਡੇ 'ਚ ਨਹੀਂ ਇਹ ਤਾਕਤ ਤੁਹਾਡੇ ਵਾਲੀਆਂ ਗੱਲਾਂ ਕਰਨ ਦੀ। ਬੜੇ ਮੇਹਣੇ ਦਿੱਤੇ, ਬਹੁਤ ਮੇਹਣੇ ਦਿੱਤਾ, ਭਾਈ ਬਾਲੇ ਨੂੰ ਮੇਹਣਾ ਦਿੱਤਾ ਕਿ ਤੂੰ ਜਦੋਂ ਖਰਾ ਸੌਦਾ ਕਰਨ ਗਏ ਨੇ ਜਦ ਵੀ ਤੂੰ ਪੈਸੇ ਖਰਾਬ ਕਰਾਏ, ਹੁਣ ਵੀ ਤੂੰ ਪੈਸੇ ਖਰਾਬ ਕਰਾਏ। ਤੂੰ ਪੈਸੇ ਉਹਦੇ ਸਾਂਭ-ਸਾਂਭ ਨਹੀਂ ਰੱਖੇ।

ਉਹ ਕਹਿੰਦਾ, ਮਹਿਤਾ ਜੀ! ਮੈਂ ਤਾਂ ਚਾਕਰ ਹਾਂ, ਦਾਸ ਹਾਂ। ਮੁੱਲ ਖਰੀਦਿਆ ਹੋਇਆ ਤੇ ਮੁੱਲ ਖਰੀਦੇ ਹੋਏ ਦਾਸ ਦੀ ਕੋਈ ਗੱਲ ਨਹੀਂ ਹੁੰਦੀ। ਉਹ ਤਾਂ ਮੈਂ ਰਜ਼ਾ 'ਚ ਰਹਿਣਾ ਹੈ ਮਾਲਕ ਦੀ 'ਚ। ਮਹੀਨਾ ਠਹਿਰ ਕੇ ਗੁਰੂ ਨਾਨਕ ਪਾਤਸ਼ਾਹ ਦੇ ਪਾਸ ਆ ਜਾਂਦੇ ਨੇ ਉਸ ਤੋਂ ਪਹਿਲਾਂ ਰਾਏ ਬੁਲਾਰ ਦੇ ਪਾਸ ਗਏ। ਜਦੋਂ ਰਾਏ ਜੀ ਨੂੰ ਪਤਾ ਲੱਗਿਆ,

ਉਨ੍ਹਾਂ ਦਾ ਹੀ ਆਦਰ ਸਤਿਕਾਰ ਕਰੀ ਜਾਂਦਾ ਹੈ ਕਿ ਤੁਸੀਂ ਮੇਰੇ ਗੁਰੂ ਨਾਨਕ ਪਾਤਸ਼ਾਹ ਕੋਲੋਂ ਆਏ ਓਂ। ਬਾਰ-ਬਾਰ ਗੱਲਾਂ ਪੁੱਛੀ ਜਾਂਦਾ ਹੈ ਜਿਹੜੀ ਗੱਲ ਪੁੱਛ ਲਈ, ਫੇਰ ਪੁੱਛਦਾ ਹੈ। ਦੂਜੇ ਦਿਨ ਫੇਰ ਪੁੱਛ ਲੈਂਦਾ ਹੈ, ਤੀਜੇ ਦਿਨ ਫੇਰ ਪੁੱਛ ਲੈਂਦਾ ਹੈ। ਉਨ੍ਹਾਂ ਗੱਲਾਂ 'ਚੋਂ ਹੀ ਉਹਨੂੰ ਰਸ ਆਉਂਦਾ ਹੈ ਬਾਰ-ਬਾਰ। ਹੋਰ ਸੁਣਾਓ ਨਾਨਕ ਜੀ ਦੀ ਮੈਨੂੰ ਗੱਲ ਕੋਈ। ਉਹ ਤਾਂ ਮੇਰੇ ਅੱਲਾਹ ਤਾਲਾ ਨੇ। ਕੋਈ ਸੁਣਾਓ। ਆਪਣੇ ਪਿਆਰੇ ਦੀ ਜੇ ਕੋਈ ਗੱਲ ਸੁਣਾਉਂਦਾ ਹੈ, ਮਹਾਰਾਜ ਕਹਿੰਦੇ ਉਹਨੂੰ ਸਾਰਾ ਹੀ ਕੁਛ ਦੇ ਦੇਈਏ ਆਪਾਂ, ਜੋ ਕੁਛ ਵੀ ਸਾਡੇ ਕੋਲ ਹੈ। ਮਨ ਵੀ ਹੈ, ਤਨ ਵੀ ਹੈ, ਪੈਸੇ ਵੀ ਹੈ, ਘਰ ਵੀ ਨੇ -

***ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ***
***ਸੋ ਭਾਈ ਸੋ ਮੇਰਾ ਬੀਰ ॥*** ***ਅੰਗ - 862***

ਉਹ ਤਾਂ ਮੇਰਾ ਮਾਂ ਜਾਇਆ ਬੀਰ ਹੈ, ਜਿਹੜਾ ਮੇਰੇ ਹਰੀ ਪ੍ਰੀਤਮ ਦੀ ਕੋਈ ਗੱਲ ਸੁਣਾਵੇ। ਸੋ ਐਸਾ ਵੀ ਫੁਰਮਾਨ ਆਉਂਦਾ ਹੈ -

***ਧਾਰਨਾ - ਸੀਸ ਵੱਢ ਕੇ ਬਣਾ ਦੇਵਾਂ ਮੂੜ੍ਹਾ,***
***ਗੱਲਾਂ ਜੋ ਸੁਣਾਵੇ ਤੇਰੀਆਂ।***
***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥***
***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥***
***ਅੰਗ - 558***

ਜਿਸਦੇ ਹਿਰਦੇ 'ਚ ਪਿਆਰ ਹੋਵੇ, ਜੇ ਕਿਸੇ ਨੇ ਪਿਆਰ ਦਾ ਅਨੰਦ ਲਿਆ ਹੋਵੇ, ਉਸਨੂੰ ਪੁੱਛੋ ਕਿ ਗੱਲ ਕਿੰਨੀ ਪਿਆਰੀ ਲਗਦੀ ਹੈ। ਬਾਰ-ਬਾਰ ਪੁੱਛੀ ਜਾਂਦੇ ਨੇ, ਬੱਚਾ ਪ੍ਰਦੇਸ਼ ਵਿੱਚ ਹੋਵੇ, ਉਹਦੇ ਕੋਲੋਂ ਕੋਈ ਸੁਨੇਹਾ ਲੈ ਕੇ ਆਵੇ, ਸੁਨੇਹਾ ਮਾਮੂਲੀ ਹੋਏਗਾ ਕਿ ਆਹ ਸਾਡੇ ਘਰ ਗੱਲ ਕਹਿ ਦੇਵੀਂ, ਲੇਕਿਨ ਉਹ ਗੱਲ ਕਿੰਨੀ ਵਧ ਜਾਏਗੀ, ਬਾਰ-ਬਾਰ ਓਹੀ ਗੱਲ ਹੋਏਗੀ। ਫੇਰ ਉਹਨੇ ਕੀ ਕਹਿਆ, ਕਿਹੋ ਜਿਹੇ ਕੱਪੜੇ ਪਾਏ ਹੋਏ ਸੀ, ਕੀ ਕਹਿੰਦੇ ਸੀ, ਬਾਰ-ਬਾਰ ਪੁੱਛੀ ਜਾਣਾ। ਓਹੀ ਗੱਲ ਵਧੀਆ ਲਗਦੀ ਹੈ। ਮਜਨੂੰ ਨੂੰ ਕਾਫਲਾ ਮਿਲ ਜਾਂਦਾ ਹੈ, ਈਰਾਨ ਵਿੱਚੋਂ ਆਇਆ ਹੋਇਆ, ਪਤਾ ਲਗਦਾ ਹੈ ਕਿ ਇਹ ਕਾਫਲਾ ਉਥੋਂ ਆਇਆ ਹੈ, ਜਾਂਦੇ ਹੋਏ ਕਿ ਕੋਈ ਲੈਲਾ ਦੇ ਗਲੀ ਦੇ ਵਿੱਚੋਂ ਵੀ ਹੈ? ਇੱਕ ਪ੍ਰੇਮੀ ਕਹਿੰਦਾ ਕਿ ਮੈਂ ਆਇਆ ਹਾਂ। ਉਹਦੇ ਨਾਲ ਗੱਲਾਂ ਕਰਦਾ ਹੈ, ਓਹੀ ਬਾਰ-ਬਾਰ। ਉਹਦਾ ਬੋਝ ਵੀ ਚੁੱਕਦਾ ਹੈ, ਸਾਰੀ ਸਹੂਲਤ ਦਿੰਦਾ ਹੈ, ਦਿੱਲੀ ਤੱਕ ਗੱਲਾਂ ਕਰਦਾ ਚਲਿਆ ਗਿਆ। ਫੇਰ ਉਹ ਕੀ ਕਹਿੰਦੀ ਹੈ, ਕਿਵੇਂ ਚਲਦੀ ਹੈ। ਜੇ ਉਹਦੀ ਇਸ਼ਕੇ-ਮਜਾਜ਼ੀ ਵਾਲਾ ਇੱਥੇ ਤੱਕ ਪਹੁੰਚ ਸਕਦਾ ਹੈ, ਇਸ਼ਕੇ-ਹਕੀਕੀ ਵਾਲਾ ਤਾਂ ਹਿਸਾਬ ਕਿਤਾਬ ਹੀ ਨਹੀਂ, ਉਹ ਤਾਂ ਮਰ ਮਿਟ ਜਾਂਦਾ ਹੈ। ਸੋ ਗੱਲਾਂ ਪੁੱਛਦਾ ਹੈ, ਬਾਰ-ਬਾਰ ਪੁੱਛਦਾ ਹੈ ਤੇ ਤੁਰਨ ਦਾ ਦਿਨ ਆ ਗਿਆ। ਕਹਿਣ ਲੱਗੇ, ਰਾਇ ਜੀ! ਅੱਜ ਅਸੀਂ ਜਾ ਰਹੇ ਹਾਂ, ਗੁਰੂ ਨਾਨਕ ਪਾਤਸ਼ਾਹ ਦੇ ਪਾਸ, ਕਹਿਣ ਲੱਗੇ, ਭਾਈ ਮਰਦਾਨਾ! ਭਾਈ ਬਾਲਾ! ਦੋਵੇਂ ਹੱਥ ਜੋੜ ਕੇ ਡੰਡਉਤ ਬੰਦਨਾ ਮੇਰੀ ਕਰਿਓ। ਲੰਮੇ ਪੈ ਕੇ

ਧਰਤੀ ਦੇ ਉਤੇ ਤੇ ਨਾਲ ਮੇਰਾ ਸੁਨੇਹਾ ਦੇ ਦਿਓ।

*ਧਾਰਨਾ - ਜਿੰਦ ਬਚਦੀ ਨਹੀਂ ਗੁਰ ਦਰਸ ਬਿਨਾਂ।*

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*

*ਅੰਗ - 708*

ਭਾਈ ਮਰਦਾਨਾ! ਰੋ-ਰੋ ਕੇ ਮੇਰੀ ਬੇਨਤੀ ਕਰੀਂ ਕਿ ਜਿਵੇਂ ਮੱਛੀ ਪਾਣੀ ਤੋਂ ਬਗੈਰ ਨਹੀਂ ਜਿਉਂ ਸਕਦੀ ਤੇ ਹਰਨ ਜਿਹੜਾ ਸ਼ਬਦ ਦਾ ਬੇਧਿਆ ਹੋਇਆ ਸ਼ਿਕਾਰੀ ਦੇ ਸਾਮ੍ਹਣੇ ਚਲਿਆ ਜਾਂਦਾ ਹੈ, ਆਪਣੇ ਤਨ ਮਨ ਦੀ ਕੋਈ ਸੁੱਧ ਨਹੀਂ ਉਸਨੂੰ ਰਹਿੰਦੀ। ਏਸੇ ਤਰ੍ਹਾਂ ਦੇ ਨਾਲ ਤੁਸੀਂ ਮੇਰੀ ਜਾ ਕੇ ਬੇਨਤੀ ਕਰਿਓ ਤੇ ਨਾਲ ਦੋਵੇਂ ਹੱਥ ਜੋੜ ਇਸ ਤਰ੍ਹਾਂ ਦੀ ਅਰਜ਼ ਕਰਿਓ -

*ਧਾਰਨਾ - ਤੈਨੂੰ ਨੈਣਾਂ ਦੀ ਸੇਜ ਵਿਛਾਵਾਂ,*
*ਇੱਕ ਵਾਰੀ ਆ ਜਾ ਮਾਲਕਾ।*
*ਮੂ ਥੀਆਊ ਤਖਤੁ ਪਿਰੀ ਮਹਿੰਜੇ ਪਾਤਿਸਾਹ ॥*
*ਪਾਵ ਮਿਲਾਵੇ ਕੋਲਿ ਕਵਲ ਜਿਵੈ ਬਿਗਸਾਵਦੋ ॥*

*ਅੰਗ - 1098*

ਐਸੇ ਭਾਵ, ਕਹਿਣ ਲੱਗੇ ਪਾਤਸ਼ਾਹ ਨੂੰ ਕਿਹੋ ਇੱਕ ਵਾਰੀ ਆ ਜਾਏ। ਮੇਰੇ ਕੋਲ ਸਭ ਤੋਂ ਚੰਗੀ ਚੀਜ਼ ਮੇਰੇ ਸਰੀਰ ਦੇ ਅੰਦਰ, ਮੇਰੇ ਨੈਣ ਨੇ, ਮੈਂ ਸੇਜ ਬਣ ਜਾਵਾਂਗਾ ਤੇ ਮੈਂ ਆਪਣੇ ਨੈਣਾਂ ਨੂੰ ਕੱਢ ਕੇ ਸੇਜ ਦੇ ਉਤੇ ਵਿਛਾ ਦੇਵਾਂਗਾ। ਬੇਨਤੀ ਕਰੋ ਮੇਰੀ ਜਾ ਕੇ ਪਿਆਰ ਨਾਲ -

*ਧਾਰਨਾ - ਤੇਰੇ ਵਰਗਾ ਨਾ ਜਗਤ ਉਤੇ ਕੋਈ,*
*ਸਾਰਾ ਜਗ ਢੂੰਡ ਲਿਆ।*
*ਮਨੁ ਲੋਚੈ ਹਰਿ ਮਿਲਣ ਕਉ ਕਿਉ ਦਰਸਨੁ ਪਾਈਆ ॥*
*ਮੈ ਲਖ ਵਿੜਤੇ ਸਾਹਿਬਾ ਜੇ ਬਿੰਦ ਬੋੁਲਾਈਆ ॥*
*ਮੈ ਚਾਰੇ ਕੁੰਡਾ ਭਾਲੀਆ ਤੁਧੁ ਜੇਵਡੁ ਨ ਸਾਈਆ ॥*
*ਮੈ ਦਸਿਹੁ ਮਾਰਗੁ ਸੰਤਹੋ ਕਿਉ ਪ੍ਰਭੂ ਮਿਲਾਈਆ ॥*
*ਮਨੁ ਅਰਪਿਹੁ ਹਉਮੈ ਤਜਹੁ ਇਤੁ ਪੰਥਿ ਜੁਲਾਈਆ ॥*
*ਨਿਤ ਸੇਵਿਹੁ ਸਾਹਿਬੁ ਆਪਣਾ ਸਤਸੰਗਿ ਮਿਲਾਈਆ ॥*
*ਸਭੇ ਆਸਾ ਪੂਰੀਆ ਗੁਰ ਮਹਲਿ ਬੁਲਾਈਆ ॥*
*ਤੁਧੁ ਜੇਵਡੁ ਹੋਰੁ ਨ ਸੁਝਈ ਮੇਰੇ ਮਿਤ੍ਰ ਗੋੁਸਾਈਆ ॥*

*ਅੰਗ - 1098*

*ਧਾਰਨਾ - ਆਵਾਂ ਸਿਰ ਦੇ ਭਾਰ,*
*ਜੇ ਬਲ ਹੋਵੇ, ਤਨ ਵਿੱਚ ਮੇਰੇ।*

ਕਹਿਣ ਲੱਗੇ, "ਭਾਈ ਮਰਦਾਨਾ! ਮੈਂ ਕੁਛ ਵੀ ਨਹੀਂ ਗੁਰੂ ਨਾਨਕ

ਪਾਤਸ਼ਾਹ ਦੇ ਸਾਮ੍ਹਣੇ, ਉਹ ਮੇਰਾ ਆਪਣਾ ਆਪ ਹੈ, ਮੇਰਾ ਖ਼ੁਦਾ ਹੈ, ਬੇਨਤੀ ਕਰ ਦਿਓ, ਮੇਰੇ ਤਨ ਵਿੱਚ ਬਲ ਨਹੀਂ ਹੈ, ਉਹਦੇ ਵਰਗਾ ਸੰਸਾਰ 'ਤੇ ਹੋਰ ਕੋਈ ਮੈਨੂੰ ਦਿੱਸਿਆ ਨਹੀਂ ਹੈ ਤੇ ਮੇਰਾ ਸਰੀਰ ਬਿਰਧ ਹੋ ਗਿਆ, ਚਲਣਾ ਫਿਰਨਾ ਮੁਸ਼ਕਲ ਹੋ ਗਿਆ, ਨਹੀਂ ਤਾਂ ਮੈਂ ਐਡੀ ਬੇਅਦਬੀ ਨਾ ਕਰਦਾ, ਮੈਂ ਆਪਣੇ ਸਿਰ ਦੇ ਭਾਰ ਚੱਲ ਕੇ ਜਾਂਦਾ।" ਗੁਰੂ ਨਾਨਕ ਨੂੰ ਕਹਿ ਦਿਓ -

*ਜਿਉ ਸਰਿਤਾ ਨਿਸਬਲ ਬਿਨ ਬਾਰੀ।*

ਜਿਸ ਤਰ੍ਹਾਂ ਦੇ ਨਾਲ ਜਿਹੜੀ ਨਦੀ ਹੈ ਉਹ ਕਿਸੇ ਕੰਮ ਦੀ ਨਹੀਂ ਹੁੰਦੀ ਜੇ ਉਹਦੇ 'ਚ ਪਾਣੀ ਨਾ ਹੋਵੇ।

*ਹੀਨ ਮਿਯੰਕ ਸਰਵਰੀ ਕਾਰੀ।*

ਜਿਵੇਂ ਚੰਦਰਮਾ ਤੋਂ ਬਗੈਰ ਕਾਲੀ ਰਾਤ ਮੱਸਿਆ ਦੀ ਹੁੰਦੀ ਹੈ, ਉਹ ਪਿਆਰੀ ਨਹੀਂ ਹੋਇਆ ਕਰਦੀ -

*ਜਿਉ ਅਨਾਥ ਬਿਨ ਭਰਤਾ ਨਾਰੀ।*

ਨੌਜਵਾਨ ਨਾਰੀ ਦਾ ਪਤੀ ਮਰ ਜਾਵੇ, ਕਹਿੰਦੇ ਜਿਵੇਂ ਉਹ ਅਨਾਥ ਹੋ ਜਾਂਦੀ ਹੈ ਪਤੀ ਤੋਂ ਬਗੈਰ, ਆਹ ਮੇਰੀ ਹਾਲਤ ਹੋਈ-ਹੋਈ ਹੈ -

*ਤਿਉਂ ਤੁਮ ਮੈਂ ਬਿਨ ਦੇਹ ਹਮਾਰੀ।*

ਗੁਰੂ ਨਾਨਕ ਨੂੰ ਕਹਿ ਦਿਓ ਕਿ ਤੁਹਾਡੀ ਕ੍ਰਿਪਾ ਤੋਂ ਬਗੈਰ ਮੇਰੀ ਜਿਹੜੀ ਦੇਹ ਹੈ ਉਹ ਕਿਸੇ ਕੰਮ ਨਹੀਂ -

*ਜੇ ਹੋਵੈ ਬਲ ਤਨ ਬਿਖੈ ਆਵਹੁੰ ਸਿਰ ਕੇ ਭਾਰ।*

ਜੇ ਮੇਰੇ ਵਿੱਚ ਬਲ ਹੁੰਦਾ, ਸੰਸਾਰ ਤੁਰ ਕੇ ਜਾਂਦਾ ਹੈ ਪੈਰੀਂ, ਲੇਕਿਨ ਉਸ ਤੋਂ ਜ਼ਿਆਦਾ ਸ਼ਰਧਾ ਵਾਲਾ ਜਾਇਆ ਕਰਦਾ ਹੈ ਡੰਡਉਤ ਬੰਦਨਾ ਕਰਦਾ। ਐਸੇ ਵੀ ਅਸੀਂ ਦੇਖੇ ਨੇ ਨਾਨਕ ਮਤੇ, ਅਸੀਂ ਤਾਂ ਉਥੇ ਡੀਂਗਾਂ ਮਾਰਦੇ ਹਾਂ ਕਿ ਅਸੀਂ ਗੁਰੂ ਦੇ ਸਿੱਖ ਹਾਂ, ਅਸੀਂ ਬਾਣਾ ਪਾ ਕੇ ਰੱਖਦੇ ਹਾਂ, ਸਾਡੀ ਸ਼ਕਲ ਐਸੀ ਹੈ ਅਸੀਂ ਕਬਜ਼ਾ ਕਰ ਲਿਆ ਗੁਰੂ 'ਤੇ। ਪਤਾ ਨਹੀਂ ਗੁਰੂ ਕੀਹਦੇ ਉਤੇ ਦਇਆਲ ਹੈ ਇਹ ਸਾਨੂੰ ਪਤਾ ਹੀ ਨਹੀਂ। ਆਪੇ ਹੀ ਕਬਜ਼ਾ ਕਰੀਂ ਬੈਠੇ ਹਾਂ। ਨਾਨਕ ਮਤੇ ਜਦੋਂ ਅਸੀਂ ਪਹਿਲੇ ਸਾਲ ਗਏ ਤਾਂ ਉਥੇ ਹੌਲੀ-ਹੌਲੀ ਜਾਇਆ ਕਰਦੇ ਸੀ ਟਰੈਕਟਰ ਲੈ ਕੇ, ਕਾਹਲੀਆਂ ਨਹੀਂ ਸੀ ਹੁੰਦੀਆਂ ਹੁਣ ਵਾਂਗੂੰ ਕਾਰਾਂ ਦੱਬੀ ਜਾਂਦੇ ਹਾਂ, ਆਲੇ-ਦੁਆਲੇ ਪਤਾ ਨਹੀਂ ਕੀ ਹੋ ਰਿਹਾ ਹੈ। ਆਮ ਦੁਨੀਆਂ ਦੀ ਜ਼ਿੰਦਗੀ ਦੇ ਨਾਲ ਸਾਂਝ ਹੋਇਆ ਕਰਦੀ ਸੀ, ਜਿੱਥੇ ਜੀਅ ਕਰਿਆ ਟਰੈਕਟਰ ਤੇ ਜਦੋਂ ਅਸੀਂ ਨੇੜੇ ਪਹੁੰਚੇ ਨਾਨਕ ਮਤੇ ਤੋਂ ਕੋਈ ਚਾਰ ਮੀਲ ਪਰ੍ਹੇ, ਉਹ ਪੁੱਲ ਲੰਘ ਕੇ ਉਥੋਂ ਦਿੱਸਣ ਲੱਗ ਜਾਂਦਾ ਸੀ, ਨਦੀ ਲੰਘ ਕੇ ਉਥੇ ਕੀ ਦੇਖਦੇ ਹਾਂ, ਥਾਰੂ ਲੋਕ ਖੜ੍ਹੇ ਸੀ, ਕੱਪੜੇ ਉਤਾਰ ਰਹੇ ਨੇ ਤੇ ਆਪਣੀਆਂ ਘਰਵਾਲੀਆਂ ਨੂੰ ਫੜਾ ਰਹੇ ਨੇ ਕੱਪੜੇ ਉਤਾਰ ਕੇ। ਅਸੀਂ ਦੇਖਿਆ ਕਿ ਕੱਪੜੇ ਉਤਾਰ ਰਹੇ ਨੇ ਸ਼ਾਇਦ ਨਾਹੁੰਣ ਲੱਗਣਗੇ ਨਦੀ 'ਚ। ਦਮ ਲੈ ਰਹੇ ਸੀ, ਟਰੈਕਟਰ ਨੂੰ ਠੰਢਾ ਕਰਨਾ ਸੀ ਉਥੇ ਖੜ੍ਹੇ ਰਹੇ, ਕਈ ਜਣੇ ਸੀ। ਉਹ ਦੇਖਦੇ ਹੀ ਉਥੋਂ

ਹੀ ਲੰਮੇ ਪੈ ਗਏ। ਸਿਰ ਦੇ ਕੋਲ ਲਕੀਰ ਕੱਢ ਲਿਆ ਕਰਨ, ਫੇਰ ਲੰਮੇ ਪੈ ਜਾਣ, ਫੇਰ ਕੱਢ ਲਿਆ ਕਰਨ, ਫੇਰ ਪੈ ਜਾਣ। ਮੇਰੇ ਮਨ 'ਚ ਆਇਆ ਕਿ ਜਿਹੜਾ ਕਹਿੰਦੇ ਨੇ - 'ਡੰਡਉਤਿ ਬੰਦਨ ਅਨਿਕ ਬਾਰ......।' ਹੁਣ ਇਨ੍ਹਾਂ ਨੂੰ ਨਾਨਕ ਮਤੇ ਦਾ ਕਲਸ ਦਿਸ ਗਿਆ। ਜਿੱਥੋਂ ਕਲਸ ਦਿੱਸ ਗਿਆ ਫੇਰ ਉਹ ਪੈਰਾਂ ਭਾਰ ਨਹੀਂ ਸੀ ਜਾਂਦੇ। ਸਰੀਰ ਦੇ ਭਾਰ ਤੁਰਦੇ ਸੀ, ਕਿੰਨੀ ਸ਼ਰਧਾ ਹੈ। ਅਗਾਂਹਾਂ ਜਾ ਕੇ ਅਸੀਂ ਦੇਖਿਆ, ਜਿਹੜੇ ਪਹਿਲਾਂ ਤੁਰੇ ਹੋਏ ਸੀ, ਛਾਤੀਆਂ 'ਚੋਂ ਖ਼ੂਨ ਚੱਲ ਰਿਹਾ ਉਨ੍ਹਾਂ ਦੇ, ਲਾਲ ਹੋਈਆਂ ਪਈਆਂ ਨੇ, ਮੱਥੇ ਦੇ ਵਿਚੋਂ ਖ਼ੂਨ ਚੱਲ ਰਿਹਾ ਹੈ, ਨਾਲ ਲੱਗ-ਲੱਗ ਕੇ ਧਰਤੀ ਦੇ। ਜੇ ਹੱਦ ਤੋਂ ਜ਼ਿਆਦਾ ਸ਼ਰਧਾ ਹੋਵੇ ਤਾਂ ਆਪਣੇ ਈਸ਼ਟ ਕੋਲ ਕੋਈ ਇਸ ਤਰ੍ਹਾਂ ਜਾਇਆ ਕਰਦਾ ਹੈ। ਅਸੀਂ ਤਾਂ ਮਾਖੌਲ ਜਿਹਾ ਬਣਾਇਆ ਹੋਇਆ ਹੈ ਉਤੋਂ-ਉਤੋਂ ਹੀ, ਪਿਆਰ ਵਾਲੀਆਂ ਗੱਲਾਂ ਹੀ ਸਾਰੀਆਂ ਹੋਰ ਨੇ। ਸੋ ਇਹ ਕਹਿੰਦਾ ਹੈ ਕਿ ਜੇ ਮੇਰੇ 'ਚ ਬਲ ਹੋਵੇ -

***ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨ੍ਹਿ ॥***
***ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨ੍ਹਿ ॥ ਅੰਗ - 1384***

ਬਾਬਾ ਫਰੀਦ ਜੀ ਕਹਿੰਦੇ, ਮੈਂ ਤੁਰਦਾ-ਤੁਰਦਾ ਥੱਕ ਜਾਵਾਂ ਤਾਂ ਫੇਰ ਮੈਂ ਸਿਰ ਲਾ ਲਵਾਂ ਧਰਤੀ ਨੂੰ ਤੇ ਸਿਰ ਦੇ ਭਾਰ ਤੁਰਾਂ, ਮੇਰੇ ਪੈਰ ਸਿਰ ਬਣ ਜਾਣ।

ਸੋ ਐਡਾ ਪਿਆਰ ਦਾ ਸੰਦੇਸ਼ਾ ਦਿੰਦਾ ਹੈ, ਏਸ ਸਾਰੇ ਨੂੰ ਕੋਈ ਸਮਝ ਨਹੀਂ ਸਕਿਆ ਕਰਦਾ। ਇਹ ਜਿਹਨੂੰ ਲਗ ਜਾਂਦੀ ਹੈ -

***ਲਾਗੀ ਹੋਇ ਸੁ ਜਾਨੈ ਪੀਰ ॥ ਅੰਗ - 327***

ਉਹ ਪੀੜਾ ਜਾਣਦਾ ਹੈ, ਇਸ ਪੀੜ ਦੀ ਦਵਾਈ ਕਿਸੇ ਕੋਲ ਨਹੀਂ ਹੋਇਆ ਕਰਦੀ -

***ਧਾਰਨਾ - ਪ੍ਰੇਮ ਵਾਲਾ ਓ ਬਾਣ ਲੱਗ ਕੇ,***
***ਦਾਰੂ ਏਸ ਦੀ ਵੈਦ ਨਾ ਜਾਣੇ।***
***ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥***
***ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥ ਅੰਗ - 1279***

ਗੁਰੂ ਨਾਨਕ ਕਹਿੰਦੇ ਨੇ ਵੈਦ ਨੂੰ, ਵੈਦ ਜੀ! ਤੈਨੂੰ ਨਹੀਂ ਪਤਾ ਬੀਮਾਰੀ ਦਾ ਮੇਰੀ। ਇਹ ਤਾਂ ਪਿਆਰ ਹੈ। ਸੋ ਐਸਾ ਬਾਣ ਰਾਇ ਬੁਲਾਰ ਦੇ ਹਿਰਦੇ 'ਚ ਲੱਗਿਆ ਹੋਇਆ ਹੈ -

***ਅਹਿਨਿਸਿ ਜਾਗੈ ਨੀਦ ਨ ਸੋਵੈ ॥***
***ਸੋ ਜਾਣੈ ਜਿਸੁ ਵੇਦਨ ਹੋਵੈ ॥ ਅੰਗ - 993***

***ਆਸ਼ਕਾਰਾ ਨਵ ਨੀਸ਼ਾਨੀ ਐ ਪਿਸਰ,***

ਨੌਂ ਨਿਸ਼ਾਨੀਆਂ ਹੋਇਆ ਕਰਦੀਆਂ ਨੇ ਤੇ ਉਹ ਨੌਆਂ ਨਿਸ਼ਾਨੀਆ 'ਚ ਨੀਂਦ ਨਹੀਂ ਆਉਂਦੀ। ਇੱਕ ਨਿਸ਼ਾਨੀ ਹੈ -

***ਅਹਿਨਿਸਿ ਜਾਗੈ ਨੀਦ ਨ ਸੋਵੈ ॥***

***ਸੋ ਜਾਣੈ ਜਿਸੁ ਵੇਦਨ ਹੋਵੈ ॥***
***ਪ੍ਰੇਮ ਕੇ ਕਾਨ ਲਗੇ ਤਨ ਭੀਤਰਿ ਵੈਦੁ ਕਿ ਜਾਣੈ ਕਾਰੀ ਜੀਉ ॥***
***ਅੰਗ - 993***

ਜਿਹਦੇ ਅੰਦਰ ਪ੍ਰੇਮ ਦੇ ਤੀਰ ਲੱਗ ਗਏ ਵੈਦ ਨੂੰ ਇਨ੍ਹਾਂ ਦੀਆਂ ਦਵਾਈਆਂ, ਪੱਟੀਆਂ ਦਾ ਨਹੀਂ ਪਤਾ ਕਿ ਕਿਹੜੀ ਪੱਟੀ ਬੰਨ੍ਹ ਕੇ ਪਿਆਰ ਦਾ ਇਲਾਜ ਹੋਇਆ ਕਰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਬੇਨਤੀਆਂ ਕੀਤੀਆਂ, ਕਹਿੰਦੇ ਭਾਈ ਮਰਦਾਨਾ! ਭਾਈ ਬਾਲਾ! ਮੇਰੇ ਵਲੋਂ ਤੁਸੀਂ ਜਿਵੇਂ ਮੇਰੀਆਂ ਅੱਖਾਂ 'ਚੋਂ ਹੰਝੂ ਜਾਂਦੇ ਨੇ, ਇੱਕ ਵਾਰੀ ਤੁਸੀਂ ਹੰਝੂ ਕੱਢ ਕੇ ਗੁਰੂ ਨਾਨਕ ਨੂੰ ਕਹਿ ਦਿਓ, ਮੇਰਾ ਗੁਰੂ ਨਾਨਕ ਪਾਤਸ਼ਾਹ, ਮੇਰਾ ਖੁਦਾ ਹੈ, ਮੇਰਾ ਅੱਲਾਹ ਹੈ ਤੇ ਮੈਂ ਉਹਦੇ ਦਰਸ਼ਨਾਂ ਤੋਂ ਬਗੈਰ ਜਿਉਂ ਨਹੀਂ ਸਕਦਾ, ਕ੍ਰਿਪਾ ਕਰੋ, ਉਸ ਵੇਲੇ ਭਾਈ ਬਾਲਾ ਤੇ ਮਰਦਾਨਾ ਦੇ ਹਿਰਦਿਆਂ ਉਪਰ ਵੀ ਬਹੁਤ ਗਹਿਰਾ ਪ੍ਰਭਾਵ ਪਿਆ ਕਿਉਂਕਿ ਪਿਆਰ ਜਿਹੜਾ ਹੈ ਉਹ ਆਪਣਾ ਅਸਰ ਕਰ ਜਾਇਆ ਕਰਦਾ ਹੈ।

ਸੋ ਉਸ ਵੇਲੇ ਕਹਿਣ ਲੱਗੇ, "ਰਾਇ ਜੀ! ਗੁਰੂ ਨਾਨਕ ਪਾਤਸ਼ਾਹ ਤੇ ਤੁਹਾਡਾ ਜੋ ਸਬੰਧ ਹੈ ਇਹ ਤੁਸੀਂ ਆਪ ਜਾਣਦੇ ਹੋ। ਬਹੁਤ ਚੰਗੇ ਹੋ। ਸਾਡੇ ਅੰਦਰ ਨਹੀਂ ਇਹ ਖਿੱਚ ਪੈਦਾ ਹੋਈ ਜੋ ਤੁਹਾਡੇ ਅੰਦਰ ਖਿੱਚ ਹੈ ਕਿਉਂਕਿ ਅਸੀਂ ਮਿਲਾਪ 'ਚ ਰਹਿੰਦੇ ਹਾਂ। ਮਿਲਾਪ ਦੇ ਵਿੱਚ, ਵਸਲ ਦੇ ਵਿੱਚ ਉਹ ਅਨੰਦ ਨਹੀਂ ਹੁੰਦਾ ਜਿਹੜਾ ਇੰਤਜ਼ਾਰੀ 'ਚ ਹੋਇਆ ਕਰਦਾ ਹੈ। ਕੋਈ ਨਾ ਅਸੀਂ ਜਾਂਦੇ ਹਾਂ ਜਾ ਕੇ ਸਾਰੀ ਹਾਲਤ ਗੁਰੂ ਨਾਨਕ ਪਾਤਸ਼ਾਹ ਨੂੰ ਦੱਸਦੇ ਹਾਂ।

ਉਥੇ ਚਲੇ ਜਾਂਦੇ ਨੇ, ਜਾ ਕੇ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ 'ਚ ਜਾ ਕੇ ਬਾਰ-ਬਾਰ ਬੇਨਤੀ ਕਰਦੇ ਨੇ। ਭਾਈ ਲਾਲੋ ਦੇ ਘਰ ਤੇ ਨਾਲ ਬੇਨਤੀ ਕਰਦੇ ਨੇ ਕਿ ਪਾਤਸ਼ਾਹ! ਮਾਤਾ ਜੀ ਵੀ ਕਹਿੰਦੇ ਸੀ ਕਿ ਇੱਕ ਵਾਰੀ ਆ ਕੇ ਮਿਲ ਜਾਣ। ਪਰ ਪਾਤਸ਼ਾਹ! ਰਾਇ ਬੁਲਾਰ ਤਾਂ ਐਸ ਹਾਲਤ 'ਚ ਅਸੀਂ ਦੇਖਿਆ ਹੈ, ਉਹਦਾ ਅੱਖਾਂ ਦਾ ਨੀਰ ਨਹੀਂ ਥੰਮਦਾ ਜਦੋਂ ਆਪ ਦੀ ਗੱਲ ਕਰਦਾ ਹੈ, ਗਲਾ ਰੁਕ ਜਾਂਦਾ ਹੈ, ਆਪ ਦੀ ਬਾਤ ਨਹੀਂ ਕਰ ਸਕਦਾ। ਬੜੀ-ਬੜੀ ਦੇਰ ਤੱਕ ਸੰਭਲ ਕੇ ਫੇਰ ਗੱਲ ਕਰਦਾ ਹੈ, ਫੇਰ ਗਲ ਰੁਕ ਜਾਂਦਾ ਹੈ, ਫੇਰ ਨੇਤਰਾ 'ਚੋਂ ਜਲ ਚੱਲਣ ਲੱਗ ਜਾਂਦਾ ਹੈ। ਆਪ ਦੇ ਦਰਸ਼ਨਾਂ ਦੇ ਇੰਤਜ਼ਾਰ 'ਚ ਕੱਟ ਰਹੇ ਨੇ। ਐਸ ਤਰ੍ਹਾਂ ਹੀ ਸਮਝ ਲਓ ਔਸੀਂਆਂ ਪਾਉਂਦਾ ਹੈ ਪਾਤਸ਼ਾਹ। ਜਦੋਂ ਦਾ ਅਸੀਂ ਦੱਸਿਆ ਹੈ ਕਿ ਤੁਸੀਂ ਸੈਦਪੁਰ ਹੋਂ, ਏਮਨਾਬਾਦ। ਏਸ ਸੇਧ ਨੂੰ ਹੀ ਬੈਠਦਾ ਹੈ ਮੁੱਖ ਕਰਕੇ ਕਿ ਮੇਰਾ ਗੁਰੂ ਨਾਨਕ ਪਾਤਸ਼ਾਹ ਐਸ ਤਰਫ ਬੈਠਾ ਹੈ।

ਨਾ ਗੁਰੂ ਨਾਨਕ ਨੂੰ ਕੋਈ ਪਿਆਰ ਦੁਨੀਆਂ ਦਾ ਮੋਹ ਸਕਦਾ ਸੀ, ਨਾ ਮਾਂ ਦਾ, ਨਾ ਪਿਉ ਦਾ, ਨਾ ਕਿਸੇ ਭਾਈਚਾਰੇ ਦਾ, ਕਿਸੇ ਦਾ ਪਿਆਰ ਨਹੀਂ ਸੀ ਉਹਨੂੰ ਖਿੱਚ ਸਕਦਾ। ਜੇ ਗੁਰੂ ਨਾਨਕ ਵਸ ਆਉਂਦਾ ਹੈ ਤਾਂ ਆਪਣੇ ਪਿਆਰਿਆਂ ਦੇ ਪਿਆਰ ਵਿੱਚ ਵਸ ਆਉਂਦਾ ਹੈ। ਕਿਉਂਕਿ

ਪ੍ਰਮੇਸ਼ਰ ਦੀ ਇਹ ਨੇਤ ਹੈ-

***ਗੋਬਿੰਦ ਭਾਉ ਭਗਤ ਦਾ ਭੁਖਾ।***

ਪਿਆਰ ਦਾ ਭੁੱਖਾ ਹੈ, ਪਿਆਰ ਨਾਲ ਉਹ ਬੰਨ੍ਹਿਆ ਜਾਂਦਾ ਹੈ, ਕਿੱਡਾ ਵੱਡਾ ਹੈ ਜਿਹਦਾ ਕੋਈ ਅੰਦਾਜ਼ਾ ਹੀ ਨਹੀਂ ਹੈ। ਜਾਣ ਹੀ ਨਹੀਂ ਸਕਦਾ ਕਿ ਵਾਹਿਗੁਰੂ ਕਿੱਡਾ ਕੁ ਹੈ ਲੇਕਿਨ ਉਹਦੇ ਪਿਆਰ ਉਸਨੂੰ ਆਪਣੇ ਅੰਤਸ਼ਕਰਣ ਦੇ ਵਿੱਚ ਕੈਦ ਕਰ ਲੈਂਦੇ ਨੇ ਤੇ ਵਸ ਵਿੱਚ ਆ ਜਾਂਦਾ ਹੈ, ਐਸ ਤਰ੍ਹਾਂ ਫੁਰਮਾਨ ਕਰਦੇ ਨੇ-

***ਧਾਰਨਾ - ਰੱਬ ਵਸ ਭਗਤਾਂ ਨੇ ਕੀਤਾ,***
***ਪਾ ਕੇ ਤੇ ਪ੍ਰੇਮ ਡੋਰੀਆਂ।***
***ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ ॥***
***ਨਾ ਤੂ ਆਵਹਿ ਵਸਿ ਬੇਦ ਪੜਾਵਣੇ ॥***
***ਨਾ ਤੂ ਆਵਹਿ ਵਸਿ ਤੀਰਥਿ ਨਾਈਐ ॥***
***ਨਾ ਤੂ ਆਵਹਿ ਵਸਿ ਧਰਤੀ ਧਾਈਐ ॥***
***ਨਾ ਤੂ ਆਵਹਿ ਵਸਿ ਕਿਤੈ ਸਿਆਣਪੈ ॥***
***ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ ॥***
***ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥***
***ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥ ਅੰਗ - 962***

ਉਹ ਗੁਰੂ ਨਾਨਕ ਜਿਸਨੂੰ ਕਿਸੇ ਪਰਿਵਾਰ ਦਾ ਮੋਹ ਖਿੱਚ ਨਹੀਂ ਸੀ ਸਕਦਾ। ਉਹ ਪਿਆਰ ਦੇ ਵਸ ਹੋਏ-ਹੋਏ ਆਪਣਾ ਮਿਸ਼ਨ ਪੂਰਾ ਕਰਨ ਨੂੰ ਤੁਰੇ ਜਾਂਦੇ, ਜਦੋਂ ਐਨੀ ਬੇਨਤੀ ਇਨ੍ਹਾਂ ਨੇ ਕੀਤੀ, ਮਹਾਰਾਜ ਜੀ ਗੰਭੀਰ ਹੋ ਗਏ, ਚੁੱਪ ਕਰ ਗਏ। ਕਾਫੀ ਸਮੇਂ ਬਾਅਦ ਆਪ ਆਪਣੇ ਮੁਖਾਰਬਿੰਦ ਤੋਂ ਕਹਿਣ ਲੱਗੇ, ਭਾਈ ਬਾਲਾ! ਠੀਕ ਹੈ ਰਾਇ ਜੀ ਦਾ ਪਿਆਰ ਬਹੁਤ ਜ਼ਿਆਦਾ ਖਿੱਚ ਰਿਹਾ ਹੈ ਸਾਨੂੰ, ਪਰ ਉਥੇ ਪਿਤਾ ਜੀ ਵੀ ਹੈਗੇ, ਮਾਤਾ ਜੀ ਹੈਗੇ; ਪਿਤਾ ਨੇ ਤਾਂ ਸਾਡੇ ਨਾਲ ਸਿੱਧੀਓ ਲੜਾਈ ਕਰ ਦੇਣੀ ਹੈ। ਉਹਨੇ ਤਾਂ ਲੜਨਾ ਹੈ ਸਾਡੇ ਨਾਲ, ਚਲੋ ਠੀਕ ਹੈ। ਉਸੇ ਵੇਲੇ ਗੁਰੂ ਨਾਨਕ ਪਾਤਸ਼ਾਹ ਤਿਆਰ ਹੋ ਕੇ ਤਲਵੰਡੀ ਪਹੁੰਚ ਜਾਂਦੇ ਨੇ ਤੇ ਬਾਹਰ ਭਾਈ ਬਾਲਾ ਦੇ ਖੂਹ ਦੇ, ਸੋਹਣਾ ਥਾਂ ਦੇਖ ਕੇ ਉਥੇ ਆਪ ਬੈਠ ਜਾਂਦੇ ਨੇ ਤੇ ਆਪ ਨੇ ਕਿਹਾ ਕਿ ਜਾਓ ਤੁਸੀਂ ਘਰ ਮਿਲਿਓ। ਮਰਦਾਨਾ ਜਾਂਦਾ ਮਾਤਾ ਜੀ ਨੇ ਦੇਖ ਲਿਆ। ਕਹਿਣ ਲੱਗੇ, ਮਰਦਾਨਾ! ਐਨੀ ਛੇਤੀ ਮੁੜ ਆਏ। ਕਿੱਥੇ ਨੇ ਪੁੱਤਰ। ਇਸ਼ਾਰਾ ਕਰ ਦਿੱਤਾ ਕਿ ਉਥੇ ਖੂਹ 'ਤੇ ਨੇ। ਉਸੇ ਵੇਲੇ ਮਾਤਾ ਜੁੱਤੀ ਨਹੀਂ ਪਾਈ, ਕੁਛ ਨਹੀਂ ਕਰਿਆ, ਉਸੇ ਹਾਲਤ ਦੇ ਵਿੱਚ ਦੌੜੀ ਜਾ ਰਹੀ ਹੈ। ਕਿਉਂਕਿ ਮਾਂ ਦਾ ਪਿਆਰ ਬਹੁਤ ਜ਼ਿਆਦਾ ਹੁੰਦਾ ਹੈ ਤੇ ਜਾ ਕੇ ਗੁਰੂ ਨਾਨਕ ਪਾਤਸ਼ਾਹ ਦੇ ਕੋਲ ਜਦੋਂ ਨੇੜੇ ਪਹੁੰਚੀ ਤੇ ਆਪ ਨੇ ਦੇਖਿਆ ਕਿ ਮਾਤਾ ਆ ਰਹੀ ਹੈ ਉਸ ਵੇਲੇ ਉੱਠ ਕੇ ਖੜ੍ਹੇ ਹੋ ਗਏ ਤੇ ਚਰਨਾਂ ਦੇ ਉਤੇ ਮਸਤਕ ਲਾਉਣ ਦਾ ਇਰਾਦਾ ਕੀਤਾ ਪਰ ਇਸ ਤੋਂ ਪਹਿਲਾਂ ਹੀ ਮਾਂ ਨੇ ਬੁੱਕਲ 'ਚ ਲੈ ਲਿਆ, ਬੁੱਕਲ ਲੈ ਕੇ ਉਸ ਵੇਲੇ ਗਲ ਨਾਲ ਲਾ ਲਿਆ ਤੇ ਜੋ ਨੇਤਰਾਂ 'ਚੋਂ ਜਲ ਨਿਕਲਣਾ ਸ਼ੁਰੂ ਹੋਇਆ ਉਹ

ਸਾਂਭਿਆ ਨਹੀਂ ਜਾਂਦਾ, ਐਨਾ ਜ਼ਿਆਦਾ ਹੈ ਕਿ ਆਪਣੇ ਵੀ ਕੱਪੜੇ ਭਿਉਂ ਦਿੱਤੇ, ਗੁਰੂ ਨਾਨਕ ਪਾਤਸ਼ਾਹ ਦਾ ਵੀ ਸਰੀਰ ਭਿਉਂ ਦਿੱਤਾ। ਇਸ ਤਰ੍ਹਾਂ ਦੇ ਨਾਲ ਲਿਖਦੇ ਨੇ ਕਿ –

*ਗਰ ਸੋਂ ਲਾਇ ਨੀਰ ਦ੍ਰਿਗ ਜਾਈ।*
*ਮਹਾਂ ਮੋਹ ਮਾਤਾ ਬਿਰਮਾਈ।*
*ਤਜਿ ਨ ਸਕਤਿ ਸੁਤ ਕੋ ਨਿਜ ਅੰਕਾ।*
*ਜਿਉਂ ਪਾਵਹਿ ਪਾਰਸ ਕਿਤਿ ਰੰਕਾ।*

***ਸ੍ਰੀ ਗੁਰੂ ਨਾਨਕ ਪ੍ਰਕਾਸ਼, ਪੰਨਾ – 471***

ਜਿਵੇਂ ਗਰੀਬ ਆਦਮੀ ਨੂੰ ਕਿਤੇ ਪਾਰਸ ਲੱਭ ਜਾਵੇ, ਉਹ ਛੱਡਦਾ ਨਹੀਂ ਹੁੰਦਾ। ਐਸੇ ਤਰ੍ਹਾਂ ਜੱਫੀ ਨਹੀਂ ਖੋਲ੍ਹਦੀ, ਹੱਥ ਆਪਣੀ ਛਾਤੀ ਦੇ ਨਾਲੋਂ ਦੂਰ ਨਹੀਂ ਕਰ ਰਹੀ –

*ਅਸ਼੍ਰਪਾਤ ਸੋਂ ਭੀਗੇ ਅੰਗਾ।*

***ਸ੍ਰੀ ਗੁਰੂ ਨਾਨਕ ਪ੍ਰਕਾਸ਼, ਪੰਨਾ – 471***

ਸਾਰੇ ਅੰਗ ਹੰਝੂਆਂ ਦੇ ਨਾਲ ਭਿੱਜ ਗਏ –

*ਮਨਹੁ ਪ੍ਰੇਮ ਪਰਵਾਹਿ ਉਮੰਗਾ।*

***ਸ੍ਰੀ ਗੁਰੂ ਨਾਨਕ ਪ੍ਰਕਾਸ਼, ਪੰਨਾ – 471***

ਐਸ ਤਰ੍ਹਾਂ ਲਗਦਾ ਹੈ ਜਿਵੇਂ ਪ੍ਰੇਮ ਦਾ ਸਾਰਾ ਹੀ ਪਰਿਵਾਰ ਆ ਕੇ ਉਸ ਥਾਂ ਦੇ ਉਤੇ ਮਿਲ ਰਿਹਾ ਹੋਵੇ। ਸੋ ਮਾਤਾ ਜੀ ਨੂੰ ਮਹਾਰਾਜ ਜੀ ਨੇ ਸਮਝਾਇਆ ਤੇ ਐਨੇ ਨੂੰ ਕਾਲੂ ਵੀ ਆ ਗਿਆ, ਮਹਿਤਾ ਜੀ ਆਏ ਹੋਏ, ਉਨ੍ਹਾਂ ਨੇ ਦੂਰੋਂ ਦੇਖਿਆ ਕਿ ਇੱਕ ਪਰਨਾ ਜਿਹਾ ਸਿਰ 'ਤੇ ਬੰਨ੍ਹਿਆ ਹੋਇਆ ਦੋ ਗਜ਼ ਤੇ ਇੱਕ ਤੇੜ ਪਾਇਆ ਹੋਇਆ ਹੈ, ਬਾਕੀ ਸਰੀਰ ਸਾਰਾ ਨੰਗਾ ਹੈ। ਉਥੋਂ ਹੀ ਲੱਗ ਗਿਆ ਕਰਨ, ਕਹਿੰਦਾ, ਆਹ ਕੀ ਸ਼ਕਲ ਬਣਾਈ ਹੈ। ਮੈਨੂੰ ਕੀ ਕਹੇਗਾ ਸ਼ਰੀਕਾ, ਕਿਹੜਾ ਤੈਨੂੰ ਦੁੱਖ ਲੱਗਿਆ ਹੈ ਜਿਹਦੇ ਕਰਕੇ ਤੂੰ ਫਕੀਰੀ ਧਾਰਨ ਕਰੀ ਹੈ, ਕਿੱਡਾ ਤੇਰਾ ਕਾਰੋਬਾਰ ਸੀ ਤੇ 760 ਰੁਪਿਆ ਤੈਨੂੰ ਬਚਿਆ, ਤੇਰੇ ਤੋਂ ਸੰਭਾਲਿਆ ਨਾ ਗਿਆ, ਕੰਮ ਆਉਂਦਾ, ਕੱਪੜੇ ਲੈ ਕੇ ਪਾ ਲੈਂਦਾ। ਆਹ ਕੀ ਵੇਸ ਬਣਾਇਆ ਹੈ, ਸਾਡੀ ਤਾਂ ਤੂੰ ਬਿਲਕੁਲ ਹੀ ਜੜ੍ਹ ਪੱਟ ਦਿੱਤੀ। ਇੱਜ਼ਤ ਖਰਾਬ ਕਰ ਦਿੱਤੀ ਸਾਰੇ ਭਾਈਚਾਰੇ 'ਚ। ਲੋਕ ਕਹਿੰਦੇ ਨੇ ਕਿ ਕਾਲੂ ਦਾ ਪੁੱਤ ਫਕੀਰ ਬਣ ਗਿਆ।

ਐਸੇ ਮਿਹਣੇ ਜੋ ਆਮ ਦੁਨੀਆਂਦਾਰ ਦਿੰਦੇ ਨੇ ਜਿੰਨੇ ਦੇ ਸਕਦਾ ਸੀ ਸਾਰੇ ਦਿੱਤੇ। ਮਹਾਰਾਜ ਜੀ ਚੁੱਪ ਕਰਕੇ ਬੈਠੇ ਰਹੇ, ਬੋਲੇ ਨਹੀਂ, ਕੋਈ ਗੱਲ ਨਹੀਂ ਕਹੀ। ਸਿਆਣਿਆਂ ਦੇ ਅੱਗੇ ਕਿਹੜੀ ਗੱਲ ਕਹਿਣੀ ਹੈ। ਜਦੋਂ ਬੋਲ ਹਟੇ, ਉਸ ਵੇਲੇ ਮਾਤਾ ਨੇ ਕਿਹਾ ਕਿ ਰਾਇ ਬੁਲਾਰ ਤੁਹਾਨੂੰ ਮਿਲਣਾ ਚਾਹੁੰਦਾ ਹੈ। ਮਹਾਰਾਜ ਜੀ ਤਾਂ ਪਹਿਲਾਂ ਹੀ ਜਾਣ ਵਾਸਤੇ ਤਿਆਰ ਹੋ ਰਹੇ ਸੀ। ਸੋ ਉਸ ਵੇਲੇ ਆਪ ਨਾਲ ਉੱਠ ਕੇ ਤੁਰ ਪਏ ਤੇ ਅੱਗੇ ਜਦੋਂ ਰਾਇ ਬੁਲਾਰ ਦੇ ਪਾਸ ਪਹੁੰਚਦੇ ਨੇ, ਉਹ ਮੰਜੀ ਤੋਂ ਉੱਠਦਾ ਹੈ ਆਪਣੀ, ਪਲੰਘ ਤੋਂ ਤੇ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਦੇ ਉਤੇ ਨਮਸ਼ਕਾਰ

ਕਰਨ ਵਾਸਤੇ ਇੱਕ ਦਮ ਕਾਹਲਾ ਹੋ ਕੇ ਆਉਂਦਾ ਹੈ ਤੇ ਜਦੋਂ ਨਮਸ਼ਕਾਰ ਕਰੀ, ਮਹਾਰਾਜ ਨੇ ਉਹਦਾ ਸੀਸ ਹੱਥਾਂ 'ਚ ਰੋਕ ਲਿਆ ਤੇ ਓਸ ਦੇ ਬਾਰੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ ਕਿ -

***ਪ੍ਰੇਮ ਸੰਗਿ ਗਦਗਦ ਗਿਰਾ,***
***ਨੈਨ ਅਨੰਦ ਕੋ ਨੀਰ। ਸ੍ਰੀ ਗੁਰੂ ਨਾਨਕ ਪ੍ਰਕਾਸ਼, ਪੰਨਾ - 475***

ਨੈਣਾਂ ਦੇ ਵਿੱਚ ਖੁਸ਼ੀ ਦੇ ਹੰਝੂ ਚੱਲ ਰਹੇ ਨੇ, ਜਿਹੜੇ ਰੁਕਦੇ ਨਹੀਂ ਹੈਗੇ। ਕੋਈ ਸਮਝ ਨਹੀਂ ਸਕਦਾ, ਗੱਦ-ਗੱਦ ਉਹਦੀ ਬਾਣੀ ਹੋ ਗਈ, ਬੋਲਿਆ ਨਹੀਂ ਜਾਂਦਾ -

***ਮਾਨਹੁ ਗਯਾਨ ਸਨੇਹ ਦੋ ਧਰਿ ਕੇ ਮਿਲੇ ਸਰੀਰ।***
***ਸ੍ਰੀ ਗੁਰੂ ਨਾਨਕ ਪ੍ਰਕਾਸ਼, ਪੰਨਾ - 475***

ਇੱਕ ਪਾਸੇ ਪਿਆਰ ਹੈ, ਇੱਕ ਪਾਸੇ ਪੂਰਨ ਗਿਆਨ ਹੈ, ਦੋਵੇਂ ਜਿਵੇਂ ਐਸ ਤਰ੍ਹਾਂ ਲੱਗਦੇ ਨੇ ਜਿਵੇਂ ਸਰੀਰ ਧਾਰ ਕੇ ਮਿਲੇ ਜਾਂਦੇ ਨੇ। ਇੱਕ ਪਾਸੇ ਰੱਬ ਹੈ ਤੇ ਇੱਕ ਪਾਸੇ ਭਗਤ ਹੈ।

***ਭਯੋ ਨਿਮਗਨ ਪ੍ਰੇਮ ਅਸਗਾਹੂ।***
***ਪੈਰਨ ਪਾਰ ਨ ਪਾਵਹਿ ਬਾਹੂ।***
***ਲੋਚਨ ਤੇ ਮੋਚਤਿ ਜਲਧਾਰਾ।***
***ਸ੍ਰੀ ਗੁਰੂ ਨਾਨਕ ਪ੍ਰਕਾਸ਼, ਪੰਨਾ - 475***

ਅੱਖਾਂ ਦੇ ਵਿੱਚੋਂ ਜਲ ਦੀ ਧਾਰ ਵੱਗ ਰਹੀ ਹੈ -

***ਪੁਲਕਤਿ ਦੇਹਿ ਨ ਬੋਲ ਉਚਾਰਾ।***
***ਸ੍ਰੀ ਗੁਰੂ ਨਾਨਕ ਪ੍ਰਕਾਸ਼, ਪੰਨਾ - 475***

ਗਲ ਰੁਕਿਆ ਪਿਆ ਹੈ, ਸਾਰਾ ਸਰੀਰ ਜਿਹੜਾ ਹੈ ਰੁਮਾਂਚਿਕ ਹੋਇਆ ਹੋਇਆ ਹੈ। ਸਾਰੇ ਰੋਮ ਜਿਹੜੇ ਨੇ ਸਰੀਰ 'ਤੇ ਖੜ੍ਹੇ ਹੋ ਗਏ ਤੇ ਬੋਲਿਆ ਨਹੀਂ ਜਾਂਦਾ -

***ਭਗਤਨ ਕੋ ਨਿਜ ਤੇ ਅਧਿਕਾਰੀ।***
***ਦੇਤਿ ਦਾਸ ਕੋ ਵਡ ਵਡਿਆਈ।***
***ਸ੍ਰੀ ਗੁਰੂ ਨਾਨਕ ਪ੍ਰਕਾਸ਼, ਪੰਨਾ - 475***

ਮਹਾਰਾਜ ਕਹਿੰਦੇ, ਰਾਇ ਜੀ! ਤੁਸੀਂ ਏਥੇ ਬਹਿ ਜਾਓ ਪਲੰਘ 'ਤੇ। ਅਸੀਂ ਇੱਥੇ ਬੈਠਦੇ ਹਾਂ।

ਕਹਿੰਦਾ, ਨਾ ਮਹਾਰਾਜ! ਤੁਸੀਂ ਸਰ੍ਹਾਣੇ ਵਲ ਬੈਠੋ, ਏਧਰ ਬੈਠੋ। ਮੈਂ ਨਹੀਂ ਬਹਿੰਦਾ, ਮੈਂ ਹੁਣ ਥੱਲੇ ਬੈਠਾਂਗਾ, ਮੈਂ ਪਲੰਘ 'ਤੇ ਨਹੀਂ ਬੈਠਣ ਦੇ ਕਾਬਲ ਤੇ ਮਹਾਰਾਜ ਵਡਿਆਈ ਦਿੰਦੇ ਨੇ ਤੇ ਉਹ ਕਹਿੰਦਾ ਕਿ ਮਹਾਰਾਜ! ਇਹ ਤਾਂ ਆਦਿ ਜੁਗਾਦਿ ਤੋਂ ਤੁਰਿਆ ਆਇਆ ਹੈ। ਪਹਿਲਾਂ ਤੋਂ ਹੀ ਜਿਹੜਾ ਪ੍ਰਮੇਸ਼ਰ ਹੈ, ਇਹ ਭਗਤ ਦੀ ਵਡਿਆਈ ਕਰਦਾ ਹੈ -

***ਜਾਨਤਿ ਹੈ ਜਗ ਨਈ ਨ ਰੀਤੀ।***
***ਅਹੈ ਸਨਾਤਨ ਸਭਿ ਜੁਗ ਕੀਤੀ।***
***ਸ੍ਰੀ ਗੁਰੂ ਨਾਨਕ ਪ੍ਰਕਾਸ਼, ਪੰਨਾ - 475***

ਸਾਰਾ ਸੰਸਾਰ ਜਾਣਦਾ ਹੈ ਕਿ ਇਹ ਕੋਈ ਨਵੀਂ ਰੀਤੀ ਨਹੀਂ ਹੈ।

***ਅਹੈ ਸਨਾਤਨ ਸਭਿ ਜੁਗ ਕੀਤੀ।***

***ਸ੍ਰੀ ਗੁਰੂ ਨਾਨਕ ਪ੍ਰਕਾਸ਼, ਪੰਨਾ - 475***

ਇਹ ਤਾਂ ਸਭ ਤੋਂ ਪੁਰਾਣੀ ਰੀਤੀ ਹੈ -

***ਪਾਂਡਵ ਹੁਤੋ ਜੁਧਿਸ਼ਟਰ ਰਾਊ।***
***ਕ੍ਰਿਸ਼ਨ ਕਿਯੇ ਬਸਿ ਭਗਤਿ ਪ੍ਰਭਾਊ।***

***ਸ੍ਰੀ ਗੁਰੂ ਨਾਨਕ ਪ੍ਰਕਾਸ਼, ਪੰਨਾ - 475***

ਕ੍ਰਿਸ਼ਨ ਨੂੰ ਆਪਣੀ ਭਗਤੀ ਦੇ ਪ੍ਰਭਾਵ ਦੇ ਨਾਲ ਯੁਧਿਸ਼ਟਰ ਵਸ ਕੀਤਾ ਹੋਇਆ ਸੀ। ਉਹ ਵੀ ਉਨ੍ਹਾਂ ਨੂੰ ਮਾਣ ਦਿੰਦਾ ਸੀ ਸੋ ਪਾਤਸ਼ਾਹ! ਤੁਸੀਂ ਤਾਂ ਮੇਰੇ ਅੱਲਾਹ ਤਾਲਾਹ ਹੋ। ਮੇਰੇ ਖੁਦਾ ਹੋਂ, ਮੇਰਾ ਸਰੀਰ ਮੁਸਮਲਮਾਨ ਦੇ ਘਰ ਹੈ। ਪਰ ਤੁਸੀਂ ਮੇਰੇ ਖੁਦਾ ਓਂ। ਤੁਸੀਂ ਤਾਂ ਮੇਰੇ ਅੱਲਾਹ ਤਾਲਾਹ ਹੋਂ, ਐਸੀ ਉੱਚੀ ਭਾਵਨਾ ਹੈ ਜਿਹੋ ਜਿਹੀ ਮਹਾਰਾਜ ਨੇ ਬਾਣੀ 'ਚ ਫੁਰਮਾਨ ਕੀਤੀ ਹੈ -

***ਧਾਰਨਾ - ਗੁਰ ਗੋਬਿੰਦ ਗੋਬਿੰਦ ਗੁਰੂ ਹੈ,***
***ਨਾਨਕ ਭੇਦ ਨਾ ਭਾਈ।***

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥***

***ਅੰਗ - 442***

ਜਦੋਂ ਸਰੀਰ ਦੀ ਪੜਚੋਲ ਕਰਕੇ ਦੇਖੀ, ਜਦੋਂ ਚੀਨ-ਚੀਨ ਕੇ ਦੇਖਿਆ ਸਰੀਰ ਨੂੰ, ਹੈਰਾਨ ਹੋ ਗਏ, ਇੱਕ ਉਪਮਾ ਤੋਂ ਰਹਿਤ ਅੰਦਰ ਸਰੀਰ ਦੇਖਿਆ-

***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ ॥ ਅੰਗ - 442***

ਗੁਰੂ ਤੇ ਗੋਬਿੰਦ ਵਿੱਚ ਕੋਈ ਵੀ ਭੇਤ ਨਹੀਂ ਹੋਇਆ ਕਰਦਾ।

ਗੁਰੂ ਅੰਗਦ ਸਾਹਿਬ ਮਹਾਰਾਜ, ਭਾਈ ਬਾਲਾ ਜੀ ਨੂੰ ਪੁੱਛਣ ਲੱਗੇ ਕਿ ਭਾਈ ਬਾਲਾ! ਤੁਸੀਂ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਰਹੇ ਹੋਂ, ਕੀ ਸਮਝਦੇ ਰਹੇ ਪਾਤਸ਼ਾਹ ਨੂੰ?

ਕਹਿਣ ਲੱਗੇ, ''ਮਹਾਰਾਜ! ਉਹ ਤਾਂ ਪੂਰਨ ਸੰਤ ਸੀ।''

ਮਹਾਰਾਜ ਕਹਿੰਦੇ, ''ਚੰਗਾ, ਭਾਈ ਤੂੰ ਪੂਰਨ ਸੰਤ ਹੋਇਆ।''

ਬਾਬਾ ਬੁੱਢਾ ਜੀ, ਤੁਸੀਂ ਵੀ ਸਾਰੀ ਜ਼ਿੰਦਗੀ ਨਾਲ ਰਹੇ ਓਂ ਤੁਸੀਂ ਗੁਰੂ ਨਾਨਕ ਨੂੰ ਕੀ ਸਮਝਦੇ ਰਹੇ?

ਕਹਿੰਦੇ, ''ਮਹਾਰਾਜ! ਉਹ ਤਾਂ ਬ੍ਰਹਮਗਿਆਨੀ ਸੀਗੇ ਪੂਰਨ?''

ਕਹਿੰਦੇ, ''ਤੁਸੀਂ ਵੀ ਬ੍ਰਹਮਗਿਆਨੀ ਹੋਏ।''

ਭਾਈ ਮਨਸੁਖ ਜੀ, ''ਤੁਸੀਂ ਕੀ ਸਮਝਦੇ ਰਹੇ? ਭਾਈ ਮਨਸੁਖ ਜੀ, ਭਾਈ ਭਗੀਰਥ ਜੀ ਤੁਸੀਂ ਕੀ ਸਮਝਿਆ?''

ਸਾਰੇ ਗੁਰਸਿੱਖਾਂ ਨੇ ਆਪਣੀ-ਆਪਣੀ ਭਾਵਨਾ ਦੇ ਨਾਲ ਉੱਤਰ ਦਿੱਤੇ ਤੇ ਅਖੀਰ ਸਾਰਿਆਂ ਨੇ ਪੁੱਛਿਆ ਕਿ ਪਾਤਸ਼ਾਹ! ਤੁਸੀਂ ਗੁਰੂ ਨਾਨਕ ਸਾਹਿਬ ਨੂੰ ਕੀ ਸਮਝਦੇ ਹੋਂ?

ਐਨੀ ਗੱਲ ਸੁਣਦੇ ਸਾਰ, ਆਪ ਦੇ ਅੰਦਰ ਇੱਕ ਹੁਲਾਰਾ ਵੱਜਿਆਂ, ਨੇਤਰਾਂ 'ਚ ਜਲ ਦੇ ਦੋ ਕਤਰੇ ਆ ਗਏ। ਬੋਲ ਬੰਦ ਹੋ ਗਿਆ। ਕਾਫੀ ਸਮੇਂ ਤੋਂ ਬਾਅਦ ਆਪ ਨੇ ਮੁਖਾਰਬਿੰਦ ਤੋਂ ਫੁਰਮਾਨ ਕੀਤਾ। ਕਹਿੰਦੇ, ਗੁਰਮੁਖੋ! ਗੁਰੂ ਨਾਨਕ ਪਾਤਸ਼ਾਹ -

***ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥***

***ਅੰਗ - 1395***

ਉਹ ਤਾਂ ਆਪ ਹੀ ਵਾਹਿਗੁਰੂ ਸੀਗੇ ਮਨੁੱਖੀ ਜਾਮੇ 'ਚ ਪ੍ਰਗਟ ਹੋਏ, ਗੁਰੂ ਰੂਪ। ਸੁਣਿਆ ਹੈ ਨਾ ਤੁਸੀਂ, ਜਦੋਂ ਸੱਚਖੰਡ ਗਏ ਨੇ। ਉਥੇ ਪਾਰਬ੍ਰਹਮ ਪ੍ਰਮੇਸ਼ਰ ਨੇ ਕਿਹਾ ਕਿ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ, ਤੇਰੇ ਤੇ ਮੇਰੇ ਵਿੱਚ ਜੋ ਭੇਦ ਜਾਣੇਗਾ ਉਹ ਮੇਰੀ ਦਰਗਾਹ 'ਚ ਨਹੀਂ ਦਾਖਲ ਹੋਏਗਾ। ਤੂੰ ਤੇ ਮੈਂ ਇੱਕ, ਤੂੰ ਗੁਰੂ ਤੇ ਪ੍ਰਮੇਸ਼ਰ, ਸੰਸਾਰ ਦਾ ਉਧਾਰ ਕਰਨ ਵਾਲਾ। ਮੇਰਾ ਕੋਈ ਪਾਰਾਵਾਰ ਨਹੀਂ ਪਾ ਸਕਦਾ, ਮੈਂ ਉਹ ਪ੍ਰਮੇਸ਼ਰ। ਹਾਂ, ਮੈਂ ਤੇ ਤੂੰ ਇੱਕੋ ਹੀ ਦੋ ਨਹੀਂ ਹੈਗੇ।

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਸਾਰਿਆਂ ਨੇ ਸਰਵਣ ਕਰਿਆ, ਸਾਰਿਆਂ ਨੇ ਨਮਸ਼ਕਾਰ ਕਰ ਦਿੱਤੀ ਕਿ ਪਾਤਸ਼ਾਹ! ਤੁਸੀਂ ਆਪ ਪ੍ਰਮੇਸ਼ਰ ਰੂਪ ਹੋ ਗਏ ਹੋਂ, ਐਡੀ ਉੱਚੀ ਭਾਵਨਾ ਦੇ ਨਾਲ।

ਸੋ ਜਿਹੋ ਜਿਹੀ ਭਾਵਨਾ ਦੇ ਨਾਲ -

***...............ਜੇਹਾ ਭਾਉ ਤੇਹਾ ਫਲੁ ਪਾਈਐ ॥ ਅੰਗ - 602***

ਜਿਹੋ ਜਿਹੀ ਭਾਵਨਾ ਗੁਰੂ 'ਤੇ ਕਰੋ -

***ਜਿਉਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।***

***ਭਾਈ ਗੁਰਦਾਸ ਜੀ, ਵਾਰ 34/1***

ਜਿਹੋ ਜਿਹਾ ਮੂੰਹ ਸ਼ੀਸ਼ੇ 'ਚ ਬਣਾ ਕੇ ਦੇਖੋਂਗੇ ਉਹੋ ਜਿਹਾ ਹੀ ਦਿੱਸੇਗਾ। ਇਸੇ ਤਰ੍ਹਾਂ ਗੁਰੂ ਵਿੱਚ ਜਿਹੋ ਜਿਹੀ ਭਾਵਨਾ ਹੋਏਗੀ, ਉਸੇ ਭਾਵਨਾ ਦੇ ਨਾਲ ਗੁਰੂ ਦਰਸ਼ਨ ਦੇ ਦਿਆ ਕਰਦੇ ਨੇ। ਸੋ ਇਹਨੂੰ ਭਾਵਨਾ ਸੀ ਕਿ ਤੁਸੀਂ ਤਾਂ ਆਪ ਮੇਰੇ ਪ੍ਰਮੇਸ਼ਰ ਹੋ -

***ਪਰਮੇਸੁਰ ਤੂੰ ਪੁਰਖ ਪੁਰਾਤਨ।***
***ਪਾਰਬ੍ਰਹਮ ਕਿਰਪਾਲ ਸਨਾਤਨ।***

*ਜੋਤੀ ਰੂਪ ਅਨੂਪ ਸਰੂਪਾ।*
*ਸ਼ਾਹਿਨਸ਼ਾਹ ਭੂਪ ਕੋ ਭੂਪਾ।*

***ਸ੍ਰੀ ਗੁਰੂ ਨਾਨਕ ਪ੍ਰਕਾਸ਼, ਪੰਨਾ - 475***

ਹੇ ਗੁਰੂ ਨਾਨਕ ਪਾਤਸ਼ਾਹ! ਮੈਂ ਤੇਰੇ ਬਰਾਬਰ ਕਿਵੇਂ ਬੈਠ ਸਕਦਾ ਹਾਂ ਤੂੰ ਤਾਂ ਆਪ ਪ੍ਰਮੇਸ਼ਰ ਹੈਂ, ਪੁਰਖ ਪੁਰਾਤਨ ਹੈਂ, ਤੂੰ ਆਦਿ ਪੁਰਖ ਤੇ ਜੋਤੀ ਰੂਪ, ਉਪਮਾ ਤੋਂ ਰਹਿਤ ਤੇਰਾ ਸਰੀਰ ਹੈ। ਸ਼ਾਹਾਂ ਦਾ ਸ਼ਾਹ, ਭੂਪਾਂ ਦਾ ਭੂਪ ਹੈਂ। ਐਸੇ ਬਚਨ ਕਰਕੇ ਆਪ ਗੁਰੂ ਨਾਨਕ ਪਾਤਸ਼ਾਹ ਦੀ ਦਇਆ ਦ੍ਰਿਸ਼ਟੀ ਦੇ ਪਾਤਰ ਹੋਏ-ਹੋਏ ਨੇ, ਉਸ ਵੇਲੇ ਚੁੱਪ ਛਾ ਗਈ, ਕੋਈ ਬਚਨ ਨਹੀਂ ਕਰਦਾ। ਰਾਇ ਬੁਲਾਰ ਤੋਂ ਬਚਨ ਨਹੀਂ ਹੋ ਰਿਹਾ, ਦੋਵੇਂ ਹੱਥ ਜੋੜੀਂ ਖੜ੍ਹੇ ਹੈਂ, ਫੁਰਨੇ ਸ਼ਾਂਤ ਹੋ ਗਏ।

ਮਹਾਂਪੁਰਸ਼ਾਂ ਕੋਲ ਜਾ ਕੇ ਫੁਰਨਾ ਸ਼ਾਂਤ ਹੋ ਜਾਂਦਾ ਹੈ। ਗੱਲ ਜਿਹੜੀ ਪੁੱਛਣ ਗਿਆ ਹੋਵੇ ਉਹ ਭੁੱਲ ਜਾਂਦਾ ਹੈ, ਉਸ ਵੇਲੇ ਮਾਤਾ ਨੇ ਬੇਨਤੀ ਕੀਤੀ, ਕਹਿਣ ਲੱਗੇ, ਰਾਇ ਜੀ! ਦੇਖੋ ਤੁਸੀਂ ਵੀ ਨਾਨਕ ਨੂੰ ਪਿਆਰ ਕਰਦੇ ਹੋ। ਮੈਂ ਮਾਂ ਹਾਂ, ਮੈਂ ਵੀ ਪਿਆਰ ਕਰਦੀ ਹਾਂ ਤੇ ਅੱਖਾਂ ਤੋਂ ਮੈਂ ਦੂਰ ਨਹੀਂ ਹੋਣ ਦੇਣਾ ਚਾਹੁੰਦੀ ਤੁਹਾਨੂੰ। ਕੋਈ ਤਰੀਕਾ ਸੋਚੋ ਜਿਹਦੇ ਨਾਲ ਗੁਰੂ ਨਾਨਕ ਇੱਥੇ ਹੀ ਰਹਿਣਾ ਸ਼ੁਰੂ ਕਰ ਦਏਗਾ, ਇੱਥੇ ਹੀ ਭਜਨ ਕਰੇ, ਇਹਨੂੰ ਕੋਈ ਨਹੀਂ ਪੁੱਛਦਾ। ਕੋਈ ਕੁਛ ਨਹੀਂ ਕਹਿੰਦਾ।

ਉਸ ਵੇਲੇ ਮਹਿਤਾ ਕਾਲੂ ਜੀ ਕਹਿਣ ਲੱਗੇ, "ਦੇਖ! ਇੱਕ ਗੱਲ ਦਾ ਸਾਨੂੰ ਇਤਰਾਜ਼ ਹੈ ਕਿ ਜਿਹੜਾ ਆਹ ਪਰਨਾ ਜਿਹਾ ਤੇੜ ਬੰਨ੍ਹ ਲਿਆ ਤੇ ਉੱਤੇ ਆਹ ਦੋ ਗਜ਼ ਬੰਨ੍ਹ ਲਿਆ। ਇਹ ਸਾਡੀ ਕੁਲ ਦੀ ਰੀਤ ਤੂੰ ਖਰਾਬ ਕਰ ਦਿੱਤੀ। ਤੂੰ ਰਹਿ ਇੱਥੇ, ਮੈਂ ਤੈਨੂੰ ਕੋਈ ਕੰਮ ਨਹੀਂ ਕਹਿੰਦਾ ਨਾ ਨੌਕਰੀ ਦਾ ਨਾ ਚਾਕਰੀ ਦਾ ਪਰ ਤੂੰ ਕੰਮ ਬੜਾ ਖਰਾਬ ਕਰਿਆ ਬਈ ਕਿੱਡਾ ਸੋਹਣਾ ਉਥੇ ਲੱਗਿਆ ਹੋਇਆ ਸੀ, ਕਿੰਨੇ ਪੈਸੇ ਬਚਦੇ ਸੀ, ਉਹ ਸਾਰੇ ਛੱਡ ਕੇ, ਲੁਟਾ ਕੇ ਲੋਕਾਂ 'ਚ ਚਲਿਆ ਗਿਆ। ਬਾਲ-ਬੱਚੇ ਕੀ ਖਾਣ, ਉਥੇ ਹੀ ਫੇਰ ਆ ਗਿਆ ਉਸੇ ਗੱਲ ਦੇ ਉਤੇ, ਕਹਿੰਦਾ-ਕਹਿੰਦਾ। ਕਿਉਂਕਿ ਬਿਰਤੀ ਮਾਇਆਕਾਰ ਸੀ ਸਾਰੀ ਉਹਦੀ। ਪੁੱਤਰ ਨਾਲ ਇਹ ਸਨੇਹ ਨਹੀਂ ਸੀ ਕਿ ਇਹ ਪੁੱਤਰ ਸੰਸਾਰ ਦਾ ਭਲਾ ਕਰੇ ਜਾਂ ਸਾਡੀਆਂ ਕੁਲਾਂ ਦਾ ਉਧਾਰ ਕਰੇ। ਇਹੀ ਸੀ ਕਿ ਮੈ ਸ਼ਰੀਕੇ ਦੇ ਵਿੱਚ ਵੱਡਾ ਹੋਵਾਂ, ਬਹੁਤਾ ਪੈਸਾ ਕਮਾਵਾਂ ਤੇ ਲੋਕ ਕਹਿਣ ਕਿ ਮਹਿਤਾ ਕਾਲੂ ਦਾ ਜਿਹੜਾ ਪੁੱਤਰ ਹੈ ਜੀ ਉਹ ਤਾਂ ਧਨੀ ਹੈ, ਬਹੁਤ ਵਪਾਰੀ ਹੈ ਵੱਡਾ। ਉਸ ਵੇਲੇ ਰਾਇ ਬੁਲਾਰ ਕਹਿਣ ਲੱਗੇ, ਹੇ ਨਾਨਕ ਜੀ! ਜੇ ਆਪ ਦੀ ਰਜ਼ਾ ਹੋਵੇ ਤਾਂ ਮੈਂ ਤੁਹਾਨੂੰ ਜ਼ਮੀਨ ਦੇ ਦਿੰਦਾ ਹਾਂ, ਮਾਮਲਾ ਮੈਂ ਉਸ ਜ਼ਮੀਨ ਦਾ ਕੋਈ ਨਹੀਂ ਲਵਾਂਗਾ, ਨਾ ਵਟਾਈ ਲਵਾਂਗਾ, ਉਹ ਜੱਦੀ ਜ਼ਮੀਨ ਤੁਹਾਨੂੰ ਦੇ ਦੇਵਾਂਗੇ, ਮਾਫੀ ਦੀ ਜ਼ਮੀਨ। ਤੁਸੀਂ ਉੱਥੇ ਖੇਤੀ ਕਰੋ ਬੈਠ ਕੇ ਆਰਾਮ ਨਾਲ, ਜ਼ਮੀਨ ਬੜੀ ਉਪਜਾਊ ਹੈ, ਖੂਹ ਲੱਗੇ ਹੋਏ ਨੇ ਤੇ ਤੁਸੀਂ ਖੇਤੀ ਕਰੋ। ਉਸ ਵੇਲੇ ਮਹਾਰਾਜ ਨੇ ਫੁਰਮਾਨ ਕਰਿਆ, ਕਹਿਣ ਲੱਗੇ, "ਸਾਡੀ ਤਾਂ ਖੇਤੀ ਬਹੁਤ ਜ਼ਿਆਦਾ ਫੈਲੀ ਹੋਈ ਹੈ, ਫੁੱਲੀ ਹੋਈ ਹੈ, ਬੀਜ 'ਤੇ ਆਈ ਹੋਈ

ਤੇ ਉਹਦਾ ਮੁੱਲ ਕੋਈ ਨਹੀਂ ਹੈ।"

ਮਹਿਤਾ ਕਾਲੂ ਜੀ ਕਹਿਣ ਲੱਗੇ, "ਨਾਨਕ ਜੀ! ਕਿੱਥੇ ਜ਼ਮੀਨ ਲੈ ਲਈ ਤੁਸੀਂ ਓਧਰ, ਮੁਰੱਬੇ ਵਗੈਰਾ ਲੈ ਲਏ, ਜਿੱਥੇ ਤੁਸੀਂ ਖੇਤੀ ਕਰਦੇ ਓਂ?"

ਕਹਿੰਦੇ, "ਪਿਤਾ ਜੀ! ਮੁਰੱਬੇ ਤਾਂ ਮੇਰੇ ਨਾਲ ਹੀ ਨੇ। ਆਹ ਜਿਹੜਾ ਸਰੀਰ ਹੈ ਇਹ ਤਾਂ ਹੈਗਾ ਖੇਤ। ਇਹ ਜਿਹੜਾ ਮਨ ਹੈ ਮੈਂ ਇਹਨੂੰ ਕਿਰਸਾਣ ਬਣਾ ਦਿੱਤਾ ਬਈ ਹੁਣ ਫੁਰਨਾ ਨਾ ਕਰ ਕੋਈ ਵੀ ਤੇ ਹੁਣ ਕਿਰਸਾਣ ਬਣ ਕੇ ਅੰਮ੍ਰਿਤ ਵੇਲੇ ਜਾਗ, ਅੰਮ੍ਰਿਤ ਵੇਲੇ ਜਾਗ ਕੇ ਇਸ਼ਨਾਨ ਕਰ। ਫੇਰ ਤੂੰ ਹਲ ਚਲਾ ਇਹਦੇ ਵਿੱਚ ਹਾਲੀ ਬਣ ਕੇ। ਹਲ ਕਾਹਦਾ ਚਲਾਉਣਾ ਹੈ, ਅੰਦਰ ਨੂੰ ਸਾਹ ਜਾਂਦਾ ਹੈ, ਸਾਹ ਅੰਦਰ ਨੂੰ ਜਾਂਦਾ ਹੈ ਸਤਿਨਾਮ ਕਹਿ, ਬਾਹਰ ਨੂੰ ਆਉਂਦਾ ਹੈ ਵਾਹਿਗੁਰੂ ਕਹਿ। ਕਹਿੰਦੇ ਇਹ ਹਲ ਚੱਲ ਰਿਹਾ ਹੈ ਦਿਨ ਰਾਤ। ਜਿਹੜੀ ਸ਼ੁੱਭ ਕਰਨੀ ਹੈ ਉਹਦੀ ਮੈਂ ਕਿਰਸਾਣੀ ਕਰ ਰਿਹਾ ਹਾਂ ਤੇ ਮਿਹਨਤ ਜਿਹੜੀ ਕਰਦੇ ਹਾਂ ਅਸੀਂ ਭਜਨ ਕਰਨ ਵਾਸਤੇ, ਤਪ ਕਰਦੇ ਹਾਂ, ਉਹਦਾ ਮੈਂ ਪਾਣੀ ਦੇ ਰਿਹਾ ਹਾਂ ਤੇ ਮੈਂ ਤਨ ਨੂੰ ਖੇਤ ਬਣਾਇਆ ਹੋਇਆ ਹੈ ਤੇ ਇਹਦੇ ਵਿੱਚ ਮੈਂ ਬੀਜ ਪਾ ਰਿਹਾ ਹਾਂ ਉਹ ਬੀਜ ਪਾ ਰਿਹਾ ਹਾਂ ਜਿਹਦਾ ਕੋਈ ਮੁੱਲ ਨਹੀਂ ਹੈ -

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥***

***ਅੰਗ - 81***

ਜਿਹਦੀ ਕੋਈ ਕੀਮਤ ਹੀ ਨਹੀਂ ਜਾਣ ਸਕਦਾ। ਉਹ ਬੀਜ ਮੈਂ ਪਾ ਰਿਹਾ ਹਾਂ ਅਤੇ ਉਹਦੇ ਉੱਤੇ ਮੈਂ ਸੰਤੋਖ ਦਾ ਸੁਹਾਗਾ ਦੇ ਰਿਹਾ ਹਾਂ ਤੇ ਨਿਮਰਤਾ ਦੀ ਬਾੜ ਕਰ ਰਿਹਾ, ਫੇਰ ਇਹਦੀ ਜਿਹੜੀ ਮੈਂ ਗੋਡੀ ਕਰਦਾ ਹਾਂ ਉਹ ਮੈਂ ਭਉ ਦੇ, ਪਿਆਰ ਦੇ ਕਰਮਾਂ ਵਾਲੀ ਗੋਡੀ ਕਰਦਾ ਹਾਂ।

ਨੌਂ ਕਿਸਮ ਦੀ ਭਗਤੀ ਹੁੰਦੀ ਹੈ - ਕੀਰਤਨ ਭਗਤੀ, ਸਿਮਰਨ ਭਗਤੀ, ਨਮਸ਼ਕਾਰ ਭਗਤੀ, ਅਰਦਾਸ ਭਗਤੀ, ਅਰਚਣ ਭਗਤੀ, ਪੂਜਾ ਭਗਤੀ, ਸਖਾ ਮਿੱਤਰ ਭਗਤੀ, ਪਤੀਵਰਤਾ ਇਸਤ੍ਰੀ ਵਰਗੀ ਭਗਤੀ, ਗੁਲਾਮ ਬਣ ਕੇ ਭਗਤੀ ਤੇ ਫੇਰ ਪ੍ਰੇਮਾ ਭਗਤੀ ਇਨ੍ਹਾਂ ਨੂੰ ਫਲ ਲੱਗਿਆ ਕਰਦਾ ਹੈ। ਪ੍ਰੇਮਾ ਭਗਤੀ ਤੋਂ ਬਾਅਦ ਪਰਾ ਭਗਤੀ ਹੁੰਦੀ ਹੈ, ਆਪਣਾ ਆਪ ਮਿਟਾ ਕੇ ਆਪਣੇ ਪਿਆਰ ਕਰਨ ਵਾਲੇ ਵਿੱਚ ਸਮਾਅ ਦੇਣਾ।

ਪਰਾ ਭਗਤੀ ਤੋਂ ਅਪਰਾ ਭਗਤੀ ਹੁੰਦੀ ਹੈ। ਆਪਣੇ ਪਿਆਰੇ ਤੋਂ ਬਗੈਰ ਹੋਰ ਦੁਨੀਆ 'ਚ ਨਜ਼ਰ ਹੀ ਕੋਈ ਨਾ ਆਵੇ। ਕਹਿੰਦੇ, ਅਸੀਂ ਤਾਂ ਇਹ ਕਰਮ ਕਰਕੇ ਏਸ ਖੇਤੀ ਦੀ ਸਾਂਭ ਸੰਭਾਲ ਕਰ ਰਹੇ ਹਾਂ ਤੇ ਜਦੋਂ ਇਹ ਜੰਮ ਪਈ ਫੇਰ ਇਹ ਜਿਸ ਘਰ 'ਚ ਵੀ ਆਏਗੀ, ਉਹ ਭਾਗਾਂ ਵਾਲਾ ਘਰ ਹੋ ਜਾਏਗਾ। ਉਹਦੇ ਭਾਗ ਐਡੇ ਵੱਡੇ ਹੋ ਜਾਣਗੇ ਕਿ ਆਪ ਵੀ ਖਾਵੇਗਾ ਤੇ ਸੰਸਾਰ ਨੂੰ ਵੀ ਖਲਾਏਗਾ, ਕਦੇ ਤੋਟ ਨਹੀਂ ਆਏਗੀ। ਸੋ ਇਸ ਤਰ੍ਹਾਂ ਦੇ ਨਾਲ ਆਪ ਨੇ ਫੁਰਮਾਨ ਕਰਿਆ, ਪੜ੍ਹੋ ਪਿਆਰ ਨਾਲ-

***ਧਾਰਨਾ – ਬੀਜ ਪਾਉਣਾ ਓ ਸੱਚੇ ਨਾਮ ਦਾ,***
***ਵਾੜ ਕਰਨੀ ਐ ਗਰੀਬੀ ਵੇਸ ਵਾਲੀ।***

***ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥***
***ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥***
***ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥***
***ਅੰਗ – 595***

ਮਨ ਨੂੰ ਅਸੀਂ ਹਾਲੀ ਬਣਾਇਆ ਹੋਇਆ ਹੈ ਤੇ ਜਿਹੜੀ ਸਾਡੀ ਕਿਰਸਾਣੀ ਹੈ ਇਹ ਸ਼ੁੱਭ ਕਰਨੀ ਦੀ ਹੈ, ਨੇਕ ਕਰਮਾਂ ਦੀ। ਕਹਿੰਦੇ ਜਦੋਂ ਇਹ ਫਸਲ ਜੰਮ ਪਈ ਉਸ ਵੇਲੇ ਜਿਸ ਦੇ ਘਰ ਵਿੱਚ ਇਹ ਫਸਲ ਜੰਮਦੀ ਹੈ ਉਹ ਭਾਗਾਂ ਵਾਲਾ ਹੁੰਦਾ ਹੈ, ਉਹਦੇ ਬਰਾਬਰ ਦਾ ਕੋਈ ਹੋਇਆ ਨਹੀਂ ਕਰਦਾ। ਪਾਤਸ਼ਾਹ ਵੀ ਉਹਦੇ ਪਿੱਛੇ ਲੱਗੇ ਫਿਰਦੇ ਨੇ –

***ਜਿਸ ਨੋ ਬਖਸੇ ਸਿਫਤਿ ਸਾਲਾਹ ॥***
***ਨਾਨਕ ਪਾਤਿਸਾਹੀ ਪਾਤਿਸਾਹੁ ॥ ਅੰਗ – 5***
***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥***
***ਅੰਗ – 707***

ਉਹਦੀ ਬਾਦਸ਼ਾਹੀ ਦੁਨੀਆਂ 'ਤੇ ਹੀ ਨਹੀਂ ਹੁੰਦੀ –

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥ ਅੰਗ – 186***

ਉਹਦਾ ਕਿਹਾ ਹੋਇਆ ਤਾਂ ਦਰਗਾਹ ਵੀ ਮੰਨਦੀ ਹੈ। ਉਹ ਸੱਚੇ ਪਾਤਸ਼ਾਹ ਨੇ ਬਾਕੀ ਸਾਰਾ ਸੰਸਾਰ ਝੂਠੇ ਪਾਤਸ਼ਾਹਾਂ ਦਾ ਹੈ–

***ਧਾਰਨਾ – ਸੱਚੇ ਉਹ ਪਾਤਸ਼ਾਹ, ਸੱਚੇ ਨਾਲ ਰੱਤੇ ਜਿਹੜੇ।***

ਜੋ ਸੱਚ ਨਾਲ, ਵਾਹਿਗੁਰੂ ਨਾਲ ਰੱਤੇ ਹੋਏ ਨੇ, ਉਹ ਸੱਚੇ ਪਾਤਸ਼ਾਹ ਹੋਇਆ ਕਰਦੇ ਨੇ, ਬਾਕੀ ਸੰਸਾਰ ਜਿਹੜਾ ਹੈ ਸਭ ਝੂਠੇ ਪਾਤਸ਼ਾਹਾਂ ਦਾ ਹੈ। ਮਹਾਰਾਜ ਕਹਿੰਦੇ, ਇਹ ਪਾਤਸ਼ਾਹੀਆਂ ਦਾ ਕੀ ਫਾਇਦਾ, ਇਹ ਤਾਂ ਫਜ਼ੂਲ ਨੇ ਪਾਤਸ਼ਾਹੀਆਂ, ਸਮਾਂ ਬਰਬਾਦ ਕਰਦੇ ਨੇ –

***ਕੋਊ ਹਰਿ ਸਮਾਨਿ ਨਹੀ ਰਾਜਾ ॥***
***ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ ॥***
***ਅੰਗ – 856***

ਝੂਠੇ ਪਾਖੰਡ ਕਰ ਰਹੇ ਨੇ, ਝੂਠੇ ਦਿਖਾਵੇ ਦਿਖਾ ਰਹੇ ਨੇ। ਸੱਚੇ ਤਾਂ ਓਹੀ ਨੇ –

***ਸਚਾ ਅਮਰੁ ਸਾਚੀ ਪਾਤਿਸਾਹੀ ਸਚੇ ਸੇਤੀ ਰਾਤੇ ॥***
***ਅੰਗ – 749***

ਜਿਹੜੇ ਸੱਚੇ ਨਾਲ ਰੱਤੇ ਹੋਏ ਨੇ ਉਹ ਪਾਤਸ਼ਾਹਾਂ ਦੇ ਪਾਤਸ਼ਾਹ ਨੇ।

ਗੁਰੂ ਛੇਵੇਂ ਪਾਤਸ਼ਾਹਾਂ ਮਹਾਰਾਜ ਜਹਾਂਗੀਰ ਜੋ ਹਿੰਦੋਸਤਾਨ ਦਾ ਬਾਦਸ਼ਾਹ ਸੀ, ਚੱਕਰਵਰਤੀ ਬਾਦਸ਼ਾਹ। ਉਹਦੇ ਨਾਲ ਆਪ ਜਾ ਰਹੇ ਨੇ ਆਗਰੇ। ਉਸ ਵੇਲੇ ਉਹ ਕਹਿਣ ਲੱਗਿਆ, ਹੇ ਗੁਰੂ ਮਹਾਰਾਜ! ਇੱਕ ਗੱਲ ਮੈਨੂੰ

ਬੜੀ ਚੁੱਭਦੀ ਰਹਿੰਦੀ ਹੈ। ਉਹਦਾ ਨਿਰਣਾ ਕਰਕੇ ਦੱਸੋ।

ਕਹਿਣ ਲੱਗੇ, ਦੇਖੋ, ਮੈਂ ਹਿੰਦੋਸਤਾਨ ਦਾ ਬਾਦਸ਼ਾਹ, ਲੱਖਾਂ ਮੁਰੱਬਾ ਮੀਲ ਦਾ ਮਾਲਕ। ਧਨ ਦੇ ਭੰਡਾਰ ਮੇਰੇ ਭਰੇ ਪਏ, ਖਜ਼ਾਨੇ ਭਰੇ ਪਏ, ਸੋਨੇ ਚਾਂਦੀ ਹੀਰੇ ਜਵਾਹਰਾਤ ਦਾ ਕੋਈ ਅੰਤ ਨਹੀਂ, ਲੱਖਾਂ ਕਰੋੜਾਂ ਬੰਦੇ ਮੇਰੇ ਇੱਕ ਹੁਕਮ ਦੇ ਨਾਲ ਮਾਰੇ ਜਾ ਸਕਦੇ ਨੇ, ਮਰਦੇ ਹੋਏ ਜੀਉਂਦੇ ਰੱਖੇ ਜਾ ਸਕਦੇ ਨੇ ਤੇ ਐਡੇ ਮੈਂ ਅਖਤਿਆਰਾਂ ਦਾ ਮਾਲਕ ਤੇ ਮੈਨੂੰ ਕਹਿੰਦੇ ਨੇ ਪਾਤਸ਼ਾਹ। ਤੁਹਾਡੇ ਕੋਲ ਕੋਈ ਚੀਜ਼ ਨਹੀਂ ਹੈ, ਕੁਛ ਨਹੀਂ ਹੈ ਮੇਰੇ ਮੁਕਾਬਲੇ 'ਤੇ, ਤੁਹਾਨੂੰ ਸੱਚੇ ਪਾਤਸ਼ਾਹ ਕਹਿੰਦੇ ਨੇ, ਇਹ ਗੱਲ ਕਿਵੇਂ ਬਣਦੀ ਹੈ, ਮਹਾਰਾਜ ਕਹਿੰਦੇ, ਇਹ ਤਾਂ ਤੁਸੀਂ ਗੁਰਸਿੱਖਾਂ ਤੋਂ ਪੁੱਛੋ ਜਿਹੜੇ ਕਹਿੰਦੇ ਨੇ, ਅਸੀਂ ਤਾਂ ਅੱਜ ਤੱਕ ਕਿਸੇ ਨੂੰ ਕਿਹਾ ਨਹੀਂ ਕਿ ਸਾਨੂੰ ਸੱਚੇ ਪਾਤਸ਼ਾਹ ਕਹੋ। ਕਹਿੰਦੇ, ਕਿਤੇ ਪਤਾ ਲੱਗ ਜਾਏਗਾ ਆਪੇ।

ਅੱਜ ਕੈਂਪ ਲੱਗਿਆ ਹੋਇਆ ਹੈ ਇੱਕ ਘਾਹੀ ਨੂੰ ਪਤਾ ਲੱਗਿਆ ਕਿ ਗੁਰੂ ਮਹਾਰਾਜ ਆਏ ਹੋਏ ਨੇ, ਦਰਸ਼ਨ ਨਹੀਂ ਸੀ ਉਹਨੇ ਪਹਿਲਾਂ ਕਰੇ ਹੋਏ। ਚਾਉ ਜਾਗਿਆ ਉਹਦੇ ਮਨ ਨੂੰ, ਪੈਰ ਧਰਤੀ ਨਹੀਂ ਧਰਤੀ 'ਤੇ ਲਗਦਾ। ਖੁਰਪਾ ਲਿਆ, ਦਾਤੀ ਲਈ ਤੇ ਇੱਕ ਤੰਗੜ ਲਿਆ, ਪੰਜ ਪੈਸੇ ਉਹਦੇ ਕੋਲ ਬਚਾਏ ਹੋਏ, ਉਹ ਇੱਕ ਲੀਰ ਲੈ ਕੇ ਉਹਨੂੰ ਪੰਜ ਛੇ ਗੱਠਾਂ ਦੇ ਕੇ ਖੀਸੇ 'ਚ ਪਾ ਲਏ। ਉਸ ਤੋਂ ਬਾਅਦ ਉਹ ਐਸੇ ਥਾਉਂ ਗਿਆ ਜਿੱਥੇ ਘਾਹ ਦੇ ਉੱਤੇ ਕਦੇ ਕਿਸੇ ਨੇ ਪੈਰ ਵੀ ਨਹੀਂ ਸੀ ਰੱਖਿਆ ਹੋਇਆ, ਉਹ ਸੁੱਚਾ ਘਾਹ ਵੱਢ ਕੇ ਪੰਡ ਭਰੀ, ਪੰਡ ਭਰ ਕੇ ਗਰਮੀ-ਗਰਮੀ ਹੋਇਆ-ਹੋਇਆ ਹੈ, ਪਾਟੇ ਹੋਏ ਕੱਪੜੇ ਨੇ ਤੇ ਸਰੀਰ ਦੇ ਅੰਦਰ ਪਸੀਨੇ ਦਾ ਮੁਸ਼ਕ ਆ ਰਿਹਾ ਹੈ। ਉਸੇ ਤਰ੍ਹਾਂ ਸਿਰ 'ਤੇ ਚੁੱਕਿਆ ਹੋਇਆ ਤੰਗੜ ਰੱਖ ਕੇ ਆ ਗਿਆ, ਉਥੇ ਆ ਕੇ ਦੇਖਿਆ ਕਿ ਇੱਥੇ ਠਹਿਰੇ ਹੋਏ ਨੇ ਉਹਨੂੰ ਪਤਾ ਨਹੀਂ ਸੀ ਏਸ ਗੱਲ ਦਾ, ਉਹ ਜਹਾਂਗੀਰ ਦੇ ਕੈਂਪ ਅੱਗੇ ਦੀ ਚਲਿਆ ਗਿਆ। ਜਿੱਥੇ ਉਹਦਾ ਟੈਂਟ ਲੱਗਿਆ ਹੋਇਆ ਸੀ। ਪਹਿਰੇਦਾਰਾਂ ਨੇ ਦੂਰੋਂ ਹੀ ਰੋਕ ਦਿੱਤਾ, ਕਹਿੰਦੇ ਖਬਰਦਾਰ! ਜੇ ਇਧਰ ਆਇਆ।

ਉਹ ਕਹਿਣ ਲੱਗਿਆ ਕਿ ਮੈਂ ਸੱਚੇ ਪਾਤਸ਼ਾਹ ਦੇ ਦਰਸ਼ਨ ਕਰਨੇ ਨੇ। ਮੈਨੂੰ ਰੋਕੋ ਨਾ।

ਜਹਾਂਗੀਰ ਤੱਕ ਆਵਾਜ਼ ਪਹੁੰਚ ਜਾਂਦੀ ਹੈ, ਬਾਹਰ ਆ ਗਿਆ। ਸਿਪਾਹੀਆਂ ਨੂੰ ਕਹਿਣ ਲੱਗਿਆ ਇਹਨੂੰ ਆਉਣ ਦਿਓ ਮੇਰੇ ਪਾਸ। ਉਹਨੇ ਕਿਹਾ ਕਿ ਅੱਜ ਮੈਨੂੰ ਵੀ ਸੱਚਾ ਪਾਤਸ਼ਾਹ ਕਿਹਾ ਹੈ ਕਿਸੇ ਨੇ। ਨੇੜੇ ਆਇਆ ਤਾਂ ਉਸਨੇ ਲਿਆ ਕੇ ਜਦੋਂ ਘਾਹ ਦੀ ਪੰਡ ਸੁੱਟੀ ਤੇ ਨਾਲ ਲੀਰ ਖੋਲ੍ਹਣ ਲੱਗ ਗਿਆ ਤੇ ਉਸ ਤੋਂ ਬਾਅਦ ਪੰਜ ਪੈਸੇ ਮੱਥਾ ਟੇਕ ਕੇ ਚਰਨਾਂ 'ਤੇ ਰੱਖ ਕੇ ਰੋਣ ਲੱਗ ਗਿਆ। ਦੋਵੇਂ ਹੱਥ ਬੰਨ੍ਹ ਕੇ ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ! ਮੇਰਾ ਜਨਮ ਮਰਨ ਕੱਟ ਦਿਓ।

ਹੁਣ ਜਹਾਂਗੀਰ ਦੇ ਵਸ ਵਿੱਚ ਕਿੱਥੇ ਸੀ ਇਹ ਗੱਲ, ਉਹ ਤਾਂ ਆਪ ਜਨਮ ਮਰਨ 'ਚ ਫਸਿਆ ਹੋਇਆ ਸੀ।

''ਮੇਰਾ ਜਨਮ ਮਰਨ ਕੱਟ ਦਿਓ। ਬਾਰ-ਬਾਰ ਬੇਨਤੀਆਂ ਕਰਦਾ ਹੈ।''

ਜਹਾਂਗੀਰ ਕਹਿਣ ਲੱਗਿਆ, ''ਦੇਖ ਘਾਹੀ ਮੈਂ ਤੈਨੂੰ ਲੱਖਾਂ ਰੁਪਏ ਦੇ ਦਿੰਦਾ ਹਾਂ। ਤੈਨੂੰ ਅਮੀਰ ਬਣਾ ਦਿੰਦਾ ਹਾਂ, ਮੁੜ ਕੇ ਤੈਨੂੰ ਘਾਹ ਖੋਤਣ ਦੀ ਲੋੜ ਨਹੀਂ ਰਹੇਗੀ। ਗਵਰਨਰ ਬਣਾ ਦਿੰਦਾ ਹਾਂ ਤੇ ਹੋਰ ਤੈਨੂੰ ਬੇਅੰਤ ਕੋਠੀਆਂ, ਮਹੱਲ ਬਣਾ ਦਿੰਦਾ ਹਾਂ ਪਰ ਆਹ ਜਿਹੜਾ ਤੂੰ ਕਹਿੰਦਾ ਹੈਂ ਨਾ ਜੰਮਣ ਮਰਨਾ ਇਹ ਮੇਰੇ ਅਖਤਿਆਰ ਨਹੀਂ।

ਕਹਿਣ ਲੱਗਿਆ, ''ਨਾ ਸੱਚੇ ਪਾਤਸ਼ਾਹ! ਤੁਹਾਡੇ ਤਾਂ ਸਭ ਕੁਛ ਅਖਤਿਆਰ ਹੈ।''

ਅਖੀਰ ਉਹਨੂੰ ਕਹਿਣਾ ਪਿਆ ਕਿ ਘਾਹੀ! ਮੈਂ ਤਾਂ ਦੁਨੀਆਂ ਦਾ ਬਾਦਸ਼ਾਹ ਹਾਂ ਭਾਈ। ਸੱਚਾ ਪਾਤਸ਼ਾਹ ਤਾਂ ਓਸ ਤੰਬੂ ਵਿੱਚ ਹੈ। ਉਸੇ ਵੇਲੇ ਉਹਨੇ ਪੰਜ ਪੈਸੇ ਚੁੱਕ ਲਏ, ਘਾਹ ਦੀ ਪੰਡ ਚੁੱਕ ਲਈ, ਰੋਣ ਲੱਗ ਗਿਆ ਉੱਚੀ-ਉੱਚੀ ਕਿ ਕਿੱਡੀ ਭਾਰੀ ਮੇਰੇ ਤੋਂ ਭੁੱਲ ਹੋਈ, ਦੁਨੀਆਂ ਦੇ ਬਾਦਸ਼ਾਹ ਦੇ ਅੱਗੇ ਮੇਰਾ ਸੀਸ ਨਿਵ ਗਿਆ ਤੇ ਮੈਨੂੰ ਦੁਨੀਆਂ ਦੀਆਂ ਦੌਲਤਾਂ ਉਹਨੇ ਦੇਣੀਆਂ ਚਾਹੀਆਂ। ਰੋਂਦਾ ਜਾਂਦਾ ਹੈ।

ਗੁਰੂ ਮਹਾਰਾਜ ਨੇ ਵੀ ਬਚਨ ਸੁਣ ਲਏ ਸੀਗੇ ਸਾਰੇ ਤੇ ਆਪ ਪਹਿਲਾਂ ਹੀ ਤੰਬੂ ਤੋਂ ਬਾਹਰ ਖੜ੍ਹੇ ਨੇ। ਇਹ ਘਾਹੀ ਗਿਆ, ਜਾ ਕੇ ਇਹਨੇ ਪੰਡ ਸੁੱਟੀ। ਉਹ ਪੰਜ ਪੈਸੇ ਜੋ ਹੱਥ ਵਿੱਚ ਹੀ ਰੱਖੇ ਹੋਏ ਸੀ, ਜਾ ਕੇ ਜਦੋਂ ਗੁਰੂ ਮਹਾਰਾਜ ਦੇ ਚਰਨਾਂ 'ਤੇ ਨਮਸ਼ਕਾਰ ਕਰਨ ਲੱਗਿਆ, ਮਹਾਰਾਜ ਨੇ ਉਸੇ ਵੇਲੇ ਰੋਕ ਲਿਆ ਤੇ ਨਾਲੇ ਨਮਸ਼ਕਾਰ ਕਰਦਾ ਹੈ, ਨਾਲ ਦੀ ਨਾਲ ਇਸ ਤਰ੍ਹਾਂ ਦੀ ਬੇਨਤੀ ਕਰਦਾ ਹੈ -

***ਧਾਰਨਾ - ਜੀ ਮੈਂ ਬਹੁੜ ਜਨਮ ਨਾ ਆਵਾਂ,***
***ਇਹੋ ਮੇਰੀ ਬੇਨਤੀ ਗੁਰਾ।***

ਮਹਾਰਾਜ ਨੇ ਨਹੀਂ ਦੇਖਿਆ ਕਿ ਪਸੀਨੇ ਨਾਲ ਲੱਥਪੱਥ ਹੋਇਆ-ਹੋਇਆ ਹੈ, ਕੱਪੜਿਆਂ ਦੇ ਉੱਤੇ ਗਰਦ ਪਈ ਹੋਈ ਹੈ, ਕੱਪੜੇ ਪਾਟੇ ਹੋਏ ਨੇ ਬਦਬੂ ਆ ਰਹੀ ਹੈ। ਮਹਾਰਾਜ ਨੇ ਪਿਆਰ ਵਸ ਹੋ ਕੇ ਬੁੱਕਲ 'ਚ ਲੈ ਗਿਆ, ਜੱਫੀ 'ਚ ਲੈ ਲਿਆ, ਤਿੰਨ ਵਾਰੀ ਕਿਹਾ ਸਿੱਖਾ ਨਿਹਾਲ! ਨਿਹਾਲ! ਨਿਹਾਲ। ਕਹਿਣ ਦੀ ਦੇਰ ਸੀ ਰੋਮ-ਰੋਮ ਦੇ ਵਿਚੋਂ ਝਰਨ੍ਹਾਟਾਂ ਛਿੜ ਗਈਆਂ ਤੇ ਅਗਮ ਨਿਗਮ ਦੀ ਸੋਝੀ ਹੋ ਗਈ, ਬਜਰ ਕਪਾਟ ਖੋਲ੍ਹ ਦਿੱਤੇ ਤੇ ਉੱਥੇ ਪਹੁੰਚਾ ਦਿੱਤਾ ਜਿੱਥੇ ਵੱਡੇ-ਵੱਡੇ ਤਪਸਿਆ ਕਰਨ ਵਾਲੇ ਤਪੀਏ ਵੀ ਨਹੀਂ ਪਹੁੰਚਦੇ, ਜਿੱਥੇ ਵੱਡੇ-ਵੱਡੇ ਯੋਗੀ ਯੋਗ ਸਾਧਨਾ ਕਰਕੇ ਪਹੁੰਚਦੇ ਨੇ। ਜਹਾਂਗੀਰ ਪਹੁੰਚ ਜਾਂਦਾ ਹੈ ਸਾਰਾ ਨਕਸ਼ਾ ਅੱਖਾਂ ਦੇ ਨਾਲ ਦੇਖਿਆ, ਕਹਿਣ ਲੱਗਿਆ, ਮਹਾਰਾਜ! ਧੰਨ ਹੋ, ਤੁਸੀਂ ਸੱਚੇ ਪਾਤਸ਼ਾਹ ਤੇ

ਮੈਂ ਸੱਚਮੁੱਚ ਝੂਠਾ ਪਾਤਸ਼ਾਹ।

ਸੋ ਮਹਾਰਾਜ ਕਹਿੰਦੇ ਜਿਨ੍ਹਾਂ ਦੇ ਘਰ ਵਿੱਚ ਨਾਮ ਦਾ ਧਨ ਆ ਜਾਂਦਾ ਹੈ ਤੇ ਦੂਸਰਾ ਹੁਣ ਜਿਹੜੀ ਰੁੱਤ ਹੈ ਇਹ ਨਾਮ ਬੀਜਣ ਦੀ ਹੈ ਹੋਰ ਕੋਈ ਰੁੱਤ ਨਹੀਂ ਹੈ -

*ਧਾਰਨਾ - ਕਲੂ ਆਇਓ ਰੇ*
*ਇੱਕ ਨਾਮ ਬੀਜ ਲਓ।*
*ਸਤਿਨਾਮ ਵਾਹਿਗੁਰੂ ਅਕਾਲ ਪੁਰਖ ਤੂੰਹੀਂ ਹੈਂ।*

*ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥*
*ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥*
*ਅੰਗ - 346*

*ਅਬ ਕਲੂ ਆਇਓ ਰੇ ॥*
*ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥*
*ਮਤੁ ਭਰਮਿ ਭੂਲਹੁ ਭੂਲਹੁ ॥* *ਅੰਗ - 1185*

*ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ ॥*
*ਤਿਸਹਿ ਪਰਾਪਤਿ ਨਾਨਕਾ ਜਿਸ ਨੋ ਲਿਖਿਆ ਆਇ ॥*
*ਅੰਗ - 321*

ਕਹਿਣ ਲੱਗੇ, "ਪਿਤਾ ਜੀ! ਅਸੀਂ ਜੋ ਖੇਤੀ ਕਰਨ ਲੱਗੇ ਹੋਏ ਹਾਂ ਇਸ ਖੇਤੀ ਦਾ ਕੋਈ ਮੁੱਲ ਨਹੀਂ ਹੈ। ਜਿਹੜੀਆਂ ਖੇਤੀਆਂ ਤੁਸੀਂ ਕਹਿੰਦੇ ਹੋ, ਇਹ ਦੁੱਖ ਰੂਪ ਨੇ ਸਾਰੀਆਂ ਚੀਜ਼ਾਂ। ਦੁੱਖ ਪੈਦਾ ਕਰਦੀਆਂ ਨੇ ਇਸ ਸੰਸਾਰ ਦੇ ਉਤੇ ਜਿੰਨੇ ਵੱਡੇ-ਵੱਡੇ ਆਏ ਨੇ, ਜਿਨ੍ਹਾਂ ਕੋਲ ਨਾਮ ਧਨ ਨਹੀਂ ਸੀ ਉਹ ਸੰਸਾਰ ਦੇ ਉਤੋਂ ਜਦੋਂ ਜਾਣ ਲੱਗੇ ਨੇ ਜਾਂ ਸੰਸਾਰ 'ਚ ਰਹੇ ਨੇ ਉਹ ਸੁੱਖੀ ਨਹੀ ਦੇਖੇ -

*ਧਾਰਨਾ - ਵੱਡੇ-ਵੱਡੇ ਦੁਨੀਆਂ ਉਤੇ ਹੋਏ,*
*ਰੋਂਦੇ ਵੇਖੇ ਨਾਮ ਤੋਂ ਬਿਨਾਂ।*

*ਸਹੰਸਰ ਦਾਨ ਦੇ ਇੰਦ੍ਰ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥*
*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥*
*ਰੋਵੈ ਰਾਮੁ ਨਿਕਾਲਾ ਭਇਆ ॥*
*ਸੀਤਾ ਲਖਮਣੁ ਵਿਛੁੜਿ ਗਇਆ ॥*
*ਰੋਵੈ ਦਹਸਿਰੁ ਲੰਕ ਗਵਾਇ ॥*
*ਜਿਨਿ ਸੀਤਾ ਆਦੀ ਡਉਰੂ ਵਾਇ ॥*
*ਰੋਵਹਿ ਪਾਂਡਹ ਭਏ ਮਜੂਰ ॥*
*ਜਿਨ ਕੈ ਸੁਆਮੀ ਰਹਤ ਹਦੂਰਿ ॥*
*ਰੋਵੈ ਜਨਮੇਜਾ ਖੁਇ ਗਇਆ ॥*

***ਏਕੀ ਕਾਰਣਿ ਪਾਪੀ ਭਇਆ ॥*** ***ਅੰਗ - 953-54***

ਵੱਡੇ-ਵੱਡੇ ਮਹਾਰਾਜ ਨੇ ਕਿਹਾ ਹੈ ਕਿ ਜੋ ਸੰਸਾਰ 'ਤੇ ਵੱਡੇ-ਵੱਡੇ, ਜੋ ਇੰਦਰ ਹੈ ਇੰਦਰ ਲੋਕ ਦਾ ਸੁੱਖ ਧਰਤੀ ਦੇ ਸੁੱਖ ਨਾਲੋਂ ਦੱਸ ਖਰਬ ਗੁਣਾ ਜ਼ਿਆਦਾ ਹੈ। ਕਹਿੰਦੇ ਉਹ ਵੀ ਰੋਂਦਾ ਸੀਗਾ -

***ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ ॥***
***ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ ॥***
***ਅੰਗ - 1344***

ਜਦੋਂ ਸਰੀਰ ਪਾਟ ਗਿਆ, ਹਜ਼ਾਰ ਭਗ ਦਾ ਨਿਸ਼ਾਨ ਸਰੀਰ 'ਤੇ ਉਸ ਵੇਲੇ ਰੋਂਦਾ ਹੈ ਬਦਸੂਰਤ ਹੋ ਕੇ। ਇਸ ਤਰ੍ਹਾਂ ਦੇ ਨਾਲ - ***'ਪਰਸ ਰਾਮੁ ਰੋਵੈ ਘਰਿ ਆਇਆ ॥ ਅਜੈ ਸੁ ਰੋਵੈ ਭੀਖਿਆ ਖਾਇ ॥ ਐਸੀ ਦਰਗਹ ਮਿਲੈ ਸਜਾਇ ॥ ਰੋਵੈ ਰਾਮੁ ਨਿਕਾਲਾ ਭਇਆ ॥ ਸੀਤਾ ਲਖਮਣੁ ਵਿਛੁੜਿ ਗਇਆ ॥ ਰੋਵੈ ਦਹਸਿਰੁ ਲੰਕ ਗਵਾਇ ॥ ਜਿਨਿ ਸੀਤਾ ਆਦੀ ਡਉਰੂ ਵਾਇ ॥ ਰੋਵਹਿ ਪਾਂਡਹ ਭਏ ਮਜੂਰ ॥ (ਅੰਗ 954)*** ' ਜਦੋਂ ਮਜ਼ੂਰ ਬਣ ਗਏ ਉਥੇ ਰੋਂਦੇ ਨੇ ਫੇਰ, ਸਾਲ ਭਰ ਰੋਂਦੇ ਰਹੇ। ***'ਜਿਨ ਕੈ ਸੁਆਮੀ ਰਹਤ ਹਦੂਰਿ ॥'*** ਸੋਲ੍ਹਾਂ ਕਲਾਂ ਸੰਪੂਰਨ ਦੁਆਪਰਿ ਯੁੱਗ ਦੇ ਅਵਤਾਰ ਕ੍ਰਿਸ਼ਨ ਮਹਾਰਾਜ ਜਿਹੜੇ ਉਨ੍ਹਾਂ ਦੇ ਨੇੜੇ ਰਹਿੰਦੇ ਸੀਗੇ, ਸਾਰੀਆਂ ਬਖਸ਼ਿਸ਼ਾਂ ਸੀ ਉਨ੍ਹਾਂ ਦੇ -

***'ਰੋਵੈ ਜਨਮੇਜਾ ਖੁਇ ਗਇਆ ॥***
***ਏਕੀ ਕਾਰਣਿ ਪਾਪੀ ਭਇਆ ॥***
***ਰੋਵਹਿ ਸੇਖ ਮਸਾਇਕ ਪੀਰ ॥***
***ਅੰਤਿ ਕਾਲਿ ਮਤੁ ਲਾਗੈ ਭੀੜ ॥***
***ਰੋਵਹਿ ਰਾਜੇ ਕੰਨ ਪੜਾਇ ॥***
***ਘਰਿ ਘਰਿ ਮਾਗਹਿ ਭੀਖਿਆ ਜਾਇ ॥***
***ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥***
***ਪੰਡਿਤ ਰੋਵਹਿ ਗਿਆਨੁ ਗਵਾਇ ॥***
***ਬਾਲੀ ਰੋਵੈ ਨਾਹਿ ਭਤਾਰੁ ॥***
***ਨਾਨਕ ਦੁਖੀਆ ਸਭੁ ਸੰਸਾਰੁ ॥***
***ਮੰਨੇ ਨਾਉ ਸੋਈ ਜਿਣਿ ਜਾਇ ॥***
***ਅਉਰੀ ਕਰਮ ਨ ਲੇਖੈ ਲਾਇ ॥*** ***ਅੰਗ - 954***

ਸੋ ਜਿਹਦੇ ਕੋਲ ਨਾਮ ਦਾ ਧਨ ਹੈ ਉਹ ਲੇਖੇ 'ਚ ਪੈਂਦਾ ਹੈ, ਹੋਰ ਨਹੀਂ ਪਿਆ ਕਰਦਾ -

***ਬਾਬਾ ਮਾਇਆ ਸਾਥਿ ਨ ਹੋਇ ॥*** ***ਅੰਗ - 595***

ਮਹਾਰਾਜ ਕਹਿੰਦੇ, ਮਾਇਆ ਕਿਤੇ ਨਾਲ ਜਾਂਦੀ ਹੈ? -

***ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥***
***ਅੰਗ - 595***

ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਜਿੱਥੇ ਲੇਖਾ ਜਿੰਦੜੀ ਨੇ ਦੇਣਾ,***
***ਮਾਇਆ ਨਹੀਂਓਂ ਨਾਲ ਜਾਵਣੀ।***

***ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥***
***ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥***
***ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥***
***ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥***
***ਕਰਿ ਅਉਗਣ ਪਛੋਤਾਵਣਾ ॥*** ***ਅੰਗ - 471***

***ਬਾਬਾ ਮਾਇਆ ਸਾਥਿ ਨ ਹੋਇ ॥***
***ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥***
***ਅੰਗ - 595***

ਕਹਿਣ ਲੱਗੇ, ਪਿਤਾ ਜੀ! ਜਿਹੜੀ ਤੁਸੀਂ ਮਾਇਆ ਦੀ ਗੱਲ ਕਰੀ ਜਾਂਦੇ ਹੋ, ਇਹਨੇ ਕਿਤੇ ਦਰਗਾਹ 'ਚ ਨਾਲ ਜਾਣਾ ਹੈ? ਆਹ ਰੂਪ ਵੀ ਛੱਡ ਜਾਣਾ ਹੈ, ਕੱਪੜੇ ਵੀ ਛੱਡ ਜਾਣੇ ਨੇ, ਮਕਾਨ ਵੀ ਛੱਡ ਜਾਣੇ ਨੇ ਉਥੇ ਤਾਂ ਕੋਈ ਚੀਜ਼ ਨਹੀਂ ਹੋਏਗੀ, ਨਗਨ ਜਾਏਗਾ ਤੇ ਕੀਤੇ ਹੋਏ ਪਾਪਾਂ ਦਾ, ਮਾੜੇ ਕੰਮਾਂ ਦਾ ਇਹਦੇ ਉਤੇ ਛਾਪਾ ਹੋਏਗਾ, ਧੱਬੇ ਲੱਗੇ ਹੋਏ ਹੋਏ ਹੋਣਗੇ, ਦੂਰੋਂ ਹੀ ਦੇਖਣਗੇ। ਸੋ ਏਸ ਕਰਕੇ ਅਸੀਂ ਤਾਂ ਖੇਤੀ ਕਰ ਰਹੇ ਹਾਂ। ਉਸ ਵੇਲੇ ਚਾਚਾ ਜੀ ਇਨ੍ਹਾਂ ਦੇ ਕਹਿਣ ਲੱਗੇ ਕਿ ਫੇਰ ਨਾਨਕ ਜੀ ਜੇ ਤੁਸੀਂ ਇਸ ਤਰ੍ਹਾਂ ਨਹੀਂ ਕਰਨਾ ਤਾਂ ਛਾਵੇਂ ਬੈਠੋ, ਵਣਜ ਕਰ ਲਓ। ਸੌਦਾ ਪੱਤਾ ਆ ਜਾਇਆ ਕਰੇਗਾ, ਨੌਕਰ ਚਾਕਰ ਰੱਖ ਲਓ। ਉਹ ਕਹਿੰਦੇ, ਅਸੀਂ ਤਾਂ ਵਣਜ ਕਰ ਰਹੇ ਹਾਂ।

***ਹਾਣੁ ਹਟੁ ਕਰਿ ਆਰਜਾ ...........॥*** ***ਅੰਗ - 595***

ਆਹ ਜਿਹੜੀ ਉਮਰ ਹੈ ਇਹ ਅਸੀਂ ਆਪਣੀ ਹੱਟੀ ਬਣਾਈ ਹੋਈ ਹੈ -

***...........ਸਚੁ ਨਾਮੁ ਕਰਿ ਵਥੁ ॥*** ***ਅੰਗ - 595***

ਸੱਚੇ ਨਾਮ ਦੀ ਵੱਥ ਅਸੀਂ ਇਹਦੇ 'ਚ ਪਾਈ ਹੋਈ ਹੈ, ਲੇਖ ਜਿਹੜੇ ਗੁਣ ਨੇ ਉਨ੍ਹਾਂ ਦੀਆਂ ਅਸੀਂ ਚੀਜ਼ਾਂ ਪਾਈਆਂ ਹੋਈਆਂ ਨੇ -

***ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ ॥***
***ਅੰਗ - 595***

ਸੁੱਚੀ ਸੁਰਤੀ ਦੇ ਅਸੀਂ ਭਾਂਡੇ ਬਣਾਏ ਹੋਏ ਨੇ, ਅਸੀਂ ਉਹ ਸਾਰਾ ਮਾਲ ਸੁੱਚੀ ਸੁਰਤ ਵਿੱਚ ਰੱਖਦੇ ਹਾਂ -

***ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥***
***ਅੰਗ - 595***

ਸਾਧੂਆਂ ਨਾਲ ਅਸੀਂ ਬੈਠ ਕੇ ਸਤਿਸੰਗ ਕਰਦੇ ਹਾਂ, ਇਹ ਸਾਡਾ ਵਣਜ ਹੈ। ਫੇਰ ਕਹਿਣ ਲੱਗੇ ਕਿ ਜੇ ਇਸ ਤਰ੍ਹਾਂ ਨਹੀਂ ਤੁਹਾਡਾ ਫਿਰਨ ਤੁਰਨ ਦਾ ਹੈ ਸੁਭਾਅ, ਤਾਂ ਤੁਸੀਂ ਇਥੋਂ ਘੋੜੇ ਲੈ ਜਾਇਆ ਕਰੋ ਓਧਰ

ਵੇਚ ਦਿਆ ਕਰੋ, ਓਧਰੋਂ ਲਿਆ ਕੇ ਏਧਰ ਵੇਚ ਦਿਆ ਕਰੋ। ਮਹਾਰਾਜ ਕਹਿੰਦੇ, ਇਹ ਵੀ ਅਸੀਂ ਵਪਾਰ ਕਰ ਰਹੇ ਹਾਂ -

***ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥***
***ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ॥***

***ਅੰਗ- 595***

ਜਿਹੜੇ ਧਰਮ ਗ੍ਰੰਥ ਅਸੀਂ ਸੁਣਦੇ ਹਾਂ ਇਹ ਸਾਡੀ ਸੌਦਾਗਰੀ ਹੈ। ਸਤੁ, ਸੰਤੋਖ, ਧੀਰਜ, ਧਰਮ, ਵਿਚਾਰ; ਇਹ ਸ਼ੁਭ ਗੁਣਾਂ ਦੇ ਸਾਡੇ ਕੋਲ ਘੋੜੇ ਨੇ। ਚੰਗਿਆਈਆਂ ਦਾ ਖਰਚ ਬੰਨ੍ਹਿਆ ਹੋਇਆ ਹੈ, ਪਤਾ ਨਹੀਂ ਕਿਹੜੇ ਵੇਲੇ ਕਾਲ ਦਾ ਗੁਲੇਲਾ ਆ ਕੇ ਵੱਜ ਜਾਏ -

***ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥***
***ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥***

***ਅੰਗ - 254***

ਸੋ ਜਦੋਂ ਕਾਲ ਦਾ ਭਰੋਸਾ ਹੀ ਨਹੀਂ ਹੈ ਤੇ ਅਸੀਂ ਚੰਗਿਆਈਆਂ ਦਾ ਖਰਚਾ ਨਾਲ ਹੀ ਬੰਨ੍ਹਿਆ ਹੋਇਆ ਹੈ -

***ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥***

***ਅੰਗ - 595***

ਜਦੋਂ ਨਿਰੰਕਾਰ ਦੇ ਦੇਸ ਵਿੱਚ ਚੰਗਿਆਈਆਂ ਕਰਕੇ ਬੰਦਾ ਜਾਂਦਾ ਹੈ ਉਥੇ ਫੇਰ ਮਹੱਲ ਦੇ ਵਿੱਚ ਮਹਾਨ ਸੁੱਖ ਲੈਂਦਾ ਹੈ।

ਫੇਰ ਮਹਿਤਾ ਕਾਲੂ ਜੀ ਕਹਿਣ ਲੱਗੇ ਕਿ ਦੇਖ ਤੇਰੀ ਨੌਕਰੀ ਕਿੰਨੀ ਚੰਗੀ ਸੀ, ਆਦਰ ਸਤਿਕਾਰ ਸਾਰੇ ਲੋਕ ਤੇਰੇ ਕੋਲੋਂ ਆ ਕੇ ਲੈਂਦੇ ਸੀ। ਕਿੰਨੀ ਭਾਰੀ ਬੱਚਤ ਸੀ ਜਦੋਂ ਦੋ ਰੁਪਏ ਤਨਖਾਹ ਹੋਇਆ ਕਰਦੀ ਸੀ ਜਦੋਂ ਗੁਰੂ ਨਾਨਕ ਪਾਤਸ਼ਾਹ ਦੀ ਬਾਤ ਹੋ ਰਹੀ ਹੈ। 760 ਜਦੋਂ ਨਿਕਲੇ ਸੀ। ਕਹਿੰਦੇ, ਐਡੀ ਵੱਡੀ ਨੌਕਰੀ ਆਪ ਦੀ ਜੇ ਉਹ ਨਹੀਂ ਤੁਹਾਨੂੰ ਚੰਗੀ ਲਗਦੀ ਹੋਰ ਕੋਈ ਕਰ ਲਓ।

ਮਹਾਰਾਜ ਕਹਿੰਦੇ, ਅਸੀਂ ਤਾਂ ਨੌਕਰੀ ਕਰ ਰਹੇ ਹਾਂ -

***ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ ॥***

***ਅੰਗ - 595***

ਅਸੀਂ ਜਦੋਂ ਅੰਮ੍ਰਿਤ ਵੇਲੇ ਉੱਠਦੇ ਹਾਂ ਉਸ ਵੇਲੇ ਚਿੱਤ ਲਾ ਕੇ ਚਾਕਰੀ ਕਰਦੇ ਹਾਂ ਨਿਰੰਕਾਰ ਦੀ। ਸਾਰੇ ਉਹਦੀ ਜੋਤੀ ਨੂੰ ਪਰੀਪੂਰਨ ਦੇਖਣਾ ਇਹ ਸਾਡਾ ਕੰਮ ਹੈ -

***ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ ॥***
***ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ ॥ ਅੰਗ - 595***

ਜਦੋਂ ਪ੍ਰਮੇਸ਼ਰ ਨੇ ਨਦਰ ਕਰਕੇ ਦੇਖ ਲੈਣਾ ਹੈ ਨਾ ਉਸ ਵੇਲੇ ਫੇਰ ਖੁਸ਼ੀਆਂ ਹੀ ਖੁਸ਼ੀਆਂ ਹੋ ਜਾਣਗੀਆਂ ਪਿਤਾ ਜੀ।

ਉਸ ਵੇਲੇ ਰਾਇ ਬੁਲਾਰ ਕਹਿਣ ਲੱਗੇ, ਕਿਉਂਕਿ ਉਹ ਨਹੀਂ ਸੀ ਚਾਹੁੰਦੇ ਕਿ ਗੁਰੂ ਨਾਨਕ ਸਾਡੀਆਂ ਅੱਖਾਂ ਤੋਂ ਦੂਰ ਹੋਵੇ। ਉਹ ਕਹਿਣ ਲੱਗੇ ਕਿ ਨਾਨਕ ਜੀ! ਫੇਰ ਤੁਸੀਂ ਐਸ ਤਰ੍ਹਾਂ ਕਰੋ ਸਾਧੂ ਬਾਣੇ 'ਚ ਰਹੋ। ਇਹ ਠੀਕ ਹੈ ਇਨ੍ਹਾਂ ਦੇ ਮਾਂ-ਬਾਪ ਦੇ ਖਿਆਲ ਐਸੇ ਨੇ, ਪਰ ਮੇਰੀ ਇੱਕ ਬੇਨਤੀ ਹੈ ਕਿ ਇੱਥੇ ਦੇਖੋ ਕਿੰਨੇ ਸਾਧੂ ਆਉਂਦੇ ਨੇ। ਵਿਹੜੇ ਦੇ ਅੰਦਰ ਬੇਅੰਤ ਸਾਧੂ ਆਉਂਦੇ ਨੇ ਕਿਉਂਕਿ ਇਹ ਜਿਹੜਾ ਰਾਇ ਬੁਲਾਰ ਸੀ ਇਹ ਤੁਅਸਵੀ ਨਹੀਂ ਸੀਗਾ, ਏਸ ਕਰਕੇ ਬਹੁਤ ਸਾਧੂ ਇਹਦੇ ਰਾਜ ਵਿੱਚ ਆ ਕੇ ਨਿਵਾਸ ਕਰਿਆ ਕਰਦੇ ਸੀ। ਉਹ ਸਾਧੂ ਤੁਹਾਡੇ ਕੋਲ ਆਉਣਗੇ ਤੇ ਤੁਸੀਂ ਲੰਗਰ ਚਲਾਓ। ਲੰਗਰ ਚਲਾ ਕੇ ਉਥੋਂ ਪ੍ਰਸ਼ਾਦਾ ਛਕਣਗੇ ਤੇ ਉਹਦੇ ਵਾਸਤੇ ਮੈਂ ਜਗੀਰ ਦੇ ਦਿੰਦਾ ਹਾਂ ਬਹੁਤ ਵੱਡੀ। ਜਿੰਨੀ ਧਰਤੀ ਰੋਕਣੀ ਹੈ ਰੋਕ ਲਓ ਉਹਦੀ ਆਮਦਨ ਦੇ ਨਾਲ। ਮੁਜਾਰੇ ਕੰਮ ਕਰਿਆ ਕਰਨਗੇ। ਕਰਿੰਦੇ ਕੰਮ ਕਰਿਆ ਕਰਨਗੇ ਤੇ ਤੁਹਾਡਾ ਹਿੱਸਾ ਆ ਜਾਇਆ ਕਰੇਗਾ ਤੇ ਤੁਸੀਂ ਉਨ੍ਹਾਂ ਦੇ ਲੰਗਰ ਚਲਾਓ ਤੇ ਸਾਧੂਆਂ ਦੀ ਸੇਵਾ ਕਰੋ।

ਮਹਾਰਾਜ ਕਹਿਣ ਲੱਗੇ, ਰਾਇ ਜੀ! ਲੰਗਰ ਤਾਂ ਬਹੁਤ ਵੱਡਾ ਚੱਲ ਰਿਹਾ ਹੈ ਉਹ ਲੰਗਰ ਐਡਾ ਹੈ ਜਿਹਦੇ 'ਚ ਕਦੇ ਤੋਟ ਹੀ ਨਹੀਂ ਆਉਂਦੀ। ਜਦ ਤੋਂ ਸੰਸਾਰ ਬਣਾਇਆ ਹੈ ਉਸ ਵੇਲੇ ਤੋਂ ਹੀ ਲੰਗਰ ਚਲਦਾ ਹੈ। ਉਹਦੇ 'ਚ ਕਿੰਨੇ ਕੁ ਜੀਵ ਪ੍ਰਸ਼ਾਦਾ ਛਕਦੇ ਨੇ ਰੋਜ਼। ਕਹਿੰਦੇ, ਗਿਣਤੀ ਮਿਣਤੀ ਤੋਂ ਬਾਹਰ ਹੈ। 42 ਲੱਖ ਕਿਸਮ ਦੀਆਂ ਜੂਨਾਂ ਸਮੁੰਦਰ ਦੇ ਅੰਦਰ, 42 ਲੱਖ ਕਿਸਮ ਦੀਆਂ ਧਰਤੀ ਦੇ ਉਪਰ, ਇਹ ਸਾਰਿਆਂ ਦੀ ਰੋਜ਼ੀ ਦਾ ਬੰਦੋਬਸਤ ਉਹ ਕਰਦਾ ਹੈ, ਓਹੀ ਇਸ ਲੰਗਰ ਦੀ ਚਿੰਤਾ ਕਰਦਾ ਹੈ ਰਾਇ ਜੀ-

***ਧਾਰਨਾ - ਚਿੰਤਾ ਸਾਰਿਆਂ ਜੀਆਂ ਦੀ ਹੈ ਓਸਨੂੰ,***
***ਜਿਹਨੇ ਇਹ ਜਗ ਸਾਜਿਆ।***

***ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥***
***ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥***
***ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ ॥***
***ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ॥***
***ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥***
***ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ ॥***
***ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ॥***
***ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ ॥***
***ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥***

***ਅੰਗ - 467***

***ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥***
***ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥***
***ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ ॥***

*ਸਊਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ ॥*
*ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ ॥*
*ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ ॥*
*ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ ॥*

***ਅੰਗ – 955***

ਕਹਿਣ ਲੱਗੇ, ਰਾਇ ਜੀ! ਲੰਗਰ ਦੀ ਚਿੰਤਾ, ਜੀਆਂ ਨੂੰ ਪਾਲਣ ਦੀ ਚਿੰਤਾ ਉਹ ਤਾਂ ਅਕਾਲ ਪੁਰਖ ਨੂੰ ਹੈ, ਅਕਾਲ ਪੁਰਖ ਦਾ ਲੰਗਰ ਤਾਂ ਆਦਿ ਜੁਗਾਦਿ ਤੋਂ ਚਲਦਾ ਆ ਰਿਹਾ ਹੈ, ਤੋਟ ਨਹੀਂ ਹੈ। ਸੋ ਲੰਗਰ ਤਾਂ ਚੱਲ ਰਿਹਾ ਹੈ, ਸਾਨੂੰ ਏਸ ਜਗੀਰ ਦੀ ਕੋਈ ਲੋੜ ਨਹੀਂ ਹੈ ਉਸ ਵੇਲੇ ਆਪ ਦੇ ਮਾਤਾ ਪਿਤਾ ਫੇਰ ਦਸਦੇ ਨੇ ਕਿ ਪੁੱਤਰ ਤੂੰ ਇਹੋ ਜਿਹੀਆਂ ਗੱਲਾਂ ਨਾ ਕਰ। ਦੇਖ ਸਾਰਿਆਂ ਦੇ ਪੁੱਤਰ ਧਨ ਕਮਾਉਂਦੇ ਨੇ, ਪੈਸੇ ਕਮਾਉਂਦੇ ਨੇ ਤੇ ਜਗਤ ਦੇ ਵਿੱਚ ਬਹੁਤ ਇੱਜ਼ਤ ਹੈ, ਤੂੰ ਫਕੀਰ ਬਣਿਆ ਫਿਰਦਾ ਹੈਂ ਲੋਕ ਸਾਨੂੰ ਮਿਹਣੇ ਦਿੰਦੇ ਨੇ, ਬਹੁਤ ਔਖਾ ਹੈ ਸਾਡਾ ਜੀਉਣਾ। ਉਸ ਵੇਲੇ ਮਹਾਰਾਜ ਕਹਿਣ ਲੱਗੇ ਕਿ ਪਿਤਾ ਜੀ! ਇਹ ਮਾਇਆ ਜਿਹੜੀ ਹੈ ਇਹ ਬੜੀ ਭਾਰੀ ਠੱਗੀ ਹੋ ਰਹੀ ਹੈ ਜੀਵ ਦੇ ਨਾਲ। ਇਹ ਠਗਮੂਰੀ ਸੁੰਘਾ ਦਿੱਤੀ, ਹੈ ਪ੍ਰਮੇਸ਼ਰ ਨਾਲ ਹੀ ਰਹਿੰਦਾ ਹੈ, ਕਨਾਤ ਤਾਣ ਦਿੱਤੀ ਏਸ ਮਾਇਆ ਨੇ ਤੇ ਉਹ ਪ੍ਰਮੇਸ਼ਰ ਕੋਲ ਰਹਿੰਦਾ ਹੋਇਆ ਨਜ਼ਰ ਨਹੀਂ ਆਉਂਦਾ ਤੇ ਇੱਕ ਦੋ ਚਾਰ ਨਹੀਂ, ਸਾਰਾ ਹੀ ਸੰਸਾਰ ਏਸ ਨੇ ਮੋਹਿਆ ਹੋਇਆ ਹੈ –

*ਧਾਰਨਾ – ਸਾਰਾ ਜਗ ਮੋਹ ਲਿਆ ਜੀ,*
*ਮਾਇਆ ਇਹ ਮੋਹਨੀ ਭਾਈ।*
*ਮਾਤੇ ਮਤੰਗ ਜਰੇ ਜਰ ਸੰਗਿ*
*ਅਨੂਪ ਉਤੰਗ ਸੁਰੰਗ ਸਵਾਰੇ॥*
*ਕੋਟ ਤੁਰੰਗ ਕੁਰੰਗ ਸੇ ਕੂਦਤ*
*ਪਉਨ ਕੇ ਗਉਨ ਕਉ ਜਾਤ ਨਿਵਾਰੇ॥*
*ਭਾਰੀ ਭੁਜਾਨ ਕੇ ਭੂਪ ਭਲੀ ਬਿਧਿ*
*ਨਿਆਵਤ ਸੀਸ ਨ ਜਾਤ ਬਿਚਾਰੇ॥*
*ਏਤੇ ਭਏ ਤੌ ਕਹਾ ਭਏ ਭੂਪਤਿ*
*ਅੰਤ ਕੌ ਨਾਂਗੇ ਹੀ ਪਾਇ ਪਧਾਰੇ॥*
*ਜੀਤ ਫਿਰੈ ਸਭ ਦੇਸ ਦਿਸਾਨ ਕੋ*
*ਬਾਜਤ ਢੋਲ ਮ੍ਰਿਦੰਗ ਨਗਾਰੇ॥*
*ਗੁੰਜਤ ਗੂੜ ਗਜਾਨ ਕੇ ਸੁੰਦਰ*
*ਹਿੰਸਤ ਹੀ ਹਯਰਾਜ ਹਜਾਰੇ॥*
*ਭੂਤ ਭਵਿੱਖ ਭਵਾਨ ਕੇ ਭੂਪਤਿ*
*ਕਉਨੁ ਗਨੈ ਨਹੀ ਜਾਤਿ ਬਿਚਾਰੇ॥*
*ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ*
*ਅੰਤ ਕਉ ਅੰਤ ਕੇ ਧਾਮ ਸਿਧਾਰੇ॥*

***ਤ੍ਵਪ੍ਰਸਾਦਿ ਸ੍ਵਯੇ, ਪਾਤਿਸ਼ਾਹੀ 10***

ਵੱਡੇ-ਵੱਡੇ ਮਾਇਆਧਾਰੀ, ਵੱਡੇ-ਵੱਡੇ ਬਾਦਸ਼ਾਹ ਜਿਨ੍ਹਾਂ ਦਾ ਮੁਕਾਬਲਾ ਸੰਸਾਰ 'ਚ ਕੋਈ ਨਹੀਂ ਕਰ ਸਕਦਾ। ਮਹਾਰਾਜ ਕਹਿੰਦੇ ਨਾਮ ਤੋਂ ਬਿਨਾਂ ਹਾਰ ਕੇ ਧਰਮਰਾਜ ਦੀ ਦਰਗਾਹ 'ਚ ਜਾ ਕੇ ਠੇਡੇ ਖਾਂਦੇ ਨੇ। ਸੋ ਕਹਿਣ ਲੱਗੇ, ਰਾਇ ਜੀ! ਪਿਤਾ ਜੀ ਇਹ ਮਾਇਆ ਦੇ ਖਹਿੜੇ ਨਾ ਪਵੋ। ਅਸੀਂ ਜਿਹੜੀ ਗੱਲ ਸਮਝਾਉਂਦੇ ਹਾਂ ਨਾਮ ਦੀ ਖੇਤੀ ਅਸੀਂ ਕਰਦੇ ਹਾਂ, ਸੋ ਤੁਸੀਂ ਏਸ ਗੱਲ ਨੂੰ ਠੀਕ ਸਮਝੋ। ਉਸ ਵੇਲੇ ਰਾਇ ਬੁਲਾਰ ਕਹਿਣ ਲੱਗੇ, ਮਹਿਤਾ ਜੀ! ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੁਛ ਨਾ ਕਹੋ, ਕੋਈ ਗੱਲ ਨਾ ਕਹੋ, ਇਨ੍ਹਾਂ ਦੀ ਮੌਜ ਹੈ ਇਹ ਅੱਲਾਹ ਤਾਲਾ ਆਪ ਮਨੁੱਖ ਦਾ ਸਰੀਰ ਧਾਰ ਕੇ ਆਇਆ ਹੋਇਆ ਹੈ, ਤੁਸੀਂ ਪੁੱਤਰ ਭਾਵਨਾ ਛੱਡੋ ਇਨ੍ਹਾਂ ਦੇ ਵਿਚੋਂ।

ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ -

***ਕੂਰ ਪਸਾਰ ਰਚਯੋ ਕਰਤਾਰ ਨੈ***
***ਤਾਨ ਕਨਾਤ ਦਈ ਇਹ ਮਾਯਾ।***

***ਸ੍ਰੀ ਗੁਰੂ ਨਾਨਕ ਪ੍ਰਕਾਸ਼, ਪੰਨਾ - 482***

ਕੂੜ ਦਾ ਪਸਾਰਾ ਕਰਕੇ, ਝੂਠੀ ਦੁਨੀਆਂ ਦਾ ਪਸਾਰਾ ਕਰਕੇ ਕਰਤਾਰ ਨੇ ਆਹ ਕਨਾਤ ਤਾਣ ਦਿੱਤੀ ਮਾਇਆ ਦੀ, ਕੋਲ ਹੈਗਾ ਰਹਿੰਦਾ ਹਰ ਵਕਤ। ਨਾਲ ਰਹਿੰਦਾ ਹੈ ਸਭ ਦੇ, ਆਹ ਗੱਲ ਤਾਂ ਮੰਨੋ ਸਾਰੇ। ਹਰੇਕ ਦੇ ਅੰਦਰ ਬਾਹਰ ਨਾਲ ਹੈ ਪਰ ਕਿੰਨਾ ਕੁ ਅਸੀਂ ਯਾਦ ਰੱਖਦੇ ਹਾਂ। ਕਿਉਂਕਿ ਕੂੜ ਦੀ ਕਨਾਤ ਤਣੀ ਹੋਈ ਹੈ -

***ਰੰਗ ਅਨੇਕਨ ਕੀ ਜੁ ਬਨੀ***
***ਜਿਨ ਮਾਨਵ ਕੋ ਨਿਜ ਗਯਾਨ ਭੁਲਾਯਾ।***

***ਸ੍ਰੀ ਗੁਰੂ ਨਾਨਕ ਪ੍ਰਕਾਸ਼, ਪੰਨਾ - 471***

ਅਨੇਕ ਰੰਗਾਂ ਦੀ, ਅਨਿਕ ਭਾਂਤ ਦੀ ਮਾਇਆ ਬਣੀ ਹੋਈ ਹੈ, ਕਿਤੇ ਪੁੱਤਰ ਕਿਤੇ ਧੀਆਂ, ਕਿਤੇ ਜਾਇਦਾਦ, ਕਿਤੇ ਘੋੜੇ, ਕਿਤੇ ਸਵਾਰੀਆਂ, ਕਿਤੇ ਕੁਛ, ਨੌਕਰੀਆਂ ਚਾਕਰੀਆਂ, ਅਹੁਦੇ, ਕਹਿੰਦੇ ਇੱਕ ਤਾਂ ਨਹੀਂ ਬੇਅੰਤ ਕਿਸਮ ਦੀ ਮਾਇਆ ਪ੍ਰਮੇਸ਼ਰ ਨੇ ਰਚ ਦਿੱਤੀ, ਇਹ ਤਾਂ ਗਿਆਨ ਹੀ ਰਲਾ ਦਿੱਤਾ। ਭੁੱਲ ਗਿਆ ਆਦਮੀ ਮੈਂ ਕੌਣ ਹਾਂ, ਕੋਈ ਪਤਾ ਨਹੀਂ। ਕੋਈ ਵਿਰਲਾ ਹੈ ਸੰਸਾਰ ਤੇ ਜਿਹਨੂੰ ਇਹ ਪਤਾ ਹੈ ਕਿ ਮੈਂ ਕੌਣ ਹਾਂ। ਬਾਕੀ ਤਾਂ ਕਹਿੰਦੇ ਆਹ ਤੁਹਾਡੇ ਸਾਮ੍ਹਣੇ ਖੜ੍ਹੇ ਹਾਂ, ਹੋਰ ਕਿਹੜਾ ਤੁਸੀਂ ਭਾਲਦੇ ਓਂ -

***ਪਯਾਰ ਪਦਾਰਥ, ਕੂਰ ਸੁਆਰਥ ਬੀਚ ਫਸੇ***
***ਸਭਿ ਬੈਸ ਬਿਹਾਯਾ।   ਸ੍ਰੀ ਗੁਰੂ ਨਾਨਕ ਪ੍ਰਕਾਸ਼, ਪੰਨਾ - 485***

ਕਹਿੰਦੇ ਝੂਠੇ ਪਦਾਰਥਾਂ 'ਚ ਫਸ ਕੇ, ਗਲਤ ਚੀਜ਼ਾਂ ਦੇ ਨਾਲ ਨੇਹੁੰ ਲਾ ਕੇ ਸਾਰੀ ਜ਼ਿੰਦਗੀ ਬੇਮਤਲਬੀ ਨਿਕੰਮੀ ਕਰਕੇ ਵਿਹਾ ਦਿੱਤੀ।

***ਆਦਿ ਸਰੂਪ ਅਨਾਦਿ ਲਖਯੋ ਨਹਿੰ***
***ਤੌ ਲਖਿਹੀਂ ਜਿ ਕਰੈ ਹਰਿ ਦਾਯਾ।***

ਕਹਿੰਦੇ, ਫੇਰ ਪ੍ਰਮੇਸ਼ਰ ਦਾ ਆਦਿ ਸਰੂਪ ਜਿਹੜਾ ਸੀ ਉਹਨੂੰ ਤਾਂ ਤੂੰ ਲਖਿਆ ਨਹੀਂ ਹੈ, ਪਰ ਇਹ ਤਾਂ ਲਖਿਆ ਜਾਂਦਾ ਹੈ ਜੇ ਨਿਰੰਕਾਰ ਦੀ ਦਇਆ ਹੋ ਜਾਵੇ। ਸੋ ਐਸੇ ਬਚਨ ਗੁਰੂ ਮਹਾਰਾਜ ਨੇ ਜਦੋਂ ਸੁਣਾਏ, ਉਸ ਵੇਲੇ ਰਾਇ ਨੇ ਸਾਰੇ ਵਿਦਾ ਕਰ ਦਿੱਤੇ। ਕਹਿਣ ਲੱਗੇ, ਹੇ ਨਾਨਕ! ਤੁਸੀਂ ਮੇਰੇ ਪਾਸ ਆਓ। ਕ੍ਰਿਪਾ ਕਰੋ। ਜਾਇਓ ਨਾ, ਮੈਨੂੰ ਕੁਛ ਦਿਨ ਦਰਸ਼ਨ ਦਿਓ।

ਸੋ ਆਪ ਦਿਨ ਵਿੱਚ ਬਾਹਰ ਚਲੇ ਜਾਂਦੇ ਨੇ, ਜੰਗਲ ਦੇ ਅੰਦਰ ਤੇ ਰਾਤ ਨੂੰ ਆ ਜਾਂਦੇ ਨੇ ਕਦੇ ਘਰ ਰਹਿ ਪੈਂਦੇ ਨੇ ਮਾਤਾ ਪਿਤਾ ਕੋਲ ਕਦੇ ਰਾਇ ਪਾਸ ਹੀ ਰਹਿ ਜਾਂਦੇ ਨੇ। ਏਸੇ ਤਰ੍ਹਾਂ ਸਮਾਂ ਬੀਤਦਾ ਤੁਰਿਆ ਗਿਆ।

ਇੱਕ ਦਿਨ ਮਾਤਾ ਕਹਿਣ ਲੱਗੀ, ਤੁਲਸਾਂ ਦਾਸੀ ਨੂੰ ਕਿ ਤੁਲਸਾਂ! ਜਾਹ ਮੈਂ ਪ੍ਰਸ਼ਾਦਾ ਤਿਆਰ ਕਰਿਆ ਹੈ ਗਰਮ-ਗਰਮ ਹੈ, ਠੰਢਾ ਹੋ ਜਾਏਗਾ। ਔਹ ਸਾਮ੍ਹਣੇ ਨਾਨਕ ਮੰਜੇ 'ਤੇ ਪਏ ਨੇ, ਜਾਹ ਉਨ੍ਹਾਂ ਨੂੰ ਜਗਾ ਲਿਆ। ਉਸ ਵੇਲੇ ਤੁਲਸਾਂ ਦਾਸੀ ਜੋ ਬਹੁਤ ਹੀ ਪਿਆਰ ਕਰਦੀ ਸੀ, ਬੜਾ ਉਹਦੇ ਦਿਲ ਦੇ ਅੰਦਰ ਸ਼ਰਧਾ ਦਾ ਭਾਵ ਸੀ। ਉਹ ਗੁਰੂ ਨਾਨਕ ਪਾਤਸ਼ਾਹ ਦੇ ਕੋਲ ਜਾਂਦੀ ਹੈ ਤੇ ਮਹਾਰਾਜ ਦਾ ਸੱਜਾ ਚਰਨ ਚਾਦਰ ਤੋਂ ਬਾਹਰ ਹੈ ਉਹਨੇ ਜਗਾਉਣਾ ਮੁਨਾਸਿਬ ਨਾ ਸਮਝਿਆ ਤੇ ਮੌਕਾ ਮਿਲ ਗਿਆ ਕਿ ਅੱਜ ਮੈਂ ਗੁਰੂ ਨਾਨਕ ਦੇ ਚਰਨਾਂ ਦੇ ਨਾਲ ਆਪਣਾ ਮਸਤਕ ਛੂਹਾਵਾਂ। ਉਹ ਐਨੀ ਪਿਆਰ 'ਚ ਮਸਤ ਹੋਈ ਕਿ ਮਸਤਕ ਛੂੰਹਾਉਣ ਦੀ ਬਿਜਾਏ, ਉਹਨੇ ਗੁਰੂ ਮਹਾਰਾਜ ਦੇ ਅਗੂੰਠੇ ਨੂੰ ਆਪਣੀ ਰਸਨਾ ਨਾਲ ਲਾ ਦਿੱਤਾ। ਰਸਨਾ ਲੱਗਣ ਦੀ ਦੇਰ ਸੀ ਉਸੇ ਵੇਲੇ ਬਜਰ ਕਪਾਟ ਤੜੱਕ ਦੇ ਕੇ ਖੁਲ੍ਹ ਗਏ, ਦ੍ਰਿਸ਼ਟੀ ਹੋਰ ਦੀ ਹੋਰ ਹੋ ਗਈ। ਸਭ ਖੰਡ ਬ੍ਰਹਿਮੰਡ ਨਜ਼ਰ ਆਉਣ ਲੱਗ ਗਏ। ਕੀ ਦੇਖਦੀ ਹੈ ਸਮੁੰਦਰ ਦੇਖ ਰਹੀ ਹੈ, ਸਮੁੰਦਰ ਦੇ ਪਾਣੀ ਦੇ ਉਤੇ ਗੁਰੂ ਨਾਨਕ ਪਾਤਸ਼ਾਹ ਖੜ੍ਹੇ ਨੇ ਤੇ ਉਧਰਲੇ ਪਾਸੇ ਮਨਸੁਖ ਨਾਮ ਦਾ ਸਿੱਖ ਅਰਦਾਸਾਂ ਕਰਦਾ ਹੈ ਹੇ ਪ੍ਰਭੂ! ਮੇਰਾ ਜਹਾਜ਼ ਹੁਣ ਬੰਨ੍ਹੇ ਲਾ ਦੇ। ਡਾਵਾਂਡੋਲ ਹੋ ਰਿਹਾ ਹੈ, ਮੈਂ ਤੇਰਾ ਹਾਂ, ਆਪਣੇ ਨਾਮ ਦਾ ਬਿਰਧ ਰੱਖੋ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਆਪਣਾ ਸਹਾਰਾ ਦੇ ਕੇ ਡੁੱਬਦੇ ਜਹਾਜ਼ ਨੂੰ ਬਚਾ ਰਹੇ ਨੇ। ਨਜ਼ਾਰਾ ਦੇਖਦੀ ਰਹੀ ਕਾਫੀ ਦੇਰ। ਉਸ ਵੇਲੇ ਮਾਤਾ ਨੇ ਆਵਾਜ਼ ਦਿੱਤੀ ਤੁਲਸਾਂ! ਤੂੰ ਆਈ ਨਹੀਂ? ਦੌੜ ਕੇ ਗਈ।

ਕਹਿਣ ਲੱਗੀ, ''ਕੀ ਗੱਲ ਤੂੰ ਨਾਨਕ ਨੂੰ ਜਗਾਇਆ ਨਹੀਂ ਹੈ?''

ਸਹਿਜ ਸੁਭਾਅ ਨਿਕਲ ਗਿਆ ਕਿ ਮਾਤਾ! ਕਿਹਨੂੰ ਜਗਾਵਾਂ। ਉਹ ਤਾਂ ਜਹਾਜ਼ ਕੱਢਦੇ ਪਏ ਨੇ ਲੰਕਾ ਕੋਲ ਸਿੱਖ ਦਾ। ਮਾਤਾ ਨੂੰ ਨਰਾਜ਼ੀ ਆਈ ਕਿ ਹੈਂ ਘਰ ਦੇ ਦਾਸ ਵੀ ਇਹ ਗੱਲਾਂ ਕਰਦੇ ਨੇ। ਉਸ ਵੇਲੇ ਆਪ ਗਈ, ਜਾ ਕੇ ਆਵਾਜ਼ ਦਿੱਤੀ। ਜਦੋਂ ਪ੍ਰਸ਼ਾਦਾ ਪਾ ਦਿੱਤਾ ਕਹਿਣ ਲੱਗੀ, ਬੇਟਾ! ਦੇਖ ਤੇਰੀ ਫਕੀਰੀ ਦੇ ਉੱਤੇ ਕਿਵੇਂ ਲੋਕ ਮਖੌਲਾਂ ਕਰਦੇ ਨੇ।

ਬਾਹਰਲੇ ਤਾਂ ਕਰਦੇ ਹੀ ਨੇ ਘਰ ਦੇ ਦਾਸ ਵੀ ਕਰਦੇ ਨੇ।

ਮਹਾਰਾਜ ਕਹਿੰਦੇ ਕੀਹਨੇ ਕਰਿਆ ਹੈ?

ਕਹਿੰਦੇ, ਆਹ ਤੁਲਸਾਂ ਦਾਸੀ ਮੈਂ ਭੇਜੀ ਤੈਨੂੰ ਜਗਾਉਣ ਵਾਸਤੇ ਕਹਿੰਦੀ ਹੈ ਕਿ ਗੁਰੂ ਨਾਨਕ ਤਾਂ ਲੰਕਾ ਕੋਲ ਜਹਾਜ਼ ਕੱਢ ਰਿਹਾ ਹੈ। ਕਹਿੰਦੇ, ਇਹ ਤਾਂ ਕਮਲੀ ਰਮਲੀ ਹੈ। ਐਨੀ ਗੱਲ ਕਹਿਣ ਦੀ ਦੇਰ, ਉਸੇ ਵੇਲੇ ਬੇਬੇ ਜੀ ਨੇ ਬੇਨਤੀ ਕਰੀ ਕਿ ਵੀਰ ਜੀ! ਕ੍ਰਿਪਾ ਕਰੋ ਏਸ ਦੇ ਉੱਤੇ। ਕਹਿੰਦੇ, ਭੈਣ! ਬੀਬੀ! ਇਹ ਜਰ ਜਾਏਗੀ ਨਹੀਂ ਤਾਂ ਰਿੱਧੀਆਂ-ਸਿੱਧੀਆਂ ਤਾਕਤਾਂ ਦਿਖਾਉਣੀਆਂ ਸ਼ੁਰੂ ਕਰ ਦਏਗੀ। ਇਹਦੇ 'ਚ ਐਨੀ ਸ਼ਕਤੀ ਆ ਗਈ ਹੈ ਕਿ ਜੋ ਬਚਨ ਕਰ ਦੇਵੇ, ਸਭ ਪੂਰੇ ਹੋ ਜਾਣਗੇ। ਸੋ ਕਮਲੀ ਰਮਲੀ ਏਸ ਕਰਕੇ ਅਸੀਂ ਕਰ ਦਿੱਤਾ ਇਹਨੂੰ ਕਿ ਆਪਣੇ ਨਾਮ ਦੇਰੰਗ ਵਿੱਚ ਮਸਤ ਰਹੇਗੀ। ਕਿਸੇ ਨਾਲ ਗੱਲ ਨਹੀਂ ਕਰੇਗੀ। ਆਪਣੀ ਕ੍ਰਿਆ ਸਾਂਭੇਗੀ। ਸੋ ਇਸ ਤਰ੍ਹਾਂ ਦੇ ਕੌਤਕ ਕਰਦੇ ਅੱਜ ਗੁਰੂ ਨਾਨਕ ਪਾਤਸ਼ਾਹ ਜਦੋਂ ਰਾਇ ਨੇ ਬੁਲਾਏ ਤੇ ਉਨ੍ਹਾਂ ਦੇ ਪਾਸ ਆਪ ਬੈਠੇ ਨੇ, ਉਸ ਵੇਲੇ ਬੜੀ ਅਧੀਨਗੀ ਦੇ ਨਾਲ ਰਾਇ ਬੁਲਾਰ ਨੇ ਆ ਕੇ ਚਰਨਾਂ 'ਤੇ ਮਸਤਕ ਨਿਵਾਇਆ, ਦੋਵੇਂ ਹੱਥ ਜੋੜੇ ਉਸ ਵੇਲੇ ਬੇਨਤੀ ਕਰਦੇ ਨੇ ਸਾਰੇ ਪਿਆਰ ਨਾਲ ਪੜ੍ਹੋ।

***ਧਾਰਨਾ - ਮੈਨੂੰ ਦੇਹੋ ਸਮਝਾਇ ਮੇਰਾ ਰੂਪ ਕਿਹੜਾ ਹੈ।***

ਪਾਤਸ਼ਾਹ! ਆਪ ਦੇ ਮੈਂ ਚਰਨਾਂ 'ਚ ਬੇਨਤੀ ਕਰਦਾ ਹਾਂ ਕਿਉਂਕਿ ਆਪ ਦੇ ਸਤਿਸੰਗ ਦੇ ਵਿੱਚ ਮੈਂ ਸਰਵਣ ਕਰਦਾ ਹਾਂ, ਜੋ ਬਚਨ ਹੁੰਦੇ ਨੇ ਕਿ ਜੋ ਆਦਮੀ ਰੂਪ ਦਿਸਦਾ ਹੈ ਉਹ ਇਹ ਨਹੀਂ ਹੈਗਾ ਤੇ ਇਹਦਾ ਰੂਪ ਇਸ ਤੋਂ ਨਿਆਰਾ ਹੈ। ਇਹਨੂੰ ਆਪਣੇ ਸਰੂਪ ਨੂੰ ਜਾਨਣਾ ਚਾਹੀਦਾ ਹੈ ਜਿੰਨੀ ਦੇਰ ਤੱਕ ਆਪਣੇ ਸਰੂਪ ਨੂੰ ਨਹੀਂ ਜਾਣਦਾ। ਓਨੀਂ ਦੇਰ ਤੱਕ ਇਹ ਕਾਲ ਦੇ ਚੱਕਰ ਤੋਂ ਬਚ ਨਹੀਂ ਸਕਦਾ। ਮਰਦਾ ਰਹੇਗਾ, ਜੰਮਦਾ ਰਹੇਗਾ। ਸੋ ਮੈਂ ਆਪ ਤੋਂ ਬਚਨ ਸੁਣੇ ਨੇ -

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥ ਅੰਗ - 550***

ਆਹ ਸਰੀਰ ਦੇ ਉਤੇ ਦੋ ਪੰਖੇਰੂ ਬੈਠੇ ਨੇ ਦਰਖਤ ਦੇ ਉੱਤੇ -

***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥***

***ਅੰਗ - 550***

ਇੱਕ ਤਾਂ ਉਹ ਹੈ ਜਿਹੜਾ ਕਿਤੇ ਜਾਂਦਾ ਨਹੀਂ ਕਿਤੇ ਆਉਂਦਾ ਨਹੀਂ, ਆਪਣੇ ਪੂਰਨ ਅਨੰਦ ਦੇ ਵਿੱਚ, ਸਹਿਜ ਸਮਾਧ ਦੇ ਵਿੱਚ ਰਹਿੰਦਾ ਹੈ ਤੇ ਕੋਈ ਚੀਜ਼ ਖਾਂਦਾ ਪੀਂਦਾ ਨਹੀਂ, ਕਿਸੇ ਰਸ ਦੀ ਉਹਨੂੰ ਲੋੜ ਨਹੀਂ। ਕਿਉਂਕਿ ਉਹ ਆਪ ਰਸ। ਦੂਸਰਾ ਪਾਤਸ਼ਾਹ! ਉਹ ਹੈ ਜਿਹੜਾ ਥਾਂ-ਥਾਂ ਉਡਦਾ ਜਾਂਦਾ ਹੈ, ਉਡ-ਉਡ ਕੇ ਫੇਰ ਦੁਖੀ ਹੁੰਦਾ ਹੈ। ਕਦੇ ਜੰਮਦਾ ਹੈ ਕਦੇ ਮਰਦਾ ਹੈ, ਕਦੇ ਨੇਕ ਬਣਦਾ ਹੈ, ਕਦੇ ਬਦ ਬਣਦਾ ਹੈ। ਆਪ ਕ੍ਰਿਪਾ ਕਰਕੇ ਮੈਨੂੰ ਸਮਝਾਓ -

*ਮਮ ਸਰੂਪ ਕੋ ਦੇਹੁ ਬੁਝਾਈ।*

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 485***

ਆਹ ਮੇਰੇ ਸਰੂਪ ਨੂੰ ਦੱਸੋ।

*ਭੂਲ ਰਹਯੋ ਜਿਹ ਸੁਧ ਨਹਿੰ ਕਾਈ।*

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 485***

ਮੈਨੂੰ ਕੋਈ ਸੁੱਧ ਨਹੀਂ ਹੈਗੀ ਕਿ ਮੈਂ ਕੌਣ ਹਾਂ।

*ਕੋ ਮੈਂ ਹੋਂ? ਕਛੁ ਜਾਇ ਨ ਜਾਨਾ।*

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 485***

ਕਹਿੰਦੇ ਮੈਂ ਜਾਣਦਾ ਨਹੀਂ ਪਾਤਸ਼ਾਹ! ਮੈਂ ਕੌਣ ਹਾਂ, ਕ੍ਰਿਪਾ ਕਰੋ –

*ਬਢਯੋ ਵਿਸ਼ੇਖ ਰਿਦੈ ਅਗਯਾਨਾ।*

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 485***

ਐਨਾ ਅਗਿਆਨ ਦਾ ਹਨ੍ਹੇਰਾ ਮੇਰੇ ਅੰਦਰ ਵਧ ਗਿਆ ਹੈ ਕਿ ਮੈਨੂੰ ਇਹ ਹੀ ਨਹੀਂ ਪਤਾ ਲਗਦਾ ਕਿ ਮੈਂ ਕੌਣ ਹਾਂ।

ਪਤਾ ਲਗਦਾ ਹੈ ਕਿਸੇ ਨੂੰ? ਕੋਈ ਵਿਰਲਾ ਪੁਰਸ਼ ਹੈ ਜਿਹਨੂੰ ਪਤਾ ਲਗਦਾ ਹੈ। ਕੋਈ ਨਹੀਂ ਜਾਣਦਾ। ਜੇ ਕੋਈ ਜਾਣਦਾ ਹੈ ਤਾਂ ਉਹਦੇ ਉਤੇ ਉਹਦਾ ਨਿਹਚਾ ਨਹੀਂ ਹੈ। ਜੇ ਕੋਈ ਜਾਣ ਜਾਵੇ ਆਪਣੇ ਆਪ ਨੂੰ ਕਿ ਮੈਂ ਬਾਦਸ਼ਾਹ ਦਾ ਪੁੱਤਰ ਹਾਂ ਫੇਰ ਉਹ ਗਲੀਆਂ 'ਚ ਮੰਗਦਾ ਫਿਰੇ। ਫੇਰ ਤਾਂ ਜਾਨਣਾ ਨਾ ਜਾਨਣਾ ਕੋਈ ਮਤਲਬ ਨਹੀਂ ਰੱਖਦਾ, ਜੇ ਉਹਨੂੰ ਪਤਾ ਲੱਗ ਗਿਆ ਕਿ ਮੈਂ ਫਲਾਣੇ ਬਾਦਸ਼ਾਹ ਦਾ ਲੜਕਾ ਹਾਂ ਉਹ ਤਾਂ ਨੱਠਿਆ ਹੀ ਜਾਏਗਾ, ਪਿਤਾ ਜੀ। ਉਹਨੂੰ ਵੀ ਪਤਾ ਹੈ ਉਹ ਟੋਲ੍ਹਦਾ ਫਿਰਦਾ ਹੈ ਓਸਨੂੰ। ਏਸੇ ਤਰ੍ਹਾਂ ਸਾਨੂੰ ਪ੍ਰਮੇਸ਼ਰ ਟੋਲ੍ਹਦਾ ਹੈ, ਹਰ ਵਕਤ ਦਰਵਾਜ਼ੇ ਖੁੱਲ੍ਹੇ ਰੱਖਦਾ ਹੈ ਕਿ ਆ ਜਾਵੇ, ਹੁਣ ਆ ਜਾਵੇ, ਹੁਣ ਆ ਜਾਵੇ। ਲੇਕਿਨ ਅਸੀਂ ਆਪਣੇ ਸਰੂਪ ਨੂੰ ਭੁੱਲ ਕੇ ਹੋਰ ਪਾਸੇ ਪੈ ਗਏ।

ਸੋ ਇਹ ਬੇਨਤੀ ਕਰਦਾ ਹੈ ਬਾਰ-ਬਾਰ, ਬਹੁਤ ਨਿਮ੍ਰਤਾ ਦੇ ਨਾਲ ਕਿ ਹੇ ਗੁਰੂ ਨਾਨਕ ਪਾਤਸ਼ਾਹ! ਮੈਂ ਕੌਣ ਹਾਂ ਇਹ ਤੂੰ ਮੈਨੂੰ ਦੱਸ।

*ਮਮ ਸਰੂਪ ਕੋ ਦੇਹੁ ਬੁਝਾਈ।*
*ਭੂਲ ਰਹਯੋ ਜਿਹ ਸੁਧ ਨਹਿੰ ਕਾਈ।*

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 485***

ਮੈਂ ਭੁੱਲਿਆ ਪਿਆ ਹਾਂ ਮੈਨੂੰ ਕੋਈ ਸੁਧ ਨਹੀਂ ਹੈ।

*ਕੋ ਮੈਂ ਹੋਂ? ਕਛੁ ਜਾਇ ਨ ਜਾਨਾ।*

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 485***

ਮੈਂ ਕੌਣ ਹਾਂ ਕੁਛ ਜਾਣਿਆ ਨਹੀਂ ਜਾਂਦਾ –

*ਬਢਯੋ ਵਿਸ਼ੇਖ ਰਿਦੈ ਅਗਯਾਨਾ।*

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 485***

ਬਹੁਤ ਜ਼ਿਆਦਾ ਅਗਿਆਨ ਦਾ ਹਨ੍ਹੇਰਾ ਛਾ ਗਿਆ।

***ਉਪਦੇਸ਼ਕ ਪ੍ਰਭੁ ਤੋਹਿ ਸਮਾਨਾ।***

***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 485***

ਹੇ ਗੁਰੂ ਮਹਾਰਾਜ! ਤੇਰੇ ਵਰਗਾ ਉਪਦੇਸ਼ ਦੇਣ ਵਾਲਾ ਅੱਜ ਸੰਸਾਰ ਦੇ ਉਤੇ ਹੋਰ ਕੋਈ ਨਹੀਂ ਹੈ -

***ਅਵਨੀ ਬਿਖੈ ਨ ਜਾਨੋਂ ਆਨਾ।***

***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 485***

ਤੇ ਧਰਤੀ ਦੇ ਉਤੇ ਹੋਰ ਕੋਈ ਜਾਣਿਆ ਨਹੀਂ ਜਾਂਦਾ।

***ਕ੍ਰਿਪਾ ਸਿੰਧੁ! ਕਰੁਨਾ ਅਬ ਕੀਜੈ।***

***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 485***

ਹੇ ਗੁਰੂ ਨਾਨਕ ਪਾਤਸ਼ਾਹ! ਕ੍ਰਿਪਾ ਦੇ ਭੰਡਾਰ, ਕ੍ਰਿਪਾ ਦੇ ਸਾਗਰ। ਤੁਸੀਂ ਹੁਣ ਮੇਰੇ ਉਤੇ ਕ੍ਰਿਪਾ ਕਰਕੇ -

***ਮਮ ਸਰੂਪ ਸਮਝਾਇ ਸੁ ਦੀਜੈ।***

***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 485***

ਮੈਨੂੰ ਆਪਣਾ ਸਰੂਪ ਸਮਝਾ ਦਿਓ।

ਕਿਉਂਕਿ ਅਸੂਲ ਇਹ ਹੈ ਸਾਧਸੰਗਤ ਜੀ -

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ਹ ॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥***

***ਅੰਗ - 1365***

ਨਾ ਦੁਕਾਨ ਹੈ, ਨਾ ਬਜ਼ਾਰ ਹੈ, ਨਾ ਗਾਹਕ ਹੈ, ਨਾ ਮੁੱਲ ਦੇਣ ਵਾਲਾ ਹੈ। ਫੇਰ ਰਾਮ ਦੇ ਪਦਾਰਥ ਦੀ ਗੱਲ ਕਿੱਥੇ ਕਰੇ? ਪਤਾ ਹੀ ਨਹੀਂ ਹੈ ਸੰਸਾਰ ਨੂੰ ਤਾਂ। ਕੋਈ ਪਤਾ ਨਹੀਂ। ਅਸੀਂ ਆਪਣੇ ਆਪ ਨੂੰ ਜਾਨਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਕਿ ਅਸੀਂ ਕੌਣ ਹਾਂ। ਕਿਉਂਕਿ ਉਨ੍ਹਾਂ ਦਾ ਅਜੇ ਸਮਾਂ ਨਹੀਂ ਆਇਆ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਸਭ ਕੁਛ ਲਿਖਿਆ ਹੋਇਆ ਹੈ ਲੇਕਿਨ ਜਿਨ੍ਹਾਂ ਦਾ ਸਮਾਂ ਨਹੀਂ ਆਇਆ, ਉਨ੍ਹਾਂ ਨੂੰ ਇਹ ਬਚਨ ਸਮਝ 'ਚ ਨਹੀਂ ਆਇਆਂ ਕਰਦੇ। ਤਿੰਨ ਕਿਸਮ ਦੇ ਬਚਨ ਨੇ ਪਹਿਲੇ ਬਚਨ ਭਿਆਨਕ ਨੇ ਉਨ੍ਹਾਂ ਵਾਸਤੇ ਜਿਹੜੇ ਪਾਪ ਦੇ ਵਿੱਚ ਪ੍ਰਵਿਰਤ ਨੇ, ਜਿਨ੍ਹਾਂ ਦੀ ਰੁਚੀ ਮੁੜ-ਮੁੜ ਕੇ ਪਾਪਾਂ ਵਿੱਚ, ਕਾਮ ਵਿੱਚ ਜਾਂਦੀ ਹੈ, ਕ੍ਰੋਧ ਵਿੱਚ ਜਾਂਦੀ ਹੈ, ਲੋਭ 'ਚ ਜਾਂਦੀ ਹੈ, ਹਿੰਸਾ 'ਚ ਜਾਂਦੀ ਹੈ, ਮੋਹ 'ਚ ਜਾਂਦੀ ਹੈ, ਨਿੰਦਿਆ 'ਚ ਜਾਂਦੀ ਹੈ। ਉਨ੍ਹਾਂ ਵਾਸਤੇ ਭਿਆਨਕ ਬਾਣੀ ਸਮਝ 'ਚ ਆਉਂਦੀ ਹੈ। ਦੂਸਰੀ ਹੈ ਰੌਚਕ ਬਾਣੀ ਜਿਨ੍ਹਾਂ ਨੂੰ ਲਗਨ ਲੱਗੀ ਹੋਈ ਹੈ ਨਾਮ ਜਪਣ ਦੀ। ਉਨ੍ਹਾਂ ਨੂੰ ਉਹ ਬਾਣੀ ਸਮਝ 'ਚ ਆਉਂਦੀ ਹੈ ਕਿ ਨਾਮਦੇਵ ਦੀ ਕਿਵੇਂ ਰੱਖਿਆ ਕਰੀ, ਕਬੀਰ ਦੀ ਕਿਵੇਂ ਕਰੀ, ਕਿਸ ਤਰ੍ਹਾਂ ਧਰੂੰ ਨੂੰ ਰੱਖਿਆ ਕਿਵੇਂ ਪ੍ਰਹਿਲਾਦ ਨੂੰ ਰੱਖਿਆ, ਉਸ ਵਿੱਚ ਰੁਚੀ ਲਗਦੀ ਹੈ ਉਨ੍ਹਾਂ ਦੀ। ਤੀਸਰੀ ਹੈ ਯਥਾਰਥ ਬਾਣੀ ਉਨ੍ਹਾਂ ਦੀ ਜਿਨ੍ਹਾਂ ਨੇ ਕਰਮ, ਉਪਾਸ਼ਨਾ ਦੇ ਵਿਚੋਂ ਲੰਘ ਕੇ ਵਿਵੇਕ ਮੰਡਲ ਦੇ ਵਿੱਚ ਪ੍ਰਵੇਸ਼ ਕੀਤਾ ਹੈ। ਵਿਵੇਕ ਮੰਡਲ 'ਚ ਪ੍ਰਵੇਸ਼ ਕਰਦੇ ਪਹਿਲਾ ਸਵਾਲ ਇਹ

ਆਉਂਦਾ ਹੈ ਕਿ ਮੈਂ ਕੌਣ ਹਾਂ। ਉਹ ਬੰਦਿਆ ਦੇ ਵਾਸਤੇ ਇਹ ਜਿਹੜਾ ਬਚਨ ਅਰਜ਼ ਕਰਨ ਲੱਗੇ ਹਾਂ ਸਿਰਫ ਉਨ੍ਹਾਂ ਵਾਸਤੇ ਨੇ, ਬਾਕੀਆਂ ਵਾਸਤੇ ਨਹੀਂ ਹਨ। ਬਾਕੀਆਂ ਵਾਸਤੇ ਵਾਸਤੇ ਪਹਿਲਾਂ ਪੜ੍ਹ ਚੁੱਕੇ ਹਾਂ ਸਭ ਕੁਛ।

ਸੋ ਮਹਾਰਾਜ ਨੇ ਜਦੋਂ ਦੇਖਿਆ ਕਿ ਇਹ ਪੂਰਨ ਜਗਿਆਸੂ ਹੈ ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ, ਰਾਇ ਜੀ! ਫੇਰ ਐਸ ਤਰ੍ਹਾਂ ਦੱਸੋ ਕਿ ਤੇਰੀ ਹੰਗਤਾ ਕਿਹੜੀ ਚੀਜ਼ 'ਚ ਹੈ, ਤੂੰ ਆਪਣੇ ਆਪ ਨੂੰ ਕੀ ਸਮਝਦਾ ਹੈਂ। ਕਿਹੜੀ-ਕਿਹੜੀ ਚੀਜ਼ 'ਚ ਤੇਰੀ ਹੰਗਤਾ ਧਾਰੀ ਹੋਈ ਹੈ। ਉਸ ਵੇਲੇ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਪਹਿਲੀ ਹੰਗਤਾ ਤਾਂ ਇਹ ਹੈ ਕਿ ਮੈਂ ਤੁਰਕ ਹਾਂ। ਮੈਂ ਮੁਸਲਮਾਨ ਹਾਂ, ਦੂਸਰੀ ਹੰਗਤਾ ਇਹ ਹੈ ਕਿ ਮੈਂ ਸੱਤਰ-ਪਝੱਤਰ ਸਾਲ ਦਾ ਹਾਂ, ਆਰਬਲਾ ਦੇ ਵਿੱਚ। ਤੀਸਰੀ ਹੰਗਤਾ ਮੇਰੀ ਇਹ ਹੈ ਕਿ ਮੇਰੇ ਬਾਲ ਚਿੱਟੇ ਹੋ ਗਏ ਨੇ। ਚੌਥੀ ਹੰਗਤਾ ਇਹ ਹੈ ਕਿ ਮੇਰੇ ਸਰੀਰ 'ਤੇ ਝੁਰੜੀਆਂ ਪੈ ਗਈਆਂ, ਕਰੂਪ ਹੋ ਗਿਆ ਮੇਰਾ ਸਰੀਰ, ਸੁੱਕੀ ਹੋਈ ਲੱਕੜ ਵਰਗਾ ਮੈਂ ਹੋ ਗਿਆ ਤੇ ਚੰਮ ਮੇਰਾ ਜਿਹੜਾ ਹੈ ਸਿਥਲ ਹੋ ਗਿਆ ਤੇ ਬਲ ਮੇਰਾ ਜਿਹੜਾ ਹੈ ਉਹ ਨਿਰਬਲ ਹੋ ਗਿਆ। ਉਸ ਤੋਂ ਅਗਲੀ ਹੰਗਤਾ ਮੇਰੀ ਉਹ ਮੇਰੀ ਇਸਤ੍ਰੀ ਹੈ, ਔਹ ਮੇਰਾ ਪੁੱਤਰ ਹੈ, ਔਹ ਮੇਰਾ ਭਾਈ ਹੈ, ਔਹ ਮੇਰਾ ਭਾਈ ਹੈ, ਔਹ ਮੇਰਾ ਭਾਈਚਾਰਾ ਹੈ ਤੇ ਮੇਰਾ ਨਾਉਂ ਰਾਇ ਬੁਲਾਰ ਹੈ। ਮਹਾਰਾਜ ਕਹਿੰਦੇ, ਦੇਖ ਤੈਨੂੰ ਤੇਰਾ ਸਰੂਪ ਸਮਝਾਈਏ। ਉਹ ਇਹ ਹੈ ਕਿ ਤੂੰ ਸਤਿ, ਚਿੱਤ, ਅਨੰਦ ਹੈਂ ਨਾ ਕਦੇ ਮਰਦਾ ਹੈਂ, ਨਾ ਕਦੇ ਤੇਰੇ 'ਚ ਬਦਲੀ ਆਉਂਦੀ ਹੈ, ਇੱਕ ਰਸ ਰਹਿੰਦਾ ਹੈਂ ਸਦਾ ਹੀ ਅਨੰਦ ਵਿੱਚ ਰਹਿੰਦਾ ਹੈਂ ਤੇ ਕਹਿੰਦੇ ਸਰੀਰ। ਸਰੀਰ ਤਾਂ ਭਾਈ ਦੇਖ ਲੈ, ਬਚਪਨ ਹੁੰਦਾ ਹੈ ਪਹਿਲਾਂ ਫੇਰ ਜੁਆਨ ਹੋ ਜਾਂਦਾ ਹੈ, ਫੇਰ ਬਿਰਧ ਹੋ ਜਾਂਦਾ ਹੈ। ਇਹ ਪੰਜ ਭੂਤ ਦੀ ਜੜ੍ਹ ਹੈ ਇਹਦੇ ਵਿੱਚ ਤੇਰੀ ਸ਼ਕਤੀ ਦੇ ਨਾਲ ਹਰਕਤ ਹੈ, ਜੇ ਤੇਰੀ ਸ਼ਕਤੀ ਨਾ ਹੋਵੇ ਤਾਂ ਇਹਦੇ ਵਿੱਚ ਹਰਕਤ ਨਾ ਹੋਵੇ। ਤੂੰ ਜਨਮ ਮਰਨ ਤੋਂ ਰਹਿਤ ਹੈਂ, ਚੇਤਨ ਹੈ ਤੇ ਤੇਰਾ ਕੋਈ ਨਾਮ ਨਹੀਂ, ਤੇਰਾ ਕੋਈ ਰੂਪ ਨਹੀਂ। ਇਨ੍ਹਾਂ ਤੋਂ ਤੂੰ ਬਗੈਰ, ਦੇਹੀ ਜਲ ਜਾਂਦੀ ਹੈ ਤੂੰ ਫੇਰ ਵੀ ਕਾਇਮ ਰਹਿੰਦਾ ਹੈਂ। ਦੇਹੀ ਖਤਮ ਹੋ ਜਾਂਦੀ ਹੈ, ਭਸਮ ਹੋ ਜਾਂਦੀ ਹੈ, ਮਿੱਟੀ ਦੇ ਵਿੱਚ ਗਲ ਜਾਂਦੀ ਹੈ ਫੇਰ ਵੀ ਤੂੰ ਰਹਿੰਦਾ ਹੈਂ। ਜਦੋਂ ਤੂੰ ਇਹਨੂੰ ਛੱਡ ਦਿੰਦਾ ਹੈਂ ਉਸ ਵੇਲੇ ਇਹ ਤਨ ਮ੍ਰਿਤਕ ਹੋ ਜਾਂਦਾ ਹੈ। ਜਦੋਂ ਇਹ ਮ੍ਰਿਤਕ ਹੋ ਜਾਂਦਾ ਹੈ ਤਾਂ ਓਹੀ ਸਬੰਧੀ ਜਿਹੜੇ ਨੇ ਉਹ ਫੇਰ ਤੇਰੇ ਨਾਲ ਕੋਈ ਪਿਆਰ ਨਹੀਂ ਕਰਦੇ। ਉਹ ਫੇਰ ਕਹਿੰਦੇ ਨੇ ਕਿ ਇਹਨੂੰ ਛੇਤੀ ਕੱਢੋ, ਛੇਤੀ ਕੱਢੋ। ਕਾਢੋ-ਕਾਢੋ ਹੋਣ ਲੱਗ ਜਾਂਦੀ ਹੈ ਰਾਇ ਜੀ। ਤੂੰ ਹੁਣ ਸੋਚ ਜਿਹੜਾ ਤੇਰਾ ਪੁੱਤਰ ਹੈ, ਤੇਰਾ ਧਨ ਹੈ, ਤੇਰੇ ਸਾਕ ਨੇ, ਤੇਰੇ ਸਬੰਧੀ ਨੇ, ਤੇਰੀ ਮਾਇਆ ਹੈ ਇਹ ਸਾਰੀਆਂ ਚੀਜ਼ਾਂ ਛੱਡ ਜਾਣ ਵਾਲੀਆਂ ਨੇ, ਤੂੰ ਇਨ੍ਹਾਂ ਦੇ ਵਿੱਚ ਹੰਗਤਾ ਧਾਰੀ ਹੈ ਇਹ ਜਿਹੜੇ ਤਨ ਵਿੱਚ ਤੂੰ ਹੰਗਤਾ ਧਾਰੀ ਹੈ, ਤਨ ਹੋਣੈ ਕਿਸੇ ਦਾ ਮੁਸਲਮਾਨ, ਤਨ ਹੋਣੈ ਕਿਸੇ ਦਾ ਸਿੱਖ, ਤਨ ਹੋਣੈ ਕਿਸੇ ਦਾ ਹਿੰਦੂ ਲੇਕਿਨ ਤੇਰਾ ਕੋਈ ਧਰਮ ਨਹੀਂ। ਤੂੰ ਕੁਛ ਨਹੀਂ ਹੈ, ਇਨ੍ਹਾਂ ਚੀਜ਼ਾਂ 'ਚੋਂ ਤੇਰਾ ਕੋਈ ਨਾਮ ਨਹੀਂ ਤੇਰਾ ਕੋਈ ਰੂਪ

ਨਹੀਂ ਹੈ, ਇਨ੍ਹਾਂ ਤੋਂ ਤੂੰ ਨਿਆਰਾ ਹੈਂ। ਜਿਹੜਾ ਤਨ ਦੀ ਬਾਤ ਕਰਦਾ ਹੈਂ ਇਹ ਰਹਿੰਦਾ ਨਹੀਂ ਹੈ -

***ਧਾਰਨਾ - ਇਹ ਤਨ ਮਿਥਿਆ ਜਾਨੋ ਸਾਧੋ***
***ਇਹ ਤਨ ਮਿਥਿਆ ਜਾਨੋ।***

***ਸਾਧੋ ਇਹੁ ਤਨੁ ਮਿਥਿਆ ਜਾਨਉ ॥***
***ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥***

***ਅੰਗ - 1186***

ਉਹ ਸੱਚਾ ਹੈ ਬਾਕੀ ਤਾਂ ਫੇਰ ਝੂਠ ਹੋ ਗਿਆ ਨ, ਅਸੀਂ ਤਾਂ ਫੇਰ ਹੋਏ ਹੀ ਨਾ, ਜਿਹੜੀ ਸਾਡੀ ਹੰਗਤਾ ਸਰੀਰ ਦੀ ਹੈ, ਸਾਡੀ ਹੰਗਤਾ ਧਰਮ ਦੀ ਹੈ ਕਿ ਅਸੀਂ ਫਲਾਣੇ ਹਾਂ, ਮੈਂ ਐਨੀ ਉਮਰ ਦਾ ਹਾਂ, ਮੇਰੇ ਕੇਸ ਨੇ, ਮੇਰੇ ਚਿੱਟੇ ਕੇਸ ਨੇ, ਮੇਰੇ ਕਾਲੇ ਕੇਸ ਨੇ, ਮੇਰੀ ਇਸਤ੍ਰੀ ਹੈ, ਮੇਰਾ ਪੁੱਤਰ ਹੈ, ਮੇਰਾ ਘਰ ਹੈ। ਇਹ ਤਾਂ ਫੇਰ ਫਜ਼ੂਲ ਗੱਲ ਹੋ ਗਈ, ਸਾਡੇ ਸਾਮ੍ਹਣੇ। ਜੜ੍ਹ ਨਾਲ ਅਸੀਂ ਮਾਇਆ ਦੇ ਪੜ੍ਹਦੇ ਕਰਕੇ ਆਪਣੇ ਆਪ ਅਸੀਂ ਜੜ੍ਹ ਚੀਜ਼ਾਂ, ਨਾਸ਼ਵਾਨ ਸਮਝਣਾ ਸ਼ੁਰੂ ਕਰ ਦਿੰਦੇ ਹਾਂ -

***ਇਹੁ ਜਗੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾ ਐਡਾਨੋ ॥***

***ਅੰਗ - 1186***

ਕਿਉਂ ਹੈਰਾਨ ਹੋਇਆ ਪਿਆ ਹੈਂ, ਕਿਉਂ ਹੰਕਾਰ ਕਰਦਾ ਹੈਂ ਇਹ ਤਾਂ ਸਾਰੀ ਸੁਪਨੇ ਦੀ ਸੰਪਤ ਹੈ -

***ਸੰਗਿ ਤਿਹਾਰੈ ਕਛੂ ਨ ਚਾਲੈ ਤਾਹਿ ਕਹਾ ਲਪਟਾਨੋ ॥***

***ਅੰਗ - 1186***

ਜਿੰਨੀਆਂ ਚੀਜ਼ਾਂ ਦੱਸੀਆਂ ਨੇ ਤੂੰ, ਇਹ ਤੇਰੇ ਨਾਲ ਕੋਈ ਨਹੀਂ ਜਾਂਦੀ ਪ੍ਰੇਮੀਆਂ -

***ਉਸਤਤਿ ਨਿੰਦਾ ਦੋਊ ਪਰਹਰਿ ਹਰਿ ਕੀਰਤਿ ਉਰਿ ਆਨੋ ॥***
***ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ ॥***

***ਅੰਗ - 1186***

ਕਹਿੰਦੇ, ਹੁਣ ਦੱਸ, ਹੁਣ ਕੀ ਸਮਝਦਾ ਹੈਂ ਆਪਣੇ ਆਪ ਨੂੰ। ਕਹਿੰਦੇ ਮਹਾਰਾਜ! ਮੈਂ ਸੁੰਘਦਾ ਹਾਂ, ਮੈਂ ਦੇਖਦਾ ਹਾਂ, ਮੈਂ ਦੇਖਦਾ ਹਾਂ, ਮੈਂ ਸੁਆਦ ਲੈਂਦਾ ਹੈ, ਮੈਂ ਸਪਰਸ਼ ਕਰਦਾ ਹਾਂ। ਮਹਾਰਾਜ ਕਹਿੰਦੇ ਇਹ ਤਾਂ ਤੂੰ ਆਪਣੇ ਆਪ ਨੂੰ ਪੰਜ ਗਿਆਨ ਇੰਦ੍ਰੀਆਂ ਸਮਝਣਾ ਸ਼ੁਰੂ ਕਰ ਦਿੱਤਾ। ਇਹ ਤਾਂ ਤੂੰ ਹੈ ਨਹੀਂ ਪ੍ਰੇਮੀਆਂ। ਜਿਹੜੇ ਅੰਨੇ ਨੇ, ਬੋਲੇ ਨੇ, ਗੂੰਗੇ ਨੇ ਉਹ ਵੀ ਸੰਸਾਰ ਵਿੱਚ ਜੀਉਂਦੇ ਨੇ। ਇਹ ਜਿਹੜੀਆਂ ਇੰਦ੍ਰੀਆਂ ਨੇ ਇਹ ਤਾਂ ਤਰਖਾਣ ਦੇ ਹੱਥ ਵਿੱਚ ਔਜ਼ਾਰ ਨੇ। ਇਹਦੇ ਨਾਲ ਕੰਮ ਕਰਨਾ ਹੈ ਦੇਖ ਕੇ, ਸੁਣ ਕੇ ਇਹ ਤਾਂ ਹਥਿਆਰ ਦਿੱਤੇ ਹੋਏ ਨੇ ਪ੍ਰਮੇਸ਼ਰ ਨੇ ਤੈਨੂੰ। ਇੰਦ੍ਰਿਆਂ ਤੋਂ ਬਗੈਰ ਵੀ ਜਿਹੜੇ ਨੇ ਇਹ ਵੀ ਹੈ, ਜਿਹੜਾ ਸੁਣਨ ਦਾ ਕੰਮ ਹੈ ਇਹ ਕੰਨ ਸੁਣਦੇ ਨੇ, ਕੰਨ ਜਿਹੜੇ ਨੇ ਇਹ ਆਕਾਸ਼ ਦੀ ਅੰਸ ਹੈ। ਕੰਨਾਂ ਦੇ ਅੰਦਰ 1/2 ਅਕਾਸ਼ ਹੈ, 1/8 ਬਾਕੀ ਚਾਰ ਤੱਤ ਨੇ। ਇਸੇ

ਤਰ੍ਹਾਂ ਸਾਰੀਆਂ 25 ਪ੍ਰਕ੍ਰਿਤੀਆਂ ਨੇ ਸਾਰੀਆਂ। ਜਿਹੜੀ ਤੇਰੀ ਰਸਨਾ ਹੈ ਇਹਦੇ ਵਿੱਚ ਪਾਣੀ ਹੈ। ਇਹ ਪਾਣੀ ਕਰਕੇ ਸੁਆਦ ਆਉਂਦਾ ਹੈ। ਜਿਹੜਾ ਤੇਰਾ ਨੱਕ ਹੈ ਇਹ ਮਿੱਟੀ ਦੀ ਅੱਧੀ ਅੰਸ ਹੋਣ ਕਰਕੇ ਇਹਦੇ 'ਚ ਸੁਗੰਧੀ ਆਉਂਦੀ ਹੈ। ਜਿਹੜੀ ਤੇਰੀ ਸਪਰਸ਼ ਦੀ ਸ਼ਕਤੀ ਹੈ, ਉਹ ਅੱਧੀ ਹਵਾ ਹੋਣ ਕਰਕੇ ਉਹਦਾ ਤੈਨੂੰ ਸਪਰਸ਼ ਮਹਿਸੂਸ ਹੁੰਦਾ ਹੈ। ਇਸੇ ਤਰ੍ਹਾਂ ਦੇ ਨਾਲ ਸਾਰੀਆਂ ਇੰਦ੍ਰੀਆਂ ਜਿਹੜੀਆਂ ਤੇਰੀਆਂ ਅੱਖਾਂ ਨੇ ਇਹ ਅਗਨ ਦਾ ਤੱਤ ਇਹਦੇ 'ਚ ਅੱਧਾ ਹੋਣ ਕਰਕੇ ਇਹ ਅੱਖਾਂ ਦਿਸਦੀਆਂ ਨੇ। ਹੁਣ ਤੂੰ ਦੱਸ ਇਨ੍ਹਾਂ ਪੰਜਾਂ ਤੱਤਾਂ 'ਚੋਂ ਕਿਹੜਾ ਤੱਤ ਹੈਂ।

ਚੁੱਪ ਕਰ ਗਿਆ।

ਫੇਰ ਕਹਿਣ ਲੱਗਿਆ, "ਮਹਾਰਾਜ! ਇਹ ਮੈਂ ਸੁਣਦਾ ਹਾਂ ਕਿ ਪ੍ਰਾਣ ਨਿਕਲ ਗਏ।" ਪ੍ਰਾਣ ਨਿਕਲਣ ਨਾਲ ਆਦਮੀ ਮੁਰਦਾ ਹੋ ਜਾਂਦਾ ਹੈ।

ਮਹਾਰਾਜ ਕਹਿੰਦੇ, "ਪ੍ਰਾਣਾਂ ਦਾ ਸੁਭਾਅ ਹੈ ਭੁੱਖ ਲੱਗਣਾ। ਪਾਣੀ ਪੀਣਾ, ਇਹ ਪ੍ਰਾਣਾਂ ਦਾ ਸੁਭਾਅ ਹੋਇਆ ਕਰਦਾ ਹੈ। ਇਹ ਸੁਪਨ, ਸਖੋਪਤ, ਜਾਗ੍ਰਤ ਦੇ ਵਿੱਚ ਪ੍ਰਾਣ ਜਿਹੜੇ ਨੇ ਉਹ ਸਦਾ ਇੱਕ ਰਸ ਨਹੀਂ ਰਹਿੰਦੇ, ਤੂੰ ਇੱਕ ਰਸ ਹੈਂ ਤੇ ਤੂੰ ਫੇਰ ਵਿਚਾਰ ਕਰ ਕਿ ਤੂੰ ਕੌਣ ਹੈਂ। ਫੇਰ ਇਹ ਪਰਲੋਕ ਨੂੰ ਜਾਣ ਵਾਸਤੇ ਘੋੜਾ ਹੈ ਪ੍ਰਾਣ। ਜਦੋਂ ਤੂੰ ਜਾਂਦਾ ਹੈਂ ਉਸ ਵੇਲੇ ਪ੍ਰਾਣ ਘੋੜਾ ਹੁੰਦਾ ਹੈ, ਪ੍ਰਾਣਾਂ ਦੇ ਆਸਰੇ 19 ਤੱਤਾਂ ਦਾ ਸੂਖਸ਼ਮ ਸਰੀਰ ਹੁੰਦਾ ਹੈ, ਪੰਜ ਗਿਆਨ ਇੰਦਰੇ, ਪੰਜ ਕਰਮ ਇੰਦਰੇ, ਮਨ, ਚਿਤ, ਬੁੱਧ, ਹੰਕਾਰਤੇ ਪੰਜ ਪ੍ਰਾਣ। ਇਹ 19 ਚੀਜ਼ਾਂ ਪ੍ਰਾਣ 'ਤੇ ਸਵਾਰੀ ਕਰਕੇ ਪਰਲੋਕ ਨੂੰ ਜਾਂਦੀਆਂ ਨੇ। ਸੋ ਤੂੰ ਹੈਗਾ still.

ਫੇਰ ਕਹਿਣ ਲੱਗਿਆ, ਸੋਚ-ਸੋਚ ਕੇ ਕਿ ਮਹਾਰਾਜ! ਮੈਂ ਫੇਰ ਮਨ ਹਾਂ। ਕਿਉਂਕਿ ਮੈਂ ਇਹ ਕਹਿੰਦਾ ਹਾਂ ਕਿ ਮੈਂ ਦੁਸ਼ਮਣਾਂ ਨੂੰ ਫਤਹਿ ਕਰ ਲਵਾਂ। ਮੈਂ ਆਹ ਨੇਕ ਕੰਮ ਕਰ ਲਵਾਂ। ਮੈਂ ਉਹਨੂੰ ਸਜ਼ਾ ਦੇ ਦੇਵਾਂ। ਫੇਰ ਮਹਾਰਾਜ ਮੈਂ ਇਹ ਹੋਇਆ। ਮਹਾਰਾਜ ਕਹਿੰਦੇ ਇਹ ਤਾਂ ਮਨ ਦਾ ਧਰਮ ਹੈ। ਮਨ ਵਿੱਚ ਵਿਕਾਰ ਨੇ, ਤੇਰੇ ਵਿੱਚ ਕੋਈ ਵਿਕਾਰ ਨਹੀਂ। ਤੂੰ ਜਨਮ ਮਰਨ ਰਹਿਤ ਹੈਂ, ਮਨ ਜਿਹੜਾ ਹੈ ਕਦੇ ਟਿਕਦਾ ਨਹੀਂ, ਤੂੰ ਇੱਕ ਰਸ ਹੈਂ। ਉਸ ਵੇਲੇ ਕਹਿਣ ਲੱਗਿਆ, ਮਹਾਰਾਜ! ਫੇਰ ਮੈਂ ਬੁੱਧੀ ਹੋਵਾਂਗਾ। ਮਹਾਰਾਜ ਕਹਿੰਦੇ, ਜਿਹੜੀ ਬੁੱਧੀ ਹੈ, ਆਹ ਜਿਹੜੇ ਮਾਇਆ ਦੇ ਤਿੰਨ ਗੁਣ ਨੇ, ਰਜੋ ਗੁਣ, ਤਮੋ ਗੁਣ, ਸਤੋ ਗੁਣ; ਤਮੋ ਗੁਣ ਤੋਂ ਤੇਰੇ ਸਥੂਲ ਇੰਦਰੇ ਬਣੇ ਨੇ। ਜਿਹੜੇ ਰਜੋ ਗੁਣ ਨੇ ਇਸ ਤੋਂ ਤੇਰੀਆਂ ਪੰਜ ਗਿਆਨ ਇੰਦ੍ਰੀਆਂ ਬਣੀਆਂ ਨੇ। ਜਿਹੜਾ ਸਤੋ ਗੁਣ ਹੈ ਉਸ ਤੋਂ ਚੁਤਿਸ਼ਟਾ ਅੰਤਸ਼ਕਰਣ, ਤੇਰਾ ਮਨ, ਤੇਰੀ ਬੁੱਧੀ, ਤੇਰਾ ਅੰਤਸ਼ਕਰਣ ਤੇ ਜਿਹੜੀ ਝੂਠੀ ਮੈਂ, ਇਹ ਚਾਰ ਚੀਜ਼ਾਂ ਇਹਦੇ ਸਤੋ ਗੁਣ ਅੰਸ ਤੋਂ ਬਣੀਆਂ ਨੇ। ਸੋ ਇਹ ਜਿਹੜਾ ਸਰੀਰ ਹੈ ਇਹ ਤਾਂ ਹੈਗਾ ਰਥ, ਇੰਦਰੀਆਂ ਇਹਦੇ ਘੋੜੇ ਨੇ, ਜਿਹੜੇ ਪ੍ਰਾਣ ਨੇ ਉਹ ਕਾਠੀ ਪਾਈ ਹੋਈ ਹੈ ਤੇ ਜਿਹੜਾ ਮਨ ਹੈ ਇਹ ਵਾਗਾਂ ਨੇ, ਬੁੱਧੀ ਇਹਦੀ ਡਰਾਈਵਰ ਹੈ ਤੇ ਸਵਾਰ ਕਰਨ ਵਾਲਾ ਜਿਹੜਾ

ਇਹਦੇ ਪਿੱਛੇ ਬੈਠਾ ਹੈ, ਬੱਗੀ ਚਲਾਉਣ ਵਾਲਾ ਹੋਰ ਹੈ ਤੇ ਸਵਾਰ ਜਿਹੜਾ ਹੈ ਉਹ ਹੋਰ ਹੈ ਏਸ ਕਰਕੇ ਤੂੰ ਇਹ ਵੀ ਨਹੀਂ ਹੈਗਾ।

ਉਸ ਵੇਲੇ ਚਰਨੀਂ ਪੈ ਗਿਆ ਤੇ ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਇਸ ਤੋਂ ਅਗਾਂਹਾਂ ਮੇਰੀ ਅਕਲ ਨਹੀਂ ਜਾਂਦੀ। ਤੁਸੀਂ ਆਪ ਕ੍ਰਿਪਾ ਕਰਕੇ ਦੱਸੋ ਮੈਂ ਕੌਣ ਹਾਂ।"

ਮਹਾਰਾਜ ਕਹਿੰਦੇ, ਰਾਇ ਜੀ! ਹੁਣ ਤਾਂ ਬਿਲਕੁਲ ਹੀ ਨੇੜੇ ਜਾ ਰਹੇ ਗੱਲ ਦੇ। ਆਹ ਜਿੰਨੇ ਅਸੀਂ ਬਚਨ ਕਰੇ ਨੇ ਪਹਿਲਾਂ ਇਨ੍ਹਾਂ ਨੂੰ ਹਿਰਦੇ 'ਚ ਵਸਾਓ ਕਿ ਮੈਂ ਸਰੀਰ ਨਹੀਂ ਹਾਂ। ਸਰੀਰ ਦੇ ਜਿੰਨੇ ਸਬੰਧੀ ਨੇ ਉਹ ਸਾਰੇ ਸਰੀਰ ਦੇ ਨੇ, ਸਭ ਝੂਠੇ ਨੇ। ਸਰੀਰ ਛੱਡਣ ਤੋਂ ਬਾਅਦ ਕੋਈ ਨਹੀਂ ਰਿਹਾ ਕਰਦਾ। ਫੇਰ ਤੂੰ ਪੰਜੇ ਇੰਦਰੀਆਂ ਗਿਆਨ ਇੰਦਰੀਆਂ ਤੇ ਕਰਮ ਇੰਦਰੀਆਂ, ਫੇਰ ਤੂੰ ਪ੍ਰਾਣ ਨਹੀਂ ਹੈ, ਮਨ ਨਹੀਂ ਹੈਂ, ਬੁੱਧੀ ਨਹੀਂ ਹੈਂ, ਚਿੱਤ ਨਹੀਂ ਹੈ ਤੇ ਜਿਹੜੀ ਝੂਠੀ ਮੈਂ ਹੈ ਇਹ ਤੂੰ ਗਲਤੀ ਦੇ ਨਾਲ ਆਪਣੇ ਆਪ ਨੂੰ ਮੈਂ ਸਮਝ ਕੇ ਕੰਮ ਕਰ ਰਿਹਾ ਹੈਂ।

ਕਹਿੰਦੇ, ਰਾਇ ਜੀ! ਹੁਣ ਧਿਆਨ ਦੇ, ਇਨ੍ਹਾਂ ਦੇ ਉਤੇ ਜਿਹੜਾ ਹੈ ਸਾਖੀ ਰੂਪ ਦੇ ਵਿੱਚ, ਇਨ੍ਹਾਂ ਸਾਰਿਆਂ ਨੂੰ ਦੇਖਣ ਵਾਲਾ, ਸਾਰਿਆਂ ਨੂੰ ਚਲਾਉਣ ਵਾਲਾ। ਉਹ ਤੇਰਾ ਸਰੂਪ ਹੈ ਤੇ ਓਸ ਸਰੂਪ ਨੂੰ ਜੋਤੀ ਸਰੂਪ ਵੀ ਕਹਿੰਦੇ ਨੇ –

***ਧਾਰਨਾ – ਮਨ ਤੂੰ ਜੋਤ ਸਰੂਪ ਹੈਂ***
***ਆਪਣਾ ਮੂਲ ਪਛਾਣ।***

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਅੰਗ – 441***

ਕਿੱਡੀ ਵੱਡੀ ਬਾਤ ਗੁਰੂ ਗ੍ਰੰਥ ਸਾਹਿਬ ਮਹਾਰਾਜ ਕਹਿ ਰਹੇ ਨੇ ਲੇਕਿਨ ਸਾਡੇ ਭਲੇ ਦੀ ਗੱਲ ਹੋਣ ਦੇ ਬਾਵਜੂਦ ਕੀ ਮਜ਼ਾਲ ਹੈ ਅਸੀਂ ਏਸ ਗੱਲ ਦੇ ਉੱਤੇ ਟਿਕੀਏ। ਕਿਉਂਕਿ ਪੜਦੇ ਬਹੁਤੇ ਪੈ ਗਏ, ਐਨੇ ਕੁ ਬਚਨ ਨਾਲ ਨਹੀਂ ਇਹ ਲਹਿੰਦੇ। ਇਹਦੇ ਵਾਸਤੇ ਕਮਾਈ ਕਰਨੀ ਪੈਂਦੀ ਹੈ, ਜਾਂ ਸਮਰੱਥ ਗੁਰੂ ਹੋਵੇ, ਜਾਂ ਕਮਾਈ ਹੋਵੇ। ਮਹਾਤਮਾ ਦਾ ਕੰਮ ਹੁੰਦਾ ਹੈ ਰਾਹ ਦੱਸਣਾ। ਇੱਥੇ ਪਹੁੰਚਣਾ ਆਪਣਾ ਕੰਮ ਹੁੰਦਾ ਹੈ, ਪੰਜ ਪੜਦੇ ਪਏ ਹੋਏ ਨੇ ਇੱਕ ਸਰੀਰ ਦਾ ਪੜਦਾ ਪੈ ਗਿਆ, ਇੱਕ ਪ੍ਰਾਣਾਂ ਦਾ ਪੈ ਗਿਆ ਤੇ ਇੱਕ ਪੈ ਗਿਆ ਮਨ ਦਾ ਪੜਦਾ। ਇੱਕ ਪੈ ਗਿਆ ਬੁੱਧੀ ਦਾ ਤੇ ਇੱਕ ਅਗਿਆਨ ਦਾ। ਹੁਣ ਪੰਜ ਪੜਦਿਆਂ 'ਚੋਂ ਲੰਘੇ ਕਿਵੇਂ। ਗਲ ਤਾਂ ਅਸੀਂ ਸਾਰਿਆਂ ਨੇ ਸੁਣ ਲਈ। ਕੋਈ ਭਾਗਾਂ ਵਾਲਾ ਬੰਦਾ ਹੁੰਦਾ ਹੈ ਜਿਹਦੇ ਮਨ 'ਚ ਵਸ ਜਾਏਗਾ। ਇੱਕ ਅੱਧਾ ਹੋਇਆ ਕਰਦਾ ਹੈ –

***ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥***

***ਅੰਗ – 1427***

ਜਿਹਦੇ ਹਿਰਦੇ 'ਚ ਵਸ ਗਈ ਉਹਨੂੰ ਹੁਣੇ ਗਿਆਨ ਹੋ ਜਾਏਗਾ ਦੇਰ ਨਹੀਂ ਲਗਦੀ ਪਰ ਤਾਂ ਹੁੰਦਾ ਹੈ ਜੇ ਪੰਜ ਪੜਦੇ ਉਹਨੇ ਤੋੜੇ ਹੋਣ ਪਹਿਲਾਂ। ਪੰਜਵਾਂ ਪੜਦਾ ਤੋੜਿਆ ਜਾਂਦਾ ਹੈ ਏਸੇ ਬਚਨ ਨਾਲ। ਪਹਿਲਾ

ਜਿਹੜਾ ਹੈ ਜਿਹਨੂੰ ਅੰਨਮਯ ਕੋਸ਼ ਕਹਿੰਦੇ ਨੇ, ਉਹਦਾ ਅਭਿਆਸ ਹੋਰ ਹੈ; ਪ੍ਰਾਣਮਯ ਦਾ ਹੋਰ ਹੈ, ਮਨੋਮਯ ਦਾ ਹੋਰ ਹੈ, ਵਿਗਿਆਨਮਯ ਦਾ ਹੋਰ ਹੈ, ਅਗਿਆਨ ਦਾ ਹੋਰ ਹੈ। ਸੋ ਜਦੋਂ ਪੰਜ ਪੜਦੇ ਤੋੜ ਕੇ ਆਦਮੀ ਦੀ ਬਿਰਤੀ ਜਦੋਂ ਇੱਥੇ ਟਿਕ ਜਾਂਦੀ ਹੈ, ਆਪਣੇ ਸਰੂਪ ਨੂੰ ਸਮਝ ਜਾਂਦਾ ਹੈ, ਫੇਰ ਉਹ ਡੋਲ੍ਹਦਾ ਨਹੀਂ ਕਿਸੇ ਗੱਲ ਤੋਂ। ਕਿਉਂਕਿ ਉਹਨੂੰ ਪਤਾ ਹੈ ਕਿ ਜੰਮਦਾ ਮਰਦਾ ਹੈ ਹੀ ਨਹੀਂ ਇੱਥੇ ਕੁਛ। ਇਹ ਤਾਂ ਸਭ ਅਗਿਆਨ ਜੰਮਦਾ ਹੈ, ਅਗਿਆਨ ਮਰਦਾ ਹੈ, ਹਉਮੈ ਨੂੰ ਜੰਮਣ ਮਰਨ ਹੈ -

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥ ਅੰਗ - 466***

ਬਾਰ-ਬਾਰ ਹਉਮੈ ਮਰੇਗੀ, ਬਾਰ-ਬਾਰ ਜੰਮੇਗੀ। ਸੋ ਇੱਥੇ ਗੁਰੂ ਸਾਨੂੰ ਪਹੁੰਚਾਉਂਦਾ ਹੈ ਕਿ ਤੂੰ ਆਪਣੇ ਸਰੂਪ ਨੂੰ ਪਛਾਣ, ਨਾ ਤੂੰ ਕਦੇ ਜੰਮਦਾ ਹੈ, ਨਾ ਤੂੰ ਕਦੇ ਮਰਦਾ ਹੈਂ। ਨਾ ਤੈਨੂੰ ਦੁੱਖ ਹੁੰਦਾ ਹੈ, ਤੂੰ ਤਾਂ ਇੱਕ ਰਸ ਹੈਂ। ਤੇਰੀ ਸੱਤਾ ਦੇ ਨਾਲ ਸਰੀਰ ਚੱਲ ਰਿਹਾ ਹੈ, ਤੂੰ ਗਲਤੀ ਦੇ ਨਾਲ ਮਸ਼ੀਨ ਨੂੰ ਆਪਣਾ ਆਪ ਕਰ ਰਿਹਾ ਹੈਂ। ਜਿਵੇਂ ਕੋਈ ਬੰਦਾ ਕਾਰ ਚਲਾ ਰਿਹਾ ਹੈ, ਡਰਾਈਵਰ ਚਲਾ ਰਿਹਾ ਹੈ ਕਾਰ ਤੇ ਪਿਛਲੀ ਸੀਟ 'ਤੇ ਬੈਠਾ ਕਹੀ ਜਾਵੇ ਕਿ ਮੈਂ ਕਾਰ ਹਾਂ, ਮੈਨੂੰ ਹੌਲੀ ਚਲਾ, ਮੈਂ ਟੋਏ 'ਚ ਨਾ ਸੁੱਟ। ਡਰਾਈਵਰ ਵੀ ਹੈਰਾਨ ਹੋ ਜਾਏਗਾ ਕਿ ਇਹ ਮਾਲਕ ਨੇ ਸ਼ਰਾਬ ਪੀਤੀ ਹੋਈ ਹੈ, ਨਸ਼ਾ ਕੀਤਾ ਹੋਇਆ ਹੈ? ਤੂੰ ਆਰਾਮ ਨਾਲ ਬੈਠਾ ਹੈਂ, ਮੈਂ ਗੱਡੀ ਚਲਾ ਰਿਹਾ ਹਾਂ। ਏਸੇ ਤਰ੍ਹਾਂ ਬੁੱਧੀ ਏਸ ਗੱਡੀ ਨੂੰ ਚਲਾ ਰਹੀ ਹੈ ਸਰੀਰ ਨੂੰ। ਮਨ ਵਾਗਾਂ ਨੇ, ਤਾਰਾਂ ਨੇ ਇਹਦੀਆਂ ਤੇ ਜਿਹੜੇ ਪ੍ਰਾਣ ਨੇ ਉਹ ਇੰਜਣ ਹੈ ਤੇ ਬਾਕੀ ਜਿਹੜਾ ਸਰੀਰ ਹੈ ਉਹ ਬਾਹਰਲੀ body (ਸਰੀਰ) ਹੈ। ਆਪਾਂ ਇਹਦੇ ਵਿੱਚ ਸਫਰ ਕਰਨ ਵਾਲੇ ਹਾਂ, ਆਰਾਮ ਨਾਲ ਬੈਠੇ ਦੁਨੀਆ ਦੇਖਦੇ ਹਾਂ, ਚੰਗਾ ਵੀ ਹੁੰਦਾ ਹੈ, ਮਾੜਾ ਵੀ ਹੁੰਦਾ ਹੈ ਤੇ ਸਾਡੀ ਕਦੇ ਮੌਤ ਨਹੀਂ ਹੁੰਦੀ, ਕਦੇ ਵੀ ਨਹੀਂ ਇਹ ਮਰਿਆ ਕਰਦਾ। ਨਾ ਇਹ ਸਰੀਰ ਬਦਲਦਾ ਹੈ, ਇਹ ਤਾਂ ਇਵੇਂ ਜਿਵੇਂ ਸਾਖੀ ਰਹਿੰਦਾ ਹੈ ਹਰ ਵਕਤ। ਸੱਤਾ ਦੇਈ ਜਾਂਦਾ ਹੈ। ਅਗਿਆਨ ਸਰੀਰ ਬਦਲ ਦਿੰਦਾ ਹੈ। ਅਗਿਆਨ ਨੂੰ ਜੰਮਣਾ ਹੈ, ਅਗਿਆਨ ਨੂੰ ਮਰਨਾ ਹੈ, ਸੋ ਜਦੋਂ ਤੱਕ ਆਦਮੀ ਅਗਿਆਨ 'ਚ ਹੈ ਉਹਨੂੰ ਮਾਇਆ ਕਹਿੰਦੇ ਨੇ -

***ਬਾਬਾ ਮਾਇਆ ਸਾਥਿ ਨ ਹੋਇ ॥***
***ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥***
***ਅੰਗ - 595***

ਜਦੋਂ ਮਾਇਆ ਦਾ ਪੜਦਾ ਉਤਰ ਗਿਆ, ਫੇਰ ਕੀ ਹੁੰਦਾ ਹੈ? -

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥***
***ਅਨਲ ਅਗਮ ਜੈਸੇ ਲਹਰਿ ਮਇ ਓਦਧਿ***
***ਜਲ ਕੇਵਲ ਜਲ ਮਾਂਹੀ ॥ ਅੰਗ - 657***

ਜਿੰਨਾਂ ਚਿਰ ਮਾਇਆ ਦਾ ਪੜਦਾ ਤੇ ਮੈਂ ਆਪਣੇ ਆਪ ਨੂੰ, ਝੂਠੀ ਮੈਂ ਕਹਿੰਦਾ ਹਾਂ, ਓਨਾਂ ਚਿਰ ਵਾਹਿਗੁਰੂ ਨਹੀਂ। ਹੁਣ ਵਾਹਿਗੁਰੂ ਕਿੱਥੇ

ਰਹਿ ਗਿਆ। ਸਰੀਰ ਵਿੱਚ ਰਹਿੰਦਾ ਹੈ –

***ਧਨ ਪਿਰ ਕਾ ਇਕ ਹੀ ਸੰਗਿ ਵਾਸਾ.......॥ ਅੰਗ – 1263***

ਆਹ ਜਿਹੜਾ ਮੈਂ ਕਿਹਾ ਹੈ ਮਹਾਰਾਜ ਨੇ, ਸਰੂਪ ਸਮਝਾਇਆ ਉਹਨੂੰ। ਕਹਿੰਦੇ, ਲੈ ਰਾਇ ਬੁਲਾਰ! ਤੈਨੂੰ ਅਗਲੀ ਗੱਲ ਵੀ ਦੱਸ ਦਿੰਦੇ ਹਾਂ। ਉਹ ਇਹ ਹੈ ਕਿ –

***ਮਨ ਮਹਿ ਆਪਿ ਮਨ ਅਪੁਨੇ ਮਾਹਿ ॥ ਅੰਗ – 279***

ਆਹ ਜਿਹੜਾ ਤੂੰ ਹੈਂ ਨਾ, ਤੂੰ ਉਹਦੇ ਵਿੱਚ ਹੈ ਉਹ ਤੇਰੇ ਵਿੱਚ ਹੈ, ਤੁਸੀਂ ਦੋਵੇਂ ਓਤ ਪੋਤ ਹੋਏ ਹੋਏ ਓਂ। ਸਿਰਫ ਪੜਦਾ ਇੱਕ ਕੰਮ ਰਹਿ ਗਿਆ ਉਹ ਗੁਰੂ ਦੇ ਹੱਥ 'ਚ ਹੁੰਦਾ ਹੈ, ਉਹ ਹੈਗਾ ਪਿਆਰ ਦੀ ਖੇਡ ਤੇ ਗੁਰੂ ਦੇ ਹੱਥ ਵਿੱਚ ਇਹ ਹੈ ਕਿ–

***ਨਾਨਕ ਨਦਰੀ ਨਦਰਿ ਨਿਹਾਲ ॥ ਅੰਗ – 8***

ਨਦਰ ਕਰ ਦਿੱਤੀ, ਨਦਰ ਦੇ ਨਾਲ ਨਿਹਾਲ ਕਰਕੇ ਪੜਦਾ ਤੋੜ ਕੇ –

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥***
***ਅੰਗ – 1375***

ਤੂੰ ਬਣ ਗਿਆ, ਮੈਂ ਖਤਮ ਹੋ ਗਈ। ਇਹ ਮਹਾਰਾਜ ਤੂੰ ਹੀ ਬਣਾ ਰਹੇ ਸੀ ਉਹਨੂੰ –

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥***
***ਅਨਲ ਅਗਮ ਜੈਸੇ ਲਹਰਿ ਮਇ ਓਦਧਿ***
***ਜਲ ਕੇਵਲ ਜਲ ਮਾਂਹੀ ॥ ਅੰਗ – 657***

ਪਾਣੀ ਦੇ ਵਿਚੋਂ ਲਹਿਰ ਉੱਠੀ ਹੈ, ਉਹ ਪਾਣੀ ਤੋਂ ਬਾਹਰ ਤਾਂ ਹੈ ਨਹੀਂ, ਪਾਣੀ ਦੇ ਵਿੱਚ ਹੀ ਹੈ।

***ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥***
***ਜੈਸਾ ਮਾਨੀਐ ਹੋਇ ਨ ਤੈਸਾ ॥ ਅੰਗ – 657***

ਜਿਹੋ ਜਿਹਾ ਅਸੀਂ ਮੰਨ ਰਹੇ ਹਾਂ, ਕਹਿੰਦੇ ਐਹੋ ਜਿਹਾ ਤਾਂ ਹੈ ਹੀ ਨਹੀਂ। ਐਡਾ ਭਰਮ ਪੈ ਗਿਆ ਇਸ ਭਰਮ ਦੇ ਵਿੱਚੋਂ ਅਸੀਂ ਨਿਕਲਦੇ ਨਹੀਂ, ਜੰਮਣਾ ਮਰਨਾ ਤਾਂ ਸਾਨੂੰ ਕਬੂਲ ਹੈ, ਕੁੱਤੇ ਬਿੱਲੇ ਬਣਨਾ ਕਬੂਲ ਹੈ ਲੇਕਿਨ ਭਰਮ 'ਚੋਂ ਨਿਕਲਣਾ ਕਬੂਲ ਨਹੀਂ। ਭਰਮ 'ਚੋਂ ਨਿਕਲਣ ਦਾ ਅਸੀਂ ਕੋਈ ਯਤਨ ਨਹੀਂ ਕਰਦੇ ਕਿ ਸਦਾ ਵਾਸਤੇ ਅਸੀਂ ਅਮਰ ਦੇਸ ਵਿੱਚ ਪਹੁੰਚ ਕੇ ਅਮਰ ਜੀਵਨ ਸਾਨੂੰ ਪ੍ਰਾਪਤ ਹੋਇਆ ਹੈ। ਅਮਰ ਜੀਵਨ ਕੀ ਹੈ, ਪ੍ਰਮੇਸ਼ਰ ਦਾ ਹੀ ਰੂਪ ਹੋ ਜਾਂਦਾ ਹੈ, ਬਾਹਰ ਨਹੀਂ ਰਿਹਾ ਕਰਦਾ –

***ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ ॥***
***ਅੰਗ – 1369***

ਸੋ ਉਸ ਵੇਲੇ ਕਹਿੰਦੇ ਕਿੱਡਾ ਭਰਮ ਹੈ -

***ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥***
***ਜੈਸਾ ਮਾਨੀਐ ਹੋਇ ਨ ਤੈਸਾ ॥ 1 ॥ ਰਹਾਉ ॥***
***ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥***
***ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥***

***ਅੰਗ - 658***

ਰਾਜ ਹੈਗਾ, ਸੁਪਨੇ 'ਚ ਵਿਛੜ ਕੇ ਦੁੱਖ ਪਾਉਂਦਾ ਹੈ। ਲੇਕਿਨ ਜਦ ਗੁਰੂ ਨੇ ਕ੍ਰਿਪਾ ਕਰਕੇ ਸਰੂਪ ਦਿਖਾ ਦਿੱਤਾ, ਉਸ ਵੇਲੇ ਸਮਝ ਆ ਗਈ -

***ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ***
***ਅਬ ਕਛੁ ਮਰਮੁ ਜਨਾਇਆ ॥*** ***ਅੰਗ - 658***

ਹਨ੍ਹੇਰੇ 'ਚ ਰੱਸੀ ਪਈ ਸੀ, ਵਲ ਖਾਧੇ ਹੋਏ ਸੀ ਤੇ ਅੱਖਾਂ ਬੰਦ ਕਰਕੇ ਸੱਪ ਕਹਿ ਕੇ ਅੰਦਰ ਜਾ ਵੜੇ। ਨਿਕਲੇ ਹੀ ਨਹੀਂ ਬਾਹਰ, ਜਦੋਂ ਦਿਨ ਚੜ੍ਹ ਗਿਆ, ਹੈਰਾਨ ਹੋ ਗਏ ਕਿ ਸੱਪ ਤਾਂ ਨਹੀਂ ਸੀ ਐਵੇਂ ਹੀ ਡਰਦਿਆਂ ਨੇ ਸਾਹ ਸੁਕਾਇਆ, ਇਹ ਤਾਂ ਰੱਸੀ ਹੀ ਪਈ ਸੀ। ਕਹਿੰਦੇ, ਸਾਨੂੰ ਹੁਣ ਪਤਾ ਲੱਗ ਗਿਆ ਕਿ ਆਹ ਜਿਹੜਾ ਸੰਸਾਰ ਹੈ ਇਹਦੇ ਵਿੱਚ ਸੰਸਾਰ ਨਾਮ ਦੀ ਕੋਈ ਚੀਜ਼ ਹੀ ਨਹੀਂ ਹੋਈ, ਇਹ ਤਾਂ ਵਾਹਿਗੁਰੂ ਆਪੇ ਹੀ ਆਪਣੇ ਰੰਗ ਦਿਖਾ ਰਿਹਾ ਹੈ। ਅਨੇਕ ਰੰਗਾਂ 'ਚੋਂ ਹੋ ਕੇ ਖੇਲ੍ਹ ਰਿਹਾ ਹੈ।

***ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,***
***ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥***
***ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,***
***ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥***
***ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,***
***ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥***
***ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,***
***ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥***

***ਤ੍ਵਪ੍ਰਸਾਦਿ ਕਬਿੱਤ***

ਇਹ ਤਾਂ ਸਾਰਿਆਂ ਰੰਗਾਂ 'ਚ ਆਪੇ ਹੀ ਖੇਡਦਾ ਹੈ। ਕਹਿੰਦੇ, ਭਰਮ ਜਾਂਦਾ ਰਿਹਾ - ***'ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥ ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥' (ਅੰਗ - 658)***

ਸੋਨੇ ਦੇ ਗਹਿਣੇ ਦੇਖ ਕੇ ਅਸੀਂ ਭੁੱਲ ਗਏ ਕਿ ਆਹ ਨੱਥ ਹੈ, ਮਛਲੀ ਹੈ, ਗਲ ਦਾ ਹਾਰ ਹੈ, ਆਹ ਚੂੜੀਆਂ ਨੇ ਤੇ ਆਹ ਕਾਂਟੇ ਨੇ। ਲੇਕਿਨ ਹੈਰਾਨੀ ਹੋਈ ਇਹ ਤਾਂ ਸੋਨਾ ਇੱਕੋ ਹੀ ਸੀਗਾ ਸਾਰਾ। ਰੂਪ ਹੀ ਧਾਰੇ ਹੋਏ ਸੀ ਅੱਡ-ਅੱਡ। ਸੋ ਇਸ ਤਰ੍ਹਾਂ ਦੇ ਨਾਲ -

***ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ ॥***

***ਅੰਗ - 658***

ਸਾਰਿਆਂ ਦੇ ਅੰਦਰ ਓਹੀ ਵਾਹਿਗੁਰੂ ਹੈ, ਗੁਰੂ ਨਾਨਕ ਪਾਤਸ਼ਾਹ ਨੇ ਸਰੂਪ ਦਿਖਾਉਂਦਿਆਂ-ਦਿਖਾਉਂਦਿਆਂ ਨੇ ਅਸਲੀ ਸਰੂਪ ਦਿਖਾ ਦਿੱਤਾ। ਵਾਹਿਗੁਰੂ ਹੀ ਦਿਖਾ ਦਿੱਤਾ -

***ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥***

***ਅੰਗ - 658***

ਹੱਥ ਨਾਲੋਂ ਵੀ ਨੇੜੇ ਹੈ ਕਹਿੰਦੇ। ਰੱਬ ਤਾਂ ਬਹੁਤਾ ਹੀ ਨੇੜੇ ਹੈ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਸਰੂਪ ਦੇ ਦਰਸ਼ਨ ਕਰਾਏ, ਹੁਣ ਠਹਿਰ ਨਹੀਂ ਸਕਦੀ ਸੀ ਉਥੇ ਬਿਰਤੀ, ਬਿਰਤੀ ਓਸ ਥਾਂ 'ਤੇ ਬੰਨ੍ਹਣ ਵਾਸਤੇ ਜੁਗ ਬੀਤ ਜਾਂਦੇ ਨੇ, ਜਨਮਾਂ ਦੇ ਜਨਮ ਬੀਤ ਜਾਂਦੇ ਨੇ, ਲੇਕਿਨ ਇੱਥੇ ਬਿਰਤੀ ਬੰਨ੍ਹ ਨਹੀਂ ਹੁੰਦੀ। ਥੱਲੇ ਉਤਰਦੀ ਹੈ ਬਾਰ-ਬਾਰ। ਸੋ ਗੁਰੂ ਨਾਨਕ ਪਾਤਸ਼ਾਹ ਨੇ ਕਰੀ ਕ੍ਰਿਪਾ, ਕਹਿੰਦੇ ਹੋ ਸਾਵਧਾਨ! ਸਾਵਧਾਨ ਹੋ ਗਿਆ, ਕਹਿੰਦੇ ਕਹੋ ਵਾਹਿਗੁਰੂ। ਵਾਹਿਗੁਰੂ ਕਹਿਣ ਦੀ ਦੇਰ ਸੀ ਰੋਮ-ਰੋਮ 'ਚ ਵਾਹਿਗੁਰੂ, ਮਸਤਕ ਵਿੱਚ ਵਾਹਿਗੁਰੂ, ਬਜਰ ਕਪਾਟ ਖੁਲ੍ਹ ਗਏ, ਨੇਤਰਾਂ ਦੇ ਛੌੜ ਕੱਟ ਗਏ, ਜਿਧਰ ਦੇਖਦਾ ਹੈ ਤੂੰਹੀ ਤੂੰ, ਹੋਰ ਨਜ਼ਰ ਨਹੀਂ ਆਉਂਦਾ। ਚੌਂਕੜਾ ਮਾਰ ਕੇ ਬੈਠ ਗਿਆ, ਘੰਟਿਆਂ ਬੱਧੀ ਬੈਠਾ ਹੈ। ਮਹਾਰਾਜ ਜੀ ਨੇ ਫੇਰ ਸਾਵਧਾਨ ਕਰਿਆ, ਕਹਿੰਦੇ ਲੈ ਰਾਇ ਸਾਹਿਬ! ਹੁਣ ਅਸੀਂ ਜਾਂਦੇ ਹਾਂ ਤੇ ਹੋਰ ਸੰਸਾਰ ਵਲੋਂ ਥਾਂ-ਥਾਂ 'ਤੇ ਸਾਡਾ ਇੰਤਜ਼ਾਰ ਹੋ ਰਿਹਾ ਹੈ। ਹੁਣ ਤੂੰ ਇਸ ਦਾ ਅਭਿਆਸ ਕਰ ਤੇ ਆਪਣਾ ਜੀਵਨ ਸਫਲ ਕਰ। ਥੋੜ੍ਹੇ ਜਿਹੇ ਦਿਨ ਤੇਰੇ ਹੋਰ ਰਹਿੰਦੇ ਨੇ, ਉਸ ਤੋਂ ਬਾਅਦ ਜਿਸ ਲੋਕ ਵਿੱਚ ਅਸੀਂ ਜਾਣਾ ਹੈ ਉਥੇ ਹੀ ਤੂੰ ਜਾਣਾ ਹੈ, ਉਥੇ ਆਪਾਂ ਆਪਸ ਵਿੱਚ ਮਿਲ ਲਵਾਂਗੇ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਸਾਰੇ ਪ੍ਰੇਮੀ ਅਨੰਦ ਸਾਹਿਬ ਵਿੱਚ ਬੋਲੋ।

ਗੁਰ ਸਤੋਤਰ, ਅਰਦਾਸ, ਹੁਕਮਨਾਮਾ।

(ਫਿਲਮ ਨੰ. 221)

# 5

# ਜੇ ਕੋ ਬਚਨ ਕਮਾਵੈ ਸੰਤਨ ਕਾ

ਸ਼ਾਨ..............................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,*
*ਮੈਂ ਕਿਛU ਨਾਹੀ-ਮੈਂ ਕਿਛੁ ਨਾਹੀ।*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ 1 ॥ ਰਹਾਉ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥ 1 ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥ ਅੰਗ - 827*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ

ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ। ਮਹਾਰਾਜ ਨੇ ਬੜਾ ਹੀ ਸੁਭਾਗ ਸਮਾਂ ਆਪਾਂ ਨੂੰ ਹਰੀ ਜਸ ਕਰਨ ਦਾ ਅਤੇ ਮਿਲ ਬੈਠਣ ਦਾ, ਬਖਸ਼ਿਆ ਹੈ। ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ ਧਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਬੁੱਧੀ ਦੇ ਨਾਲ ਵਿਚਾਰੋ। ਇਸ ਤਰ੍ਹਾਂ ਜਦੋਂ ਅਸੀਂ ਕਰਾਂਗੇ, ਮਹਾਰਾਜ ਦਾ ਫੁਰਮਾਨ ਹੈ -

***ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥***
***ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ ॥***

***ਅੰਗ - 631***

ਕੰਨਾਂ ਦੇ ਨਾਲ ਸੁਣੋ ਤੇ ਰਸਨਾ ਦੇ ਨਾਲ ਗਾਓ -

***ਕਰਿ ਸਾਧਸੰਗਤਿ ਸਿਮਰੁ ਮਾਧੋ ..............॥ ਅੰਗ - 631***

ਇਸ ਤਰ੍ਹਾਂ ਦੇ ਨਾਲ ਜਦੋਂ ਤੂੰ ਸੰਗਤ ਕਰੇਂਗਾ, ਪ੍ਰਮੇਸ਼ਰ ਦਾ ਧਿਆਨ ਧਰੇਂਗਾ ਮਨ ਵਿੱਚ। ਹੋਵੇਗਾ ਕੀ? ਸਾਰੇ ਪਾਪਾਂ ਦਾ ਨਾਸ਼ ਹੋ ਜਾਵੇਗਾ ਤੇ ਪਤਿਤ ਤੋਂ ਪਵਿੱਤਰ ਹੋ ਜਾਏਂਗਾ। ਸੋ ਇਸ ਕਰਕੇ ਜਿੰਨਾਂ ਵੀ ਆਪਾਂ ਨੂੰ ਥੋੜ੍ਹਾ ਜਿਹਾ ਸਮਾਂ ਮਿਲਿਆ ਹੈ, ਪੂਰੀ ਵਿਧੀ ਦੇ ਨਾਲ ਸਤਿਸੰਗ ਕਰਨ ਦਾ ਯਤਨ ਕਰੋ -

***ਧਾਰਨਾ - ਕੰਨੀ ਸੁਣੀਏ ਗੁਰਾਂ ਦੀ ਬਾਣੀ,***
***ਜਿਹਭਾ ਨਾਲ ਨਾਮ ਜਪੀਏ।***

***ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥***

***ਅੰਗ - 631***

ਏਸ ਤਰ੍ਹਾਂ ਜਦੋਂ ਸੰਗਤ ਕਰੋਂਗੇ, ਉਸ ਵੇਲੇ ਜੋ ਜਨਮਾਂ-ਜਨਮਾਂ ਦੀ ਮੈਲ ਲੱਗੀ ਹੋਈ ਹੈ ਉਹ ਲਹਿ ਜਾਏਗੀ ਤੇ ਪਵਿੱਤਰ ਹੋ ਜਾਏਗਾ। ਸੋ ਏਸ ਕਰਕੇ ਜੋ ਆਪਾਂ ਨੂੰ ਥੋੜ੍ਹਾ ਜਿਹਾ ਸਮਾਂ ਮਿਲਿਆ ਹੈ ਇਹਦੇ ਵਿੱਚ ਚਿੱਤ ਬਿਰਤੀਆਂ ਇਕਾਗਰ ਕਰੋ ਜੋ ਬਚਨ ਆਪਾਂ ਨੂੰ ਗੁਰੂ ਮਹਾਰਾਜ ਦਸਦੇ ਨੇ ਉਨ੍ਹਾਂ ਨੂੰ ਦਿਲ ਦੇ ਅੰਦਰ ਧਾਰੋ, ਜਦੋਂ ਧਾਰਾਂਗੇ ਫੇਰ ਸਾਡਾ ਏਥੇ ਆਉਣਾ ਸਫਲ ਹੋ ਜਾਂਦਾ ਹੈ ਤੇ ਸਤਿਸੰਗ ਦਾ ਪੂਰਾ-ਪੂਰਾ ਫਲ ਪ੍ਰਾਪਤ ਹੁੰਦਾ ਹੈ ਕਿਉਂਕਿ ਸਮੇਂ ਦਾ ਨਹੀਂ ਪਤਾ ਸਾਧਸੰਗਤ ਜੀ! ਕੋਈ ਨਹੀਂ ਕਹਿ ਸਕਦਾ ਕਿ ਕੱਲ੍ਹ ਦਾ ਦਿਨ ਜਾਂ ਇੱਕ ਘੜੀ ਬਾਅਦ ਕੀ ਹੋਣ ਵਾਲਾ ਹੈ। ਮਹਾਰਾਜ ਕਹਿੰਦੇ -

***ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥***

***ਅੰਗ- 631***

ਰੋਜ਼ ਹੀ ਦੇਖਦੇ ਹਾਂ ਕਿ ਕੀ ਹੋ ਜਾਂਦਾ ਹੈ। ਬੱਸ ਲੰਘ ਰਹੀ ਸੀ ਬੱਚਿਆਂ ਨੂੰ ਕੋਈ ਪਤਾ ਨਹੀਂ ਸੀ, 30-40 ਬੱਚੇ ਉੱਥੇ ਹੀ ਚੜ੍ਹਾਈ ਕਰ ਗਏ, ਗੱਡੀ ਵਿੱਚ ਲੱਗੀ ਆ ਕੇ। ਕੋਈ ਪਤਾ ਸੀ ਇੱਕ ਸਕਿੰਟ ਪਹਿਲਾਂ ਕਿ ਆਹ ਭਾਣਾ ਵਰਤ ਜਾਣਾ ਹੈ? ਰੋਜ਼ ਹੀ ਇਸੇ ਤਰ੍ਹਾਂ ਹੁੰਦਾ ਹੈ ਦੁਨੀਆਂ ਦੇ ਅੰਦਰ। ਹੱਸਦੇ-ਹੱਸਦੇ ਜਾਂਦਾ ਹੈ ਸੰਸਾਰ। ਰੋਣਾ ਗਲ ਪੈ ਜਾਂਦਾ ਹੈ। ਮਹਾਰਾਜ ਕਹਿੰਦੇ-

***ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥***

***ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ ॥***
***ਅੰਗ- 631***

ਸਮਝ ਲੈ ਚਿੱਤ ਵਿੱਚ ਇਹ ਗੱਲ ਕਿ ਸਮੇਂ ਦਾ ਨਹੀਂ ਕੁਛ ਪਤਾ ਹੋਇਆ ਕਰਦਾ –

***ਧਾਰਨਾ – ਤੇਰੇ ਕਾਲ ਨੇ ਗੁਲੇਲਾ ਮਾਰਨੈ,***
***ਚੋਗਾ ਚੁਗਦੇ ਦੇ।***

ਸਮੇਂ ਦਾ ਕੋਈ ਪਤਾ ਨਹੀਂ ਹੈ –

***ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥***
***ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥***
***ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥***
***ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥***
***ਅੰਗ – 1383***

***ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥***
***ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥***
***ਅੰਗ – 254***

ਫੇਰ ਕਰਿਆ ਕੀ ਜਾਵੇ? ਮਹਾਰਾਜ ਕਹਿੰਦੇ, ਤੂੰ ਤਾਂ ਗਲਤ ਗੱਲਾਂ 'ਚ ਪੈ ਗਿਆ ਪ੍ਰੇਮੀਆਂ। ਇੱਥੇ ਤਾਂ ਤੂੰ ਆਇਆ ਸੀ, ਬੜੀਆਂ ਜੂਨਾਂ 'ਚੋਂ ਲੰਘ ਕੇ, ਬੜੀ ਮੁਸ਼ਕਲ ਦੇ ਨਾਲ ਤੈਨੂੰ ਮਾਨਸ ਦੇਹ ਪ੍ਰਾਪਤ ਹੋਈ। ਬੜੇ ਜਨਮਾਂ ਦੇ ਵਿਚੀਂ ਲੰਘਿਆ –

***ਕਈ ਜਨਮ ਭਏ ਕੀਟ ਪਤੰਗਾ ॥***
***ਕਈ ਜਨਮ ਗਜ ਮੀਨ ਕੁਰੰਗਾ ॥***
***ਕਈ ਜਨਮ ਪੰਖੀ ਸਰਪ ਹੋਇਓ ॥***
***ਕਈ ਜਨਮ ਹੈਵਰ ਬ੍ਰਿਖ ਜੋਇਓ ॥***
***ਮਿਲੁ ਜਗਦੀਸ ਮਿਲਨ ਕੀ ਬਰੀਆ ॥***
***ਚਿਰੰਕਾਲ ਇਹ ਦੇਹ ਸੰਜਰੀਆ ॥*** ***ਅੰਗ – 176***

ਏਸ ਦੇਹੀ ਦੀ ਕਦਰ ਕਰ, ਨਰ ਨਾਰਾਇਣੀ ਦੇਹ ਕਹਿੰਦੇ ਨੇ। ਸਾਰੀ ਜਿੰਨੀ ਪ੍ਰਮੇਸ਼ਰ ਦੀ ਕੁਦਰਤ ਹੈ, ਇਹਦੇ ਵਿਚੋਂ ਇੱਕ ਇਹ ਜਿਹੜੀ ਦੇਹ ਹੈ ਇਹਨੂੰ ਪਵਿੱਤਰ ਦੇਹ ਗਿਣਿਆ ਗਿਆ ਹੈ ਤੇ ਪਵਿੱਤਰ ਕਿਉਂ ਹੈ ਕਿਉਂਕਿ ਇਹਦੇ ਵਿੱਚ ਵਾਹਿਗੁਰੂ ਪ੍ਰਗਟ ਹੋ ਜਾਂਦਾ ਹੈ, ਹੋਰ ਦੇਹਾਂ 'ਚ ਪ੍ਰਗਟ ਨਹੀਂ ਹੁੰਦਾ। ਮਹਾਰਾਜ ਕਹਿੰਦੇ ਇਹ ਤੇਰੀ ਵਾਰੀ ਆ ਗਈ –

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*** ***ਅੰਗ – 12***

ਵਾਰੀ ਸੰਭਾਲ ਪਿਆਰਿਆ! ਜੇ ਕਹਿੰਦੇ ਵਾਰੀ ਨਹੀਂ ਸੰਭਾਲਦਾ, ਤੇਰੀ ਵਾਰੀ ਨੇ ਲੰਘ ਜਾਣਾ ਹੈ। ਸਮਾਂ ਰੋਕਿਆ ਨਹੀਂ ਰੁਕਿਆ ਕਰਦਾ, ਬਾਕੀ ਜਿਹੜੇ ਕੰਮਾਂ 'ਚ ਪਿਆ ਹੋਇਆ ਹੈਂ ਉਹ ਨਹੀਂ ਕਿਸੇ ਕੰਮ 'ਚ ਆਉਂਦੇ। ਸੇਵਾ ਕਰ ਲੈ, ਸਿਮਰਨ ਕਰ ਲੈ, ਇਹਦੇ ਨਾਲ ਤੇਰਾ ਜਿਹੜਾ ਸਮਾਂ ਹੈ ਉਹ ਲੇਖੇ ਵਿੱਚ ਲੱਗੇਗਾ ਤੇ ਵਾਹਿਗੁਰੂ ਨੂੰ ਮਿਲਣ ਦਾ ਯਤਨ

ਕਰ।

ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਦੇ ਪਾਸ ਬਹੁਤ ਸਾਰੇ ਪ੍ਰੇਮੀ ਆਏ, ਕਹਿਣ ਲੱਗੇ, ''ਸੱਚੇ ਪਾਤਸ਼ਾਹ! ਆਪ ਜੀ ਦੇ ਜਦੋਂ ਅਸੀਂ ਬਚਨ ਸੁਣਦੇ ਹਾਂ ਕਿ ਮਨੁੱਖਾ ਦੇਹ ਬੜੀ ਮੁਸ਼ਕਲ ਨਾਲ ਪ੍ਰਾਪਤ ਹੋਈ ਹੈ, ਇਹ ਵੀ ਸੁਣਦੇ ਹਾਂ ਕਿ ਵਾਹਿਗੁਰੂ ਨੂੰ ਮਿਲਣ ਵਾਸਤੇ ਪ੍ਰਾਪਤ ਹੋਈ ਹੈ। ਅਸੀਂ ਵੀ ਸੁਣਦੇ ਹਾਂ ਪਰ ਸਾਨੂੰ ਇਹ ਨਹੀਂ ਪਤਾ ਲਗਦਾ ਕਿ ਰੱਬ ਰਹਿੰਦਾ ਕਿੱਥੇ ਹੈ, ਜਿੱਥੇ ਮਿਲੀਏ, ਕੋਈ ਥਹੁ ਪਤਾ ਹੋਵੇ ਤਾਂ ਮਿਲੀਏ।''

ਗੁਰੂ ਮਹਾਰਾਜ ਕਹਿਣ ਲੱਗੇ, ''ਪ੍ਰੇਮੀਓ! ਤੁਸੀਂ ਕੀ ਕਰਦੇ ਹੁੰਦੇ ਹੋ ਪ੍ਰਮੇਸ਼ਰ ਨੂੰ ਮਿਲਣ ਵਾਸਤੇ?''

ਕਹਿਣ ਲੱਗੇ, ''ਸੱਚੇ ਪਾਤਸ਼ਾਹ! ਜੋ ਵੇਦਾਂ ਦੇ ਵਿੱਚ ਕਰਮ ਲਿਖੇ ਨੇ, ਜੋ ਸ਼ੁਭ ਕਰਮ ਲਿਖੇ ਨੇ ਸ਼ਾਸਤਰਾਂ ਦੇ ਅੰਦਰ, ਅਸੀਂ ਉਹ ਸਾਰੇ ਕਰਦੇ ਹਾਂ।''

''ਹੋਰ?''

ਕਹਿੰਦੇ, ''ਮਹਾਰਾਜ! ਅਠਾਹਠ ਤੀਰਥਾਂ 'ਤੇ ਇਸ਼ਨਾਨ ਕਰਦੇ ਹਾਂ?''

''ਹੋਰ ਕੀ ਕਰਦੇ ਓਂ?''

ਕਹਿੰਦੇ, ''ਅਸੀਂ ਵੇਦਾਂ ਦਾ ਪਾਠ ਕਰਦੇ ਹਾਂ। ਗੀਤਾ ਦਾ ਪਾਠ ਕਰਦੇ ਹਾਂ। ਜਪੁਜੀ ਸਾਹਿਬ ਦਾ ਪਾਠ ਕਰਦੇ ਹਾਂ। ਫੇਰ ਵੀ ਮਹਾਰਾਜ; ਸਾਨੂੰ ਕੁਛ ਰਾਹ ਨਹੀਂ ਲੱਭਦਾ? ਕ੍ਰਿਪਾ ਕਰੋ ਕਿ ਸਾਨੂੰ ਕੋਈ ਰਸਤਾ ਲੱਭ ਜਾਵੇ, ਪ੍ਰਮੇਸ਼ਰ ਦੀ ਸੋਝੀ ਪੈ ਜਾਏ?''

ਮਹਾਰਾਜ ਕਹਿੰਦੇ ਦੇਖੋ, ''ਪਹਿਲਾਂ ਇਹ ਸਰੀਰ ਨੂੰ ਜਾਣੋ ਕਿ ਸਰੀਰ ਕੀ ਹੈ? ਇਹਨੂੰ ਗਲਤੀ ਨਾਲ ਇਹ ਨਾ ਕਹੋ ਕਿ ਮੈਂ ਹਾਂ। ਇਹ ਤਾਂ ਸਰੀਰ ਹੈ ਜਿਵੇਂ ਗੱਡੀ ਹੁੰਦੀ ਹੈ, ਗੱਡੀ ਦੇ ਵਿੱਚ ਕੋਈ, ਕਾਰ ਦੇ ਵਿੱਚ ਕੋਈ ਸਫਰ ਕਰਦਾ ਹੈ, ਜੇ ਉਹ ਇਹ ਗੱਲ ਕਹੇ ਕਿ ਮੈਂ ਕਾਰ ਹਾਂ, ਤਾਂ ਆਪਾਂ ਸਾਰੇ ਹੱਸ ਪਵਾਂਗੇ ਕਿ ਇਹਨੇ ਕੋਈ ਨਸ਼ਾ ਖਾਧਾ ਹੋਇਆ ਹੈ। ਜੇ ਕੋਈ ਕੋਠੀ ਵਿੱਚ ਰਹਿੰਦਾ ਹੈ, ਕੋਠੀ ਦਾ ਨੰਬਰ ਹੈ, ਸਮਝ ਲਓ ਕਿ 750 ਨੰਬਰ ਹੈ ਕੋਠੀ ਦਾ, ਉਹਨੂੰ ਪੁੱਛੇ ਕਿ ਤੂੰ ਕੌਣ ਹੈਂ? ਉਹ ਕਹੇ ਕਿ ਮੈਂ 750; ਉਹ ਕਹਿੰਦੇ ਉਹ ਤਾਂ ਤੇਰੀ ਕੋਠੀ ਦਾ ਨੰਬਰ ਹੈ ਤੂੰ ਦੱਸ? ਕਹਿੰਦਾ, ਮੈਂ ਨਹੀਂ, ਮੈਂ 750 ਹੀ ਹਾਂ। ਫੇਰ ਸਿਆਣਾ ਬੰਦਾ ਸਮਝਾਉਂਦਾ ਹੈ ਕਿ ਭਾਈ! ਅਸੀਂ ਤੈਨੂੰ ਪੁੱਛਦੇ ਹਾਂ ਕਿ ਤੂੰ ਕੌਣ ਹੈਂ, ਤੇਰਾ ਨਾਉਂ ਕੀ ਹੈ? ਕਹਿੰਦਾ, ਦੱਸ ਤਾਂ ਦਿੱਤਾ ਕਿ 750, ਉਹ ਕਹਿੰਦੇ ਉਹ ਤਾਂ ਕੋਠੀ ਹੈ, ਕੋਠੀ ਤਾਂ ਨਹੀਂ ਹੈਂ ਤੂੰ, ਕੋਠੀ ਦੇ ਵਿੱਚ ਰਹਿਣ ਵਾਲਾ ਹੈਂ। ਏਸੇ ਤਰ੍ਹਾਂ ਜਦੋਂ ਕੋਈ ਸਾਨੂੰ ਪੁੱਛਦਾ ਹੈ ਤਾਂ ਅਸੀਂ ਕਹਿੰਦੇ ਹਾਂ ਕਿ ਜੀ ਮੇਰਾ ਨਾਉਂ ਫਲਾਣਾ ਸਿੰਘ ਹੈ, ਧਿਆਨ ਸਿੰਘ ਹੈ, ਕਰਮ ਸਿੰਘ ਹੈ, ਉਹ ਕਹਿੰਦੇ ਕਿ ਇਹ ਤਾਂ ਸਰੀਰ ਦਾ ਨਾਉਂ ਹੈ। ਤੇਰਾ ਨਾਉਂ? ਕਹਿੰਦਾ, ''ਆਹ ਤਾਂ ਅੱਜ

ਮੈਂ ਗੱਲ ਨਵੀਂ ਹੀ ਸੁਣੀ ਹੈ ਕਿ ਮੈਂ ਸਰੀਰ ਤੇ ਕੁਛ ਹੋਰ ਹਾਂ?'' ਉਹ ਕਹਿੰਦੇ, ਹਾਂ ਤੂੰ ਸਰੀਰ ਨਹੀਂ ਹੈਂ, ਐਹੋ ਜਿਹੇ ਤਾਂ ਤੈਨੂੰ ਕਰੋੜਾਂ ਮਿਲ ਚੁੱਕੇ ਨੇ। ਕਦੇ ਤੂੰ ਕੀੜਾ ਪਤੰਗਾ ਬਣਿਆ ਹੈਂ, ਕਦੇ ਤੂੰ ਹਾਥੀ ਵੀ ਬਣਿਆ ਹੈਂ, ਕਦੇ ਹਰਨ ਬਣਿਆ ਹੈਂ, ਕਦੇ ਬੈਲ ਬਣਿਆ ਹੈਂ, ਕਦੇ ਘੋੜਾ ਬਣਿਆ ਹੈਂ, ਕਦੇ ਕੁਛ ਬਣਿਆ ਹੈਂ, ਕਦੇ ਕੁਛ। ਇਹ ਤਾਂ ਤੇਰਾ ਸਰੀਰ ਹੈ, ਤੇਰੀ ਜਾਣ ਪਛਾਣ ਵਾਸਤੇ ਤੇਰੇ ਸਰੀਰ ਦਾ ਨਾਉਂ ਰੱਖ ਲਿਆ, ਮਾਪਿਆਂ ਨੇ। ਤੂੰ ਤਾਂ ਸਰੀਰ ਨਹੀਂ ਇਹਦੇ ਵਿੱਚ ਰਹਿਣ ਵਾਲਾ ਹੈਂ।

ਪਹਿਲਾਂ ਤਾਂ ਇਹ ਗੱਲ ਸਮਝੋ ਸਾਰੇ, ਜਿੰਨੇ ਪ੍ਰੇਮੀ ਬੈਠੇ ਹੋਂ ਕਿ ਅਸੀਂ ਸਰੀਰ ਨਹੀਂ, ਸਰੀਰ ਦੇ ਵਿੱਚ ਰਹਿਣ ਵਾਲੇ ਹਾਂ। ਫੇਰ ਨਾਉਂ ਕੀ ਹੈ ਸਾਡਾ? ਕਹਿੰਦੇ, ਨਾਉਂ ਤਾਂ ਕਿਸੇ ਨੇ ਰੱਖਿਆ ਹੀ ਨਹੀਂ ਸਾਡਾ।

ਸਰੀਰ 'ਚ ਜਿਹੜਾ ਰਹਿੰਦਾ ਹੈ ਉਹਨੂੰ ਤਾਂ ਕੋਈ ਜਾਣਦਾ ਨਹੀਂ ਹੈ, ਸਰੀਰ ਨੂੰ ਜਾਣਦੇ ਹਾਂ। ਸਰੀਰ ਦੇ ਵਿੱਚ ਰਹਿਣ ਵਾਲੇ ਦਾ ਕੋਈ ਨਾਉਂ ਨਹੀਂ ਹੈ। ਸਿਆਣਿਆਂ ਨੇ ਕਹਿ ਦਿੱਤਾ ਕਿ ਇਹਦਾ ਨਾਉਂ ਜੀਵ ਹੈ। ਕਹਿੰਦੇ, ਸਾਰੇ ਜੀਵ ਨੇ? ਕਹਿੰਦੇ, ਹਾਂ ਸਾਰੇ ਜੀਵ ਹੀ ਨੇ। ਜਿਵੇਂ ਕੀੜੇ ਹੁੰਦੇ ਨੇ, ਕੀੜੇ ਦਾ ਕੀ ਨਾਉਂ ਹੈ, ਕੀੜੇ ਹੀ ਨੇ। ਇਵੇਂ ਜਿਵੇਂ ਇਹ ਜੀਵ ਨੇ, ਸਰੀਰਾਂ ਦੇ ਵਿੱਚ ਰਹਿ ਰਹੇ ਨੇ। ਮਹਾਰਾਜ ਕਹਿੰਦੇ, ਆਹ ਸਰੀਰ ਦੇ ਵਿੱਚ ਦੋ ਰਹਿੰਦੇ ਨੇ, ਇੱਕ ਤਾਂ ਵਾਹਿਗੁਰੂ ਜੀ ਰਹਿੰਦੇ ਨੇ ਤੇ ਇੱਕ ਇਹ ਜੀਵ ਰਹਿੰਦਾ ਹੈ। ਇਹ ਜੀਵ ਵਾਹਿਗੁਰੂ ਵਲ ਨੂੰ ਨਹੀਂ ਜਾਂਦਾ, ਬਾਹਰ ਨੂੰ ਜਾਂਦਾ ਹੈ, ਅੱਖਾਂ ਦੇ ਰਾਹੀਂ ਬਾਹਰ ਨੂੰ ਝਾਕਦਾ ਹੈ, ਕੰਨਾਂ ਦੇ ਰਾਹੀਂ ਬਾਹਰ ਨੂੰ ਸੁਣਦਾ ਹੈ ਤੇ ਜੀਭ ਦੇ ਨਾਲ ਬਾਹਰਲੇ ਸਵਾਦ ਲਵੇਗਾ, ਨੱਕ ਦੇ ਨਾਲ ਬਾਹਰਲੀ ਸੁਗੰਧੀ ਲਏਗਾ ਤੇ ਸਪਰਸ਼ ਸ਼ਕਤੀ ਦੇ ਨਾਲ ਬਾਹਰਲੀ ਸਪਰਸ਼ ਸ਼ਕਤੀ ਲਏਗਾ। ਅੰਦਰ ਨੂੰ ਤਾਂ ਇਹ ਜਾਂਦਾ ਨਹੀਂ ਹੈ, ਇਹਨੂੰ ਪਤਾ ਨਹੀਂ ਹੈ ਕਿ ਅੰਦਰ ਵੀ ਕੁਛ ਹੈ। ਮਹਾਰਾਜ ਕਹਿੰਦੇ, ਤੇਰੇ ਅੰਦਰ ਵਾਹਿਗੁਰੂ ਵਸਦਾ ਹੈ –

***ਕਾਇਆ ਨਗਰੁ ਨਗਰ ਗੜ ਅੰਦਰਿ ॥***
***ਸਾਚਾ ਵਾਸਾ ਪੁਰਿ ਗਗਨੰਦਰਿ ॥***
***ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ ॥***

***ਅੰਗ – 1033***

ਕਹਿੰਦੇ, ਇਹਦੇ ਵਿੱਚ ਰਹਿੰਦਾ ਹੈ, ਇਹਦੇ ਨੌਂ ਦਰਵਾਜ਼ੇ ਖੁਲ੍ਹੇ ਨੇ, ਇੱਕ ਬੰਦ ਹੈ ਜਿੱਥੇ ਵਾਹਿਗੁਰੂ ਰਹਿੰਦਾ ਹੈ। ਬੱਜਰ ਕਪਾਟ ਜਿਵੇਂ ਪੱਥਰ ਦੇ ਦਰਵਾਜ਼ੇ ਹੁੰਦੇ ਨੇ ਸਖਤ ਐਸ ਤਰ੍ਹਾਂ ਆਸਾ ਤੇ ਅੰਦੇਸਾ ਦੇ ਦਰਵਾਜ਼ੇ ਬੰਦ ਹੋਏ-ਹੋਏ ਨੇ ਉਥੇ –

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥***

***ਅੰਗ – 954***

ਸੋ ਐਹ ਸਰੀਰ ਦੇ ਅੰਦਰ ਵਾਹਿਗੁਰੂ ਵਸਦਾ ਹੈ। ਬਾਹਰ ਵੀ ਓਹੀ

ਵਸਦਾ ਹੈ, ਨਿਰਗੁਨ ਰੂਪ ਹੈ, ਜਿਵੇਂ ਹਵਾ ਹੈ, ਹਵਾ ਅੰਦਰ ਵੀ ਸਾਡੇ ਸਾਹ ਨਾਲ ਜਾਂਦੀ ਹੈ, ਬਾਹਰ ਵੀ ਹਵਾ ਹੈ। ਬਾਹਰੋਂ ਮੁੱਕੀ ਤਾਂ ਨਹੀਂ ਹੈ। ਸਾਡੇ ਸਾਹ ਲੈਣ 'ਤੇ ਮੁੱਕਦੀ ਤਾਂ ਨਹੀਂ, ਨਹੀਂ ਤਾਂ ਹੁਣ ਤੱਕ ਮੁੱਕ ਜਾਂਦੀ ਜਦੋਂ ਦੀ ਸ੍ਰਿਸ਼ਟੀ ਸਾਜੀ ਹੈ। ਲੇਕਿਨ ਵਾਹਿਗੁਰੂ ਜੀ ਏਸ ਤਰ੍ਹਾਂ ਨਹੀਂ, ਵਾਹਿਗੁਰੂ ਜੀ ਪਰੀਪੂਰਨ ਹਨ ਅੰਦਰ ਵੀ ਤੇ ਬਾਹਰ ਵੀ। ਜਿਵੇਂ ਪਾਣੀ ਹੁੰਦਾ ਹੈ, ਮੱਛੀ ਕਹੇ ਕਿ ਮੈਂ ਪਾਣੀ ਨੂੰ ਮਿਲਣਾ ਹੈ, ਸਮੁੰਦਰ ਨੂੰ ਮਿਲਣਾ ਹੈ, ਰੋਵੇ ਚੀਕਾਂ ਮਾਰੇ। ਸਿਆਣਾ ਬੰਦਾ ਕਹਿੰਦਾ ਹੈ ਕਿ ਤੂੰ ਤਾਂ ਰਹਿੰਦੀ ਹੀ ਸਮੁੰਦਰ 'ਚ ਹੈਂ। ਗੱਲ ਸਮਝਣ ਵਾਲੀ ਹੈ ਇਹ, ਐਸੇ ਤਰ੍ਹਾਂ ਆਪਾਂ ਵਾਹਿਗੁਰੂ 'ਚ ਰਹਿੰਦੇ ਹਾਂ। ਉਹ ਸਾਨੂੰ ਹਰ ਵਕਤ ਦੇਖਦਾ ਹੈ, ਹਰ ਵਕਤ ਸਾਡੀ ਗੱਲ ਸੁਣਦਾ ਹੈ -

***ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥***
***ਅੰਗ - 612***

ਮਹਾਰਾਜ ਕਹਿੰਦੇ, "ਇਹ ਜੇ ਗੱਲ ਤੁਹਾਡੇ ਮਨ 'ਚ ਬੈਠ ਜਾਵੇ, ਫੇਰ ਅਸੀਂ ਅਗਲੀ ਗੱਲ ਤੁਹਾਨੂੰ ਦੱਸੀਏ।" ਬਾਕੀ ਜਿਹੜਾ ਤੁਸੀਂ ਕਹਿੰਦੇ ਹੋਂ -

***ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥***
***ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ***
***ਨਿਮਖ ਸਿਮਰਤ ਜਿਤੁ ਛੂਟੈ ॥ ਅੰਗ - 747***

ਕਹਿੰਦੇ, ਜੇ ਅੱਖ ਦੇ ਝਮਕਣ ਜਿੰਨੇ ਚਿਰ ਵਿੱਚ ਵੀ ਵਾਹਿਗੁਰੂ ਯਾਦ ਆ ਗਿਆ, ਐਨੇ ਨਾਲ ਹੀ ਛੁਟਕਾਰਾ ਹੋ ਜਾਂਦਾ ਹੈ। ਕਿੱਡਾ ਵੱਡਾ concession (ਰਿਆਇਤ) ਹੈ, ਸਾਰੀ ਜ਼ਿੰਦਗੀ ਲੰਘ ਜਾਂਦੀ ਹੈ, ਇੱਕ ਅੱਖ ਦੇ ਪਲਕਾਰੇ ਜਿੰਨੇ ਚਿਰ ਨਹੀਂ ਵਾਹਿਗੁਰੂ ਸਾਡੇ ਯਾਦ ਆਉਂਦਾ। ਕਿਉਂਕਿ ਅਸੀਂ ਸਮਝਦੇ ਨਹੀਂ। ਜੇ ਇੱਕ ਵਾਰੀ ਇਹ ਸਮਝ ਜਾਈਏ, ਵਾਹਿਗੁਰੂ ਜੇ ਕਹਿੰਦੇ ਹਾਂ, ਅਸੀਂ ਰਾਮ ਕਹਿੰਦੇ ਹਾਂ, ਅੱਲਾਹ ਕਹਿੰਦੇ ਹਾਂ, ਉਹ ਸਾਡਾ ਕੋਈ ਨਿਸ਼ਾਨਾ ਨਹੀਂ ਐਵੇਂ ਮੂੰਹ 'ਚੋਂ ਕਹਿ ਦਿੱਤਾ। ਅਗਾਹਾਂ ਨਿਸ਼ਾਨਾ ਨਹੀਂ ਹੈ ਸਾਮ੍ਹਣੇ। ਏਸ ਕਰਕੇ ਰੱਬ ਸਾਡੇ ਕੋਲ ਰਹਿੰਦਾ ਹੋਇਆ ਵੀ ਮਿਲਦਾ ਨਹੀਂ ਹੈ-

***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥***
***ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥***
***ਅੰਗ - 1378***

ਅੰਦਰ ਦੇਖ ਤੂੰ, ਤੇਰੇ ਹੈ। ਮਹਾਰਾਜ ਕਹਿੰਦੇ, ਕਰਮਾਂ ਧਰਮਾਂ ਨਾਲ ਤਾਂ ਪੁੰਨ ਬਣਦੇ ਨੇ। ਪੁੰਨਾਂ ਨੂੰ, ਜਦੋਂ ਜੀਵ ਜਾਂਦਾ ਹੈ ਸਰੀਰ ਨੂੰ ਛੱਡ ਕੇ, ਉਹ ਰਾਹ ਦੇ ਵਿੱਚ ਟੋਲ ਟੈਕਸ ਲਗਦਾ ਹੈ ਸੜਕਾਂ 'ਤੇ ਐਸ ਤਰ੍ਹਾਂ ਟੈਕਸ ਦੇ ਵਿੱਚ ਹੀ ਸਾਰੇ ਕਰਮ ਧਰਮ ਮੁੱਕ ਜਾਂਦੇ ਨੇ -

***ਜਿਹ ਪੈਡੈ ਮਹਾ ਅੰਧ ਗੁਬਾਰਾ ॥ ਅੰਗ - 264***

ਉਥੇ ਜੀਵ ਠੋਕਰਾਂ ਖਾ-ਖਾ ਕੇ ਗਿਰਦਾ ਹੈ, ਉਹ ਕਹਿੰਦੇ ਕਿ ਭਾਈ ਪ੍ਰੇਮੀਆਂ! ਕੋਈ ਪੁੰਨ ਦਾਨ ਦੇਹ ਤੈਨੂੰ ਚਾਨਣਾ ਕਰ ਦੇਈਏ। ਉਹ ਪੁੰਨ

ਦਿੰਦਾ ਹੈ ਕਿ ਮੈਂ ਫਲਾਣਾ ਪੁੰਨ ਕਰਿਆ ਸੀ, ਉਹ ਲੈ ਲਓ। ਉਹ ਜਿੰਨੀ ਪੁੰਨ ਕੀਮਤ ਹੈ ਓਨਾਂ ਰਾਹ ਲੰਘ ਜਾਂਦਾ ਹੈ, ਫੇਰ ਹਨ੍ਹੇਰਾ ਆ ਜਾਂਦਾ ਹੈ। ਮਹਾਰਾਜ ਕਹਿੰਦੇ, ਪੁੰਨਾਂ ਨੂੰ ਤਾਂ ਲੁੱਟ ਲੈਂਦੇ ਨੇ ਜਮਦੂਤ, ਬਾਕੀ ਹੈਗਾ ਤੀਰਥ –

***ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥***
***ਅੰਗ – 747***

ਆਹ ਕਲਜੁਗ ਦੇ ਅੰਦਰ ਕਰੋੜਾਂ ਤੀਰਥ, ਅਠਾਹਠ ਤੀਰਥਾਂ ਦੀ ਗੱਲ ਛੱਡੋ, ਕਹਿੰਦੇ ਕਰੋੜਾਂ ਹੀ ਤੀਰਥ, ਇਹ ਸਾਰੇ ਮੈਲ ਨਾਲ ਭਰ ਗਏ। ਕਿਉਂਕਿ ਪਾਪੀ ਲੋਕ ਕਲਜੁਗ ਦੇ ਅੰਦਰ ਭਰੇ ਪਏ ਨੇ ਪਾਪਾਂ ਦੇ ਨਾਲ। ਇਹ ਤੀਰਥ ਇਸ਼ਨਾਨ ਕਰਦੇ ਨੇ ਤੇ ਉਥੇ ਮੈਲ ਛੱਡ ਆਉਂਦੇ ਨੇ। ਹੁਣ ਤਾਂ ਬਿਲਕੁਲ ਹੀ ਤੀਰਥ ਮੈਲੇ ਹੋ ਗਏ, ਸੀਵਰੇਜ ਸ਼ਹਿਰਾਂ ਦੇ ਗੰਦੇ ਪਾਣੀ ਦੇ ਨਾਲੇ ਜਿਹੜੇ ਨੇ ਦਰਿਆਵਾਂ ਵਿੱਚ ਸੁੱਟ ਦਿੱਤੇ। ਤੀਰਥ ਭ੍ਰਿਸ਼ਟ ਹੋ ਗਿਆ, ਸਾਡੀ ਸੁੱਖ ਸ਼ਾਂਤੀ ਜਾਂਦੀ ਰਹੀ। ਅਸੀਂ ਪਰੇਸ਼ਾਨੀ 'ਚ ਆ ਗਏ। ਸੋ ਏਸ ਤਰ੍ਹਾਂ ਮਹਾਰਾਜ ਕਹਿੰਦੇ ਉਹ ਤਾਂ ਮੈਲ ਨਾਲ ਭਰ ਗਏ ਪਿਆਰਿਓ–

***ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ ॥***
***ਅੰਗ – 747***

ਕਹਿੰਦੇ ਹੁਣ ਤਾਂ ਇੱਕੋ ਹੀ ਤੀਰਥ ਰਹਿ ਗਿਆ ਜਿਹਨੂੰ ਸਾਧੂਆਂ ਦੀ ਸੰਗਤ ਕਹਿੰਦੇ ਨੇ। ਸਾਧੂਆਂ ਦੀ ਸੰਗਤ 'ਚ ਆ ਕੇ ਹਰੀ ਦਾ ਗੁਣ ਜਿਹੜਾ ਗਾਉਂਦਾ ਹੈ, ਉਹਦਾ ਚਿੱਤ ਨਿਰਮਲ ਹੋ ਜਾਂਦਾ ਹੈ। ਬਾਕੀ ਜਿਹੜੇ –

***ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ***
***ਇਨ੍ ਪੜਿਆ ਮੁਕਤਿ ਨ ਹੋਈ ॥ ਅੰਗ – 747***

ਪੜ੍ਹਨ ਤੋਂ ਤਾਂ ਪਤਾ ਹੀ ਨਹੀਂ ਲਗਦਾ ਕਿ ਪੜ੍ਹੀ ਜਾਓ ਕਿ ਚੰਡੀਗੜ੍ਹ ਏਧਰ ਨੂੰ ਜਾਂਦਾ ਹੈ, ਆਹ ਰਸਤਾ ਹੈ, ਪਹਿਲਾਂ ਫਲਾਣਾ ਪਿੰਡ ਆਏਗਾ, ਫੇਰ ਮੁੱਲਾਂਪੁਰ ਤੋਂ ਮੁੜਨਾ ਹੈ, ਫੇਰ ਪੀ.ਜੀ.ਆਈ ਵਾਲਾ ਰਸਤਾ ਹੈ, ਦੂਜਾ ਹੇਠਲਾ ਰਸਤਾ ਹੈ, ਪੜ੍ਹੀ ਜਾਓ, ਕਹਿੰਦੇ ਮੈਂ ਪੰਦਰਾਂ ਵਾਰੀ ਪੜ੍ਹ ਲਿਆ। ਕਹਿੰਦੇ ਚੰਡੀਗੜ੍ਹ ਪਹੁੰਚ ਗਿਆ? ਕਹਿੰਦਾ ਮੈਂ ਤਾਂ ਉਥੇ ਹੀ ਬੈਠਾ ਹਾਂ। ਮਹਾਰਾਜ ਕਹਿੰਦੇ, ਪੜ੍ਹਨ ਨਾਲ ਨਹੀਂ ਹੁੰਦਾ ਕੁਛ ਵੀ, ਪੜ੍ਹੀ ਜਾਹ ਜਿੰਨਾਂ ਪੜ੍ਹਨਾ ਹੈ ਜਦੋਂ ਤੱਕ ਚਲਦੇ ਨਹੀਂ, ਮੰਜ਼ਿਲ ਨਹੀਂ ਤਹਿ ਹੋਇਆ ਕਰਦੀ। ਸੋ ਏਸ ਕਰਕੇ –

***ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ***
***ਇਨ੍ ਪੜਿਆ ਮੁਕਤਿ ਨ ਹੋਈ ॥***
***ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥***
***ਅੰਗ – 747***

ਇੱਕ ਅੱਖਰ ਜਿਹੜਾ ਹੈ ਵਾਹਿਗੁਰੂ ਅੱਖਰ, ਇਹ ਗੁਰੂ ਤੋਂ ਲੈ ਕੇ ਜਿਹੜਾ ਜਪਦਾ ਹੈ, ਉਹਦਾ ਹਿਰਦਾ ਨਿਰਮਲ ਹੋ ਜਾਂਦਾ ਹੈ।

ਕਹਿੰਦੇ, "ਸੱਚੇ ਪਾਤਸ਼ਾਹ! ਇਹ ਉਪਦੇਸ਼ ਕੀਹਨੂੰ ਦੇ ਰਹੇ ਹੋਂ।" ਮਹਾਰਾਜ ਕਹਿੰਦੇ -

***ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥***
***ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ***
***ਘਟਿ ਘਟਿ ਨਾਨਕ ਮਾਝਾ ॥*** ***ਅੰਗ - 748***

ਇੱਕ ਨਾਮ ਜਪਣ ਦੇ ਨਾਲ ਤੁਸੀਂ ਤਰ ਸਕਦੇ ਹੋਂ। ਗੁਰੂ ਤੋਂ ਨਾਮ ਲੈ ਕੇ, ਪੰਜ ਪਿਆਰੇ ਨਾਮ ਦਿੰਦੇ ਨੇ ਅੰਮ੍ਰਿਤ ਛਕਾਉਣ ਤੋਂ ਬਾਅਦ, ਉਹਦਾ ਜਾਪ ਕਰੀ ਜਾਓ। ਵਾਹਿਗੁਰੂ ਮੰਤਰ ਹੈ, ਛੁਪਿਆ ਹੋਇਆ ਨਹੀਂ। ਬੇਅੰਤ ਸਿੰਘ ਇੱਥੇ ਅੰਮ੍ਰਿਤਧਾਰੀ ਬੈਠੇ ਨੇ। ਉਹ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਰਕੇ ਜਪਦੇ ਹਨ। ਮਹਾਰਾਜ ਕਹਿੰਦੇ, ਸੱਚੇ ਪਾਤਸ਼ਾਹ! ਸਾਨੂੰ ਕੋਈ ਸੁਖਾਲੀ ਜਿਹੀ ਗੱਲ ਦੱਸੋ। ਮਹਾਰਾਜ ਕਹਿੰਦੇ, ਪ੍ਰੇਮੀਓ! ਸੁਖਾਲੀ ਜੇ ਤੁਸੀਂ ਪੁੱਛਣੀ ਹੈ ਤਾਂ ਅਸੀਂ ਤੁਹਾਨੂੰ ਇੱਕ ਬਚਨ ਦੱਸ ਦਿੰਦੇ ਹਾਂ ਉਹਦੇ ਉੱਤੇ ਪਹਿਰਾ ਦਿਓ। ਉਹਦੇ ਨਾਲ ਤੁਹਾਡਾ ਉਧਾਰ ਹੋ ਜਾਏਗਾ -

***ਧਾਰਨਾ - ਪਿਆਰੇ ਜੀ ਗੁਰ ਪਰਸਾਦੀ ਪਾਰ ਪਵੈ।***
***ਜੇ ਕੋ ਬਚਨ ਕਮਾਵੇ ਸੰਤਾਂ ਦਾ।***
***ਸੰਤਹੁ ਸਾਗਰੁ ਪਾਰਿ ਉਤਰੀਐ ॥*** ***ਅੰਗ - 747***

ਇਹ ਜਿਹੜਾ ਭਿਆਨਕ ਸਾਗਰ ਹੈ ਨਾ ਸਾਡੇ ਸਾਮ੍ਹਣੇ, ਕਰੋੜਾਂ ਸਾਲ ਤੋਂ ਅਸੀਂ ਡੁੱਬ-ਡੁੱਬ ਜਾਂਦੇ ਹਾਂ, ਫੇਰ ਕੰਢੇ ਆ ਜਾਂਦੇ ਹਾਂ, ਫੇਰ ਡੁੱਬਦੇ ਹਾਂ। ਜਿੰਨਾਂ ਚਿਰ ਪਾਰ ਨਹੀਂ ਲੰਘਦੇ ਓਨਾਂ ਚਿਰ ਛੁਟਕਾਰਾ ਨਹੀਂ ਹੋਣਾ। ਐਧਰ ਹੈਗਾ ਜੰਮਣ ਮਰਨਾ, ਪਰਲੇ ਪਾਸੇ ਹੈਗਾ ਸਦਾ ਦੀ ਜ਼ਿੰਦਗੀ। ਐਧਰ ਤਾਂ ਜੰਮਦੇ ਰਹਿਣਾ ਹੈ ਮਰਦੇ ਰਹਿਣਾ ਹੈ, ਜੇ ਇਹ ਲਹਿਰਾਂ ਵਾਲਾ, ਛੱਲਾਂ ਦਿੰਦਾ ਸਮੁੰਦਰ ਲੰਘ ਜਾਈਏ ਪਰਲੇ ਪਾਸੇ ਲੰਘ ਜਾਈਏ ਉਥੇ ਫੇਰ ਮੁੜ ਕੇ ਮਰੀਦਾ ਹੀ ਨਹੀਂ, ਸਦਾ ਦਾ ਜੀਵਨ ਮਿਲ ਜਾਂਦਾ ਹੈ। ਪੂਰਨ ਸੁਖ ਮਿਲ ਜਾਂਦਾ ਹੈ। ਕਹਿੰਦੇ, ਉਹਦੇ ਪਾਰ ਲੰਘਣ ਦਾ ਇੱਕੋ ਹੀ ਤਰੀਕਾ ਹੈ -

***ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥***
***ਅੰਗ - 747***

ਜੇ ਬਚਨ ਕਮਾ ਲਵੇ ਸਾਧੂਆਂ ਦਾ, ਗੁਰੂ ਦਾ, ਕਹਿੰਦੇ ਗੁਰੂ ਦੀ ਕ੍ਰਿਪਾ ਦੇ ਨਾਲ ਤਰ ਹੀ ਜਾਂਦਾ ਹੈ।

ਗੁਰੂ ਨਾਨਕ ਪਾਤਸ਼ਾਹ ਸੰਸਾਰ ਦਾ ਉਧਾਰ ਕਰਦੇ-ਕਰਦੇ, ਆਪ ਜਾਂਦੇ ਨੇ ਨੂਰਸ਼ਾਹ ਦੇ ਪਾਸ, ਜਾਦੂਗਰਨੀ ਹੈ ਬਹੁਤ, ਐਸਾ ਜਾਦੂ ਸੀ ਕਿ ਉਹਨੇ ਮਰਦਾਨੇ ਨੂੰ hypnotize ਕਰਕੇ, ਉਹਦੇ ਉਪਰ ਐਸਾ ਗਲਵਾ ਪਾਇਆ ਕਿ ਉਹ ਆਪਣੇ ਆਪ ਨੂੰ ਸਮਝਣ ਲੱਗ ਗਿਆ ਕਿ ਮੈਂ ਭੇਡੂ ਹਾਂ। ਗਲ 'ਚ ਰੱਸੀ ਪਾ ਕੇ ਬੰਨ੍ਹ ਦਿੱਤਾ ਕੀਲ੍ਹੇ ਦੇ ਨਾਲ, ਦੇਖੀ ਜਾਂਦਾ ਹੈ ਕਿ ਮੈਂ ਭੇਡੂ ਹਾਂ, ਮਿਰਚਾਂ ਖਲਾ ਕੇ ਦੇਖੀਆਂ, ਕਹਿੰਦੀ ਇਹ ਖੰਡ ਹੈ ਖੰਡ। ਕਹਿੰਦਾ ਹਾਂ ਖੰਡ ਹੈ। ਖੰਡ ਖਲਾ ਕੇ ਦੇਖੀ, ਕਹਿੰਦੀ ਮਿਰਚ ਹੈ,

ਉਸੇ ਵੇਲੇ ਥੂ-ਥੂ ਕਰਨ ਲੱਗ ਗਿਆ। ਉਹਨੇ ਕਿਹਾ ਕਿ ਹੋ ਗਿਆ ਏਸ 'ਤੇ ਜਾਦੂ ਦਾ ਅਸਰ। ਉਸ ਵੇਲੇ ਕਹਿਣ ਲੱਗੇ ਕਿ ਤੂੰ ਭੇਡੂ ਹੈਂ, ਭੇਡ ਦਾ ਬੱਚਾ। ਕਹਿੰਦਾ ਹਾਂ। ਕਹਿੰਦੇ ਬੋਲ, ਫੇਰ ਉਸੇ ਵੇਲੇ ਲੱਗ ਗਿਆ ਭੇਡ ਵਾਂਗਣ ਬੋਲਣ। ਐਡਾ ਅਸਰ ਹੋਇਆ ਉਹਦੇ ਉਤੇ ਜਾਦੂ ਦਾ ਕਿ ਉਹਦਾ ਕੰਮ ਹੀ ਇਹੀ ਸੀ ਜਾਦੂ ਕਰਨਾ ਤੇ ਆਪਣੇ ਕੋਲ ਰੱਖ ਲੈਣਾ ਫੇਰ ਉਹਨੂੰ ਸੁਰਤ ਨਾ ਆਉਣ ਦੇਣੀ। ਬੇਅੰਤ ਸਾਧੂ ਸੰਤ ਉਹਨੇ ਆਪਣੇ ਕੋਲ ਬੰਨ੍ਹੇ ਹੋਏ ਸੀ।

ਗੁਰੂ ਨਾਨਕ ਪਾਤਸ਼ਾਹ ਨੇ ਪੁਕਾਰ ਸੁਣੀ ਉਨ੍ਹਾਂ ਦੀ, ਭੁੱਲ ਚੁੱਕੇ ਸੀ ਕਿਉਂਕਿ ਮਰਦਾਨਾ ਵੀ ਫਸ ਗਿਆ, ਮਹਾਰਾਜ ਨੇ ਜਾ ਕੇ ਮਰਦਾਨੇ ਨੂੰ ਛੁਡਾਇਆ ਤੇ ਨਾਲ ਉਸ ਦਾ ਵੀ ਉਧਾਰ ਕਰਿਆ, ਉਸ ਤੋਂ ਜਾਦੂ ਛੁਡਾ ਦਿੱਤਾ।

ਉਥੋਂ ਅਗਾਹਾਂ ਮਹਾਰਾਜ ਨੂੰ ਪਤਾ ਲੱਗਿਆ ਕਿ ਏਥੇ ਨੇੜੇ ਹੀ ਇੱਕ ਵੱਡਾ ਜਿੰਮੀਦਾਰ ਹੈ, ਵੱਡਾ ਭੂਮੀ ਦਾ ਮਾਲਕ ਹੈ। ਉਹਦਾ ਕੰਮ ਕੀ ਹੈ ਕਿ ਧਾੜੇ ਮਾਰਦਾ ਹੈ, ਚੋਰੀਆਂ ਕਰਦਾ ਹੈ, ਡਾਕੇ ਮਾਰਦਾ ਹੈ, ਲੁੱਟ ਲੈਂਦਾ ਹੈ, ਲੁੱਟਣ ਤੋਂ ਬਾਅਦ ਕਹਿੰਦੇ, ਫੇਰ ਚੰਗਾ ਵੀ ਐਨਾ ਹੈ ਕਿ ਸਦਾ ਵਰਤ ਲਾਏ ਹੋਏ ਨੇ। ਸੰਤਾਂ ਨੂੰ ਵਸਤਰ ਵੀ ਦਿੰਦਾ ਹੈ, ਅੰਨ ਵੀ ਦਿੰਦਾ ਹੈ, ਗਰੀਬ ਗੁਰਬੇ ਨੂੰ ਵੀ ਛਕਾਉਂਦਾ ਹੈ, ਆਏ ਗਏ ਅਤਿੱਥੀ ਦੀ ਵੀ ਸੇਵਾ ਕਰਦਾ ਹੈ। ਮਹਾਰਾਜ ਨੇ ਕਿਹਾ ਕਿ ਇਹ ਤਾਂ ਬੜਾ ਗਲਤ ਬੰਦਾ ਹੈ।

ਮਹਾਰਾਜ ਜੀ ਉਥੇ ਆ ਜਾਂਦੇ ਨੇ ਉਸ ਪਿੰਡ ਵਾਲਿਆਂ ਨੇ ਦੇਖਿਆ ਕਿ ਕੋਈ ਪੂਰਨ ਮਹਾਤਮਾ ਆਏ ਨੇ ਜਿਨ੍ਹਾਂ ਦੇ ਚਿਹਰੇ ਦੀ ਜਿਹੜੀ ਚਮਕ ਦਮਕ ਹੈ, ਉਹ ਖਿੱਚ ਪਾਉਂਦੀ ਹੈ, ਜਿਹੜੇ ਨੇਤਰ ਨੇ ਰਸ ਨਾਲ ਭਰੇ ਪਏ ਨੇ। ਜਿਹਦੇ ਵਲ ਇੱਕ ਵਾਰੀ ਦੇਖ ਲੈਂਦੇ ਨੇ ਉਹ ਉਨ੍ਹਾਂ ਦਾ ਹੀ ਬਣ ਜਾਂਦਾ ਹੈ। ਇੱਕ ਪ੍ਰੇਮੀ ਨੇ ਅਰਜ਼ ਕਰੀ ਕਿ ਸੱਚੇ ਪਾਤਸ਼ਾਹ! ਮੈਨੂੰ ਸੇਵਾ ਦਾ ਮੌਕਾ ਦਿਓ। ਮਹਾਰਾਜ ਕਹਿੰਦੇ, ਚੰਗਾ ਪ੍ਰੇਮੀਆਂ! ਤੇਰੇ ਚਲਦੇ ਹਾਂ। ਕਿਹੜਾ ਘਰ ਹੈ? ਕਹਿੰਦਾ ਜੀ ਆਹੀ ਹੈ। ਉਥੇ ਬੈਠੇ ਤਾਂ ਉਹ ਕਦੇ ਜਲ ਲਿਆਉਂਦੇ ਨੇ, ਬੈਠਣ ਨੂੰ ਥਾਂ ਦਿੰਦੇ ਨੇ, ਪੱਖਾ ਝਲਦੇ ਨੇ, ਗਰਮੀ ਦਾ ਮਹੀਨਾ ਹੈ। ਮਰਦਾਨਾ ਦੇਖਦਾ ਹੈ ਕਿ ਕੋਈ ਪ੍ਰਸ਼ਾਦ ਪਾਣੀ ਦਾ ਨਾਉਂ ਲਏ, ਅਖੀਰ ਉਹਨੇ ਪੁੱਛ ਹੀ ਲਿਆ, ਕਹਿੰਦੇ ਪ੍ਰੇਮੀਆਂ! ਹੋਰ ਤਾਂ ਤੂੰ ਸਭ ਕੁਛ ਕਰੀ ਜਾਂਦਾ ਹੈਂ ਤੇ ਛਕਣ ਛਕਾਉਣ ਵਾਲੀ ਤੂੰ ਗੱਲ ਹੀ ਨਹੀਂ ਪੁੱਛਦਾ? ਉਸ ਵੇਲੇ ਨੇਤਰਾਂ 'ਚੋਂ ਜਲ ਆ ਗਿਆ ਉਹਦੇ।

ਮਹਾਰਾਜ ਕਹਿੰਦੇ, "ਕੀ ਗੱਲ ਪ੍ਰੇਮੀਆਂ! ਐਨੀ ਗੱਲ 'ਤੇ ਉਦਾਸ ਹੋ ਗਿਆ ਤੂੰ?"

ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਏਸ ਨਗਰ ਦਾ ਜੋ ਚੌਧਰੀ ਹੈ ਵੱਡਾ, ਵੱਡਾ ਜਿੰਮੀਦਾਰ ਜਿਹਨੂੰ ਭੂਮੀਆਂ ਕਹਿੰਦੇ ਨੇ, ਉਹਦਾ ਇਹ ਹੁਕਮ ਹੈ ਕਿ ਸਾਧੂ ਸੰਤ ਕੋਈ ਵੀ ਅਤਿਥੀ ਆਵੇ, ਪ੍ਰਸ਼ਾਦਾ ਨਹੀਂ ਤੁਸੀਂ ਕਿਸੇ ਨੇ ਛਕਾਉਣਾ ਉਹਨੂੰ, ਹੋਰ ਸੇਵਾ ਕਰ ਸਕਦੇ ਹੋਂ। ਬਾਕੀ ਪ੍ਰਸ਼ਾਦ ਪਾਣੀ

ਮੇਰੇ ਲੰਗਰ 'ਚੋਂ ਆ ਕੇ ਛਕੇਗਾ।"

ਮਹਾਰਾਜ ਕਹਿੰਦੇ, "ਇਹ ਤਾਂ ਬੜਾ ਧੱਕਾ ਹੈ।"

ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਮਾਨਸ ਜਨਮ ਅਸੀਂ ਧਾਰਨ ਕਰਿਆ ਹੈ, ਅੰਨ ਦਾਨ ਸਭ ਤੋਂ ਵੱਡਾ ਦਾਨ ਹੋਇਆ ਕਰਦਾ ਹੈ, ਜਿਹਨੇ ਦਰਗਾਹ ਵਿੱਚ ਵੀ ਸਹਾਇਤਾ ਕਰਨੀ ਹੈ, ਅਗਲੇ ਜਨਮ ਵਿੱਚ ਵੀ। ਵਸਤਰ ਦਾਨ ਵੱਡਾ ਦਾਨ ਹੋਇਆ ਕਰਦਾ ਹੈ, ਅਸੀਂ ਤਾਂ ਵਾਂਝੇ ਰਹਿ ਗਏ, ਪੁੰਨ ਕਰਮ ਸਾਡਾ ਕੋਈ ਬਣਦਾ ਹੀ ਨਹੀਂ। ਸਾਡਾ ਜਿਹੋ ਜਿਹਾ ਜਨਮ ਹੋਇਆ, ਓਹੋ ਜਿਹਾ ਨਾ ਹੋਇਆ, ਜੇ ਅਸੀਂ ਪ੍ਰਸ਼ਾਦ ਛਕਾ ਦੇਈਏ ਤਾਂ ਉਜਾੜ ਦਿੰਦਾ ਹੈ। ਪਹਿਲਾਂ ਕਈ ਪ੍ਰੇਮੀਆਂ ਦੇ ਘਰ ਇਹਨੇ ਬਿਲਕੁਲ ਉਜਾੜ ਦਿੱਤੇ, ਪਿੰਡੋ ਕੱਢ ਦਿੱਤੇ, ਜ਼ਮੀਨ ਜਬਤ ਕਰ ਲਈ। ਸੋ ਡਰਦੇ ਹਾਂ ਮਹਾਰਾਜ ਕੁਛ ਕਰ ਨਹੀਂ ਸਕਦੇ। ਮਾਨਸ ਜਨਮ ਧਾਰਿਆ ਹੈ ਪੁੰਨ ਕਰਮ ਨਹੀਂ ਕਰ ਸਕਦੇ। ਪ੍ਰਸ਼ਾਦ ਪਾਣੀ ਛਕਾਵਾਂਗੇ, ਕੁਛ ਅੰਨ੍ਹ ਵਸਤਰ ਅਰਪਣ ਕਰਾਂਗੇ, ਸਾਧੂ ਪ੍ਰਸੰਨ ਹੋਣਗੇ। ਉਨ੍ਹਾਂ ਦੀ ਅਸੀਸ ਮਿਲੇਗੀ, ਸਾਡਾ ਪੁੰਨ ਬਣੇਗਾ, ਦਰਗਾਹ 'ਚ ਜਾ ਕੇ ਅਸੀਂ ਸੁਖੀ ਰਹਾਂਗੇ। ਪਾਤਸ਼ਾਹ! ਅਸੀਂ ਤਾਂ ਸਭ ਚੀਜ਼ਾਂ ਤੋਂ ਵਾਂਝੇ ਰਹਿ ਗਏ। ਸਾਨੂੰ ਤਾਂ ਹੁਕਮ ਨਹੀਂ ਹੈ।"

ਮਹਾਰਾਜ ਕਹਿੰਦੇ, ਚਲੋ ਭਾਈ! ਸਾਨੂੰ ਉਨ੍ਹਾਂ ਦਾ ਘਰ ਦੱਸੋ। ਉਥੇ ਮਹਾਰਾਜ ਜੀ ਜਦੋਂ ਜਾਂਦੇ ਨੇ ਤਾਂ ਉਥੇ ਉਹਨਾਂ ਨੇ ਬੜੀ ਆਗਤ ਭਾਗਤ ਕਰਨੀ ਸ਼ੁਰੂ ਕਰ ਦਿੱਤੀ। ਨਾਲ ਅੰਦਾਜ਼ਾ ਲਾਉਂਦੇ ਨੇ ਕਿ ਐਸਾ ਸਾਧੂ ਅੱਗੇ ਨਹੀਂ ਦੇਖਿਆ ਕੋਈ। ਇਹਦਾ ਤਾਂ ਚਿਹਰਾ ਮੋਹਰਾ ਹੀ ਐਨਾ ਸੁੰਦਰ ਹੈ, ਖਿੱਚ ਪੈਂਦੀ ਹੈ, ਜਿੱਧਰ ਨੂੰ ਨੇਤਰ ਕਰਕੇ ਇੱਕ ਵਾਰੀ ਦੇਖ ਲੈਣ ਉਠਾ ਕੇ, ਉਹਦੇ ਅੰਦਰ ਕੋਈ ਖਿੱਚ ਮਹਿਸੂਸ ਹੁੰਦੀ ਹੈ। ਆਪਣਾ-ਆਪਣਾ ਲੱਗਣ ਲੱਗ ਜਾਂਦੇ ਨੇ ਉਸੇ ਵੇਲੇ। ਜਾ ਕੇ ਖਬਰ ਦਿੱਤੀ ਕਿ ਅੱਜ ਇੱਕ ਸਾਧੂ ਆਏ ਨੇ, ਕਾਹਨੂੰ ਦੇਖਿਆ ਹੈ ਇਹੋ ਜਿਹਾ ਸਾਧੂ ਅੱਜ ਤੱਕ।" ਖਿੱਚ ਪਾਉਂਦਾ ਹੈ, ਦੇਖਦੀ ਸਾਰ। ਤੁਸੀਂ ਵੀ ਦਰਸ਼ਨ ਕਰੋ ਤੇ ਸੇਵਾ ਕਰੀਏ ਉਨ੍ਹਾਂ ਦੀ, ਹੁਕਮ ਜੋ ਹੋਵੇ, ਉਸੇ ਤਰ੍ਹਾਂ ਕਰੀਏ। ਭੂਮੀਆਂ ਆ ਜਾਂਦਾ ਹੈ, ਆ ਕੇ ਜਿਸ ਵਕਤ ਦਰਸ਼ਨ ਕਰੇ। ਹੈਰਾਨ ਹੋ ਗਏ ਕਿ ਐਸਾ ਮਹਾਂਪੁਰਸ਼ ਤਾਂ ਮੈਂ ਅੱਜ ਤੱਕ ਦੇਖਿਆ ਹੀ ਨਹੀਂ ਹੈ। ਆਹ ਅਸਰ, ਦੇਖਦੇ ਸਾਰ ਮੇਰੇ ਅੰਦਰ ਸਰਨ-ਸਰਨ ਹੋਣੀ ਸ਼ੁਰੂ ਹੋ ਗਈ ਹੈ, ਕੋਈ ਖੁਸ਼ੀ ਮਹਿਸੂਸ ਹੋਣ ਲੱਗ ਗਈ ਹੈ, ਕੋਈ ਅਨੰਦ ਮੇਰੇ ਅੰਦਰ ਲਹਿਰਾਂ ਮਾਰਨ ਲੱਗ ਗਿਆ।

ਉਸ ਵੇਲੇ ਦੋਵੇਂ ਹੱਥ ਜੋੜ ਕੇ ਕਹਿਣ ਲੱਗਿਆ, ਮਹਾਰਾਜ! ਪ੍ਰਸ਼ਾਦ ਪਾਣੀ ਦੀ ਸੇਵਾ ਦੱਸੋ, ਕੋਈ ਵਸਤਰ ਦੀ ਸੇਵਾ ਦੱਸੋ, ਹੋਰ ਇੱਥੇ ਰਹੋ ਤੁਸੀਂ, ਕ੍ਰਿਪਾ ਕਰੋ, ਕੁਛ ਅੰਗੀਕਾਰ ਕਰੋ।

ਮਹਾਰਾਜ ਕਹਿੰਦੇ, "ਭੂਮੀਆਂ! ਇੱਕ ਗੱਲ ਦੱਸ ਬਈ ਪ੍ਰੇਮੀਆਂ, ਜੇ ਤੂੰ ਅੰਨ ਛਕਾਉਣਾ ਹੈ, ਐਸ ਤਰ੍ਹਾਂ ਦੱਸ ਕਿ ਤੂੰ ਕਿਰਤ ਕੀ ਕਰਦਾ ਹੁੰਦਾ

ਹੈਂ?''

ਸੋਚਣ ਲੱਗ ਗਿਆ, ਪਹਿਲਾਂ ਧਰਤੀ ਵਲ ਝਾਕਿਆ ਕਿ ਹੈਂ ਕਿਰਤ?

ਉਹ ਕਿਰਤ ਜਿਹੜੀ ਅੱਜ ਤੱਕ ਚੰਗੀ ਲਗਦੀ ਸੀ ਕਿ ਬਹੁਤ ਵਧੀਆ ਮੈਂ ਕਰਦਾ ਹਾਂ। ਅੱਜ ਇੱਕ ਦਮ ਹੀ ਲੱਗਣ ਲੱਗ ਗਈ ਕਿ ਮੈਂ ਤਾਂ ਮਾੜੀ ਕਿਰਤ ਕਰਦਾ ਹਾਂ। ਕਿਉਂਕਿ ਬਹੁਤ ਬੰਦੇ ਐਸੇ ਹੁੰਦੇ ਨੇ ਕਿਰਤ ਉਨ੍ਹਾਂ ਦੀ ਮਾੜੀ ਹੁੰਦੀ ਹੈ, ਪਰ ਮੰਨਦੇ ਨਹੀਂ ਕਿ ਮਾੜੀ ਹੈ। ਉਹ ਕਹਿੰਦੇ, ਇਹ ਤਾਂ ਸਾਡੀ ਰੋਜੀ ਦਾ ਸਾਧਨ ਹੈ।

ਚੋਰ ਨੂੰ ਪੁੱਛ ਲਓ ਕਿ ਤੇਰੀ ਕਿਰਤ ਮਾੜੀ ਹੈ? ਕਹਿੰਦਾ ਹੈ, ਮੇਰੇ ਵਰਗਾ ਕੌਣ ਹੈ, ਹਨ੍ਹੇਰ ਢੋਣਾ, ਪਾੜ ਲਾਉਣਾ, ਵਿੱਚ ਮਾਰਿਆ ਜਾਵਾਂ, ਮੇਰੀ ਕਿਸਮਤ ਹੈ ਕਿ ਮੈਂ ਮਾਲ ਲੈ ਆਵਾਂ, ਚਾਹੇ ਨਾ ਲੈ ਆਵਾਂ। ਕਿੰਨਾ ਮੈਂ ਔਖਾ ਕੰਮ ਕਰਦਾ ਹਾਂ, ਮੇਰੀ ਕਿਰਤ ਤਾਂ ਸਾਰਿਆਂ ਨਾਲੋਂ ਔਖੀ ਹੈ।

ਲੇਕਿਨ ਇਹਨੂੰ ਅੱਜ ਪਤਾ ਲੱਗਿਆ, ਸੋਚ ਕੇ ਬੋਲਣਾ ਚਾਹੁੰਦਾ ਹੈ ਝੂਠ, ਸੱਚ ਦੇ ਸਾਮ੍ਹਣੇ ਝੂਠ ਨਹੀਂ ਬੋਲ ਹੁੰਦਾ। ਮੂੰਹੋਂ ਨਿਕਲ ਗਿਆ ਕਿ ਮਹਾਰਾਜ! ਮੈਂ ਤਾਂ ਚੋਰੀਆਂ ਵੀ ਕਰਦਾ ਹਾਂ, ਧਾੜੇ ਵੀ ਮਾਰਦਾ ਹਾਂ, ਡਾਕੇ ਵੀ ਮਾਰਦਾ ਹਾਂ, ਖੋਹ ਖਿੰਝ ਵੀ ਕਰਦਾ ਹਾਂ। ਜਿਵੇਂ ਹੋਵੇ ਉਸੇ ਤਰ੍ਹਾਂ ਮੈਂ ਲੈ ਆਉਂਦਾ ਹਾਂ ਪੈਸਾ ਟਕਾ। ਦਾਣਾ ਵੀ ਚੁਕਾ ਲੈਂਦਾ ਹਾਂ।

ਮਹਾਰਾਜ ਕਹਿੰਦੇ, ''ਭੂਮੀਆਂ! ਪਿਆਰਿਆ! ਫੇਰ ਇਹ ਕਰਦਾ ਕਿਉਂ ਹੈਂ?''

ਕਹਿੰਦਾ, ''ਮਹਾਰਾਜ! ਮੈਂ ਆਪਣੇ ਵੱਲ ਨਹੀਂ ਕੁਛ ਵੀ ਲਿਜਾਂਦਾ। ਆਹ ਦੇਖੋ ਸਟੋਰ ਭਰਿਆ ਪਿਆ ਹੈ ਵਸਤਰਾਂ ਦਾ, ਚੀਜ਼ਾਂ ਦਾ, ਮੈਂ ਤਾਂ ਨਹੀਂ ਵਰਤਦਾ।''

ਕਹਿੰਦੇ, ''ਫੇਰ ਤੂੰ ਕਰਦਾ ਕੀ ਹੈਂ?''

ਕਹਿੰਦਾ, ''ਬੇਅੰਤ ਸਾਧੂ ਮਹਾਂਪੁਰਸ਼ ਆਉਂਦੇ ਨੇ ਕਿਉਂਕਿ ਮੇਰੇ ਦਾਨ ਦੀ ਮਹਿਮਾ ਦੂਰ-ਦੂਰ ਤੱਕ ਫੈਲੀ ਹੋਈ ਹੈ।''

ਕਹਿੰਦੇ, ''ਭੂਮੀਆਂ! ਤੂੰ ਇਹ ਦੱਸ ਖੋਹ ਕੇ ਤਾਂ ਲਿਆਉਂਦਾ ਹੈਂ ਉਨ੍ਹਾਂ ਦਾ, ਫੇਰ ਤੂੰ ਦਿੰਦਾ ਹੈ, ਦੱਸ ਤੈਨੂੰ ਦਾਨ ਦਾ ਫਲ ਤੈਨੂੰ ਮਿਲੇਗਾ ਕਿ ਉਨ੍ਹਾਂ ਨੂੰ ਮਿਲੇਗਾ?'' ਫੇਰ ਤੂੰ ਜ਼ੁਲਮ ਕਰਦਾ ਹੈਂ -

***ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ ॥***

***ਅੰਗ - 1375***

ਇੱਕ ਗੱਲ ਮੋਟੀ ਜਿਹੀ ਹੈ ਉਹ ਅਸੀਂ ਤੇਰੇ ਤੋਂ ਪੁੱਛਦੇ ਹਾਂ ਉਹਦਾ ਜਵਾਬ ਦੇ। ਮਹਾਰਾਜ ਕਹਿੰਦੇ, ਦੇਖੋ, ਕਿੱਕਰ ਦੇ ਬੀਜ ਕਿੰਨੇ ਸੋਹਣੇ ਕੂਲੇ ਹੁੰਦੇ ਨੇ। ਹੱਥ ਲਾਓ ਤੇ ਬਹੁਤ ਸੋਹਣੇ ਲਗਦੇ ਨੇ ਤੇ ਸ਼ਕਲ ਕਿਹੋ ਜਿਹੀ ਹੈ, ਆਲੇ-ਦੁਆਲੇ ਹੋਰ ਧਾਰੀ ਹੈ, ਵਿੱਚ ਕਾਲੀ ਧਾਰੀ ਹੈ, ਫੇਰ ਵਿੱਚ

ਪੀਲੀ ਧਾਰੀ ਹੈ। ਦੇਖੋ ਦੇਖਣ ਨੂੰ ਕਿੰਨੇ ਲਗਦੇ ਨੇ, ਪਰ ਜਦੋਂ ਅਸੀਂ ਬੀਜ ਦਿੰਦੇ ਹਾਂ ਭੂਮੀਆਂ! ਫੇਰ ਕੀ ਹੁੰਦਾ ਹੈ?

ਕਹਿੰਦਾ, "ਮਹਾਰਾਜ! ਫੇਰ ਕਿੱਕਰ ਹੀ ਜੰਮਦੀ ਹੈ।"

ਪਰ ਜੇ ਕਿੱਕਰ ਬੀਜ ਕੇ ਕੋਈ ਕਹੇ ਕਿ ਮੈਨੂੰ ਅੰਗੂਰ ਮਿਲ ਜਾਣ, ਮਿਲ ਜਾਣਗੇ?

ਸੋਚ ਕੇ ਕਹਿਣ ਲੱਗਿਆ ਕਿ ਨਹੀਂ ਮਹਾਰਾਜ। ਕਿੱਕਰ ਨੇ ਤਾਂ ਬੀਜੀ ਹੋਈ ਨੇ ਕਿੱਕਰ ਹੀ ਬਣਨਾ ਹੈ। ਅੰਗੂਰ ਤਾਂ ਬੀਜਣੇ ਪੈਂਦੇ ਨੇ ਤਾਂ ਵੇਲ ਬਣਦੀ ਹੈ, ਨਹੀਂ ਤਾਂ ਬਣਦੀ ਨਹੀਂ। ਮਹਾਰਾਜ ਕਹਿੰਦੇ ਫੇਰ ਪਿਆਰਿਆ! ਸਾਨੂੰ ਜਵਾਬ ਦੇ ਇਸ ਗੱਲ ਦਾ –

***ਧਾਰਨਾ – ਕਿੱਥੋਂ ਭਾਲਦੈਂ ਤੂੰ ਦਾਖ ਬਿਜੌਰੀਆਂ,***
***ਕਿੱਕਰਾਂ ਦੇ ਬੀਜ ਬੀਜ ਕੇ।***

***ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥***
***ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥ ਅੰਗ – 1379***

ਦੋਵੇਂ ਹੱਥ ਬੰਨ੍ਹੀਂ ਬੈਠਾ ਹੈ, ਅੱਜ ਪਹਿਲਾ ਦਿਨ ਹੈ, ਕਿਸੇ ਨੇ ਸਵਾਲ ਕਰਿਆ। ਸਾਧੂ ਆਉਂਦੇ ਨੇ ਸੇਵਾ ਕਰਦਾ ਹੈ, ਦੁੱਧ ਪਿਲਾਉਂਦਾ ਹੈ, ਪ੍ਰਸ਼ਾਦਾ ਛਕਾਉਂਦਾ ਹੈ, ਹੋਰ ਮੇਵੇ ਵਗੈਰਾ ਭੇਟ ਕਰਦਾ ਹੈ, ਖੁਸ਼ਕ ਮੇਵੇ ਭੇਟ ਕਰਦਾ ਹੈ ਤੇ ਪ੍ਰਸੰਸਾ ਕਰਦੇ ਨੇ ਕਿ ਭੂਮੀਆਂ! ਤੇਰੇ ਵਰਗਾ ਦਾਨੀ ਕੋਈ ਨਹੀਂ ਹੈ। ਵਾਹ ਬਈ ਵਾਹ ਤੂੰ ਤਾਂ ਆਪਣਾ ਜਨਮ ਸਫਲਾ ਕਰ ਲਿਆ।

ਪਰ ਅੱਜ ਆ ਗਿਆ ਸਤਿ ਬਾਤ ਕਹਿਣ ਵਾਲਾ। ਜਿਹਦੇ ਸਾਮ੍ਹਣੇ ਆਪ ਵੀ ਝੂਠ ਨਾ ਬੋਲ ਸਕਿਆ।

ਕਹਿਣ ਲੱਗਿਆ ਕਿ ਮੈਂ ਕਹਿ ਦੇਣਾ ਸੀ ਕਿ ਮੈਂ ਤਾਂ ਮਹਾਰਾਜ! ਖੇਤੀਬਾੜੀ ਕਰਦਾ ਹਾਂ। ਪਰ ਕਹਿ ਕਿਵੇਂ ਸਕਦਾ ਸੀ ਸੱਚ ਦੇ ਸਾਮ੍ਹਣੇ ਝੂਠ ਖੜ੍ਹ ਨਹੀਂ ਸੀ ਸਕਦਾ। ਚਾਰ ਅਵਸਥਾ ਹੁੰਦੀਆਂ ਨੇ ਬੰਦੇ ਦੀਆਂ। ਪਰਾ ਬਾਣੀ ਜਿਹੜੀ ਹੈ ਉਹਦੇ ਵਿੱਚ ਸੱਚ ਬੋਲਦਾ ਹੈ, ਪਸੰਤੀ ਬਾਣੀ 'ਚ ਸੱਚ ਬੋਲਦਾ ਹੈ, ਮਧਮਾ ਬਾਣੀ 'ਚ ਆ ਕੇ ਝੂਠ ਰਲਦਾ ਹੈ ਉਹਦੇ ਨਾਲ ਤੇ ਜਦੋਂ ਬੈਖਰੀ 'ਚ ਆਉਂਦਾ ਹੈ ਜਿਵੇਂ ਮੈਂ ਬੋਲ ਰਿਹਾ ਹਾਂ, ਇਹਨੂੰ ਬੈਖਰੀ ਬਾਣੀ ਕਹਿੰਦੇ ਨੇ ਇਹਦੇ ਵਿੱਚ ਫੇਰ ਸਾਰਾ ਹੀ ਝੂਠ ਬੋਲ ਸਕਦਾ ਹੈ। ਅੰਦਰੋਂ ਤਾਂ ਨਹੀਂ ਬੋਲਦਾ। ਆਹ ਜਿਹੜੀ ਸਾਇੰਸ ਨੇ ਤਰੱਕੀ ਕਰ ਲਈ, ਟੈਕਨੋਲੋਜੀ ਐਨੀ ਆ ਗਈ ਕਿ ਆਦਮੀ ਦੇ ਖਿਆਲ ਨੂੰ ਮਸ਼ੀਨ ਦੇ ਉਤੇ ਲੈ ਲਿਆ ਉਹਨਾਂ ਨੇ, ਉਹਦੇ ਉਤੇ ਲਕੀਰਾਂ ਪੈਂਦੀਆਂ ਨੇ ਜਿਵੇਂ ਈ.ਸੀ.ਜੀ ਦੀਆਂ ਪੈਂਦੀਆਂ ਹੁੰਦੀਆਂ।

ਉਹ ਇੱਕ ਦਮ ਸਵਾਲ ਕਰੀ ਜਾਂਦੇ ਹੁੰਦੇ ਨੇ ਕਿ ਤੂੰ ਚੋਰੀ ਕਰੀ, ਤੂੰ ਆਹ ਗੱਲ ਕਰੀ, ਅੰਦਰੋਂ ਤਾਂ ਸੱਚ ਬੋਲਦਾ ਹੈ, ਕਹਿੰਦੇ, ਬੋਲੀ ਨਾ ਚੁੱਪ ਕਰ ਖੜ੍ਹਾ ਰਹਿ। ਸਵਾਲ ਕਰੀ ਜਾਂਦੇ ਨੇ, ਅੰਦਰੋਂ ਜਵਾਬ ਆਉਂਦਾ ਹੈ, ਸਭ ਦੇ ਆਉਂਦਾ ਹੈ। ਕੋਈ ਕਹੇ ਕਿ ਮੈਂ ਨਹੀਂ ਜਵਾਬ ਦਿੰਦਾ।

ਉਹਨੂੰ ਕੋਈ ਰੋਕ ਨਹੀਂ ਸਕਦਾ, ਓਸ ਬੋਲੀ ਨੂੰ। ਹਰ ਬੰਦਾ ਕਹੇਗਾ। ਉਤੋਂ ਪਿਆ ਕਹਿ ਦੇ ਕਿ ਮੈਂ ਚੋਰੀ ਨਹੀਂ ਕਰੀ, ਅੰਦਰੋਂ ਤਾਂ ਕਹੇਗਾ ਕਿ ਹਾਂ ਕਰੀ ਹੈ। ਅੰਦਰੋਂ ਤਾਂ ਝੂਠ ਕੋਈ ਬੋਲ ਨਹੀਂ ਸਕਦਾ। ਗੁਰੂ ਨਾਨਕ ਦੇ ਸਾਮ੍ਹਣੇ ਬਾਹਰ ਵੀ ਨਹੀਂ ਸੀ ਬੋਲ ਸਕਦਾ।

ਸੋ ਇਸ ਕਰਕੇ ਕਹਿਣ ਲੱਗਿਆ, ਗੱਲ ਤਾਂ ਤੁਹਾਡੀ ਜਾਇਜ਼ ਹੈ ਜੀ, ਕਹਿੰਦੇ ਫੇਰ ਫਲ ਤੈਨੂੰ ਮਿਲਿਆ ਕਿ ਉਨ੍ਹਾਂ ਨੂੰ ਮਿਲਿਆ ਜਿਨ੍ਹਾਂ ਤੋਂ ਤੂੰ ਖੋਹ ਕੇ ਲਿਆਉਂਦਾ ਹੈਂ। ਕਹਿੰਦਾ, ਫੇਰ ਮਹਾਰਾਜ! ਮੈਨੂੰ ਕੁਛ ਵੀ ਨਾ ਮਿਲਿਆ? ਕਹਿੰਦੇ, ਮਿਲਿਆ ਤੈਨੂੰ ਵੀ, ਤੈਨੂੰ ਮਿਲਿਆ ਤੇਰੇ ਕਰਮਾਂ ਦਾ ਫਲ –

***ਧਾਰਨਾ – ਫਲ ਦਿੱਤਿਆਂ ਬਾਝ ਨਾ ਜਾਣਾ,***
***ਤੇਰਿਆਂ ਕਰਮਾਂ ਨੇ ਪਿਆਰਿਆ।***
***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥***
***ਅੰਗ – 433***

ਸੱਚੇ ਪਾਤਸ਼ਾਹ! ਫੇਰ ਮੈਨੂੰ ਕੀ ਮਿਲੇਗਾ। ਫਲ ਤਾਂ ਉਹ ਲੈ ਗਏ ਸਾਰਾ, ਦਿੰਦਾ ਤਾਂ ਮੈਂ ਹਾਂ। ਮਹਾਰਾਜ ਕਹਿੰਦੇ, ਤੈਨੂੰ ਵੀ ਪਿਆਰਿਆ! ਫਲ ਮਿਲੇਗਾ। ਤੂੰ ਖੋਹ ਖਿੰਝ ਕੀਤੀ ਹੈ, ਧਾੜੇ ਵੀ ਮਾਰੇ ਨੇ, ਦੁਖੀ ਕਰਿਆ ਹੈ ਸੰਸਾਰ ਨੂੰ। ਲੁੱਟ ਮਾਰ ਕਰੀ ਹੈ ਗਰੀਬਾਂ ਦੀ ਤੇ ਤੈਨੂੰ ਫਲ ਮਿਲੇਗਾ ਉਹਦਾ ਬਦਲਾ। ਉਹ ਤੇਰੇ ਜਿਹੜੇ ਪਾਪ ਕਰਮ ਨੇ ਉਹ ਤੇਰੇ ਸਾਮ੍ਹਣੇ ਆਉਣਗੇ। ਤੈਨੂੰ ਸਜ਼ਾ ਦੇਣਗੇ, ਫੇਰ ਤੂੰ ਰੋਵੇਂਗਾ, ਦੁਖੀ ਹੋਵੇਂਗਾ ਤੇ ਤੇਰਾ ਬਣਨਾ ਕੁਛ ਨਹੀਂ ਹੈ ਓਸ ਵੇਲੇ, ਐਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਜਿੰਦੇ ਰੋਵੇਂਗੀ ਤੇ ਰੋ-ਰੋ ਪਛੋਤਾਵੇਂਗੀ,***
***ਫੇਰ ਤੇਰਾ ਕੋਈ ਨਾ ਬਣੇ।***
***ਆਪੀਨੈ੍ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥***
***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥***
***ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥***
***ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥***
***ਮਨਿ ਅੰਧੈ ਜਨਮੁ ਗਵਾਇਆ ॥ ਅੰਗ – 464***

ਭੂਮੀਆਂ! ਤੈਨੂੰ ਇਹ ਚੀਜ਼ ਮਿਲੇਗੀ, ਕਿਉਂਕਿ ਤੂੰ ਧੱਕੇ ਕਰੇ ਨੇ, ਧਾੜੇ ਮਾਰੇ ਨੇ ਦੁਨੀਆਂ ਨੂੰ ਦੁੱਖ ਦਿੱਤਾ ਹੈ, ਇਹੀ ਦੁੱਖ ਤੇਰੇ ਪੱਲੇ ਹਜ਼ਾਰਾਂ ਗੁਣਾਂ ਵੱਡੇ ਹੋ ਕੇ ਪੈਣਗੇ। ਜਿਵੇਂ ਤੂੰ ਦੁਨੀਆਂ ਨੂੰ ਤਰਸਾਇਆ ਹੈ, ਰੋਂਦਿਆਂ ਨੂੰ ਛੱਡਿਆ ਹੈ ਐਸ ਤਰ੍ਹਾਂ ਰੋਵੇਂਗਾ ਤੂੰ ਅਗਲੇ ਜਨਮ 'ਚ ਜਾ ਕੇ। ਇਹ ਤੈਨੂੰ ਫਲ ਮਿਲ ਜਾਏਗਾ। ਬਾਕੀ ਜਿਹੜਾ ਅਨਾਜ ਦਾ ਫਲ ਹੈ, ਖੋਹਿਆ ਹੋਇਆ ਤੂੰ ਵੰਡਿਆ, ਇਹ ਤਾਂ ਪਿਆਰਿਆ! ਉਨ੍ਹਾਂ ਨੂੰ ਜਾਏਗਾ।

ਕੰਬ ਗਿਆ ਉਸ ਵੇਲੇ, ਆਹ ਹਾਲ ਹੋਏਗਾ ਮੇਰਾ? ਮੈਂ ਤਾਂ ਸੱਚੇ ਪਾਤਸ਼ਾਹ! ਅੱਜ ਤੱਕ ਸਮਝਦਾ ਸੀ ਕਿ ਮੈਂ ਬੜਾ ਦਾਨੀ ਹਾਂ।

ਫੇਰ ਦੂਜਾ ਮਹਾਰਾਜ! ਜਿਨ੍ਹਾਂ ਕੋਲ ਹੈ ਉਨ੍ਹਾਂ ਕੋਲੋਂ ਹੀ ਖੋਂਹਦਾ ਹਾਂ, ਉਹ ਤਾਂ ਵੰਡਦੇ ਨਹੀਂ ਤੇ ਮੈਂ ਵੰਡਦਾ ਹਾਂ।

ਕਹਿੰਦੇ ਨਹੀਂ ਬਈ, ਕਦੇ ਪਾਪ ਨੂੰ ਪੁੰਨ ਦਾ ਫਲ ਮਿਲਿਆ ਹੈ? ਤੂੰ ਆਪ ਹੀ ਦੱਸ? ਬੀਜੇਂ ਪਾਪ ਤੇ ਮਿਲੇ ਤੈਨੂੰ ਪੁੰਨ, ਉਹ ਤਾਂ ਮਿਲਦਾ ਨਹੀਂ ਹੈ। ਇਹ ਤਾਂ ਜਿਹੜੇ ਤੂੰ ਕਰਮ ਕਰਦਾ ਹੈਂ ਇਹ ਭੋਗੇ ਬਿਨਾਂ ਨਹੀਂ ਜਾਣੇ ਹਨ, ਤੈਨੂੰ ਭੋਗਣੇ ਪੈਣੇ ਨੇ।

ਗੁਰੂ ਦਸਵੇਂ ਪਾਤਸ਼ਾਹ ਨੂੰ ਸਿੰਘਾਂ ਨੇ ਪੁੱਛਿਆ ਕਿ ਸੱਚੇ ਪਾਤਸ਼ਾਹ! ਸਾਨੂੰ ਕਰਮਾਂ ਦੀ ਗੱਲ ਨਹੀਂ ਸਮਝ ਪੈਂਦੀ। ਕਰਮ-ਕਰਮ ਸਾਰੇ ਹੀ ਕਰੀ ਜਾਂਦੇ ਨੇ, ਤੇਰੇ ਕਰਮ-ਤੇਰੇ ਕਰਮ। ਸਾਨੂੰ ਗੱਲ ਨਹੀਂ ਸਮਝ ਪੈਂਦੀ ਕਿ ਕੀ ਕਰੀਏ, ਕਰਮਾਂ ਦੀ ਸਾਨੂੰ ਕੋਈ ਸੋਝੀ ਨਹੀਂ। ਕਦੇ ਅਸੀਂ ਕਿਵੇਂ ਸੋਚਦੇ ਹਾਂ, ਕਦੇ ਕਿਵੇਂ।

ਮਹਾਰਾਜ ਕਹਿੰਦੇ, ''ਪ੍ਰੇਮੀਓ! ਭਾਈ ਦਇਆ ਸਿੰਘ ਜੀ ਸਾਡਾ ਹੀ ਰੂਪ ਨੇ, ਇਹਨਾਂ ਨੂੰ ਪੁੱਛ ਲਓ ਤੁਸੀਂ।''

ਭਾਈ ਦਇਆ ਸਿੰਘ ਜੀ ਵਲ ਇਸ਼ਾਰਾ ਕਰਿਆ। ਆਪ ਨੇ ਨਮਸ਼ਕਾਰ ਕਰੀ ਕਿ ਪਾਤਸ਼ਾਹ! ਤੁਸੀਂ ਹੀ ਬੋਲਣਾ ਹੈ ਏਸ ਸਰੀਰ ਵਿੱਚ ਵੀ। ਕਹਿੰਦੇ ਹਾਂ ਦੱਸੋ, ਇਹਨਾਂ ਨੂੰ।

ਭਾਈ ਸਾਹਿਬ ਕਹਿਣ ਲੱਗੇ, ਦੇਖੋ, ਪ੍ਰੇਮੀਓ! ਆਦਮੀ ਕੋਈ ਕੰਮ ਕਰਦਾ ਹੈ, ਚੰਗਾ ਕਰਦਾ ਹੈ, ਮਾੜਾ ਕਰਦਾ ਹੈ। ਇਹਨਾਂ ਨੂੰ ਕਰਮ ਕਹਿੰਦੇ ਨੇ। ਚੰਗੇ ਦਾ ਫਲ ਚੰਗਾ ਮਿਲਦਾ ਹੈ, ਹਜ਼ਾਰਾਂ ਗੁਣਾਂ ਵਧ ਕੇ ਮਾੜੇ ਦਾ ਮਾੜਾ ਮਿਲਦਾ ਹੈ। ਦਾਨ ਕਰਦਾ ਹੈ, ਚੰਗਾ ਕੰਮ ਹੈ ਤੇ ਇਹਦਾ ਫਲ 70 ਗੁਣਾਂ ਵਧ ਜਾਇਆ ਕਰਦਾ ਹੈ। ਦੁਨੀਆਂ 'ਚ ਲੈਣਾ ਹੈ ਦੱਸ ਗੁਣਾਂ ਵੱਧ ਜਾਂਦਾ ਹੈ, ਦਰਗਾਹ 'ਚ ਲੈਣਾ ਹੈ 70 ਗੁਣਾਂ ਵੱਧ ਜਾਂਦਾ ਹੈ। ਗੁਰੂਆਂ ਨੂੰ, ਮਹਾਂਪੁਰਸ਼ਾਂ ਨੂੰ ਕੀਤਾ ਹੋਇਆ ਹਜ਼ਾਰਾਂ ਗੁਣਾਂ ਵਧ ਜਾਇਆ ਕਰਦਾ ਹੈ। ਕਹਿੰਦੇ, ਧਿਆਨ ਨਾਲ ਸੁਣੋ, ਤੁਹਾਨੂੰ ਕਰਮਾਂ ਦਾ ਵੇਰਵਾ ਦਸਦੇ ਹਾਂ, ਇਹਨਾਂ ਦੀਆਂ ਕਈ ਕਿਸਮਾਂ ਨੇ ਪਹਿਲਾ ਕਰਮ ਜਿਹੜਾ ਹੈ ਉਹਨੂੰ 'ਕਾਇਕ ਕਰਮ' ਕਹਿੰਦੇ ਨੇ। ਇਹ ਰੋਜ਼ ਕਰਨੇ ਪੈਂਦੇ ਨੇ। ਅੰਮ੍ਰਿਤ ਵੇਲੇ ਜਾਗਣਾ, ਜਾਗ ਕੇ ਇਸ਼ਨਾਨ ਕਰਨਾ, ਦਾਤਨ, ਕੁਰਲਾ ਕਰਨਾ, ਸਰੀਰ ਨੂੰ ਪਵਿੱਤਰ ਕਰਨੇ, ਸ਼ੁੱਧ ਵਸਤਰ ਪਹਿਨਣੇ, ਬਦਬੂਦਾਰ ਨਾ ਪਹਿਨਣੇ, ਇਹਦੇ ਨਾਲ ਕੀ ਹੁੰਦਾ ਹੈ ਸਰੀਰ ਤੰਦਰੁਸਤ ਹੁੰਦਾ ਹੈ। ਨਹੀਂ ਤਾਂ ਸਰੀਰ ਬੀਮਾਰ ਹੋ ਜਾਂਦਾ ਹੈ। ਕੇਸੀਂ ਇਸ਼ਨਾਨ ਕਰਨਾ ਸਮੇਂ ਸਿਰ। ਸੋ ਇਹ ਕਾਇਕ ਕਰਮ ਨੇ ਜਿਹੜੇ ਰੋਜ਼ ਕਰਨੇ ਪੈਂਦੇ ਨੇ। ਘਰ ਦੀ ਸਫਾਈ ਕਰਨੀ, ਆਲਾ-ਦੁਆਲਾ ਸਾਫ ਰੱਖਣਾ। ਇਹ ਜੇ ਨਾ ਰੱਖੋ ਤਾਂ ਕਹਿੰਦੇ ਬੀਮਾਰੀ ਫੈਲ ਜਾਂਦੀ ਹੈ। ਘਰ ਨੂੰ ਝਾੜੂ ਨਾ ਦਿਓ, ਘਰ ਵਿਚੋਂ ਕੂੜ-ਕੁਬਾੜ ਪਿਆ ਰਹਿਣ ਦਿਓ, ਲੱਖਾਂ ਹੀ ਮੱਖੀਆਂ ਉਥੇ ਪੈਦਾ ਹੋ ਜਾਣਗੀਆਂ ਤੇ ਬੀਮਾਰੀ ਸ਼ੁਰੂ ਹੋ ਜਾਏਗੀ ਉਸ ਵੇਲੇ ਕਿਉਂਕਿ ਉਹ ਜ਼ਰਮ ਲੈ ਕੇ ਆਉਣਗੀਆਂ, ਪੈਰਾਂ ਨਾਲ ਲਾ ਕੇ। ਉਹ ਸਾਡੀ ਰੋਟੀ 'ਤੇ ਬੈਠਣਗੀਆਂ, ਉਥੇ ਬੀਮਾਰੀ ਹੋ

ਜਾਏਗੀ। ਏਸ ਕਰਕੇ ਕਾਇਕ ਕਰਮ ਕਰਨੇ ਆਪਣੇ ਵਾਸਤੇ ਜ਼ਰੂਰੀ ਹੁੰਦੇ ਨੇ। ਨਾਲ ਦੀ ਨਾਲ ਫਲ ਦਿੰਦੇ ਨੇ।

ਦੂਸਰੇ ਕਰਮ ਹੋਇਆ ਕਰਦੇ ਕਿ ਸਾਨੂੰ ਕੋਈ ਔਕੜ ਆ ਗਈ, ਵਿਘਨ ਪੈ ਗਿਆ, ਕੰਮ ਕਰਦੇ ਹਾਂ ਉਹ ਕੰਮ ਸਿਰੇ ਨਹੀਂ ਚੜ੍ਹਦਾ। ਅਖੀਰ ਦੇ ਉਤੇ ਵਿਘਨ ਪੈਂਦਾ ਹੈ, ਦੁਕਾਨ ਕਰੀ ਹੈ, ਚੰਗੇ ਭਲੇ ਗਾਹਕ ਨੇ, ਸਭ ਕੁਛ ਹੈ, ਕੁਛ ਬਣਦਾ ਹੀ ਨਹੀਂ ਆ ਕੇ ਲੈਂਦੇ ਹੀ ਨਹੀਂ। ਕਾਰੋਬਾਰ ਕਰਿਆ ਹੈ, ਖੇਤੀ ਕਰੀ ਹੈ, ਫਲ ਨਹੀਂ ਚੰਗਾ ਪੈਂਦਾ, ਉਹਦੇ ਵਾਸਤੇ ਫੇਰ ਅਸੀਂ ਕਰਮ ਕਰਦੇ ਹਾਂ। ਬਾਬਾ ਜੀ ਕੋਲ ਆਉਂਦੇ ਨੇ ਕਿ ਜੀ ਮੱਝ ਦੁੱਧ ਨਹੀਂ ਦਿੰਦੀ। ਮੈਂ ਕਿਹਾ ਕਿ ਤੂੰ ਐਸ ਤਰ੍ਹਾਂ ਕਰ ਪੰਜ ਸਿੰਘਾਂ ਨੂੰ ਬੁਲਾ ਕੇ ਪਿਆਰ ਨਾਲ ਪ੍ਰਸ਼ਾਦਾ ਛਕਾ ਦੇ ਐਸ ਤਰ੍ਹਾਂ ਸਮਝ ਲੈ ਕਿ ਗੁਰੂ ਨਾਨਕ ਪਾਤਸ਼ਾਹ ਮੇਰੇ ਘਰ ਆ ਗਏ। ਐਨੀ ਸ਼ਰਧਾ ਨਾਲ ਜਦੋਂ ਛਕਾਏਂਗਾ, ਤੇਰਾ ਕੰਮ ਬਣ ਜਾਏਗਾ। ਬਹੁਤਾ ਹੋ ਗਿਆ ਜੀ ਘਰ ਵਿੱਚ ਕਲੇਸ਼ ਹੈ ਜੀ, ਪਤਾ ਨਹੀਂ ਕੀ ਹੋ ਗਿਆ ਜੀ, ਉਲਟੇ ਰਸਤੇ ਪਏ ਹੋਏ ਹਾਂ, ਭਾਈ ਪ੍ਰੇਤ ਰੂਹ ਤੰਗ ਕਰ ਰਹੀ ਹੈ ਸਾਨੂੰ। ਉਹਦੀ ਗਤੀ ਕਰਾ ਦਿਓ। ਗਤੀ ਕਰਾਉਣ ਵਾਸਤੇ ਵਿਧੀ ਨਾਲ ਅਖੰਡਪਾਠ ਹੋ ਜਾਂਦਾ ਹੈ ਇਹਨੂੰ 'ਨਮਿੱਤ ਕਰਮ' ਕਹਿੰਦੇ ਨੇ, ਕਿਸੇ ਕੰਮ ਨੂੰ ਸਿਰੇ ਚਾੜ੍ਹਨ ਵਾਸਤੇ ਕਰਮ ਕਰਨਾ ਉਹ ਨਮਿੱਤ ਹੋਇਆ ਕਰਦਾ ਹੈ। ਤੀਸਰਾ ਹੋਇਆ ਕਰਦਾ ਹੈ, ਕੋਈ ਗਲਤੀ ਹੋ ਗਈ, ਭੁੱਲ ਹੋ ਗਈ, ਮਹਾਂਪੁਰਸ਼ਾਂ ਨੇ ਦਸ ਦਿੱਤਾ ਕਿ ਤੂੰ ਬਹੁਤ ਮਾੜੀ ਗੱਲ ਕਰੀ, ਤੈਨੂੰ ਫਲ ਮਿਲੇਗਾ ਇਹਦਾ। ਉਸ ਵੇਲੇ ਅਰਦਾਸ ਕਰਦਾ ਹੈ ਕਿ ਮੈਨੂੰ ਬਚਾ ਲਓ, ਮੇਰੇ ਤੋਂ ਹੋ ਤਾਂ ਗਿਆ, ਪਛਤਾਵਾ ਕਰ ਰਿਹਾ ਹੈ। ਉਹ ਫੇਰ ਮਹਾਂਪੁਰਸ਼ ਦੱਸ ਦਿੰਦੇ ਨੇ ਕਿ ਤੂੰ ਭਾਈ! ਐਸ ਤਰ੍ਹਾਂ ਦੇ ਨਾਲ ਪਰਾਸ਼ਚਿਤ ਕਰਮ ਕਰ ਲੈ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਦੇ ਪਾਸ ਇੱਕ ਪ੍ਰੇਮੀ ਆਇਆ, ਆ ਕੇ ਚਰਨ ਫੜ ਲਏ ਰਾਤ ਨੂੰ ਆਇਆ ਤੇ ਆ ਕੇ ਮਹਾਰਾਜ ਜੀ ਬੈਠੇ ਸੀ ਭਜਨ ਕਰਦੇ, ਆ ਕੇ ਚਰਨ ਫੜ ਕੇ ਰੋਣ ਲੱਗ ਗਿਆ। ਮਹਾਰਾਜ ਕਹਿੰਦੇ, ''ਕੀ ਗੱਲ ਹੈ?''

ਕਹਿੰਦਾ, ''ਮਹਾਰਾਜ ਜੀ! ਮੈਂ ਕੀ ਦੱਸਾਂ, ਮੈਂ ਖੂਨੀ ਹਾਂ, ਮੇਰੇ ਤੋਂ ਖੂਨ ਹੋ ਗਿਆ। ਬੰਦਾ ਮਾਰ ਦਿੱਤਾ ਮੈਂ ਤੇ ਜੇਲ੍ਹ ਵਿੱਚ ਅੱਠ ਸਾਲ ਹੋ ਗਏ, ਮੇਰੇ ਮੁਕਦਮੇ ਦਾ ਫੈਸਲਾ ਕੋਈ ਨਹੀਂ ਹੋਇਆ, ਇੱਕ ਦਿਨ ਦੀ ਛੁੱਟੀ ਮਸਾਂ ਲੈ ਕੇ ਮੈਂ ਪਰੋਲ ਤੇ ਆਇਆ ਹਾਂ, ਮੈਂ ਸਵੇਰੇ ਹੀ ਹਾਜ਼ਰ ਹੋ ਜਾਣਾ ਹੈ ਤੇ ਮੇਰੇ 'ਤੇ ਕ੍ਰਿਪਾ ਕਰ ਦਿਓ।''

ਮਹਾਰਾਜ ਕਹਿੰਦੇ, ''ਤੈਨੂੰ ਪ੍ਰਸ਼ਚਿਤ ਕਰਨਾ ਪਵੇਗਾ। ਉਹਦੀ ਰੂਹ ਜਿਹੜੀ ਹੈ ਉਹ ਤੇਰੇ ਤੋਂ ਬਦਲਾ ਲੈ ਰਹੀ ਹੈ ਤੇ ਤੂੰ ਪ੍ਰਾਸ਼ਚਿਤ ਕਰ।''

ਕਹਿੰਦਾ, ''ਮਹਾਰਾਜ ਜੀ! ਕਿਸ ਤਰ੍ਹਾਂ ਕਰਾਂ?''

ਮਹਾਰਾਜ ਜੀ ਨੇ ਕਿਹਾ ਕਿ ਤੂੰ ਸਵੇਰੇ ਅੰਮ੍ਰਿਤ ਵੇਲੇ ਉੱਠੀਂ, ਤਿੰਨ

ਵਜੇ ਉੱਠ ਜਾਇਆ ਕਰ, ਇਸ਼ਨਾਨ ਕਰ ਲਿਆ ਜਾਂ ਜਦੋਂ ਕਹਿਣ ਮੂੰਹ ਹੱਥ ਧੋ ਕੇ ਸੁਚੇਤ ਹੋ ਜਾਇਆ ਕਰ। ਉਸ ਤੋਂ ਬਾਅਦ 'ਜਪੁਜੀ ਸਾਹਿਬ' ਪੜ੍ਹਨ ਲੱਗ ਜਾਇਆ ਕਰ। ਸੂਰਜ ਛਿਪਦੇ ਤਾਈਂ 'ਜਪੁਜੀ ਸਾਹਿਬ' ਪੜ੍ਹੀਂ ਜਾਈਂ। ਵਿਚੇ ਹੀ ਮਜ਼ੂਰੀ, ਕੰਮ ਕਰਾਉਣਗੇ ਤੇਰੇ ਤੋਂ, ਖਾਣਾ ਪੀਣਾ ਕਰਦਾ ਪੜ੍ਹੀਂ ਜਾਈਂ, ਸੁਰਤ ਉਧਰ ਲਾਈਂ ਤੇ ਜਿਸ ਦਿਨ ਪ੍ਰਾਸ਼ਚਿਤ ਪੂਰਾ ਹੋ ਜਾਏਗਾ, ਉਸ ਦਿਨ ਤੈਨੂੰ ਆਪੇ ਹੀ ਪਤਾ ਲੱਗ ਜਾਏਗਾ। ਸਾਲ ਭਰ ਹੋ ਗਿਆ ਉਹਨੂੰ, ਜਪੁਜੀ ਸਾਹਿਬ ਉਹ ਅੰਮ੍ਰਿਤ ਵੇਲੇ ਸ਼ੁਰੂ ਕਰ ਲਿਆ ਕਰੇ, ਪੈਣ ਵੇਲੇ ਪੈ ਜਾਇਆ ਕਰੇ, ਉੱਠਦਾ ਹੀ ਫੇਰ ਸ਼ੁਰੂ ਕਰ ਲਏ ਕਿਉਂਕਿ ਦੂਜੇ ਪਾਸੇ ਨਜ਼ਰ ਆਉਂਦਾ ਸੀ, ਵਕੀਲ ਕਹਿੰਦੇ ਸੀ ਕਿ ਤੈਨੂੰ ਫਾਂਸੀ ਹੋ ਜਾਏਗੀ। ਕਿਉਂਕਿ ਸਬੂਤ ਐਹੋ ਜਿਹੇ ਮਜ਼ਬੂਤ ਮਿਲਣੇ ਨੇ, ਤੈਨੂੰ ਮੌਤ ਦੀ ਸਜ਼ਾ ਮਿਲ ਜਾਏਗੀ। ਦਿਨ ਰਾਤ ਡਰ ਕੇ ਜਪੁਜੀ ਸਾਹਿਬ ਦੇ ਪਾਠ ਕਰਦਾ ਹੈ। ਮਹਾਰਾਜ ਕਹਿੰਦੇ ਨੇ –

***ਕਬੀਰ ਕਾਮ ਪਰੇ ਹਰਿ ਸਿਮਰੀਐ ਐਸਾ ਸਿਮਰਹੁ ਨਿਤ ॥***

***ਅੰਗ – 1373***

ਕੰਮ ਪੈਣ 'ਤੇ ਤਾਂ ਬੰਦਾ ਸਿਮਰਦਾ ਹੈ, ਜੇ ਕਿਤੇ ਚੰਗਾ ਭਲਾ ਸਿਮਰੇ, ਚੰਗਾ ਭਲਾ ਪਾਠ ਕਰੇ ਤਾਂ ਕਹਿੰਦੇ ਅਮਰਾਪੁਰ ਵਾਸਾ ਕਰਦਾ ਹੈ –

***ਅਮਰਾ ਪੁਰ ਬਾਸਾ ਕਰਹੁ ਹਰਿ ਗਇਆ ਬਹੋਰੈ ਬਿਤ ॥***

***ਅੰਗ – 1373***

ਉਹਨੂੰ ਅਮਰਾਪੁਰ ਜਾ ਕੇ ਵਾਹਿਗੁਰੂ ਦੇ ਦਰ ਵਿੱਚ, ਵਾਹਿਗੁਰੂ ਦੀ ਦਰਗਾਹ ਵਿੱਚ ਉਹਨੂੰ ਥਾਂ ਮਿਲ ਜਾਂਦਾ ਹੈ। ਜੇ ਕਿਤੇ ਊਵੇਂ ਜਿਵੇਂ ਕਰਮ ਕਰੇ, ਜਿਵੇਂ ਇਹ ਕਰਦਾ ਹੈ ਦੁੱਖ ਪੈਣ 'ਤੇ। ਭੁੱਲ ਜਾਂਦੇ ਨੇ, ਕੰਮ ਠੀਕ ਹੋ ਜਾਂਦਾ ਹੈ।

ਮੇਰੇ ਕੋਲ ਆਉਂਦੇ ਨੇ ਕਿ ਬਾਬਾ ਜੀ! ਹੁਣ ਪਾਠ ਤਾਂ ਮੇਰੇ ਪੂਰੇ ਹੋ ਗਏ।

ਮੈਂ ਕਿਹਾ ਕੰਮ?

ਕਹਿੰਦੇ, "ਕੰਮ ਤਾਂ ਹੋ ਗਿਆ ਸਾਡਾ ਠੀਕ।"

"ਬੀਮਾਰੀ?"

ਕਹਿੰਦੇ ਨੇ ਬੀਮਾਰੀ ਵੀ ਹਟ ਗਈ।

ਮੈਂ ਕਿਹਾ, "ਪ੍ਰੇਮੀਆਂ! ਜਿਹੜੀ ਬਾਣੀ ਨੇ ਤੁਹਾਡੀ ਬੀਮਾਰੀ ਹਟਾ ਦਿੱਤੀ, ਤੂੰ ਉਹਨੂੰ ਕਿਉਂ ਛੱਡਦਾ ਹੈਂ, ਪਰ ਦੇਖਿਆ ਇਹ ਗਿਆ ਹੈ ਕਿ ਛੱਡ ਦਿੰਦੇ ਨੇ, ਬਿਲਕੁਲ ਹੀ ਨਹੀਂ ਧਿਆਨ ਦਿੰਦੇ। ਮਹਾਰਾਜ ਕਹਿੰਦੇ, ਜੇ ਤੂੰ ਏਸੇ ਤਰ੍ਹਾਂ ਕਰੀਂ ਜਾਵੇਂ ਤਾਂ ਫੇਰ ਤੈਨੂੰ ਦਰਗਾਹ 'ਚ ਵਾਸਾ ਮਿਲੇਗਾ। ਤੈਨੂੰ ਦਰਗਾਹ 'ਚ ਥਾਂ ਮਿਲ ਜਾਏਗਾ।

ਸੋ ਉਹ ਪ੍ਰੇਮੀ ਉਸੇ ਤਰ੍ਹਾਂ ਕਰੀ ਗਿਆ ਕਿਉਂਕਿ ਵਕਤ ਪਿਆ

ਹੋਇਆ ਸੀ। ਇੱਕ ਦਿਨ ਸੁਪਨਾ ਆਇਆ ਉਸਨੂੰ। ਉਹੀ ਬੰਦਾ ਉਹਨੂੰ ਸੁਪਨੇ 'ਚ ਮਿਲਿਆ, ਕਹਿੰਦਾ ਲੈ ਬਈ, ਪ੍ਰੇਮੀਆਂ! ਤੂੰ ਐਨਾ ਪੁੰਨ ਕਰ ਦਿੱਤਾ ਕਿ ਮੇਰੀ ਆਤਮਾ ਸ਼ਾਂਤ ਹੋ ਗਈ ਹੈ ਤੇ ਮੈਂ ਵੈਰ ਲੈਣ ਦਾ ਖਿਆਲ ਛੱਡ ਦਿੱਤਾ ਤੇ ਹੁਣ ਤੈਨੂੰ ਕੁਛ ਨਹੀਂ ਹੋਣਾ। ਚੌਥੇ ਪੰਜਵੇਂ ਦਿਨ ਉਹਨੂੰ ਆਰਡਰ ਆ ਗਿਆ ਕਿ ਬਰੀ ਕਰ ਦਿੱਤਾ। ਜਿੱਥੇ ਫਾਂਸੀ ਹੋ ਰਹੀ ਸੀ। ਮਹਾਰਾਜ ਜੀ ਕੋਲ ਆ ਗਿਆ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਮੈਂ ਤਾਂ ਬਰੀ ਹੋ ਗਿਆ। ਕਹਿੰਦੇ, ਲੈ ਪਿਆਰਿਆ! ਹੁਣ ਤੂੰ ਭੁੱਲੀਂ ਨਾ, ਪ੍ਰਮੇਸ਼ਰ ਨੂੰ ਯਾਦ ਰੱਖੀਂ। ਇਹਨੂੰ ਪ੍ਰਾਸ਼ਚਿਤ ਕਰਮ ਕਹਿੰਦੇ ਨੇ। ਗਲਤੀ ਹੋ ਜਾਂਦੀ ਹੈ ਆਦਮੀ ਤੋਂ ਫੇਰ ਪ੍ਰਾਸ਼ਚਿਤ ਕਰਦਾ ਹੈ।

ਇੱਕ ਕਰਮ ਐਸੇ ਨੇ ਜਿਹੜਾ ਕਰਮ ਸਾਨੂੰ ਕਰਨਾ ਹੀ ਚਾਹੀਦਾ ਹੈ। ਉਹ ਜੇ ਨਾ ਕਰੀਏ ਤਾਂ ਪਾਪ ਲਗਦਾ ਹੈ, ਕਰੀਏ ਤਾਂ ਉਹ ਸਾਡੀ ਡਿਊਟੀ ਬਣਦੀ ਹੈ। ਉਹ ਇਹ ਹੈ ਕਿ ਸਾਡੇ ਜਿਹੜੇ ਬਜ਼ੁਰਗ ਸਾਨੂੰ ਛੱਡ ਕੇ ਚਲੇ ਗਏ, ਬਹੁਤ ਸਾਰੇ ਤਾਂ ਸੋਝੀ ਨਾ ਹੋਣ ਕਰਕੇ ਭੂਤ-ਪ੍ਰੇਤ ਬਣੇ ਫਿਰਦੇ ਨੇ। ਬਹੁਤ ਸਾਰੇ ਜਿਹੜੇ ਚੰਗੇ ਨੇ ਉਹ ਉਪਰ ਲੋਕਾਂ 'ਚ ਚਲੇ ਗਏ। ਉਨ੍ਹਾਂ ਨੇ ਸਾਨੂੰ ਜ਼ਮੀਨ ਜਾਇਦਾਦ ਦਿੱਤੀ ਹੈ, ਸਾਨੂੰ ਪਾਲਿਆ-ਪੋਸਿਆ ਹੈ। ਵੱਡੇ ਕਰਿਆ ਹੈ। ਸਾਡਾ ਫਰਜ਼ ਇਹ ਬਣਦਾ ਹੈ ਕਿ ਉਨ੍ਹਾਂ ਦੇ ਨਮਿੱਤ ਜ਼ਰੂਰ ਕੋਈ ਪਾਠ ਵਗੈਰਾ, ਕੋਈ ਦਾਨ ਕਰੀਏ ਤਾਂ ਕਿ ਉਨ੍ਹਾਂ ਦੀ ਸਹਾਇਤਾ ਹੋ ਜਾਏ। ਜੇ ਭੂਤ ਵੀ ਬਣਿਆ ਹੋਇਆ ਹੈ ਤਾਂ ਉਹਨੂੰ ਵਿਚਾਰੇ ਨੂੰ ਛੁੱਟੀ ਮਿਲ ਜਾਵੇ ਓਸ ਜਨਮ 'ਚੋਂ। ਇਹ ਸਾਨੂੰ ਕਰਨਾ ਪੈਂਦਾ ਹੈ, ਇਹ ਸਾਡਾ ਫਰਜ਼ ਹੈ ਇਹ ਧਰਮ ਹੁੰਦਾ ਹੈ।

ਅਗਲਾ ਕਰਮ ਹੁੰਦਾ ਹੈ ਜਿਹਨੂੰ 'ਕਿਰਿਆਮਾਨ ਕਰਮ' ਕਹਿੰਦੇ ਨੇ। ਉਹ ਕਰਮ ਹੈ ਜਿਹੜਾ ਅਸੀਂ ਰੋਜ਼ ਕਰਦੇ ਹਾਂ, ਚੰਗੇ ਵੀ ਕਰਦੇ ਹਾਂ, ਮਾੜੇ ਵੀ ਕਰਦੇ ਹਾਂ, ਝੂਠ ਵੀ ਬੋਲ ਜਾਂਦੇ ਹਾਂ, ਨਿੰਦਿਆ ਵੀ ਕਰ ਦਿੰਦੇ ਹਾਂ, ਚੁਗਲੀ ਵੀ ਕਰ ਦਿੰਦੇ ਹਾਂ, ਉਹ ਕਿਰਿਆਮਾਨ ਕਰਮ ਹੁੰਦੇ ਨੇ। ਨਿੰਦਿਆ ਕਰਨ ਵਾਲੇ ਨੂੰ ਉਸੇ ਵੇਲੇ ਤਾਂ ਫਲ ਮਿਲਦਾ ਨਹੀਂ ਹੈ ਪਰ ਉਹਦੀ ਨਿੰਦਿਆ ਦਾ ਜਿਹੜਾ ਕਰਮ ਹੈ ਉਹ ਜਮ੍ਹਾਂ ਹੋ ਜਾਂਦਾ ਹੈ। ਜਮ੍ਹਾਂ ਹੋਣ ਨਾਲ ਕੀ ਹੁੰਦਾ ਹੈ, ਮਹਾਰਾਜ ਕਹਿੰਦੇ, ਉਹਨੂੰ ਬਹੁਤ ਮਾੜਾ ਫਲ ਮਿਲਦਾ ਹੈ, ਐਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਨਿੰਦਾ ਭਲੀ ਕਿਸੇ ਦੀ ਨਾਹੀ,***
***ਮਨਮੁਖ ਲੋਕੀ ਕਰਦੇ ਨੇ।***

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥***

***ਅੰਗ - 755***

ਨਿੰਦਿਆ ਕਰੀ ਚਾਰ ਉਂਗਲ ਦੀ ਜ਼ੁਬਾਨ ਨੇ, ਬੇਮਤਲਬੀ, ਨਾ ਜਾਣ ਨਾ ਕੋਈ ਪਹਿਚਾਣ। ਆਪਣਾ ਅੰਦਾਜ਼ਾ ਲਾ ਕੇ ਨਿੰਦਿਆ ਕਰ ਦਿੱਤੀ। ਫਲ ਕੀ ਹੁੰਦਾ ਹੈ ਮਹਾਰਾਜ ਕਹਿੰਦੇ, ਉਹ ਤਾਂ ਮਹਾਂ ਮੂਰਖ ਬੰਦੇ ਨੇ। ਪਹਿਲਾਂ ਤਾਂ ਜਿਹਦੀ ਨਿੰਦਿਆ ਕਰੀ ਹੈ ਉਹਦੇ ਸਾਰੇ ਪਾਪ ਆਪਣੇ ਵਿੱਚ

ਆਏ। ਜਿਹੜਾ ਸਫਾਈ ਦਾ ਕਰਮਚਾਰੀ ਹੈ ਉਹ ਝਾੜੂ ਨਾਲ ਮਲਮੂਤਰ ਸਾਫ ਕਰਦਾ ਹੈ ਲੇਕਿਨ ਜਿਹੜਾ ਨਿੰਦਕ ਹੈ ਉਹ ਮੂੰਹ ਨਾਲ ਕਰਦਾ ਹੈ, ਦੂਜੇ ਦੀ ਮੈਲ ਸਾਫ। ਕਿੰਨਾ ਮਾੜਾ ਹੈ। ਕਹਿੰਦੇ ਏਸ ਕਰਕੇ ਮੂਰਖ ਨੇ ਤੇ ਮਨਮੁਖ ਨੇ ਗੁਰੂ ਦਾ ਬਚਨ ਨਹੀਂ ਮੰਨਦੇ ਤੇ ਮਨਮੁਖ ਜਿਹੜੇ ਨੇ ਇਨ੍ਹਾਂ ਨੂੰ ਐਵੇਂ ਹੀ ਸਜ਼ਾ ਮਿਲਦੀ ਹੈ -

***ਮਨਮੁਖੁ ਦੂਖ ਕਾ ਖੇਤੁ ਹੈ ਦੂਖੁ ਬੀਜੇ ਦੂਖੁ ਖਾਇ ॥***
***ਦੂਖ ਵਿਚਿ ਜੰਮੈ ਦੂਖਿ ਮਰੈ ਹਉਮੈ ਕਰਤ ਵਿਹਾਇ ॥***

***ਅੰਗ - 947***

ਇਹਨੂੰ ਤਾਂ ਦੁੱਖ ਮਿਲਣੇ ਹੀ ਨੇ, ਜਿਹੜਾ ਮਨਮੁਖ ਦੇ ਨਾਲ ਦੋਸਤੀ ਵੀ ਕਰੇ, ਮਹਾਰਾਜ ਕਹਿੰਦੇ ਉਹ ਵੀ ਦੁਖੀ ਹੋ ਜਾਂਦਾ ਹੈ -

***ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ ॥***

***ਅੰਗ - 1421***

ਜੇ ਸੁੱਖ ਲੈਣਾ ਹੈ ਗੁਰਮੁੱਖ ਨਾਲ ਮਿਤਰਤਾ ਪਾ ਲੈ। ਸੋ ਇਸ ਤਰ੍ਹਾਂ ਦੇ ਨਾਲ ਕਹਿੰਦੇ -

***ਅਰੜਾਵੈ ਬਿਲਲਾਵੈ ਨਿੰਦਕੁ ॥***
***ਪਾਰਬ੍ਰਹਮੁ ਪਰਮੇਸਰੁ ਬਿਸਰਿਆ***
***ਅਪਣਾ ਕੀਤਾ ਪਾਵੈ ਨਿੰਦਕੁ ॥ 1 ॥ ਰਹਾਉ ॥***
***ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ ॥***

***ਅੰਗ - 373***

ਕਹਿੰਦੇ ਜੇ ਕੋਈ ਹਾਂ, ਹੂੰ ਕਰਨ ਵਾਲਾ ਹੋਵੇ, ਉਹਨੂੰ ਵੀ ਨਰਕ 'ਚ ਲੈ ਜਾਂਦਾ ਹੈ। ਅਰੜਾਉਂਦਾ ਹੈ, ਬਿਲਲਾਂਵਦਾ ਹੈ ਕਿਉਂਕਿ ਨਿੰਦਿਆ ਕਰ ਦਿੱਤੀ ਦੂਸਰੇ ਦੀ। ਇਹ ਕਿਰਿਆਮਾਨ ਕਰਮ ਹੈ ਇਹ ਫਲ ਦਿੰਦੇ ਨੇ, ਇੱਥੇ ਵੀ ਦਿੰਦੇ ਨੇ ਤੇ ਅੱਗੇ ਵੀ ਦਿੰਦੇ ਨੇ।

ਜਦੋਂ ਇੱਥੇ ਸ਼ੁਰੂ-ਸ਼ੁਰੂ 'ਚ ਮੈਂ ਆਇਆ ਸੀ, ਇੱਥੇ ਮੈਨੂੰ ਦੱਸਿਆ ਦੀਵਾਨ ਲੱਗੇ ਹੋਏ ਸੀ ਸਾਡੇ ਖਿਜ਼ਰਾਬਾਦ। ਉਥੇ ਕੋਈ ਪ੍ਰੇਮੀ ਆਏ ਸਾਨੂੰ ਬੂਥਗੜ੍ਹ ਪਿੰਡ ਮਿਲੇ। ਇੱਕ ਬੀਬੀ ਨੂੰ ਲੈ ਆਏ ਚੁੱਕ ਕੇ। ਮੈਂ ਕਿਹਾ, ਕੀ ਗੱਲ ਹੈ ਭਾਈ? ਇੱਕ ਬੀਬੀ ਨਾਲ ਹੀ ਸੀ ਉਹਨੇ ਸਹੀਓ ਗੱਲ ਕਰ ਦਿੱਤੀ, ਦੂਜੇ ਤਾਂ ਕਹੀ ਜਾਣ ਪਤਾ ਨਹੀਂ ਕੀ ਹੋ ਗਿਆ, ਬੀਮਾਰ ਹੋ ਗਈ। ਅਚਾਨਕ ਬੀਮਾਰ ਹੋ ਗਈ, ਉਹ ਕਹਿੰਦੀ ਜੀ ਕਾਹਦਾ ਬੀਮਾਰ ਹੋ ਗਈ। ਤੁਹਾਡੀ ਨਿੰਦਿਆ ਕਰਦੀ ਸੀ, ਗਾਲ੍ਹਾਂ ਕੱਢਦੀ ਸੀ ਤੁਹਾਨੂੰ। ਕਹਿੰਦੀ, ਐਵੇਂ ਠੱਗ ਬਣਿਆ ਫਿਰਦਾ ਹੈ, ਇਹਨੇ ਕਹਿੰਦੀ ਲੁੱਟ-ਲੱਟ ਕੇ ਰਾਹ ਪੈਣਾ ਹੈ। ਕਹਿੰਦੀ, ਅਸੀਂ ਕਿਹਾ ਕਿ ਤੂੰ ਐਸ ਤਰ੍ਹਾਂ ਨਾ ਗੱਲ ਕਹਿ। ਕਹਿੰਦੀ, ਐਸੀ ਕਰਨੀ ਇਹਦੀ ਮਹਾਰਾਜ ਨੂੰ ਗੱਲ ਭਾਈ ਨਾ। ਮਹਾਰਾਜ ਨੇ ਕੀ ਕਰਿਆ, ਆਉਂਦੀ ਹੀ ਕਮਲੀ ਹੋ ਗਈ। ਤਿੰਨ ਬੱਚੇ ਸੀ ਚੁੱਕ ਕੇ ਬਾਹਰ ਸੁੱਟ ਦਿੱਤੇ, ਕੋਈ ਏਧਰ ਮਾਰਿਆ, ਕੋਈ ਏਧਰ ਮਾਰਿਆ। ਕਹਿੰਦੇ ਉਸ ਵੇਲੇ ਦਾ ਇਹਨੂੰ ਕੁਛ ਹੋਇਆ-ਹੋਇਆ ਹੈ। ਦੂਸਰੇ ਦਿਨ ਫੇਰ ਲੈ ਕੇ ਆ ਗਏ, ਖਿਜਰਾਬਾਦ। ਭਾਈ ਸੰਤੋਖ ਸਿੰਘ ਅਰਦਾਸ ਕਰਨ ਲੱਗਿਆ,

ਜਦੋਂ ਉਹਦਾ ਨਾਉਂ ਆਇਆ, ਮਹਾਰਾਜ ਕਹਿੰਦੇ ਨਹੀਂ ਇਹ ਨਹੀਂ ਅਸੀਂ ਮਾਫ ਕਰਨੀ। ਇਹਦੇ ਪੈਂਟ ਵਿੱਚ ਭਰਿੰਡ ਵੜ ਗਈ ਤੇ ਉਹ ਲੜ ਗਈ ਜਦੇ ਹੀ, ਨਾਉਂ ਹੀ ਨਾ ਲੈ ਸਕਿਆ। ਮੁੜ ਕੇ ਹਸਪਤਾਲ ਲੈ ਗਏ, ਮਹੀਨਾ ਦੋ ਮਹੀਨੇ ਰਹਿ ਕੇ ਬੜੀ ਮੁਸ਼ਕਲ ਨਾਲ ਠੀਕ ਹੋਈ। ਕਿਉਂਕਿ ਫਲ ਮਿਲ ਜਾਂਦਾ ਹੈ। ਜਿਹਨੂੰ ਇੱਥੇ ਨਹੀਂ ਮਿਲਦਾ ਮਹਾਰਾਜ ਕਹਿੰਦੇ, ਦਰਗਾਹ 'ਚ ਮਿਲਦਾ ਹੈ -

***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥***

***ਅੰਗ - 755***

ਫੇਰ ਨਰਕਾਂ 'ਚ ਜਾਂਦਾ ਹੈ ਇਹ ਕਿਰਿਆਮਾਨ ਕਰਮ ਹੁੰਦੇ ਨੇ -

***ਸੰਤਨ ਕੈ ਦੂਖਨਿ ਸਰਪ ਜੋਨਿ ਪਾਇ ॥ ਅੰਗ - 279***

ਸੱਪ ਬਣ ਜਾਂਦਾ ਹੈ, ਕਰਮ ਤਾਂ ਕਰਿਆ ਨਿੰਦਿਆ ਦਾ, ਦੁੱਖੀ ਕਰਿਆ ਸੰਤਾਂ ਨੂੰ ਤੇ ਬਣਿਆ ਸੱਪ -

***ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ ॥ ਅੰਗ - 279***

ਕੁੱਤਿਆਂ ਦੇ ਸਿਰ 'ਚ ਜਿਹੜੇ ਕੀੜੇ ਪੈਂਦੇ ਨੇ ਉਹ ਬਣ ਜਾਂਦਾ ਹੈ। ਇਹਨਾਂ ਨੂੰ ਕਿਰਿਆਮਾਨ ਕਰਮ ਕਹਿੰਦੇ ਨੇ। ਮਹਾਰਾਜ ਕਹਿੰਦੇ ਨੇ ਪਿਆਰਿਆ! ਸੋਚ ਕੇ ਕਰ ਜੋ ਕੁਛ ਕਰਨਾ ਹੈ, ਮਾੜੇ ਕੰਮ ਨਾ ਕਰੀਂ। ਮਾੜੇ ਕੰਮ ਕਰਨ ਦੇ ਨਾਲ ਦਰਗਾਹ ਦੇ ਵਿੱਚ ਵੀ ਸਜ਼ਾ ਮਿਲੇਗੀ। ਇੱਥੇ ਵੀ ਦੁਖੀ ਰਹੇਂਗਾ। ਐਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਮਾੜੇ ਕੰਮ ਨਾ ਕਰੀਂ ਮਨਾਂ ਮੇਰਿਆਂ,***
***ਤਿਲਾਂ ਵਾਂਗੂੰ ਪੀੜ ਦੇਣਗੇ।***
***ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥***
***ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥***
***ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥***
***ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥***
***ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥ ਅੰਗ - 315***

ਕਿਰਿਆਮਾਨ ਕਰਮ, ਫਲ ਕੀ ਹੋਇਆ? ***'ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥ ਅੰਗ - 315'*** ਕਹਿੰਦੇ ਭੂਮੀਆਂ! ਲੈ ਕੇ ਤੁਰਦਾ ਸੀ ਨਾ ਫਾਹੇ। ਗਲ 'ਚ ਰੱਸਾ ਪਾ ਕੇ ਖਿੱਚ ਲੈਂਦਾ ਸੀ? ਕਹਿੰਦਾ ਹਾਂ ਜੀ। ਪਰ ਵਾਹਿਗੁਰੂ ਤਾਂ ਜਾਣਦਾ ਹੈ ਨਾ।

ਪਰ ਦੂਸਰਾ ਹੁੰਦਾ ਹੈ ***'ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥ ਅੰਗ - 315'*** ਮਾੜੇ ਕੰਮਾਂ ਵਾਸਤੇ ਮਾੜੀ ਦ੍ਰਿਸ਼ਟੀ ਨਾਲ ਪਰਾਈਆਂ ਨਾਰੀਆਂ ਨੂੰ ਦੇਖਦਾ ਹੈ। ਉਹ ਪੁਰਸ਼ਾਂ ਨੂੰ ਦੇਖਦੀਆਂ ਨੇ। ਕਹਿੰਦੇ, ਫੇਰ ਹੋਏਗਾ ਕੀ? ਇਹ ਵੀ ਪਾਪ ਹੋ ਗਿਆ। ' ***ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥ ਅੰਗ- 315'*** ਸੰਨਾਂ ਮਾਰ ਕੇ ਦੂਜੇ ਦਾ ਘਰ ਪਾੜ ਲੈਣਾ। ਰਿਸ਼ਵਤਾਂ ਲੈ ਲੈਣੀਆਂ, ਮਜ਼ਬੂਰ ਕਰ ਦੇਣਾ, ਫਸਾ ਲਿਆ ਬੰਦਾ, ਫਸਾ ਕੇ ਪੈਸਾ ਐਨਾ ਲਿਆ। ਰਿਸ਼ਵਤਾਂ ਹੋਈਆਂ। ਨੌਕਰੀ ਨਹੀਂ ਮਿਲਦੀ, ਰਿਸ਼ਵਤਾਂ ਤੋਂ ਬਿਨਾਂ।

ਕਹਿੰਦੇ, ਪਿਆਰਿਓ ਫੇਰ – ***'ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥ ਅੰਗ – 315'*** ਇਹ ਕਰਮ ਕੀਤੇ ਹੋਏ ਵਿਅਰਥ ਨਹੀਂ ਜਾਣੇ, ਲਿਖੇ ਜਾਣੇ ਨੇ। ਇਹ ਕਿਰਿਆਮਾਨ ਜਮ੍ਹਾਂ ਹੋ ਜਾਣੇ ਨੇ। ਫੇਰ ਹੋਏਗਾ ਕੀ? ਜਦੋਂ ਦਰਗਾਹ 'ਚ ਜਾਏਂਗਾ – ***'ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥ ਅੰਗ – 315'***

ਜਿਵੇਂ ਤਿਲ ਪੀੜ ਦਿੰਦੇ ਨੇ ਘਾਣੀ 'ਚ –

***ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥ ਅੰਗ – 473***

ਔਖਾ ਹੋ ਜਾਂਦਾ ਹੈ, ਰੋਂਦੀ ਹੈ ਫੇਰ ਜਿੰਦ –

***ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥***

***ਅੰਗ – 1425***

ਸੋ ਮਹਾਰਾਜ ਕਹਿੰਦੇ, ਪਿਆਰਿਓ! ਐਸਾ ਜੋ ਬੰਦਾ ਹੈ, ਉਹ ਜੇ ਸੰਸਾਰ 'ਚ ਆਉਂਦਾ ਹੀ ਚੜ੍ਹਾਈ ਕਰ ਜਾਂਦਾ ਹੈ, ਬਚ ਜਾਂਦਾ ਹੈ, ਮਨੁੱਖ ਬਣਿਆ ਤਾਂ ਸੀ, ਚਲੋ ਫੇਰ ਮਨੁੱਖ ਦਾ ਜਾਮਾ ਮਿਲ ਜਾਂਦਾ ਹੈ ਕਿਉਂਕਿ ਵਾਰੀ ਆਈ ਸੀ, ਕਰਮ ਕੋਈ ਮਾੜਾ ਨਹੀਂ ਸੀ ਕਰਿਆ। ਮੁੜ ਕੇ ਫੇਰ ਮਨੁੱਖ ਬਣ ਜਾਂਦਾ ਹੈ। ਪਰ ਜਿਹੜਾ ਮਨੁੱਖ ਜਾਮਾ ਧਾਰਨ ਤੋਂ ਬਾਅਦ ਨਾਮ ਨਹੀਂ ਜਪਦਾ, ਭਗਤੀ ਨਹੀਂ ਕਰਦਾ ਤੇ ਉਹਦੀ ਥਾਂ ਦੇ ਉੱਤੇ ਝੂਠ ਬੋਲਦਾ ਹੈ, ਕਪਟ ਕਰਦਾ ਹੈ, ਛਲ ਕਰਦਾ ਹੈ, ਦੂਜੇ ਨੂੰ ਧੋਖਾ ਦਿੰਦਾ ਹੈ, ਵਿਸ਼ਵਾਸ਼ਘਾਤ ਕਰਦਾ ਹੈ ਤੇ ਨਿੰਦਿਆ ਕਰਦਾ ਹੈ, ਚੁਗਲੀਆਂ ਕਰਦਾ ਹੈ, ਈਰਖਾ ਕਰਦਾ ਹੈ, ਹੋਰ ਮਾੜੇ ਕੰਮ ਕਰਦਾ ਹੈ ਕਹਿੰਦੇ ਉਹਦਾ ਫਾਇਦਾ ਦੱਸੋ ਕੀ ਸੀ ਸੰਸਾਰ 'ਚ ਆਉਣ ਦਾ। ਐਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ –

***ਧਾਰਨਾ – ਪਿਆਰੇ ਜੀ ਜਗਤ ਉਤੇ ਆਏ ਕਾਸਨੂੰ,***
***ਜਿਹੜੇ ਨਾਮ ਨਾ ਹਰੀ ਦਾ ਜਪਦੇ।***
***ਜਿਨੀ ਐਸਾ ਹਰਿ ਨਾਮੁ ਨ ਚੇਤਿਓ***
***ਸੇ ਕਾਹੇ ਜਗਿ ਆਏ ਰਾਮ ਰਾਜੇ ॥***
***ਇਹੁ ਮਾਣਸ ਜਨਮੁ ਦੁਲੰਭੁ ਹੈ***
***ਨਾਮ ਬਿਨਾ ਬਿਰਥਾ ਸਭੁ ਜਾਏ ॥***
***ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥***
***ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥***

***ਅੰਗ – 450***

ਭਗਤੀ ਤੋਂ ਹੀਣੇ, ਨਾਮ ਨਾ ਜਪਣ ਵਾਲੇ ਮਹਾਰਾਜ ਕਹਿੰਦੇ, ਦੱਸੋ ਕੀ ਕਰਨ ਆਏ ਨੇ। ਆਹ ਕਲਜੁਗ ਦਾ ਸਮਾਂ ਸੀ, ਥੋੜ੍ਹਾ ਜਿਹਾ ਨਾਮ ਜਪ ਕੇ ਉਧਾਰ ਹੋ ਜਾਣਾ ਸੀ। ਪਰ ਉਹਦੀ ਥਾਂ 'ਤੇ ਪਾਪ ਬੀਜਦਾ ਹੈ।

ਕਹਿੰਦੇ, ''ਕਿਉਂ ਬਈ ਭੂਮੀਆਂ! ਹੁਣ ਦੱਸ, ਇਹਨੂੰ ਕਿਰਿਆਮਾਨ ਕਰਮ ਕਹਿੰਦੇ ਨੇ ਇਹ ਫਲ ਦਿੰਦੇ ਨੇ। ਕਿਵੇਂ ਦਿੰਦੇ ਨੇ? ਇਹ ਜਮ੍ਹਾਂ ਹੋ ਜਾਂਦੇ ਨੇ ਜਾ ਕੇ, ਕਿੰਨਿਆਂ ਦਾ ਫਲ ਤਾਂ ਇੱਥੇ ਹੀ ਭੋਗ ਲਿਆ। ਇੱਥੇ ਕਿਸੇ ਦੇ ਥੱਪੜ ਮਾਰੇ, ਨਾਲ ਹੀ ਉਹ ਮਾਰਦਾ ਹੈ ਫਲ ਭੋਗ ਲਿਆ।

ਔਖਾ ਕਰ ਦਿਓ, ਮੁਕੱਦਮਾ ਕਰ ਦਏਗਾ, ਪਰੇਸ਼ਾਨੀ ਆਪ ਨੂੰ ਵੀ ਹੋਏਗੀ, ਉਹਨੂੰ ਵੀ ਹੋਏਗੀ। ਫਲ ਭੋਗਦਾ ਹੈ। ਪਰ ਇੱਥੇ ਜੇ ਪੂਰਾ ਨਹੀਂ ਭੋਗਿਆ, ਬਾਕੀ ਦਾ ਦਰਗਾਹ ਵਿੱਚ ਜਾ ਕੇ ਜਮ੍ਹਾ ਹੋ ਜਾਂਦਾ ਹੈ ਕਿ ਇਹਨੇ ਪੂਰੀ ਸਜ਼ਾ ਨਹੀਂ ਕੱਟੀ। ਚਲਾਕ ਸੀਗਾ, ਰਿਸ਼ਵਤ ਦੇ ਕੇ ਬਚ ਗਿਆ। ਉਹ ਫੇਰ ਉਥੇ ਜਮ੍ਹਾ ਹੋ ਜਾਂਦਾ ਹੈ। ਜਮ੍ਹਾ ਹੋਇਆ ਫੇਰ ਜਦੋਂ ਅਗਲਾ ਜਨਮ ਧਾਰਦਾ ਹੈ, ਫੇਰ ਆਉਂਦਾ ਹੈ।

ਸੋ ਇਸ ਤਰ੍ਹਾਂ ਭਾਈ ਦਇਆ ਸਿੰਘ ਜੀ ਕਹਿਣ ਲੱਗੇ, ਕਿਰਿਆਮਾਨ ਕਰਮ ਜਿਸ ਵਕਤ ਬਾਕੀ ਬਚ ਜਾਵੇ ਉਹ ਸਟੋਰ 'ਚ ਜਮ੍ਹਾ ਹੋ ਜਾਂਦਾ ਹੈ ਉਹਨੂੰ ਸੰਚਿਤ ਕਰਮ ਕਹਿੰਦੇ ਨੇ। ਉਹਦੇ 'ਚ ਬੜੇ ਹੀ ਕਰਮ ਪਏ ਨੇ, ਸਾਨੂੰ ਨਹੀਂ ਪਤਾ ਕਿ ਕਿੰਨੇ ਕਰਮ ਪਏ ਨੇ। ਉਹ ਵਾਰੀ ਜਦੋਂ ਆਉਂਦੀ ਹੈ ਭੋਗਣਾ ਪੈਂਦਾ ਹੈ, ਕਿਸੇ ਦਾ ਗਲ ਵੱਢੋ –

***ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥***
***ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥ ਅੰਗ – 1374***

ਕਹਿੰਦੇ, ਆਰਾਮ ਨਾਲ ਪ੍ਰਸ਼ਾਦਾ ਜਿਹੜਾ ਹੈ ਉਹ ਸਤੋਗੁਣੀ ਦਾ ਛਕੀ ਜਾਹ। ਅੱਜ ਦੂਜਿਆਂ ਦਾ ਗਲ ਵੱਢ ਕੇ ਖਾਂਦਾ ਹੈ, ਇਹੀ ਬੱਕਰੇ ਤੇਰਾ ਗਲ ਵੱਢਣਗੇ ਫੇਰ ਕਿਉਂਕਿ ਕਰਮ ਬੀਜ ਦਿੱਤਾ ਤੂੰ, ਤੈਨੂੰ ਭੋਗਣਾ ਪੈਣਾ ਹੈ।

ਧ੍ਰਿਤਰਾਸ਼ਟਰ, ਜਿਸ ਵਕਤ ਪਾਂਡਵਾਂ ਦੀ ਤੇ ਕੌਰਵਾਂ ਦੀ ਲੜਾਈ ਹੋਈ ਹੈ, ਕੌਰਵਾਂ ਦਾ ਪਿਤਾ ਸੀ ਧ੍ਰਿਤਰਾਸ਼ਟਰ ਇਹਨੇ ਧੋਖੇ ਨਾਲ ਰਾਜ ਹਥਿਆ ਲਿਆ। ਭਰਾ ਦੇ ਕੇ ਚਲਿਆ ਗਿਆ ਕਿ ਮੈਂ ਜਾ ਕੇ ਬੰਦਗੀ ਕਰਦਾ ਹਾਂ। ਉਹ ਬਾਹਰ ਗਿਆ ਹੋਇਆ ਮਾਰਿਆ ਗਿਆ। ਚੜ੍ਹਾਈ ਕਰ ਗਿਆ ਤੇ ਚੜ੍ਹਾਈ ਕਰਨ ਦੇ ਨਾਲ, ਇਹਦੇ ਕੋਲ ਰਾਜ ਸੀ, ਜਦੋਂ ਉਹਦੇ ਬੱਚੇ ਜਵਾਨ ਹੋਏ, ਉਨ੍ਹਾਂ ਨੇ ਕਿਹਾ ਕਿ ਸਾਡਾ ਤੁਸੀਂ ਰਾਜ ਵਾਪਸ ਦਿਓ। ਕਹਿੰਦਾ ਕਿਹੜਾ ਰਾਜ ਇਹ ਤਾਂ ਮੇਰਾ ਹੀ ਸੀ। ਦਿੱਤਾ ਨਾ ਉਨ੍ਹਾਂ ਨੂੰ ਤੇ ਇਹਦਾ ਨਤੀਜਾ ਇਹ ਹੋਇਆ ਕਿ ਬੜਾ ਭਰਾ ਯੁੱਧ ਹੋਇਆ। 45 ਲੱਖ ਬੰਦਾ ਅਠਾਰ੍ਹਾਂ ਦਿਨਾਂ 'ਚ ਮਾਰਿਆ ਗਿਆ। ਉਸ ਵੇਲੇ ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਅਫਸੋਸ ਕਰਨਾ ਚਾਹੀਦਾ ਹੈ, ਉਹਨੂੰ ਭੀਮਸੈਨ ਦੇ ਉਤੇ ਬਹੁਤ ਗੁੱਸਾ ਸੀ ਕਿ ਇਹਨੇ ਮੇਰਾ ਪੁੱਤਰ ਮਾਰਿਆ ਹੈ ਦੁਰਯੋਧਨ। ਇਹਨੇ ਹੀ ਦੁਰਸ਼ਾਸ਼ਨ ਮਾਰਿਆ ਹੈ। ਮਨ 'ਚ ਵੈਰ ਲਈਂ ਬੈਠਾ ਸੀ ਕਿ ਜੇ ਕਿਤੇ ਭੀਮਸੈਨ ਮੇਰੇ ਅੜਿੱਕੇ ਆ ਜਾਵੇ, ਬਲ ਉਹਦੇ 'ਚ ਐਨਾ ਸੀ ਕਿ ਭੀਮਸੈਨ ਦੀਆਂ ਹੱਡੀਆਂ ਹੀ ਤੋੜ ਦੇਣੀਆਂ ਸੀ ਉਹਨੇ। ਕ੍ਰਿਸ਼ਨ ਮਹਾਰਾਜ ਨੂੰ ਪਤਾ ਲੱਗ ਗਿਆ ਇਸ ਗੱਲ ਦਾ, ਕ੍ਰਿਸ਼ਨ ਮਹਾਰਾਜ ਨੇ ਲੋਹੇ ਦਾ ਬੁੱਤ ਬਣਾ ਕੇ ਖੜ੍ਹਾ ਦਿੱਤਾ। ਭੀਮਸੈਨ ਨੂੰ ਕਹਿਣ ਲੱਗੇ, ਦੇਖ ਇਹਦੇ ਪਿੱਛੇ ਰਹੀਂ, ਮੂਹਰੇ ਨਾ ਆਈਂ, ਮੂਹਰੇ ਆਇਆ ਤੈਨੂੰ ਇਹਨੇ ਮਾਰ ਦੇਣਾ ਹੈ। ਗੁੱਸਾ ਬਹੁਤ ਹੈ ਇਹਦੇ ਮਨ 'ਚ।

ਜਿਸ ਵਕਤ ਗਏ, ਜਾ ਕੇ ਕ੍ਰਿਸ਼ਨ ਮਹਾਰਾਜ ਨੇ ਕਿਹਾ, ਆਪਣੀ ਆਵਾਜ਼ ਦਿੱਤੀ, ਕੁਛ ਨਹੀਂ ਕਿਹਾ, ਕਹਿੰਦਾ ਬਹਿ ਜਾਓ। ਅਰਜਨ ਬੋਲਿਆ,

ਕਹਿੰਦਾ ਬਹਿ ਜਾ, ਯੁਧਿਸ਼ਟਰ ਬੋਲਿਆ ਕਹਿੰਦਾ, ਬਹਿ ਜਾ, ਨਕੁਲ ਬੋਲਿਆ ਕਹਿੰਦਾ ਬਹਿ ਜਾ, ਸਹਦੇਵ ਬੋਲਿਆ, ਜਦ ਬੋਲਿਆ, ਕ੍ਰਿਸ਼ਨ ਮਹਾਰਾਜ ਨੇ ਇਸ਼ਾਰਾ ਕਰਿਆ ਕਿ ਆਹ ਬੁੱਤ ਦੇ ਪਿੱਛੇ ਹੋ ਕੇ ਬੋਲ ਪੈ ਤੂੰ ਵੀ। ਜਦੋਂ ਉਹ ਬੁੱਤ ਦੇ ਪਿੱਛੇ ਹੋ ਬੋਲਿਆ, ਕਹਿੰਦਾ ਮੇਰੇ ਨੇੜੇ ਆ, ਮੈਂ ਤੈਨੂੰ ਪਿਆਰ ਕਰਨਾ ਚਾਹੁੰਦਾ ਹਾਂ। ਬੜਾ ਬਹਾਦਰ ਹੈਂ ਤੂੰ, ਤੇਰੇ ਵਰਗੀ ਬਹਾਦਰੀ ਨਹੀਂ ਕਿਸੇ ਕੋਲ। ਮਨ 'ਚ ਖੋਟ ਕਿ ਮੈਂ ਇਹਨੂੰ ਮਾਰ ਹੀ ਦੇਣਾ ਹੈ, ਜੱਫੀ 'ਚ ਲੈ ਕੇ। ਕਿਉਂਕਿ ਜਮਾਂਦਰੂ ਅੰਨ੍ਹਾ ਸੀ। ਉਹ ਜਿਸ ਵਕਤ ਭੀਮਸੈਨ ਬੋਲੀ ਜਾਂਦਾ ਹੈ ਤੇ ਉਹ ਨੇੜੇ ਆ ਗਿਆ, ਉਹ ਬੁੱਤ ਦੇ ਉਤੇ ਜਦ ਇਹਦਾ ਹੱਥ ਲੱਗਿਆ, ਇਹਨੇ ਘੁੱਟ ਕੇ ਜੱਫੀ ਪਾ ਲਈ, ਉਹ ਜਿਹੜਾ ਲੋਹੇ ਦਾ ਬਣਿਆ ਹੋਇਆ ਸੀ, ਪਿਚਕਾ ਦਿੱਤਾ ਇਹਨੇ, ਐਨੀ ਜ਼ੋਰ ਦੀ ਦੱਬਿਆ ਇਹਨੇ। ਉਹ ਬਚ ਗਿਆ, ਭੀਮਸੈਨ। ਉਸ ਵੇਲੇ ਬਹਿ ਗਏ, ਬੈਠ ਕੇ ਐਸ ਤਰ੍ਹਾਂ ਨਹੀਂ ਕਿ ਉਹਨੂੰ ਫੜ ਲਓ ਤੇ ਕੁੱਟੋ। ਬੰਦੇ ਹੋਰ ਤਰ੍ਹਾਂ ਦੇ ਸੀ। ਕ੍ਰਿਸ਼ਨ ਮਹਾਰਾਜ ਬਹਿ ਗਏ, ਕਹਿੰਦੇ ਰਾਜਨ! ਬੜਾ ਅਫਸੋਸ ਹੋਇਆ, ਤੇਰੇ ਪੁੱਤਰ ਮਾਰੇ ਗਏ।

ਕਹਿੰਦਾ, ਹਾਂ ਜੀ, ਯੁੱਧ ਹੋਇਆ ਸੀ, ਇੱਕ ਨੇ ਜਿੱਤਣਾ ਸੀ, ਇੱਕ ਨੇ ਹਾਰਨਾ ਸੀ, ਕਹਿੰਦੇ ਰਾਜ ਵੀ ਤੇਰਾ ਜਾਂਦਾ ਰਿਹਾ ਤੇ ਤੇਰੀਆਂ ਜਿਹੜੀਆਂ ਨੂੰਹਾਂ ਸੀ, ਸਾਰੀਆਂ ਵਿਧਵਾ ਹੋ ਗਈਆ, ਬੱਚੇ ਯਤੀਮ ਹੋ ਗਏ, ਬੜਾ ਦੁੱਖ ਹੈ ਸਾਨੂੰ ਵੀ ਏਸ ਗੱਲ ਦਾ। ਉਹ ਕਹਿੰਦੇ ਏਸ ਤੋਂ ਵੀ ਵੱਧ ਮੈਨੂੰ ਦੁੱਖ ਹੈ ਕਿ ਮੈਨੂੰ ਇਹ ਫਲ ਕਿਉਂ ਮਿਲਿਆ?

ਕ੍ਰਿਸ਼ਨ ਮਹਾਰਾਜ ਕਹਿੰਦੇ ਕਿ ਦੇਖੋ, ਅਸੂਲ ਇਹ ਹੈ ਕਿ –

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ – 134***

ਆਹ ਸਰੀਰ ਹੈ ਖੇਤ, ਇਹਦੇ ਵਿੱਚ ਜਿਹੋ ਜਿਹਾ ਕੋਈ ਬੀਜ ਪਾਏਗਾ, ਉਹਦਾ ਫਲ ਮਿਲੇਗਾ। ਕਹਿੰਦੇ, ਰਾਜਨ! ਤੂੰ ਵੀ ਮਾਰੇ ਹੋਣੇ ਹੈਂ ਕਿਸੇ ਦੇ ਸੌ ਪੁੱਤਰ। ਕਹਿੰਦਾ, ਸੌ ਜਨਮ ਮੈਂ ਦੇਖ ਲਿਆ ਤੇ ਮੈਂ ਸੌ ਜਨਮ ਦੇ ਅੰਦਰ ਕੋਈ ਨਹੀਂ ਮਾਰਿਆ। ਕਿਉਂਕਿ ਮੇਰੀ ਸੁਰਤੀ ਪਹਿਲਾਂ ਤੋਂ ਹੀ ਦਸਵੇਂ ਦੁਆਰ ਜਾਂਦੀ ਹੈ। ਸੌ ਜਨਮ ਮੈਂ ਦੇਖਿਆ ਹੈ। ਕਹਿੰਦੇ, ਉਸ ਤੋਂ ਅਗਾਹਾਂ ਦਾ ਦੇਖ ਲੈ। ਕਹਿੰਦਾ, ਉਹ ਤੁਸੀਂ ਦੇਖ ਦਿਓ।

ਇੱਕ ਸੌ ਸੱਤਵਾਂ ਜਨਮ ਜਦੋਂ ਦਿਖਾਇਆ, ਉਹਦੇ 'ਚ ਕੀ ਹੈ ਇਹ, ਰਾਜਾ ਹੈ। ਮਾਸ ਬਹੁਤਾ ਖਾਂਦਾ ਹੈ, ਇੱਕ ਦਿਨ ਮਿਲਿਆ ਨਾ, ਬਾਵਰਚੀਆਂ ਨੇ ਕਿਹਾ ਕਿ ਮਹਾਰਾਜ ਅੱਜ ਮਿਲਿਆ ਨਹੀਂ। ਕਹਿੰਦਾ, ਹੰਸ ਦਾ ਬੱਚਾ ਮਾਰ ਲਓ। ਉਹ ਮਾਰ ਲਿਆ, ਕਹਿੰਦਾ ਇਹ ਤਾਂ ਸੁਆਦ ਹੀ ਬੜਾ ਹੈ। ਕਹਿੰਦਾ, ਰੋਜ਼ ਹੀ ਇਹੀ ਬਣਾਓ। ਉਹ ਤਿੰਨ ਮਹੀਨੇ ਦੱਸ ਦਿਨ ਬਣਾਉਂਦੇ ਰਹੇ ਤੇ ਐਨੇ ਨੂੰ ਹੰਸ ਦੇ ਬੱਚੇ ਮੁੱਕ ਗਏ ਸਾਰੇ ਤੇ ਜਿਹੜੇ ਉਨ੍ਹਾਂ ਦੇ ਮਾਂ ਪਿਓ ਸੀ, ਮਾਨ ਸਰੋਵਰ ਝੀਲ 'ਤੇ ਗਏ ਹੋਏ, ਉਹ ਜਦੋਂ ਉਹ ਵਾਪਸ ਆਏ ਤਾਂ ਇਹਨਾਂ ਨੂੰ ਪਤਾ ਲੱਗ ਗਿਆ ਕਿ ਬੱਚੇ ਮਰ ਗਏ। ਸਾਰਸ ਦਾ ਬੱਚਾ ਮਰ ਜਾਏ ਜਾਂ ਦੋਵੇਂ ਜੋੜਿਆਂ 'ਚੋਂ ਇੱਕ ਮਰ

ਜਾਏ, ਦੂਜਾ ਉਸੇ ਵੇਲੇ ਮਰ ਜਾਂਦਾ ਹੈ, ਉਹ ਨਹੀਂ ਜੀਉਂਦੇ ਰਹਿੰਦੇ। ਉਹ ਬਿਰਹਾ ਦੀ ਚੋਟ ਨਾਲ ਮਰ ਜਾਂਦੇ ਨੇ, ਬੱਚਾ ਮਰ ਜਾਏ ਤਾਂ ਮਰ ਜਾਂਦੇ ਨੇ। ਇਹ ਹੰਸ ਦੇ ਵਿੱਚ ਵੀ ਹੈ ਕਿ ਬਿਰਹੇ ਦੀ ਚੋਟ ਨਹੀਂ ਇਹ ਸਹਿ ਸਕਦਾ। ਪਿਆਰ ਹੈ ਇਨ੍ਹਾਂ ਬੱਚਿਆਂ ਨੂੰ ਜਾਨਵਰਾਂ ਦਾ। ਬਾਂਦਰ ਨੂੰ ਪਿਆਰ ਹੈ, ਬਾਂਦਰੀ ਨੂੰ ਪਿਆਰ ਹੈ, ਜਦੋਂ ਤੱਕ ਦੂਜਾ ਬੱਚਾ ਨਹੀਂ ਪੈਦਾ ਹੁੰਦਾ, ਕਰੰਗ ਚੁੱਕੀਂ ਨਾਲ ਹੀ ਫਿਰੀਂ ਜਾਂਦੀ ਹੈ, ਸੁੱਟਦੀ ਨਹੀਂ ਹੈ ਉਹਨੂੰ, ਫੇਰ ਚੁੱਕ ਲੈਂਦੀ ਹੈ।

ਸੋ ਉਹ ਜਿਸ ਵਕਤ ਆਏ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਬੱਚੇ ਇਹਨੇ ਸਾਡੇ ਖਾ ਲਏ, ਉਹਦੇ ਮਹਿਲ ਦੇ ਦੁਆਲੇ ਬੜਾ ਹੀ ਚੀਕ ਚਿਹਾੜਾ ਪਾਉਂਦੇ, ਘੁੰਮੀ ਗਏ, ਘੁੰਮੀ ਗਏ, ਅਖੀਰ ਦੋਵੇਂ ਬੇਹੋਸ਼ ਹੋ ਕੇ ਗਿਰ ਗਏ, ਮਰ ਗਏ। ਦਿਖਾ ਦਿੱਤਾ ਸੀਨ, ਕਹਿੰਦੇ, ਕਿਉਂ ਰਾਜਨ! ਹੁਣ ਦੱਸ ਨਜਾਇਜ਼ ਹੋਈ ਤੇਰੇ ਨਾਲ?

ਵਾਹਿਗੁਰੂ ਦੇ ਘਰ 'ਚ ਕੋਈ ਗੱਲ ਨਜਾਇਜ਼ ਨਹੀਂ ਹੁੰਦੀ, ਪਹਿਲਾਂ ਕੀਤੀ ਹੁੰਦੀ ਹੈ, ਫਲ ਭੋਗਦੇ ਹਾਂ ਅਸੀਂ। ਕਹਿੰਦੇ, ਪਿਆਰਿਆ! ਇਹ ਤੂੰ ਕਰਮ ਕਰਿਆ ਸੀ, ਇਹਦਾ ਫਲ ਤੇਰੇ ਵੀ ਸੌ ਪੁੱਤਰ ਮਾਰੇ ਗਏ। ਕਹਿੰਦਾ, ਫੇਰ ਮਹਾਰਾਜ! ਮੈਂ ਅੱਖਾਂ ਤੋਂ ਜਮਾਂਦਰੂ ਅੰਨ੍ਹਾ ਕਿਉਂ ਹਾਂ? ਕਹਿੰਦੇ, ਉਹ ਵੀ ਦਿਖਾ ਦਿੰਦੇ ਹਾਂ। ਇੱਕ ਸੌ ਚੌਥਾ ਜਨਮ ਦਿਖਾਇਆ, ਉਹ ਬੱਚੇ ਅੱਖ ਦੇ ਉੱਤੇ ਹਰੇ ਟਿੱਡੇ ਹੁੰਦੇ ਨੇ, ਉਹ ਫੜਦੇ ਫਿਰਦੇ ਨੇ, ਬੱਚੇ ਸ਼ਰਾਰਤੀ ਹੁੰਦੇ ਨੇ –

***ਜੇ ਇਕ ਅਧ ਚੰਗੀ ਕਰੇ ਦੂਜੀ ਭੀ ਵੇਰਾਸਿ ॥***

***ਅੰਗ – 474***

ਐਸ ਤਰ੍ਹਾਂ ਨਾ ਕਹੇ ਕਿ ਬੱਚਾ ਸਾਰੀਆਂ ਗੱਲਾਂ ਠੀਕ ਕਰੇਗਾ, ਉਲਟੀਆਂ ਫੁਲਟੀਆਂ ਐਹੋ ਜਿਹੀਆਂ ਕਰ ਦਿੰਦਾ ਹੈ, ਜਿਹੜੀਆਂ ਸੁਲਝਾਉਣੀਆਂ ਔਖੀਆਂ ਹੋ ਜਾਂਦੀਆਂ ਹਨ। ਇਹਨੂੰ ਕੀ ਸੁੱਝੀ ਇਹਨੇ ਟਿੱਡਾ ਫੜ ਲਿਆ, ਬਾੜ ਤੋਂ ਸੂਲ ਤੋੜੀ, ਦੋਵੇਂ ਅੱਖਾਂ 'ਚੋਂ ਤਾਰ ਪਾਰ ਕੱਢ ਦਿੱਤੀ। ਉਹ ਤੜਫਿਆ, ਤੜਫ ਕੇ ਉਹਨੇ ਜਾਨ ਦੇ ਦਿੱਤੀ। ਕਹਿੰਦੇ, ਲੈ ਬਈ ਪਿਆਰਿਆ! ਆਹ ਕਰਮ ਤੂੰ ਕਰਿਆ ਸੀ। ਇਹਦਾ ਫਲ ਤੈਨੂੰ ਇੱਕ ਸੌ ਚਾਰ ਜਨਮ ਤੋਂ ਬਾਅਦ ਭੋਗਣਾ ਪਿਆ। ਸੋ ਮਹਾਰਾਜ ਕਹਿੰਦੇ ਭੂਮੀਆਂ! ਐਸ ਤਰ੍ਹਾਂ ਹੁੰਦੀ ਹੈ ਗੱਲ।

ਭਾਈ ਦਇਆ ਸਿੰਘ ਜੀ ਕਹਿਣ ਲੱਗੇ, ਇਹ ਕਿਰਿਆਮਾਨ ਕਰਮ ਜਿਹੜੇ ਹੁੰਦੇ ਨੇ ਇਹ ਜਮ੍ਹਾ ਹੋ ਜਾਂਦੇ ਨੇ, ਵਾਰੀ ਆਈ 'ਤੇ ਫਲ ਦਿੰਦੇ ਨੇ ਤੇ ਅਗਲੇ ਜਿਹੜੇ ਛੇਵੇਂ ਕਰਮ ਨੇ ਉਨ੍ਹਾਂ ਦਾ ਨਾਉਂ ਹੁੰਦਾ ਹੈ ਪਰਾਲਬਧ ਕਰਮ। ਪਰਾਲਬਧ ਕਰਮ ਉਹ ਹੁੰਦੇ ਨੇ ਜਦੋਂ ਅਸੀਂ ਜਨਮ ਲੈਂਦੇ ਹਾਂ, ਸਾਡੇ ਨਾਲ ਹੀ ਲਿਖ ਦਿੱਤੇ ਜਾਂਦੇ ਨੇ। ਜਿਵੇਂ ਤੀਰ ਹੁੰਦੇ ਨੇ ਭੱਥੇ ਦੇ ਵਿੱਚ, ਉਹ ਕਮਾਣ 'ਤੇ ਚੜ੍ਹਾ ਕੇ ਛੱਡ ਦਿੱਤੇ ਜਾਂਦੇ ਨੇ, ਬਈ ਆਹ ਐਨੇ ਸਾਲ ਦੇ, ਦੇ ਲੱਗੇਗਾ, ਆਹ ਐਨੇ ਸਾਲ ਦਾ ਹੋ ਜਾਏਗਾ ਤਾਂ ਆਹ ਕਰਮ ਲੱਗੇਗਾ; ਉਹਦੇ 'ਚ ਚੰਗੇ ਵੀ ਹੁੰਦੇ ਨੇ ਮਾੜੇ ਵੀ ਹੁੰਦੇ ਨੇ। ਸਮੇਂ ਨਾਲ

ਚੰਗੇ ਵੀ ਫਲ ਦਿੰਦੇ ਨੇ, ਸਮੇਂ ਨਾਲ ਮਾੜੇ ਵੀ ਦਿੰਦੇ ਨੇ। ਮਹਾਂਪੁਰਸ਼ਾਂ ਨੂੰ ਪਤਾ ਹੈ ਕਿ ਇਹ ਕਰਮਾਂ ਦਾ ਬੰਨ੍ਹਿਆ ਹੋਇਆ ਜੀਵ ਆਇਆ ਹੈ, ਇਹਨੇ ਫਲ ਭੋਗਣਾ ਹੈ -

ਭੋਗੇ ਬਿਨ ਭਾਗੇ ਨਾਹੀ ਕਰਮ ਗਤੀ ਬਲਵਾਨ।

ਉਹ ਤਾਂ ਭੋਗਣਾ ਹੀ ਪੈਂਦਾ ਹੈ, ਉਹ ਨਹੀਂ ਟਲਦਾ। ਫੇਰ ਕਹਿੰਦੇ ਕਿ ਫੇਰ ਸਤਿਸੰਗ ਕਿਉਂ ਕਰਦੇ ਹਾਂ। ਮਹਾਰਾਜ ਕਹਿੰਦੇ, ਜੇ ਸਤਿਸੰਗ ਕਰਦਾ ਹੈ, ਨੇਕ ਕੰਮ ਕਰਦਾ ਹੈ, ਨਾਮ ਜਪਦਾ ਹੈ ਭੋਗਣੇ ਤਾਂ ਪੈਣਗੇ ਪਰ ਉਹਦਾ ਫਲ ਨਰਮ ਹੋ ਜਾਏਗਾ। ਸੂਲੀ ਦੀ ਸੂਲ ਬਣ ਜਾਏਗੀ। ਸੋ ਇਸ ਤਰ੍ਹਾਂ ਉਹ ਭੋਗੇ ਬਿਨਾਂ ਨਹੀਂ ਜਾਂਦੇ, ਉਹ ਤਾਂ ਵੱਡਿਆਂ-ਵੱਡਿਆਂ ਨੂੰ ਭੋਗਣੇ ਪੈਂਦੇ ਨੇ, ਰਾਜੇ ਜਨਮੇਜੇ ਨੇ ਏਸ ਗੱਲ ਦਾ ਤਾਅਨਾ ਦਿੱਤਾ ਕਿ ਜੇ ਮੈਨੂੰ ਪਤਾ ਲਗ ਜਾਵੇ ਕਿ ਮੇਰੇ ਨਾਲ ਆਹ ਵਰਤਣ ਵਾਲਾ ਹੈ ਮੈਂ ਕਦੇ ਨਹੀਂ ਵਰਤਣ ਦੇਵਾਂਗਾ, ਕਿਉਂਕਿ ਬਿਆਸ ਜੀ ਨੂੰ ਉਹਨੇ ਕਿਹਾ ਸੀ ਕਿ ਤੁਹਾਡੇ ਹੁੰਦੇ ਮਹਾਂਭਾਰਤ ਦਾ ਯੁੱਧ ਹੋਇਆ? ਕ੍ਰਿਸ਼ਨ ਮਹਾਰਾਜ ਸੀਗੇ ਉਸ ਵੇਲੇ, ਵੱਡੇ-ਵੱਡੇ ਵਿਦਵਾਨ ਸੀ, ਭੀਸ਼ਮ ਪਿਤਾਮਾ ਸੀ, ਦਰੋਣਾਚਾਰੀਆ ਸੀ, ਕ੍ਰਿਪਾਚਾਰੀਆ ਗੁਰੂ ਸੀ ਉਨ੍ਹਾਂ ਦੇ ਹੁੰਦੇ ਇਹ ਕੁਲ ਘਾਤ ਵਾਲੀ ਲੜਾਈ ਕਿਉਂ ਹੋਈ। ਉਹ ਕਹਿਣ ਲੱਗੇ -

ਹੋਣਹਾਰ ਹਿਰਦੇ ਬਸੀ ਗਈ ਸਰੀਰੋਂ ਬੁੱਧ।

ਇਹ ਹੋਣਾ ਹੀ ਸੀ ਇਵੇਂ ਜਿਵੇਂ। ਕਹਿੰਦੇ, ਮਗਰੋਂ ਕਹਿ ਦਿੰਦੇ ਨੇ ਕਿ ਹੋਣਾ ਹੀ ਸੀ। ਮੈਨੂੰ ਦੱਸ ਦੇਵੇ ਨਾ ਕੋਈ ਕਿ ਤੇਰੇ ਨਾਲ ਐਸ ਤਰ੍ਹਾਂ ਹੋਣੀ ਹੈ, ਜੇ ਮੈਂ ਹੋਣ ਦੇ ਦੇਵਾਂ?

ਵੇਦ ਬਿਆਸ ਜੀ ਕਹਿਣ ਲੱਗੇ, ਸੁਣ, ਤੈਨੂੰ ਮੈਂ ਦਸ ਦਿੰਦਾ ਹਾਂ, ਤੂੰ ਇੱਕ ਘੋੜੀ ਲਏਂਗਾ ਤੇ ਉਸ ਘੋੜੀ ਦੇ ਇੱਕ ਵਛੇਰਾ ਹੋਏਗਾ, ਜਿਹਦਾ ਸਾਰਾ ਸਰੀਰ ਚਿੱਟਾ ਹੋਏਗਾ, ਕੰਨ ਕਾਲੇ ਹੋਣਗੇ। ਉਹਦਾ ਉੱਤੇ ਤੂੰ ਸਵਾਰੀ ਕਰੇਂਗਾ ਤੇ ਉਹ ਘੋੜੀ 'ਤੇ ਚੜ੍ਹ ਕੇ ਤੂੰ ਦੱਖਣ ਦਿਸ਼ਾ ਨੂੰ ਜਾਏਂਗਾ। ਉਥੋਂ ਜੰਗਲ ਦੇ ਵਿੱਚ ਇੱਕ ਬਹੁਤ ਸੁੰਦਰ ਲੜਕੀ ਤੈਨੂੰ ਮਿਲੇਗੀ ਕੁਟੀਆ 'ਚ। ਉਹਦੀ ਜਾਤ ਪਾਤ ਪੁੱਛਣ ਤੋਂ ਬਗੈਰ ਉਹਨੂੰ ਲੈ ਮਹਿਲਾਂ 'ਚ ਲਿਆਏਂਗਾ। ਉਹ ਤੇਰੀ ਰਾਣੀ ਬਣ ਜਾਏਗੀ, ਰਿਆਇਆ ਤੇਰੇ ਖਿਲਾਫ ਹੋ ਜਾਏਗੀ, ਉਹਨੂੰ ਦੂਰ ਕਰਨ ਵਾਸਤੇ ਤੂੰ ਯੱਗ ਕਰੇਂਗਾ, ਯੱਗ ਦੇ ਵਿੱਚ ਬ੍ਰਾਹਮਣ ਤਾਂ ਆਉਣੇ ਨਹੀਂ, ਉਨ੍ਹਾਂ ਦੇ ਬੱਚੇ ਪੜ੍ਹਨ ਵਾਲੇ ਆਉਣਗੇ, ਉਨ੍ਹਾਂ ਨੂੰ ਤੂੰ ਮਾਰ ਦਏਂਗਾ, ਮਾਰਨ ਨਾਲ ਤੈਨੂੰ ਕੋਹੜ ਹੋਏਗਾ, ਕੋਹੜ ਨਾਲ ਤੂੰ ਮਰ ਜਾਏਂਗਾ।

ਕਹਿੰਦਾ, ਕੋਈ ਉਪਾਅ?

ਕਹਿੰਦੇ, ਤੂੰ ਮੇਰੇ ਕੋਲ ਆਏਂਗਾ, ਮੈਂ ਤੈਨੂੰ ਭਾਗਵਤ ਕਥਾ ਸੁਣਾਵਾਂਗਾ ਪਰ ਤੂੰ ਜਿੱਥੇ ਜਾ ਕੇ ਤਰਕ ਕਰੇਂਗਾ, ਉਥੇ ਹੀ ਤੇਰਾ ਕੋਹੜ ਰਹਿ ਜਾਏਗਾ।

ਕਹਿੰਦਾ, ਲੈ ਮੈਂ ਇਹ ਗੱਲ ਬਿਲਕੁਲ ਨਹੀਂ ਹੋਣ ਦਿੰਦਾ। ਲਿਖਾ ਦਿੱਤਾ ਵਜ਼ੀਰਾਂ ਨੂੰ ਕਿ ਘੋੜੇ ਹੀ ਨਹੀਂ ਖਰੀਦਣੇ।

ਅਖੀਰ ਕੀ ਹੋਇਆ, ਚਾਰ ਸਾਲ ਲੰਘ ਗਏ ਉਹ ਕਹਿੰਦੇ ਜੀ, ਘੋੜੇ ਤਾਂ ਪੁਰਾਣੇ ਹੋ ਗਏ ਜੇ ਕਿਸੇ ਨੇ ਹਮਲਾ ਕਰ ਦਿੱਤਾ, ਆਪਾਂ ਲੜਾਂਗੇ ਕਿਵੇਂ। ਇਹ ਘੋੜੇ ਸੁਸਤ ਹੋ ਗਏ। ਆਗਿਆ ਦੇਵੋ ਘੋੜੀ ਨਹੀਂ ਖਰੀਦਦੇ। ਘੋੜੇ ਖਰੀਦ ਲਏ, ਇੱਕ ਘੋੜੀ ਆ ਗਈ ਬਹੁਤ ਹੀ ਵਧੀਆ, ਕਹਿੰਦੇ ਮਹਾਰਾਜ! ਇਹ ਤਾਂ ਤੁਹਾਡੇ ਤਬੇਲੇ 'ਚ ਬੰਨ੍ਹਣ ਵਾਲੀ ਹੈ, ਉੱਤੇ ਨਾ ਚੜ੍ਹਿਓ, ਘੋੜੀ ਵੀ ਖਰੀਦ ਲਈ ਤੇ ਅਖੀਰ ਇਹ ਹੋਇਆ ਕਿ ਘੋੜੀ ਉਦਾਸ ਹੋ ਗਈ ਤੇ ਜਿਹੜੇ ਘੋੜੇ ਸੰਭਾਲਣ ਵਾਲੇ ਸੀ ਉਹਨਾਂ ਨੂੰ ਹੁਕਮ ਨਹੀਂ ਸੀ ਘੋੜੀ 'ਤੇ ਚੜ੍ਹਨ ਦਾ, ਕਿਉਂਕਿ ਬਾਦਸ਼ਾਹ ਦੀ ਘੋੜੀ ਸੀ। ਜਿਵੇਂ ਮਹਾਂਪੁਰਸ਼ ਦੀ ਸੀਟ ਹੁੰਦੀ ਹੈ ਬਹਿੰਦਾ ਨਹੀਂ ਉਸ 'ਤੇ ਕੋਈ। ਆਦਰ ਸਤਿਕਾਰ ਹੁੰਦਾ ਹੈ। ਇਸੇ ਤਰ੍ਹਾਂ ਦੇ ਨਾਲ ਰਾਜੇ ਦੀ ਸੀਟ ਹੁੰਦੀ ਹੈ ਉਹਦੀ ਕੁਰਸੀ 'ਤੇ ਕੋਈ ਨਹੀਂ ਬਹਿੰਦਾ। ਉਹਦੀ ਸਵਾਰੀ 'ਤੇ ਕੋਈ ਨਹੀਂ ਚੜ੍ਹਦਾ। ਅਖੀਰ ਸਾਰਿਆਂ ਨੇ ਕਿਹਾ ਕਿ ਮਹਾਰਾਜ! ਲੱਖਾਂ ਰੁਪਿਆਂ ਦੀ ਘੋੜੀ ਐਵੇਂ ਜਾ ਰਹੀ ਹੈ ਤੁਸੀਂ ਮਾੜੀ ਮੋਟੀ ਸੈਰ ਕਰ ਲਿਆ ਕਰੋ, ਦੱਖਣ ਦਿਸ਼ਾ ਨਾ ਜਾਓ ਏਧਰ-ਏਧਰ ਜਾਇਆ ਕਰੋ। ਕਹਿੰਦਾ ਠੀਕ ਹੈ, ਘੋੜੀ 'ਤੇ ਚੜ੍ਹ ਗਿਆ। ਇੱਕ ਦਿਨ ਐਸੀ ਭੁੱਲ ਭਲਾਈ ਲੱਗੀ ਦੱਖਣ ਨੂੰ ਹੀ ਤੁਰ ਪਿਆ। ਅੱਗੇ ਲੜਕੀ ਮਿਲ ਗਈ ਯਾਦ ਆ ਗਿਆ ਕਿ ਆਹ ਲੜਕੀ ਨੂੰ ਮੈਂ ਲੈ ਜਾਣਾ ਹੈ ਤੇ ਫੇਰ ਮੈਂ ਯੱਗ ਕਰਨਾ ਹੈ। ਕਹਿੰਦਾ ਮੈਂ ਲੈ ਤਾਂ ਜਾਂਦਾ ਹਾਂ ਪਰ ਯੱਗ ਨਹੀਂ ਮੈਂ ਕਰਾਂਗਾ। ਯੱਗ 'ਚ ਮੈਂ ਬ੍ਰਾਹਮਣ ਕਿਉਂ ਮਾਰਨੇ ਨੇ। ਉਸੇ ਤਰ੍ਹਾਂ ਹੋਇਆ, ਅਖੀਰ ਯੱਗ ਕਰਿਆ, ਯੱਗ ਦੇ ਵਿੱਚ ਜਿਹੜੀ ਉਹ ਲੜਕੀ ਹੈ ਰਾਣੀ ਬਣੀ ਹੋਈ ਉਹ ਬਾਰ-ਬਾਰ ਕੱਪੜੇ ਬਦਲ ਕੇ ਆਉਂਦੀ ਹੈ, ਲੜਕਿਆਂ ਨੇ ਕਿਹਾ ਕਿ ਕਈ ਰਾਣੀਆਂ ਨੇ। ਕਹਿੰਦਾ, ਨਹੀਂ ਕਈ ਨਹੀਂ ਹਨ ਇੱਕ ਸਿਆਣਾ ਬੰਦਾ ਕਹਿੰਦਾ ਇਹਦੇ ਤਾਂ ਇੱਕੋ ਹੀ ਹੈ। ਉਸ ਵੇਲੇ ਉਹ ਕਹਿਣ ਲੱਗਿਆ ਕਿ ਮੈਂ ਦੱਸ ਦਿੰਦਾ ਹਾਂ ਕਿ ਇੱਕੋ ਹੀ ਹੈ। ਕਹਿੰਦੇ ਕਿਵੇਂ?

ਕਹਿੰਦਾ, ਮੈਂ ਐਤਕੀ ਉਂਗਲੀ ਦੇ ਨਹੁੰ 'ਤੇ ਰੱਖ ਕੇ ਚੌਲ ਮਾਰਿਆ ਹੈ, ਕਹਿੰਦਾ ਉਹਦੇ ਪੈਰ 'ਤੇ ਲੱਗਿਆ ਹੋਇਆ ਹੈ। ਉਹ ਜਦੋਂ ਦੂਜੀ ਵਾਰੀ ਆਈ ਉਹ ਪੈਰ 'ਤੇ ਲੱਗਿਆ ਹੋਇਆ ਸੀ, ਸਾੜੀ ਬਦਲੀ ਹੋਈ। ਬੱਚੇ ਹੱਸ ਪਏ, ਹੱਸਦੀ ਸਾਰ ਉਧਰੋਂ ਐਨੀ ਜ਼ੋਰ ਦੀ ਹਵਾ ਦਾ ਬੁੱਲਾ ਆਇਆ, ਉਹਦੀ ਸਾੜੀ ਉਪਰ ਨੂੰ ਉੱਠ ਗਈ। ਰਾਜੇ ਜਨਮੇਜੇ ਨੂੰ ਗੁੱਸਾ ਆ ਗਿਆ, ਉਹਨੇ ਚੁੱਕ-ਚੁੱਕ ਕੇ ਉਬਲਦੇ ਕੜਾਹਿਆਂ 'ਚ ਸੁੱਟ ਦਿੱਤੇ, ਭੱਠਾਂ 'ਚ ਸੁੱਟ ਦਿੱਤੇ। ਉਹ ਅਠਾਰ੍ਹਾਂ ਮਾਰ ਦਿੱਤੇ -

***ਤਿਨਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ ॥***
***ਅੰਗ - 1344***

ਮਹਾਰਾਜ ਕਹਿੰਦੇ ਉਹਨੂੰ ਬੜਾ ਸਮਝਾਇਆ ਸੀ -

***ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ ਪੜ੍ਹਾਇਆ ॥***
***ਤਿਨ੍ਹਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ ॥***
***ਅੰਗ - 1344***

ਅਖੀਰ ਨਤੀਜਾ ਕੀ ਹੋਇਆ? ਕੋਹੜ ਹੋ ਗਿਆ। ਵੇਦ ਬਿਆਸ ਨੂੰ ਯਾਦ ਕਰਿਆ, ਕਹਿੰਦੇ ਕਿਉਂ ਬਈ ਜਨਮੇਜਾ ਭਾਵੀ ਰੋਕ ਲਈ ਤੂੰ? ਉਹ ਪਿਆਰਿਆ! ਪਰਾਲਬਧ ਕਰਮ ਨਹੀਂ ਰੁਕਦੇ ਹੁੰਦੇ ਇਹ ਤਾਂ ਫਲ ਦੇ ਕੇ ਹੀ ਜਾਂਦੇ ਨੇ। ਏਸ ਲਈ ਕਿਸੇ ਨੂੰ ਦੋਸ਼ ਨਾ ਦੇ, ਇਹ ਤਾਂ ਤੇਰੇ ਕਰਮਾਂ ਦਾ ਦੋਸ਼ ਹੈ। ਉਸ ਵੇਲੇ ਕਹਿਣ ਲੱਗੇ, ਦੇਖੋ ਮੈਂ ਤੈਨੂੰ ਭਾਗਵਤ ਕਥਾ, ਪ੍ਰਭੂ ਦੀ ਕਥਾ ਸੁਣਾਵਾਂਗਾ, ਤੂੰ ਨਾਂਹ ਨਾ ਕਰੀਂ, ਸ਼ਰਧਾ ਨਾਲ ਸੁਣੀਂ।

ਉਸ ਵੇਲੇ ਕਥਾ ਸ਼ੁਰੂ ਹੋ ਗਈ। ਬੜੀ ਸ਼ਰਧਾ ਨਾਲ ਹੱਥ ਬੰਨ੍ਹੀਂ ਬੈਠਾ ਹੈ। ਇੱਕ ਸਾਖੀ ਆ ਗਈ ਉਹਦੇ 'ਚ, ਜਿਉਂ-ਜਿਉਂ ਕਥਾ ਸੁਣਦਾ ਹੈ ਕੋਹੜ ਦੂਰ ਹੋਈ ਜਾਂਦਾ ਹੈ ਤੇ ਨੱਕ 'ਤੇ ਰਹਿ ਗਿਆ, ਸਾਖੀ ਆ ਗਈ ਕਿ ਭੀਮਸੈਨ ਪਹਾੜ ਵਿੱਚ ਗਿਆ ਉਥੇ ਘੇਰ ਲਿਆ ਤੇ ਇਹਦੇ ਕੋਲ ਸ਼ਸਤਰ ਕੋਈ ਨਹੀਂ ਸੀ, ਹਾਥੀਆਂ ਦੇ ਨਾਲ ਹਮਲਾ ਕਰ ਦਿੱਤਾ। ਇਹਨੇ ਹਾਥੀਆਂ ਨੂੰ ਮੰਤਰ ਬਲ ਨਾਲ ਚੁੱਕ ਕੇ ਉਪਰਲੀ ਸਪੇਸ ਵਿੱਚ ਮਾਰਿਆ, ਉਹ ਅਜੇ ਤੱਕ ਘੁੰਮਦੇ ਫਿਰਦੇ ਨੇ ਉਥੇ। ਮਨ 'ਚ ਆ ਗਿਆ ਕਿ ਬੰਦੇ 'ਚ ਤਾਂ ਐਨਾ ਬਲ ਹੀ ਨਹੀਂ ਹੁੰਦਾ, ਨਾਂਹ ਕਰ ਦਿੱਤੀ। ਨੱਕ ਹਿਲਾ ਦਿੱਤਾ। ਕਹਿੰਦੇ, ਕਿਉਂ ਬਈ ਸੱਚ ਦੱਸੀਂ। ਕਹਿੰਦਾ, ਮੈਨੂੰ ਤਾਂ ਇਹ ਗੱਲ ਮਨ ਨਹੀਂ ਲਗਦੀ। ਕਹਿੰਦੇ, ਮਨ ਨਹੀਂ ਲੱਗਦੇ ਅਸੀਂ ਤੈਨੂੰ ਦਿਖਾ ਦਿੰਦੇ ਹਾਂ, ਉਨ੍ਹਾਂ ਨੇ ਯੋਗ ਬਲ ਦੇ ਨਾਲ ਸਾਰੇ ਹੀ ਹਾਥੀ ਥੱਲੇ ਲਾਹ ਲਏ ਜਿਵੇਂ ਕਰੰਗ ਉਡਦੇ ਫਿਰਦੇ ਸੀ, ਢੇਰ ਲਾ ਦਿੱਤਾ। ਕਹਿੰਦੇ, ਬਈ ਹੁਣ ਦੱਸ ਟਲ ਗਿਆ ਤੇਰਾ ਉਹ ਲੇਖ। ਲੈ ਇਹਦੇ ਨਾਲ ਹੀ ਤੇਰੀ ਮੌਤ ਹੋਏਗੀ। ਮਹਾਰਾਜ ਕਹਿੰਦੇ -

***ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ ਪੜ੍ਹਾਇਆ ॥***
***ਤਿਨ੍ਹਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ॥***
***ਅੰਗ - 1344***

ਕਹਿੰਦੇ, ਮਿਟਦਾ ਨਹੀਂ ਹੈ। ਲੇਖ ਨਹੀਂ ਮਿਟਿਆ ਕਰਦਾ। ਲੇਖ ਦਾ ਫਲ ਤਾਂ ਦੇਣਾ ਹੀ ਪੈਂਦਾ ਹੈ -

***ਲੇਖ ਨਾ ਮਿਟਹੀ ਹੇ ਸਖੀ ਜੋ ਲਿਖਿਆ ਕਰਤਾਰ।***

ਨਹੀਂ ਮਿਟਦਾ ਏਸ ਤਰ੍ਹਾਂ ਨਾਲ ਪੜ੍ਹ ਲਓ -

***ਧਾਰਨਾ - ਲੇਖ ਨਾ ਮਿਟਦਾ ਜੀ,***
***ਲਿਖਿਆ ਜੋ ਧੁਰ ਦਰਗਾਹੋਂ।***

ਭਾਈ ਦਇਆ ਸਿੰਘ ਜੀ ਕਹਿਣ ਲੱਗੇ ਇਹ ਪਰਾਲਬਧ ਕਰਮ ਹੁੰਦੇ ਨੇ। ਪਰਾਲਬਧ ਨਾਲ ਆਦਮੀ ਅਮੀਰ ਬਣਦਾ ਹੈ, ਪਰਾਲਬਧ ਨਾਲ ਗਰੀਬ ਬਣਦਾ, ਪਰਾਲਬਧ ਨਾਲ ਦੁਖੀ ਹੁੰਦਾ ਹੈ, ਪਰਾਲਬਧ ਦੇ ਨਾਲ ਮੇਲ ਹੁੰਦਾ ਹੈ, ਪਰਾਲਬਧ ਦੇ ਨਾਲ ਵਿਛੋੜੇ ਹੁੰਦੇ ਨੇ। ਪਰਾਲਬਧ ਨਾਲ ਬਿਮਾਰੀਆਂ

ਆਉਂਦੀਆਂ ਨੇ, ਪਰਾਲਬਧ ਨਾਲ ਬੀਮਾਰੀਆਂ ਚਲੀਆਂ ਜਾਂਦੀਆਂ ਨੇ। ਕਹਿੰਦੇ ਇਹ ਤਾਂ ਲੇਖ ਨੇ ਪਿਆਰਿਓ, ਇਹ ਤਾਂ ਭੋਗਣੇ ਹੀ ਪੈਂਦੇ ਨੇ, ਚਾਹੇ ਵੱਡਾ ਸੰਤ ਹੈ, ਚਾਹੇ ਕੋਈ ਅਵਤਾਰ ਹੈ, ਈਸ਼ਵਰ ਕੋਟੀ ਦੇ ਨੂੰ ਵੀ ਭੋਗਣੇ ਪੈਂਦੇ ਨੇ। ਸੋ ਏਸ ਕਰਕੇ ਕਹਿਣ ਲੱਗੇ ਇਹ ਕਰਮਾਂ ਦਾ ਹਿਸਾਬ ਐਸ ਤਰ੍ਹਾਂ ਹੈ। ਮਹਾਰਾਜ ਕਹਿੰਦੇ, ਭੂਮੀਆਂ! ਫੇਰ ਸਮਝ ਗਿਆ ਗੱਲ –

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥***

***ਅੰਗ – 433***

ਪਿਆਰਿਆ! ਤੂੰ ਲੁੱਟ ਮਾਰ ਕਰਕੇ ਦਾਨ ਕਰਦਾ ਹੈਂ, ਇਹ ਜਿਨ੍ਹਾਂ ਦੀ ਲੁੱਟ ਮਾਰ ਕਰਦਾ ਹੈਂ ਉਹ ਤਾਂ ਲੈ ਜਾਂਦੇ ਨੇ ਫਲ। ਕਿਉਂਕਿ ਅੰਨ੍ਹ ਉਨ੍ਹਾਂ ਦਾ ਹੈ, ਤੇਰਾ ਤਾਂ ਨਹੀਂ ਹੈ ਨਾ।

ਕਹਿੰਦਾ, "ਹਾਂ ਜੀ! ਮੇਰਾ ਨਹੀਂ।"

ਫੇਰ ਗੱਲ ਸਮਝ ਗਿਆ, ਤੇਰੇ ਪੱਲੇ ਕੀ ਪਿਆ? ਕਹਿੰਦੇ, ਤੂੰ ਲਿਖੇ ਲੇਖ, ਜਦੋਂ ਇਨ੍ਹਾਂ ਲੇਖਾਂ ਦਾ ਬਦਲਾ ਦੇਣਾ ਪਵੇਗਾ ਉਸ ਵੇਲੇ ਫੇਰ ਤੂੰ ਬਹੁਤ ਔਖਾ ਹੋਵੇਗਾ –

***ਧਾਰਨਾ – ਕਾਲੇ ਲੇਖ ਨਾ ਲਿਖੀਂ ਮਨਾਂ ਮੇਰਿਆ,***
***ਲੇਖਾ ਦੇਣਾ ਔਖਾ ਹੋ ਜਾਏਗਾ।***
***ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥***
***ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ ॥***

***ਅੰਗ – 1378***

ਕਿਉਂਕਿ ਔਖਾ ਹੋ ਜਾਏਗਾ ਲੇਖਾ ਦੇਣਾ –

***ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥***

***ਅੰਗ – 918***

***ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥***

***ਅੰਗ – 469***

ਕਹਿੰਦੇ, "ਭੂਮੀਆਂ! ਸੋਚ ਬਈ ਪਿਆਰਿਆ, ਤੂੰ ਠੀਕ ਹੈਂ?"

ਕਹਿੰਦਾ, "ਨਾ ਸੱਚੇ ਪਾਤਸ਼ਾਹ! ਮੇਰੀਆਂ ਤਾਂ ਤੁਸੀਂ ਅੱਖਾਂ ਖੋਲ੍ਹ ਦਿੱਤੀਆਂ।

ਅੱਜ ਤੱਕ ਮੈਂ ਸਮਝਦਾ ਸੀ ਕਿ ਮੇਰੇ ਵਰਗਾ ਪੁੰਨੀ ਕੋਈ ਨਹੀਂ ਹੈ ਤੇ ਮੈਨੂੰ ਤਾਂ ਪਤਾ ਲੱਗਿਆ ਹੈ ਕਿ ਮੇਰੇ ਵਰਗਾ ਪਾਪੀ ਕੋਈ ਨਹੀਂ ਹੈ। ਬਖਸ਼ਿਸ਼ ਕਰ। ਤੂੰ ਬਖਸ਼ ਸਕਦਾ ਹੈਂ, ਹੋਰ ਨਹੀਂ ਕੋਈ ਬਖਸ਼ ਸਕਦਾ। ਬਾਰ-ਬਾਰ ਬੇਨਤੀਆਂ ਕਰਦਾ ਹੈ –

***ਧਾਰਨਾ – ਤੇਰੇ ਵਰਗਾ ਨਾ ਦਇਆਲ ਸੱਚੇ ਪਾਤਸ਼ਾਹ,***
***ਮੇਰੇ ਵਰਗਾ ਪਾਪੀ ਕੋਈ ਨਾ।***
***ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖਮੰਦਾ।***

*ਚੋਰੁ ਯਾਰੁ ਜੂਆਰਿ ਹਉ ਪਰ ਘਰਿ ਜੋਹੰਦਾ।*
*ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।*
*ਕਾਮ ਕ੍ਰੋਧ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ।*
*ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ।*
*ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ।*
***ਭਾਈ ਗੁਰਦਾਸ ਜੀ, ਵਾਰ 36/21***

ਪਾਤਸ਼ਾਹ! ਉਹ ਸੱਚਾ ਸਤਿਗੁਰੂ ਆ ਗਿਆ। ਆਹ ਗੱਲਾਂ ਨਹੀਂ ਸੀ ਮੈਨੂੰ ਅੱਜ ਤੱਕ ਕਿਸੇ ਨੇ ਕਹੀਆਂ। ਮੇਰੀ ਤਾਂ ਪ੍ਰਸੰਸਾ ਬੜੀ ਸੀ, ਮੇਰੀ ਇੱਜ਼ਤ ਬੜੀ ਸੀ, ਮੈਨੂੰ ਸਭ ਧਾਰਮਿਕ ਬੰਦਾ ਕਹਿੰਦੇ ਸੀ ਪਰ ਤੁਸੀਂ ਤਾਂ ਉਥੋਂ ਗੱਲ ਫੜ ਲਈ ਜਿੱਥੋਂ ਗੱਲ ਗਲਤ ਹੋਈ ਹੈ, ਜੜ੍ਹ ਫੜ ਲਈ ਪਾਤਸ਼ਾਹ। ਹੁਣ ਮੈਨੂੰ ਬਖਸ਼, ਕੋਈ ਹੈ ਤਰੀਕਾ ਕਿ ਮੈਂ ਬਖਸ਼ਿਆ ਜਾਵਾਂ। ਮੈਂ ਬੜੇ ਧਾੜੇ ਮਾਰੇ ਨੇ, ਬੜੇ ਡਾਕੇ ਮਾਰੇ ਨੇ, ਜ਼ੋਰ ਨਾਲ ਹੋਇਆ ਹੈ। ਰੋਂਦਿਆ ਕੁਰਲਾਂਦਿਆਂ ਤੋਂ ਖੋਹ ਕੇ ਲਿਆਇਆ ਹਾਂ।

ਪਾਤਸ਼ਾਹ! ਮੈਂ ਐਨਾ ਹੀ ਫਲ ਭੋਗਾਂਗਾ, ਕ੍ਰਿਪਾ ਕਰ।

ਉਸ ਵੇਲੇ ਮਹਾਰਾਜ ਕਹਿਣ ਲੱਗੇ ਕਿ ਭੂਮੀਆਂ! ਕ੍ਰਿਪਾ ਤਾਂ ਤੇਰੇ 'ਤੇ ਹੋ ਸਕਦੀ ਹੈ। ਪਰ ਕੁਛ ਬਚਨ ਨੇ ਸਾਨੂੰ ਦੇ ਬਚਨ ਕਿ ਬਚਨ ਕਮਾਵੇਂਗਾ। ਕਹਿੰਦਾ, ਹਾਂ ਮਹਾਰਾਜ! ਇੱਕ ਬਚਨ 'ਤੇ ਮੈਨੂੰ ਡਰ ਲਗਦਾ ਹੈ। ਮੈਨੂੰ ਚੋਰੀ ਤੋਂ ਬੰਦ ਨਾ ਕਰਿਓ। ਕਿਉਂਕਿ ਚੋਰੀ ਸਾਡਾ ਪੇਸ਼ਾ ਹੈ, ਮੇਰਾ ਪਿਤਾ ਵੀ ਕਰਦਾ ਸੀ, ਮੇਰਾ ਦਾਦਾ ਵੀ ਤੇ ਪੜਦਾਦਾ ਵੀ। ਕੰਮ ਅਸੀਂ ਆਹੀ ਕਰਦੇ ਹਾਂ ਬਾਹਰੋਂ ਖੋਹ ਕੇ ਪੁੰਨ ਦਾਨ ਕਰਦੇ ਸੀ। ਉਹ ਮੇਰੇ ਤੋਂ ਹਟਣੀ ਨਹੀਂ ਮੈਨੂੰ ਭਲ ਪਈ ਹੋਈ ਹੈ ਚੋਰੀ ਦੀ।

ਜੇ ਕਿਸੇ ਨੂੰ ਕਹਿ ਦਿਓ ਕਿ ਤੂੰ ਸ਼ਰਾਬ ਪੀਣ ਤੋਂ ਹਟ ਜਾ, ਉਹ ਹਟਦਾ ਨਹੀਂ ਕਿਉਂਕਿ ਉਹਨੂੰ ਭਲ ਜਿਹੀ ਪਈ ਹੁੰਦੀ ਹੈ, ਬਹੁਤ ਮੁਸ਼ਕਲ ਨਾਲ ਹਟਾਉਣਾ ਪੈਂਦਾ ਹੈ ਨਸ਼ੇ ਵਾਲਾ।

ਕਹਿੰਦੇ, ਨਾ ਚੋਰੀ ਤਾਂ ਨਹੀਂ ਤੈਨੂੰ ਬੰਦ ਕਰਦੇ। ਪਰ ਚੋਰੀ ਤੂੰ ਗਰੀਬ ਦੇ ਨਾ ਕਰੀਂ।

ਕਹਿੰਦਾ, "ਮੰਨ ਲਈ। ਗਰੀਬ ਦੇ ਘਰ ਹੁੰਦਾ ਹੀ ਕੀ ਹੈ, ਚੋਰੀ ਤਾਂ ਅਸੀਂ ਪਹਿਲਾਂ ਹੀ ਵੱਡੇ ਆਦਮੀ ਦੇ ਕਰਦੇ ਹਾਂ। ਗਰੀਬ ਤੋਂ ਕੀ ਲੈ ਲੈਣਾ ਹੈ ਉਹਦੇ ਕੋਲ ਤਾਂ ਕੱਪੜੇ ਵੀ ਨਹੀਂ ਹੁੰਦੇ, ਉਹ ਤਾਂ ਆਪ ਭੁੱਖਾ ਮਰਦਾ ਹੈ, ਕਹਿੰਦਾ, ਮੰਨ ਲਿਆ।"

ਖੁਸ਼ ਹੋ ਗਿਆ ਕਿ ਆਹ ਤਾਂ ਮੈਨੂੰ ਛੁੱਟੀ ਮਿਲ ਹੀ ਗਈ।

ਕਹਿੰਦੇ, "ਦੂਜਾ ਸੱਚ ਬੋਲੀਂ।"

ਕਹਿੰਦਾ, "ਇਹ ਵੀ ਮੰਨ ਲਊਂਗਾ।"

ਤੀਸਰਾ, ਪਿਆਰਿਆ! ਤੇਰੇ ਕਰਕੇ ਕਿਸੇ ਨੂੰ ਮਾਰ ਪੈਂਦੀ ਹੋਵੇ,

ਉਹ ਨਾ ਹੋਣ ਦੇਈਂ।''

ਕਹਿੰਦਾ, ''ਇਹ ਵੀ ਮੈਂ ਮੰਨ ਲਿਆ।''

ਚੌਥਾ ਇਹ ਹੈ ਕਿ ਨਮਕ ਖਾ ਕੇ ਬੁਰਾ ਨਾ ਕਰੀਂ।

ਕਹਿੰਦਾ, ਇਹ ਵੀ ਮੰਨ ਲਿਆ ਮਹਾਰਾਜ।

ਮਹਾਰਾਜ ਫੇਰ ਉਥੇ ਕਈ ਦਿਨ ਠਹਿਰੇ ਤੇ ਜਿਸ ਵਕਤ ਮੱਥਾ ਟੇਕਿਆ ਇਹਨੇ ਕਿ ਮਹਾਰਾਜ ਸੱਚੇ ਪਾਤਸ਼ਾਹ! ਮੇਰੇ ਉਤੇ ਹੁਣ ਕ੍ਰਿਪਾ ਕਰੋ। ਉਸ ਵੇਲੇ ਮਹਾਰਾਜ ਜੀ ਨੇ ਆਪਣਾ ਦਸਤ-ਏ-ਮੁਬਾਰਕ ਉੱਚਾ ਕਰਿਆ ਤੇ ਚਰਨਾਂ ਨੂੰ ਛੋਹ ਰਿਹਾ ਹੈ ਮਸਤਕ ਇਹਦਾ, ਲੰਮਾ ਪਿਆ ਹੈ ਡੰਡਉਤ ਦੇ ਅੰਦਰ; ਮੈਨੂੰ ਬਖਸ਼ ਦਿਓ, ਤੁਹਾਡੇ ਬਗੈਰ ਮੈਨੂੰ ਬਖਸ਼ਣ ਵਾਲਾ ਕੋਈ ਨਹੀਂ। ਮੈਂ ਬਚਨ ਮੰਨੇ ਤੁਹਾਡੇ ਹੁਣ ਮੇਰਾ ਉਧਾਰ ਕਰ ਦਿਓ, ਮੈਨੂੰ ਛੁਡਾ ਦਿਓ ਉਨ੍ਹਾਂ ਪਾਪਾਂ ਤੋਂ ਜਿਹੜੇ ਮੈਂ ਕਰੇ ਨੇ, ਮੈਨੂੰ ਫਲ ਭੋਗਣੇ ਨਾ ਪੈਣ।

ਮਹਾਰਾਜ ਕਹਿੰਦੇ, ''ਭੂਮੀਆਂ! ਇੱਕ ਗੱਲ ਅਸੀਂ ਤੈਨੂੰ ਦੱਸੀ ਨਹੀਂ ਸੀ, ਉਹ ਇਹ ਹੈ ਕਿ ਜੇ ਕਰਮ ਮਾੜੇ ਹੋ ਜਾਣ। ਜਿਹੜੇ ਤਾਂ ਪਰਾਲਬਧ ਨੇ ਇਹ ਤਾਂ ਨਹੀਂ ਟਲਦੇ। ਜਿਹੜੇ ਪਏ ਨੇ ਸਟੋਰ 'ਚ ਤੇ ਜਿਹੜੇ ਤੂੰ ਹੁਣ ਕਿਰਿਆਮਾਨ ਕਰ ਦਿੱਤੇ, ਉਹ ਜਮ੍ਹਾ ਹੋ ਗਏ ਜਾ ਕੇ, ਉਹਨੂੰ ਦਗਧ ਕਰ ਦੇਈਦਾ ਹੈ। ਉਹ ਜਲ ਜਾਂਦੇ ਨੇ। ਜਿਵੇਂ ਬੀਜ ਹੈ ਉਹਨੂੰ ਸੇਕ ਲੱਗ ਜਾਵੇ, ਬੀਜ ਜਲ ਜਾਂਦਾ ਹੈ ਫੇਰ ਉੱਗਦਾ ਨਹੀਂ। ਐਵੇਂ ਜਿਵੇਂ ਜੇ ਨਾਮ ਦਾ ਗਿਆਨ ਦਾ ਸੇਕ ਲੱਗ ਜਾਵੇ ਫੇਰ ਕਹਿੰਦੇ ਸਾਰੇ ਕਰਮ ਗਲ ਜਾਂਦੇ ਨੇ, ਫੇਰ ਫਲ ਨਹੀਂ ਦਿਆ ਕਰਦੇ।''

ਕਹਿੰਦਾ, ''ਮਹਾਰਾਜ! ਮੇਰੇ 'ਤੇ ਕ੍ਰਿਪਾ ਕਰ ਦਿਓ।''

ਮਹਾਰਾਜ ਜੀ ਨੇ ਆਪਣਾ ਪਵਿੱਤਰ ਹੱਥ ਉਹਦੇ ਸੀਸ 'ਤੇ ਰੱਖਿਆ। ਸੀਸ 'ਤੇ ਰੱਖਦੇ ਸਾਰ ਕਹਿੰਦੇ, ਭੂਮੀਆਂ! ਕਹੁ ਵਾਹਿਗੁਰੂ, ਕਹੁ ਵਾਹਿਗੁਰੂ, ਕਹੁ ਵਾਹਿਗੁਰੂ। ਤਿੰਨਾਂ ਜਨਮਾਂ ਦੇ ਪਾਪ ਦੂਰ ਕਰ ਦਿੱਤੇ ਤੇ ਨਾਲ ਨਾਮ ਦੀ ਧੁਨ ਰੋਮ-ਰੋਮ ਵਿੱਚ ਰਮ ਗਈ। ਸਾਰੇ ਪਾਪਾਂ ਦਾ ਖਾਤਮਾ ਕਰ ਦਿੱਤਾ -

***ਧਾਰਨਾ - ਵਿਚੋਂ ਮਾਰ ਕੱਢੀਆਂ ਬੁਰਿਆਈਆਂ,***
***ਗੁਰਾਂ ਨੇ ਸਿਰ 'ਤੇ ਹੱਥ ਰੱਖ ਕੇ।***

ਸੋ ਇੱਕ ਦਿਨ ਭੂਮੀਏ ਨੇ ਸੋਚਿਆ ਕਿ ਬਾਕੀ ਤਾਂ ਗਰੀਬ ਨੇ, ਅਮੀਰ ਦੇ ਚੋਰੀ ਕਰਨੀ ਹੈ ਤਾਂ ਕਿਉਂ ਨਾ ਰਾਜੇ ਦਾ ਘਰ ਭੰਨੀਏ ਬਹੁਤ ਸੋਹਣੇ ਰੇਸ਼ਮੀ ਵਸਤਰ ਪਹਿਨੇ। ਗਲ 'ਚ ਹੀਰਿਆਂ ਦੀ ਮਾਲਾ ਪਾਈਆਂ। ਸਿਰ ਦੇ ਉੱਤੇ ਰੇਸ਼ਮ ਦੀ ਦਸਤਾਰ ਬੰਨ੍ਹੀਂ ਤੇ ਉਹਦੇ ਉੱਤੇ ਮਾਲਾਂ ਪਾਈਆਂ ਤੇ ਕਲਗੀ ਲਾਈ ਛੋਟੀ ਜਿਹੀ। ਜਿਹੜਾ ਸਭ ਤੋਂ ਚੰਗਾ ਘੋੜਾ ਸੀ ਉਹਦੇ ਉੱਤੇ ਸਵਾਰ ਹੋਇਆ, ਸ਼ਾਮ ਹੋ ਗਈ, ਫਿਰਦਾ ਰਿਹਾ, ਹਨ੍ਹੇਰਾ ਹੋ ਗਿਆ ਤੇ ਜਾ ਕੇ ਰਾਜੇ ਦੇ ਦਰ ਮੂਹਰੇ ਖੜ੍ਹ ਗਿਆ, ਉਥੇ ਪਹਿਰੇਦਾਰਾਂ ਨੇ

ਪੁੱਛਿਆ ਕਿ ਤੂੰ ਕੌਣ ਹੈਂ?

ਕਹਿਣ ਲੱਗਿਆ ਕਿ ਮੈਂ ਚੋਰ। ਕਿਉਂਕਿ ਝੂਠ ਤਾਂ ਬੋਲਣਾ ਨਹੀਂ ਸੀ, ਮਹਾਰਾਜ ਜੀ ਨੇ ਕਿਹਾ ਕਿ ਸੱਚ ਬੋਲੀਂ।

ਡਰ ਗਏ ਕਹਿੰਦੇ ਰਾਜੇ ਦਾ ਕੋਈ ਰਿਸ਼ਤੇਦਾਰ ਹੈ ਇਹ ਤਾਂ ਆਪਾਂ ਬੜੀ ਮਾੜੀ ਗੱਲ ਕਰੀ। ਕਹਿੰਦੇ, ਲੰਘ ਜਾਓ ਮਹਾਰਾਜ, ਲੰਘ ਜਾਓ।

ਆਹ ਘੋੜਾ ਸਾਂਭੋ ਕਹਿੰਦੇ ਮੇਰਾ। ਘੋੜਾ ਬੰਨ੍ਹ ਲਿਆ, ਉਨ੍ਹਾਂ ਨੇ ਬੰਨਾਂ ਦਿੱਤਾ ਤੇ ਆਪ ਅੰਦਰ ਚਲਿਆ ਗਿਆ। ਭੇਤੀ ਸੀ ਰਾਜੇ ਦੇ ਮਹਿਲਾਂ ਦਾ ਪਹਿਲਾਂ ਹੀ ਤੇ ਜਿਸ ਥਾਂ ਦੇ ਉੱਤੇ ਰਾਜੇ ਦੇ ਕਮਰੇ ਵਿੱਚ ਰਾਣੀ ਦੇ ਗਹਿਣੇ ਪਏ ਸੀ, ਉਸ ਕਮਰੇ ਦੇ ਵਿੱਚ ਦਾਖਲ ਹੋ ਗਿਆ, ਕੁਮੰਦ ਲਾ ਕੇ। ਅੰਦਰ ਗਿਆ ਤਾਂ ਸਾਰੇ ਹੀ ਗਹਿਣੇ ਚੁੱਕ ਲਏ। ਪੰਡ ਬੰਨ੍ਹ ਲਈ, ਇੱਕ ਰਕੇਬੀ ਸੋਨੇ ਦੀ ਪਈ ਸੀ, ਉਹ ਵੀ ਚੁੱਕ ਲਈ। ਉਹਦੇ ਵਿੱਚ ਹੱਥ ਲੱਗਿਆ ਤਾਂ ਦੇਖਿਆ ਕਿ ਕੋਈ ਚੀਜ਼ ਪਈ ਹੋਈ ਹੈ। ਸਾਧਾਰਣ ਹੀ ਮੂੰਹ ਨੂੰ ਲਾ ਲਿਆ, ਉਹਦੇ ਵਿੱਚ ਨਮਕ, ਚੂਰਨ ਪਿਆ ਸੀ। ਉਹਨੇ ਕਿਹਾ ਕਿ ਗੁਰੂ ਦਾ ਬਚਨ ਹੈ ਕਿ ਨਮਕ ਖਾ ਕੇ ਬੁਰਾ ਨਾ ਕਰੀਂ। ਮੈਂ ਤਾਂ ਬੁਰਾ ਕਰ ਦਿੱਤਾ। ਮੈਂ ਤਾਂ ਨਹੀਂ ਹੁਣ ਲੈ ਕੇ ਜਾਂਦਾ। ਉਥੇ ਹੀ ਗਹਿਣੇ ਛੱਡ ਦਿੱਤੇ। ਉਸੇ ਤਰ੍ਹਾਂ ਦੇ ਨਾਲ ਘੋੜੇ 'ਤੇ ਨਿਕਲ ਗਿਆ। ਘੋੜੇ ਤੇ ਸਵਾਰ ਹੋਇਆ ਘਰ ਨੂੰ ਆ ਗਿਆ। ਪਹਿਰੇਦਾਰਾਂ ਨੇ ਕਿਹਾ ਕਿ ਠੀਕ ਹੈ ਬੰਦਾ, ਮਿਲ ਆਇਆ ਰਾਜੇ ਨੂੰ। ਸਵੇਰਾ ਹੋਇਆ ਜਦੋਂ ਜਾਗ ਆਈ, ਰਾਣੀ ਨੇ ਦੇਖਿਆ ਕਿ ਮੇਰੇ ਗਹਿਣੇ? ਤਲਾਸ਼ ਹੋਈ ਤਾਂ ਇੱਕ ਪੰਡ ਬੰਨ੍ਹੀ ਪਈ ਹੈ। ਉਸ ਵੇਲੇ ਰਾਜੇ ਨੇ ਦੇਖਿਆ ਕਿ ਕੋਈ ਆਇਆ ਸੀ, ਪੰਡ ਬੰਨ੍ਹੀ ਹੈ ਲੈ ਕੇ ਕਿਉਂ ਨਹੀਂ ਗਿਆ। ਪੁੱਛ ਪੜਤਾਲ ਹੋਣ ਲੱਗ ਗਈ ਕਿ ਕੋਈ ਚੋਰ ਕਿੱਥੋਂ ਦੀ ਲੰਘਿਆ? ਪਹਿਰੇਦਾਰਾਂ ਨੂੰ ਪੁੱਛਿਆ ਕਿ ਡਿਊਟੀਆਂ 'ਚ ਤੁਹਾਡੀ ਕੋਈ ਲੰਘਿਆ ਹੋਵੇ? ਪਹਿਰੇਦਾਰ ਕਹਿਣ ਲੱਗੇ ਕਿ ਮਹਾਰਾਜ! ਇੱਕ ਸ਼ਹਿਜ਼ਾਦਾ ਆਇਆ ਸੀ ਕਿਸੇ ਦੇਸ਼ ਦਾ, ਕਲਗੀ ਲੱਗੀ ਹੋਈ ਸੀ, ਅਸੀਂ ਉਹਨੂੰ ਕਿਹਾ ਕਿ ਕੌਣ ਹੈਂ? ਕਹਿੰਦਾ, ਮੈਂ ਚੋਰ ਹਾਂ। ਅਸੀਂ ਡਰ ਗਏ ਕਿ ਆਪ ਦਾ ਰਿਸ਼ਤੇਦਾਰ ਹੈ, ਉਹ ਲੰਘਿਆ ਸੀ ਸਾਡੇ ਕੋਲੋਂ। ਉਹ ਵਾਪਸ ਵੀ ਖਾਲੀ ਹੱਥ ਗਿਆ ਹੈ। ਕਹਿੰਦੇ ਬੰਦੇ ਨੂੰ ਫੜੋ। ਰਾਜਾ ਕਹਿਣ ਲੱਗਿਆ, ਬੰਦਾ ਕੋਈ ਪੱਕੇ ਅਸੂਲ ਦਾ ਹੈ, ਲੇਕਿਨ ਪੁੱਛਣਾ ਹੈ ਉਹਨੂੰ ਮੈਂ।

ਉਸੇ ਵੇਲੇ ਪੁਲਿਸ ਨੂੰ ਹੁਕਮ ਹੋ ਗਿਆ। ਰਾਜੇ ਦੇ ਹੋਵੇ ਚੋਰੀ ਫੇਰ ਤਾਂ ਸ਼ਾਮਤ ਆ ਜਾਂਦੀ ਹੈ ਸਾਰਿਆਂ ਦੀ। ਫੜ-ਫੜ ਕੇ ਕੁੱਟਣੇ ਸ਼ੁਰੂ ਕਰ ਦਿੱਤੇ। ਭੂਮੀਏ ਨੂੰ ਦੱਸਿਆ ਕਿ ਬਹੁਤ ਮਾਰ ਪੈ ਰਹੀ ਹੈ, ਜਿਹਨੂੰ ਫੜਦੇ ਨੇ ਨਜਾਇਜ਼ ਮਾਰ ਰਹੀ ਹੈ ਪੁਲਿਸ। ਉਹ ਕਹਿਣ ਲੱਗਿਆ ਕਿ ਕਰਿਆ ਮੈਂ ਹੈ ਤੇ ਭੋਗਣ ਉਹ। ਮੇਰੇ ਗੁਰੂ ਨੇ ਤਾਂ ਕਿਹਾ ਸੀ ਕਿ ਗਰੀਬ ਮਾਰ ਨਾ ਹੋਣ ਦੇਈਂ। ਇਹ ਤਾਂ ਗਰੀਬ ਮਾਰ ਹੋ ਰਹੀ ਹੈ।

ਉਸੇ ਵੇਲੇ ਉਸੇ ਤਰ੍ਹਾਂ ਦੇ ਵਸਤਰ ਪਹਿਨ ਕੇ, ਸ਼ਾਹੀ ਲਿਬਾਸ ਪਹਿਨ ਕੇ, ਰਾਜੇ ਦੀ ਕਚਹਿਰੀ ਲੱਗੀ ਹੋਈ ਸੀ, ਉਹਦੇ ਸਾਮ੍ਹਣੇ ਚਲਿਆ ਗਿਆ ਤੇ ਜਦੋਂ ਅੰਦਰ ਗਿਆ, ਰਾਜਾ ਪਹਿਲਾਂ ਜਾਣਦਾ ਸੀ ਕਿ ਬਹੁਤ ਵੱਡਾ ਜ਼ਿੰਮੀਦਾਰ ਹੈ, ਕਹਿੰਦੇ ਭੂਮੀਆਂ! ਔਹ ਕੁਰਸੀ 'ਤੇ ਬਹਿ ਜਾ। ਕੁਰਸੀ ਦਿੱਤੀ ਗਈ, ਲੇਕਿਨ ਬੈਠਾ ਨਹੀਂ ਹੱਥ ਬੰਨ੍ਹੀਂ ਖੜ੍ਹਾ ਹੈ।

ਕਹਿੰਦੇ, "ਬਹਿੰਦਾ ਨਹੀਂ।"

ਕਹਿੰਦੇ, "ਮੈਂ ਬੈਠਣ ਦੇ ਕਾਬਲ ਨਹੀਂ। ਮੈਂ ਤੁਹਾਡਾ ਚੋਰ ਹਾਂ। ਆਹ ਗਰੀਬਾਂ ਨੂੰ ਛੱਡ ਦਿਓ ਜਿਨ੍ਹਾਂ ਨੂੰ ਮਾਰਦੇ ਓਂ।

ਰਾਜਾ ਹੈਰਾਨ ਕਿ ਭੂਮੀਆਂ! ਤੂੰ ਚੋਰ?

ਕਹਿੰਦਾ, ਹਾਂ ਮੈਂ ਚੋਰ।

ਕਹਿੰਦੇ, ਬਈ ਹੁਣ ਤਾਂ ਗੱਲ ਦੱਸ। ਬਈ ਤੂੰ ਆ ਕੇ ਚੋਰ ਕਿਉਂ ਕਿਹਾ ਆਪਣੇ ਆਪ ਨੂੰ, ਫੇਰ ਤੂੰ ਗਹਿਣਿਆਂ ਦੀ ਪੰਡ ਬੰਨ੍ਹ ਕੇ, ਲੈ ਕੇ ਕਿਉਂ ਨਾ ਗਿਆ ਤੇ ਹੁਣ ਤੂੰ ਕਿਉਂ ਆ ਗਿਆ? ਤੇਰੇ ਉੱਤੇ ਤਾਂ ਸ਼ੱਕ ਹੀ ਨਹੀਂ ਸੀ ਪੁਲਿਸ ਨੂੰ?

ਕਹਿਣ ਲੱਗਿਆ, "ਰਾਜਨ! ਮੈਨੂੰ ਪੂਰਾ ਸਤਿਗੁਰੂ ਮਿਲ ਗਿਆ। ਉਹਨੇ ਢੰਗ ਦੇ ਨਾਲ ਬੁਰਿਆਈ ਤੋਂ ਮੈਨੂੰ ਹਟਾ ਦਿੱਤਾ।"

ਸਾਰੀ ਗੱਲ ਦੱਸੀ ਕਿ ਮੈਨੂੰ ਚਾਰ ਬਚਨ ਦਿੱਤੇ ਸੀ ਤੇ ਉਹਦੇ ਵਿਚੋਂ ਜੋ ਬਚਨ ਸੀ ਕਿ ਗਰੀਬ ਮਾਰ ਨਾ ਕਰੀਂ, ਮੈਂ ਤੇਰਾ ਦਰ ਟੋਲ੍ਹਿਆ। ਝੂਠ ਨਾ ਬੋਲੀਂ, ਮੈਂ ਸੱਚ ਬੋਲਿਆ ਹਾਂ। ਨਮਕ ਖਾ ਕੇ ਬੁਰਾ ਨਾ ਕਰੀਂ, ਜਦੋਂ ਮੈਂ ਰਕੇਬੀ ਚੁੱਕੀ ਉਹਦੇ 'ਚ ਮੇਰਾ ਹੱਥ ਲੱਗਿਆ ਉਹਦੇ 'ਚ ਤੇਰਾ ਚੂਰਨ ਸੀ, ਭੁੱਲ ਭੁਲੇਖੇ ਮੇਰੇ ਮੂੰਹ ਨਾਲ ਲੱਗ ਗਿਆ। ਨਮਕ ਦਾ ਸਵਾਦ ਆਇਆ ਤੇ ਮੈਂ ਗੁਰੂ ਦਾ ਬਚਨ ਕਮਾ ਕੇ ਛੱਡ ਗਿਆ। ਹੁਣ ਗਰੀਬਾਂ ਨੂੰ ਮੇਰੇ ਥਾਂ ਕੁੱਟਦਾ ਹੈਂ ਉਹ ਵੀ ਗਰੀਬ ਮਾਰ ਨਾ ਹੋਣ ਦੇਈਂ ਇਸ ਕਰਕੇ ਮੈਂ ਹਾਜ਼ਰ ਹੋ ਗਿਆ। ਕੋਈ ਸਜ਼ਾ ਦੇ ਦਿਓ। ਰਾਜਾ ਕਹਿਣ ਲੱਗਿਆ ਕਿ ਤੈਨੂੰ ਸਜ਼ਾ ਤਾਂ ਫਾਂਸੀ ਦੀ ਦੇਣੀ ਚਾਹੀਦੀ ਹੈ।

ਪਰ ਪਿਆਰਿਆ! ਕੋਈ ਐਸਾ ਗੁਰੂ ਤੈਨੂੰ ਮਿਲ ਗਿਆ, ਜਿਹਨੇ ਜੁਗਤ ਦੇ ਨਾਲ ਤੈਨੂੰ ਸਭ ਕੁਛ ਛੁਡਾ ਦਿੱਤਾ, ਘਰ 'ਚ ਵਿਚਾਰ ਕਰੀ, ਕੈਬਨਿਟ ਬੁਲਾ ਲਈ। ਕਹਿਣ ਲੱਗਿਆ ਕਿ ਦੇਖੋ, ਐਹ ਬੰਦੇ ਨੇ ਨਮਕ ਖਾ ਲਿਆ ਤੇ ਕਿੰਨਾ ਮੇਰਾ ਭਲਾ ਲੋਚਿਆ। ਨਹੀਂ ਤਾਂ ਸਭ ਸਮਾਨ ਲੈ ਜਾਂਦਾ ਤੇ ਇਹ ਬੰਦਾ ਹੁਣ ਮੇਰਾ ਬੁਰਾ ਨਹੀਂ ਕਰ ਸਕਦਾ ਕਦੇ ਵੀ ਤੇ ਮੈਂ ਏਸ ਨੂੰ ਵੱਡਾ ਵਜ਼ੀਰ ਬਣਾਉਣਾ ਹੈ ਆਪਣਾ।

ਵੱਡਾ ਵਜ਼ੀਰ ਬਣਾ ਦਿੱਤਾ, ਚੋਰਾਂ ਨੂੰ ਚੋਰਾਂ ਦਾ ਪਤਾ ਹੁੰਦਾ ਹੈ, ਸਾਰੇ ਚੋਰੀ ਹਟ ਗਈ, ਡਾਕੇ ਹਟ ਗਏ, ਰਿਆਇਆ ਅਮਨ ਅਮਾਨ ਨਾਲ ਰਹਿਣ ਲੱਗ ਗਈ। ਸਤਿਸੰਗ ਚੱਲ ਪਿਆ। ਅਖੀਰ ਸਾਧਸੰਗਤ

ਜੀ! ਰਾਜਾ ਵੀ ਸੇਵਕ ਬਣ ਗਿਆ। ਐਸਾ ਕੌਤਕ ਬਣਿਆ ਕਿ ਗੁਰੂ ਨਾਨਕ ਪਾਤਸ਼ਾਹ ਨੇ ਉਨ੍ਹਾਂ ਦਾ ਪਿਆਰ ਦੇਖ ਕੇ ਦਰਸ਼ਨ ਵੀ ਆ ਕੇ ਦਿੱਤੇ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿਣ ਲੱਗੇ, ਪਿਆਰਿਓ! ਦੇਖੋ ਤਰਨ ਦਾ ਤਰੀਕਾ ਇੱਕੋ ਹੀ ਹੈ ਕਿ ਸੰਤਾਂ ਦਾ ਬਚਨ ਕਮਾ ਲਓ, ਜਦੋਂ ਸੰਤਾਂ ਦਾ ਬਚਨ ਕਮਾਓਂਗੇ ਤਾਂ ਸੰਸਾਰ ਸਾਗਰ ਤੋਂ ਤਰ ਜਾਵੋਂਗੇ।

***ਧਾਰਨਾ – ਜੇ ਕੋਈ ਬਚਨ ਕਮਾਵੇ ਸੰਤਾਂ ਦਾ,***
***ਗੁਰ ਪਰਸਾਦੀ ਪਾਰ ਪਵੇ।***

***ਸੰਤਹੁ ਸਾਗਰੁ ਪਾਰਿ ਉਤਰੀਐ ॥***
***ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥***
***ਅੰਗ – 747***

ਸੋ ਏਸ ਤਰ੍ਹਾਂ ਦੇ ਨਾਲ ਬਚਨ ਕੀ ਹੈ ਸੰਤਾਂ ਦਾ –

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥***
***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ***
***ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥***
***ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ***
***ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥***
***ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ***
***ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਅੰਗ – 305***

***ਵਵਾ ਵੈਰੁ ਨ ਕਰੀਐ ਕਾਹੂ ॥***
***ਘਟ ਘਟ ਅੰਤਰਿ ਬ੍ਰਹਮ ਸਮਾਹੂ ॥ ਅੰਗ – 259***

***ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥***
***ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥***
***ਅੰਗ – 1382***

ਸੋ ਇਹ ਬਚਨ ਹੈ ਸਾਧਸੰਗਤ ਜੀ! ਇਨ੍ਹਾਂ ਬਚਨਾਂ ਦੀ ਕਮਾਈ ਜਿਹੜਾ ਕਰ ਲਏਗਾ। ਗੁਰੂ ਪੰਜਵੇਂ ਪਾਤਸ਼ਾਹ ਕਹਿਣ ਲੱਗੇ, ਪਿਆਰਿਓ! ਉਹ ਸੰਸਾਰ ਤੋਂ ਤਰ ਜਾਏਗਾ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇੱਥੇ ਹੀ ਸਮਾਪਤੀ ਹੈ।

(ਫਿਲਮ ਨੰ. 371)

# 6

## ਸਤਿਗੁਰ ਪੁਰਖੁ ਅਗੰਮ ਹੈ

*ਸ਼ਾਨ.............................................................।*
*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,*
*ਮੈਂ ਕਿਛੁ ਨਾਹੀ-ਮੈਂ ਕਿਛੁ ਨਾਹੀ।*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ 1 ॥ ਰਹਾਉ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥ 1 ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥ ਅੰਗ - 827*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਚਿੱਤ ਬਿਰਤੀਆਂ ਇਕਾਗਰ ਕਰੋ, ਪੂਰਾ ਧਿਆਨ concentrate (ਕੇਂਦਰਤ ਕਰਕੇ) ਜੋ ਆਪਾਂ ਥੋੜ੍ਹੀ ਬਹੁਤ ਵਿਚਾਰ ਕਰਨੀ ਹੈ ਉਹਨੂੰ ਪੂਰੀ ਤਰ੍ਹਾਂ ਸਮਝਣ ਦਾ ਯਤਨ ਕਰੋ। ਸ਼ਬਦ ਪੜ੍ਹਿਆ ਹੈ, ਤੁਸੀਂ ਵੀ ਪੜ੍ਹਿਆ ਹੈ, ਬੀਬੀਆਂ ਨੇ

ਵੀ ਪੜ੍ਹਿਆ ਹੈ, ਬਹੁਤ ਹੀ ਗਹਿਰੀ ਵਿਚਾਰ ਹੈ ਇਸ ਸ਼ਬਦ ਦੇ ਅੰਦਰ। ਜੇ ਇਹ ਮੈਂ ਕਹਿ ਦੇਵਾਂ ਕਿ ਇਹ ਮੈਂ ਸ਼ਬਦ ਪੜ੍ਹਿਆ ਹੈ, ਤਾਂ ਮੇਰਾ ਪੜ੍ਹਨਾ ਗਲਤ ਹੋ ਜਾਏਗਾ ਕਿਉਂਕਿ ਉਹ ਗੱਲ ਫੇਰ ਉਥੇ ਦੀ ਉਥੇ ਰਹਿ ਜਾਂਦੀ ਹੈ। ਸ਼ਬਦ ਪੜ੍ਹਿਆ ਹੈ –

***ਧਾਰਨਾ – ਪ੍ਰਭ ਸਭ ਕਿਛੁ ਤੇਰਾ ਜੀ,***
***ਮੈਂ ਕਿਛੁ ਨਾਹੀ–ਮੈਂ ਕਿਛੁ ਨਾਹੀ।***

ਲੇਕਿਨ ਭਾਵ ਅੰਦਰ ਅਜੇ ਜੀਉਂਦਾ ਹੈ ਕਿ ਮੈਂ ਸ਼ਬਦ ਪੜ੍ਹਿਆ ਹੈ। ਅਗਰ ਇਹ ਭਾਵ ਅੰਦਰ ਜੀਉਂਦਾ ਹੈ ਫੇਰ ਸ਼ਬਦ ਤਾਂ ਪੜ੍ਹਿਆ ਗਿਆ ਪਰ ਇਹਨੂੰ ਵਿਚਾਰਨ ਵਾਲਾ ਕੋਈ ਹੋਰ ਹੈ, ਏਸ ਦੇ ਉੱਤੇ ਅਮਲ ਕਰਨ ਵਾਲਾ ਕੋਈ ਹੋਰ ਹੈ। ਜਿਸਨੇ ਪੜ੍ਹਿਆ ਹੈ ਉਹਨੂੰ ਸਮਝ ਨਹੀਂ ਆਈ, ਕਿਉਂਕਿ ਲੀਨਤਾ ਦਾ ਸ਼ਬਦ ਹੈ ਇਹ। ਦੋ ਨਹੀਂ ਇਸ ਥਾਂ ਰਹਿੰਦੇ, ਅਸਲੀਅਤ ਆ ਜਾਂਦੀ ਹੈ। ਹਾਂ, ਇੱਕ ਜਗਿਆਸਾ ਹੈ, ਸੁਰਤ ਹੈ lower level (ਹੇਠਲਾ ਪੱਧਰ) ਦੀ, ਉਹ ਸੁਰਤ ਇੱਕ ਤਰਲਾ ਲੈ ਰਹੀ ਹੈ ਕਿ ਮੈਂ ਨਾ ਹੋਵਾਂ। ਹੋਵੇ ਕੀ ਫੇਰ ਇੱਥੇ ਵਾਹਿਗੁਰੂ ਜੀ ਹੀ ਹੋਣ, ਜੋ ਸਤਿ ਹੈ ਸਤਿ ਪ੍ਰਗਟ ਹੋ ਜਾਵੇ ਤੇ ਮੈਂ ਨਾ ਹੋਵਾਂ। ਇਹ ਇੱਕ ਹੇਠਲੇ ਪੱਧਰ ਦੀ ਸੁਰਤ ਦਾ ਤਰਲਾ ਹੈ ਜਿਹਨੂੰ ਭੁਲੇਖੇ ਨਾਲ ਇਹ ਦ੍ਰਿੜ੍ਹ ਹੋ ਗਿਆ ਕਿ ਮੈਂ ਵੀ ਹੈਗਾ ਕੁਛ ਏਸ ਸੰਸਾਰ ਦੇ ਅੰਦਰ। ਗੁਰੂ ਮਹਾਰਾਜ ਕਹਿੰਦੇ ਜਿੰਨੀ ਦੇਰ ਤੇਰਾ ਇਹ ਨਿਹਚਾ ਹੈ, ਮੈਂ ਵੀ ਹੈਗਾ, ਤੂੰ ਵੀ ਹੈਗਾ; ਫੇਰ ਮੈਂ ਤੇ ਤੂੰ ਦਾ conflict (ਝਗੜਾ) ਪੈ ਗਿਆ। ਇੱਕ ਤੂੰ ਹੋ ਗਿਆ, ਇੱਕ ਮੈਂ ਹੋ ਗਿਆ। ਹੁਣ ਤੂੰ ਵੀ ਜਿਹੜਾ ਹੈ ਉਹ ਵੀ ਬੇਗਾਨਾ ਹੈ, ਮੈਂ ਵੀ ਬੇਗਾਨਾ ਹਾਂ, ਇੱਥੇ ਚੁੱਪ-ਚਾਂਦ ਹੈ, ਹੋਰ ਕੋਈ ਬਾਤ ਕਹਿਣ ਵਾਸਤੇ ਨਹੀਂ ਹੈ, ਜਿੱਥੇ ਬੋਲ ਆਉਂਦਾ ਹੈ ਉੱਥੇ ਗੱਲ ਸਪਸ਼ਟ ਨਹੀਂ ਹੁੰਦੀ। ਅਨੁਭਵ ਤੇ ਸਮਾਧੀ ਹੋਰ ਚੀਜ਼ ਹੁੰਦੀ ਹੈ, ਉਥੇ ਨਾ ਤੂੰ ਹੈਂ ਨਾ ਮੈਂ ਹਾਂ। ਇਹ ਭਾਵ ਹੀ ਨਹੀਂ ਜਦ ਇੱਕੋ ਹੀ ਹੈ ਫੇਰ ਦੋ ਕੀਹਨੂੰ ਕਹੇ। ਜਦ ਆਪੇ ਹੀ ਆਪ ਹੈ, ਰੱਬ ਨੂੰ ਪੁੱਛਿਆ ਮੂਸਾ ਨੇ ਕਿ ਹੇ ਮਹਾਂਪ੍ਰਕਾਸ਼! ਤੇਰਾ ਨਾਉਂ ਕੀ ਹੈ? ਕੀ ਦੱਸਾਂ ਮੈਂ ਲੋਕਾਂ ਨੂੰ ਜਾ ਕੇ ਕਿ ਕੀਹਨੇ ਪ੍ਰਕਾਸ਼ ਕੀਤਾ ਸੀ। ਇਹ commandments (ਹੁਕਮ) ਪਹਾੜ ਦੇ ਉੱਤੇ ਕਿਸਨੇ ਲਿਖੀਆਂ ਨੇ? ਕਹਿੰਦੇ, ਕਹਿ ਦੇਈਂ ਮੈਂ ਲਿਖੀਆਂ ਨੇ, ਮੇਰਾ ਨਾਉਂ ਮੈਂ ਹੀ ਹੈ। ਮੈਨੂੰ 'ਮੈਂ' ਹੀ ਕਹਿੰਦੇ ਨੇ, ਮੈਂ ਵੀ 'ਮੈਂ' ਹੀ ਕਹਿੰਦਾ ਹਾਂ। ਗੱਲ ਖਤਮ ਹੋ ਗਈ ਇਹਦੇ ਉੱਤੇ। ਸਮਝਣ ਵਾਲਿਆਂ ਨੇ ਸਮਝ ਲਈ। ਦੂਸਰਿਆਂ ਨੂੰ ਏਸ ਗੱਲ ਦਾ ਪਤਾ ਨਹੀਂ ਲੱਗਿਆ, ਲੇਕਿਨ ਇਹ ਬਾਤ ਜੋ ਹੈ ਇਹ ਆਦਮੀ ਦੀ ਸਮਝ ਤੋਂ ਬਾਹਰਲੀ ਬਾਤ ਹੈ, ਕਰੋੜਾਂ ਜਨਮ ਸਾਨੂੰ ਘੁੰਮਦਿਆਂ ਨੂੰ ਲੰਘਣ ਕਰਕੇ ਸਾਡੇ ਅੰਦਰ ਅਧਿਆਸ, ਮੈਂ, ਤੂੰ, ਇਹ, ਉਹ, ਇੱਥੇ, ਉੱਥੇ, ਉੱਚਾ ਨੀਵਾਂ, ਇਹ ਸਾਰੇ ਦੇ ਸਾਰੇ ਅਧਿਆਸ ਪਰਪੱਕ ਹੋ ਗਏ ਨੇ, ਹਟਣ 'ਚ ਨਹੀਂ ਆਉਂਦੇ। ਜਨਮ ਦਰ ਜਨਮ ਲੰਘਦਾ ਤੁਰਿਆ ਜਾਂਦਾ ਹੈ ਲੇਕਿਨ ਅਧਿਆਸ ਕਮਜ਼ੋਰ ਨਹੀਂ ਹੁੰਦਾ। ਮਜ਼ਬੂਤ ਹੈ ਉਸੇ ਤਰ੍ਹਾਂ ਦੇ ਨਾਲ, ਜੇ ਗਿਆਨ ਵੀ ਹੋ ਗਿਆ ਮੈਨੂੰ ਗਿਆਨ ਹੋ ਗਿਆ। ਜੇ ਰੱਬ ਦਾ ਝਲਕਾਰਾ ਵੀ ਵੱਜ ਗਿਆ, ਮੈਂ ਝਲਕਾਰਾ ਦੇਖਿਆ ਹੈ। ਨਹੀਂ ਹਟਦੀ

ਇਹ, problem (ਮੁਸ਼ਕਲ) ਹੈ ਇਹ ਬੜੀ ਜ਼ਬਰਦਸਤ। ਕਿਸੇ ਦੀ ਵੀ ਨਹੀਂ ਹਟਦੀ। ਗੁਰੂ ਗ੍ਰੰਥ ਸਾਹਿਬ ਜੀ ਨੇ ਤਾਂ ਸਾਰਿਆਂ ਨੂੰ ਕਹਿ ਦਿੱਤਾ ਕੋਈ ਨਹੀਂ ਛੱਡਿਆ ਕਿ ਸਾਰੇ ਹੀ ਮੈਂ ਦੇ ਅਧੀਨ ਨੇ। ਜਿਹੜਾ ਇਸ ਤੋਂ ਉੱਤੇ ਲੰਘ ਜਾਂਦਾ ਹੈ ਇਹਦੀ ਗਤੀ ਕਹੀ ਨਹੀਂ ਜਾਂਦੀ–

***ਮੰਨੇ ਕੀ ਗਤਿ ਕਹੀ ਨ ਜਾਇ ॥ ਜੇ ਕੋ ਕਹੈ ਪਿਛੈ ਪਛੁਤਾਇ ॥***
***ਅੰਗ - 3***

ਨਹੀਂ ਕਹਿ ਸਕਦਾ, ਉਸਦੀ ਕਦਰ, ਉਸਦੀ ਮਹਿਮਾ, ਉਹਦੀ ਗਤੀ; ਜਿਹਨੇ ਅਸਲੀਅਤ ਨੂੰ ਪਾ ਕੇ ਆਪਣਾ ਆਪ ਖਤਮ ਕਰ ਦਿੱਤਾ ਅਤੇ ਅਸਲੀਅਤ ਦੇ ਵਿੱਚ ਪ੍ਰਗਟ ਹੋ ਗਿਆ। ਕਿਉਂਕਿ ਇਹਨੂੰ ਅਕਥ ਕਹਾਣੀ ਕਹਿੰਦੇ ਨੇ। ਅਕਥ ਕਹਾਣੀ, ਜਿਹੜੀ ਕਹਾਣੀ ਕਥੀ ਨਾ ਜਾਵੇ, ਕਹਿਣ ਵਾਲੀ ਨਹੀਂ ਹੈ ਕੇਵਲ ਭਾਸ਼ਾ ਤੋਂ ਬਿਨਾਂ ਅੰਦਰ ਹੀ ਅੰਦਰ ਅਨੁਭਵ ਨਾਲ ਸਮਝਣ ਵਾਲੀ ਹੈ ਤੇ ਇਹ ਗੱਲ ਬੜੀ ਔਖੀ ਹੈ ਪਰ ਏਸਨੂੰ ਸਮਰੱਥ ਗੁਰੂ ਤੋਂ ਬਗੈਰ ਹੋਰ ਕੋਈ ਸਮਝਾ ਨਹੀਂ ਸਕਦਾ। ਦੂਸਰਾ ਇਹ ਹੈ ਕਿ ਸਾਨੂੰ ਗੁਰੂ ਵਿੱਚ desolve ਹੋਣਾ ਪੈਂਦਾ ਹੈ, ਆਪਣੀ ਹਸਤੀ ਨੂੰ ਖਤਮ ਕਰਨਾ ਪੈਂਦਾ ਹੈ ਕਿਉਂਕਿ ਵਾਹਿਗੁਰੂ ਨੂੰ ਅਸੀਂ ਨਾ ਜਾਣਦੇ ਹਾਂ, ਨਾ ਦੇਖ ਸਕਦੇ ਹਾਂ, ਐਸਾ ਫੈਸਲਾ ਹੀ ਹੋ ਗਿਆ, ਜਾਂ ਤਾਂ ਸਾਰਾ ਕੁਛ ਹੀ ਵਾਹਿਗੁਰੂ ਦਿਸਦਾ ਹੈ ਜਾਂ ਕੁਛ ਵੀ ਨਹੀਂ ਦਿਸਦਾ। ਜਦੋਂ ਸਾਰਾ ਕੁਛ ਦਿਸਦਾ ਹੈ ਫੇਰ ਮੈਂ ਨਹੀਂ ਰਹਿੰਦਾ ਤੇ ਜਦੋਂ ਉਹਨੂੰ ਵੱਖਰਾ ਹੋ ਕੇ -

***ਨਹੀ ਜਾਨ ਜਾਈ ਕਛੂ ਰੂਪ ਰੇਖੰ॥***
***ਕਹਾ ਬਾਸ ਤਾਂਕੋ ਫਿਰੈ ਕਉਨ ਭੇਖੰ॥***
***ਕਹਾ ਨਾਮ ਤਾਕੋ ਕਹਾ ਕੈ ਕਹਾਵੈ॥***
***ਕਹਾ ਮੈ ਬਖਾਨੋ ਕਹੇ ਮੋ ਨ ਆਵੈ॥*** ***ਅਕਾਲ ਉਸਤਤਿ***

ਬਹੁਤ ਉੱਚੀਆਂ ਬਾਤਾਂ ਫਿਲੋਸਫੀ ਦੀਆਂ, ਸੈਂਕੜੇ ਗ੍ਰੰਥ ਪੜ੍ਹ ਲਓ ਤਾਂ ਕਿਤੇ ਇੱਥੇ ਦਿਮਾਗ ਕੰਮ ਕਰਦਾ ਹੈ, ਨਹੀਂ ਤਾਂ ਕਰਦਾ ਹੀ ਨਹੀਂ, ਪਹੁੰਚਦਾ ਹੀ ਨਹੀਂ, ਛੋਹ ਨਹੀਂ ਸਕਦਾ ਏਸ ਬੁਲੰਦੀ ਨੂੰ -

***ਜਿਨ੍ਹਾਂ ਉਚਯਾਈਆਂ ਉਤੋਂ 'ਬੁੱਧੀ' ਖੰਭ ਸਾੜ ਢੱਠੀ,***
***ਮੱਲੋ ਮੱਲੀ ਓਥੇ ਦਿਲ ਮਾਰਦਾ ਉਡਾਰੀਆਂ।***
***ਪਯਾਲੇ ਅਣਡਿੱਠੇ ਨਾਲ, ਬੁੱਲ੍ਹ ਲਗ ਜਾਣ ਓਥੇ,***
***ਰਸ ਤੇ ਸਰੂਰ ਚੜ੍ਹੇ, ਝੂੰਮਾਂ ਆਉਣ ਪਯਾਰੀਆਂ।***
***'ਗਿਯਾਨੀ' ਸਾਨੂੰ ਹੋੜਦਾ ਤੇ 'ਵਹਿਮੀ ਢੋਲਾ' ਆਖਦਾ ਏ,***
***'ਮਾਰੇ ਗਏ ਜਿਨ੍ਹਾਂ ਲਾਈਆਂ ਬੁੱਧੋਂ ਪਾਰ ਤਾਰੀਆਂ।'***
***'ਬੈਠ ਵੇ ਗਿਆਨੀ! ਬੁੱਧੀ ਮੰਡਲੇ ਦੀ ਕੈਦ ਵਿਚ,***
***'ਵਲਵਲੇ ਦੇ ਦੇਸ਼' ਸਾਡੀਆਂ ਲੱਗ ਗਈਆਂ ਯਾਰੀਆਂ।***

ਬੜਾ ਸੋਹਣਾ ਭਾਈ ਵੀਰ ਸਿੰਘ ਦਾ ਅਨੁਭਵ ਉਡਾਰੀ ਮਾਰਿਆ। ਬੁੱਧੀ ਦੇ ਮੰਡਲ ਨੂੰ ਛੱਡ ਕੇ ਉਨਮਨ ਦੇ ਮੰਡਲ 'ਚ ਪ੍ਰਵੇਸ਼ ਕਰ ਗਏ। ਕਹਿੰਦੇ, ***'ਪਯਾਲੇ ਅਣਡਿੱਠੇ ਨਾਲ, ਬੁੱਲ੍ਹ ਲਗ ਜਾਣ ਓਥੇ, ਰਸ ਤੇ ਸਰੂਰ ਚੜ੍ਹੇ, ਝੂੰਮਾਂ ਆਉਣ ਪਯਾਰੀਆਂ।'*** ਬੁੱਲ੍ਹ ਲੱਗਣ ਦੀ ਦੇਰ ਹੈ

ਕਿ ਐਸਾ ਪਿਆਲਾ ਹੈ ਅੰਮ੍ਰਿਤ ਦਾ ਕਿ ਝੂੰਮਾਂ ਆਉਣ ਲੱਗ ਜਾਂਦੀਆਂ ਨੇ ਤੇ ਅਕਲ ਵਾਲੇ ਬੰਦੇ ਕੀ ਕਹਿੰਦੇ ਨੇ, ***'ਗਿਯਾਨੀ' ਸਾਨੂੰ ਹੋੜਦਾ ਤੇ 'ਵਹਿਮੀ ਢੋਲਾ' ਆਖਦਾ ਏ, ਮਾਰੇ ਗਏ ਜਿਨ੍ਹਾਂ ਲਾਈਆਂ ਬੁੱਧੋਂ ਪਾਰ ਤਾਰੀਆਂ।'*** ਬੁੱਧੀ ਤੋਂ ਅਗਾਂਹਾਂ ਤਾਂ ਕੋਈ ਗੱਲ ਹੀ ਨਹੀਂ ਹੈ। ਉਹ ਕਹਿੰਦੇ, ਬਾਬਾ ਤੂੰ ਆਪਣੀ ਅਕਲ ਆਪਣੇ ਕੋਲ ਰੱਖ, ***'ਬੈਠ ਵੇ ਗਿਆਨੀ! ਬੁੱਧੀ ਮੰਡਲੇ ਦੀ ਕੈਦ ਵਿਚ, ਵਲਵਲੇ ਦੇ ਦੇਸ਼' ਸਾਡੀਆਂ ਲੱਗ ਗਈਆਂ ਯਾਰੀਆਂ।'*** ਅਸੀਂ ਵਿਸਮਾਦ ਦੇ ਦੇਸ਼ ਵਿੱਚ ਦਾਖਲਾ ਲੈ ਲਿਆ। ਜਿੱਥੇ ਦੀ ਭਾਸ਼ਾ ਵਿਸਮਾਦ ਹੈ, ਅਨੰਦ ਹੈ, ਝੂੰਮਣੀਆਂ ਨੇ, ਝਰਨ੍ਹਾਟਾਂ ਨੇ, ਅਪਣੱਤ ਹੈ, ਇੱਥੇ ਕੋਈ ਹੋਰ ਖਿਆਲ ਨਹੀਂ ਆਉਂਦਾ, ਮਹਾਂਅਨੰਦ ਹੈ। ਸੋ ਇੱਥੇ ਅਸੀਂ ਏਸ ਨੂੰ ਨਹੀਂ ਪ੍ਰਾਪਤ ਕਰ ਸਕਦੇ। ਜਦੋਂ ਤੱਕ ਵਿਚਾਲੇ ਸਾਡੇ ਮੀਡੀਆ ਨਹੀਂ ਪ੍ਰਾਪਤ ਹੁੰਦਾ, ਮਨੁੱਖੀ ਸਰੀਰ ਦਾ ਜਾਂ ਐਸੇ ਗੁਰੂ ਦਾ ਜਿਹੜਾ ਸਰੀਰ ਤੋਂ ਬਾਅਦ ਫੇਰ exist ਕਰਦਾ ਹੋਵੇ, ਜਿਹਦੀ ਹੋਂਦ ਨਾ ਕਦੇ ਖਤਮ ਹੁੰਦੀ ਹੋਵੇ, ਉਹਨੂੰ ਜਿੰਦਾ ਪੀਰ ਕਹਿੰਦੇ ਨੇ। ਉਹ ਹੋਵੇ ਸਹੀ, ਗੁਰੂ ਐਸੀ ਹਸਤੀ ਹੈ ਕਿ ਕਦੇ ਅਲੋਪ ਨਹੀਂ ਹੋਇਆ ਕਰਦਾ, ਭੂਤ ਨਹੀਂ ਜਾਂਦੇ, ਉਹ ਮਰੇ ਹੋਏ ਬੰਦੇ ਕਹੀ ਜਾਂਦੇ ਨੇ ਕਿ ਮੈਂ ਫਲਾਣਾ ਹਾਂ, ਮੈਂ ਫਲਾਣਾ ਹਾਂ, ਦਿਸਦਾ ਤਾਂ ਨਹੀਂ ਇਤਬਾਰ ਹੀ ਕਰਦੇ ਹਾਂ ਅਸੀਂ ਉਹਦੇ ਉੱਤੇ। ਗੱਲਾਂ ਦੱਸ ਦਿੰਦਾ ਹੈ ਕਿ ਮੈਂ ਉੱਥੇ ਸੀਗਾ, ਫਲਾਣੇ ਥਾਂ ਮੈਂ ਆਹ ਗੱਲ ਕਰੀ ਹੈ, ਆਹ ਗੱਲ ਦੇਖੀ ਹੈ। ਸਾਨੂੰ ਓਹਦੀ ਹੋਂਦ ਦੇ ਉੱਤੇ ਵਿਸ਼ਵਾਸ਼ ਆ ਜਾਂਦਾ ਹੈ। ਲੇਕਿਨ ਗੁਰੂ ਦੀ ਹੋਂਦ ਉੱਤੇ ਸਾਡਾ ਵਿਸ਼ਵਾਸ਼ ਨਹੀਂ ਬੈਠਦਾ। ਗੁਰੂ ਕੰਮ ਕਰ ਰਿਹਾ ਹੈ, ਗੁਰੂ ਕਿਤੇ ਵੀ ਨਹੀਂ ਗਿਆ। ਸਰੀਰ ਬਦਲ ਕੇ visible (ਦਖਾਈ ਦੇਣ ਵਾਲਾ) ਤੋਂ invisible (ਨਾ ਦਖਾਈ ਦੇਣ ਵਾਲਾ) ਹੋ ਗਿਆ ਲੇਕਿਨ ਉਹਦੀ ਹੋਂਦ ਤਾਂ ਖਤਮ ਨਹੀਂ ਹੋਈ। ਸਭ ਦੇ ਸਰੀਰਾਂ ਨੇ ਖਤਮ ਹੋ ਜਾਣਾ ਹੈ, ਸੰਤਾਂ ਦਾ ਵੀ ਤੇ ਰਾਜਿਆਂ ਦਾ ਵੀ, ਹਕੀਮਾਂ ਡਾਕਟਰਾਂ ਦਾ ਵੀ ਸਰੀਰ ਤਾਂ ਰਹਿਣਾ ਨਹੀਂ, ਇਸ ਸਰੀਰ ਨੇ ਤਾਂ ਜਾਣਾ ਹੀ ਜਾਣਾ ਹੈ, ਲੇਕਿਨ ਇਹਦੇ ਵਿੱਚ ਜੋ ਅਸਲੀ ਹੋਂਦ ਹੈ ਉਹ ਨਹੀਂ ਖਤਮ ਹੋਇਆ ਕਰਦੀ। ਸੋ ਗੁਰੂ ਦੀ ਹੋਂਦ ਕਾਇਮ ਰਹਿੰਦੀ ਹੈ। ਗੁਰੂ ਦਾ ਜਿਹੜਾ ਕੰਮ ਹੈ, ਉਹ ਸਿੱਖ ਨੂੰ ਹਨ੍ਹੇਰ ਵਿੱਚੋਂ ਕੱਢਣਾ ਹੋਇਆ ਕਰਦਾ ਹੈ। ਜੋ ਕੱਚਾ ਗੁਰੂ ਹੁੰਦਾ ਹੈ ਉਹ ਮਰ ਜਾਂਦਾ ਹੈ, ਅੰਨ੍ਹਾ ਗੁਰੂ ਮਰ ਜਾਂਦਾ ਹੈ। ਜਿਹੜਾ ਗੁਰੂ ਸਮਰੱਥ ਹੈ ਉਹ ਕਦੇ ਵੀ invisible (ਨਾ ਦਖਾਈ ਦੇਣ ਵਾਲਾ) ਨਹੀਂ ਹੁੰਦਾ, ਕਦੇ ਵੀ ਉਸਦੀ ਅਣਹੋਂਦ ਨਹੀਂ ਹੁੰਦੀ। ਗੁਰੂ ਨਾਨਕ ਸਾਹਿਬ ਨੂੰ ਅਕਾਲ ਪੁਰਖ ਨੇ ਕਿਹਾ ਕਿ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ। ਤੂੰ ਸਰੀਰ ਵਿੱਚ ਜਾ ਸਕਦਾ ਹੈਂ, ਸੰਸਾਰ ਦਾ ਉਧਾਰ ਕਰ ਸਕਦਾ ਹੈਂ। ਸਰੀਰ ਤੋਂ ਬਗੈਰ ਇੱਥੇ ਬੈਠ ਕੇ, ਬਹੁਤ ਉੱਚੇ ਸਰੀਰਾਂ 'ਚ ਬਿਰਾਜ ਕੇ ਤੂੰ ਉਨ੍ਹਾਂ ਦਾ ਉਧਾਰ ਕਰ ਸਕਦਾ ਹੈਂ। ਸੋ ਉਹਦੀ ਨਿਸ਼ਾਨੀ ਜਿਹੜੀ ਹੈ ਜਣਾਂ ਖਣਾਂ ਗੁਰੂ ਨਹੀਂ ਹੋਇਆ ਕਰਦਾ ਤੇ ਜੋ ਗੁਰੂ ਹੁੰਦਾ ਹੈ ਉਹ ਸਮਰੱਥ ਹੁੰਦਾ ਹੈ, ਜਾਇਆ ਨਹੀਂ ਕਰਦਾ ਕਦੇ ਵੀ। ਉਹ ਆ ਗਿਆ ਸੰਸਾਰ ਦੇ ਉੱਤੇ ਰੋਸ਼ਨੀ ਦਿੰਦਾ ਹੈ। ਸੂਰਜ ਕਹਿੰਦੇ ਛਿਪ ਗਿਆ, ਛਿਪਦਾ

ਤਾਂ ਨਹੀਂ। ਅਮਰੀਕਾ ਵਾਲਿਆਂ ਨੂੰ ਪੁੱਛੋ ਟੈਲੀਫੋਨ ਕਰਕੇ ਕਿ ਸਾਡਾ ਛਿਪ ਗਿਆ। ਉਹ ਕਹਿੰਦੇ ਬਿਲਕੁਲ ਗਲਤ ਹੈ, ਸਾਡੇ ਤਾਂ ਦੁਪਹਿਰਾ ਹੈ ਏਸ ਵੇਲੇ ਜਾਂ ਸਾਡੇ ਚੜ੍ਹ ਗਿਆ ਆ ਕੇ। ਸੂਰਜ ਅਲੋਪ ਨਹੀਂ ਹੋਇਆ, ਕੋਈ ਕਿਰਿਆ ਐਸੀ ਹੋ ਗਈ, ਪ੍ਰਾਕ੍ਰਿਤੀ ਦੇ ਅੰਦਰ ਕਿ ਧਰਤੀ ਘੁੰਮ ਕੇ ਦੂਜੇ ਪਾਸੇ ਚਲੀ ਗਈ, ਐਸ ਤਰ੍ਹਾਂ ਗੁਰੂ ਨਹੀਂ ਅਲੋਪ ਹੋਇਆ ਕਰਦਾ। ਗੁਰੂ ਦੀ ਜਿਹੜੀ ਹੋਂਦ ਹੈ, ਉਹ ਕਦੇ ਅਣਹੋਂਦ ਨਹੀਂ ਹੋਇਆ ਕਰਦੀ। ਉਹਦੇ ਨਾਲ ਸਾਡਾ ਪਿਆਰ ਪੈ ਜਾਂਦਾ ਹੈ। ਵਾਹਿਗੁਰੂ ਨਾਲ ਨਹੀਂ ਪੈਂਦਾ ਕਿਉਂਕਿ ਵਾਹਿਗੁਰੂ visible (ਦਖਾਈ ਦੇਣ ਵਾਲਾ) ਨਹੀਂ ਹੈ, ਕਦੇ ਆਇਆ ਨਹੀਂ ਕਿਸੇ ਨੇ ਦੇਖਿਆ ਨਹੀਂ ਹੈ। ਸਾਰੇ ਹਾਰ ਕੇ ਹੰਭ ਕੇ ਬੈਠ ਗਏ ਨੇ। ਕੋਈ ਨਹੀਂ ਲੱਭ ਸਕਿਆ, ਲੱਭੇ ਤਾਂ, ਤਾਂ ਜੇ ਕੋਈ ਹੋਰ ਹੋਵੇ, ਅਸੀਂ ਹੋਰ ਹੋਈਏ ਤੇ ਉਹ ਹੋਰ ਹੋਵੇ, ਫੇਰ ਲੱਭ ਜਾਵੇ। ਲੇਕਿਨ ਜੋ ਗੁਰੂ ਹੈ ਉਹ ਸਰੀਰਧਾਰੀ ਵੀ ਹੋਇਆ ਹੈ, ਉਹਨੇ ਐਸੇ ਕੌਤਕ ਵੀ ਕਰੇ ਨੇ ਜਿਹੜੇ ਸਾਨੂੰ ਪ੍ਰੇਰਨਾ ਦਿੰਦੇ ਨੇ। ਉਹਦੇ ਵਾਸਤੇ ਗੁਰੂ ਮਹਾਰਾਜ ਕਹਿੰਦੇ ਨੇ ਕਿ ਜਿਹਦਾ ਪਿਆਰ ਗੁਰੂ ਦੇ ਨਾਲ ਹੋ ਗਿਆ, ਉਹ ਗੁਰੂ ਦੇ ਪਿਆਰ ਰਾਹੀਂ ਅਸਲੀਅਤ ਨੂੰ ਪਹੁੰਚ ਜਾਇਆ ਕਰਦਾ। ਗੁਰੂ ਨੂੰ ਜਦੋਂ ਉਥੇ ਜਾ ਕੇ ਦੇਖਦਾ ਹੈ ਤਾਂ ਹੈਰਾਨ ਹੋ ਗਿਆ ਕਿ ਗੁਰੂ ਵੀ ਓਹੀ ਹੈ ਤੇ ਮੈਂ ਵੀ ਓਹੀ ਹੈ, ਜਿਹਨੂੰ ਮੈਂ ਟੋਲ੍ਹਦਾ ਸੀ ਉਹ ਵੀ ਮੈਂ ਹੀ ਹਾਂ। ਹੋਰ ਤਾਂ ਹੈ ਹੀ ਨਹੀਂ ਕੋਈ, ਲਹਿਰ ਸਮੁੰਦਰ ਨੂੰ ਭਾਲ ਰਹੀ ਹੈ। travel (ਯਾਤਰਾ) ਕਰਿਆ ਉਹਨੇ ਹਜ਼ਾਰਾਂ ਮੀਲ, ਜਦੋਂ ਕਿਨਾਰੇ 'ਤੇ ਪਹੁੰਚੀ ਲਹਿਰ ਉਹਦੇ ਵਿੱਚ ਹੀ ਸਮਾਅ ਗਈ, ਹੁਣ ਲਹਿਰ ਕਿੱਥੋਂ ਟੋਲ੍ਹ ਲਏਗੀ ਸਮੁੰਦਰ ਨੂੰ। ਸਮੁੰਦਰ ਤਾਂ ਆਪ ਹੀ ਹੈ ਉਹ। ਸੋ ਇਹ ਚੀਜ਼ਾਂ ਨੇ, ਸਮਰੱਥ ਗੁਰੂ ਤੋਂ ਜੋ ਪ੍ਰਾਪਤ ਹੁੰਦੀਆਂ ਨੇ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕੀਤਾ ਹੈ –

***ਧਾਰਨਾ – ਨਿਰਵੈਰ ਨਿਰਾਲਾ ਜੀ,***
***ਸਤਿਗੁਰ ਪੁਰਖ ਅਗੰਮ ਹੈ।***

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।***
***ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।***
***ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।***

***ਭਾਈ ਗੁਰਦਾਸ ਜੀ, ਵਾਰ 34/1***

ਗੁਰੂ ਦੀਆਂ Qualities (ਖੂਬੀਆਂ) ਇਸ ਵਾਰ ਦੇ ਵਿੱਚ ਭਾਈ ਗੁਰਦਾਸ ਜੀ ਨੇ, ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਦਾ ਦਰਜਾ ਰੱਖਦੀ ਹੈ। ਸੋ ਆਪ ਨੇ ਇਹਦੇ ਵਿੱਚ ਗੁਰੂ ਦੀਆਂ ਖੂਬੀਆਂ ਦੱਸੀਆਂ ਨੇ। ਗੁਰੂ ਨਿਰਵੈਰ ਹੁੰਦਾ ਹੈ, ਉਸਦਾ ਕਿਸੇ ਨਾਲ ਵੈਰ ਨਹੀਂ ਹੁੰਦਾ। ਬੜੀ ਭਾਰੀ ਗਲਤੀ ਹੈ ਸਾਡੀ ਜੇ ਅਸੀਂ ਇਹ ਕਹਿ ਦੇਈਏ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਿੱਲੀ ਦੇ ਰਾਜ ਦੇ, ਔਰੰਗਜ਼ੇਬ ਦੇ ਵੈਰੀ ਸੀ। ਕਿਉਂਕਿ ਔਰੰਗਜ਼ੇਬ ਦਾ ਸਿੱਧਾ ਵਿਵਾਦ ਗੁਰੂ ਸਾਹਿਬ ਨਾਲ ਹੋਇਆ।

ਪਰ ਇਤਿਹਾਸ ਇਸ ਗੱਲ ਦੀ ਸ਼ਾਅਦੀ ਦਿੰਦਾ ਹੈ ਕਿ ਜੇ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਦੇ ਵੈਰੀ ਹੁੰਦੇ ਤਾਂ ਉਹਦੀ ਓਲਾਦ ਦੇ ਵੀ ਵੈਰੀ ਹੋਣੇ ਚਾਹੀਦੇ ਸੀ। ਓਲਾਦ ਨੂੰ ਖਤਮ ਕਰ ਦਿੰਦੇ। ਦੋਹਾਂ ਭਰਾਵਾਂ ਦਾ, ਤਾਰਾਆਜ਼ਮ ਦਾ ਤੇ ਬਹਾਦਰਸ਼ਾਹ ਦਾ ਝਗੜਾ ਪੈ ਗਿਆ ਤਖਤ ਪਿੱਛੇ। ਗੁਰੂ ਦਸਮੇਸ਼ ਪਿਤਾ ਦੇ ਪਾਸ ਫਰਮਾਇਸ਼ ਪਹੁੰਚਦੀ ਹੈ, ਅਰਜ਼ ਪਹੁੰਚਦੀ ਹੈ ਕਿ ਹੇ ਗੁਰੂ ਜੀ! ਤੁਸੀਂ ਸਾਰੀ ਜ਼ਿੰਦਗੀ ਸੱਚ ਦੀ ਹਮਾਇਤ ਦੇ ਉੱਤੇ ਲਾਈ ਹੈ। ਵੱਡੀ ਤੋਂ ਵੱਡੀ ਕੁਰਬਾਨੀ ਆਪ ਨੇ ਸਤਿ ਦੀ ਰਾਖੀ ਵਾਸਤੇ ਕੀਤੀ ਹੈ। ਐਸ ਵੇਲੇ ਤੁਹਾਡੀ ਕੋਰਟ ਦੇ ਵਿੱਚ ਮੇਰੀ ਅਪੀਲ ਹੈ, ਮੇਰਾ ਮੁਕੱਦਮਾ ਹੈ, ਬਹਾਦਰਸ਼ਾਹ ਭੇਜਦਾ ਹੈ ਅਰਜ਼ਦਾਸਤ ਲਿਖ ਕੇ; ਤੁਹਾਡੀ ਕਚਹਿਰੀ ਜਿਹੜੀ ਕੋਰਟ ਹੈ ਉਹ ਜਿਹੋ ਜਿਹੀ ਪ੍ਰਮੇਸ਼ਰ ਦੀ ਕੋਰਟ ਹੈ, ਉਹ ਉਸੇ ਤਰ੍ਹਾਂ ਹੈ –

***ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥***

***ਅੰਗ – 463***

ਸੱਚ ਵਾਲੇ ਏਸ ਕਚਹਿਰੀ ਦੇ ਵਿੱਚ ਫਤਹਿ ਪਾਉਂਦੇ ਨੇ, ਜਿਹੜੇ ਝੂਠ ਵਾਲੇ ਨੇ ਉਨ੍ਹਾਂ ਦੀ ਹਾਰ ਹੋ ਜਾਂਦੀ ਹੈ ਤੇ ਮੈਂ ਤੁਹਾਡੀ ਗਿਆਤ ਲਈ ਬੇਨਤੀ ਕਰਦਾ ਹਾਂ ਕਿ ਮੈਂ ਵੱਡਾ ਸ਼ਹਿਜ਼ਾਦਾ ਹਾਂ, ਵਲੀ ਅਹਿੱਦ ਹਾਂ, ਮੇਰਾ ਰਾਜ ਦੇ ਉੱਤੇ ਹੱਕ ਹੈ ਤੇ ਮੇਰਾ ਜੋ ਛੋਟਾ ਭਰਾ ਹੈ ਉਹਨੇ ਭਰਾਵਾਂ ਨੂੰ ਵੀ ਫੜ ਕੇ ਅੰਨ੍ਹੇ ਕਰ ਦਿੱਤਾ, ਕੈਦ ਕਰ ਲਿਆ ਓਸਨੇ ਤੇ ਮੇਰਾ ਐਸ ਵੇਲੇ ਕੋਈ ਚਾਰਾ ਨਹੀਂ ਚਲਦਾ ਤੇ ਮੈਂ ਸੱਚ ਦੀ ਹਮਾਇਤ ਹਾਸਿਲ ਕਰਨੀ ਚਾਹੁੰਦਾ ਹਾਂ। ਸਰੀਰਕ ਤੌਰ 'ਤੇ ਆ ਕੇ ਤੁਸੀਂ ਮੇਰੀ ਮਦਦ ਕਰੋ, ਮੈਨੂੰ ਅਸ਼ੀਰਵਾਦ ਤਾਂ ਤੁਹਾਡੀ ਮਿਲਣੀ ਹੀ ਮਿਲਣੀ ਹੈ ਕਿਉਂਕਿ ਮੈਂ ਸੱਚ ਦੇ ਉੱਤੇ ਹਾਂ। ਲੇਕਿਨ ਮੈਂ ਬੇਨਤੀ ਜੋ ਕਰਦਾ ਹਾਂ ਕਿ ਤੁਸੀਂ ਸਰੀਰਕ ਤੌਰ ਤੇ ਵੀ, ਮੈਦਾਨੇ-ਏ-ਜੰਗ 'ਚ ਆ ਕੇ ਮੇਰੇ ਨਾਲ ਖੜ੍ਹ ਕੇ, ਸਤਿ ਤੇ ਅਸਤਿ ਦਾ ਨਿਪਟਾਰਾ ਕਰੋ।

ਕ੍ਰਿਸ਼ਨ ਮਹਾਰਾਜ ਦਾ ਕੀ ਰੌਲਾ ਸੀ ਕਿਸੇ ਨਾਲ? ਜੇ ਰੌਲਾ ਸੀ ਤਾਂ ਕੌਰਵਾਂ ਤੇ ਪਾਂਡਵਾਂ ਦਾ ਸੀ। ਲੇਕਿਨ ਕ੍ਰਿਸ਼ਨ ਮਹਾਰਾਜ ਨੇ ਕੀ ਕਿਹਾ, ਕਹਿੰਦੇ ਮੈਂ ਸਤਿ ਵਲ ਹੋਵਾਂਗਾ, ਅਸਤਿ ਵਲ ਨਹੀਂ। ਦੁਰਯੋਧਨ ਦਾ ਰਾਜ ਦੇ ਉੱਤੇ ਕੋਈ ਹੱਕ ਨਹੀਂ ਹੈ, ਧੱਕੇ ਨਾਲ, ਛਲ ਨਾਲ, ਕਪਟ ਨਾਲ ਰਾਜ ਖੋਹਿਆ ਗਿਆ ਹੈ। ਸ਼ਰਮਸ਼ਾਰ ਕਰਕੇ ਮਹਿਰੂਮ ਕੀਤਾ ਗਿਆ ਹੈ ਰਾਜ ਤੋਂ ਤੇ ਮੈਂ ਸਤਿ ਦਾ ਹਾਮੀ ਹਾਂ ਤੇ ਮੈਂ ਸਤਿ ਦੀ ਪਿੱਠ ਦੇ ਉੱਤੇ ਖੜ੍ਹਾਂਗਾ। ਗੁਰੂ ਦਸ਼ਮੇਸ਼ ਪਿਤਾ ਮਹਾਰਾਜ ਸੱਚੇ ਪਾਤਸ਼ਾਹ ਕੀ ਕਰਦੇ ਨੇ, ਭਖੇ ਹੋਏ ਜੰਗ ਦੇ ਵਿੱਚ ਪਹੁੰਚਦੇ ਨੇ, ਕਹਿੰਦੇ ਬਹਾਦਰਸ਼ਾਹ! ਮੈਂ ਆਇਆ ਹੀ ਸਤਿ ਦੀ ਹਮਾਇਤ ਕਰਨ ਵਾਸਤੇ ਹਾਂ, depressed (ਦਬੇ ਹੋਏ) ਦੀ ਹਮਾਇਤ ਕਰਨ ਵਾਸਤੇ, ਮੇਰਾ ਵੈਰ ਨਹੀਂ ਕਿਸੇ ਨਾਲ ਗਲਤ ਸਮਝਦੇ ਨੇ ਮੈਨੂੰ। ਮੇਰਾ ਵੈਰ ਨਹੀਂ ਹੈ, ਮੈਂ ਬੰਦੇ ਸੁਧਾਰਨੇ ਨੇ, ਜੇ ਕੋਈ ਅੰਗ ਐਨਾ ਗਲਤ ਹੋ ਗਿਆ ਕਿ ਸਰੀਰ ਨੂੰ ਕੈਂਸਰ ਹੋ ਜਾਏਗਾ ਤਾਂ ਉਹ ਅੰਗ ਕੱਟਣਾ ਮੇਰਾ ਫਰਜ਼ ਬਣ ਜਾਂਦਾ ਹੈ। ਮੇਰਾ ਯੁੱਧ ਨਹੀਂ ਕਿਸੇ ਨਾਲ ਵੀ।

ਮੈਂ ਤਾਂ ਜੋ corrupt element (ਭ੍ਰਿਸ਼ਟ ਤੱਤ) ਹੈ ਜੋ ਨਹੀਂ ਸੁਧਰ ਸਕਦਾ ਤੇ ਦੂਸਰਿਆਂ ਦੇ ਉੱਤੇ ਹਥਿਆਰ ਲੈ-ਲੈ ਕੇ ਚੜ੍ਹਦਾ ਹੈ, ਮੈਂ ਇੱਕ ਡਾਕਟਰ ਵਾਂਗੂੰ ਕੰਮ ਕਰਦਾ ਹਾਂ। ਵੈਰ ਮੇਰਾ ਉਹਦੇ ਨਾਲ ਵੀ ਨਹੀਂ ਹੈ ਕਿਉਂਕਿ ਗੁਰੂ ਸਾਹਿਬ ਦਾ ਹਰ ਬਾਣ ਸਵਾ ਤੋਲਾ ਸੋਨਾ ਨਾਲ ਲੈ ਕੇ ਜਾਂਦਾ ਸੀ। ਕਿੰਨੇ ਦਾ ਹੋ ਗਿਆ, ਆਪੇ ਹੀ ਦੇਖ ਲਓ। ਉਹ ਕਿਉਂ ਲੈ ਕੇ ਜਾਂਦਾ ਸੀ ਉਹ ਇਸ ਵਾਸਤੇ ਕਿ ਜਦੋਂ ਇਹ ਮਾਰਿਆ ਜਾਏਗਾ, ਇਹਦੇ ਕਫਨ ਦਾ, ਇਹਦੇ ਦਫਨਾਉਣ ਦਾ ਇਹਦੇ ਸਸਕਾਰ ਕਰਨ ਦਾ ਤੇ ਆਏ ਹੋਏ ਮਹਿਮਾਨਾਂ ਨੂੰ ਪ੍ਰਸ਼ਾਦਾ ਪਾਣੀ ਦੇਣ ਦਾ ਖਰਚਾ ਸਾਰਾ ਮੇਰਾ ਬਾਣ ਝੱਲ ਲਏਗਾ। ਕੋਈ ਦੁਨੀਆਂ 'ਚ ਹੈ ਐਸਾ, ਇਤਿਹਾਸ ਦੇ ਵਿੱਚ ਐਸੀ ਹਸਤੀ, ਸਾਰਾ ਇਤਿਹਾਸ ਪੜ੍ਹ ਲਓ ਸੰਸਾਰ ਦਾ। ਮਾਰਿਆ ਵੀ ਜਾ ਰਿਹਾ ਹੈ ਗਲਤ ਬੰਦੇ ਨੂੰ, illuminate (ਉਜਾਗਰ ਕਰਨਾ) ਕੀਤੀ ਜਾ ਰਹੀ ਹੈ ਬਦੀ, ਲੇਕਿਨ ਬਦੀ ਦੇ ਜਿਹੜੇ dependent (ਨਿਰਭਰ) ਹਨ, ਉਨ੍ਹਾਂ ਦੀ ਨਾਲ ਦੀ ਨਾਲ ਮਦਦ ਵੀ ਹੋ ਰਹੀ ਹੈ। ਜਿਹਨੂੰ ਬਾਣ ਮਾਰਦੇ ਸੀ, ਗੁਰੂ ਸਾਹਿਬ ਦਾ ਉਹਦੇ ਨਾਲ ਵੀ ਵੈਰ ਨਹੀਂ ਸੀ, ਉਹਦੇ ਨਾਲ ਵੀ ਹਮਦਰਦੀ ਸੀ, ਜੇ ਗਰੀਬ ਹੋਇਆ ਤਾਂ ਉਸ ਨਾਲ ਉਹਦਾ ਸਸਕਾਰ ਕਰ ਲਏਂਗਾ ਜਾਂ ਦਫਨਾਉਣ ਦਾ ਖਰਚਾ, ਆਏ ਮਹਿਮਾਨਾਂ ਦਾ ਜਾਂ ਭੋਗ ਦਾ ਖਰਚਾ। ਸਾਰਾ ਇੱਕ ਤੀਰ ਦੇ ਵਿੱਚੋਂ ਨਿਕਲ ਆਉਂਦਾ ਸੀ। ਇਹ ਬਾਤਾਂ ਜੋ ਹਨ ਇਹ ਕਦੇ ਵਿਚਾਰੀਆਂ ਨਹੀਂ ਗਈਆਂ, ਐਵੇਂ ਹੀ ਗੁਰੂ ਸਾਹਿਬ ਨੂੰ ਤਲਵਾਰ ਘੁੰਮਾਉਂਦੇ ਦਿਖਾਈ ਜਾਂਦੇ ਹਾਂ। ਉਨ੍ਹਾਂ ਦੇ ਹਿਰਦੇ ਨੂੰ ਨਹੀਂ ਜਾਣਿਆ ਕਿ ਕਿੰਨਾ ਨਰਮ ਦਿਲ ਸੀ ਉਨ੍ਹਾਂ ਦਾ, ਕਿੰਨਾ ਪਿਆਰ ਸੀ, ਮਜ਼ਬੂਰੀ ਡਾਕਟਰ ਵਾਂਗੂੰ ਅੰਗ ਕੱਟਣਾ ਪੈਂਦਾ ਸੀ, ਲੱਤ ਟੁੱਟ ਗਈ, ਟੁਕੜੇ-ਟੁਕੜੇ ਹੋ ਗਈ, ਨਹੀਂ ਠੀਕ ਹੋ ਸਕਦੀ, ਪੀਕ ਪੈ ਜਾਏਗੀ; ਗਲ ਜਾਏਗੀ ਫੇਰ ਡਾਕਟਰ ਕੋਲ ਕੀ ਚਾਰਾ ਹੈ, ਉਹਨੂੰ ਲੱਤ ਕੱਟਣੀ ਹੀ ਪੈਣੀ ਹੈ, ਬਾਕੀ ਸਰੀਰ ਨੂੰ ਬਚਾਉਣ ਵਾਸਤੇ। ਇਸੇ ਤਰ੍ਹਾਂ ਦੇ ਨਾਲ ਕੁਛ ਐਸੇ ਬੰਦੇ ਹੁੰਦੇ ਨੇ ਜਿਹੜੇ ਸਿਰ ਤੋਂ ਪੈਰਾਂ ਤੱਕ ਜ਼ਹਿਰ ਨਾਲ ਭਰ ਜਾਂਦੇ ਨੇ, ਨਫਰਤ ਨਾਲ ਭਰ ਜਾਂਦੇ ਨੇ ਉਹ ਸੁਸਾਇਟੀ ਦੇ ਅੰਗ ਦੇ ਵਿੱਚੋਂ ਕੱਢਣੇ ਪੈਂਦੇ ਨੇ। ਗੁਰੂ ਸਾਹਿਬ ਦੇ ਸ਼ਸਤਰ ਦੀ ਥਿਊਰੀ ਆਹੀ ਹੈ। ਇਹ ਨਹੀਂ ਕਿ ਮਾਰੀ ਚੱਲੋ, ਮਾਰੀ ਚੱਲੋ ਜਿਹੜਾ ਮੂਹਰੇ ਆਉਂਦਾ ਹੈ, ਗੋਲੀਆਂ ਮਾਰ ਦਿਓ ਉਹਨੂੰ। ਜਿਹੜਾ ਲਾ-ਇਲਾਜ ਅੰਗ ਹੋ ਗਿਆ, ਕੈਂਸਰ ਵਾਂਗੂੰ, ਕੈਂਸਰ ਦਾ ਅੰਗ ਛੱਡ ਕੇ ਦੇਖ ਲਓ, ਸਾਰੇ ਸਰੀਰ 'ਚ ਫੈਲ ਜਾਏਗਾ। ਸੋ ਗੁਰੂ ਮਹਾਰਾਜ ਕਹਿੰਦੇ ਉਹਨੂੰ ਕਹੋ ਫਿਕਰ ਨਾ ਕਰੇ। ਅਸੀਂ ਤਾਂ ਸਾਰਾ ਜੀਵਨ ਦਬੇ ਹੋਏ, ਕੁਚਲੇ ਹੋਏ, ਉਨ੍ਹਾਂ ਦੇ ਵਾਸਤੇ ਲਾਇਆ ਹੈ। ਅਸੀਂ ਕਿਸੇ ਖਾਸ ਵਰਗ ਨੂੰ ਚੁੱਕਣ ਨਹੀਂ ਸੀ ਆਏ ਕਿ ਉਨ੍ਹਾਂ ਦਾ ਰਾਜ ਖਤਮ ਕਰ ਦਿਓ ਤੇ ਇਨ੍ਹਾਂ ਨੂੰ ਦੇ ਦਿਓ। ਰਾਜ ਤੁਹਾਨੂੰ ਹੀ ਦੇਵਾਂਗੇ ਪਰ ਇਸ ਲਈ ਬਚਨਬੱਧ ਹੋਣਾ ਪਵੇਗਾ ਕਿ ਮੇਰਾ ਰਾਜ ਸੁਲਹਕੁਲ ਹੋਵੇਗਾ ਤੇ ਉਸ ਤੇ ਪੂਰਾ ਉਤਰਾਂਗਾ ਜਿਵੇਂ 'ਰਾਜੇ ਚੁਲੀ ਨਿਆਵ ਕੀ'। ਮੈਂ ਨਿਆਂ ਕਰਾਂਗਾ, ਇਨਸਾਫ ਕਰਾਂਗਾ। ਵਾਹਿਗੁਰੂ ਦੀ ਜਨਤਾ ਸਮਝ ਕੇ ਸਾਰਿਆਂ ਨਾਲ ਇੱਕ

ਅੱਖ ਨਾਲ ਦੇਖਾਂਗਾ, ਦੋ ਅੱਖਾਂ ਨਾਲ ਨਹੀਂ ਦੇਖਾਂਗਾ ਕਿ ਇਸਲਾਮ ਵਾਲਿਆਂ ਵਾਸਤੇ ਹੋਰ ਅੱਖ ਤੇ ਦੂਜਿਆਂ ਵਾਸਤੇ ਹੋਰ ਅੱਖ। ਗੁਰੂ ਮਹਾਰਾਜ ਉਸ ਮੈਦਾਨ-ਏ-ਜੰਗ ਵਿੱਚ ਜਾਂਦੇ ਨੇ ਤੇ ਜਦੋਂ ਪੂਰਾ ਯੁੱਧ ਹੋ ਗਿਆ ਤੇ ਬਹਾਦਰ ਸ਼ਾਹ ਦੀਆਂ ਫੌਜਾਂ ਨੂੰ ਭਾਜੜ ਪੈਣ ਵਾਲੀ ਸੀ, ਉਸ ਵੇਲੇ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਹੁਣ ਕੋਈ ਚਾਰਾ ਨਹੀਂ ਹੈ। ਜਦੋਂ ਕੋਈ ਸ਼ਰਨ ਆ ਜਾਵੇ -

***ਜੋ ਸਰਣਿ ਆਵੈ ਤਿਸੁ ਕੰਠਿ ਲਾਵੈ***
***ਇਹੁ ਬਿਰਦੁ ਸੁਆਮੀ ਸੰਦਾ ॥*** ***ਅੰਗ - 544***

ਜਦੋਂ ਕੋਈ ਸ਼ਰਨ ਆ ਗਿਆ, ਇਹ ਬਿਰਦ ਹੈ ਕਿ ਉਹਨੂੰ ਫੇਰ ਕੰਠ ਲਾ ਲੈਣਾ ਹੈ ਕਿ ਨਹੀਂ ਗਿਰਨ ਦੇਣਾ। ਉਹ ਸਥਿਤੀ ਆ ਗਈ, ਜਿਸ ਥਾਂ ਦੇ ਉੱਤੇ ਉਹਦੀ ਸਾਰੀ ਹਉਮੈ ਜਿਹੜੀ ਸੀ ਉਹ ਚਕਨਾਚੂਰ ਹੋ ਗਈ ਅਭਿਮਾਨ ਚਕਨਾਚੂਰ ਹੋ ਗਿਆ ਉਹਦਾ। ਬਈ ਹੁਣ ਨਹੀਂ ਮੈਂ ਬਚ ਸਕਦਾ। ਉਹ ਪੁਆਇੰਟ ਆ ਗਿਆ, ਜਿੱਥੇ ਆ ਕੇ ਉਹਨੂੰ ਪਤਾ ਲੱਗ ਗਿਆ ਕਿ ਹੁਣ ਮੈਂ ਮਾਰਿਆ ਜਾਵਾਂਗਾ। ਮੈਨੂੰ ਫੜ ਲੈਣਾ ਹੈ, ਤਾਰੇ ਨੇ ਇਹਦੀਆਂ ਤਾਂ ਫੌਜਾਂ ਬਹੁਤ ਜ਼ੋਰ ਨਾਲ ਮੇਰੀਆਂ ਫੌਜਾਂ ਦੇ ਪੈਰ ਹਿਲਾ ਰਹੀਆਂ ਨੇ। ਬੇਨਤੀ ਕਰੀ ਕਿ ਪਾਤਸ਼ਾਹ! ਹੁਣ ਉਹ ਸਮਾਂ ਆ ਗਿਆ ਜੇ ਇੱਕ ਮਿੰਟ ਵੀ ਜ਼ਾਇਆ ਕਰ ਦਿੱਤਾ ਤਾਂ ਮੇਰੀ ਹਾਰ ਯਕੀਨੀ ਹੈ। ਉਸ ਵੇਲੇ ਗੁਰੂ ਮਹਾਰਾਜ ਆਪਣਾ ਬਾਣ ਕਮਾਨ 'ਤੇ ਚਾੜ੍ਹਦੇ ਨੇ ਤੇ ਜੋ ਕਿ ਹਾਥੀ ਦੇ ਮੱਥੇ ਵਿੱਚ ਜਾ ਕੇ ਲਗਦਾ ਹੈ, ਤਾਰਾ ਚੁੱਕ ਕੇ ਥੱਲੇ ਮਾਰਿਆ। ਬਹਾਦਰ ਸ਼ਾਹ ਨੂੰ ਤਖਤ 'ਤੇ ਬਿਠਾ ਦਿੱਤਾ। ਜੇ ਔਰੰਗਜ਼ੇਬ ਨਾਲ ਗੁਰੂ ਦਾ ਵੈਰ ਹੁੰਦਾ, ਦੋ ਗੱਲਾਂ ਨੇ ਗੁਰੂ ਮਹਾਰਾਜ ਦੇ ਜੀਵਨ ਦੇ ਅੰਦਰ, ਸਮਝੋ ਇਹਨੂੰ ਚੰਗੀ ਤਰ੍ਹਾਂ। ਪਹਿਲਾਂ ਇਹ ਹੈ ਕਿ ਜਦੋਂ ਮਹਾਰਾਜ ਨੇ ਜਫਰਨਾਮਾ ਲਿਖਿਆ ਮਾਛੀਵਾੜੇ ਤੋਂ, ਉਹ ਭਾਈ ਦਇਆ ਸਿੰਘ ਦੇ ਹੱਥੀਂ ਭੇਜ ਦਿੱਤਾ। ਬਹੁਤ ਛੇਤੀ ਭਾਈ ਦਇਆ ਸਿੰਘ ਗਏ ਤੇ ਜਵਾਬ ਲੈ ਕੇ ਆ ਗਏ। ਔਰੰਗਜ਼ੇਬ ਨੇ ਉਹਦੇ ਵਿੱਚ ਬੜਾ ਅਫਸੋਸ ਪ੍ਰਗਟ ਕੀਤਾ ਕਿ ਗੁਰੂ ਸਾਹਿਬ ਨੇ ਲਿਖਿਆ ਕਿ ਔਰੰਗਜ਼ੇਬ! ਤੂੰ ਕੁਰਾਨ ਨੂੰ ਮੰਨਣ ਵਾਲਾ ਹੈਂ ਲੇਕਿਨ ਨਾਸਤਕ ਹੈਂ ਤੇਰੇ ਵਰਗਾ ਦੁਸ਼ਟ ਕੋਈ ਨਹੀਂ ਹੈ, ਉਪਰੋਂ ਤੂੰ ਢੌਂਗ ਰਚਿਆ ਹੋਇਆ ਹੈ ਧਰਮ ਦਾ ਤੇ ਕੁਰਾਨ ਦੀ ਪਵਿੱਤਰਤਾ ਤੇਰੇ ਹਿਰਦੇ ਵਿੱਚ ਨਹੀ, ਤੂੰ ਸਹੁੰ ਖਾਧੀ ਜਾਮਨ ਦਿੱਤਾ ਕੁਰਾਨ ਸ਼ਰੀਫ ਨੂੰ, ਮੈਨੂੰ ਪਤਾ ਸੀ ਤੇਰੀ ਬਦਨੀਤੀ ਦਾ। ਮੈਂ ਜਾਣਦਾ ਸੀ ਤੇਰੇ ਅਹਿਲਕਾਰਾਂ ਦੀ ਬਦਨੀਤੀ ਨੂੰ ਪਰ ਮੇਰੇ ਸਾਮ੍ਹਣੇ ਇੱਕ ਧਾਰਮਕ ਪੁਸਤਕ ਦੀ ਹੋਂਦ ਦਾ ਸਵਾਲ ਆ ਗਿਆ। ਜਿਸਨੂੰ ਇਹ ਕਿਹਾ ਜਾਂਦਾ ਹੈ ਕਿ ਇਹ ਅੱਲਾਹ ਵੱਲੋਂ ਆਈ ਹੈ। ਮੇਰਾ ਇਹ ਧਰਮ ਬਣਦਾ ਸੀ ਕਿ ਮੈਂ ਏਸ ਪੁਸਤਕ ਦਾ ਜੋ ਸਤਿਕਾਰ ਹੈ ਉਹ ਬਹਾਲ ਰੱਖਾਂ ਤੇ ਮੈਨੂੰ ਕਿਲ੍ਹਾ ਛੱਡਣਾ ਪਿਆ, ਬਾਵਜੂਦ ਏਸ ਦੇ ਕਿ ਮੈਨੂੰ ਤੇਰਾ ਪਤਾ ਸੀ ਕਿ ਤੂੰ ਨਾਸਤਕ ਹੈ ਤੇ ਧਰਮੀ ਝੂਠਾ ਕਹਾਉਂਦਾ ਹੈਂ। ਸ਼ਰਮਿੰਦਾ ਕਰਿਆ।

ਉਹਨੇ ਕਿਹਾ ਗੁਰੂ ਮਹਾਰਾਜ ਮੇਰੇ ਤੋਂ ਤਾਂ ਹੋ ਗਈ ਭੁੱਲ, ਮੈਂ ਆ

ਨਹੀਂ ਸਕਦਾ ਤੁਹਾਡੇ ਕੋਲ, ਕਿਉਂਕਿ ਮਰਹੱਟਿਆਂ ਦੇ ਨਾਲ ਮੈਂ ਬਹੁਤ ਬੁਰੀ ਤਰ੍ਹਾਂ ਫਸਿਆ ਹੋਇਆ ਹਾਂ। ਕ੍ਰਿਪਾ ਕਰੋ, ਮੈਨੂੰ ਦਰਸ਼ਨ ਦਿਓ।

ਦੂਸਰੀ ਚਿੱਠੀ ਗੁਰੂ ਮਹਾਰਾਜ ਨੇ ਦੀਨਾਂ-ਕਾਂਗੜ ਤੋਂ ਲਿਖੀ, ਉਹਦੇ ਵਿੱਚ ਉਸਨੇ ਆਰਡਰ ਕਰ ਦਿੱਤੇ ਸਾਰੇ ਰਾਜਾਂ ਨੂੰ ਕਿ ਗੁਰੂ ਨੂੰ ਕੁਛ ਨਹੀਂ ਕਹਿਣਾ। ਬਹੁਤ ਵੱਡੀ ਅਸਾਡੇ ਤੋਂ ਭੁੱਲ ਹੋ ਗਈ ਹੈ। ਅਸੀਂ ਗੁਰੂ ਨੂੰ ਪਛਾਣ ਨਹੀਂ ਸਕੇ, ਉਹ ਤਾਂ ਫਰਿਸ਼ਤਾ ਸੀ, ਉਹਦੇ 'ਚ ਗੁਰੂ ਮਹਾਰਾਜ ਨੇ ਕਿਹਾ ਕਿ ਤੂੰ ਆ ਜਾ, ਫੌਜ ਸਮੇਤ ਆ, ਤੈਨੂੰ ਕੋਈ ਖਤਰਾ ਨਹੀਂ ਮੇਰੇ ਕੋਲ ਆਉਣ ਦਾ, ਮਾਲਵੇ ਦੇ ਜੋ ਬਰਾੜਾਂ ਦੀ ਕੌਮ ਹੈ, ਜਿੱਥੇ ਮੈਂ ਬੈਠਾ ਹਾਂ, ਉਹ ਮੇਰੇ ਅਨੁਸਾਰੀ ਨੇ, ਤੂੰ ਆ ਜਾ, ਤੈਨੂੰ ਕੋਈ ਖਤਰਾ ਨਹੀਂ, ਆਪਣੀ ਮੁਲਾਕਾਤ ਹੋਏਗੀ, ਤੂੰ ਪੰਜ ਸ਼ਸਤਰਧਾਰੀ ਨਾਲ ਲੈ ਕੇ ਆਈਂ ਤੇ ਮੈਂ ਇਕੱਲਾ ਆ ਕੇ ਤੈਨੂੰ ਮਿਲਾਂਗਾ। ਫੇਰ ਆਪਾਂ ਗੱਲਬਾਤ ਕਰਾਂਗੇ। ਉਹਨੇ ਜਵਾਬ ਦਿੱਤਾ ਕਿ ਮੈਂ ਨੱਬੇ ਸਾਲ ਦਾ ਹੋ ਗਿਆ ਹਾਂ, ਬੀਮਾਰੀ ਬਹੁਤ ਹੈ ਤੇ ਕ੍ਰਿਪਾ ਕਰੋ ਤੁਸੀਂ ਆ ਕੇ ਮੈਨੂੰ ਦਰਸ਼ਨ ਦਿਓ। ਜਦੋਂ ਗੁਰੂ ਮਹਾਰਾਜ, ਦੱਖਣ ਨੂੰ ਜਾ ਰਹੇ ਨੇ ਤਾਂ ਨਾਹਰ ਸ਼ਹਿਰ ਦੇ ਵਿੱਚ ਜਾ ਕੇ ਗੁਰੂ ਮਹਾਰਾਜ ਨੇ ਇੱਕ ਜੋਤਸ਼ੀ ਨੂੰ ਬੁਲਾਇਆ ਤੇ ਉਸ ਜੋਤਸ਼ੀ ਨੂੰ ਗੁਰੂ ਮਹਾਰਾਜ ਨੇ ਕਿਹਾ ਕਿ ਦੇਖ ਤਾਂ ਫਲਾਂਅ ਦੇਸ਼ ਵਿੱਚ ਕੀ ਹੋ ਰਿਹਾ ਹੈ ਉਹਨੇ ਲਿਖਿਆ ਤੇ ਲਿਖ ਕੇ ਗੁਰੂ ਮਹਾਰਾਜ ਨੂੰ ਕਿਹਾ ਕਿ ਸੱਚੇ ਪਾਤਸ਼ਾਹ! ਤੁਸੀਂ ਜਾ ਰਹੇਂ ਹੋਂ, ਔਰੰਗਜ਼ੇਬ ਨੂੰ ਮਿਲਣ ਵਾਸਤੇ, ਲੇਕਿਨ ਉਹ ਤੁਹਾਨੂੰ ਮਿਲ ਨਹੀਂ ਸਕੇਗਾ, ਕਿਉਂਕਿ ਉਹ ਫੌਤ ਹੋਣ ਵਾਲਾ ਹੈ, ਦੋ-ਚਾਰ ਦਿਨ ਰਹਿੰਦੇ ਨੇ ਉਸ ਤੋਂ ਬਾਅਦ ਉਹ ਮਰ ਜਾਏਗਾ। ਇਹ ਜੋ ਤੁਹਾਡਾ ਮਿਸ਼ਨ ਹੈ ਇਹ ਇਸ ਤਰ੍ਹਾਂ ਪੂਰਾ ਨਹੀਂ ਹੋਣਾ। ਮਹਾਰਾਜ ਜਾਣਦੇ ਸੀ, ਮਹਾਰਾਜ ਜੀ ਨੂੰ ਪਹਿਲਾਂ ਹੀ ਪਤਾ ਸੀ, ਪਰ ਆਪ ਆਮ ਬੰਦਿਆਂ ਵਾਂਗੂੰ ਤੁਰੇ ਫਿਰਦੇ ਸੀ, ਸਭ ਕੁਛ ਜਾਣਦੇ ਹੋਏ ਵੀ।

ਉਸ ਵੇਲੇ ਇਤਿਹਾਸ 'ਚ ਆਉਂਦਾ ਹੈ ਕਿ ਗੁਰੂ ਮਹਾਰਾਜ ਨੇ 15 ਹਜ਼ਾਰ ਰੁਪਿਆ ਉਸ ਵੇਲੇ ਦਾ ਅੱਜ ਦਾ 15 ਲੱਖ, ਉਸ ਜੋਤਸ਼ੀ ਨੂੰ ਦਿੱਤਾ ਕਿ ਤੇਰਾ ਹਿਸਾਬ ਬੜਾ ਸਹੀ ਹੈ।

ਸੋ ਇਸ ਤਰ੍ਹਾਂ ਗੁਰੂ ਜਿਹੜਾ ਹੈ -

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***

***ਭਾਈ ਗੁਰਦਾਸ ਜੀ, ਵਾਰ 34/1***

ਉਹ ਨਿਰਵੈਰ ਹੈ ਤੇ ਉਹਦੇ ਸਾਰੇ ਕੌਤਕ ਨਿਰਾਲੇ ਹੁੰਦੇ ਨੇ, ਸਾਡੇ ਵਰਗੇ ਨਹੀਂ ਹੁੰਦੇ।

ਗੁਰੂ ਦਸ਼ਮੇਸ਼ ਪਿਤਾ ਖਿਦਰਾਣੇ ਦੀ ਢਾਬ 'ਤੇ ਯੁੱਧ ਕਰਨ ਤੋਂ ਬਾਅਦ, ਉਥੇ ਜਾ ਕੇ ਆਪ ਨੇ ਨਵੀਂ ਫੌਜ ਭਰਤੀ ਕੀਤੀ ਕਿਉਂਕਿ ਇੱਥੋਂ ਸਿਰਫ ਤਿੰਨ ਬਚੇ ਸੀ, ਚੌਥੇ ਆਪ ਸੀਗੇ, ਉਥੇ ਫੌਜ ਦੇ ਵਿੱਚ ਉਸ ਇਲਾਕੇ ਦੇ ਜਿਹੜੇ ਰਾਠ ਕਹਾਉਂਦੇ ਸੀ ਆਪਣੇ ਆਪ ਨੂੰ, ਬਹਾਦਰ ਕਹਾਉਂਦੇ ਸੀ,

ਉਹ ਬਰਾੜ ਸੀਗੇ ਸਿੱਧੂਆਂ ਦੇ ਵਿੱਚੋਂ, ਦੱਸ ਪੁਸ਼ਤਾਂ ਵਿੱਚੋਂ ਨਿਕਲੇ ਨੇ। ਭੱਟੀਆਂ ਦੇ ਵਿਚੋਂ ਸਿੱਧੂ ਨੇ, ਸਿੱਧੂਆਂ ਦੇ ਵਿੱਚੋਂ ਬਰਾੜ ਨੇ। ਉਹ ਬਰਾੜਾਂ ਦੇ ਜਿਹੜੇ ਜੁਆਨ ਬੱਚੇ ਸੀ, ਉਹ ਗੁਰੂ ਸਾਹਿਬ ਦੀ ਫੌਜ ਵਿੱਚ ਭਰਤੀ ਹੋ ਗਏ। ਸੁਣਦੇ ਸੀ ਸਤਿਸੰਗ, ਸੰਗਤਾਂ ਦਸਦੀਆਂ ਸੀ ਉਨ੍ਹਾਂ ਨੂੰ ਕਿ ਗੁਰੂ ਮਹਾਰਾਜ ਨੇ ਵੱਡੀਆਂ ਭਾਰੀਆਂ ਕੁਰਬਾਨੀਆਂ ਕੀਤੀਆਂ ਨੇ ਤੇ ਆਪਣਾ ਸਰਬੰਸ ਲੁਟਾ ਦਿੱਤਾ, ਦੇਸ਼ ਦੀ ਰਾਖੀ ਵਾਸਤੇ ਤੇ ਜ਼ੁਲਮਾਂ ਨੂੰ ਹਟਾਉਣ ਵਾਸਤੇ ਤੇ ਉਹ ਸਾਰੇ ਦੇ ਸਾਰੇ ਗੁਰੂ ਮਹਾਰਾਜ ਦੀ ਫੌਜ ਵਿੱਚ ਭਰਤੀ ਹੋ ਕੇ ਆਪਣੀਆਂ ਜੁਆਨੀਆਂ ਅਰਪਣ ਕਰਦੇ ਸੀ, ਸਮਾਂ ਲੰਘਦਾ ਗਿਆ, ਗੁਰੂ ਮਹਾਰਾਜ ਇੱਕ-ਇੱਕ, ਦੋ-ਦੋ ਮੰਜ਼ਲ ਜਿੰਨਾਂ ਚਲਦੇ ਗਏ ਤੇ ਅੱਜ ਚਲਦੇ-ਚਲਦੇ ਤਲਵੰਡੀ ਸਾਬੋ ਦੀ ਜੂਹ ਵਿੱਚ ਆ ਗਏ, ਜੋ ਡੱਲੇ ਦਾ ਰਾਜ ਕਹਾਉਂਦਾ ਸੀ, ਸਰਦਾਰੀ ਸੀ ਛੋਟੀ ਜਿਹੀ ਦੱਸ ਵੀਹ ਮੀਲ ਦੇ ਇਲਾਕੇ 'ਚ ਤੇ ਬਰਾੜਾ ਨੇ ਮਤਾ ਪਕਾਇਆ ਫੌਜੀਆਂ ਨੇ, ਕਿਉਂਕਿ ਅਸੀਂ ਬਰਾੜ ਕਹਿ ਦਿੰਦੇ ਹਾਂ ਤਾਂ ਇੱਕ ਕੌਮ ਬਦਨਾਮ ਹੋ ਜਾਂਦੀ ਹੈ ਇਤਿਹਾਸ 'ਚ ਬਰਾੜ ਲਿਖਿਆ ਹੋਇਆ ਹੈ, ਪਰ ਸਾਨੂੰ ਬਹੁਤ ਸਮਝਦਾਰੀ ਨਾਲ ਚੱਲਣਾ ਪੈਂਦਾ ਹੈ ਕਿ ਕਿਸੇ ਵਿੱਚ ਸਾਰੇ ਮਾੜੇ ਨਹੀਂ ਹੁੰਦੇ, ਕਿਸੇ ਵਿੱਚ ਸਾਰੇ ਚੰਗੇ ਨਹੀਂ ਹੁੰਦੇ ਤੇ ਉਹ ਫੌਜੀਆਂ ਨੇ ਸਲਾਹ ਕਰੀ ਕਿ ਹੁਣ ਡੱਲੇ ਦਾ ਇਲਾਕਾ ਆਉਣ ਵਾਲਾ ਹੈ ਤੇ ਸਾਡੀ ਤਨਖਾਹ ਨਹੀਂ ਮਿਲੀ ਤੇ ਗੁਰੂ ਸਾਹਿਬ ਕਹਿ ਦਿੰਦੇ ਨੇ ਕਿ ਅੱਗੇ ਚੱਲ ਕੇ ਦੇਵਾਂਗੇ, ਕੀ ਪਤਾ ਸਾਨੂੰ ਤਨਖਾਹ ਹੀ ਨਾ ਦੇਣ। ਕੁਝ ਬੰਦਿਆਂ ਨੇ ਉੱਠ ਕੇ ਗੁਰੂ ਸਾਹਿਬ ਦਾ ਘੋੜਾ ਘੇਰ ਲਿਆ ਤੇ ਵਾਂਗਾਂ ਫੜ ਲਈਆਂ, ਇੱਕ ਨੇ ਏਧਰੋਂ ਤੇ ਇੱਕ ਨੇ ਓਧਰੋਂ। ਮਹਾਰਾਜ ਖੜ੍ਹੇ ਨੇ ਇੱਕ ਟਿੱਬੇ ਦੇ ਉੱਤੇ, ਕਹਿੰਦੇ ਕੀ ਗੱਲ ਤੁਸੀਂ ਵਾਂਗਾਂ ਫੜ ਲਈਆਂ, ਕਹਿੰਦੇ ਮਹਾਰਾਜ! ਸਾਨੂੰ ਤਨਖਾਹ ਨਹੀਂ ਮਿਲੀ, ਤਨਖਾਹ ਨਹੀਂ ਮਿਲੀ ਅਸੀਂ ਬਾਲ-ਬੱਚਿਆਂ ਨੂੰ ਕੁਛ ਭੇਜ ਨਹੀਂ ਸਕੇ, ਅਸੀਂ ਤਾਂ ਫਸਲਾਂ ਬੀਜ ਦਿੰਦੇ ਹਾਂ ਵੱਢਣ ਵੇਲੇ ਜਾਂਦੇ ਹਾਂ ਕਿਉਂਕਿ ਇੱਥੇ ਮੀਂਹ ਪੈ ਜਾਵੇ, ਮੀਂਹ ਨਾਲ ਸਾਡੀਆਂ ਫਸਲਾਂ ਹੋ ਜਾਂਦੀਆਂ ਨੇ। ਗੁਡਾਈ ਵਗੈਰਾ ਦੀ ਇੱਥੇ ਲੋੜ ਹੀ ਨਹੀਂ ਹੈ। ਉਡਾਰ ਦਾ ਰੇਤਾ ਉਡ ਕੇ ਆਉਂਦਾ ਹੈ ਉਹਦੇ ਵਿੱਚ ਹੁੰਦਾ ਹੀ ਨਹੀਂ ਕੋਈ ਨਦੀਣ ਕੋਈ।

ਮਹਾਰਾਜ ਕਹਿੰਦੇ, ''ਮੀਂਹ ਤਾਂ ਪੁਆ ਦਿੱਤਾ ਸੀ ਤੁਹਾਡੀਆਂ ਫਸਲਾਂ ਨੂੰ?''

ਕਹਿੰਦੇ, ''ਉਹ ਤਾਂ ਫਸਲਾਂ ਹੁਣ ਆਉਣਗੀਆਂ ਸੱਚੇ ਪਾਤਸ਼ਾਹ, ਪੈਸਾ ਤਾਂ ਹੁਣ ਚਾਹੀਦਾ ਹੈ।''

ਮਹਾਰਾਜ ਕਹਿੰਦੇ, ਜੇਰਾ ਕਰੋ। ਉਹ ਪਾਲਣ ਵਾਲੇ ਨੂੰ ਯਾਦ ਰੱਖੋ -

***ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥***

***ਅੰਗ - 2***

ਉਹ ਦਾਤਾ ਦੇਵੇਗਾ ਤੁਹਾਨੂੰ।

ਕਹਿੰਦੇ, ''ਨਹੀਂ ਮਹਾਰਾਜ! ਸਾਨੂੰ ਤਾਂ ਪੈਸਾ ਚਾਹੀਦਾ ਹੈ।''

ਮਹਾਰਾਜ ਕਹਿੰਦੇ, ''ਦੇਖੋ! ਹਾਲੇ ਅਸੀਂ ਕਿਤੇ ਬੈਠੇ ਨਹੀਂ ਹਾਂ ਤੇ ਜਿੱਥੇ ਬੈਠਾਂਗੇ ਉਥੇ ਤੁਹਾਨੂੰ ਪੈਸਾ ਮਿਲ ਜਾਏਗਾ।''

ਅੱਧੇ ਕਹਿਣ ਲੱਗੇ ਕਿ ਸੱਚੇ ਪਾਤਸ਼ਾਹ! ਜੇ ਮੀਂਹ ਤਾਂ ਪੁਆ ਦਿਓ, ਜੇ ਮੀਂਹ ਨਾ ਪੁਆਇਆ ਤੁਸੀਂ, ਵਿਚੋਂ ਅਸਲੀ ਗੱਲ ਅੱਧੀ ਖਾ ਗਏ। ਕਹਿੰਦੇ ਮੀਂਹ ਪੁਆ ਦਿਓ।

ਮਹਾਰਾਜ ਨੇ ਇੱਕ ਬਾਣ ਮਾਰਿਆ, ਬਹੁਤ ਬਾਰਿਸ਼ ਹੋ ਗਈ, ਟਿੱਬਿਆਂ 'ਚ ਪਾਣੀ ਚੱਲਣ ਲੱਗ ਗਿਆ, ਗੜ੍ਹੇ ਪੈ ਗਏ, ਪਿਆਰ ਵਾਲਿਆਂ ਨੇ ਆ ਕੇ ਗੁਰਸਿੱਖਾਂ ਨੇ, ਮਹਾਰਾਜ ਦੇ ਉੱਤੇ ਕੰਬਲ ਤਾਣ ਦਿੱਤਾ, ਉਥੇ ਹੀ ਖੜ੍ਹੇ ਰਹੇ ਮਹਾਰਾਜ। ਇਨ੍ਹਾਂ ਲੋਕਾਂ ਨੇ ਕੋਈ ਪਰਵਾਹ ਨਹੀਂ ਕਰੀ ਕਿ ਇਨ੍ਹਾਂ ਨੇ ਕਿੰਨੀ ਕੁਰਬਾਨੀ ਕਰੀ ਹੈ, ਸਾਰਾ ਕੁਛ ਵਾਰ ਆਏ, ਬਾਲ-ਬੱਚੇ ਵੀ ਵਾਰ ਆਏ, ਮਾਤਾ ਵੀ, ਪਿਤਾ ਵੀ, ਕਾਹਦੇ ਵਾਸਤੇ, ਆਹ ਗੱਲ ਉਨ੍ਹਾਂ ਦੀ ਸਮਝ 'ਚ ਨਹੀਂ ਆਈ ਹੈ। ਐਸੇ ਬੰਦੇ ਦੁਨੀਆਂ 'ਚ ਆਮ ਹੀ ਨੇ।

ਚਾਰ ਕਿਸਮ ਦੇ ਬੰਦੇ ਹੋਇਆ ਕਰਦੇ ਨੇ ਇੱਕ ਤਾਂ metal type (ਧਾਤ ਦੀ ਕਿਸਮ) ਹੋਇਆ ਕਰਦੇ ਨੇ, matal (ਧਾਤ) ਦੇ ਪ੍ਰਮਾਣੂ ਬਹੁਤ ਸੰਘਣੇ, ਥੋੜ੍ਹੇ ਫਾਸਲੇ 'ਤੇ ਘੁੰਮਦੇ ਨੇ, ਉਨ੍ਹਾਂ ਦੀ ਸੋਚ ਸਿਰਫ ਆਪਣੇ ਵਾਸਤੇ ਹੁੰਦੀ ਹੈ, ਨਾ ਪਰਿਵਾਰ ਨਾ ਇਸਤ੍ਰੀ। ਇਥੇ ਵੀ ਬੰਦੇ ਨੇ ਐਸੇ। ਬੀਬੀਆਂ ਕਹਿੰਦੀਆਂ ਨੇ ਜੀ ਸ਼ਰਾਬ ਪੀਈ ਜਾਂਦਾ ਹੈ, ਹਟਦਾ ਨਹੀਂ, ਘਰ ਬਰਬਾਦ ਕਰ ਦਿੱਤਾ। ਬਾਲ-ਬੱਚਿਆਂ ਦੀ ਪੜ੍ਹਾਈ ਦਾ ਕੋਈ ਧਿਆਨ ਨਹੀਂ ਹੈ। ਘਰ ਦੀ ਸੁੱਖ-ਸ਼ਾਂਤੀ ਦਾ ਕੋਈ ਨਹੀਂ। ਘਰ ਦੀ ਤਰੱਕੀ ਦੀ ਕੋਈ ਸੋਚ ਨਹੀਂ ਹੈ। ਮਾਂ-ਬਾਪ ਦਾ ਕਹਿਣਾ ਨਹੀਂ ਬੰਦਾ। ਉਹ ਬੰਦੇ ਕੈਸੇ ਨੇ, metal type ਨੇ। ਆਪਣੇ ਵਾਸਤੇ ਜੀਉਂਦੇ ਨੇ -

ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ।

ਕਿਸੇ ਨਾਲ ਕੋਈ ਸਬੰਧ ਨਹੀਂ, ਚਾਹੇ ਕੁਛ ਹੋ ਜਾਵੇ। drug ਖਾਣ ਵਾਲੇ, ਸ਼ਰਾਬ ਪੀਣ ਵਾਲੇ; ਆਪਣੇ ਵਾਸਤੇ ਜੀਉਂਦੇ ਨੇ। ਉਹ metal type ਬੰਦੇ ਹੁੰਦੇ ਨੇ।

ਦੂਸਰੇ ਹੁੰਦੇ ਨੇ vegetable type. vegetable ਜਿਹੜੀ ਵੇਲ ਹੈ ਉਹ ਨੇੜੇ-ਨੇੜੇ ਚੜ੍ਹ ਜਾਂਦੀ ਹੈ। ਇਸੇ ਤਰ੍ਹਾਂ ਉਹ ਜਿਹੜੇ ਬੰਦੇ ਹੁੰਦੇ ਨੇ ਸਿਰਫ ਆਪਣੇ ਪਰਿਵਾਰ ਵਾਸਤੇ ਜੀਉਂਦੇ ਨੇ ਜਾਂ ਰਿਸ਼ਤੇਦਾਰਾਂ ਵਾਸਤੇ। ਜਿਵੇਂ ਵੇਲ ਚੜ੍ਹਦੀ ਹੈ ਨੇੜੇ ਹੋਇਆਂ ਕੋਲ, ਇਸੇ ਤਰ੍ਹਾਂ ਉਨ੍ਹਾਂ ਦਾ ਜਿਹੜਾ ਹਿਤ ਹੈ ਉਨ੍ਹਾਂ ਦਾ ਚੌਗਿਰਦਾ ਜਿਹੜਾ ਹੈ ਉਹ ਜਾਂ ਆਪਣੇ ਪਰਿਵਾਰ ਦਾ ਹੋਏਗਾ, ਜਾਂ ਆਪਣੇ ਨੇੜੇ ਦੇ ਰਿਸ਼ਤੇਦਾਰਾਂ ਦਾ ਥੋੜ੍ਹਾ ਜਿਹਾ।

ਤੀਸਰੇ ਉਹ ਹੁੰਦੇ ਨੇ ਜਿਹੜੇ animal type ਹੁੰਦੇ ਨੇ। ਭੇਡਾਂ, ਭੇਡਾਂ ਦੇ ਵਿੱਚ ਬਹਿੰਦੀਆਂ ਨੇ, ਬੱਕਰੀਆਂ, ਬੱਕਰੀਆਂ ਦੇ ਵਿੱਚ ਬਹਿੰਦੀਆਂ ਨੇ, ਮੱਝਾਂ ਮੱਝਾਂ ਵਿੱਚ ਤੇ, ਗਾਈਆਂ ਗਾਈਆਂ 'ਚ। ਉਹ ਬੰਦੇ ਆਪਣੇ

community (ਭਾਈਚਾਰੇ) ਵਾਸਤੇ ਹੁੰਦੇ ਨੇ, ਆਪਣੇ ਪਿੰਡ ਵਾਸਤੇ ਹੁੰਦੇ ਨੇ।

ਚੌਥੇ ਹੁੰਦੇ ਨੇ moon type ਬੰਦੇ, ਜਿਵੇਂ ਚੰਦਰਮਾ ਧਰਤੀ ਦੇ ਦੁਆਲੇ ਗੇੜਾ ਕੱਟ ਕੇ, ਪੂਰਨਮਾਸ਼ੀ ਨੂੰ ਪ੍ਰਕਾਸ਼ ਦਿੰਦਾ ਹੈ, ਏਸੇ ਤਰ੍ਹਾਂ ਉਹ ਜਿਹੜੇ ਬੰਦੇ ਹੁੰਦੇ ਨੇ ਉਹ universal man ਹੋਇਆ ਕਰਦੇ ਨੇ। ਇਨ੍ਹਾਂ ਦੇ ਵਿੱਚ ਇੱਕ ਕਿਸਮ ਹੁੰਦੀ ਹੈ ਦੇਸ਼ ਭਗਤਾਂ ਦੀ, lower level ਦੀ, ਲੇਕਿਨ ਦੇਸ਼ ਭਗਤ ਜਿਹੜਾ ਹੁੰਦਾ ਹੈ ਉਹ ਸਿਰਫ ਆਪਣੇ ਦੇਸ਼ ਦੇ ਹਿਤ ਵਿੱਚ ਹੁੰਦਾ ਹੈ ਉਹਨੂੰ ਪੜੌਸੀ ਦੇਸ਼ 'ਚ ਕੋਈ ਜੰਮੇ ਕੋਈ ਮਰੇ, ਉਹਦੇ ਨਾਲ ਉਹਦਾ ਕੋਈ ਸਬੰਧ ਨਹੀਂ ਹੁੰਦਾ। ਲੇਕਿਨ ਜਿਹੜਾ universal man ਹੁੰਦਾ ਹੈ, ਸਾਰੀ ਸ੍ਰਿਸ਼ਟੀ ਦਾ ਉਹਦੇ ਮਨ 'ਚ ਫਿਕਰ ਹੁੰਦਾ ਹੈ, ਉਹ ਸੱਚੇ ਦਿਲ ਨਾਲ ਹਰ ਰੋਜ਼ ਕਹਿੰਦਾ ਹੈ-

***ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ।***

ਕਦੇ ਨਹੀਂ ਕਹਿੰਦਾ ਕਿ ਸਿਰਫ ਹਿੰਦੋਸਤਾਨ ਦਾ ਤੇ ਪੰਜਾਬ ਦਾ ਭਲਾ। ਗੋਲੀਆਂ ਮਾਰਨ ਵਾਲੇ ਦਾ ਵੀ ਭਲਾ ਮੰਗਦਾ ਹੈ। ਇਹ universal thinking ਹੈ, ਸਾਡੇ ਸੋਝੀ 'ਚ ਨਹੀਂ ਅਸੀਂ ਰਟ੍ਰਿਉਲ (ਰਸਮ) ਬਣਾ ਲਿਆ। ਅੱਖਰਾਂ ਦੇ ਮਗਰ ਲੱਗ ਗਏ ਤੇ ਇਹਦੀ ਡੂੰਘਿਆਈ 'ਚ ਨਹੀਂ ਜਾਂਦੇ ਕਿ ਗੁਰੂ ਨੇ ਸਾਨੂੰ ਕੀ ਕਿਹਾ ਸੀ, ਕਿਉਂਕਿ universal man ਹੁੰਦੇ ਨੇ। ਸੋ ਇਹ ਜਿਹੜੇ ਸੀ intellectual level (ਬੌਧਿਕ ਪੱਧਰ) ਦੇ ਉਤੇ ਆਪਣੇ ਵਾਸਤੇ ਜ਼ਿੰਦਗੀ ਜੀਉਣ ਵਾਲੇ ਸੀ, ਇਨ੍ਹਾਂ ਨੂੰ ਕੋਈ ਨਹੀਂ ਸੀਗਾ ਕਿ ਗੁਰੂ ਮਹਾਰਾਜ ਨੇ ਭਾਰਤ ਵਰਸ਼ ਦੇ ਵਿੱਚ ਜ਼ੁਲਮ ਦੇ ਖਿਲਾਫ ਬੀੜਾ ਚੁੱਕਿਆ ਹੋਇਆ ਹੈ। ਤਨਖਾਹ ਮਿਲਦੀ ਹੈ ਉਨ੍ਹਾਂ ਨੇ ਲੜਨਾ ਹੀ ਸੀ। ਉਨ੍ਹਾਂ ਦੇ ਹਿੱਤਾਂ ਵਿੱਚ ਫਰਕ ਸੀ, ਜੇ ਅਸੀਂ ਕਹੀਏ ਕਿ ਗੁਰੂ ਮਹਾਰਾਜ ਨੂੰ betray (ਵਿਸ਼ਵਾਸ਼ਘਾਤ) ਕਰ ਦਿੱਤਾ ਤਾਂ ਇਹਦੇ ਉਤੇ ਜੇ ਅਸੀਂ ਵਿਚਾਰ ਕਰੀਏ ਕਿ ਤਨਖਾਹ ਤਾਂ ਉਨ੍ਹਾਂ ਨੇ ਲੈਣੀ ਹੀ ਲੈਣੀ ਹੈ, ਉਨ੍ਹਾਂ ਦਾ ਨਹੀਂ ਵਿਸ਼ਵਾਸ਼ ਬੱਝਿਆ ਸੀ। ਸਿੱਖੀ ਤਾਂ ਉਨ੍ਹਾਂ ਨੇ ਧਾਰਨ ਨਹੀਂ ਸੀ ਕਰੀ, ਐਵੇਂ ਹੀ ਸਿੱਖ ਸੀਗੇ, ਇੱਥੇ ਵੀ ਬਥੇਰੇ ਆਉਂਦੇ ਨੇ, ਮੱਥਾ ਟੇਕਦੇ ਨੇ, ਲੇਕਿਨ ਸਿੱਖ ਤਾਂ ਬਣੇ ਨਹੀਂ, ਨਾਮ ਲਿਆ ਨਹੀਂ ਗੁਰੂ ਤੋਂ। ਦੋ ਕਿਸਮਾਂ ਨੇ - ਇੱਕ ਤਾਂ ਉਹ ਜਿਹੜੇ ਮੱਥੇ ਟੇਕੀ ਜਾਂਦੇ ਨੇ, ਇੱਕ ਉਹ ਨੇ ਜਿਨ੍ਹਾਂ ਨੇ ਗੁਰੂ ਨੂੰ ਗੁਰੂ ਧਾਰਨ ਕਰ ਲਿਆ, ਪੂਰੀ ਵਿਧੀ ਨਾਲ। ਉਨ੍ਹਾਂ ਨੇ ਗੁਰੂ ਨੂੰ ਪੂਰੀ ਵਿਧੀ ਨਾਲ ਧਾਰਨ ਨਹੀਂ ਸੀ ਕਰਿਆ, ਨਾ ਉਹ ਨਾਮ ਧਰੀਕ ਸਿੱਖ ਹੋਏ ਸੀ। ਸਿੱਖ ਜਦ ਹੁੰਦਾ ਹੈ, ਨੌਆਂ ਪਾਤਸ਼ਾਹਾਂ ਵੇਲੇ ਚਰਨ ਦਾ ਅੰਗੂਠਾ ਪਾਣੀ 'ਚ ਪਾ ਕੇ, ਉਹਨੂੰ ਚਰਨ ਅੰਮ੍ਰਿਤ ਕਹਿੰਦੇ ਸੀ, ਉਹ ਚਰਨ ਅੰਮ੍ਰਿਤ ਦੇ ਕੇ ਗੁਰੂ ਨਾਮ ਦਿੰਦਾ ਸੀ। ਫੇਰ ਗਿਣਿਆ ਜਾਂਦਾ ਸੀ ਲਿਸਟ ਵਿੱਚ ਆਇਆ ਬੰਦਾ ਕਿ ਇਹ ਸਿੱਖ ਬਣ ਗਿਆ। ਉਸ ਤੋਂ ਪਹਿਲਾਂ ਤਾਂ ਦਰਸ਼ਕ ਸੀ, ਚੰਗਾ ਮੰਨਦੇ ਸੀ, ਸੇਵਾ ਵੀ ਕਰਦੇ ਸੀ ਸਭ ਕੁਛ ਕਰਦੇ ਸੀ। ਲੇਕਿਨ ਗੁਰੂ ਨਾਲ ਨਹੀਂ ਸੀ ਉਨ੍ਹਾਂ ਦਾ ਸਬੰਧ ਜੁੜਿਆ।

ਸੋ ਇਸ ਕਰਕੇ ਜੇ ਅਸੀਂ ਇਹ ਵੀ ਗੱਲ ਕਹੀਏ ਕਿ ਉਹ ਬੇਮੁਖ ਹੋ ਗਏ, ਮਨਮੁਖ ਹੋ ਗਏ, ਇਹ ਇਲਜ਼ਾਮ ਉਨ੍ਹਾਂ 'ਤੇ ਲਗਦਾ ਨਹੀਂ ਹੈ। ਕਿਉਂਕਿ ਜਿਹਨੇ ਸਿੱਖੀ ਹੀ ਨਹੀਂ ਧਾਰੀ ਉਹ ਬੇਮੁੱਖ ਕਾਹਦਾ ਹੋ ਗਿਆ, ਮਨਮੁੱਖ ਕਾਹਦਾ ਹੋ ਗਿਆ। ਸੋ ਇਸ ਕਰਕੇ human being ਸੀ lower level ਦੇ ਉਨ੍ਹਾਂ ਦੀ ਮੱਤ ਵਿੱਚ ਇਹੀ ਆਇਆ ਕਿ ਗੁਰੂ ਸਾਹਿਬ ਦਾ ਘੋੜਾ ਫੜ ਲਓ, ਜੇ ਇਹ ਡੱਲ੍ਹੇ ਦੀ ਰਾਜਧਾਨੀ 'ਚ ਚਲੇ ਗਏ ਤਾਂ ਤਨਖਾਹ ਨਹੀਂ ਮਿਲਣੀ।

ਐਨੇ ਨੂੰ ਸੰਗਤ ਆ ਗਈ, ਸੰਗਤ ਦੇ ਵਿੱਚ ਇੱਕ ਪ੍ਰੇਮੀ ਆਇਆ, ਕਹਿੰਦਾ ਕਿ ਸੱਚੇ ਪਾਤਸ਼ਾਹ! ਦਸਵੰਧ ਦੀਆਂ ਮੈਂ ਖੁਰਜੀਆਂ ਭਰ ਕੇ ਲਿਆਇਆ ਹਾਂ, ਮੋਹਰਾਂ ਲੈ ਕੇ ਆਇਆ ਹੈ ਤੇ ਟੋਲ੍ਹਦਾ-ਟੋਲ੍ਹਦਾ ਮੈਂ ਇੱਥੇ ਆ ਗਿਆ। ਮਹਾਰਾਜ ਕਹਿੰਦੇ ਕੀਹਦੀ ਮਾਇਆ ਹੈ? ਕਹਿੰਦਾ, ਮਹਾਰਾਜ! ਕੁਬੇਰ ਦੀ। ਗੁਪਤ ਗੱਲ ਵਲ ਇਸ਼ਾਰਾ ਹੋ ਗਿਆ ਕਿ ਸਵਰਗਾਂ ਦਾ ਦੇਵਤਾ ਜੋ ਕੁਬੇਰ ਹੈ ਉਹ ਮਨੁੱਖੀ ਜਾਮੇ 'ਚ ਆ ਕੇ, ਮਾਇਆ ਲਿਆ ਕੇ ਗੁਰੂ ਦੀ ਭੇਟਾ ਕਰ ਦਿੱਤੀ ਉਹਨੇ।

ਗੁਰੂ ਨੂੰ ਤਾਂ ਦੇਵਤੇ ਵੀ ਪਿਆਰ ਕਰਦੇ ਨੇ, ਸਾਰੇ ਪਿਆਰ ਕਰਦੇ ਨੇ। ਕਿਉਂਕਿ ਗੁਰੂ ਇੱਥੇ ਦਾ ਹੀ ਨਹੀਂ, ਦਰਗਾਹਾਂ ਦਾ ਵੀ ਮਾਲਕ ਹੁੰਦਾ ਹੈ। ਸੰਤ ਇੱਥੇ ਦਾ ਹੀ ਨਹੀਂ ਹੁੰਦਾ, ਸੰਤ ਦਰਗਾਹਾਂ ਦੇ ਵਿੱਚ ਵੀ ਰਸੂਖ ਰੱਖਦਾ ਹੈ -

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥*** ***ਅੰਗ - 186***

ਉਹਦਾ ਕਹਿਣਾ ਮੰਨਦੇ ਨੇ ਸਾਰੇ। ਸੋ ਉਸ ਵੇਲੇ ਗੁਰੂ ਮਹਾਰਾਜ ਕਹਿੰਦੇ, ਬਹਿ ਜਾਓ ਭਾਈ। ਘੋੜੇ ਤੋਂ ਉਤਰ ਆਏ, ਕੋਈ ਮਨ ਦੇ ਅੰਦਰ ਦੁਬਿਧਾ ਨਹੀਂ ਹੈ, ਗੁੱਸਾ ਨਹੀਂ ਹੈ ਲੇਕਿਨ ਇਹ ਕਹਿੰਦੇ ਨੇ ਕਿ ਅਜੇ ਇਨ੍ਹਾਂ ਬੰਦਿਆਂ ਨੂੰ ਸੋਝੀ ਨਹੀਂ ਆਈ। ਇਨ੍ਹਾਂ ਨੂੰ ਵੱਡੇ ਕਾਰਜ ਦਾ ਪਤਾ ਨਹੀਂ ਹੈ। ਛੋਟਾ ਕਾਰਜ ਹੈ ਇਨ੍ਹਾਂ ਦੇ ਮਨਾਂ, ਇਨ੍ਹਾਂ ਦੀ ਸੋਚ universal ਨਹੀਂ ਹੈ ਨਿੱਜ ਦੀ ਸੋਚ ਹੈ। ਉਸ ਵੇਲੇ ਗੁਰੂ ਮਹਾਰਾਜ ਨੇ ਢਾਲੇ ਭਰ-ਭਰ ਕੇ ਦੇਣੇ ਸ਼ੁਰੂ ਕਰ ਦਿੱਤੇ। ਇੱਕ ਸਵਾਲ ਕਰਦੇ ਗਏ ਕਿ ਸਿੱਖੀ ਚਾਹੀਦੀ ਹੈ ਕਿ ਮਾਇਆ?

ਕਹਿੰਦੇ, ਸਿੱਖ ਤਾਂ ਅਸੀਂ ਹੈਗੇ ਪਰ ਮਾਇਆ ਚਾਹੀਦੀ ਹੈ। ਉਹ ਜਿੰਨਾਂ ਕੁ ਗੁਰੂ ਦਾ ਸਤਿਕਾਰ ਕਰਦੇ ਸੀ। ਹੁਣ ਆਪਾਂ ਵੀ ਆਪਣੇ ਕਹਿੰਦੇ ਹਾਂ ਕਿ ਅਸੀਂ ਸਿੱਖ ਹਾਂ ਗੁਰੂ ਦੇ, ਆਹੀ ਹਾਲ ਉਨ੍ਹਾਂ ਦਾ ਸੀ। ਸਿੱਖ ਤਾਂ ਹੈਗੇ ਲੇਕਿਨ ਮਾਇਆ ਚਾਹੀਦੀ ਹੈ। ਮਹਾਰਾਜ ਦਿੰਦੇ ਗਏ, ਇਕੱਲੇ-ਇਕੱਲੇ ਨੂੰ ਪੁੱਛਦੇ ਗਏ, ਨੌਂ ਸੌ ਬੰਦੇ ਨੂੰ ਤੇ ਪੰਜ ਸੌ ਸਵਾਰ ਨੂੰ ਜਦੋਂ ਦੇ ਚੁੱਕੇ ਗੁਰੂ ਮਹਾਰਾਜ ਉਸ ਵੇਲੇ ਉਨ੍ਹਾਂ ਦੇ ਜਥੇਦਾਰ ਦੀ ਵਾਰੀ ਆ ਗਈ ਜਿਸਦਾ ਨਾਉਂ ਦਾਨਾ ਸੀ। ਦਾਨ ਸਿੰਘ ਨਹੀਂ ਸੀ ਬਣਿਆ ਅਜੇ। ਭਾਈ ਦਾਨਾ ਸੀ, ਬਰਾੜਾਂ ਦਾ ਜਥੇਦਾਰ ਸੀ, ਇਲਾਕਿਆਂ ਨੇ ਮਿੱਥਿਆ

ਹੋਇਆ ਕਿ ਸਾਡਾ ਵੱਡਾ ਚੌਧਰੀ ਇਹੀ ਹੈ ਤੇ ਮਹਾਰਾਜ ਨੇ ਉਸਨੂੰ ਇੱਕ ਵਾਰੀ ਕਿਹਾ ਕਿ ਦਾਨ ਸਿੰਘਾਂ! ਤਮਾਕੂੰ ਬੜੀ ਬੁਰੀ ਚੀਜ਼ ਹੈ ਤੂੰ ਹੁੱਕਾ ਨਾ ਪੀਆ ਕਰ। ਕਹਿੰਦਾ, ਮਹਾਰਾਜ! ਮੇਰਾ ਢਿੱਡ ਆਫਰ ਜਾਂਦਾ ਹੈ, ਜਾਹ ਇਹਦੀ ਜਾਮਨੀ ਸਾਡੀ, ਇਹ ਤੈਨੂੰ ਖਰਾਬ ਕਰ ਰਿਹਾ ਹੈ ਤਮਾਕੂੰ, ਛੁਡਾ ਦਿੱਤਾ ਤਮਾਕੂੰ।

ਮਹਾਰਾਜ ਕਹਿੰਦੇ, "ਦਾਨ ਸਿੰਘ! ਤੂੰ ਕੇਸ ਰੱਖਿਆ ਕਰ।"

ਕਹਿੰਦਾ, "ਮਹਾਰਾਜ! ਦਾੜ੍ਹੀ ਦੇਖੋ ਮੇਰੀ ਕਿੱਡੀ-ਕਿੱਡੀ ਹੈ, ਧੁੰਨੀ ਤੱਕ ਹੈ।"

ਮਹਾਰਾਜ ਕਹਿੰਦੇ, "ਕੇਸ ਸਾਡੀ ਮੋਹਰ ਹੈ ਤੂੰ ਕੇਸ ਰੱਖਿਆ ਕਰ।"

ਕਹਿੰਦਾ, "ਕੇਸਾਂ ਨਾਲ ਕੀ ਹੋਏਗਾ?"

ਕਹਿੰਦੇ, "ਜਦ ਡੁੱਬਣ ਲੱਗੇਂਗਾ ਅਸੀਂ ਫੜ ਲਵਾਂਗੇ।"

ਉਸੇ ਤਰੀਕੇ ਨਾਲ ਜਿਹੜੀ ਉਹ ਗੱਲ ਸਮਝਦਾ ਸੀ ਉਹ ਸਮਝਾ ਦਿੱਤੀ।

ਕਹਿੰਦਾ, "ਮੇਰੀ ਦਾੜ੍ਹੀ ਹੀ ਕਾਫੀ ਵੱਡੀ ਹੈ।"

ਮਹਾਰਾਜ ਨੇ ਦਾੜ੍ਹੀ ਫੜੀ, ਝਟਕਾ ਮਾਰਿਆ, ਮੱਥਾ ਧਰਤੀ ਨਾਲ ਜਾ ਲੱਗਿਆ।

ਕਹਿੰਦਾ, ਮਹਾਰਾਜ! ਇਹ ਤਾਂ ਹੇਠਾਂ ਨੂੰ ਜਾਂਦੀ ਹੈ?

ਕਹਿੰਦੇ, ਤੈਨੂੰ ਤਾਂ ਹੀ ਤਾਂ ਕਿਹਾ ਹੈ ਕਿ ਕੇਸ ਰੱਖ। ਕੇਸ ਜਦੋਂ ਖਿੱਚੇਗਾ ਅਗਲਾ ਉੱਪਰ ਨੂੰ ਖਿੱਚੇਗਾ।

ਉਹਨੇ ਕੋਈ ਇਹ ਨਹੀਂ ਸੋਚਿਆ ਕਿ ਫਿਲਾਸਫੀ ਕੀ ਹੈ ਕੇਸਾਂ ਦੀ, ਉਹ ਸਿੱਧੀ ਗੱਲ ਜਿਹੋ ਜਿਹੀ ਜਾਣਦਾ ਸੀ ਸਮਝ ਗਿਆ, ਕਹਿੰਦਾ ਠੀਕ ਹੈ ਮਹਾਰਾਜ। ਉਹਦੀ ਵਾਰੀ ਆ ਗਈ।

ਕਹਿੰਦੇ, "ਦਾਨ ਸਿੰਘਾਂ! ਕਿੰਨੇ ਬੰਦੇ ਓਂ?""

ਕਹਿੰਦਾ, "ਮਹਾਰਾਜ! ਮੇਰੇ ਪਰਿਵਾਰ ਦੇ ਵੀਹ ਬੰਦੇ ਨੇ।"

ਕਹਿੰਦੇ, "ਤੂੰ ਦੱਸ ਲੈ, ਸਰਦਾਰ ਹੈਂ ਤੂੰ ਇਨ੍ਹਾਂ ਦਾ, ਤੈਨੂੰ ਦੇਣੀ ਵੀ ਇਨ੍ਹਾਂ ਤੋਂ ਚਾਰ ਪੰਜ ਗੁਣਾਂ ਜ਼ਿਆਦਾ ਹੈ ਮਾਇਆ ਹੈ, ਤੈਨੂੰ ਸਿੱਖੀ ਚਾਹੀਦੀ ਹੈ ਕਿ ਮਾਇਆ ਚਾਹੀਦੀ ਹੈ?"

ਗਲ 'ਚ ਪੱਲਾ ਪਾ ਲਿਆ, ਬੈਰਾਗ 'ਚ ਆ ਗਿਆ। ਨੇਤਰਾਂ 'ਚ ਜਲ ਜਾਣ ਲੱਗ ਗਿਆ, ਕਹਿੰਦਾ ਪਾਤਸ਼ਾਹ! ਮੂਰਖਾਂ ਨੂੰ ਬਖਸ਼ ਦਿਓ। ਇਹਨਾਂ ਨੂੰ ਨਾ ਸਿੱਖੀ ਦਾ ਪਤਾ ਹੈ, ਕਿਸੇ ਚੀਜ਼ ਦਾ ਪਤਾ ਨਹੀਂ, ਇਹ ਤਾਂ ਪੈਸੇ ਨੂੰ ਹੀ ਜਾਣਦੇ ਨੇ, ਹੋਰ ਗੱਲ ਜਾਣਦੇ ਹੀ ਨਹੀਂ ਪਾਤਸ਼ਾਹ!

ਇਨ੍ਹਾਂ ਦੀ ਬੁੱਧੀ ਛੋਟੀ ਹੈ, ਤੁਸੀਂ ਕ੍ਰਿਪਾ ਕਰ ਦਿਓ ਤੇ ਜੋ ਮੈਨੂੰ ਪ੍ਰਸ਼ਨ ਕਰਦੇ ਓਂ। ਉਹਦੇ ਬਾਰੇ ਮੇਰੀ ਇਸ ਤਰ੍ਹਾਂ ਨਾਲ ਬੇਨਤੀ ਹੈ -

*ਧਾਰਨਾ - ਮੈਨੂੰ ਮਾਇਆ ਦੀ ਲੋੜ ਨਾ ਕੋਈ,*
*ਸਿੱਖੀ ਵਾਲੀ ਦਾਤ ਦੇ ਦਿਓ।*

ਪਾਤਸ਼ਾਹ! ਮਾਇਆ ਆਉਣ ਵਾਲੀ ਤੇ ਜਾਣ ਵਾਲੀ ਚੀਜ਼ ਹੈ। ਜਦੋਂ ਸਰੀਰ ਛੱਡਣਾ ਹੈ ਮਾਇਆ ਦਾ ਇੱਕ ਪੈਸਾ ਵੀ ਨਾਲ ਨਹੀਂ ਜਾਣਾ -

*ਦਮੜਾ ਤਿਸੀਕਾ ਜੋ ਖਰਚੈ ਅਰ ਖਾਇ॥*
*ਦੇਵੈ ਦਿਲਾਵੈ ਰਜਾਵੈ ਖੁਦਾਇ॥*
*ਹੋਤਾ ਨ ਰਾਖੈ ਅਕੇਲਾ ਨ ਖਾਇ॥*
*ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥ ਨਸੀਹਤਨਾਮਾ*

ਸੋ ਇਨ੍ਹਾਂ ਚੀਜ਼ਾਂ ਦੀ ਮੈਨੂੰ ਲੋੜ ਨਹੀਂ ਹੈ। ਮੈਂ ਤਾਂ ਤੇਰਾ ਪਿਆਰ ਚਾਹੁੰਦਾ ਹਾਂ -

*ਓਹਾ ਪ੍ਰੇਮ ਪਿਰੀ ॥*
*ਕਨਿਕ ਮਾਣਿਕ ਗਜ ਮੋਤੀਅਨ*
*ਲਾਲਨ ਨਹ ਨਾਹ ਨਹੀ ॥ ਅੰਗ - 406*

ਕਨਕ (ਸੋਨਾ), ਮਾਣਕ (ਮੋਤੀ), ਜਵਾਹਰ (ਗਲ 'ਚ ਮੋਤੀਆਂ ਦੀਆਂ ਮਾਲਾ) ਨਹੀਂ ਚਾਹੀਦੀਆਂ।

*ਰਾਜ ਨ ਭਾਗ ਨ ਹੁਕਮ ਨ ਸਾਦਨ ॥ ਕਿਛੁ ਕਿਛੁ ਨ ਚਾਹੀ ॥*
*ਅੰਗ - 406*

ਨਾ ਮੈਨੂੰ ਰਾਜਨੀਤਿਕ ਸ਼ਕਤੀ ਚਾਹੀਦੀ ਹੈ ਤੇ ਨਾ ਮੈਨੂੰ ਕੋਈ ਹੁਕਮ ਕਰਨ ਵਾਸਤੇ ਚਾਹੀਦਾ ਹੈ ਤੇ ਨਾ ਮੈਨੂੰ ਕੋਈ ਕੋਠੀਆਂ ਦੀ ਲੋੜ ਹੈ। ਮੈਨੂੰ ਚਾਹੀਦਾ ਕੀ ਹੈ -

*ਚਰਨਨ ਸਰਨਨ ਸੰਤਨ ਬੰਦਨ ॥ ਸੁਖੋ ਸੁਖੁ ਪਾਹੀ ॥*
*ਨਾਨਕ ਤਪਤਿ ਹਰੀ ॥ ਮਿਲੇ ਪ੍ਰੇਮ ਪਿਰੀ ॥ ਅੰਗ - 406*

ਮੈਂ ਸੰਤਾਂ ਦੇ ਚਰਨਾਂ ਦੇ ਉਤੇ ਬੰਦਨ ਕਰਦਾ ਰਹਾਂ। ਮੇਰੇ ਵਿੱਚ ਐਨੀ ਨਿਮਰਤਾ ਰਹੇ ਕਿ ਮੈਂ ਸਾਧੂਆਂ ਦੇ ਚਰਨਾਂ 'ਤੇ ਆਪਣਾ ਮੱਥਾ ਲਾਉਂਦਾ ਰਹਾਂ ਤੇ ਇਹਦੇ ਵਿੱਚ ਮੈਨੂੰ ਮਿਲੇਗਾ ਕੀ? ਮਹਾਨ ਅਨੰਦ ਤੇ ਸੁੱਖ। ਮੈਨੂੰ ਤੇਰਾ ਪਿਆਰ ਚਾਹੀਦਾ ਹੈ।

ਜਦੋਂ ਪਿਆਰ ਦੀ ਦਾਤ ਮੰਗੀ, ਮਹਾਰਾਜ ਦਰੱਵ ਗਏ, ਨੇਤਰਾਂ 'ਚ ਜਲ ਆ ਗਿਆ ਮਹਾਰਾਜ ਦੇ ਕਿ ਉਨ੍ਹਾਂ ਲੋਕਾਂ ਵਿੱਚ ਇਹ ਵੀ ਪਿਆ ਹੈ, ਇਹ ਵੀ ਇੱਕ ਨਗੀਨਾ ਹੈ, ਇੱਕ ਹੀਰਾ ਹੈ। ਕਹਿਣ ਲੱਗੇ, ਪਿਆਰਿਆ -

*ਜਿਮ ਸਭਿ ਮਾਝੇ ਕੀ ਵਡਿਆਈ।*
*ਮਹਾਂ ਸਿੰਘ ਨੇ ਰਾਖਿ ਦਿਖਾਈ।*
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 6063***

ਆਪਣਾ ਸਰੀਰ ਵਾਰ ਕੇ ਮਾਝੇ ਦੀ ਵਡਿਆਈ ਰੱਖ ਕੇ ਦਿਖਾ ਦਿੱਤੀ।

***ਦੇਸ਼ ਮਾਲਵੇ ਕੀ ਅਬਿ ਰਾਖੀ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 6063***

ਤੂੰ ਇਕੱਲੇ ਨੇ ਸਿੱਖੀ ਨਹੀਂ ਮੰਗੀ, ਤੇਰੇ ਬਦੌਲਤ ਸਾਰੇ ਮਾਲਵੇ ਨੂੰ ਅਸੀਂ ਸਿੱਖੀ ਬਖਸ਼ ਦਿੱਤੀ।

***ਦੇਸ਼ ਮਾਲਵੇ ਕੀ ਅਬਿ ਰਾਖੀ।***
***ਉਪਜਹਿਂ ਸਿੱਖੀ ਕੇ ਅਭਿਲਾਖੀ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 6063***

ਇੱਥੇ ਸਿੱਖੀ ਮੰਗਣ ਵਾਲੇ ਪੈਦਾ ਹੁੰਦੇ ਹੀ ਰਹਿਣਗੇ, ਸਦੀਆਂ ਦਰ ਸਦੀਆਂ। ਐਸਾ ਤੂੰ ਪਿਆਰ ਦਾ ਬੀਜ ਬੀਜ ਦਿੱਤਾ ਇਹ ਧਰਤੀ ਨੇ ਸਿੱਖੀ ਮੰਗਦੇ ਹੀ ਰਹਿਣਾ ਹੈ। ਮਾਝੇ ਦੀ ਮਹਾਂ ਸਿੰਘ ਨੇ ਰੱਖ ਲਈ, ਤੂੰ ਇੱਥੇ ਦੀ ਰੱਖ ਲਈ। ਪਿਆਰਿਆ! ਜੇ ਤੂੰ ਮੇਰੇ ਨਾਲ ਪਿਆਰ ਕਰਨਾ ਚਾਹੁੰਦਾ ਹੈਂ ਤਾਂ ਸਮਝ ਲੈ ਤੂੰ-

***ਧਾਰਨਾ - ਹੋ ਜਾ ਪ੍ਰਵਾਨ ਜੀ,***
***ਖੰਡੇ ਦਾ ਅੰਮ੍ਰਿਤ ਛਕ ਕੇ।***

***ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।***
***ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।***
***ਗੁਰ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।***
***ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।***
***ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।***
***ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।***

***ਭਾਈ ਗੁਰਦਾਸ ਜੀ, ਵਾਰ 41/1***

ਕਹਿਣ ਲੱਗੇ, ਫੇਰ ਤੂੰ ਸਾਡੇ ਨਾਲ weld (ਜੋੜਨਾ) ਹੋ ਜਾ, ਨਾਮ ਲੈ ਸਾਡੇ ਤੋਂ, ਅੰਮ੍ਰਿਤ ਤਿਆਰ ਕੀਤਾ ਤੇ ਵੀਹ ਉਹਦੇ ਸਾਥੀ ਤੇ ਇਸਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਦਾਨ ਸਿੰਘ ਇਹਦਾ ਨਾਮ ਰੱਖਿਆ ਤੇ ਨਾਲ ਦੱਸਿਆ ਕਿ ਪਿਆਰ ਦੀ ਦਾਤ ਤੂੰ ਮੰਗੀ ਹੈ, ਪਿਆਰ ਕਰਨਾ ਕੋਈ ਮਾਮੂਲੀ ਬਾਤ ਨਹੀਂ ਹੁੰਦੀ।

***ਆਸ਼ਕਾਰਾ ਨਵ ਨੀਸ਼ਾਨੀ ਐ ਪਿਸਰ,***
***ਆਹ ਸਰਦੋ, ਰੰਗ ਜ਼ਰਦੋ ਚਸ਼ਮਤਰ।***
***ਕਮਗੁਫਤਨੋ, ਕਮ ਖੁਰਦਨੋਂ,***
***ਖੁਆਬਸ਼ ਹਰਾਮ, ਇੰਤਜ਼ਾਰੀ, ਬੇਕਰਾਰੀ, ਦਸਤਸਰ।***

ਜਿਹੜੇ ਪਿਆਰ ਕਰਨ ਵਾਲੇ ਨੇ, ਇਸ਼ਕ ਕਰਨ ਵਾਲੇ ਨੇ, ਨੌਂ ਨਿਸ਼ਾਨੀਆਂ ਹੁੰਦੀਆਂ ਨੇ। ਆਹਾਂ ਆਉਂਦੀਆਂ ਨੇ ਤੇ ਅੱਖਾਂ ਵਿੱਚ ਪਾਣੀ ਰਹਿੰਦਾ ਹੈ ਤੇ ਰੰਗ ਪੀਲਾ ਹੋ ਜਾਂਦਾ ਹੈ। ਥੋੜ੍ਹਾ ਖਾਣ ਲੱਗ ਜਾਂਦੇ ਨੇ, ਥੋੜ੍ਹਾ ਬੋਲਣ ਲੱਗ ਜਾਂਦੇ ਨੇ, ਨੀਂਦ ਆਉਂਦੀ ਨਹੀਂ ਹੈ। ਹਰ ਵਕਤ

ਇੰਤਜ਼ਾਰ 'ਚ ਰਹਿੰਦਾ ਹੈ। ਗੱਲਾਂ ਕਰ ਲੈਂਦੇ ਨੇ ਕਿ ਮੇਰਾ ਗੁਰੂ ਨਾਲ ਪਿਆਰ ਹੈ। ਕਹਿੰਦੇ, ਗੱਲਾਂ ਨਾਲ ਤਾਂ ਨਹੀਂ ਨਾ ਹੁੰਦਾ। ਇਹ ਨਹੀਂ ਹੋਇਆ ਕਰਦਾ, ਐਸਾ ਫੁਰਮਾਨ ਹੈ –

***ਧਾਰਨਾ – ਗੱਲਾਂ ਵਾਲੀ ਦੁਨੀਆਂ ਬਹੁਤੀ,***
***ਚਾਕਰ ਕੋਈ-ਕੋਈ ਹੈ।***

ਦਾਨ ਸਿੰਘਾਂ! ਸਾਰੀ ਦੁਨੀਆਂ ਪਿਆਰਾ-ਪਿਆਰਾ, ਮੈਂ ਗੁਰੂ ਦਾ ਪਿਆਰਾ, ਮੈਂ ਗੁਰੂ ਦਾ ਪਿਆਰਾ, ਸਾਰੀ ਦੁਨੀਆਂ ਕਹਿ ਰਹੀ ਹੈ। ਪਰ ਪਤਾ ਨਹੀਂ ਹੈ ਪਿਆਰ ਕੋਈ ਮਾਮੂਲੀ ਚੀਜ਼ ਨਹੀਂ ਹੈ। ਉਹਦੀ ਕੀਮਤ ਬੜੀ ਉੱਚੀ ਹੈ –

***ਧਾਰਨਾ – ਸੀਸ ਤਲੀ 'ਤੇ ਧਰਨਾ ਪੈਂਦੈ,***
***ਔਖੀ ਖੇਡ ਪ੍ਰੇਮ ਦੀ।***
***ਜਉ ਤਉ ਪ੍ਰੇਮ ਖੇਲਣ ਕਾ ਚਾਉ ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ ॥***
***ਇਤੁ ਮਾਰਗਿ ਪੈਰੁ ਧਰੀਜੈ ॥***
***ਸਿਰੁ ਦੀਜੈ ਕਾਣਿ ਨ ਕੀਜੈ ॥ ਅੰਗ – 1412***
***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥***
***ਅੰਗ – 1102***

ਕਹਿੰਦੇ, ਦਾਨ ਸਿੰਘਾਂ! ਸਾਰੀ ਦੁਨੀਆਂ ਕਹਿੰਦੀ ਹੈ ਕਿ ਮੈਂ ਗੁਰੂ ਨਾਲ ਪਿਆਰ ਕਰਦਾ ਹਾਂ, ਗੁਰੂ ਜੀ ਮੈਨੂੰ ਪਿਆਰ ਦੇ ਦਿਓ। ਪਿਆਰ ਸਸਤਾ ਨਹੀਂ ਹੁੰਦਾ।

***ਆਸ਼ਕ ਆਸ਼ਕ ਸਭ ਕੋਈ ਆਖੇ,***
***ਟੇਢੀ ਪਗੜੀ ਧਰ ਕੇ।***
***ਸਿਰ ਤੋਂ ਪਰ੍ਹੇ ਪ੍ਰੇਮ ਦਾ ਡੇਰਾ,***
***ਸਭ ਮੁੜ ਆਉਂਦੇ ਡਰ ਕੇ।***

ਕੋਈ ਮਾਮੂਲੀ ਚੀਜ਼ ਨਹੀਂ ਹੈ –

***ਮਾਨ ਮੁਨੀ ਤੇ ਖੁਦੀ ਤਕੱਬਰ***
***ਕੋਈ ਨਾ ਰਹੇ ਜਰ ਕੇ,***
***ਸੱਜਣਾ ਦੇ ਉਸ ਮਹਿਲ ਬਿਆਰੀ,***
***ਕੋਈ ਆਸ਼ਕ ਪਹੁੰਚਾ ਮਰ ਕੇ।***

ਮਰਨ ਤੋਂ ਬਗੈਰ ਤਾਂ ਪ੍ਰਵਾਨ ਹੀ ਨਹੀਂ ਹੁੰਦਾ।

***ਇਸ਼ਕ ਨਗੀਨਾ ਸੋਈ ਜਾਨਣ***
***ਜਿਹੜੇ ਹੋਵਣ ਆਪ ਨਗੀਨੇ।***

ਜਿਨ੍ਹਾਂ ਦੇ ਮਨ ਵਿੱਚ ਪਿਆਰ ਹੈ, ਉਹ ਇਸ ਰਮਜ਼ ਨੂੰ ਸਮਝਦੇ ਨੇ। ਦੂਸਰਾ ਸੰਸਾਰ, ਜਿਹਨੇ ਰੋਜ਼ ਕਹਿਣਾ ਹੈ ਕਿ ਗੁਰੂ ਜੀ ਮੈਨੂੰ ਆਹ ਦੇ ਦਿਓ, ਮੇਰਾ ਪੁੱਤਰ ਰਾਜ਼ੀ ਹੋ ਜਾਏ ਜੀ, ਮੇਰੀ ਮੱਝ ਰਾਜ਼ੀ ਹੋ ਜਾਏ,

ਮੇਰਾ ਮੁੰਡਾ ਨੌਕਰ ਹੋ ਜਾਏ, ਮੈਂ ਰਾਜ਼ੀ ਹੋ ਜਾਵਾਂ; ਉਹ ਪਿਆਰ ਹੈ ਉਹ ਤਾਂ ਭੀਖ ਮੰਗਦੇ ਨੇ। ਪਿਆਰ ਤਾਂ ਹੈ ਹੀ ਨਹੀਂ। ਜੇ ਮਿਲਦਾ ਨਹੀਂ ਤਾਂ ਕਹਿੰਦੇ ਨੇ ਕਿ ਫਲਾਣੇ ਸੰਤ ਕੋਲ ਚੱਲੀਏ, ਇੱਥੋਂ ਤਾਂ ਮਿਲਿਆ ਨਹੀਂ। ਇਹ ਪਿਆਰ ਨਹੀਂ ਹੋਇਆ ਕਰਦਾ, ਇਹ ਗਰਜ਼ਾਂ ਦਾ ਬੰਨ੍ਹਿਆ ਹੋਇਆ ਸੰਸਾਰ ਗੁਰੂਆਂ ਦੇ ਪਿੱਛੇ ਫਿਰਦਾ ਹੈ। ਉਹ ਜਿਹੜੀ ਚੀਜ਼ ਦੇਣ ਨੂੰ ਚਾਹੁੰਦੇ ਨੇ, ਉਹ ਫੇਰ ਲੈਣ ਵਾਲੀ ਝੋਲੀ ਨਹੀਂ ਹੈ ਕੋਈ ਵੀ। ਹੁਣ ਜੇ ਵਿੱਚ ਗਰਜ਼ ਆ ਗਈ, ਆਪਣਾ ਹਿਤ ਆ ਗਿਆ, ਹਿਤ ਪਿਆਰ ਵਿੱਚ ਨਹੀਂ ਹੁੰਦਾ, ਪਿਆਰ ਵਿੱਚ ਕੁਰਬਾਨੀ ਹੀ ਕੁਰਬਾਨੀ ਹੁੰਦੀ ਹੈ।

***ਇਸ਼ਕ ਨਗੀਨਾ ਸੋਈ ਜਾਨਣ***
***ਜਿਹੜੇ ਹੋਵਣ ਆਪ ਨਗੀਨੇ।***
***ਇਸ਼ਕ ਮੁਸ਼ਕ ਦੀ ਸਾਰ ਨਾ ਜਾਨਣ,***
***ਕੋਈ ਕਾਇਰ ਲੋਕ ਕਮੀਨੇ।***
***ਕਹਿੰਦੇ, ਕਾਇਰਾਂ ਨੂੰ ਕੀ ਪਤਾ ਹੈ -***
***ਇਸ਼ਕ ਨੇ ਕੋਈ ਤਿਖੀਆਂ ਛੁਰੀਆਂ,***
***ਘਾਉ ਕਰਨ ਵਿੱਚ ਸੀਨੇ।***
***ਤਨ ਦੀਆਂ ਤਪਤਾਂ ਮਿਟਣ ਵਿਹਾਰੀ,***
***ਜੇ ਦਿਸਣ ਗੁਰੂ ਨਗੀਨੇ।***

ਕਹਿੰਦੇ, ਤਨ ਦੀਆਂ ਤਪਤਾਂ ਤਾਂ ਮਿਟਦੀਆਂ ਨੇ ਜੇ ਗੁਰੂ ਦਸ਼ਮੇਸ਼ ਪਿਤਾ ਵਰਗਾ ਗੁਰੂ ਦਿਸ ਜਾਵੇ। ਉਸ ਵੇਲੇ ਐਸੀ ਮਿਹਰ ਕਰੀ ਗੁਰੂ ਮਹਾਰਾਜ ਨੇ, ਦਾਨ ਸਿੰਘ ਨੇ ਜਦੋਂ ਪੰਜ ਪਿਆਰਿਆਂ ਤੋਂ ਨਾਮ ਲੈ ਕੇ ਗੁਰੂ ਮਹਾਰਾਜ ਦੇ ਚਰਨਾਂ 'ਤੇ ਜਦੋਂ ਨਮਸ਼ਕਾਰ ਕੀਤੀ, ਗੁਰੂ ਮਹਾਰਾਜ ਨੇ ਸੀਸ 'ਤੇ ਹੱਥ ਰੱਖਿਆ, ਹੱਥ ਰੱਖਣ ਦੀ ਦੇਰ ਸੀ -

***ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ***
***ਮਾਰਿ ਕਢੀਆ ਬੁਰਿਆਈਆ ॥ ਅੰਗ - 473***

ਜਨਮਾਂ-ਜਨਮਾਂਤਰਾਂ ਦੇ ਪਾਪਾਂ ਦਾ ਨਾਸ਼ ਕਰ ਦਿੱਤਾ, ਇੱਕ ਨਾ ਰਿਹਾ। ਬਜਰ ਕਪਾਟ ਖੁਲ੍ਹ ਗਏ, ਰੋਮ-ਰੋਮ ਦੇ ਵਿੱਚੋਂ ਝਰਨ੍ਹਾਹਟ ਨਾਮ ਦੀ ਚੱਲ ਪਈ। ਚਾਰ-ਪੰਜ ਦਿਨ ਪਹਿਲਾਂ ਮੈਂ ਦਸਿਆ ਸੀ ਕਿ ਮਹਾਰਾਜਾ ਰਣਜੀਤ ਸਿੰਘ ਨੇ ਢੰਡੋਰਾ ਫਿਰਾਇਆ ਕਿ ਕੋਈ ਹੈ ਐਸਾ ਮੇਰੇ ਰਾਜ ਦੇ ਅੰਦਰ ਜਿਹਨੇ ਦਸ਼ਮੇਸ਼ ਪਿਤਾ ਦੇ ਦਰਸ਼ਨ ਕੀਤੇ ਹੋਣ। 120 ਸਾਲ ਦੀ ਉਮਰ ਦਾ ਕੋਈ ਪ੍ਰੇਮੀ ਕਾਬਲ ਤੋਂ ਖਬਰ ਭੇਜੀ ਕਿ ਮੈਂ ਕਰੇ ਨੇ। ਮਹਾਰਾਜੇ ਨੇ ਸਾਰਾ ਇੰਤਜ਼ਾਮ ਕਰਕੇ ਲਾਹੌਰ ਬੁਲਾਇਆ ਉਸਨੂੰ ਕਹਿੰਦੇ ਜਦੋਂ ਲਾਹੌਰ ਆ ਜਾਵੇ ਤਾਂ ਉਸ ਵੇਲੇ ਮੈਨੂੰ ਖਬਰ ਕਰਿਓ, ਖਬਰ ਹੋ ਗਈ ਕਿ ਮਹਾਰਾਜ ਸਾਹਿਬ! ਗੁਰੂ ਦਸ਼ਮੇਸ਼ ਪਿਤਾ ਦੇ ਦਰਸ਼ਨ ਕਰਨ ਵਾਲਾ ਸਿੱਖ ਲਾਹੌਰ ਦੇ ਬਾਹਰ ਹੈ। ਉਸ ਵੇਲੇ ਮਹਾਰਾਜੇ ਨੇ ਜੋੜਾ ਲਾਹ ਦਿੱਤਾ। ਨੰਗੇ ਪੈਰੀਂ ਚੱਲ ਪਿਆ, ਗਿਆ ਜਾ ਕੇ ਪਾਲਕੀ ਮੰਗਾਈ, ਪਾਲਕੀ ਦੇ ਵਿੱਚ ਬਿਠਾ ਕੇ ਮੂਹਰਲੇ ਪਾਸੇ ਮੋਢਾ ਆਪ ਲਾਇਆ। ਕਹਿੰਦਾ, ਧੰਨ ਹੈ, ਮੇਰਾ ਜੀਵਨ ਧੰਨ ਹੈ ਕਿ ਮੈਂ ਗੁਰੂ ਦੇ ਦਰਸ਼ਨ ਕੀਤੇ ਹੋਏ ਸਿੱਖ ਦੇ ਦਰਸ਼ਨ

ਕਰ ਲਏ। ਲਿਆ ਕੇ ਉੱਚੇ ਥਾਂ ਬਿਠਾ ਦਿੱਤਾ। ਆਪਣੇ ਤਖਤ ਤੋਂ ਵੀ ਉੱਚਾ ਥਾਂ ਬਣਾਇਆ ਗਿਆ ਤੇ ਉਹਦੇ ਉਤੇ ਸਾਰਾ ਦਰਬਾਰ ਲੱਗਿਆ ਹੋਇਆ। ਪੁੱਛਣ ਲੱਗੇ, ਕਹਿੰਦੇ ਕਿਉਂ ਬਾਬਾ! ਤੂੰ ਦਰਸ਼ਨ ਕਰੇ ਨੇ? ਕਹਿੰਦਾ ਹਾਂ।

ਦਰਸ਼ਨ ਹੀ ਨਹੀਂ ਕਰੇ, ਮੈਂ ਨੇੜੇ ਵੀ ਰਹਿ ਕੇ ਦੇਖਿਆ ਹੈ। ਕਿਸ ਤਰ੍ਹਾਂ ਦੇ ਸੀ ਗੁਰੂ ਸਾਹਿਬ?

ਕਹਿੰਦੇ, ਗੁਰੂ ਸਾਹਿਬ ਦਾ ਪਤਲਾ ਸਰੀਰ, ਬਿਲਕੁਲ ਸਰੂ ਵਰਗਾ, ਕਿਸੇ ਥਾਂ ਦੇ ਉਤੇ ਮੋਟਾਪਾ ਨਹੀਂ ਸੀ, ਕਿਸੇ ਥਾਂ 'ਤੇ ਵਾਧੂ ਮਾਸ ਨਹੀਂ ਸੀ। ਅੱਡੀ ਤੋਂ ਲੈ ਕੇ ਚੋਟੀ ਤੱਕ ਐਸ ਤਰ੍ਹਾਂ ਸੀ ਜਿਵੇਂ ਕੋਈ ਸਪੈਸ਼ਲ ਤਸਵੀਰ ਬਣਾਈ ਹੁੰਦੀ ਹੈ, ਮੂਰਤ ਬਣੀ ਹੁੰਦੀ ਹੈ। ਇੱਕ ਵਾਰੀ ਨੇਤਰਾਂ ਵਲ ਦੇਖ ਲਓ, ਬੰਦੇ 'ਚ ਤਾਕਤ ਨਹੀਂ ਕਿ ਉਹ ਨੇਤਰਾਂ ਦੀ ਜਿਹੜੀ ਕਰੰਟ ਸੀ, ਮਿਹਰ ਦੀ ਨਿਗ੍ਹਾ ਸੀ ਉਹਨੂੰ ਸਹਿ ਨਹੀਂ ਸੀ ਸਕਦਾ ਬੰਦਾ। ਰੋਮ-ਰੋਮ 'ਚੋਂ ਝਰਨ੍ਹਾਟਾਂ ਚੱਲ ਜਾਂਦੀਆਂ ਸੀ। ਬਚਨ ਨਹੀਂ ਸੀ ਹੁੰਦਾ। ਬਗੈਰ ਬਚਨ ਕੀਤੇ ਬਚਨ ਦਾ ਜਵਾਬ ਅੰਦਰ ਆਪੇ ਹੀ ਆ ਜਾਂਦਾ ਸੀ। ਉਸ ਤੋਂ ਬਾਅਦ ਜੇ ਗੁਰੂ ਮਿਹਰਵਾਨ ਹੋ ਜਾਣ, ਰਣਜੀਤ ਸਿੰਘਾਂ! ਕਿਤੇ ਉਨ੍ਹਾਂ ਦੇ ਚਰਨਾਂ ਦੇ ਨਾਲ ਮਸਤਕ ਛੋਹ ਜਾਵੇ ਤਾਂ ਸਾਰੇ ਸਰੀਰ ਦੇ ਵਿੱਚੋਂ ਅਨਹਦ ਨਾਦ ਦੀਆਂ ਧੁਨੀਆਂ ਆਪਣੇ ਆਪ ਹੀ ਗੁੰਜਣ ਲਗ ਜਾਂਦੀਆਂ ਸੀ ਤੇ ਸਰੀਰ 'ਚ ਝਰਨ੍ਹਾਹਟ ਆ ਜਾਂਦੀ ਸੀ ਤੇ ਪ੍ਰਕਾਸ਼ ਹੀ ਪ੍ਰਕਾਸ਼ ਹੁੰਦਾ। ਤਿੰਨ ਅਵਸਥਾ ਹੁੰਦੀਆਂ ਨੇ ਸਾਡੇ ਅੰਦਰ। ਨਾਮ ਜਪਣ ਵਾਲਿਆਂ ਨੂੰ ਪਤਾ ਹੈ ਦੂਸਰਿਆਂ ਨੂੰ ਨਹੀਂ ਪਤਾ। ਅਸੀਂ ਤਾਂ ਇਨ੍ਹਾਂ ਗੱਲਾਂ 'ਚ ਧਿਆਨ ਨਹੀਂ ਦਿੰਦੇ। ਪਹਿਲੀ ਹੁੰਦੀ ਹੈ ਜਦੋਂ ਨਾਮ ਦੀ ਸਾਨੂੰ ਪ੍ਰਾਪਤੀ ਹੁੰਦੀ ਹੈ, ਜਪ-ਜਪ ਕੇ, ਸਾਡੇ ਅੰਦਰ ਸ਼ਬਦ ਦੀ ਧੁਨ ਜਾਗ ਪੈਂਦੀ ਹੈ, ਉਹ ਧੁਨ ਵਿੱਚ ਸਾਡਾ ਧਿਆਨ ਲਗ ਜਾਂਦਾ -

***ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ ॥*** ***ਅੰਗ - 879***

ਉਹ ਜਦੋਂ ਧੁਨ 'ਚ ਧਿਆਨ ਲਗਦਾ ਹੈ, ਉਸ ਵੇਲੇ ਹੁੰਦਾ ਕੀ ਹੈ? ਅਚਾਨਕ ਅੰਦਰਲਾ ਬ੍ਰਹਿਮੰਡ ਖੁਲ੍ਹ ਜਾਂਦਾ ਹੈ। ਉਥੇ ਕੀ ਦਿਸਦਾ ਹੈ, ਬਾਹਰਲੇ ਤਾਰੇ ਮੱਧਮ ਨੇ, ਇਨ੍ਹਾਂ ਦੀ ਚਮਕ ਮੱਧਮ ਹੈ। ਇਨ੍ਹਾਂ ਦੇ ਵਿੱਚ ਮੈਲ ਹੈ ਵਾਤਾਵਰਣ ਦੇ, ਗਰਦਾਂ ਉਡਦੀਆਂ ਫਿਰਦੀਆਂ ਨੇ, ਸਾਨੂੰ ਸਾਫ ਨਹੀਂ ਦਿਖਾਈ ਦਿੰਦੇ। ਹੋ ਸਕਦਾ ਹੈ ਜਿਹੜੇ ਬਾਹਰ out of state (ਰਾਜ ਤੋਂ ਬਾਹਰ) ਜਾਂਦੇ ਨੇ, ਉਨ੍ਹਾਂ ਨੂੰ ਸਾਫ ਦਿਸ ਜਾਂਦੇ ਹੋਣ। ਐਨੇ ਪ੍ਰਕਾਸ਼ਮਈ ਤਾਰੇ ਸਾਰਾ ਬ੍ਰਹਿਮੰਡ ਬਣਿਆ ਬਣਾਇਆ ਦਿਮਾਗ ਦੇ ਅੰਦਰ ਖੁਲ੍ਹ ਜਾਂਦਾ ਹੈ। ਆਦਮੀ ਹੈਰਾਨ ਹੋ ਜਾਂਦਾ ਹੈ, ਕੋਈ ਪਤਾ ਨਹੀਂ ਕਿ ਮੈਨੂੰ ਇਹ ਬ੍ਰਹਿਮੰਡ ਕਿੱਥੋਂ ਦਿਸਣ ਲੱਗ ਗਿਆ। ਐਨੇ ਤਾਰੇ ਕਿੱਥੇ, ਤਾਰਾ ਮੰਡਲ 'ਚ ਮੈਂ ਕਿਵੇਂ ਪਹੁੰਚ ਗਿਆ। ਇਕੱਲਾ-ਇਕੱਲਾ ਤਾਰਾ ਨਜ਼ਰ ਆਉਂਦਾ ਹੈ, ਬੜੀ ਰੋਸ਼ਨੀ ਨਾਲ। ਉਸ ਤੋਂ ਬਾਅਦ ਕੀ ਹੁੰਦਾ ਹੈ ਕਿ ਸੂਰਜ ਦੀ

ਰੋਸ਼ਨੀ ਆ ਜਾਂਦੀ ਹੈ। ਪ੍ਰਕਾਸ਼ ਹੋ ਜਾਂਦਾ ਹੈ ਉਹਦੇ ਅੰਦਰ। ਸਾਰੇ ਕਣ-ਕਣ 'ਚ ਪ੍ਰਕਾਸ਼ ਹੁੰਦਾ ਹੈ ਤੇ ਸੂਰਜ ਦੀ ਰੋਸ਼ਨੀ ਐਨੀ ਗਰਮ ਨਹੀਂ ਹੈ, ਉਹ ਬੜੀ ਪਿਆਰੀ ਰੋਸ਼ਨੀ ਹੈ। ਉਸ ਤੋਂ ਬਾਅਦ ਚੰਦਰਮਾ ਆਉਂਦਾ ਹੈ ਅੰਦਰਲਾ। ਪਹਿਲਾਂ ਸੂਰਜ ਆਉਂਦਾ ਹੈ, ਫੇਰ ਚੰਦਰਮਾ ਆਉਂਦਾ ਹੈ। ਮਰਦਾਨੇ ਨੇ ਪੁੱਛਿਆ ਸੀ ਗੁਰੂ ਨਾਨਕ ਨੂੰ, ਬਈ ਸੂਰਜ ਤੇ ਚੰਦਰਮਾ। ਕਹਿੰਦੇ, ਸੂਰਜ ਹੇਠਾਂ ਹੈ ਚੰਦਰਮਾ ਤੋਂ। ਹੁਣ ਅਸੀਂ ਤਾਂ ਕਹਿੰਦੇ ਹਾਂ ਕਿ ਸਾਇੰਸ ਇਸ ਤਰ੍ਹਾਂ ਕਹਿੰਦੀ ਹੈ ਉਹ ਹੋਣਾ ਹੈ, ਦੁਨੀਆਂ ਦਾ ਸੂਰਜ। ਅੰਦਰ ਵੀ ਸੂਰਜ ਹੈ, ਅੰਦਰ ਵੀ ਚੰਦਰਮਾ ਹੈ। ਉਸ ਤੋਂ ਬਾਅਦ ਚਾਨਣਾ ਹੀ ਚਾਨਣਾ ਆ ਜਾਂਦਾ, ਕਾਹਦਾ ਚਾਨਣਾ ਕੁਛ ਨਹੀਂ ਪਤਾ ਲਗਦਾ ਕਿ ਕਿਸ ਚੀਜ਼ ਦਾ ਚਾਨਣਾ ਹੋ ਗਿਆ।

ਇੱਕ ਵਾਰੀ ਦੀ ਗੱਲ ਹੈ, ਸਾਡਾ ਕਾਕਾ ਮਨਜੀਤ ਹੈ, ਇਹ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਨੂੰ ਇੱਕ ਪੁਸਤਕ ਸੁਣਾਉਂਦਾ ਹੁੰਦਾ ਸੀ, ਉਹਦੇ 'ਚ ਆ ਗਿਆ ਕਿ ਡਾ. ਜੇ.ਸੀ ਟਰੱਸਟ, ਉਹਦੇ ਲਾਈਟ ਨਿਕਲਦੀ ਸੀ ਸਰੀਰ ਵਿਚੋਂ। ਇਹ ਕਹਿਣ ਲੱਗਿਆ ਕਿ ਜੀ, ਸਰੀਰ 'ਚੋਂ ਲਾਈਟ ਵੀ ਨਿਕਲ ਜਾਂਦੀ ਹੈ?

ਮਹਾਰਾਜ ਜੀ ਕਹਿੰਦੇ ਅਸੀਂ ਤਾਂ ਬਹੁਤ ਥਾਂ ਬਹੁਤ ਵਾਰੀ ਆਪਣੇ ਚਾਨਣੇ ਵਿੱਚ ਹੀ ਸੈਰ ਕਰਦੇ ਹੁੰਦੇ ਹਾਂ। ਹਨ੍ਹੇਰ ਘੁੱਪ ਹੁੰਦਾ ਹੈ, ਕਹਿੰਦੇ ਸਾਡਾ ਆਪਣਾ ਹੀ ਪ੍ਰਕਾਸ਼ ਹੁੰਦਾ ਹੈ, ਅਸੀਂ ਆਪਣੇ ਪ੍ਰਕਾਸ਼ ਦੇ ਵਿੱਚ ਹੀ ਚੀਜ਼ਾਂ ਟੋਲ੍ਹ ਲੈਂਦੇ ਹਾਂ। ਰਾੜਾ ਸਾਹਿਬ ਭੋਰੇ 'ਚ ਪਈਆਂ ਹੋਈਆਂ, ਹਨ੍ਹੇਰ ਘੁੱਪ ਦੇ ਵਿੱਚ, ਆਪਣੇ ਪ੍ਰਕਾਸ਼ ਨਾਲ ਸਾਰੀਆਂ ਚੀਜ਼ਾਂ ਟੋਲ੍ਹ ਲੈਂਦੇ ਹਾਂ। ਉਹ ਐਨਾ ਪ੍ਰਕਾਸ਼ ਹੁੰਦਾ ਹੈ ਕਿ ਬਾਹਰ ਆਉਣਾ ਸ਼ੁਰੂ ਹੋ ਜਾਂਦਾ ਹੈ ਸਰੀਰ ਤੋਂ। ਉਹ ਪੂਰਨ ਮਹਾਂਪੁਰਸ਼ ਹੋਇਆ ਕਰਦੇ ਨੇ। ਸਾਨੂੰ ਇਨ੍ਹਾਂ ਦੀ ਤਾਂ ਨਹੀਂ ਸਮਝ, ਸਾਨੂੰ ਪਤਾ ਨਹੀਂ ਹੈ ਕਿ ਰੂਹਾਨੀਅਤ ਅੰਦਰ ਕਿਵੇਂ ਹੈ, ਕੀ ਹੈ? ਅਸੀਂ ਤਾਂ ਬਾਹਰ ਕ੍ਰਿਪਾਨ ਪਾ ਲਈ, ਬੱਸ ਛੁੱਟੀ ਕਰ ਦਿੱਤੀ। ਸਾਡੇ ਜਿਹੜੇ ਅੰਮ੍ਰਿਤ ਛਕਾਉਣ ਵਾਲੇ ਨੇ ਉਹ ਕਹਿੰਦੇ ਨੇ ਹੁਣ ਨਹੀਂ ਤੂੰ ਮਰਦਾ। ਹੁਣ ਤੈਨੂੰ ਜਮਦੂਤ ਵੀ ਨਹੀਂ ਆਉਣੇ ਲੈਣ, ਐਹੋ ਜਿਹੀ ਗਾਰੰਟੀ ਦਿੰਦੇ ਨੇ, ਚਾਹੇ ਕੁਛ ਕਰੀ ਜਾਵੇ ਉਹਨੂੰ ਸਰਟੀਫਿਕੇਟ ਦੇ ਦਿੱਤਾ। ਜਦੋਂ ਧਰਮ ਵਿੱਚ ਇਹ ਗੱਲ ਆ ਜਾਵੇ ਤਾਂ ਧਰਮ ਦੇ ਕੋਲ ਕੋਈ ਚੀਜ਼ ਨਹੀਂ ਰਹਿੰਦੀ। ਉਹ ritual (ਰਸਮ) ਦੇ ਵਿੱਚ ਪਾ ਕੇ ਲੋਕਾਂ ਨੂੰ ਫਸਾਉਂਦਾ ਹੈ। ਉਹਦੇ 'ਚ ਕੀ ਹੁੰਦਾ ਹੈ, ਦੱਸਣ ਵਾਲੇ ਵੀ ਨਰਕਾਂ ਨੂੰ, ਸੁਣਨ ਵਾਲੇ ਤਾਂ ਵਿਚਾਰੇ ਦਾ ਹੋਣਾ ਹੀ ਕੀ ਹੈ। ਕਿਉਂਕਿ ਅੰਦਰਲੀ ਖੋਜ ਨਹੀਂ ਹੈ, ਜਿਹਨੂੰ ਅੰਦਰਲੀ ਖੋਜ ਹੈ, ਉਹਨੂੰ ਪਤਾ ਹੈ ਕਿ ਅੰਦਰ ਕੀ ਮਾਮਲਾ ਹੈ।

ਸੋ ਉਹ ਕਹਿਣ ਲੱਗਿਆ ਕਿ ਗੁਰੂ ਦਸ਼ਮੇਸ਼ ਪਿਤਾ ਦੇ ਚਰਨਾਂ ਨਾਲ ਜੇ ਕਿਤੇ ਮਸਤਕ ਛੂਹ ਜਾਵੇ, ਉਨ੍ਹਾਂ ਦੇ ਜੋੜੇ ਨਾਲ ਵੀ ਛੂਹ ਜਾਵੇ, ਕਹਿੰਦਾ, ਰਣਜੀਤ ਸਿੰਘਾਂ! ਜੋੜਾ ਤਾਂ ਦੂਰ ਰਹਿ ਗਿਆ, ਜਿੱਥੇ ਉਨ੍ਹਾਂ ਨੇ ਚਰਨ ਰੱਖਿਆ ਹੈ ਉਹ ਧਰਤੀ ਨਾਲ ਛੂਹ ਜਾਵੇ, ਕਣ-ਕਣ ਦੇ ਵਿੱਚ

ਰੋਸ਼ਨੀ ਆ ਜਾਂਦੀ ਸੀ ਆਦਮੀ ਦੇ ਸਰੀਰ ਦੇ ਅੰਦਰ ਅਤੇ ਉਹ ਸਹਿ ਨਹੀਂ ਸੀ ਹੁੰਦਾ। ਐਡੀ ਕਰੰਟ ਸੀ ਜ਼ਬਰਦਸਤ, ਉਹ ਨਹੀਂ ਸੀ ਸਹਿ ਹੁੰਦੀ।

ਬੀਬੀ ਜੀ (ਸੰਤ ਮਾਤਾ ਰਣਜੀਤ ਕੌਰ ਜੀ) ਦੇ ਪਿਤਾ ਜੀ (ਸ੍ਰੀ ਮਾਨ ਸੰਤ ਬਾਬਾ ਹੀਰਾ ਸਿੰਘ ਜੀ ਦਾਊਦਪੁਰ) ਆਪਣੇ ਘਰ ਬੈਠੇ ਨੇ, ਬਾਪੂ ਜੀ ਦੀ ਚਾਚੀ ਆ ਗਈ ਕਹਿਣ ਲੱਗੀ, ਹੀਰਾ ਸਿੰਆਂ! ਤੂੰ ਸਾਰਿਆਂ ਦਾ ਨਾਮ ਚਲਾ ਦਿੰਦਾ ਹੈਂ ਮੇਰਾ ਵੀ ਚਲਾ ਦੇ, ਭਜਨ ਦੇ ਵਿੱਚ ਬੈਠੇ ਸੀ, ਹੱਥ ਲਾ ਦਿੱਤਾ ਪਿੱਠ 'ਤੇ, ਕਹਿੰਦੇ ਲੈ ਚਾਚੀ! ਚਲਦਾ ਹੈ ਤੇਰੇ ਅੰਦਰ ਸਿਰਫ ਪ੍ਰਗਟ ਹੀ ਕਰਨਾ ਹੈ, ਨਾਮ ਤਾਂ ਸਭ ਦੇ ਅੰਦਰ ਚੱਲ ਰਿਹਾ ਹੈ। ਕਿਹੜਾ ਬੰਦਾ ਹੈ ਜਿਹਦੇ ਅੰਦਰ ਨਾਮ ਦੀ ਕਰੰਟ ਨਹੀਂ ਹੈ। ਨਾਮ ਨਾ ਹੋਵੇ ਤਾਂ ਬੰਦਾ ਜੀਉਂਦਾ ਨਹੀਂ ਰਹਿੰਦਾ -

***ਨਾਮ ਕੇ ਧਾਰੇ ਸਗਲੇ ਜੰਤ ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ ॥***
***ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥***
***ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥ ਅੰਗ - 284***

ਸਾਰੀਆਂ ਚੀਜ਼ਾਂ ਦਾ ਜੋ ਆਧਾਰ ਹੈ, ਉਹ ਨਾਮ ਹੈ। ਨਾਮ ਕਰੰਟ ਹੈ, ਨਾਮ ਐਨਰਜੀ ਹੈ, ਨਹੀਂ ਤਾਂ ਸਾਰੀਆਂ ਖਿੰਡ ਜਾਣ, ਅਣੂ ਪ੍ਰਮਾਣੂ ਬਣ ਕੇ ਇਲੈਕਟ੍ਰਿਕ 'ਚ convert (ਤਬਦੀਲ) ਹੋ ਕੇ ਐਨਰਜੀ ਦੇ ਵਿਚੀਂ ਮੁੜ ਕੇ ਇਹ invisible (ਨਾ ਦਿਸ਼ਣ ਵਾਲੀ ਚੀਜ਼) ਹੋ ਜਾਣ। ਹਸਤੀ ਮਿਟ ਜਾਵੇ, ਜਿੱਥੋਂ ਸ਼ਬਦ 'ਚੋਂ ਪੈਦਾ ਹੋਈ ਹੈ ਉਹਦੇ 'ਚ ਚਲੀ ਜਾਵੇ, ਜੇ ਨਾਮ ਦੀ ਕਰੰਟ ਇਹਦੇ 'ਚੋਂ ਖਿੱਚ ਲਈ ਜਾਵੇ। ਕਿਉਂਕਿ ਨਾਮ ਦੇ ਨਾਲ ਹੀ ਸਾਰਾ ਕੁਛ ਹੈ -

***ਨਾਮੈ ਹੀ ਤੇ ਸਭੁ ਕਿਛੁ ਹੋਆ .........॥ ਅੰਗ - 753***

ਮਹਾਰਾਜ ਨੇ ਇੱਕ ਲਾਈਨ ਲਿਖੀ ਹੈ ਕਿ ਜਿੰਨਾਂ ਕੁਛ ਤੁਸੀਂ ਦੇਖਦੇ ਹੋ ਸਭ ਨਾਮ ਤੋਂ ਹੋਇਆ ਹੈ। ਸੋ ਉਨ੍ਹਾਂ ਨੇ ਹੱਥ ਰੱਖ ਦਿੱਤਾ ਪਿੱਠ 'ਤੇ, ਚਾਚੀ ਉਨ੍ਹਾਂ ਦੀ ਲਿਟਣ ਲੱਗ ਗਈ, ਜਦੋਂ ਦੁਬਾਰਾ ਨੇੜੇ ਆਈ ਫੇਰ ਹੱਥ ਰੱਖ ਦਿੱਤਾ। ਉਹ ਸ਼ਕਤੀ ਖਿੱਚ ਲਈ, ਉਹਦੇ ਨੇਤਰ ਬੰਦ ਹੋ ਗਏ, ਚੌਂਕੜਾ ਮਾਰ ਕੇ ਬੈਠ ਗਈ। ਨਾ ਕੰਨ 'ਚ ਦੱਸਿਆ ਵਾਹਿਗੁਰੂ ਤੇ ਨਾ ਉਹਨੂੰ ਕੋਈ ਗੱਲ ਕਰੀ ਹੈ, ਅੰਦਰ ਨਾਮ ਦੀ ਧੁੰਨ ਚੱਲ ਪਈ ਆਪੇ ਹੀ। ਲਾਈਟ ਆ ਗਈ, ਕਰੰਟ ਆ ਗਈ, ਸਾਂਭੀ ਨਹੀਂ ਜਾਂਦੀ। ਝੁਣਝੁਣੀਆਂ ਲਈ ਜਾਂਦੀ ਹੈ, ਬਾਪੂ ਜੀ ਹੇਠਾਂ ਆ ਗਏ ਤੇ ਉਹਦੇ ਚਾਚੇ ਦੇ ਲੜਕੇ ਕਹਿਣ ਲੱਗੇ, ਬਾਈ! ਬੀਬੀ ਗਈ ਸੀ ਉੱਪਰ ਨੂੰ, ਕਹਿੰਦੇ ਭਾਈ ਬੀਬੀ! ਤਾਂ ਤੁਹਾਡੀ ਨਾ, ਕੱਲ੍ਹ ਨੂੰ ਏਸੇ ਵੇਲੇ ਆਏਗੀ। ਹੁਣ ਚੁੱਕ ਕੇ ਲਿਆਉਣੀ ਹੈ ਲੈ ਆਓ, ਹੁਣ ਤਾਂ ਉਹ ਮੜੋਲੀ ਬਣੀ ਹੋਈ ਹੈ, ਉਹਦੇ 'ਚ ਕੁਛ ਨਹੀਂ ਹੈ ਬਾਕੀ ਸਰੀਰ ਪਿਆ ਹੈ ਉਹਦਾ। ਕੱਲ੍ਹ ਨੂੰ ਆਊਗੀ।

ਇੱਕ ਹੱਥ ਰੱਖਣ ਦੀ ਦੇਰ ਹੈ ਤੇ ਬਿਰਤੀ ਚੜ੍ਹ ਗਈ ਉਸ ਵੇਲੇ।

ਬਾਪੂ ਜੀ (ਸੰਤ ਬਾਬਾ ਹੀਰਾ ਸਿੰਘ ਜੀ ਦਾਊਦਪੁਰੀਏ) ਅੰਮ੍ਰਿਤ ਛਕਾ ਰਹੇ ਨੇ ਲੁਧਿਆਣੇ ਖਾਲਸਾ ਹਾਈ ਸਕੂਲ 'ਚ। ਉਥੇ ਫਲੇਵਾਲ ਦੇ ਇੱਕ ਬੱਚੇ ਦੇ ਨੇਤਰਾਂ 'ਚ ਨੇਤਰ ਕਰਕੇ ਛਿੱਟਾ ਜਦੋਂ ਮਾਰਿਆ, ਕਹਿੰਦੇ, ਬੋਲ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ। ਅੱਧਾ ਤਾਂ ਉਹ ਕਹਿ ਗਿਆ, ਅੱਧਾ ਉਸ ਤੋਂ ਕਹਿ ਨਾ ਹੋਇਆ। ਭਾਈ ਰਣਧੀਰ ਸਿੰਘ ਜੀ ਲਿਖਦੇ ਨੇ ਕਿ ਅਸੀਂ ਕਿਹਾ ਹੁਣ ਕੀ ਹੋਏਗਾ? ਕਹਿੰਦੇ, ਸਾਡੇ ਤੋਂ ਜਲਾਲ ਵਿੱਚ ਆ ਕੇ ਕਹਿ ਹੋ ਗਿਆ। ਜਲਾਲ ਅੰਦਰ ਇੱਕ ਸ਼ਕਤੀ ਹੁੰਦੀ ਹੈ, ਹਰ ਇੱਕ ਬੰਦੇ ਦੇ ਅੰਦਰ ਹੈ ਜੇ develop (ਵਿਕਸਿਤ) ਕਰ ਲਵੇ। ਜਲਾਲ ਵਾਲਾ ਜੇ ਪੂਰੇ ਜਲਾਲ ਵਿੱਚ ਹੈ, ਨੇਤਰਾਂ ਵਲ ਦੇਖ ਨਹੀਂ ਹੁੰਦਾ ਉਹਦੇ ਵੱਲ, ਨਿਗ੍ਹਾ ਨੀਵੀਂ ਪੈ ਜਾਂਦੀ ਹੈ ਇੱਕ ਦਮ, ਜਿਵੇਂ ਬਾਜ ਦੀਆਂ ਅੱਖਾਂ ਵਲ ਨਹੀਂ ਦੇਖ ਹੁੰਦਾ, ਐਵੇਂ ਉਹਦੇ ਪਿਆਰੇ ਨੇਤਰਾਂ ਵੱਲ ਵੀ ਨਹੀਂ ਝਾਕ ਹੁੰਦਾ। ਕਹਿੰਦੇ ਹੁਣ ਕੀ ਹੋਏਗਾ? ਕਹਿੰਦੇ, ਹੁਣ ਤਾਂ ਇਹਨੂੰ ਇੱਕ ਪਾਸੇ ਕਰਕੇ ਬਿਠਾ ਲਓ, ਇਹਨੂੰ 56 ਘੰਟੇ ਬਾਅਦ ਸੁਰਤ ਆਏਗੀ। ਟਾਈਮ ਵੀ ਦੱਸ ਦਿਤਾ। ਕਹਿੰਦੇ ਹੁਣ ਅੰਮ੍ਰਿਤ ਭਾਈ! ਜਿਹਨੂੰ ਵੀ ਛਕਾਉਣਾ ਹੈ ਬਹੁਤ ਨੀਵੇਂ ਪੱਧਰ 'ਤੇ ਆ ਕੇ ਛਕਾਓ। ਅੰਮ੍ਰਿਤ ਛਕਾ ਦਿੱਤਾ ਤੇ ਅਖੰਡਪਾਠ ਸ਼ੁਰੂ ਹੋ ਗਿਆ ਤੇ ਉਸ ਤੋਂ ਬਾਅਦ 48 ਘੰਟੇ ਬਾਅਦ ਭੋਗ ਪੈ ਗਿਆ। ਬੱਚਾ ਉਥੇ ਉਵੇਂ ਹੀ ਬੈਠਾ ਸੀ, ਚੌਂਕੜਾ ਮਾਰੀਂ ਤੇ ਕੀਰਤਨ ਭਾਈ ਸਾਹਿਬ ਦਾ ਲੰਮਾ ਹੁੰਦਾ, ਆਸਾ ਜੀ ਦੀ ਵਾਰ ਦਾ ਕੀਰਤਨ ਚਲ ਰਿਹਾ ਸੀ, ਅੱਠ ਘੰਟੇ ਹੋ ਗਏ ਸੀ ਕੀਰਤਨ ਨੂੰ, ਉਸ ਤੋਂ ਬਾਅਦ ਉਹ ਬੱਚਾ ਹਿੱਲਿਆ, ਹਿੱਲ ਕੇ ਸਾਰੀ ਸੰਗਤ ਦੇ ਉੱਤੇ ਤੈਰਨ ਲੱਗ ਗਿਆ ਜਿਵੇਂ ਮੱਛੀ ਤੈਰਦੀ ਹੈ ਪਾਣੀ 'ਚ। ਭਾਈ ਸਾਹਿਬ ਲਿਖਦੇ ਨੇ ਕਿ ਸਾਡੇ ਸੀਸ ਦੇ ਉਤੇ ਦੀ ਹੋ ਕੇ ਵਾਜਿਆਂ, ਤਬਲਿਆਂ ਦੇ ਉੱਤੇ ਦੀ ਹੋ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਆ ਕੇ ਲੰਮਾ ਪੈ ਗਿਆ। ਬਾਪੂ ਜੀ ਉੱਠ ਕੇ ਆਏ ਕਹਿੰਦੇ, ਭਾਈ ਸਾਹਿਬ! ਲਾਵਾਂ ਦਾ ਕੀਰਤਨ ਸ਼ੁਰੂ ਕਰੋ, ਇਹਦੀ ਰੂਹ ਐਸ ਵੇਲੇ ਅਕਾਲ ਪੁਰਖ ਦੇ ਦਰ 'ਤੇ ਸੰਜੋਗ ਮੰਗ ਰਹੀ ਹੈ। ਲਾਵਾਂ ਬਣਾਈਆਂ ਹੀ ਤਾਂ ਨੇ ਅਸੀਂ ਤਾਂ ਵਿਆਹ ਵਾਸਤੇ ਕਰ ਲੈਂਦੇ ਹਾਂ, ਇਹ ਤਾਂ ਪ੍ਰਮੇਸ਼ਰ ਦੇ ਮਿਲਾਪ ਵਾਸਤੇ ਚਾਰ ਅਵਸਥਾ ਦੱਸੀਆਂ ਹੋਈਆਂ ਨੇ। ਸੋ ਜਦੋਂ ਸਿੰਘਾਂ ਵਿੱਚ ਐਨੀਆਂ ਸ਼ਕਤੀਆਂ ਨੇ, ਭਾਈ ਰਣਧੀਰ ਸਿੰਘ ਜੀ ਇੱਕ ਵਾਰੀ ਬੀਮਾਰ ਹੋ ਗਏ। ਇਨ੍ਹਾਂ ਨੂੰ slow poisoning (ਧੀਮੀ ਗਤੀ ਨਾਲ ਜ਼ਹਿਰ ਦੇਣੀ) ਦੇ ਰਹੇ ਸੀ। ਜਦੋਂ ਇਨ੍ਹਾਂ ਨੂੰ ਦੇਣ ਲੱਗੇ ਤਾਂ ਇਨ੍ਹਾਂ ਦਾ ਅੰਦਰ ਚਾਰਜ ਹੋਇਆ ਹੋਇਆ ਸੀ, ਕੰਮਪੋਡਰ ਨੇ ਆ ਕੇ ਬਾਂਹ ਫੜੀ ਔਹ ਗਿਆ ਜਾ ਕੇ ਕੰਧ ਦੇ ਨਾਲ ਲੱਗਿਆ ਜਿਵੇਂ ਬਿਜਲੀ ਦੀ ਕਰੰਟ ਨਾਲ ਲਗਦਾ ਹੈ। ਡਾਕਟਰ ਕਹਿੰਦਾ, ਪੰਜ ਛੇ ਜਣੇ ਫੜੋ, ਪੰਜੇ ਛੇਈ ਜਾ ਕੇ ਕੰਧ ਨਾਲ ਲੱਗੇ। ਉਹ ਕਹਿੰਦੇ, ਤੂੰ ਹੱਥ ਲਾ ਕੇ ਦੇਖ ਸੁਆਦ ਆਏਗਾ ਤੈਨੂੰ। ਖਬਰੇ ਇਹਦੇ ਵਿੱਚ ਕੀ ਹੈ? ਬਿਜਲੀ ਦੀ ਕਰੰਟ ਹੈ ਕਹਿੰਦੇ ਚੁੱਕ ਕੇ ਮਾਰਦੀ ਹੈ। ਇਹ ਸਰੀਰ ਨਾਮ ਐਨਰਜੀ ਦੇ ਨਾਲ ਚਾਰਜ ਉਸ ਵੇਲੇ ਹੁੰਦੀ ਹੈ ਜਦੋਂ ਨਾਮ ਦੇ ਨਾਲ ਸੰਪਰਕ ਹੋ ਜਾਵੇ।

ਪ੍ਰਕਾਸ਼ਮਈ ਹੋ ਜਾਂਦੀ ਹੈ, ਚਾਨਣਾ ਹੀ ਚਾਨਣਾ ਹੋ ਜਾਂਦਾ ਹੈ।

ਕਹਿਣ ਲੱਗਿਆ, ਰਣਜੀਤ ਸਿੰਘਾ! ਗੁਰੂ ਦਸਵੇਂ ਪਾਤਸ਼ਾਹ ਦੀ ਕੀ ਗੱਲ ਪੁੱਛਦਾ ਹੈਂ, ਸੈਦਖਾਨ ਨੇ ਰਕਾਬ ਨਾਲ ਮੱਥਾ ਲਾਇਆ ਸੀ। ਉਸੇ ਵੇਲੇ ਜਰਨੈਲ ਸੀ ਮੁਗਲ ਫੌਜਾਂ ਦਾ, ਸ਼ਸਤਰ ਸੁੱਟ ਦਿੱਤੇ ਉਹਨੇ।

ਕਹਿਣ ਲੱਗਿਆ, ''ਤੂੰ ਅੱਲਾਹ ਮੈਂ ਕੀਹਦੇ ਨਾਲ ਲੜਾਂ?''

ਗੁਰੂ ਸਾਹਿਬ ਕਹਿੰਦੇ ਸੀ ਤੂੰ ਵਾਰ ਕਰ, ਮੈਦਾਨ-ਏ-ਜੰਗ 'ਚ ਸਾਨੂੰ ਮਿਲਿਆ ਹੈਂ, ਉਹ ਕਹਿੰਦਾ ਮੈਂ ਮਰ ਗਿਆ। ਮੇਰੇ 'ਚ ਕੁਛ ਬਾਕੀ ਨਹੀਂ, ਮੈਨੂੰ ਹੁਕਮ ਕਰੋ।

ਕਹਿੰਦੇ, ''ਜਿੱਧਰ ਮੂੰਹ ਹੈ ਤੁਰਿਆ ਜਾਹ।''

ਬੈਠਾ ਕਿੱਥੇ?

ਕਹਿੰਦੇ, ਜਿੱਥੇ ਆਵਾਜ਼ ਆਵੇ।

ਕਾਂਗੜੇ ਜਾ ਕੇ ਰੁਕਿਆ, ਪਹਾੜਾਂ 'ਚ ਜਾ ਕੇ।

ਸੋ ਕਹਿਣ ਲੱਗੇ, ਗੁਰੂ ਦਸ਼ਮੇਸ਼ ਪਿਤਾ ਐਵੇਂ ਹੀ ਨਹੀਂ ਸੀਗੇ, ਜੇ ਦੇਖ ਲੈਂਦੇ ਸੀ ਤਾਂ ਵੀ, ਜੇ ਉਹ ਕਿਸੇ ਬਾਰੇ ਸੋਚ ਲੈਂਦੇ ਸੀ ਤਾਂ ਵੀ, ਜੇ ਛੋਹ ਲੈਂਦੇ ਸੀ ਫੇਰ ਤਾਂ ਕਹਿੰਦਾ ਕਹਿਣਾ ਕੀ ਹੈ।

ਐਨੇ ਬਚਨ ਸਾਰੇ ਦਰਬਾਰੀਆਂ ਨੇ ਸੁਣੇ, ਸੋ ਉਹ ਦਸ਼ਮੇਸ਼ ਪਿਤਾ ਉਨ੍ਹਾਂ ਨੇ ਭਾਈ ਦਾਨ ਸਿੰਘ ਦੇ ਪਿਆਰ ਨੂੰ ਦੇਖ ਕੇ, ਕ੍ਰਿਪਾ ਕਰਕੇ ਬਜਰ ਕਪਾਟ ਖੋਲ੍ਹ ਦਿੱਤੇ। ਜਿਹਦੇ ਬਾਰੇ ਐਸਾ ਫੁਰਮਾਨ ਆਉਂਦਾ ਹੈ -

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥***
***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥***
***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥***
***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥***

***ਅੰਗ - 954***

***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥***

***ਅੰਗ - 947***

ਬੱਜਰ ਕਪਾਟ ਜੋ ਆਦਮੀ ਦੇ ਅੰਦਰ ਜੜ੍ਹੇ ਹੋਏ, ਇਹਦਾ ਕੋਈ ਇਲਾਜ ਨਹੀਂ ਹੈ ਕਿਸੇ ਕੋਲ ਵੀ। ਯੋਗ ਦੇ ਵਿੱਚ ਬਹੁਤ ਹੀ ਮਿਹਨਤ ਕਰਨ ਤੋਂ ਬਾਅਦ, ਜਿਸ ਵਕਤ ਉਹ ਛੇ ਚੱਕਰ ਵਿੰਨ੍ਹ ਲੈਂਦਾ ਹੈ, ਫੇਰ ਬਜਰ ਕਪਾਟਾਂ ਦੀ ਕਿਤੇ ਵਾਰੀ ਆਉਂਦੀ। ਖੁਲ੍ਹ ਜਾਏ ਤਾਂ ਖੁਲ੍ਹ ਜਾਏ। ਉਹ ਵੀ ਜੇ ਕੁੰਡਲਨੀ ਐਨਰਜੀ ਨੂੰ ਜਾਗ੍ਰਤ ਕਰ ਲਵੇ। ਉਹਦੀ ਮਦਦ ਨਾਲ ਖੁਲ੍ਹਦੇ ਨੇ। ਗੁਰੂ ਘਰ ਦੇ ਅੰਦਰ ਗੁਰੂ ਦੀ ਇੱਕ ਕ੍ਰਿਪਾ, ਇੱਕ ਨਿਗ੍ਹਾ ਹੋ ਜਾਵੇ, ਉਸੇ ਵੇਲੇ ਬਜਰ ਕਪਾਟ ਖੁਲ੍ਹ ਜਾਂਦੇ ਨੇ - ***'ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥'***

ਜਿਵੇਂ ਕਹਾਣੀ ਆਉਂਦੀ ਹੈ 'ਅਲੀ ਬਾਬਾ ਚਾਲੀ ਚੋਰਾਂ ਦੀ' ਖੁਲ੍ਹ ਜਾ ਸਿਮ ਸਿਮ ਕਹਿ ਕੇ, ਪੱਥਰ ਪਰ੍ਹੇ ਹਟ ਜਾਂਦੇ ਗਾਰ ਦੇ। ਉਦੋਂ ਕੋਈ ਤਰੀਕਾ ਨਹੀਂ ਸੀ ਉਹ ਭਾਰੇ ਪੱਥਰਾਂ ਨੂੰ ਖੋਲ੍ਹਣ ਦਾ। ਇੱਕ ਮੰਤਰ ਨਾਲ ਖੁਲ੍ਹ ਜਾਂਦੇ ਸੀ। ਏਸੇ ਤਰ੍ਹਾਂ ਜੋ ਮੰਤਰ ਗੁਰੂ ਦਿੰਦਾ ਹੈ, ਪੰਜ ਪਿਆਰੇ ਨਾਮ ਦਿੰਦੇ ਨੇ ਅੰਮ੍ਰਿਤ ਛਕਾਉਣ ਤੋਂ ਬਾਅਦ, ਉਹਦਾ ਜਾਪ ਕਰਕੇ ਬਜਰ ਕਪਾਟ ਖੁਲ੍ਹ ਜਾਂਦੇ ਨੇ। ਉਹਦੀ ਫੇਰ ਨਿਸ਼ਾਨੀ ਕੀ ਹੈ? ਕਹਿੰਦੇ ਨੇ ਕਿ ਜੀ ਮੇਰੇ ਬਜਰ ਕਪਾਟ ਖੁੱਲ੍ਹ ਗਏ? ਮਹਾਰਾਜ ਕਹਿੰਦੇ –

***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥***

***ਅੰਗ – 954***

ਧੁਨ ਹੈ ਅਨਹਦ ਵਾਜਿਆਂ ਦੀ ਤੇ ਗੁਰੂ ਓਹੀ ਹੈ ਜਿਹੜਾ ਇੱਥੇ ਪਹੁੰਚਾ ਦੇਵੇ –

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥***
***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥***

***ਅੰਗ – 1291***

ਕਹਿੰਦੇ ਉਹ ਘਰ ਕਿਹੜਾ ਹੈ ਉਥੇ ਪੰਜ ਸ਼ਬਦ ਵੱਜ ਰਹੇ ਨੇ, ਐਉਂ ਮੱਧਮ ਜਿਹੇ ਨਹੀਂ ਵੱਜ ਰਹੇ, ਧੁਨਕਾਰ ਹੋ ਰਹੀ ਹੈ, ਪੂਰੇ ਜ਼ੋਰ ਨਾਲ। ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਆਪਣੀ ਭੈਣ ਦੇ ਘਰ ਗਏ ਹੋਏ ਨੇ, ਭਜਨ ਆਪ ਬਹੁਤ ਕਰਦੇ ਸੀ, ਬਚਪਨ ਤੋਂ ਹੀ। ਭਜਨ ਦੀ ਲਗਨ ਜਿਹਨੂੰ ਲਗਦੀ ਹੈ, ਬਚਪਨ ਤੋਂ ਲੱਗਿਆ ਕਰਦੀ ਹੈ, ਗਲਤੀਆਂ ਵਗੈਰਾ ਜੁਆਨੀ 'ਚ ਹੋ ਜਾਂਦੀਆਂ ਨੇ, ਮੁੜ ਕੇ ਫੇਰ ਉਥੇ ਹੀ ਆ ਜਾਂਦਾ ਹੈ, ਕਿਉਂਕਿ ਕਲਜੁਗ ਦਾ ਪ੍ਰਭਾਵ ਹੈ ਬੜਾ, ਕਲਜੁਗ ਨਾਲ ਬੜੀ ਲੜਾਈ ਕਰਨੀ ਪੈਂਦੀ ਹੈ। ਇਹ ਨਾ ਕਹੋ ਕਿ ਇਹ ਭੁੱਲ ਗਿਆ, ਨਾ ਭੁੱਲਿਆ ਹੋਇਆ ਜਦੋਂ ਵਾਪਸ ਆ ਜਾਂਦਾ ਹੈ, ਕਈ ਵਾਰੀ ਸਭ ਤੋਂ ਅੱਗੇ ਲੰਘ ਜਾਂਦਾ ਹੈ। ਬਾਲਮੀਕ ਕੌਣ ਸੀਗਾ –

***ਰੇ ਚਿਤ ਚੇਤਿ ਚੇਤ ਅਚੇਤ ॥ ਕਾਹੇ ਨ ਬਾਲਮੀਕਹਿ ਦੇਖ ॥***
***ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ ॥***

***ਅੰਗ – 1124***

ਜੇ ਅਸੀਂ ਕਿਸੇ ਨੂੰ discard (ਰੱਦ ਕਰਨਾ) ਕਰ ਦੇਈਏ ਕਿ ਜੀ ਆਹ ਤਾਂ ਸ਼ਰਾਬੀ ਆ ਗਿਆ, ਆਹ ਤਾਂ ਜੀ ਫਲਾਣਾ ਆ ਗਿਆ, ਧਿਮਕਾ ਆ ਗਿਆ। ਕੋਈ ਗਾਰੰਟੀ ਹੈ ਆਪ ਦੀ ਕਿ ਕਿਹੜੇ ਵੇਲੇ ਅਸੀਂ ਗਿਰ ਜਾਈਏ। ਗਿਰਾਉਣ ਵਾਲੀਆਂ ਤਾਂ ਲੱਖਾਂ ਚੀਜ਼ਾਂ ਨੇ, ਕਿਸੇ ਨਾ ਕਿਸੇ ਪਾਸੇ ਆਦਮੀ ਦੇ ਵਿੱਚ ਕਮਜ਼ੋਰੀ ਆ ਹੀ ਜਾਂਦੀ ਹੈ, ਗਿਰ ਜਾਂਦਾ ਹੈ ਪਤਿਤ ਹੋ ਜਾਂਦਾ ਹੈ। ਗੁਰੂ ਉਪਰ ਹੀ ਬੇਵਿਸ਼ਵਾਸ਼ੀ ਆ ਗਈ, ਅੰਦਰ ਹੰਕਾਰ ਆ ਗਿਆ, ਅਭਿਮਾਨ ਹੀ ਆ ਗਿਆ ਕਿ ਮੈਂ ਬੜੇ ਲੈਕਚਰ ਕਰਦਾ ਹਾਂ, ਦੁਨੀਆਂ ਬੜੀ ਇਕੱਠੀ ਹੁੰਦੀ ਹੈ ਦੀਵਾਨਾਂ 'ਤੇ, ਇਹ ਵੀ ਬੰਧਨ ਹੀ ਹੈ, ਰੁਕਾਵਟ ਹੈ ਬੜੀ ਜ਼ਬਰਦਸਤ। ਇਨ੍ਹਾਂ ਰੁਕਾਵਟਾਂ ਨੂੰ ਪਾਰ ਕਰਨ ਵਾਲਾ ਆਦਮੀ ਜਿਹੜਾ ਜਾਗਦਾ ਹੈ, ਉਹ ਤਾਂ ਲੰਘ ਜਾਂਦਾ ਹੈ

ਜਿਹੜਾ ਮਾੜਾ ਜਿਹਾ ਉਂਘ ਗਿਆ ਉਹ ਥੱਲੇ ਗਿਰ ਜਾਂਦਾ ਹੈ, ਏਸ ਕਰਕੇ ਕਹਿੰਦੇ ਨੇ ਕਿ –

***ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ ॥***

***ਅੰਗ – 815***

ਤੇਰਾ ਕੋਈ ਵਿਸ਼ਵਾਸ਼ ਹੈ ਮਨ ਦਾ, ਪਤਾ ਨਹੀਂ ਕਿਹੜੇ ਵੇਲੇ ਧੱਕਾ ਮਾਰੇਂ ਤੇ ਸੁੱਟ ਦੇਵੇਂ। ਵੱਡਿਆਂ-ਵੱਡਿਆਂ ਨੂੰ ਧੱਕੇ ਲੱਗੇ ਨੇ। ਮਛੰਦਰਨਾਥ ਲੰਕਾ 'ਚ ਗਿਆ ਹੋਇਆ ਹੈ, ਲੰਕਾ ਦਾ ਰਾਜਾ ਇਹਦਾ ਨਾਉਂ ਅਮਰੂ ਸੀ। ਅਮਰੂ ਨੂੰ ਬਹੁਤ ਪਿਆਰ ਕਰਦਾ ਸੀ, ਕੀ ਦੇਖਦਾ ਹੈ ਕਿ ਅਮਰੂ ਚੜ੍ਹਾਈ ਕਰ ਗਿਆ, ਉਸ ਵੇਲੇ ਉਹਦੀਆਂ ਪਦਮਨੀ ਰਾਣੀਆਂ ਸਾਰੀਆਂ ਆ ਕੇ ਮਛੰਦਰਨਾਥ ਦੇ ਚਰਨਾਂ 'ਤੇ ਗਿਰ ਗਈਆਂ ਕਿ ਮਹਾਂਪੁਰਸ਼ੋਂ! ਕੁਛ ਕਰੋ ਸਾਡਾ ਵੀ ਕੋਈ ਹੀਲਾ ਹੈ? ਦੇਖਿਆ, ਉਹਨੇ, ਦੇਖ ਕੇ ਪਹਿਲਾਂ ਹਮਦਰਦੀ 'ਚ ਆਇਆ, ਹਮਦਰਦੀ 'ਚ ਆਏ ਦੇ ਖਿਆਲ ਜਿਹੜੇ ਸੀ ਦੂਸਰੇ ਹੋ ਗਏ। ਕੋਈ ਮਾੜੇ ਖਿਆਲ ਨਹੀਂ ਸੀ ਪਹਿਲਾਂ, ਲੇਕਿਨ ਸੰਗ ਦਾ ਅਸਰ ਪੈਂਦਾ ਹੈ, ਅਸਰ ਪੈਂਦਾ ਹੈ ਸੰਗਤ ਦਾ। ਹੌਲੀ-ਹੌਲੀ ਬੰਦਾ ਪਤਿਤ ਹੋਇਆ ਕਰਦਾ ਹੈ, ਇਕ ਦਮ ਨਹੀਂ ਹੋਇਆ ਕਰਦਾ। ਚੰਗੇ ਬੰਦੇ ਬੜਾ ਸਮਾਂ ਲੈਂਦੇ ਨੇ, ਲੇਕਿਨ ਕਿਤੇ ਨਾ ਕਿਤੇ ਪਤਿਤ ਹੋ ਜਾਂਦੇ ਨੇ। ਉਸ ਵੇਲੇ ਜਿਸ ਵਕਤ ਪਦਮਨੀ ਰਾਣੀਆਂ ਦਾ ਬਿਰਹਾ ਸੁਣਿਆ, ਦਿਲਾਸਾ ਦਿੱਤਾ, ਨੇੜਤਾ ਹੋਈ, ਮਨ 'ਚ ਖਿਆਲ ਆ ਗਿਆ ਕਿ ਕਿਉਂ ਨਾ ਮੈਂ ਹੀ ਰਾਜਾ ਬਣ ਜਾਵਾਂ। ਰਾਣੀਆਂ ਨੇ ਮੋਹ ਲਿਆ ਉਹਨੂੰ। ਪਹਾੜ ਵਲ ਚਲਿਆ ਗਿਆ ਤੇ ਕਹਿੰਦਾ ਸਸਕਾਰ ਨਾ ਕਰਿਓ। ਇਹਨੇ ਜੀਉਂਦਾ ਹੋ ਜਾਣਾ। ਪਹਾੜ 'ਚ ਜਾ ਕੇ ਦਰਵਾਜ਼ਾ ਬੰਦ ਕਰ ਲਿਆ ਗੁਫਾ ਦਾ। ਉਹਦੇ ਵਿੱਚ ਆਪਣਾ ਸਰੀਰ ਛੱਡ ਦਿੱਤਾ। ਸਰੀਰ ਛੱਡ ਕੇ ਰਾਜੇ ਅਮਰੂ ਦੇ ਸਰੀਰ ਵਿੱਚ ਦਾਖਲ ਹੋ ਗਿਆ। ਕਹਿੰਦੇ, ਰਾਜਾ ਜੀਉਂਦਾ ਹੋ ਗਿਆ, ਰਾਜਾ ਜੀਉਂਦਾ ਹੋ ਗਿਆ, ਰਾਜਾ ਤਾਂ ਪਤਾ ਨਹੀਂ ਕਿਧਰ ਗਿਆ, ਇਹ ਇੱਕ ਯੋਗ ਦੀ ਕਿਰਿਆ ਹੈ ਸਾਧਸੰਗਤ ਜੀ! ਸਾਨੂੰ ਨਹੀਂ ਏਸ ਗੱਲ ਦਾ ਪਤਾ। ਯੋਗੀਆਂ ਨੂੰ ਸਾਰਿਆਂ ਨੂੰ ਪਤਾ ਹੈ ਕਿ ਕਿਸੇ ਦੇ ਸਰੀਰ ਵਿੱਚ ਕਿਵੇਂ enter ਕਰ ਜਾਈਦਾ ਹੈ। ਜਿਵੇਂ ਭੂਤ ਕਰ ਜਾਂਦੇ ਨੇ ਏਸ ਤਰ੍ਹਾਂ ਕਰ ਜਾਂਦੇ ਨੇ ਉਹ ਵੀ। ਚੌਦਾਂ ਸਾਲ ਲੰਘ ਗਏ, ਸਰੀਰ ਉਹਦਾ ਪਿਆ ਸੁੱਕ ਗਿਆ। ਥੋੜ੍ਹੀ ਸੱਤਾ ਸਰੀਰ ਨੂੰ ਦਿੱਤੀ ਹੋਈ ਹੈ।

ਇੱਕ ਵਾਰੀ ਮੈਂ ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ) ਨੂੰ ਪੁੱਛਿਆ, ਐਸੀ ਘਟਨਾ ਹੋਈ ਸੀ ਕਿ ਮੈਂ 29 ਨੰਬਰ ਕਮਰੇ 'ਚ ਪਿਆ ਸੀ, ਉਥੇ ਜ਼ੋਰ ਦੀ ਝਟਕਾ ਵੱਜਿਆ ਤੇ ਮੈਨੂੰ ਐਸ ਤਰ੍ਹਾਂ ਲੱਗਿਆ ਕਿ ਮੈਂ ਸਰੀਰ ਤੋਂ ਬਾਹਰ ਹੋ ਗਿਆ। ਮੈਂ ਕੀ ਦੇਖਦਾ ਹਾਂ ਕਿ ਦਸਤਾਰ ਮੇਰੀ ਸਰ੍ਹਾਣੇ ਪਈ ਹੈ, ਘੜੀ ਪਈ ਹੈ, ਲਾਈਟ ਸੀ ਥੋੜ੍ਹੀ ਜਿਹੀ ਉਥੇ ਤੇ ਆਪਣੇ ਸਰੀਰ ਨੂੰ ਦੇਖਦਾ ਹਾਂ, ਮੰਜੇ ਕੋਲ ਮੈਂ ਖੜ੍ਹਾ ਹਾਂ ਤੇ ਮੇਰੇ ਮਨ 'ਚ ਆਇਆ ਕਿ ਸਰੀਰ ਛੱਡ ਦਿੱਤਾ। ਉਹ ਮੈਂ ਬਾਹਰ ਨਿਕਲਣ ਲੱਗਿਆ, ਕੁੰਡਾ ਖੋਲ੍ਹਣ ਲੱਗਿਆ, ਕੁੰਡਾ ਮੇਰੇ ਹੱਥ 'ਚ

ਹੀ ਨਾ ਆਇਆ। ਉਹ ਦਰਵਾਜ਼ੇ ਦੇ ਵਿੱਚ ਹੀ ਲੱਗੇ ਲਗਾਏ ਦੇ ਬਾਹਰ ਨਿਕਲ ਗਿਆ। ਉਥੇ ਮੇਰੇ ਮਿਲਣ ਵਾਲਾ ਸੀ ਸੰਤ ਮਹਿੰਦਰ ਸਿੰਘ, ਪਟਵਾਰੀ ਅਸੀਂ ਕਹਿੰਦੇ ਹੁੰਦੇ ਸੀ, ਉਹਦਾ ਮੈਂ ਮੋਢਾ ਹਿਲਾਉਂਦਾ ਰਿਹਾ ਕਿ ਮੈਂ ਸਰੀਰ ਛੱਡ ਦਿੱਤਾ। ਉਹਨੂੰ ਕੀ ਪਤਾ ਲੱਗੇ, ਛੂਹ ਤਾਂ ਹੁੰਦੀ ਹੀ ਨਹੀਂ ਇਹ ਚੀਜ਼। ਆਪ ਨੂੰ ਲਗਦਾ ਹੈ ਕਿ ਮੈਂ ਇਹਦਾ ਮੋਢਾ ਹਿਲਾਉਂਦਾ ਹਾਂ। ਮੇਰੀ ਗੱਲ ਕਿਉਂ ਨਹੀਂ ਸੁਣਦਾ। ਮੈਂ ਕਿਹਾ ਹੋਰ ਸਿੰਘਾਂ ਨੂੰ ਕਹਿੰਦਾ ਹਾਂ, ਜਦ ਮੈਂ ਉਥੇ ਗਿਆ ਤਾਂ ਉਹ ਉਥੇ ਇਸ਼ਨਾਨ ਕਰਦੇ ਸੀ, ਉਨ੍ਹਾਂ ਨੂੰ ਆਵਾਜ਼ਾਂ ਵਗੈਰਾ ਦਿੱਤੀਆਂ ਕਿਸੇ ਨੇ ਨਾ ਸੁਣੀ। ਉਸ ਤੋਂ ਬਾਅਦ ਮੈਂ ਮਹਾਰਾਜ ਜੀ ਵੱਲ ਨੂੰ ਚਲਿਆ ਗਿਆ, ਭੋਰੇ ਵੱਲ ਨੂੰ। ਮੈਂ ਕਿਹਾ, ਮੈਨੂੰ ਮੇਰੇ ਕਮਰੇ ਦਾ ਵੀ ਨਹੀਂ ਪਤਾ, ਨੰਬਰ ਤਾਂ ਪੜ੍ਹ ਲਵਾਂ, ਮੁੜ ਕੇ ਆਇਆ ਤਾਂ ਮੈਂ ਨੰਬਰ ਪੜ੍ਹ ਲਿਆ ਉਹਦਾ। ਉਸ ਤੋਂ ਬਾਅਦ ਮੇਰੇ ਮਨ 'ਚ ਆਇਆ ਕਿ ਮੈਂ ਦੇਖਾਂ ਇੱਕ ਵਾਰੀ try ਕਰਕੇ, ਮੈਂ ਚਲਿਆ ਗਿਆ ਅੰਦਰ, ਜਾ ਕੇ ਆਪਣੇ ਹੀ ਸਰੀਰ 'ਤੇ ਲੰਮਾ ਪੈ ਗਿਆ, ਉਹ ਐਨੇ ਜ਼ੋਰ ਦੀ ਝਟਕਾ ਲੱਗਿਆ, ਮੈਂ ਸਰੀਰ 'ਚ ਦਾਖਲ ਹੋ ਗਿਆ, ਉਸੇ ਵੇਲੇ ਮੈਂ ਉੱਠ ਖੜ੍ਹਿਆ। ਪਹਿਲੀ ਗੱਲ ਮੈਂ ਦੇਖੀ ਇੱਕ ਦਮ, ਬਈ ਮਹਿੰਦਰ ਸਿੰਘ ਕਿੱਥੇ ਹੈ। ਜਦੋਂ ਮੈਂ ਮਹਿੰਦਰ ਸਿੰਘ ਦੇਖਿਆ, ਤਾਂ ਉਹ ਕਛਹਿਰਾ ਸੁੱਕਣਾ ਪਾ ਕੇ ਅਜੇ ਜਾ ਰਿਹਾ ਸੀ। ਇੱਕ ਦਮ ਮੈਂ ਉੱਠ ਆਇਆ ਬਾਥਰੂਮਾਂ 'ਚੋਂ, ਓਹੀ ਸਿੰਘ ਜਿਹੜੇ ਮੈਂ ਦੇਖੇ ਸੀ ਉਹ ਇਸ਼ਨਾਨ ਕਰ ਰਹੇ ਸੀ। ਸਵੇਰੇ ਮੈਂ ਬੇਨਤੀ ਕਰੀ ਮਹਾਰਾਜ ਜੀ ਨੂੰ ਕਿ ਮਹਾਰਾਜ ਜੀ! ਰਾਤ ਏਸ ਤਰ੍ਹਾਂ ਮੇਰੇ ਨਾਲ ਹੋਇਆ, ਮੈਂ ਸਰੀਰ ਛੱਡ ਗਿਆ ਸੀ।

ਮਹਾਰਾਜ ਹੱਸ ਪਏ ਤਾੜੀ ਮਾਰ ਕੇ, ਕਹਿੰਦੇ ਇੱਕੋ ਦਿਨ 'ਚ ਡਰ ਗਿਆ। ਮੈਂ ਕਿਹਾ ਮਹਾਰਾਜ ਕੀ ਗੱਲ? ਕਹਿੰਦੇ, ਅਸੀਂ ਰੋਜ਼ ਜਾਂਦੇ ਹਾਂ ਸਰੀਰ ਛੱਡ ਕੇ। ਹਰ ਰੋਜ਼, ਕਦੇ ਅਮਰੀਕਾ 'ਚ, ਕਦੇ ਇੰਗਲੈਂਡ 'ਚ, ਕਦੇ ਪਹਾੜਾਂ 'ਤੇ, ਬਰਫਾਂ 'ਤੇ ਬੈਠੇ ਫੌਜੀ ਕਹਿੰਦੇ ਆਰਾਧਨਾ ਕਰਦੇ ਨੇ, ਉਨ੍ਹਾਂ ਕੋਲ ਪਹੁੰਚਦੇ ਹਾਂ। ਕਿਸੇ ਨੂੰ ਅਸੀਂ ਜਗਾਉਂਦੇ ਹਾਂ, ਕਿਸੇ ਦਾ ਕੰਮ ਕਰਦੇ ਹਾਂ। ਕਹਿੰਦੇ, ਜਾਗਦੇ ਨਹੀਂ ਅਸੀਂ ਓਨਾਂ ਕੰਮ ਕਰਦੇ, ਜਿਹਨੂੰ ਤੁਸੀਂ ਕਹਿੰਦੇ ਓਂ, ਉਸ ਵੇਲੇ ਅਸੀਂ ਜ਼ਿਆਦਾ ਕੰਮ ਕਰਦੇ ਹਾਂ। ਸੰਤ ਕਹਿੰਦੇ, ਸੌਂਦੇ ਨਹੀਂ ਹੁੰਦੇ, ਲਗਦੇ ਹੁੰਦੇ ਨੇ। ਮੈਂ ਕਿਹਾ, ਮਹਾਰਾਜ ਫੇਰ ਸਰੀਰ ਕਿਵੇਂ ਰਹਿੰਦਾ ਹੈ? ਉਹ ਕਹਿੰਦੇ, ਇੱਕ ਸਿਲਵਰ ਕੋਡ ਹੁੰਦੀ ਚਾਨਣੇ ਦੀ ਤਾਰ ਹੁੰਦੀ ਹੈ ਇੱਕ। ਉਹ ਤਾਰ ਦੇ ਨਾਲ ਸਰੀਰ ਜੁੜਿਆ ਰਹਿੰਦਾ ਹੈ, ਸਬੰਧ ਰਹਿੰਦਾ ਹੈ। ਏਸ ਕਰਕੇ ਸੰਤਾਂ ਨੂੰ ਕਦੇ ਵੀ ਹਾਕ ਮਾਰ ਕੇ ਨਾ ਜਗਾਓ, ਕਦੇ ਪੈਰ ਨਾ ਉਨ੍ਹਾਂ ਦੇ ਹਿਲਾਓ ਕਿਉਂਕਿ ਉਹ ਸਰੀਰ ਤੋਂ ਬਾਹਰ ਗਏ ਹੁੰਦੇ ਨੇ।

ਗੁਰੂ ਨਾਨਕ ਪਾਤਸ਼ਾਹ ਆਰਾਮ ਕਰ ਰਹੇ ਨੇ, ਲੋਕਾਂ ਦੇ ਭਾਵੇਂ ਸੁੱਤੇ ਪਏ ਨੇ। ਮਾਤਾ ਤ੍ਰਿਪਤਾ ਜੀ ਨੇ ਤੁਲਸਾਂ ਦਾਸੀ ਨੂੰ ਕਿਹਾ ਕਿ ਜਾਓ ਜਾ ਕੇ, ਜਗਾ ਕੇ ਲਿਆਓ, ਪ੍ਰਸ਼ਾਦਾ ਛਕਣਾ ਹੈ ਠੰਢਾ ਹੋ ਰਿਹਾ ਹੈ। ਤੁਲਸਾਂ ਜਾਂਦੀ ਹੈ ਤੇ ਉਹਨੂੰ ਏਸ ਗੱਲ ਦਾ ਗਿਆਨ ਸੀ ਕਿ ਮਹਾਂਪੁਰਸ਼ਾਂ ਨੂੰ

ਆਵਾਜ਼ ਨਹੀਂ ਮਾਰੀਦੀ, ਨਾ ਹਿਲਾਈਦਾ ਹੈ, ਉਹਨੇ ਕੀ ਕਰਿਆ, ਆਪਣਾ ਮਸਤਕ ਜਿਹੜਾ ਸੀ ਅੰਗੂਠੇ ਨਾਲ ਛੂਹਾ ਦਿੱਤਾ ਕਿ ਮਹਾਰਾਜ ਆਪੇ ਹੀ ਜਾਗ ਪੈਣਗੇ। ਉਸ ਵੇਲੇ ਕੀ ਦੇਖਦੀ ਹੈ, ਬਜਰ ਕਪਾਟ ਖੁੱਲ੍ਹ ਗਏ, ਅੰਦਰ ਪ੍ਰਕਾਸ਼ ਹੋ ਗਏ, ਦਿੱਬਯ ਨੇਤਰ ਉਸੇ ਵੇਲੇ ਪ੍ਰਾਪਤ ਹੋ ਗਏ, ਛੂੰਹਦੇ ਸਾਰ, ਗੁਰੂਆਂ ਦੀ ਛੋਹ ਐਵੇਂ ਨਹੀਂ ਸੀ।

ਜਦੋਂ ਗੁਰੂ ਨਾਨਕ ਪਾਤਸ਼ਾਹ ਕਾਹਬੇ 'ਚ ਗਏ ਨੇ, ਜੀਵਨ ਨੇ ਲੱਤ ਮਾਰੀ ਸੀ ਗੁਰੂ ਮਹਾਰਾਜ ਦੇ। ਕਹਿੰਦੇ -

***ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫਰ ਕੁਫਾਰੀ?***

***ਭਾਈ ਗੁਰਦਾਸ ਜੀ, ਵਾਰ 1/32***

ਨਾਲ ਮਹਾਰਾਜ ਨੇ ਕਿਹਾ, ਸਾਡੇ ਚਰਨ ਫੜ ਕੇ ਓਧਰ ਕਰ ਦੇ, ਜਿਧਰ ਰੱਬ ਨਹੀਂ ਹੈਗਾ। ਚਰਨ ਛੋਂਹਣ ਦੀ ਦੇਰ ਸੀ, ਉਹਦੇ ਦਿੱਬਯ ਨੇਤਰ ਖੁਲ੍ਹ ਗਏ, ਕੀ ਦੇਖਦਾ ਹੈ, ਜਿੱਧਰ ਚਰਨ ਕਰਦਾ ਹੈ ਕਾਹਬਾ, ਜਿੱਧਰ ਚਰਨ ਕਰਦਾ ਹੈ ਕਾਹਬਾ। ਰੌਲਾ ਪਾ ਦਿੱਤਾ ਕਿ ਇੱਕ ਕੋਈ ਐਸਾ ਆ ਗਿਆ ਜਿਹਨੂੰ ਛੋਂਹਦੇ ਸਾਰ ਮੇਰੇ ਨੇਤਰ ਖੁਲ੍ਹ ਗਏ ਤੇ ਮੈਨੂੰ ਅੱਲਾਹ ਤਾਲਾ ਚਾਰੇ ਪਾਸੇ ਦਿਖਾ ਦਿੱਤਾ। ਉਸ ਵੇਲੇ ਤੁਲਸਾਂ ਦਾਸੀ ਨੇ ਜਦੋਂ ਚਰਨ ਨੂੰ ਮਸਤਕ ਲਾਇਆ, ਉਹਦੇ ਕਪਾਟ ਖੁਲ੍ਹ ਗਏ, ਦਿੱਬਯ ਨੇਤਰ ਉਸੇ ਵੇਲੇ ਪ੍ਰਗਟ ਹੋ ਗਏ। ਕੀ ਦੇਖਦੀ ਹੈ, ਦਿਬੱਯ ਨੇਤਰ ਦੇ ਸਾਮ੍ਹਣੇ ਨਾ ਕੋਈ ਕੰਧ, ਨਾ ਕੋਈ ਦੂਰੀ, ਦੇਸ਼ ਕਾਲ ਦੋਵੇਂ ਚੀਜ਼ਾਂ ਨਹੀਂ ਹੁੰਦੀਆਂ। ਕੀ ਦੇਖਦੀ ਹੈ ਕਿ ਇੱਕ ਗੁਰਸਿੱਖ ਹੈ, ਜਿਸਦਾ ਨਾਉਂ ਮਨਸੁਖ ਹੈ, ਜਹਾਜ਼ ਭਰਿਆ ਉਹਨੇ ਮਾਲ ਦਾ, ਲੰਕਾ ਨੂੰ ਜਾ ਰਿਹਾ ਹੈ ਤੇ ਲੰਕਾ ਦੇ ਕੋਲ ਜਾ ਕੇ ਉਹਦਾ ਜਹਾਜ਼ ਬਰੇਤੀ 'ਤੇ ਚੜ੍ਹ ਗਿਆ। ਹੁਣ ਜਵਾਹਰਭਾਟਾ ਆ ਨਹੀਂ ਰਿਹਾ ਤੇ ਬਰੇਤੀ 'ਤੇ ਜਹਾਜ਼ ਫਸ ਗਿਆ। ਗੁਰੂ ਨਾਨਕ ਪਾਤਸ਼ਾਹ ਉਸ ਦਾ ਜਹਾਜ਼ ਕਢਾ ਰਹੇ ਨੇ। ਵਾਪਸ ਆ ਗਈ। ਮਾਤਾ ਜੀ ਕਹਿੰਦੇ, ਤੂੰ ਲੈ ਕੇ ਨਹੀਂ ਆਈ ਬੁਲਾ ਕੇ?

ਸਿੱਧੀ ਸੀਗੀ, ਮੂੰਹ 'ਚੋਂ ਨਿਕਲ ਗਿਆ ਕਿ ਮੈਂ ਲਿਆਵਾਂ ਕੀਹਨੂੰ, ਉਥੇ ਤਾਂ ਹੈ ਹੀ ਨਹੀਂ ਉਹ। ਕਹਿੰਦੀ, ਹੋਰ ਕਿੱਥੇ ਚਲੇ ਗਏ। ਕਹਿੰਦੇ, ਉਹ ਤਾਂ ਲੰਕਾ ਵਿੱਚ ਮਨਸੁੱਖ, ਗੁਰਸਿੱਖ ਦਾ ਜਹਾਜ਼ ਕਢਾ ਰਹੇ ਨੇ, ਉਹ ਅਰਦਾਸਾਂ ਕਰ ਰਿਹਾ ਹੈ, ਮਹਾਰਾਜ ਜਹਾਜ਼ ਨੂੰ ਸਮੁੰਦਰ ਵਿੱਚੋਂ ਕੱਢ ਰਹੇ ਨੇ। ਮਹਾਰਾਜ ਤਾਂ ਉਥੇ ਹੀ ਸੀਗੇ।

ਗੁਰੂ ਨੌਵੇਂ ਪਾਤਸ਼ਾਹ ਮਹਾਰਾਜ ਸਮਾਧੀ ਸਥਿਤ ਨੇ ਤੇ ਓਧਰੋਂ ਆਵਾਜ਼ ਆ ਰਹੀ ਹੈ ਹੇ ਪਾਤਸ਼ਾਹ! ਕ੍ਰਿਪਾ ਕਰੋ, ਮੇਰੇ ਉਪਰ। ਬਾਰ-ਬਾਰ ਆਵਾਜ਼ਾਂ ਆਉਂਦੀਆਂ ਨੇ ਏਸ ਤਰ੍ਹਾਂ ਦੇ ਨਾਲ-

***ਧਾਰਨਾ - ਮੇਰਾ ਡੁੱਬਦਾ ਬੇੜਾ ਪਾਰ ਕਰੋ,***
***ਦੁਨੀਆਂ ਨੂੰ ਤਾਰਨ ਵਾਲਿਆਂ।***

ਅਰਦਾਸਾਂ ਹੋ ਰਹੀਆਂ ਨੇ, ਪਾਤਸ਼ਾਹ! -

***ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥***
***ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥***

***ਅੰਗ - 792***

***ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥***
***ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥ ਦੋਹਰਾ***

ਪਾਤਸ਼ਾਹ! ਐਸ ਵੇਲੇ ਸੰਸਾਰ 'ਚ ਮੇਰਾ ਕੋਈ ਨਹੀਂ, ਮੱਖਣਸ਼ਾਹ ਅਰਦਾਸਾਂ ਕਰ ਰਿਹਾ ਹੈ। ਪੰਜ ਸੌ ਮੋਹਰ ਪਾਤਸ਼ਾਹ ਚਰਨਾਂ 'ਤੇ ਭੇਟਾ ਕਰਾਂਗਾ। ਐਸ ਵੇਲੇ ਤੂੰ ਸਹਾਇਤਾ ਕਰ ਦੇ। ਬੇੜਾ ਪਾਰ ਹੋ ਗਿਆ ਤੇ ਉਸ ਤੋਂ ਬਾਅਦ ਵਪਾਰ ਦੇ ਵਿੱਚ ਲਾਹਾ ਹੋਇਆ, ਪੰਜ ਸੌ ਬੈਲ-ਗੱਡੀ ਸੀ ਉਹਦੇ ਕੋਲ, ਇੱਕ ਜਹਾਜ਼ ਦੇ ਵਿੱਚ ਅੱਧਾ ਹਿੱਸਾ ਸੀ ਉਹਦਾ।

ਕਿਸੇ ਇਤਿਹਾਸ ਵਿੱਚ ਇੱਕ ਜਹਾਜ਼ ਪੂਰਾ ਵੀ ਲਿਖਿਆ ਹੈ, ਲੇਕਿਨ ਅੱਧਾ ਹਿਸਾ ਲਿਖਿਆ ਹੋਇਆ ਹੈ, ਜਿਸ ਵਕਤ ਵਾਪਸ ਆਉਂਦਾ ਹੈ ਟੋਲ੍ਹਦਾ ਫਿਰਦਾ ਹੈ, ਗੁਰੂ ਨੇ ਸਹਾਇਤਾ ਕਰੀ ਹੈ ਤੇ ਮੈਂ ਗੁਰੂ ਦੇ ਦਰਸ਼ਨ ਨਹੀਂ ਕਰੇ, ਕੇਵਲ ਗੁਰੂ ਦੀ ਹੋਂਦ ਨੂੰ ਜਾਣ ਕੇ ਮੈਂ ਅਰਦਾਸ ਕਰੀ ਹੈ ਕਿ ਐਸ ਵੇਲੇ ਜੇ ਕੋਈ ਸਹਾਈ ਹੋ ਸਕਦਾ ਹੈ ਤਾਂ ਸਿਰਫ ਓਹੀ ਹੋ ਸਕਦਾ ਹੈ। ਗੁਰੂ ਤਾਂ ਸਹਾਇਤਾ ਕਰਦਾ ਹੈ। ਐਸਾ ਬਾਣੀ ਦੇ ਅੰਦਰ ਫੁਰਮਾਨ ਆਉਂਦਾ ਹੈ -

***ਧਾਰਨਾ - ਹਰਿ ਜੀ ਛੱਡ ਕੇ ਸਿੰਘਾਸ਼ਨ ਆਉਂਦੇ,***
***ਰੱਖਣ ਆਪਣੇ ਪਿਆਰਿਆਂ ਨੂੰ।***
***ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥***
***ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥***

***ਅੰਗ - 403***

ਜਿੱਥੇ ਵੀ ਕੰਮ ਪੈਂਦਾ ਹੈ ਪਿਆਰ ਕਰਨ ਵਾਲੇ ਨੂੰ, ਗੁਰੂ ਉਥੇ ਹੀ ਪਹੁੰਚਦਾ ਹੈ, ਸਹਾਇਤਾ ਕਰਦਾ ਹੈ। ਸਰੀਰ ਉਥੇ ਹੁੰਦਾ ਹੈ ਲੇਕਿਨ ਸਾਰੇ ਹੀ ਸਰੀਰ ਗੁਰੂ ਦੇ ਨੇ, ਕਿਰਿਆ ਨੂੰ ਜਾਣਦੇ ਨਹੀਂ ਹਾਂ, ਆਤਮ ਮੰਡਲ ਦੇ ਅਣਜਾਣ ਹੋਣ ਕਰਕੇ, ਅਸੀਂ ਇਹਦੀ ਵਿਆਖਿਆ ਨਹੀਂ ਕਰ ਸਕਦੇ ਕਿ ਉਹ ਕਿੱਡੀ ਕੁ ਸ਼ਕਤੀ ਹੈ, ਜੋ ਆਤਮਕ ਸਰੀਰ ਹੈ, whole powerful (ਪੂਰਾ ਸ਼ਕਤੀਸ਼ਾਲ) ਹੁੰਦਾ ਹੈ। ਉਹਦਾ ਕੋਈ ਮੁਕਾਬਲਾ ਨਹੀਂ ਹੋਇਆ ਕਰਦਾ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਜਿਹੜਾ ਹੈ ਉਹ ਰਾਖੀ ਕਰਦਾ ਹੈ ਸਾਧਸੰਗਤ ਜੀ! ਮੱਖਣਸ਼ਾਹ ਮੁੜ ਕੇ ਆਉਂਦਾ ਹੈ ਟੋਲ੍ਹਦਾ ਫਿਰਦਾ ਹੈ, ਦਿੱਲੀ ਗਿਆ ਤਾਂ ਪਤਾ ਲੱਗਿਆ ਕਿ ਗੁਰੂ ਅੱਠਵੇਂ ਪਾਤਸ਼ਾਹ ਮਹਾਰਾਜ ਤਾਂ ਚੋਲਾ ਛੱਡ ਗਏ ਗਏ ਨੇ ਤੇ ਇੱਕ ਬਚਨ ਕਹਿ ਗਏ ਨੇ, ਬਾਬਾ ਬਕਾਲੇ। ਬਕਾਲੇ ਆ ਗਿਆ।

500 ਜੁਆਨ ਸੱਨਧਬੱਧ ਨਾਲ ਹੈ, ਪਤਾ ਕਰਦਾ ਹੈ, ਇਕੱਲੀ-ਇਕੱਲੀ ਗੱਦੀ ਤੇ ਜਾਂਦਾ ਹੈ, ਬੜੇ ਏਜੰਟ ਰੱਖੇ ਹੋਏ ਨੇ, ਉਹ ਕਹਿੰਦਾ

ਸਾਡੇ ਵਾਲੇ ਪੂਰੇ, ਉਹ ਕਹਿੰਦਾ ਸਾਡੇ ਵਾਲੇ ਤੇ ਉਹਦਾ ਨਤੀਜਾ ਕੀ ਹਰ ਥਾਂ ਦੋ ਮੋਹਰ ਰੱਖੀ ਜਾਂਦਾ ਹੈ ਕਿ ਜਿਹੜਾ ਮੰਗ ਲਏਗਾ, ਉਹਨੂੰ ਮੈਂ ਦੇ ਦੇਵਾਂਗਾ। ਹੈਰਾਨ ਹੋ ਜਾਂਦੇ ਨੇ ਉਹ ਵੀ ਕਿ ਬੜਾ ਅਮੀਰ ਆਦਮੀ ਹੈ, ਦੋ ਮੋਹਰਾਂ ਹੀ ਭੇਟਾ ਕਰਦਾ ਹੈ। ਜਦੋਂ 22 ਜਣਿਆ ਕੋਲ ਫਿਰ ਗਿਆ, ਕਹਿੰਦਾ ਕੋਈ ਹੋਰ ਵੀ ਹੈ ਇੱਥੇ। ਰੋਣ ਲੱਗ ਗਿਆ, ਬਹੁਤ ਉਦਾਸ ਹੋ ਗਿਆ। ਬਾਰ-ਬਾਰ ਬੇਨਤੀਆਂ ਕਰਦਾ ਹੈ ਕਿ ਹੇ ਪ੍ਰਭੂ! ਕ੍ਰਿਪਾ ਕਰ ਮੈਨੂੰ ਗੁਰੂ ਦੇ ਦਰਸ਼ਨ ਕਰਾ, ਹੈ ਉਥੇ ਹੀ ਹੈ ਲੇਕਿਨ ਗੁਪਤ ਹੈ। ਇੱਕ ਬੱਚਾ ਕਹਿਣ ਲੱਗਿਆ ਕਿ ਇੱਕ ਏਥੇ ਸੋਢੀ ਰਹਿੰਦੇ ਨੇ ਚੁੱਪ-ਚਾਪ ਰਹਿੰਦੇ ਨੇ, ਬੋਲਦੇ ਨਹੀਂ ਕਿਸੇ ਨਾਲ। ਕਦੇ-ਕਦੇ ਬਾਹਰ ਨਿਕਲਦੇ ਨੇ। ਇੱਥੇ ਘਰ ਹੈ, ਉਥੇ ਚਲਿਆ ਗਿਆ ਮਾਤਾ ਗੁਜਰੀ ਜੀ ਉਸ ਥਾਂ ਦਰਵਾਜ਼ੇ ਦੇ ਅੱਗੇ ਬੈਠੇ ਨੇ, ਪਹਿਰਾ ਦਿਆ ਕਰਦੇ ਸੀ ਮਾਤਾ ਜੀ ਆਪ ਹੀ। ਗੁਰੂ ਨੌਵੇਂ ਪਾਤਸ਼ਾਹ ਭਜਨ ਕਰਿਆ ਕਰਦੇ ਸੀ, ਛੋਟਾ ਜਿਹਾ ਭੌਰਾ ਸੀ, ਬਹੁਤਾ ਵੱਡਾ ਨਹੀਂ ਸੀਗਾ। ਵਿਚਾਲੇ ਚੌਂਤਰਾ ਸੀ ਉਹਦੇ ਆਲੇ ਦੁਆਲੇ ਥੋੜ੍ਹਾ ਜਿਹਾ ਦੋ ਢਾਈ ਫੁੱਟ ਦਾ ਹੀ ਥਾਉਂ ਸੀ।

ਕਹਿਣ ਲੱਗੇ ਕਿ ਮੈਂ ਮਹਾਂਪੁਰਸ਼ਾਂ ਦੇ ਦਰਸ਼ਨ ਕਰਨੇ ਨੇ, ਕਹਿੰਦੇ ਆਗਿਆ ਲੈਣੀ ਪਵੇਗੀ। ਬੈਠ ਤੂੰ ਪ੍ਰਸ਼ਾਦ ਪਾਣੀ ਛਕ। ਦਮ ਲੈ ਫੇਰ ਮੈਂ ਆਗਿਆ ਲਵਾਂਗੀ, ਸਮਾਂ ਹੋਣ ਤੋਂ। ਸਮਾਂ ਹੋ ਗਿਆ, ਉਸ ਤੋਂ ਬਾਅਦ ਮਾਤਾ ਜੀ ਭੋਰੇ 'ਚ ਜਾਂਦੇ ਨੇ, ਜਾ ਕੇ ਬੇਨਤੀ ਕਰੀ, ਕਹਿਣ ਲੱਗੇ, ਇਕੱਲੇ ਨੂੰ ਲੈ ਆਓ। ਸਾਰੇ ਨਹੀਂ ਲਿਆਉਣੇ, ਇਕੱਲਾ ਲੈ ਕੇ ਆਓ। ਉਹ ਇਕੱਲਾ ਆ ਜਾਂਦਾ ਹੈ ਤੇ ਉਸ ਵੇਲੇ ਆ ਕੇ ਆਪਣੇ ਪ੍ਰਣ ਦੇ ਮੁਤਾਬਿਕ ਦੋ ਮੋਹਰਾਂ ਮੱਥਾ ਟੇਕਦਾ ਹੈ, ਪਰ ਪ੍ਰਭਾਵਿਤ ਹੋ ਗਿਆ। ਭੋਰੇ 'ਚ ਵੜਨ ਦੀ ਦੇਰ ਸੀ, ਰੋਮ-ਰੋਮ ਦੇ ਵਿਚੋਂ ਨਾਮ ਵਾਹਿਗੁਰੂ-ਵਾਹਿਗੁਰੂ, ਸੁਰਤ ਇਕਾਗਰ ਹੋ ਗਈ, ਅੰਦਰਲੇ ਸ਼ਬਦ ਜਾਗ ਪਏ, ਕੇਵਲ ਦਰਸ਼ਨ ਮਾਤਰ ਨਾਲ। ਕਹਿਣ ਲੱਗਿਆ, ਇੱਥੇ ਕੁਛ ਮੈਨੂੰ ਪ੍ਰਤੀਤ ਦੇ ਰਿਹਾ ਹੈ ਕਿ ਹੈ ਇੱਥੇ। ਪ੍ਰਭਾਵ ਪੈ ਗਿਆ, ਉਹਦੇ ਉਤੇ ਜ਼ਬਰਦਸਤ। ਮਨ ਬਣ ਗਿਆ ਉਸਦਾ, ਸ਼ਰਧਾ 'ਚ ਆ ਗਿਆ, ਨਾਲ ਬੇਨਤੀ ਕਰਦਾ ਹੈ ਕਿ ਹੇ ਗੁਰੂ ਮਹਾਰਾਜ! ਹੁਣ ਤੁਸੀਂ ਛੁਪੋ ਨਾ, ਕ੍ਰਿਪਾ ਕਰਕੇ ਮੇਰਾ ਸੰਸਾ ਨਵਿਰਤ ਕਰ ਦਿਓ। ਮੈਂ ਇਹ ਕਿਹਾ ਹੈ ਕਿ ਜਿਹੜਾ ਆਪੇ ਕਹਿ ਦਏਗਾ, ਉਹਦੇ ਅੱਗੇ ਭੇਟਾ ਕਰਾਂਗਾ, ਹੁਣ ਤਾਂ ਮੈਂ ਨਿਰਾਸ਼ ਹੋ ਗਿਆ ਤੇ ਮੈਨੂੰ ਆਸ ਹੈ 100% ਕਿ ਤੁਸੀਂ ਹੀ ਹੋਂ।

ਗੁਰੂ ਕਦੇ ਛੁਪਿਆ ਰਹਿ ਸਕਦਾ ਹੈ? ਜਦੋਂ ਚਰਨਾਂ 'ਤੇ ਨਮਸ਼ਕਾਰ ਕਰੀ, ਉਸੇ ਵੇਲੇ ਪਤਾ ਲੱਗ ਗਿਆ ਕਿ ਇੱਥੇ ਹੈ ਕੁਛ। ਰੂਹਾਨੀ ਅਵਸਥਾ ਦਾ ਜਾਣੂ ਤਾਂ ਨਹੀਂ ਸੀ, ਲੇਕਿਨ ਅਨੰਦ ਦੀਆਂ ਧਾਰਾਂ ਚੱਲ ਪਈਆਂ। ਦ੍ਰਿਸ਼ਟੀ ਦੇ ਵਿੱਚ ਪਿਆਰ ਹੈ ਝੁਣਝੁਣੀਆਂ ਆਉਂਦੀਆਂ ਨੇ। ਦੋ ਮੋਹਰਾਂ ਮੱਥਾ ਟੇਕ ਕੇ ਖੜ੍ਹ ਜਾਂਦਾ ਹੈ। ਮਹਾਰਾਜ ਹੱਸ ਪਏ।

ਕਹਿੰਦਾ, ''ਕੀ ਗੱਲ?''

ਕਹਿੰਦੇ, ''ਯਾਦ ਨਹੀਂ ਹੈ ਤੇਰੇ, ਜਦ ਤਾਂ ਪੰਜ ਸੌ ਕਹਿੰਦਾ ਸੀ।''

ਐਨੀ ਗੱਲ ਕਹਿਣ ਦੀ ਦੇਰ ਸੀ, ਨਿਹਚਾ ਬਣਾਉਣ ਵਾਸਤੇ ਗੁਰੂ ਮਹਾਰਾਜ ਨੇ ਆਪਣੇ ਮੋਢੇ ਤੋਂ ਜੋ ਬੁੱਕਲ ਮਾਰੀ ਬੈਠੇ ਸੀ, ਜ਼ਰਾ ਕੁ ਪਰ੍ਹੇ ਕਰਿਆ ਕਿ ਆਹ ਦੇਖ ਸਾਡਾ ਮੋਢਾ। ਉਹ ਨਿਹਚਾ ਬੰਨਾਉਣ ਦੀ ਬਾਤ ਸੀ ਉਸਦੀ। ਗੁਰੂ ਦੀ ਕ੍ਰਿਪਾ ਸੀ ਕਿ human being ਨਹੀਂ ਮੰਨਿਆ ਕਰਦਾ, ਗੱਲਾਂ ਬਾਤਾਂ ਨਾਲ। ਜਦੋਂ ਤੱਕ ਉਹ ਪ੍ਰਤੱਖ ਨਹੀਂ ਦੇਖਦਾ, ਪ੍ਰਤੱਖ ਦੇਖ ਕੇ ਵੀ ਸ਼ੱਕ 'ਚ ਪੈ ਜਾਂਦਾ ਹੈ ਤੇ ਜਿਸ ਵਕਤ ਇਹ ਗੱਲ ਸੁਣੀ ਫੇਰ ਨਹੀਂ ਉਸ ਤੋਂ ਰਹਿ ਹੋਇਆ।

ਕਹਿੰਦੇ, ਸੁਣ! ਜੇ ਸਾਨੂੰ ਪ੍ਰਗਟ ਕਰੇਂਗਾ, ਤੇਰਾ ਕਾਲਾ ਮੂੰਹ ਹੋਏਗਾ, ਦਰਗਾਹ ਦੇ ਵਿੱਚ। ਹੁਣ ਕਰੇ ਕੀ।

ਰੌਲਾ ਪਾ ਦਿੱਤਾ ਉਹਨੇ। ਢੋਲ ਲੈ ਲਿਆ ਤੇ ਕਾਲਾ ਮੂੰਹ ਆਪੇ ਹੀ ਕਰ ਲਿਆ ਕਿ ਆਹੀ ਹੈ ਦਰਗਾਹ, ਹੋਰ ਇੱਥੋਂ ਬਿਨਾਂ ਹੋਰ ਹੈ ਕਿਹੜੀ ਦਰਗਾਹ। ਏਥੇ ਵੀ ਇਨ੍ਹਾਂ ਦੀ ਦਰਗਾਹ ਹੈ, ਅੱਗੇ ਵੀ ਇਨ੍ਹਾਂ ਦੀ ਦਰਗਾਹ ਹੈ, ਇਨ੍ਹਾਂ ਨੇ ਕਿਹਾ ਹੈ ਕਿ ਦਰਗਾਹ 'ਚ ਕਾਲਾ ਮੂੰਹ ਹੋਏਗਾ ਤੇ ਮੈਂ ਮੂੰਹ ਇੱਥੇ ਹੀ ਕਾਲਾ ਕਰ ਲੈਂਦਾ ਹਾਂ। ਕਾਲਾ ਕਰ ਲਿਆ, ਢੋਲ ਵਜਾ ਦਿੱਤਾ ਕਿ 'ਗੁਰੂ ਲਾਧੋ ਰੇ'। ਪੰਜ ਸੌ ਬੰਦਾ ਪਿੱਛੇ ਹੈ, ਸਾਰੇ ਹੀ ਰੌਲਾ ਪਾਉਂਦੇ ਗਲੀਆਂ 'ਚ ਜਾਂਦੇ ਨੇ ਕਿ 'ਗੁਰੂ ਲਾਧੋ ਰੇ' ਡੱਗਾ ਮਾਰ ਰਹੇ ਨੇ।

ਦੇਖਦੇ ਨੇ ਕਿ ਐਸੇ ਸੋਹਣੇ ਵਸਤਰ ਰੇਸ਼ਮ ਦੇ, ਜਰੀ, ਕਾਫਟੇ ਦੇ ਨਾਲ ਕੱਢੇ ਹੋਏ, ਬਹੁਤ ਹੀ ਵਧੀਆਂ ਅਮੀਰ ਆਦਮੀ ਢੋਲ ਵਜਾ ਰਿਹਾ ਹੈ, ਬਜ਼ਾਰਾਂ 'ਚ ਜਾ ਰਿਹਾ ਹੈ। ਵਹੀਰਾਂ ਪੈ ਗਈਆਂ, ਇਕੱਠ ਹੋ ਗਿਆ। ਮਹਾਰਾਜ ਕਹਿੰਦੇ, ਕੀਹਨੇ ਇਹ ਗੱਲਾਂ ਕਰੀਆਂ ਨੇ। ਮਾਤਾ ਗੁਜਰੀ ਜੀ ਕਹਿਣ ਲੱਗੇ, ਬਹੁਤ ਸੰਗਤ ਇਕੱਠੀ ਹੋ ਗਈ ਹੈ ਮਹਾਰਾਜ ਬਾਹਰ।

ਕਹਿੰਦੇ, ''ਕੀਹਨੇ ਕਰਿਆ ਹੈ?''

ਕਹਿੰਦੇ, ''ਜਿਹੜਾ ਸਿੱਖ ਆਇਆ ਸੀ।''

ਕਹਿੰਦੇ, ''ਅਸੀਂ ਉਹਨੂੰ ਹੁਕਮ ਦਿੱਤਾ ਸੀ, ਜ਼ਰਾ ਸਾਮ੍ਹਣੇ ਲਿਆਓ। ਜਦੋਂ ਸਾਮ੍ਹਣੇ ਲਿਆਂਦਾ ਉਹਨੇ ਮੂੰਹ ਕਾਲਾ ਪਹਿਲਾਂ ਹੀ ਕਰਿਆ ਹੋਇਆ ਸੀ।''

ਕਹਿੰਦੇ, ''ਤੂੰ ਪ੍ਰਗਟ ਕਿਉਂ ਕਰਿਆ?''

ਕਹਿੰਦਾ, ''ਸੱਚੇ ਪਾਤਸ਼ਾਹ! ਆਪ ਨੇ ਕਿਹਾ ਸੀ ਮੂੰਹ ਕਾਲਾ ਕਰ ਦੇਵਾਂਗਾ, ਦਰਗਾਹ ਵਿੱਚ ਤੇਰਾ। ਤੇਰੀ ਦਰਗਾਹ ਇੱਥੇ ਵੀ ਹੈ, ਤੇਰੀ ਦਰਗਾਹ ਹੋਰ ਥਾਂ ਵੀ ਹੈ। ਮੈਂ ਤੇਰੀ ਦਰਗਾਹ ਵਿੱਚ ਮੂੰਹ ਪਹਿਲਾਂ ਹੀ ਕਾਲਾ ਕਰ ਲਿਆ। ਹੁਣ ਗੁਪਤ ਨਾ ਰਹੋ।''

ਬੇਨਤੀ ਕਰਕੇ ਗੁਰੂ ਨੂੰ ਪ੍ਰਗਟ ਕਰ ਦਿੱਤਾ।

ਸੋ ਇਹ ਸਮਰੱਥ ਗੁਰੂ ਦੀ ਨਿਸ਼ਾਨੀ ਹੁੰਦੀ ਹੈ –

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥***
***ਅੰਗ - 1291***

ਨਿਸ਼ਾ ਕਰਾ ਦੇਵੇ ਤੇ ਅੰਦਰਲੇ ਪਾਸੇ abroad of the God (ਪ੍ਰਮੇਸ਼ਰ ਦਾ ਦੇਸ਼) ਜਿਹੜਾ ਹੈ ਦਿਖਾ ਦੇਵੇ ਉਥੇ ਨਿਸ਼ਾਨੀ ਕੀ ਹੈ -

***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥***
***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥***
***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥***
***ਅੰਗ - 1291***

ਰੱਬ ਦੇ ਘਰ 'ਚ ਮਿਊਜ਼ਿਕ ਹੋ ਰਿਹਾ ਹੈ। ਏਸੇ ਕਰਕੇ ਗੁਰੂ ਨਾਨਕ ਪਾਤਸ਼ਾਹ ਨੇ 'ਸੋ ਦਰ' ਦੀ ਪਉੜੀ ਦੇ ਵਿੱਚ ਕਿੰਨੇ ਹੀ ਗਿਣੇ ਨੇ -

***ਹੋਰ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ***
***ਨਾਨਕੁ ਕਿਆ ਵੀਚਾਰੇ ॥*** ***ਅੰਗ - 6***

ਕਹਿੰਦੇ, ਕਿੰਨੇ ਹੀ ਗਾ ਰਹੇ ਨੇ, ਪਉਣ ਗਾ ਰਹੀ ਹੈ, ਸਾਇੰਸ ਨੂੰ ਪਤਾ ਲੱਗਣ ਵਾਲਾ ਹੈ ਕਿ ਇੱਕ ਮਿਊਜ਼ਿਕ ਚੱਲ ਰਿਹਾ ਹੈ ਹਰ ਚੀਜ਼ ਦੇ ਅੰਦਰ। ਡਾ. ਸਵਾਮੀ ਰਾਮ ਜੀ ਕਹਿੰਦੇ ਮੇਰੇ ਗੁਰੂ ਨੇ ਜਦੋਂ ਸਾਧਨ ਕਰਾਇਆ ਮੈਂ ਹੈਰਾਨ ਹੋ ਗਿਆ, ਦਰਖਤਾਂ ਵਿੱਚੋਂ ਵੀ ਮੈਨੂੰ ਮਿਊਜ਼ਿਕ ਸੁਣੇ, ਪੱਥਰ ਨੂੰ ਕੰਨ ਲਾਵਾਂ, ਪੱਥਰ 'ਚੋਂ ਵੀ। ਘਾਹ ਦੇ ਤਿਣਕੇ ਨਾਲ ਕਹਿੰਦੇ ਮੈਂ ਕੰਨ ਲਾ ਲਿਆ, ਉਹਦੇ ਵਿੱਚੋਂ ਵੀ। ਕਹਿੰਦੇ, ਮੈਂ ਕਿਹਾ ਇਹ ਤਾਂ ਪਾਣੀ ਵਿੱਚ ਵੀ ਮਿਊਜ਼ਿਕ, ਦਰਖਤਾਂ ਵਿੱਚ ਵੀ ਮਿਊਜ਼ਿਕ, ਪੱਥਰਾਂ ਵਿੱਚ ਵੀ, ਮਹਾਰਾਜ ਨੇ ਸਾਰਿਆਂ ਨੂੰ ਗਿਣਿਆ ਹੈ ਪਉਣ ਪਾਣੀ ਬੈਸੰਤਰ, ਅੱਗ ਵੀ ਗਾਉਂਦੀ ਹੈ, ਪਉਣ ਵੀ ਗਾਉਂਦੀ ਹੈ, ਪਾਣੀ ਵੀ ਗਾ ਰਿਹਾ ਹੈ। ਉਸੇ ਮਿਊਜ਼ਿਕ ਨੂੰ ਸ਼ਬਦ ਕਹਿੰਦੇ ਨੇ। ਨਾਮ ਮੰਡਲ ਦਾ ਸ਼ਬਦ ਹੈ ਉਸ ਦੇ ਆਧਾਰ 'ਤੇ ਹੈ ਸਾਰਾ ਸੰਸਾਰ। ਉਹ ਗੁਰੂ ਦਿਖਾ ਦਿੰਦਾ ਹੈ, ਗੁਰੂ ਪ੍ਰਗਟ ਕਰ ਦਿਆ ਕਰਦਾ ਹੈ ਉਸ ਚੀਜ਼ ਨੂੰ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਦੀ ਬੇਅੰਤ ਕਿਸਮ ਦੀ ਕ੍ਰਿਆ ਹੋਇਆ ਕਰਦੀ ਹੈ ਤੇ ਗੁਰੂ ਦਸ਼ਮੇਸ਼ ਪਿਤਾ ਨੇ ਉਹ ਅੰਦਰਲਾ ਘਰ ਦਿਖਾ ਦਿੱਤਾ -

***ਕਾਇਆ ਨਗਰੁ ਨਗਰ ਗੜ ਅੰਦਰਿ ॥***
***ਸਾਚਾ ਵਾਸਾ ਪੁਰਿ ਗਗਨੰਦਰਿ ॥***
***ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ ॥***
***ਅੰਦਰਿ ਕੋਟ ਛਜੇ ਹਟਨਾਲੇ ॥ ਆਪੇ ਲੇਵੈ ਵਸਤੁ ਸਮਾਲੇ ॥***
***ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥***
***ਅੰਗ - 1033***

ਗੁਰੂ ਦਾ ਸ਼ਬਦ ਉਸਨੂੰ ਖੋਲ੍ਹਦਾ ਹੈ, ਸਮਰੱਥ ਗੁਰੂ ਦਾ। ਐਵੇਂ ਨਹੀਂ ਗੁਰੂ ਹੁੰਦਾ। ਕਹਿੰਦੇ -

***ਘਰ ਘਰ ਹੋਇ ਬਹੈਗੇ ਰਾਮਾ ਕੋਇ ਨ ਕਰੈ ਕਿਸਹੀ ਕਾ ਕਾਮਾ।***

ਗੁਰੂ ਧਾਰਨ ਕਰ ਲਓ। ਗੁਰੂ ਗ੍ਰੰਥ ਸਾਹਿਬ ਗੁਰੂ ਨੇ ਸੱਚੇ। ਇਨ੍ਹਾਂ ਦੇ ਵਿੱਚ ਨਾਮ ਐਨਰਜੀ ਇਕੱਲੇ-ਇਕੱਲੇ ਅੱਖਰ 'ਚ ਪਈ ਹੋਈ ਹੈ, ਬਿਜਲੀ ਦੀ ਜਿਵੇਂ ਕਰੰਟ ਹੁੰਦੀ ਹੈ ਏਸ ਤਰ੍ਹਾਂ ਹੈ। ਕਦੇ ਸ਼ਰਧਾ ਦੇ ਨਾਲ ਨੇੜੇ ਹੋ ਕੇ ਦੇਖ ਲਿਓ ਤੇ ਫੇਰ ਜੁਗਤ ਖਾਲਸੇ ਦੇ ਕੋਲ ਹੈ, ਨਾਮ ਜਪਣ ਵਾਲਿਆਂ ਕੋਲ, ਬੰਦਗੀ ਕਰਨ ਵਾਲਿਆਂ ਦੇ ਕੋਲ। ਕਿੰਨੀਆਂ ਮਿਸਾਲਾਂ ਮੈਂ ਦਿੱਤੀਆਂ ਨੇ ਸੋ ਇਸ ਤਰ੍ਹਾਂ ਦੇ ਨਾਲ ਅੰਦਰਲਾ ਭੇਤ ਦਿਖਾ ਦਿੰਦੇ ਨੇ -

***ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥***

***ਅੰਗ - 1033***

ਗੁਰੂ ਦਾ ਮੰਤਰ ਜਿਹੜਾ ਹੈ ਉਹ ਉਹਨੂੰ ਖੋਲ੍ਹ ਦਿੰਦਾ ਹੈ। ਵਾਹਿਗੁਰੂ ਮੰਤਰ -

***ਭੀਤਰਿ ਕੋਟ ਗੁਫਾ ਘਰ ਜਾਈ ॥***
***ਨਉ ਘਰ ਥਾਪੇ ਹੁਕਮਿ ਰਜਾਈ ॥*** ***ਅੰਗ - 1033***

ਨੌਂ ਘਰਾਂ ਨੂੰ ਛੱਡ ਕੇ ਜਦੋਂ ਦਸਵੇਂ ਦੇ ਵਿੱਚ ਦਾਖਲ ਹੁੰਦਾ ਹੈ ਇਹ, ਉਥੇ ਕੀ ਹੈ? -

***ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥***

***ਅੰਗ - 1033***

ਉਥੇ ਲੇਖਿਆ ਤੋਂ, ਲਿਖਤਾਂ ਤੋਂ, ਅਨੁਮਾਨਾਂ ਤੋਂ, ਅੰਦਾਜ਼ਿਆਂ ਤੋਂ ਬਾਹਰਾ ਪ੍ਰਮੇਸ਼ਰ ਹੈ। ਜਦੋਂ ਦਰਵਾਜ਼ਾ ਖੜਕਾਉਂਦੇ ਹਾਂ, ਉਹ ਦਰਵਾਜ਼ਾ ਖੋਲ੍ਹ ਦਿੰਦਾ ਹੈ। ਗੁਰੂ ਦੀ ਲੋੜ ਹੈ ਉਹਦੇ ਵਿੱਚ ਸੋ ਇਸ ਤਰ੍ਹਾਂ ਦੇ ਨਾਲ ਭਾਈ ਦਾਨ ਇੱਕ ਸਾਧਾਰਣ ਬੰਦਾ, ਗੁਰੂ ਦੇ ਪਿਆਰ ਵਿੱਚ ਆਇਆ ਹੋਇਆ, ਸਿੱਖੀ ਦੀ ਮੰਗ ਕਰਦਾ ਹੈ, ਗੁਰੂ ਨੇ ਵਿਚਾਲੇ ਨਹੀਂ ਛੱਡਿਆ, ਗੁਰੂ ਨੇ ਪੂਰਨ ਕਰ ਦਿੱਤਾ। ਜਦੋਂ ਪੂਰਨ ਹੋ ਗਿਆ, ਉਹਦਾ ਮਿੱਤਰ ਸੀ ਇੱਕ ਸੱਯਦ ਉਹ ਸੱਯਦ ਕਹਿੰਦਾ ਦਾਨ ਸਿੰਆਂ! ਨੇਤਰਾਂ ਵਲ ਝਾਕਿਆ ਨਹੀਂ ਜਾਂਦਾ ਮੇਰੇ ਤੋਂ। ਤੇਰੇ ਬੋਲ ਅੰਦਰ ਲੰਘਦੇ ਜਾਂਦੇ ਨੇ, ਤੇਰੀ ਚਾਲ ਕਿੰਨੀ ਮਸਤ ਹੋ ਗਈ। ਮੈਂ ਸਾਰੀ ਜ਼ਿੰਦਗੀ ਦਾ ਭਟਕਦਾ ਫਿਰਦਾ ਹਾਂ ਤੇ ਮੇਰਾ ਬਣਿਆ ਕੁਛ ਨਹੀਂ। ਮੈਂ ਬੜੇ ਤਰਲੇ ਲਏ ਨੇ, ਬੜੀਆਂ ਮਿਹਰਾਂ ਮੰਗੀਆਂ ਨੇ, ਮੈਂ ਬੜੇ ਚਿਲ੍ਹੇ ਕੱਟੇ ਨੇ, ਪਰ ਪਿਆਰਿਆ! ਮੈਂ ਖੁਸ਼ਕ ਦਾ ਖੁਸ਼ਕ ਰਹਿ ਗਿਆ, ਮੈਨੂੰ ਵੀ ਦੱਸ ਪਾ। ਹੈ ਕੋਈ ਸੰਸਾਰ ਦੇ ਅੰਦਰ ਐਸਾ। ਉਸ ਵੇਲੇ ਉਹ ਕਹਿੰਦਾ -

***ਗੋਬਿੰਦ ਸਿੰਘ ਗੁਰਾਂ ਗੁਰ ਸੂਰਾ।***
***ਮਿਹਰ ਆਪਣੀ ਕੀਤੀ।***
***ਜਿਸ ਵਲ ਨਜ਼ਰ ਉਤਹਿ ਵਲ ਮਿਹਰ,***
***ਮਿਹਰ ਅਸਾਂ ਨੇ ਲੀਤੀ।***

ਕਹਿੰਦੇ, ਸੂਰਮਾ ਗੁਰੂ ਗੋਬਿੰਦ ਸਿੰਘ ਸਾਰੇ ਪਾਸਿਆਂ 'ਚੋਂ ਕੱਢ ਕੇ ਹਉਮੈ ਨੂੰ ਮਾਰਨ ਵਾਲਾ ਹੈ। ਕਹਿੰਦਾ ਉਹਦੀ ਮਿਹਰ ਹੋ ਗਈ-

*ਕਾਹਦੇ ਇਸ਼ਕ ਤੇ ਸਿਦਕ ਅਸਾਡੇ,*
*ਅਸਾਡੀ ਭੁੱਲ ਪ੍ਰੀਤੀ।*
*ਨਾਮ ਦਾਨ ਇਸ਼ਨਾਨ ਦਾਤੇ ਦੇ,*
*ਕਮੀ ਨਾ ਕੋਈ ਜੀਕੀ।*

ਕਹਿੰਦੇ, ਮੈਨੂੰ ਤਾਂ ਮਿਹਰਾਂ ਵਾਲੇ ਨੇ, ਬਾਜਾਂ ਵਾਲੇ ਨੇ ਕ੍ਰਿਪਾ ਕਰ ਦਿੱਤੀ, ਪਿਆਰ ਦੇ ਵਿੱਚ ਹੈ, ਕਹਿੰਦਾ ਸੱਯਦ ਸਾਹਿਬ! ਨਾ ਜੋਗ ਦੇ ਵਿੱਚ ਕੁਛ ਹੈ। ਨਾ ਸਾਧਨਾ ਦੇ ਵਿੱਚ। ਪੂਰਨ ਸਤਿਗੁਰੂ ਸਰਬ ਸ਼ਕਤੀਆਂ ਦਾ ਭੰਡਾਰਾ ਹੁੰਦਾ ਹੈ, ਉਸ ਨਾਲ ਸੱਚੀ ਪ੍ਰੀਤ ਕਰਕੇ ਰਿੱਧੀਆਂ-ਸਿੱਧੀਆਂ, ਗਿਆਨ-ਚਾਨਣ, ਐਨਰਜੀ ਤੇ ਦਿਬਯ ਚਕਸ਼ੂ ਸਭ ਖੁਲ੍ਹ ਜਾਂਦੇ ਨੇ, ਪਰ ਜੇ ਗੁਰੂ ਦੀ ਮਿਹਰ ਹੋ ਜਾਏ, ਪਿਆਰ ਦੇ ਨਾਲ। ਗੁਰੂ ਪਿਆਰ ਮੰਗਦਾ ਹੈ -

*ਸਾਚੁ ਕਹੌਂ ਸੁਨ ਲੇਹੁੰ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।*

ਉਹ ਭਾਉਂਦੀ ਹੈ, ਏਸ ਤਰ੍ਹਾਂ ਦੇ ਨਾਲ ਪੜ੍ਹ ਲਓ।

*ਧਾਰਨਾ - ਭਾਉਂਦੀ ਹੈ ਗੁਰਾਂ ਨੂੰ,*
*ਸੱਚੀ ਪ੍ਰੀਤ ਦਿਲਾਂ ਦੀ।*

*ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।*
*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।*
*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ।*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ।*

***ਭਾਈ ਗੁਰਦਾਸ ਜੀ, 27/4***

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*

***ਅੰਗ - 708***

ਕਹਿਣ ਲੱਗੇ, ਸੱਯਦ ਸਾਹਿਬ! ਰਸਤਾ ਮਿਲ ਗਿਆ, ਰਸਤਾ ਪਿਆਰ ਦਾ ਉਥੇ ਪਹੁੰਚਦਾ ਹੈ। ਅਕਲਾਂ ਦਾ ਨਹੀਂ ਪਹੁੰਚਦਾ, ਜ਼ੋਰ ਦਾ ਨਹੀਂ ਪਹੁੰਚਦਾ, ਇਹ ਤਾਂ ਪੂਰੀ ਤਰ੍ਹਾਂ ਗੁਰੂ ਦਾ ਬਣ ਜਾਏ, ਪਿਆਰ ਵਿੱਚ ਆਪਣਾ ਆਪਾ ਉਹਨੂੰ ਸਮਰਪਣ ਕਰ ਦੇ। ਇਹ ਸਾਰੀਆਂ ਮਿਹਰਾਂ ਉਹਦੀਆਂ ਨੇ ਗੁਰੂ ਦਸ਼ਮੇਸ਼ ਪਿਤਾ ਦੀਆਂ।

ਸੋ ਸਮਾਂ ਹੁਣ ਇਜਾਜ਼ਤ ਨਹੀਂ ਦਿੰਦਾ, ਇੱਥੇ ਹੀ ਸਮਾਪਤੀ ਹੈ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ। (ਫਿਲਮ ਨੰ. 494)

# 7

# ਗੁਰੂ ਦਸ਼ਮੇਸ਼ ਪਿਤਾ ਜੀ ਤੇ
## ਭਾਈ ਨੰਦਲਾਲ ਜੀ

ਸ਼ਾਨ.............................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਸਗਲ ਦੁਆਰ ਕਉ ਛਾਡਿਕੈ ਗਹਿਓ ਤੁਹਾਰੋ ਦੁਆਰ॥*
*ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥ ਦੋਹਰਾ*

*ਧਾਰਨਾ - ਜਾ ਤੂੰ ਤਾਂ ਮੈਂ ਮਾਣ ਕੀਆ ਹੈ,*
*ਤੁਧ ਬਿਨ ਕੇਹਾ ਮੇਰਾ ਮਾਣੋ ਜੀ।*

*ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥*
*ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥*
*ਤੇਰੇ ਦਰਸਨ ਵਿਟਹੁ ਖੰਨੀਐ ਵੰਞਾ*
*ਤੇਰੇ ਨਾਮ ਵਿਟਹੁ ਕੁਰਬਾਣੋ ॥*
*ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥*
*ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ ॥*
*ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥*
*ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ ॥*
*ਜੋ ਸਹ ਕੰਠਿ ਨ ਲਗੀਆ ਜਲਨੁ ਸੇ ਬਾਹੜੀਆਹਾ ॥*
*ਸਭਿ ਸਹੀਆ ਸਹੁ ਰਾਵਣਿ ਗਈਆ*

*ਹਉ ਦਾਧੀ ਕੈ ਦਰਿ ਜਾਵਾ ॥*
*ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ ॥*
*ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ ॥*
*ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ ॥*
*ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥*
*ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ*
*ਜਿਨਿ ਹਉ ਪਿਰਹੁ ਵਿਛੋੜੀ ॥ ਅੰਗ- 558*

*ਧਾਰਨਾ - ਸੁਪਨੈ ਆਇਆ ਭੀ ਗਇਆ,*
*ਮੈ ਜਲੁ ਭਰਿਆ ਰੋਇ।*

*ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ॥*
*ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥*
*ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥*
*ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥*
*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥*
*ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ॥*
*ਅੰਗ - 558*

*ਧਾਰਨਾ - ਜਾਵਾਂ ਬਲਿਹਾਰ ਜੀ ਮੈਂ ਆਪਣੇ ਗੁਰਾਂ ਤੋਂ।*

*ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥*
*ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥ 1 ॥*
*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ 2 ॥*
*ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥*
*ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥*
*ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥*
*ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥*
*ਅੰਗ - 463*

ਸਾਧਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ। ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਦੇ ਸਦਕੇ ਬੇਅੰਤ ਕੰਮਾਂ ਵਿੱਚ ਰੁੱਝੇ ਹੋਏ ਹੋਣ ਦੇ ਬਾਵਜੂਦ, ਕਾਫੀ ਗਿਣਤੀ 'ਚ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਬਲਿਹਾਰ ਜਾਂਦੇ ਹਾਂ ਆਪਣੇ ਗੁਰੂ ਤੋਂ, ਮਹਾਰਾਜ ਕਹਿੰਦੇ ਸੈਂਕੜੇ ਵਾਰੀ-ਸੈਂਕੜੇ ਵਾਰੀ, ਕਿਉਂਕਿ ਓਸ ਨੇ ਅੰਦਰ ਚਾਨਣ ਕਰ ਦਿੱਤਾ, ਪ੍ਰਕਾਸ਼ ਕਰ ਦਿੱਤਾ; ਹਨ੍ਹੇਰਾ ਪਿਆ ਸੀ। ਗੁਰੂ ਤੋਂ ਬਗੈਰ ਅੰਧ ਗੁਬਾਰ ਰਹਿੰਦਾ ਹੈ। ਗੁਰੂ ਨਾ ਹੋਵੇ ਤਾਂ ਆਹੀ ਜੀਵ ਸੋਹਣੇ ਕੱਪੜੇ ਪਾਏ ਹੋਏ, ਕੋਠੀਆਂ 'ਚ ਰਹਿੰਦਾ ਹੋਇਆ, ਬੜੀ ਭਾਰੀ ਇੱਜ਼ਤ ਪ੍ਰਾਪਤ ਕਰਕੇ, ਅਹੁਦੇ ਵੱਡੇ-ਵੱਡੇ ਹਾਸਲ ਕਰਕੇ, ਹੋਰ ਵੀ ਦੁਨੀਆਂ ਦੀਆਂ ਜੋ ਪ੍ਰਾਪਤੀਆਂ ਨੇ, ਉਹ ਸਾਰੀਆਂ ਓਸਨੂੰ ਪ੍ਰਾਪਤ ਹੋਣ। ਪਰ ਜੇ ਇੱਕ ਗੁਰੂ ਨਾ ਹੋਵੇ, ਕਹਿੰਦੇ ਉਸ ਆਦਮੀ ਦਾ ਤਾਂ ਨਾਉਂ ਲੈਣਾ ਹੀ ਬੁਰਾ ਹੋਇਆ ਕਰਦਾ ਹੈ ਕਿਉਂਕਿ ਉਹਨੇ ਕੋਈ

ਗੁਰੂ ਧਾਰਿਆ ਨਹੀਂ। ਤ੍ਰਿਗੁਣ ਮਾਇਆ ਹੈ - ਰਜੋ ਗੁਣ, ਤਮੋ ਗੁਣ, ਸਤੋ ਗੁਣ। ਆਹ ਜਿਹੜਾ ਕੁਛ ਦਿਸਦਾ ਹੈ ਅੱਖਾਂ ਦੇ ਨਾਲ, ਕੰਨਾਂ ਦੇ ਨਾਲ ਸੁਣਦਾ ਹੈ, ਇਹ ਅਸਲੀਅਤ ਨਹੀਂ ਹੈ ਸਾਧਸੰਗਤ ਜੀ। ਗੁਰੂ ਮਹਾਰਾਜ ਡੰਕੇ ਦੀ ਚੋਟ ਨਾਲ ਕਹਿੰਦੇ ਨੇ ਕਿ ਇਹ ਅਸਲੀਅਤ ਨਹੀਂ ਭਾਈ, ਇਹ ਤਾਂ ਬਦਲਦੀ ਰਹਿੰਦੀ ਹੈ, ਹੁਣ ਕੋਈ ਬੰਦਾ ਹੈਗਾ, ਦੋ ਘੜੀ ਨੂੰ ਹੈ ਨਹੀਂ। ਅਸਲੀਅਤ ਹੁੰਦੀ ਤਾਂ ਬੰਦਾ ਜਾਂਦਾ ਹੀ ਨਾ, ਅੱਜ ਮਕਾਨ ਦਿਸਦੇ ਨੇ, ਕੋਈ ਸਮਾਂ ਆਉਂਦਾ ਹੈ ਉਥੇ ਥੇਹ ਪਏ ਹੁੰਦੇ ਨੇ। ਅਸਲੀਅਤ ਹੋਵੇ ਤਾਂ ਉਵੇਂ ਜਿਵੇਂ ਰਹੇ। ਇਹ ਇੱਕ ਨਕਲ ਹੋ ਰਹੀ ਹੈ, ਭਵਜਲ ਹੈ, ਲਹਿਰਾਂ ਮਾਰ ਰਿਹਾ ਹੈ, ਉਛਾਲੇ ਮਾਰ ਰਿਹਾ ਹੈ। ਇਹ ਜੀਵ ਆ ਕੇ ਇਹਦੇ ਵਿੱਚ ਭੁੱਲ ਗਿਆ। ਹੁਣ ਭੁੱਲੇ ਨੂੰ ਕੋਈ ਰਾਹ ਨਹੀਂ ਲੱਭਦਾ, ਨਾ ਕੋਠੀਆਂ ਰਾਹ ਦਿੰਦੀਆਂ ਨੇ, ਨਾ ਪੈਸਾ ਰਾਹ ਦਿੰਦਾ ਹੈ, ਨਾ ਟਰੱਕ ਰਾਹ ਦਿੰਦੇ ਨੇ, ਨਾ ਬੱਸਾਂ ਰਾਹ ਦਿੰਦੀਆਂ ਨੇ, ਨਾ ਕੋਈ ਹੋਰ ਕਿਤਾਬਾਂ ਰਾਹ ਦਿੰਦੀਆਂ ਨੇ, ਨਾ ਕੋਈ ਸਰੀਰ ਦੀ ਸੁੰਦਰਤਾ ਰਾਹ ਦਿੰਦੀ ਹੈ, ਕੁਝ ਲੱਭਦਾ ਹੀ ਨਹੀਂ ਮਨ ਗੋਤੇ ਖਾਂਦਾ ਹੈ। ਚਿੰਤਾ ਦੇ ਨਾਲ ਡੁੱਬਿਆ ਪਿਆ ਹੈ। ਕੇਵਲ ਸੰਸਾਰ ਦੇ ਅੰਦਰ ਇੱਕ ਗੁਰੂ ਹੈ, ਜਿਸਦਾ ਦਰਜਾ ਵਾਹਿਗੁਰੂ ਦੇ ਬਰਾਬਰ ਹੋਇਆ ਕਰਦਾ ਹੈ। ਗੁਰੂ ਤੇ ਪ੍ਰਮੇਸ਼ਰ 'ਚ ਕੋਈ ਫਰਕ ਨਹੀਂ ਹੋਇਆ ਕਰਦਾ -

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥***

***ਅੰਗ - 442***

ਜੇ ਤਾਂ ਮਿਲ ਗਿਆ, ਸੰਸਾਰ ਦੇ ਅੰਦਰ, ਫੇਰ ਤਾਂ ਸਭ ਕੁਛ ਖੱਟ ਗਿਆ। ਜੇ ਗੁਰੂ ਨਹੀਂ ਮਿਲਿਆ ਤਾਂ ਫੇਰ ਇਹਦਾ ਹਾਲ ਬੁਰਾ ਹੈ, ਕੇਵਲ ਗੁਰੂ 'ਚ ਇਹ ਸ਼ਕਤੀ ਹੈ ਕਿ ਆਪਣੀ ਮਾਇਆ 'ਚੋਂ ਆਪ ਤਾਰ ਲੈਂਦਾ ਹੈ। ਕਿਉਂਕਿ ਜੋ ਵਾਹਿਗੁਰੂ ਹੈ ਉਹ ਨਿਰਗੁਣ ਸਰੂਪ ਹੈ, ਗੁਰੂ ਜੋ ਹੈ ਉਹ ਵਾਹਿਗੁਰੂ ਦਾ ਸਰਗੁਣ ਸਰੂਪ ਹੈ। ਐਸ ਤਰ੍ਹਾਂ ਦੇ ਨਾਲ ਮਹਾਰਾਜ ਫੁਰਮਾਨ ਕਰਦੇ ਨੇ -

***ਧਾਰਨਾ - ਗੁਰ ਡੁੱਬਦਾ ਲਏ ਤਰਾਏ,***
***ਗੁਰ ਪ੍ਰਮੇਸ਼ਰ ਆਪ ਹੈ।***

ਗੁਰੂ ਦੇ ਗੁਣ, ਗੁਰ ਦਾਤਾਂ, ਦਿੰਦਾ ਹੀ ਦਿੰਦਾ ਹੈ ਗੁਰੂ, ਕਿਸੇ ਤੋਂ ਕੁਛ ਨਹੀਂ ਲੈਂਦਾ। ਸਮਰੱਥ ਗੁਰੂ, ਸਾਰੀਆਂ ਸ਼ਕਤੀਆਂ ਦਾ ਮਾਲਕ, ਫੇਰ ਰਹਿੰਦਾ ਕਿੱਥੇ ਹੈ? ਮਹਾਰਾਜ ਕਹਿੰਦੇ, ਬਾਹਰ ਨਹੀਂ ਰਹਿੰਦਾ -

***ਗੁਰੁ ਦਾਤਾ ਸਮਰਥੁ ਗੁਰੁ ਗੁਰੁ ਸਭ ਮਹਿ ਰਹਿਆ ਸਮਾਇ ॥***

***ਅੰਗ - 49***

ਐਸਾ ਗੁਰੂ ਹਰੇਕ ਦੇ ਹਿਰਦੇ ਦੇ ਅੰਦਰ ਸਮਾਇਆ ਹੋਇਆ ਹੈ। ਬਾਹਰ ਦੇਖ ਲਓ, ਇਹ ਬੜੀ ਭਾਰੀ ਉਹਦੀ ਮਿਹਰ ਹੈ ਕਿ ਮਨੁੱਖ ਜਾਮੇ ਦੇ ਅੰਦਰ ਬਾਹਰ ਵੀ ਆਪ ਦੇ ਦਰਸ਼ਨ ਦਿੰਦਾ ਹੈ। ਨਹੀਂ ਤਾਂ ਅੰਦਰ

ਨਹੀਂ ਸੀ ਓਸਦਾ ਪਤਾ ਲੱਗਣਾ -

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥***
***ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ ॥ ਅੰਗ - 394***

ਬਾਹਰ ਵੀ ਦਰਸ਼ਨ ਦਿੰਦਾ ਹੈ ਤੇ ਅੰਦਰ ਵੀ ਦਿੰਦਾ ਹੈ -

***ਗੁਰੁ ਦਾਤਾ ਸਮਰਥੁ ਗੁਰੁ ਗੁਰੁ ਸਭ ਮਹਿ ਰਹਿਆ ਸਮਾਇ ॥***
***ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ ॥***
***ਅੰਗ - 49***

ਕਰਦਾ ਕੀ ਹੈ? ਆਹ ਸੰਸਾਰ ਨੂੰ ਡੁੱਬਦੇ ਨੂੰ ਤਾਰ ਲੈਂਦਾ ਹੈ। ਕਿਉਂਕਿ ਸਤਿਗੁਰੂ ਤੋਂ ਬਗੈਰ ਆਦਮੀ ਦੇ ਮਨ ਦਾ ਹਨ੍ਹੇਰਾ ਨਹੀਂ ਦੂਰ ਹੁੰਦਾ -

***ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥***
***ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ ਅੰਗ - 463***

ਬੇਅੰਤ ਮਿਸਾਲਾਂ ਆਪ ਨੇ ਸੁਣੀਆਂ ਨੇ, ਕਿਉਂਕਿ ਜੋ ਸਤਿਸੰਗ ਕਰਦੇ ਨੇ, ਬਾਰ-ਬਾਰ ਜੇ ਓਹੀ ਗੱਲ ਦੱਸੋ, ਬੜਾ ਸਮਾਂ ਲਗ ਜਾਂਦਾ ਹੈ, ਮਾੜਾ ਜਿਹਾ ਯਾਦ ਕਰਾ ਦਿਓ ਪਤਾ ਲਗ ਜਾਂਦਾ ਹੈ। ਸੁਕਦੇਵ ਨੇ ਕਿੰਨੀ ਤਪਸਿਆ ਕਰੀ। ਛੇ-ਛੇ ਮਹੀਨੇ ਦੀ ਸਮਾਧੀ ਲਾਉਂਦਾ ਸੀ, ਜਟਾਵਾਂ ਵਧ ਕੇ ਧਰਤੀ ਦੇ ਉੱਤੇ ਖੜ੍ਹੇ ਦੀਆਂ ਲਗ ਜਾਇਆ ਕਰਦੀਆਂ ਸੀ।

ਹੁਣੇ ਪੜ੍ਹਿਆ ਸੀ ਅਖਬਾਰ ਦੇ ਵਿੱਚ ਕਿ ਇੱਕ ਬੀਬੀ ਹੈ, ਉਹਦੀਆਂ ਜਟਾਵਾਂ ਸੱਤ ਮੀਟਰ ਲੰਮੀਆਂ ਨੇ, ਸਾਢੇ ਸੱਤ ਮੀਟਰ। ਸਾਰੀ ਦੁਨੀਆਂ 'ਚੋਂ ਵੱਡਾ ਰਿਕਾਰਡ ਉਸਦਾ ਹੈ। ਸੋ ਸੁਕਦੇਵ ਦੀਆਂ ਜਟਾਵਾਂ ਧਰਤੀ 'ਤੇ ਲੱਗ ਜਾਂਦੀਆਂ ਸੀ ਤੇ ਜਦੋਂ ਸਮਾਧੀ ਲਾਉਂਦਾ ਸੀ, ਉਸ ਵੇਲੇ ਸਾਰੇ ਹੀ ਸਰੀਰ ਦੇ ਉੱਤੇ ਜਟਾਵਾਂ ਦਾ ਵਸਤਰ ਪਹਿਨ ਲੈਂਦਾ ਸੀ। ਉਹ ਉਸਨੂੰ ਠੰਢ ਤੋਂ ਵੀ ਬਚਾਉਂਦੀਆਂ ਸੀ ਤੇ ਪੰਛੀਆਂ ਨੇ ਇਹ ਦੇਖ ਕੇ ਕਿ ਕੋਈ ਜੜ੍ਹ ਚੀਜ਼ ਹੈ ਉਹਦੇ ਵਿੱਚ ਅੰਡੇ ਦੇ ਦੇਣੇ ਤੇ ਬੱਚੇ ਪਾਲ ਲੈਣੇ। ਜਦੋਂ ਸਮਾਧੀ ਤੋਂ ਉਥਾਨ ਹੋਣਾ ਚਿੱਤ ਸ਼ਾਂਤ ਨਾ ਹੋਣਾ। ਚਿੱਤ ਦੀ ਸ਼ਾਂਤੀ ਦਾ ਸਿਰਫ ਉਨ੍ਹਾਂ ਨੂੰ ਪਤਾ ਹੈ ਜਿਨ੍ਹਾਂ ਨੂੰ ਚਿੱਤ ਸ਼ਾਂਤ ਦਾ ਅਨੰਦ ਆਇਆ ਹੋਵੇ। ਬਾਕੀ ਸੰਸਾਰ ਤਾਂ ਅੱਗ ਦੇ ਵਿੱਚ ਕੁਰਬਲ-ਕੁਰਬਲ ਕਰਦਾ ਫਿਰਦਾ ਹੈ। ਹਰ ਵਕਤ ਆਦਮੀ ਦੇ ਮਨ ਦੇ ਉੱਤੇ frustration (ਨਿਰਾਸ਼ਤਾ) ਹੈ, ਅਗਨ ਹੈ; ਸ਼ਾਂਤੀ ਦਾ ਨਹੀਂ ਪਤਾ ਹੋਇਆ ਕਰਦਾ। ਸੋ ਸਿਆਣਾ ਸੀ ਇਹ, ਪਿਤਾ ਦੇ ਕੋਲ ਆ ਗਿਆ, ਕਹਿਣ ਲੱਗਿਆ, ਪਿਤਾ ਜੀ! ਮੈਨੂੰ ਸ਼ਾਂਤੀ ਕਿਉਂ ਨਹੀਂ ਹੋਈ, ਮੈਂ ਐਨੀਆਂ ਲੰਮੀਆਂ ਸਮਾਧੀਆਂ ਲਾਉਂਦਾ ਹਾਂ, ਛੱਤੀ ਸਾਲ ਹੋ ਗਏ ਮੈਨੂੰ ਤਪਸਿਆ ਕਰਦੇ ਨੂੰ। ਬਣਿਆ ਕੁਛ ਨਹੀਂ, ਜਦੋਂ ਮੈਂ ਪੜ੍ਹਦਾ ਹਾਂ ਕਿ ਬੀਤਰਾਗ ਪੁਰਸ਼, ਨਿਹਚਲ ਚਿੱਤ ਪਰਮ ਪਦ ਦੀ ਪ੍ਰਾਪਤੀ ਵਾਲੇ ਜੋ ਹੋਇਆ ਕਰਦੇ ਨੇ ਉਹ ਸਮ ਬਿਰਤੀ ਦੇ ਮਾਲਕ ਹੋਇਆ ਕਰਦੇ ਨੇ। ਉਨ੍ਹਾਂ ਦਾ ਮਨ ਕਦੇ ਡੋਲਿਆ ਨਹੀਂ ਕਰਦਾ। ਦੁੱਖ ਆ ਜਾਏ, ਸੁੱਖ ਆ ਜਾਏ, ਹਾਨ ਹੋ ਜਾਏ, ਲਾਭ ਹੋ ਜਾਏ, ਮਾਣ ਹੋ ਜਾਏ, ਅਪਮਾਨ ਹੋ

ਜਾਏ, ਕੁਛ ਹੋ ਜਾਏ, ਆਸਾ ਹੋ ਜਾਏ, ਨਿਰਾਸਾ ਹੋ ਜਾਏ ਲੇਕਿਨ ਚਿੱਤ ਥਿਰ ਰਹਿੰਦਾ ਹੈ ਤੇ ਪਰਮ ਅਨੰਦ 'ਚ ਰਹਿੰਦਾ ਹੈ ਤੇ ਉਨ੍ਹਾਂ ਦੇ ਚਿਹਰਿਆਂ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਦੇ ਅੰਦਰ ਕੋਈ ਬਹੁਤ ਵੱਡੀ ਚੀਜ਼ ਹੈ ਜਿਹਦੀ ਪ੍ਰਾਪਤੀ ਹੋਣ ਕਰਕੇ ਇਨ੍ਹਾਂ ਦੇ ਅੰਦਰ ਖੇੜਾ ਹੀ ਖੇੜਾ ਤੇ ਬੁੱਲ੍ਹਾਂ 'ਤੇ ਮੁਸਕਰਾਹਟ ਰਹਿੰਦੀ ਹੈ।

ਪਿਤਾ ਜੀ! ਮੇਰੇ ਅੰਦਰ ਕ੍ਰੋਧ ਹੈ। ਸ਼ਾਂਤੀ ਨਹੀਂ, ਕੋਈ ਜ਼ਰਾ ਕੁ ਗੱਲ ਕਹਿ ਦੇਵੇ ਗੁੱਸਾ ਆਉਂਦਾ ਹੈ ਮੈਨੂੰ। ਕਹਿਣ ਲੱਗੇ ਬੇਟਾ ਸ਼ਾਂਤੀ ਨਾਮ ਤੋਂ ਬਗੈਰ ਨਹੀਂ ਆਇਆ ਕਰਦੀ। ਨਾਮ ਦੀ ਪ੍ਰਾਪਤੀ ਨਾ ਤਪ ਕਰਨ 'ਤੇ ਹੁੰਦੀ ਹੈ, ਨਾ ਤੀਰਥ ਯਾਤਰਾ ਕਰਨ 'ਤੇ ਹੁੰਦੀ ਹੈ, ਨਾ ਦਾਨ ਕਰਨ 'ਤੇ ਹੁੰਦੀ ਹੈ, ਨਾ ਪੁੱਠੇ ਲਟਕ ਕੇ ਹੁੰਦੀ ਹੈ, ਨਾ ਭੁੱਖੇ ਰਹਿ ਕੇ ਹੁੰਦੀ ਹੈ, ਨਾਮ ਤਾਂ ਕੇਵਲ ਗੁਰੂ ਦੇ ਕੋਲ ਹੈ, ਹੋਰ ਕਿਸੇ ਕੋਲ ਹੈ ਨਹੀਂ। ਸਤਿਗੁਰੂ ਦੇ ਕੋਲ ਨਾਮ ਹੋਇਆ ਕਰਦਾ ਹੈ -

***ਬਿਨੁ ਸਤਿਗੁਰ ਨਾਉ ਨ ਪਾਈਐ ....॥ ਅੰਗ - 649***

ਜਿੰਨਾਂ ਚਿਰ ਤੂੰ ਗੁਰੂ ਧਾਰਨ ਨਹੀਂ ਕਰਦਾ, ਓਨਾਂ ਚਿਰ ਫੇਰ ਤੈਨੂੰ ਕਿਵੇਂ ਨਾਮ ਪ੍ਰਾਪਤ ਹੋ ਜਾਏਗਾ। ਜਦ ਹੈ ਹੀ ਨਹੀਂ ਕਿਸੇ ਕੋਲ, ਸਤਿਗੁਰੂ ਕੋਲ ਹੈ ਨਾਮ -

***.............ਬੂਝਹੁ ਕਰਿ ਵੀਚਾਰੁ ॥ ਅੰਗ - 649***

ਵਿਚਾਰ ਕਰਕੇ ਬੁੱਝ ਲਓ। ਤੂੰ ਗੁਰੂ ਨਹੀਂ ਧਾਰਿਆ, ਆਪਣੇ ਦਿਮਾਗ ਦੀ ਵਿਦਵਤਾ ਦੇ ਬਲ 'ਤੇ ਤੂੰ ਪ੍ਰਮੇਸ਼ਰ ਨੂੰ ਮਿਲਣਾ ਚਾਹੁੰਦਾ ਹੈਂ ਪਰ ਪ੍ਰਮੇਸ਼ਰ ਦਾ ਇਹ ਅਸੂਲ ਹੈ ਕਿ ਜਦੋਂ ਤੱਕ ਗੁਰੂ ਨਾ ਮਿਲੇ, ਓਨੀਂ ਦੇਰ ਤੱਕ ਨਾ ਹਉਮੈ ਦਾ ਨਾਸ਼ ਹੋਵੇ ਤੇ ਨਾ ਮੁਕਤੀ ਹੋਵੇ -

***ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥***
***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥ ਅੰਗ - 59***

ਪੁੱਛ ਲਓ ਜਾ ਕੇ ਜਿਹਨੂੰ ਪੁੱਛਣਾ ਹੈ। ਵਾਹਿਗੁਰੂ ਕੋਲ ਰਹਿੰਦਾ ਹੈ ਸਾਨੂੰ ਕਿਉਂ ਨਹੀਂ ਦਿਸਦਾ? ਕਿਉਂਕਿ ਸਾਡੇ ਅੰਦਰ ਹਨ੍ਹੇਰਾ ਹੈ, ਇਹ ਹਨ੍ਹੇਰਾ ਗੁਰੂ ਤੋਂ ਬਗੈਰ ਨਹੀਂ ਜਾਇਆ ਕਰਦਾ–

***ਧਾਰਨਾ - ਸਤਿਗੁਰ ਬਾਝਹੁ ਘੋਰ ਹਨ੍ਹੇਰਾ,***
***ਡੂਬ ਮੂਏ ਬਿਨ ਪਾਣੀ ਜੀ।***

ਪਾਣੀ ਦੇ ਅੰਦਰ ਤਾਂ ਡੁੱਬਣ ਦਾ ਸਵਾਲ ਹੁੰਦਾ ਹੈ, ਬਗੈਰ ਪਾਣੀ ਤੋਂ ਜੇ ਡੁੱਬ ਜਾਵੇ? ਐਸਾ ਦਸਦੇ ਨੇ ਇੱਕ ਵਾਰੀ ਦਸ ਬੰਦੇ ਤੀਰਥ ਯਾਤਰਾ ਕਰਨ ਗਏ, ਸਾਧਾਰਣ ਮੱਤ ਦੇ ਸੀ, ਸਿੱਧੇ ਸੀ ਸਾਰੇ। ਅੱਗੇ ਜਾ ਕੇ ਇੱਕ ਨਦੀ ਆ ਗਈ। ਕਹਿਣ ਲੱਗੇ ਕਿ ਨਦੀ ਆ ਗਈ, ਨਦੀ ਇਹੋ ਜਿਹੀ ਸੀ ਕਿ ਜਿਹੜੀ ਆਹ ਰਤਵਾੜਾ ਸਾਹਿਬ ਸਾਡੇ ਪਿਛਲੇ ਪਾਸੇ ਚਲਦੀ ਹੈ, ਪਾਣੀ ਨਹੀਂ ਸੀਗਾ, ਬਰਸਾਤ ਹੋ ਜਾਏ ਪਾਣੀ, ਨਹੀਂ ਤਾਂ ਖੁਸ਼ਕ ਪਈ ਸੀ। ਕਹਿੰਦੇ ਫੇਰ ਕਿਵੇਂ ਲੰਘੀਏ, ਕਿਸ਼ਤੀ ਦੇਖੋ। ਕਹਿੰਦੇ ਕਿਸ਼ਤੀ ਤਾਂ ਇੱਥੇ ਹੈ ਨਹੀਂ, ਜਦੋਂ ਨਦੀ 'ਚ ਪਾਣੀ ਹੀ ਨਹੀਂ, ਕਿਸ਼ਤੀ ਦਾ ਕੀ

ਸਵਾਲ।

ਕਹਿੰਦੇ, ''ਫੇਰ?''

ਕਹਿੰਦੇ, ਕੱਪੜੇ ਲਾਹੋ ਸਿਰ 'ਤੇ ਬੰਨ੍ਹ ਲਓ, ਹੱਥ ਮਾਰੀ ਜਾਓ, ਪੈਰ ਮਾਰੀ ਜਾਓ, ਤੈਰਦੇ-ਤੈਰਦੇ ਨਿਕਲ ਜਾਵਾਂਗੇ। ਇਵੇਂ ਹੀ ਕਰ ਲਿਆ ਦਸਾਂ ਨੇ ਹੀ। ਰੇਤੇ 'ਤੇ ਲੱਤਾਂ ਮਾਰੀ ਜਾਂਦੇ ਨੇ, ਪੈਰ ਮਾਰੀ ਜਾਂਦੇ ਨੇ। ਘਸਰ-ਘਸਰ ਕੇ ਅਗਾਂਹਾਂ ਨੂੰ ਜਾਈ ਜਾਂਦੇ ਨੇ। ਉਥੇ ਜਾ ਕੇ ਕਹਿਣ ਲੱਗੇ ਕਿ ਨਦੀ ਤਾਂ ਲੰਘ ਆਏ, ਆਪਾਂ ਕਿੰਨੇ ਸੀਗੇ?

ਕਹਿੰਦੇ, ''ਦਸ।''

ਕਹਿੰਦੇ, ''ਗਿਣੋ। ਕੋਈ ਡੁੱਬ ਤਾਂ ਨਹੀਂ ਗਿਆ।''

ਗਿਣਨਾ ਸ਼ੁਰੂ ਕਰ ਦਿੱਤਾ; ਇੱਕ, ਦੋ, ਤਿੰਨ, ਚਾਰ, ਪੰਜ, ਛੇ, ਸੱਤ, ਅੱਠ, ਨੌਂ; ਨੌਂ 'ਤੇ ਮੁੱਕ ਜਾਏ।

ਕਹਿੰਦੇ, ''ਲੈ ਬਈ ਬੰਦਾ ਡੁੱਬ ਗਿਆ, ਆਪਣੇ ਨਾਲ ਦਾ।''

ਦੂਜਾ ਗਿਣਦਾ ਹੈ, ਜਦ ਉਹ ਗਿਣਦਾ ਹੈ ਆਪਣੇ ਆਪ ਨੂੰ ਗਿਣਦਾ ਨਹੀਂ, ਫੇਰ ਨੌਂ ਹੋਏ। ਕਹਿੰਦੇ ਲੈ ਬਈ, ਡੁੱਬ ਗਿਆ ਬੰਦਾ।

ਰੋਣ ਲੱਗ ਗਏ, ਉੱਚੀ-ਉੱਚੀ, ਐਸ ਤਰ੍ਹਾਂ ਪਤਾ ਨਹੀਂ ਲਗਦਾ ਕਿ ਕਿਹੜਾ ਡੁੱਬਿਆ ਹੈ, ਕਹਿੰਦੇ ਡੁੱਬਿਆ ਆਪਣੇ 'ਚੋਂ ਜ਼ਰੂਰ ਹੈ ਇੱਕ। ਐਨੇ ਨੂੰ ਕੋਈ ਚੰਗਾ ਅਕਲ ਵਾਲਾ ਪੁਰਸ਼ ਆ ਗਿਆ। ਕੋਲ ਗਿਆ, ਕਹਿੰਦੇ, ਨਦੀ ਦੇ ਕੰਢੇ ਬੈਠੇ ਰੋਂਦੇ ਨੇ, ਕੋਈ ਗੱਲ ਨਹੀਂ, ਸਮਾਨ ਇਨ੍ਹਾਂ ਦੇ ਕੋਲ ਹੈ। ਕਹਿੰਦਾ, ਕਿਉਂ ਬਾਈ, ਤੁਸੀਂ ਰੋਂਦੇ ਕਿਉਂ ਓਂ? ਕਹਿੰਦੇ, ਸਾਨੂੰ ਨਾ ਪੁੱਛ। ਸਾਡਾ ਤਾਂ ਬੰਦਾ ਰੁੜ ਗਿਆ ਨਦੀ 'ਚ। ਹੈਰਾਨ ਹੋ ਗਿਆ ਕਿ ਐਸ ਨਦੀ 'ਚ? ਕਹਿੰਦੇ ਹਾਂ। ਉਹਨੇ ਸੋਚਿਆ ਕਿ ਲੈ ਬਈ ਸਿੱਧੇ ਨੇ। ਕਹਿੰਦਾ, ਦਸੋ, ਕੀ ਗੱਲ ਹੈ? ਕਹਿੰਦੇ, ਜੀ ਸਾਡਾ ਬੰਦਾ ਪੂਰਾ ਕਰ ਦਿਓ। ਕਹਿੰਦਾ ਪੰਜ-ਪੰਜ ਰੁਪਏ ਦਿਓ ਸਾਰੇ। ਰਖਾ ਲਏ ਪੰਜਾਹ ਰੁਪਏ। ਇੱਕ ਦੇ ਮੁੱਕਾ ਮਾਰਦਾ ਹੈ ਕਹਿੰਦਾ ਜਦ ਮੈਂ ਮੁੱਕਾ ਮਾਰਾਂ, ਬੋਲੀ ਜਾਓ ਇੱਕ। ਦੂਜੇ ਦੇ ਮਾਰਿਆ, ਉਹ ਕਹਿੰਦਾ ਦੋ, ਤੀਜੇ ਦੇ ਮਾਰਿਆ ਤਿੰਨ, ਚੌਥੇ ਦੇ ਮਾਰਿਆ ਚਾਰ; ਇਸੇ ਤਰ੍ਹਾਂ ਦਸਵੇਂ ਦੇ ਮਾਰਿਆ ਦਸ। ਕਹਿੰਦਾ ਲੈ ਬਈ, ਪੂਰੇ ਹੋ ਗਏ। ਪੈਰੀਂ ਪਈ ਜਾਂਦੇ ਨੇ ਉਹਦੇ, ਕਹਿੰਦੇ ਅਸੀਂ ਤਾਂ ਇੱਕ ਬੰਦਾ ਡੋਬ ਬੈਠੇ ਸੀ, ਤੂੰ ਪੂਰਾ ਕਰ ਦਿੱਤਾ।

ਮਹਾਰਾਜ ਕਹਿੰਦੇ, ਆਹ ਸੰਸਾਰ ਦੀ ਹਾਲਤ ਹੈ, ਬਿਨਾਂ ਪਾਣੀ ਤੋਂ ਡੁੱਬਿਆ ਪਿਆ ਹੈ। ਪਾਣੀ 'ਚ ਤਾਂ ਡੁੱਬਦੇ ਨੇ। ਇਹਦੇ ਵਿੱਚ ਡੁੱਬੇ ਪਏ ਨੇ ਕਿਉਂਕਿ ਨਿਗੁਰੇ ਨੇ -

***ਕਾਲਰਿ ਬੀਜਸਿ ਦੁਰਮਤਿ ਐਸੀ .............॥***

***ਅੰਗ - 1275***

ਐਸੀ ਮੱਤ ਹੈ ਉਲਟੀ ਕਿ ਕੱਲਰ 'ਚ ਬੀਜ ਪਾਈ ਜਾਂਦਾ ਹੈ। ਕਣਕ ਬੀਜਣ ਲੱਗਿਆ ਪਿਆ ਹੈ, ਕਲਰ ਨੇ ਤਾਂ ਦਾਣਾ ਖਾ ਲੈਣਾ ਹੈ, ਉੱਗਣਾ ਹੀ ਨਹੀਂ ਇੱਥੇ।

*............ਨਿਗੁਰੇ ਕੀ ਨਿਸਾਣੀ ॥*
*ਸਤਿਗੁਰ ਬਾਝਹੁ ਘੋਰ ਅੰਧਾਰਾ ਡੂਬਿ ਮੁਏ ਬਿਨੁ ਪਾਣੀ ॥*
*ਅੰਗ - 1275*

ਕਹਿਣ ਲੱਗੇ, ਸੁਕਦੇਵ! ਗੁਰੂ ਕਰ ਬੇਟਾ ਜਾ ਕੇ, ਕਿਉਂਕਿ ਮੁਕਤ ਨਹੀਂ ਹੋਇਆ ਕਰਦੀ ਗੁਰੂ ਤੋਂ ਬਗੈਰ। ਕੇਵਲ ਸੰਸਾਰ ਦੇ ਅੰਦਰ ਪ੍ਰਮੇਸ਼ਰ ਗੁਰੂ ਰੂਪ ਧਾਰ ਕੇ ਆਉਂਦਾ ਹੈ। ਜਦੋਂ ਤੱਕ ਉਸ ਤੋਂ ਰਾਹ ਨਹੀਂ ਪੁੱਛਦੇ ਰਸਤਾ ਨਹੀਂ ਪਤਾ ਲਗਦਾ। ਮੁਕਤੀ ਦਾ ਰਸਤਾ ਕਿੱਧਰ ਨੂੰ ਜਾਂਦਾ ਹੈ? ਪੁੱਛ ਲਓ ਕਿਸੇ ਨੂੰ ਵੀ ਕਿ ਮੁਕਤੀ ਦਾ ਰਾਹ ਦੱਸੋ। ਪਤਾ ਹੈ ਕਿਸੇ ਨੂੰ? ਮਹਾਰਾਜ ਕਹਿੰਦੇ, ਨਾ, ਇਕੱਲੇ ਗੁਰੂ ਨੂੰ ਪਤਾ ਹੈ।

*ਗੁਰੁ ਕਰਤਾ ਗੁਰੁ ਕਰਣੈ ਜੋਗੁ ॥*
*ਗੁਰੁ ਪਰਮੇਸਰੁ ਹੈ ਭੀ ਹੋਗੁ ॥*
*ਕਹੁ ਨਾਨਕ ਪ੍ਰਭਿ ਇਹੈ ਜਨਾਈ ॥*
*ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥ ਅੰਗ - 864*

ਕਹਿੰਦੇ, ਮਲਾਹ ਵੀ ਆਪੇ ਹੀ ਹੈ ਤੇ ਜਹਾਜ਼ ਵੀ ਆਪੇ ਹੀ ਹੈ।

*ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ ॥*
*ਅੰਗ - 1401*

ਅੱਜ ਤੱਕ ਤਾਂ ਕਹਿੰਦੇ ਕੋਈ ਤਰਿਆ ਨਹੀਂ।

*ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ ॥*
*ਅੰਗ - 1401*

ਲੇਕਿਨ ਗੁਰੂ ਮਿਲਦਾ ਨਹੀਂ -

*ਬਿਨੁ ਭਾਗਾ ਸਤਿਗੁਰੁ ਨਾ ਮਿਲੈ*
*ਘਰਿ ਬੈਠਿਆ ਨਿਕਟਿ ਨਿਤ ਪਾਸਿ ॥ ਅੰਗ - 40*

ਗੁਰੂ ਕੋਲ ਹੀ ਰਹਿੰਦਾ ਹੈ ਆਹ ਸਰੀਰ ਦੇ ਅੰਦਰ, ਪਰ ਭਾਗਾਂ ਤੋਂ ਬਗੈਰ ਮਿਲਦਾ ਨਹੀਂ ਹੈ -

*ਅੰਤਰਿ ਅਗਿਆਨ ਦੁਖੁ ਭਰਮੁ ਹੈ*
*ਵਿਚਿ ਪੜਦਾ ਦੂਰਿ ਪਈਆਸਿ ॥ ਅੰਗ - 40*

ਕਹਿੰਦੇ, ਪੜਦਾ ਪੈ ਗਿਆ ਤੇ ਦੂਰ ਲੱਗੀ ਜਾਂਦਾ ਹੈ। ਹੁਣ ਗੁਰੂ ਤੋਂ ਬਗੈਰ ਨਹੀਂ ਪਤਾ ਲਗਦਾ। ਸੋ ਇਸ ਤਰ੍ਹਾਂ ਸੰਸਾਰ ਦੇ ਅੰਦਰ ਸੰਸਾਰ ਤੁਰਿਆ ਜਾਂਦਾ ਹੈ, ਬੇਪਰਵਾਹ ਹੋ ਕੇ ਜਾ ਰਿਹਾ ਹੈ, ਪਤਾ ਨਹੀਂ ਕਿ ਮੈਂ ਤਾਂ ਡੁੱਬਦਾ ਜਾ ਰਿਹਾ ਹਾਂ। ਸੰਸਾਰ 'ਤੇ ਤਾਂ ਰਹਿਣਾ ਨਹੀਂ ਸਾਧਸੰਗਤ ਜੀ। ਸਿਆਣੇ ਬੰਦੇ ਸੋਚਦੇ ਨੇ ਕਿ-

*...........ਨਿਗੁਰੇ ਕਾ ਹੈ ਨਾਉ ਬੁਰਾ ॥ ਅੰਗ - 435*

ਨਿਗੁਰਾ ਨਾ ਰਹਿਣ ਦੇਈਏ ਬੱਚਿਆਂ ਨੂੰ।

ਗੁਰੂ ਦਸ਼ਮੇਸ਼ ਪਿਤਾ ਅੱਜ ਸੰਸਾਰ ਦਾ ਉਧਾਰ ਕਰ ਰਹੇ ਨੇ। ਐਸੇ ਗੁਰੂ ਨੇ, ਕਿੰਨਾ ਸਮਾਂ ਲੰਘ ਗਿਆ ਸਾਡੇ ਹਿਰਦਿਆਂ 'ਚ ਉਨ੍ਹਾਂ ਦੀ ਯਾਦ ਨਿਕਲਣੀ ਤਾਂ ਕੀ ਸੀ, ਡੂੰਘੀ ਹੁੰਦੀ ਤੁਰੀ ਜਾਂਦੀ ਹੈ। ਜਿਉਂ-ਜਿਉਂ ਜ਼ਿੰਦਗੀ ਲੰਘਦੀ ਹੈ, ਗੁਰੂ ਦਸ਼ਮੇਸ਼ ਪਿਤਾ ਦਾ ਪਿਆਰ ਡੂੰਘਾ ਹੀ ਡੂੰਘਾ ਸਿੰਜਰਦਾ ਜਾਂਦਾ ਹੈ।

ਉਸ ਵੇਲੇ ਦੂਰ-ਦਰਾਜ਼ ਤੱਕ ਸਿੱਖੀ ਫੈਲੀ ਹੋਈ ਸੀ, ਕਾਬਲ ਕੰਧਾਰ, ਈਰਾਨ, ਤਾਸ਼ਕੰਦ, ਲੰਕਾ, ਜਾਵਾ, ਸੁਮਾਟਰਾ, ਬ੍ਰਹਮਾ, ਤਿੱਬਤ, ਚੀਨ, ਸਾਰੇ ਸਿੱਖੀ ਸੀ, ਚਾਰੋਂ ਪਾਸੇ। ਜਦੋਂ ਗੁਰੂ ਮਹਾਰਾਜ ਨੇ ਪੰਜ ਪਿਆਰੇ ਛਾਂਟੇ, ਸਾਰੇ ਹਿੰਦੋਸਤਾਨ 'ਚੋਂ ਆਏ ਸੀ। ਪੰਜਾਬ ਦਾ ਤਾਂ ਇੱਕੋ ਹੀ ਸੀ ਲਾਹੌਰ ਦਾ, ਭਾਈ ਦਇਆ ਸਿੰਘ ਜੀ। ਬਾਕੀ ਚਾਰ ਪੰਜਾਬ ਤੋਂ ਬਾਹਰ ਦੇ ਸੀ, ਬਾਹਰਲੇ ਸੂਬਿਆਂ ਦੇ। ਸੋ ਉਨ੍ਹਾਂ ਹੀ ਦਿਨਾਂ ਦੇ ਅੰਦਰ ਇੱਕ ਬਹੁਤ ਪੜ੍ਹਿਆ ਲਿਖਿਆ ਪੁਰਸ਼ ਜਿਸਦਾ ਨਾਮ ਛੱਜੂ ਰਾਮ ਸੀ, ਫਾਰਸੀ ਦਾ ਵਿਦਵਾਨ, ਸੰਸਕ੍ਰਿਤ ਦਾ ਵਿਦਵਾਨ, ਅਰਬੀ ਦਾ ਵਿਦਵਾਨ, ਉਰਦੂ ਦਾ ਵਿਦਵਾਨ, ਹਿੰਦੀ ਦਾ ਵਿਦਵਾਨ, ਕਿੰਨੀਆਂ ਜ਼ੁਬਾਨਾਂ ਦਾ ਵਿਦਵਾਨ ਤੇ ਫੇਰ ਅਕਲ ਦਾ ਪੂਰਾ ਕੋਸ਼, ਗਜ਼ਨੀ 'ਚ ਰਿਹਾ ਕਰਦਾ ਸੀ। ਉਥੇ ਦੇ ਨਵਾਬ ਨੇ ਜਦੋਂ ਏਸ ਦੀ ਲਿਆਕਤ ਦੇਖੀ ਤਾਂ ਏਸਨੂੰ ਆਪਣਾ ਚੀਫ ਮਨਿਸਟਰ ਬਣਾ ਦਿੱਤਾ, ਵੱਡਾ ਵਜ਼ੀਰ। ਦੀਵਾਨ-ਏ-ਖਾਸ ਬਣਾ ਦਿੱਤਾ। ਦੀਵਾਨ-ਏ-ਆਜ਼ਮ ਬਣਾ ਦਿੱਤਾ। ਸੋ ਉਹ ਪ੍ਰਮੇਸ਼ਰ ਦੀ ਭਗਤੀ ਵੀ ਕਰਿਆ ਕਰਦੇ ਸੀ ਤੇ ਆਪਣੀ ਡਿਊਟੀ ਵੀ ਦਿਆ ਕਰਦੇ ਸੀ। ਪ੍ਰਦੇਸ਼ਾਂ 'ਚ ਰਹਿ ਕੇ ਉਨ੍ਹਾਂ ਨੇ ਆਪਣੀ ਵਿਦਵਤਾ ਦੀ ਕਦਰ ਪੁਆ ਲਈ। ਉਨ੍ਹਾਂ ਦਾ ਲੜਕਾ ਜੋ ਗੁਰੂ ਘਰ ਦੇ ਇਤਿਹਾਸ ਦੇ ਅੰਦਰ, ਬਹੁਤ ਹੀ ਮਾਣ ਦੇ ਨਾਲ, ਪਿਆਰ ਦੇ ਨਾਲ, ਯਾਦ ਕੀਤਾ ਜਾਂਦਾ ਹੈ।

ਦੋ ਗੁਰਸਿੱਖ ਐਸੇ ਹੋਏ ਨੇ ਗੁਰੂ ਘਰ ਦੇ ਅੰਦਰ ਜਿਨ੍ਹਾਂ ਨੂੰ ਮਾਨਤਾ ਗੁਰੂਆਂ ਨੇ ਆਪਣੇ ਹੱਥੀਂ ਦਿੱਤੀ। ਉਨ੍ਹਾਂ 'ਚ ਪਹਿਲੇ ਤਾਂ ਭਾਈ ਗੁਰਦਾਸ ਜੀ ਸੀ। ਉਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਦੱਸਿਆ ਹੈ। ਦੂਸਰੇ ਭਾਈ ਨੰਦ ਲਾਲ ਜੀ, ਭਾਈ ਨੰਦ ਲਾਲ ਜੀ ਦੀ ਬਾਣੀ ਨੂੰ ਬਹੁਤ ਉੱਚਾ ਦੱਸਿਆ ਹੈ। ਜਿਹੜਾ ਏਸ ਬਾਣੀ 'ਤੇ ਚੜ੍ਹ ਜਾਵੇ ਉਹ ਭਗਤੀ ਦੇ ਜਹਾਜ਼ 'ਤੇ ਚੜ੍ਹ ਜਾਏਗਾ, ਪਿਆਰ ਦੇ ਜਹਾਜ਼ 'ਤੇ ਚੜ੍ਹ ਜਾਏਗਾ। ਕਿਉਂਕਿ ਪਿਆਰ ਦੇ ਨਾਲ ਸਭ ਤੋਂ ਛੇਤੀ ਪ੍ਰਮੇਸ਼ਰ ਮਿਲਦਾ ਹੈ। ਸੋ ਇਹ ਬਾਰ੍ਹਾਂ ਸਾਲ ਦੇ ਹੋ ਗਏ, ਬਾਰ੍ਹਾਂ ਸਾਲ 'ਚ ਐਨੀ ਲਿਆਕਤ ਹਾਸਲ ਹੋ ਗਈ ਕਿ ਦੂਰ-ਦਰਾਜ਼ ਤੱਕ ਗਜ਼ਨੀ 'ਚ, ਉਲਮਾ 'ਚ, ਪੜ੍ਹੇ ਲਿਖੇ ਬੰਦਿਆਂ 'ਚ ਇਨ੍ਹਾਂ ਦਾ ਨਾਉਂ ਆਉਣ ਲੱਗ ਗਿਆ ਕਿ ਬੱਚਾ ਛੋਟਾ ਜਿਹਾ ਹੈ ਪਰ ਕੁਦਰਤ ਨੇ ਐਸੀ ਉਹਨੂੰ ਵਿਦਿਆ ਬਖਸ਼ੀ ਹੈ, ਐਸਾ ਅਨੁਭਵ ਬਖਸ਼ਿਆ ਹੈ ਕਿ ਕੋਈ ਅੱਜ ਉਹਦਾ ਸਾਨੀ ਨਹੀਂ ਹੈ। ਮੁਕਾਬਲਾ ਨਹੀਂ ਕਰ ਸਕਦਾ। ਬਾਰ੍ਹਾਂ ਸਾਲ ਦੇ ਹੋ ਗਏ, ਉਸ ਵੇਲੇ ਉਨ੍ਹਾਂ ਦੇ ਕੁਲ ਗੁਰੂ, ਆਪਣੇ ਸੇਵਕਾਂ

ਦਾ ਉਧਾਰ ਕਰਦੇ-ਕਰਦੇ ਕਿਉਂਕਿ ਪਹਿਲੇ ਜ਼ਮਾਨਿਆਂ 'ਚ ਮਹਾਤਮਾ ਰਟਨ ਕਰਿਆ ਕਰਦੇ ਸੀ। ਆਪ ਦੂਰ-ਦਰਾਜ਼ ਜਾ ਕੇ ਮਿਲਿਆ ਕਰਦੇ ਸੀ, ਮਿਹਰਬਾਨੀ ਸੀ ਉਨ੍ਹਾਂ ਦੀ ਸੋ ਇਸਲਾਮ ਦੇ ਦੇਸ਼ ਵਿਚੀਂ ਅਫਗਾਨਿਸਤਾਨ 'ਚ ਲੰਘ ਕੇ, ਗਜ਼ਨੀ 'ਚ ਆਪਣੇ ਸੇਵਕ ਬਹੁਤ ਸਾਰੇ ਸੀ ਉਥੇ ਧਰਮਸਾਲਾ ਬਣੀ ਹੋਈ ਸੀ, ਓਸ ਥਾਂ ਆਪ ਜਾ ਕੇ ਬਿਰਾਜੇ। ਨੰਦਲਾਲ ਜੀ ਦਾ ਪਿਤਾ ਵੀ ਦਰਸ਼ਨ ਕਰਨ ਜਾਂਦਾ ਹੈ ਤੇ ਬਚਨ ਸਰਵਣ ਕਰੇ ਕਿ ਗੁਰੂ ਧਾਰਨਾ ਜ਼ਰੂਰੀ ਹੈ -

***...........ਨਿਗੁਰੇ ਕਾ ਹੈ ਨਾਉ ਬੁਰਾ ॥ ਅੰਗ - 435***

ਜਿੱਥੇ ਨਿਗੁਰਾ ਬੈਠ ਜਾਵੇ ਧਰਤੀ ਭ੍ਰਿਸ਼ਟ ਹੋ ਜਾਂਦੀ ਹੈ। ਖਿਆਲ ਆਇਆ ਕਿ ਮਨਾ! ਜ਼ਿੰਦਗੀ ਦਾ ਕੀ ਪਤਾ ਹੈ, ਐਸਾ ਨਾ ਹੋਵੇ ਕਿ ਬੱਚਾ ਨਿਗੁਰਾ ਰਹਿ ਜਾਵੇ। ਸੋ ਬਾਰ੍ਹਾਂ ਸਾਲ ਦੇ ਨੰਦਲਾਲ ਜੀ ਬਾਰੇ ਉਨ੍ਹਾਂ ਨੇ ਸਵਾਮੀ ਜੀ ਦੇ ਪਾਸ ਜਾ ਕੇ ਬੇਨਤੀ ਕਰੀ ਕਿ ਮਹਾਂਪੁਰਸ਼ੋ! ਮੇਰਾ ਪੁੱਤਰ ਬੜਾ ਸੋਝੀ ਵਾਲਾ ਹੈ, ਆਪ ਉਨ੍ਹਾਂ ਦੇ ਗਲ ਵਿੱਚ ਕੰਠੀ ਪਾ ਦਿਓ ਤੇ ਉਨ੍ਹਾਂ ਨੂੰ ਆਪਣੇ ਸੇਵਕ ਬਣਾ ਲਓ ਤਾਂ ਕਿ ਉਹ ਨਿਗੁਰੇ ਨਾ ਰਹਿ ਜਾਣ। ਕਹਿਣ ਲੱਗੇ, ਠੀਕ ਹੈ, ਸਮਾਗਮ ਬੁਲਾ ਲਿਆ ਗਿਆ। ਸਾਰੇ ਜਿੰਨਾਂ ਹਿੰਦੂ ਭਾਈਚਾਰਾ ਸੀ ਤੇ ਸਿੱਖ ਭਾਈਚਾਰਾ ਉਥੇ ਸੀ ਕਿਉਂਕਿ ਰਲਦੇ ਮਿਲਦੇ, ਵਰਤਦੇ ਆਪਸ ਵਿੱਚ ਉਵੇਂ ਜਿਵੇਂ ਸੀ, ਸੋ ਉਸ ਵੇਲੇ ਸਾਰਿਆਂ ਨੂੰ ਇਕੱਠੇ ਕਰ ਲਿਆ, ਗੁਰੂ ਵੀ ਆ ਗਏ ਤੇ ਨੰਦਲਾਲ ਜੀ ਨੂੰ ਨਾ ਦੱਸਿਆ। ਨੰਦਲਾਲ ਜੀ ਨੂੰ ਬੁਲਾ ਲਿਆਂਦਾ, ਚੌਂਕੀ 'ਤੇ ਬਿਠਾ ਲਿਆ ਕਹਿਣ ਲੱਗੇ, ਬੇਟਾ! ਬਾਰ੍ਹਾਂ ਸਾਲ ਦੀ ਤੇਰੀ ਉਮਰ ਹੋ ਗਈ, ਨਿਗੁਰਾ ਨਹੀਂ ਰਹਿਣਾ ਚਾਹੀਦਾ।

ਕਹਿੰਦੇ, "ਫੇਰ ਪਿਤਾ ਜੀ! ਕੀ ਕਰਿਆ ਜਾਵੇ?"

ਕਹਿੰਦੇ, "ਗੁਰੂ ਜੀ ਆਏ ਹੋਏ ਨੇ ਇਹ ਕੰਠੀ ਗਲ ਵਿੱਚ ਪਾਉਣਗੇ, ਤੂੰ ਕੰਠੀ ਪੁਆ ਲੈ। ਐਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਗੁਰੂ ਧਾਰ ਲੈ ਨਿਗੁਰੇ ਦਾ ਹੈ ਨਾਉ ਬੁਰਾ,***
***ਕੰਠੀ ਗਲ ਵਿੱਚ ਪਾ ਲੈ ਆਪਣੇ।***

ਬੜੇ ਪਿਆਰ ਨਾਲ ਬੁਲਾ ਲਿਆ, ਪਿਤਾ ਬਹੁਤ ਪੜ੍ਹਿਆ ਲਿਖਿਆ ਸੀ। ਪਤਾ ਸੀ ਕਿ ਬੱਚਾ ਬਹੁਤ ਵਿਦਵਾਨ ਹੈ ਛੋਟੀ ਉਮਰ 'ਚ। ਬੜੇ ਪਿਆਰ ਨਾਲ ਕਹਿਣ ਲੱਗੇ, ਭਾਈ ਸੰਤੋਖ ਸਿੰਘ ਜੀ ਲਿਖਦੇ ਨੇ ਕਿ -

***ਹਿਤ ਉਪਦੇਸ਼ ਬਿਠਾਯਹੁ ਪਾਸ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5076***

ਕੋਲ ਬੁਲਾ ਲਿਆ ਪਿਆਰ ਦੇ ਨਾਲ।

***ਕਹਿ ਸੁਤ ਸੋਂ 'ਹਮ ਹੈਂ ਹਰਿ ਦਾਸ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5076***

ਬੇਟਾ! ਆਪਾਂ ਬੈਰਾਗੀ ਹੁੰਦੇ ਹਾਂ, ਮੇਰਾ ਪਿਤਾ ਵੀ ਬੈਰਾਗੀ ਸੀ,

ਉਹਦਾ ਪਿਤਾ ਵੀ ਬੈਰਾਗੀ ਸੀ, ਆਪਾਂ ਹਰੀ ਦੇ ਦਾਸ ਹਾਂ। -

*ਗੁਰੂ ਬੈਸ਼ਨੋ ਧਾਰਨ ਕਰੋ॥*
*ਤਿਸ ਆਗਯਾ ਕੇ ਨਿਤ ਅਨੁਸਰੋ॥*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5076***

ਹੁਣ ਗੁਰੂ ਜੀ ਆਏ ਹੋਏ ਨੇ ਸਾਡੇ, ਤੁਸੀਂ ਵੀ ਗੁਰੂ ਧਾਰਨ ਕਰ ਲਓ ਇਨ੍ਹਾਂ ਨੂੰ, ਜਿਸ ਤਰ੍ਹਾਂ ਹੁਕਮ ਦੇਣਗੇ, ਉਸ ਤਰ੍ਹਾਂ ਨਾਲ ਚੱਲੋ।

*ਕੰਠੀ ਅਪਨੇ ਕੰਠ ਬੰਧਾਵਹੁ।*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5076***

ਆਪਣੇ ਮੁਬਾਰਕ ਹੱਥਾਂ ਦੇ ਨਾਲ ਤੁਹਾਡੇ ਗਲ ਵਿੱਚ ਕੰਠੀ ਪਾ ਦੇਣਗੇ -

*ਧਰਮ ਬੈਸ਼ਨੋ ਕੇ ਮਹਿੰ ਆਵਹੁ।*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5076***

ਕਹਿੰਦੇ, ਫੇਰ ਤੁਸੀਂ ਬੈਸ਼ਨੋ ਧਰਮ 'ਚ ਆ ਜਾਓਂਗੇ -

*ਗੁਰ ਨੇ ਭਨਯੋ ਧਰਮ ਕੋ ਧਾਰ।*
*ਕੰਠੀ ਪਾਵਹੁ ਕੰਠ ਮਝਾਰ।*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5076***

ਗੁਰੂ ਨੇ ਵੀ ਇਹ ਗੱਲ ਕਹੀ ਕਿ ਬੇਟਾ! ਨੰਦਲਾਲ ਤੂੰ ਕੰਠੀ ਆਪਣੇ ਗਲ ਦੇ ਵਿੱਚ ਪਾ ਲੈ। ਦੋਵੇਂ ਹੱਥ ਜੋੜ ਲਏ। ਕਿਉਂਕਿ ਬੁੱਧੀ ਤਰਕਸ਼ੀਲ ਸੀ, ਗੱਲ ਦਾ ਨਿਰਣਾ ਕਰਕੇ ਮੰਨਦੀ ਸੀ। ਜੋ ਬੰਦਾ ਨਿਰਨਾ ਕਰਕੇ ਗੱਲ ਮੰਨ ਲਵੇ, ਉਹਦੇ ਡੋਲਣ ਦਾ ਨਹੀਂ ਖਤਰਾ ਹੁੰਦਾ। ਜਿਹੜਾ ਐਵੇਂ ਹੀ ਕਹੇ-ਕਹਾਏ 'ਤੇ ਕਿ ਤੂੰ ਅੰਮ੍ਰਿਤ ਛਕ ਲੈ, ਅੰਮ੍ਰਿਤ ਛਕ ਲੈ। ਛਕ ਲਵੇ ਉਹ ਡੋਲ ਜਾਇਆ ਕਰਦਾ ਹੈ। ਪਹਿਲਾਂ ਇਹ ਪਤਾ ਹੋਣਾ ਚਾਹੀਦਾ ਹੈ ਕਿ ਮੈਂ ਅੰਮ੍ਰਿਤ ਕਿਉਂ ਛਕਦਾ ਹਾਂ। ਸੋ ਬੁੱਧੀ ਤੇਜ਼ ਸੀ।

ਗੁਰੂ ਨਾਨਕ ਪਾਤਸ਼ਾਹ ਜਦੋਂ ਆਪ ਵੀ ਏਸ ਉਮਰ 'ਚ ਹੋਏ ਉਸ ਵੇਲੇ ਕੁਲਾਰੀਤ ਦੇ ਅਨੁਸਾਰ ਪਿਤਾ ਕਾਲੂ ਜੀ ਨੇ ਭਾਈਚਾਰਾ ਬੁਲਾਇਆ, ਬੇਅੰਤ ਬ੍ਰਾਹਮਣ ਬੁਲਾਏ, ਆਪਣੇ ਘਰ ਬ੍ਰਹਮ ਭੋਜ ਕਰਿਆ ਤੇ ਓਸ ਵੇਲੇ ਗੁਰੂ ਨਾਨਕ ਨੂੰ ਆ ਕੇ ਪਾਧਾ ਹਰਿਦਾਸ ਜੀ ਕਹਿਣ ਲੱਗੇ ਕਿ ਤੁਸੀਂ ਜਨੇਊ ਪਾ ਲਓ। ਕਿਉਂਕਿ ਜੋ ਖੱਤਰੀ ਹੈ ਉਹ ਸਣ ਦਾ ਜਨੇਊ ਰੱਖਦਾ ਹੈ। ਬ੍ਰਾਹਮਣ ਸੂਤ ਦਾ ਜਨੇਊ ਪਾਂਦਾ ਹੈ, ਵੈਸ਼ ਦੇ ਉੱਨ ਦਾ ਜਨੇਊ ਹੋਇਆ ਕਰਦਾ ਹੈ, ਸ਼ੂਦਰ ਦੇ ਕੋਈ ਜਨੇਊ ਨਹੀਂ ਹੋਇਆ ਕਰਦਾ। ਸੋ 'ਯਗੋ ਪਵੀਤ' ਦੀ ਜੋ ਰਸਮ ਹੈ ਉਹ ਤੂੰ ਕਰ ਲੈ ਤਾਂਕਿ ਜਨੇਊ ਤੋਂ ਬਗੈਰ ਨਾ ਰਹੀਏ। ਉਸ ਵੇਲੇ ਮਹਾਰਾਜ ਨੇ ਤਰਕਸ਼ੀਲ ਸੀ ਕਹਿਣ ਲੱਗੇ, ਪਾਧਾ ਜੀ! ਇਹਦੇ ਪਾਏ 'ਤੇ ਕੀ ਹੋਏਗਾ? ਇਹਦੇ ਪਾਉਣ ਨਾਲ ਧਰਮ ਵਿੱਚ ਆ ਜਾਵਾਂਗੇ, ਫੇਰ ਜਮਦੂਤ ਨਹੀਂ ਕੁਛ ਕਹਿਣਗੇ।

ਕਹਿੰਦੇ, ''ਫੇਰ ਇਹ ਤਾਂ ਟੁੱਟ ਜਾਂਦਾ ਹੈ। ਇਹ ਮੇਰੇ ਨਾਲ ਜਾਏਗਾ

ਦਰਗਾਹ 'ਚ?''

ਚੁੱਪ ਹੋ ਗਏ ਸਾਰੇ।

ਸਵਾਲ ਕਰਦੇ ਮਹਾਰਾਜ ਇਸ ਤਰ੍ਹਾਂ ਦੇ ਨਾਲ -

***ਧਾਰਨਾ - ਦਰਗਾਹ ਵਿੱਚ ਨਾ ਜਨੇਊ ਨਾਲ ਜਾਣਾ,***
***ਭਰਮਾਂ ਵਿੱਚ ਕਾਹਨੂੰ ਭੁੱਲਿਐਂ।***

ਕਹਿਣ ਲੱਗੇ, ''ਨਾਲ ਜਾਏਗਾ ਮੇਰੇ?''

ਚੁੱਪ ਕਰ ਗਏ ਸਾਰੇ। ਕਹਿੰਦੇ, ਜਦੋਂ ਸਸਕਾਰ ਕਰੋਂਗੇ ਉਸ ਵੇਲੇ ਜਨੇਊ ਮੇਰੇ ਨਾਲ ਜਾਏਗਾ?

ਕਿਉਂਕਿ ਜੀਵ ਜਿਹੜਾ ਹੈ ਉਹ ਮਰਦਾ ਨਹੀਂ ਹੈ -

***ਮਰਣਹਾਰੁ ਇਹੁ ਜੀਅਰਾ ਨਾਹੀ ॥ ਅੰਗ - 188***

ਕਹਿੰਦੇ, ਉਹ ਤਾਂ ਨਾਲ ਨਹੀਂ ਜਾਂਦਾ, ਕਹਿੰਦੇ ਫੇਰ ਮੇਰੇ ਉਹ ਜਨੇਊ ਪਾਓ ਜਿਹੜਾ ਇਥੇ ਵੀ ਨਾਲ ਨਿਭੇ ਤੇ ਅੱਗੇ ਵੀ ਨਾਲ ਨਿਭੇ।

ਕਹਿੰਦੇ, ਨਾਨਕ ਜੀ! ਐਸਾ ਜਨੇਊ ਵੀ ਕੋਈ ਹੁੰਦਾ ਹੈ?

ਕਹਿੰਦੇ, ਹਾਂ, ਕਪਾਹ ਉਹਦੀ ਹੋਰ ਹੈ, ਸੂਤ ਉਹਦਾ ਹੋਰ ਹੈ, ਵੱਟ ਉਹਦਾ ਹੋਰ ਹੈ ਤੇ ਗੰਢ ਉਹਦੀ ਹੋਰ ਹੈ। ਜੇ ਉਹ ਲੱਭ ਜਾਵੇ ਫੇਰ ਨਾਲ ਜਾਏਗਾ ਦਰਗਾਹ ਦੇ। ਕਹਿੰਦੇ, ਉਹ ਕਿਹੋ ਜਿਹਾ ਹੈ?

ਮਹਾਰਾਜ ਕਹਿੰਦੇ, ''ਦਇਆ ਕਪਾਹ'' ਦਇਆ ਹਿਰਦੇ 'ਚ ਧਾਰ ਲੈ, ਕਪਾਹ ਲੈ ਲੈ। ਬਿਰਤੀ 'ਚ ਸੰਤੋਖ ਧਾਰ ਲੈ। ਨੇਤਰਾਂ 'ਚ ਸੰਤੋਖ ਧਾਰ ਲੈ -

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਅੰਗ - 274***

***ਕਰਨ ਨ ਸੁਨੈ ਕਾਹੂ ਕੀ ਨਿੰਦਾ ॥ ਅੰਗ - 274***

ਮਾੜਾ ਕੰਮ ਹੱਥਾਂ ਨਾਲ ਨਾ ਕਰ, ਪੈਰਾਂ ਨਾਲ ਮਾੜੇ ਥਾਉਂ ਚੱਲ ਕੇ ਨਾ ਜਾ। ਇਹ ਸੰਤੋਖ ਧਾਰ ਲੈ ਭਾਈ, ਇਹਦਾ ਸੂਤ ਬਣਾ ਲੈ ਕਪਾਹ ਦਾ। ਜਤ ਜਿਹੜਾ ਹੈ, ਸਾਰੇ ਇੰਦਰਿਆਂ ਦਾ ਜਤ, ਅੱਖਾਂ ਦਾ, ਕੰਨਾਂ ਦਾ, ਸਰੀਰ ਦਾ, ਹੱਥਾਂ ਦਾ, ਪੈਰਾਂ ਦਾ; ਇਹ ਜਤ ਦੀ ਤੂੰ ਗੰਢ ਦੇ ਲੈ ਤੇ ਸੱਚੇ ਜੀਵਨ ਦਾ ਵੱਟ ਦੇ ਲੈ। ਪਾਖੰਡ ਨਾ ਕਰ। double faith (ਦਵੰਦ ਵਿਚ) ਨਾ ਹੋ, ਜਿਹੋ ਜਿਹਾ ਹੈਗਾ, ਉਹੋ ਜਿਹਾ ਹੀ ਰਹਿ -

***ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥***
***ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ ਅੰਗ - 471***

ਹੈ ਤੇਰੇ ਕੋਲ? ਕਹਿੰਦਾ, ਇਹ ਤਾਂ ਹੈ ਨਹੀਂ।

ਕਹਿੰਦੇ, ਇਹ ਜਿਹੜਾ ਹੈ -

***ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥***

***ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥ ਅੰਗ - 471***

ਕਹਿੰਦੇ, ਚਾਰ ਟਕਿਆ ਦਾ ਲੈ ਆਂਦਾ ਸੂਤ, ਚਾਰ ਕੌਡੀਆਂ ਦਾ ਤੇ ਚੌਂਕਾ ਬਣਾ ਲਿਆ। ਇਹਦੇ 'ਤੇ ਬਿਠਾ ਲਿਆ ਕਿ ਤੇਰੇ ਜਨੇਊ ਗਲ ਪਾਉਣਾ ਹੈ ਤੇ ਗੁਰੂ ਬ੍ਰਾਹਮਣ ਬਣ ਗਿਆ। ਕੰਨ ਦੇ ਵਿੱਚ ਮੰਤਰ ਦੇ ਦਿੱਤਾ। ਕਹਿੰਦੇ, ਇਹ ਤਾਂ ਮਰ ਜਾਣਾ ਹੈ, ਝੜ ਜਾਣਾ ਹੈ, ਵੇਤਗਾ ਹੀ ਦਰਗਾਹ 'ਚ ਜਾਣਾ ਹੈ। ਜਨੇਊ ਉਹ ਪਾ ਜਿਹੜਾ ਨਾਲ ਜਾਵੇ।

***ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥***
***ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥***
***ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥***

***ਅੰਗ - 471***

ਸਾਰੇ ਹੀ ਨਿਰੁੱਤਰ ਹੋ ਗਏ। ਏਸੇ ਤਰ੍ਹਾ ਦੇ ਨਾਲ ਨੰਦਲਾਲ ਜੀ ਕਹਿਣ ਲੱਗੇ ਕਿ ਗੁਰੂ ਜੀ, ਮੈਨੂੰ ਗੁਰੂ ਧਾਰਨ ਦੀ ਬੜੀ ਲਾਲਸਾ ਹੈ। ਮੈਂ ਜਾਣਦਾ ਹਾਂ ਕਿ ਨਿਗੁਰਾ ਨਹੀਂ ਬੰਦੇ ਨੂੰ ਰਹਿਣਾ ਚਾਹੀਦਾ। ਪਰ ਗੁਰੂ ਪਛਾਣ ਕੇ ਹੋ ਜਾਏ ਤਾਂ ਚੰਗਾ ਹੈ ਤੇ ਤੁਸੀਂ ਕੰਠੀ ਮੇਰੇ ਗਲ 'ਚ ਪਾ ਦਿਓ। ਉਹ ਪਰ ਪਾਓ ਐਸੀ ਜਿਹੜੀ ਮੇਰੇ ਨਾਲ ਨਿਭ ਜਾਏ, ਐਸ ਤਰ੍ਹਾਂ ਕਹਿੰਦੇ ਨੇ -

***ਧਾਰਨਾ - ਜਿਹੜੀ ਨਿਭ ਜਾਏ ਨਾਲ ਪ੍ਰਾਣ,***
***ਐਸੀ ਕੰਠੀ ਪਾ ਦਿਓ।***

ਕਹਿਣ ਲੱਗੇ, ਗੁਰੂ ਜੀ! ਮੈਂ ਕੰਠੀ ਪੁਆਉਣ ਤੋਂ ਨਹੀਂ ਜਵਾਬ ਦੇ ਰਿਹਾ। ਪਰ ਐਸੀ ਕੰਠੀ ਪਾਇਓ ਜਿਹੜੀ ਮੇਰੇ ਪ੍ਰਾਣਾਂ ਦੇ ਨਾਲ, ਜੀਅ ਦੇ ਨਾਲ ਨਿਭ ਜਾਵੇ ਤੇ ਜਿੱਥੇ ਮੈਂ ਜਾਵਾਂ ਉਥੇ ਮਾਣ ਹੋਵੇ -

***ਧੰਨਿ ਧੰਨਿ ਕਹੈ ਸਭੁ ਕੋਇ ॥ ਮੁਖ ਊਜਲ ਹਰਿ ਦਰਗਹ ਸੋਇ ॥***

***ਅੰਗ - 283***

ਬੇਨਤੀ ਕਰਨ ਲੱਗੇ ਕਿ ਨੰਦਲਾਲ -

***ਨੰਦਲਾਲ ਕਰ ਜੋਰਿ ਬਖਾਨਾ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5076***

ਹੱਥ ਜੋੜ ਲਏ ਦੋਵੇਂ -

***ਇਸ ਕੰਠੀ ਤੇ ਅਨੰਦ ਨ ਜਾਨਾ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5076***

ਜਿਹੜੀ ਤੁਸੀਂ ਮੇਰੇ ਗਲ 'ਚ ਪਾਉਣ ਲੱਗੇ ਓਂ, ਇਹ ਤਾਂ ਮੈਂ ਬਹੁਤ ਪਾਈ ਦੇਖੀ ਹੈ, ਓਹੀ ਕ੍ਰੋਧ, ਓਹੀ ਲੋਭ, ਓਹੀ ਮੋਹ, ਓਹੀ ਅਹੰਕਾਰ, ਓਹੀ ਸ਼ੰਕੇ; ਇਹ ਤਾਂ ਇੱਕ ਬੋਝ ਗਲ ਵਿੱਚ ਪਾ ਲਿਆ। ਅਨੰਦ ਤਾਂ ਆਇਆ ਨਹੀਂ। ਤੁਸੀਂ ਮੈਨੂੰ ਕੋਈ ਬਾਣੀ ਦੀ, ਕੋਈ ਨਾਮ ਦੀ ਕੰਠੀ ਪਾਓ। ਅੰਦਰ ਵਸ ਜਾਵੇ -

***ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥***

***ਅੰਗ - 795***

ਇਹੋ ਜਿਹੀ ਕੰਠ ਪਾਓ ਜਿਹੜਾ ਮੈਂ ਮੁੜ ਕੇ ਜਨਮ ਮਰਨ 'ਚ ਨਾ ਆਵਾਂ –

***ਬਾਣੀ ਸੁੰਦਰ ਕੰਠ ਜੋਇ।***
***ਮੋਰ ਗਰੇ ਪਹਿਰਾਵਹੁ ਸੋਇ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5076***

ਉਹ ਪਾ ਦਿਓ। ਜਿਹੜੀ ਅੰਦਰਲੀ ਨਾਮ ਧੁਨ ਹੈ, ਉਹ ਹਿਰਦੇ 'ਚ ਪ੍ਰਗਟ ਹੋ ਜਾਵੇ –

***ਗੁਰ ਪਰਮੇਸ਼ੁਰ ਜਸੁ ਜਿਸ ਮਾਹੀ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5076***

ਗੁਰੂ ਦਾ, ਪ੍ਰਮੇਸ਼ਰ ਦਾ ਮੈਂ ਜਸ ਗਾਵਾਂ –

***ਬਰਨਨ ਕਰਤੇ ਤ੍ਰਿਪਤੌਂ ਨਾਂਹੀ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5076***

ਦਿਨ ਰਾਤ ਕੀਰਤਨ ਕਰਦਾ ਰਹਾਂ।

***ਸਦਾ ਕੰਠ ਮਹਿਂ ਸੁੰਦਰ ਸੋਹੈ।***
***ਪਠਨਿ ਸੁਨਿਨ ਤੇ ਜਨ ਮਨ ਮੋਹੈ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5076***

ਜਿਹੜੇ ਸੁਣਨ, ਜਿਹੜੇ ਪੜ੍ਹਨ ਉਹ ਸਾਰੇ ਮੋਹੇ ਜਾਣ। ਇਹੋ ਜਿਹੀ ਕੰਠੀ ਪਾ ਦਿਓ ਤੇ ਚੱਲੇ ਵੀ –

***ਬਰਖ ਹਜ਼ਾਰਹੁਂ ਬਰਧਤਿ ਰਹੈ।***
***ਜਗ ਮਹਿਂ ਜਸੁ ਆਗੈ ਗਤਿਲਹੈ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5076***

ਇੱਥੇ ਵੀ ਜਸ ਮਿਲੀ ਜਾਵੇ ਤੇ ਦਰਗਾਹ 'ਚ ਜਾ ਕੇ ਵੀ ਜਸ ਹੋਵੇ, ਐਸੀ ਕੰਠੀ ਜੇ ਤੁਹਾਡੇ ਕੋਲ ਹੈ ਤਾਂ ਪਾ ਦਿਓ। ਗੁਰੂ ਮਹਾਰਾਜ ਵੀ ਐਸ ਤਰ੍ਹਾਂ ਹੀ ਕਹਿੰਦੇ ਨੇ ਕਿ ਮਾਲਾ ਤਾਂ ਪਾ ਲੈਂਦੇ ਨੇ। ਇੱਕ ਨੇ ਤਸਵੀ ਲੈ ਲਈ ਹੱਥ 'ਚ, ਇੱਕ ਨੇ ਮਾਲਾ ਲੈ ਲਈ। ਇੱਕ ਕੁਰਾਨ ਦਾ ਉਚਾਰਨ ਕਰਨ ਲੱਗ ਗਿਆ, ਇੱਕ ਪੁਰਾਨ ਦਾ ਕਰ ਰਿਹਾ ਹੈ। ਪਰ ਬੰਦੇ ਤਾਂ ਓਹੋ ਜਿਹੇ ਹੀ ਨੇ ਜਿਹੋ ਜਿਹੇ ਪਹਿਲਾਂ ਸੀ ਇੱਕ ਦੂਜੇ ਦਾ ਵਿਰੋਧ ਕਰਕੇ ਮਰ ਗਏ। ਪਿਆਰ ਲੱਗਿਆ ਹੀ ਨਾ ਰੱਬ ਦਾ।

***ਹਿਰਦੈ ਜਪਨੀ ਜਪਉ ਗੁਣਤਾਸਾ ॥***
***ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ***
***ਜਨ ਪਗਿ ਲਗਿ ਧਿਆਵਉ ਹੋਇ ਦਾਸਨਿ ਦਾਸਾ ॥ ਅੰਗ – 841***

***ਹਰਿ ਮਾਲਾ ਉਰ ਅੰਤਰਿ ਧਾਰੈ ॥ ਅੰਗ – 388***

ਕਹਿੰਦੇ ਮਾਲਾ ਤਾਂ ਉਹ ਹੈ ਜਿਹੜੀ ਅੰਦਰ ਨੂੰ ਸਾਹ ਜਾਵੇ 'ਵਾਹਿ' ਬਾਹਰ ਨੂੰ ਆਵੇ 'ਗੁਰੂ'। ਪਾ ਲਓ ਮਾਲਾ ਜਿਹਨੇ ਗਲ 'ਚ ਪਾਉਣੀ ਹੈ। ਅੰਦਰ ਨੂੰ ਜਾਂਦਾ ਹੈ ਕਹਿ ਦਿਓ –

ਵਾ......ਹਿ......

ਬਾਹਰ ਨੂੰ ਆਉਂਦਾ ਹੈ ਸਾਹ –

ਗੁ......ਰੂ।

***ਹਰਿ ਮਾਲਾ ਉਰ ਅੰਤਰਿ ਧਾਰੈ ॥***
***ਜਨਮ ਮਰਣ ਕਾ ਦੂਖੁ ਨਿਵਾਰੈ ॥***

***ਅੰਗ – 388***

ਜਦੋਂ ਇਹ ਮੰਤਰ ਹਿਰਦੇ 'ਚ ਧਾਰਨ ਹੋ ਗਿਆ, ਫੇਰ ਜੰਮਣਾ ਮਰਨਾ ਖਤਮ ਹੋ ਗਿਆ –

***ਹਿਰਦੈ ਸਮਾਲੈ ਮੁਖਿ ਹਰਿ ਹਰਿ ਬੋਲੈ ॥***
***ਸੋ ਜਨੁ ਇਤ ਉਤ ਕਤਹਿ ਨ ਡੋਲੈ ॥*** ***ਅੰਗ – 388***

ਜਿਹਨੇ ਹਿਰਦੇ 'ਚ ਸੰਭਾਲ ਲਿਆ ਤੇ ਮੁਖ ਤੋਂ ਵੀ ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅੱਲਾਹ-ਅੱਲਾਹ ਬੋਲਦਾ ਹੈ –

***ਕਹੁ ਨਾਨਕ ਜੋ ਰਾਚੈ ਨਾਇ ॥***
***ਹਰਿ ਮਾਲਾ ਤਾ ਕੈ ਸੰਗਿ ਜਾਇ ॥*** ***ਅੰਗ – 388***

ਜਿਹੜੇ ਨਾਮ 'ਚ ਰਚ ਗਏ, ਕਹਿੰਦੇ ਭਾਈ! ਉਹ ਮਾਲਾ ਨਾਲ ਜਾਣੀ ਹੈ। ਜਦੋਂ ਐਨਾ ਬਚਨ ਗੁਰੂ ਨੇ ਸੁਣਿਆ, ਓਸ ਵੇਲੇ ਚੁੱਪ ਕਰਕੇ ਉੱਠ ਕੇ ਚਲੇ ਗਏ, ਬੋਲੇ ਨਹੀਂ ਤੇ ਇਹਦੇ ਪਿਤਾ ਜੀ ਨੇ ਸਮਝਿਆ ਕਿ ਗੁਰੂ ਗੁੱਸੇ ਹੋ ਗਿਆ। ਬੜਾ ਮਾੜਾ ਕੰਮ ਹੋ ਗਿਆ ਕਿ ਹੁਣ ਕੀ ਬਣੇਗਾ ਜੇ ਗੁਰੂ ਹੀ ਗੁੱਸੇ ਹੋ ਗਿਆ। ਉਹ ਡੇਰੇ ਚਲੇ ਗਏ, ਜਿੱਥੇ ਆਸਣ ਸੀ। ਆਪ ਬਹੁਤ ਸਾਰੀ ਭੇਟਾ ਲੈ ਕੇ ਪਹੁੰਚੇ। ਪ੍ਰਸ਼ਾਦ ਪਾਣੀ ਭਾਈਚਾਰੇ ਨੂੰ ਛਕਾ ਦਿੱਤਾ। ਲੇਕਿਨ ਨੰਦ ਲਾਲ ਨੂੰ ਕਿਹਾ ਕੁਛ ਨਹੀਂ ਕਿਉਂਕਿ ਜਾਣਦੇ ਸੀ ਕਿ ਇਹ ਕੋਈ ਮਾਮੂਲੀ ਬੰਦਾ ਨਹੀਂ ਹੈ, ਇਹ ਕੋਈ ਆਪ ਹੀ ਆਇਆ ਹੈ ਦਰਗਾਹ ਤੋਂ। ਕੋਈ ਗੱਲ ਨਹੀਂ ਕਹੀ, ਫਿਕਰ ਪੈ ਗਿਆ ਕਿ ਗੁਰੂ ਨੂੰ ਮਨਾਈਏ। ਜਦੋਂ ਡੇਰੇ ਗਏ ਜਾ ਕੇ ਨਮਸ਼ਕਾਰ ਕਰੀ। ਕਹਿੰਦੇ, ਗੁਰੂ ਮਹਾਰਾਜ ਆਪ ਨਰਾਜ਼ ਹੋ ਗਏ, ਬੱਚੇ ਦੀ ਗੁਸਤਾਖੀ ਮਾਫ ਕਰੋ। ਬੱਚਾ ਪੜ੍ਹ ਗਿਆ ਜ਼ਿਆਦਾ, ਤਰਕ ਹੈ ਉਹਦੇ ਅੰਦਰ। ਕਹਿੰਦੇ ਬੇਟਾ! ਤੇਰਾ ਬੱਚਾ ਤਾਂ ਬਹੁਤ ਹੀ ਸੁਮੱਤਵੰਤ ਹੈ, ਐਸਾ ਬੱਚਾ ਮੈਂ ਨਹੀਂ ਦੇਖਿਆ ਆਪਣੀ ਜ਼ਿੰਦਗੀ 'ਚ। ਮੈਂ ਖੁਦ ਹੈਰਾਨ ਹਾਂ, ਉਹ ਕੰਠੀ ਮੇਰੇ ਕੋਲ ਨਹੀਂ ਹੈ ਜਿਹੜੀ ਉਹ ਮੰਗਦਾ ਹੈ –

***ਅਸ ਕੰਠੀ ਮਮ ਨਿਕਟ ਨ ਅਹੈ।***
***ਜਿਸ ਢਿਗ ਹੋਇ ਤਿਸੀ ਤੇ ਲਹੈ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5076***

ਇਹਨੂੰ ਲੱਭ ਜਾਏਗਾ ਕੰਠੀ ਦੇਣ ਵਾਲਾ। ਹੱਠ ਨਾ ਕਰੋ, ਐਵੇਂ ਨਾ ਧਰਮ 'ਚ ਲਿਆਓ ਕਿ ਬਣਾ ਦੇਈਏ, ਗੁਰੂ ਧਾਰਨ ਕਰਾ ਦੇਈਏ। ਨਾ ਇਹ ਜਿਹੜੀ ਕੰਠੀ ਮੰਗਦਾ ਹੈ ਇਹ ਲੱਭ ਜਾਣੀ ਹੈ ਇਹਨੂੰ –

*ਸੁਮਤਿਵੰਤ ਇਹੁ ਬਾਲਕ ਹੋਵੈ।*
*ਹਿਰਦੈ ਹਰਿ ਹਰਿ ਨਾਮ ਪਰੋਵੈ।*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5076***

ਇਹ ਤਾਂ ਕਹਿੰਦੇ, ਬਹੁਤ ਅਕਲ ਵਾਲਾ ਬਾਲਕ ਬਣਨਾ ਹੈ ਤੇ ਇਹਦੇ ਹਿਰਦੇ ਦੇ ਵਿੱਚ ਏਸ ਕੰਠੀ ਨੇ ਨਿਵਾਸ ਕਰ ਲੈਣਾ ਹੈ। ਸੋ ਇਸ ਤਰ੍ਹਾਂ ਦੇ ਨਾਲ ਭਾਈ ਨੰਦ ਲਾਲ ਜੀ, ਖੋਜ ਕਰਦੇ ਨੇ, ਪਹਿਨੀ ਨਹੀਂ ਕੰਠੀ। ਕਿਉਂਕਿ ਜਦੋਂ ਤੱਕ ਗੁਰੂ ਪੂਰਾ ਨਾ ਮਿਲੇ, ਓਨਾਂ ਚਿਰ ਆਦਮੀ ਦਾ ਕੰਮ ਨਹੀਂ ਬਣਿਆ ਕਰਦਾ।

ਹੁਣ ਗੁਰੂ ਪੂਰਾ ਸਾਨੂੰ ਤਾਂ ਪਤਾ ਨਹੀਂ ਲਗਦਾ। ਮਹਾਰਾਜ ਕਹਿੰਦੇ ਦੇਖੋ, ਇਹ ਤਾਂ ਵਾਹਿਗੁਰੂ ਦੇ ਹੱਥ ਦੀ ਗੱਲ ਹੈ ਪਰ ਗੁਰੂ ਪੂਰੇ ਦੀਆਂ ਨਿਸ਼ਾਨੀਆਂ ਹੈਗੀਆਂ –

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।*

***ਭਾਈ ਗੁਰਦਾਸ ਜੀ, ਵਾਰ 34/1***

ਸੋ ਐਸਾ ਗੁਰੂ, ਪੂਰਾ ਸਤਿਗੁਰੂ ਲੱਭਣਾ ਔਖਾ ਹੈ, ਨਿਸ਼ਾਨੀ ਇਸ ਤਰ੍ਹਾਂ ਲਿਖੀ ਹੈ ਮਹਾਰਾਜ ਨੇ –

*ਧਾਰਨਾ – ਜਿਹਨੂੰ ਮਿਲ ਕੇ ਦੁਬਿਧਾ ਬਿਨਸੇ,*
*ਉਹ ਪੂਰਾ ਸਤਿਗੁਰੂ।*

ਨਿਸ਼ਾਨੀ ਪੂਰੇ ਗੁਰੂ ਦੀ। ਆਦਮੀ ਦੇ ਅੰਦਰ ਦੁਬਿਧਾ ਹੈ ਜਿਹਨੂੰ ਹਉਮੈ ਕਹਿੰਦੇ ਨੇ। ਜਿੰਨਾਂ ਚਿਰ ਆਦਮੀ ਦੇ ਅੰਦਰ ਹਉਮੈ ਹੈ, ਮੈਂ-ਮੈਂ ਕਰਦਾ ਹੈ –

*ਜਬ ਲਗੁ ਮੇਰੀ ਮੇਰੀ ਕਰੈ ॥*
*ਤਬ ਲਗੁ ਕਾਜੁ ਏਕੁ ਨਹੀ ਸਰੈ ॥* ***ਅੰਗ – 1160***

ਮੇਰੀ ਆਪੇ ਨਹੀਂ ਮਿਟਦੀ, ਮਿਟਾਉਣ ਵਾਲਾ ਮਿਟਾਇਆ ਕਰਦਾ ਹੈ। ਜਦੋਂ ਤੱਕ ਗਿਆਨ ਨਹੀਂ ਹੁੰਦਾ, ਉਸ ਵੇਲੇ ਤੱਕ ਮੈਂ ਤੇ ਮੇਰੀ ਨਹੀਂ ਮਿਟਿਆ ਕਰਦੀ। ਜਿਹੜਾ ਮੇਰੀ ਨੂੰ ਮਿਟਾ ਦੇਵੇ ਤੇ ਵਾਹਿਗੁਰੂ ਨੂੰ ਮਿਲਾ ਦੇਵੇ। ਮਹਾਰਾਜ ਕਹਿੰਦੇ, ਉਹ ਪੂਰਾ ਸਤਿਗੁਰੂ ਹੁੰਦਾ ਹੈ ਤੇ ਜਦੋਂ ਵਾਹਿਗੁਰੂ ਮਿਲ ਗਿਆ, ਫੇਰ ਕੀ ਹੋਏਗਾ, ਪੂਰਨ ਰੂਪ ਦੇ ਅੰਦਰ ਅਨੰਦ ਹੋ ਜਾਏਗਾ। ਅਨੰਦ ਉਹਨੂੰ ਕਹਿੰਦੇ ਨੇ –

*ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥*

***ਅੰਗ – 917***

ਅਨੰਦ ਹੁੰਦਾ ਹੈ ਪੂਰਾ, ਜਿਹਦੇ ਵਿੱਚ ਭੋਰਾ ਜਿੰਨਾਂ ਵੀ ਘਾਟਾ ਨਾ

ਹੋਵੇ –

***ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥***
***ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ ॥***
***ਅੰਗ – 168***

ਜਦੋਂ ਹਉਮੈ ਦਾ ਨਾਸ਼ ਹੋ ਗਿਆ, ਫੇਰ ਕੀ ਹੋਏਗਾ? ਅਨੰਦ ਹੋ ਜਾਏਗਾ। ਉਹਦੇ ਵਿੱਚ ਨਾ ਕ੍ਰੋਧ ਆਉਂਦਾ ਹੈ, ਨਾ ਲੋਭ ਆਉਂਦਾ ਹੈ, ਨਾ ਮੋਹ ਆਉਂਦਾ ਹੈ, ਨਾ ਅਭਿਮਾਨ ਆਉਂਦਾ ਹੈ, ਨਾ ਈਰਖਾ ਆਉਂਦੀ ਹੈ ਨਾ ਕਿਸੇ ਦੀ ਨਿੰਦਿਆ ਕਰਦਾ ਹੈ। ਨਾ ਕਿਸੇ ਨਾਲ heart burning (ਸਾੜਾ) ਕਰਦਾ ਹੈ, ਨਾ ਕਿਸੇ ਨਾਲ ਮਾੜਾ ਕਰਦਾ ਹੈ। ਐਨਾ ਹੀ ਕਹਿੰਦਾ ਹੈ –

***ਹਮ ਨਹੀ ਚੰਗੇ ਬੁਰਾ ਨਹੀ ਕੋਇ ॥*** ***ਅੰਗ – 728***

ਸਾਰਿਆਂ ਦਾ ਭਲਾ ਮੰਗਦਾ ਹੈ –

***ਨਾਨਕ ਨਾਮ ਚੜ੍ਹਦੀ ਕਲਾ,***
***ਤੇਰੇ ਭਾਣੇ ਸਰਬੱਤ ਕਾ ਭਲਾ।***

ਕਿਉਂਕਿ ਪੂਰਾ ਗੁਰੂ ਮਿਲ ਗਿਆ, ਪੂਰੇ ਗੁਰੂ ਦੀ ਨਿਸ਼ਾਨੀ ਹੈ –

***ਬਿਸਰਿ ਗਈ ਸਭ ਤਾਤਿ ਪਰਾਈ ॥***
***ਜਬ ਤੇ ਸਾਧਸੰਗਤਿ ਮੋਹਿ ਪਾਈ ॥*** ***ਅੰਗ – 1299***

ਸਾਧੂ ਮਿਲ ਗਿਆ ਪੂਰਾ, ਉਹਦੇ ਮਿਲਣ ਦੇ ਨਾਲ ਦੁਬਿਧਾ ਖਤਮ ਹੋ ਗਈ –

***ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ***
***ਹਮ ਕਉ ਬਨਿ ਆਈ ॥***
***ਅੰਗ – 1299***

ਹੁਣ ਬਣ ਗਈ ਸਾਰਿਆਂ ਦੇ ਨਾਲ। ਬੇਗਾਨਾ ਹੀ ਨਹੀਂ ਕੋਈ ਰਿਹਾ। ਦੂਸਰਾ ਕਹਿੰਦੇ ਫੇਰ ਪਰਮਪਦ ਮਿਲਦਾ ਹੈ, ਵਾਹਿਗੁਰੂ ਨਾਲ ਮੇਲ ਮਿਲਦਾ ਹੈ। ਵਾਹਿਗੁਰੂ ਬਾਹਰ ਨਹੀਂ ਹੈ, ਆਹ ਸਰੀਰ ਦੇ ਅੰਦਰ ਨਾਲ ਹੀ ਰਹਿੰਦਾ ਹੈ, ਜਿੱਥੇ ਆਪਾਂ ਰਹਿੰਦੇ ਹਾਂ, ਉਥੇ ਹੀ ਰਹਿੰਦਾ ਹੈ। ਨਾ ਸਾਨੂੰ ਆਪਣਾ ਪਤਾ ਹੈ, ਨਾ ਸਾਨੂੰ ਰੱਬ ਦਾ ਪਤਾ ਹੈ। ਐਨਾ ਨਸ਼ਾ ਪੀ ਲਿਆ, ਜੇ ਕੋਈ ਡਰਾਈਵਰ ਬਹੁਤਾ ਨਸ਼ਾ ਪੀ ਲਵੇ, ਜੇ ਉਹਨੂੰ ਪੁੱਛਿਆ ਜਾਵੇ ਕਿ ਤੂੰ ਕੌਣ ਹੈਂ? ਤਾਂ ਕਹੇ ਕਿ ਆਹ ਬਸ ਹਾਂ ਮੈਂ, ਆਹ ਬੱਸ ਹਾਂ ਮੈਂ, ਸਾਰੇ ਹੱਸਣਗੇ ਕਿ ਆਹ ਦੇਖ ਕੀ ਕਹਿੰਦਾ ਹੈ ਪਰ ਮਹਾਰਾਜ ਕਹਿੰਦੇ ਆਹ ਸੰਸਾਰ ਵੀ ਨਸ਼ਾ ਪੀ ਕੇ ਬੇਹੋਸ਼ ਹੋਇਆ ਪਿਆ ਹੈ। ਇਹ ਕਹੀ ਜਾਂਦਾ ਹੈ ਕਿ ਮੈਂ ਆਹ ਸਰੀਰ ਹਾਂ, ਮੈਂ ਆਹ ਸਰੀਰ ਹਾਂ, ਮੇਰਾ ਨਾਉਂ ਵਰਿਆਮ ਸਿੰਘ ਹੈ। ਮੇਰਾ ਨਾਉਂ ਫਲਾਣਾ ਹੈ, ਮੈਂ ਆਦਮੀ ਹਾਂ, ਮੈਂ ਤੀਵੀਂ ਹਾਂ। ਸਰੀਰ ਨੂੰ ਕਹੀ ਜਾਂਦੇ ਨੇ ਕਿ ਮੈਂ ਹਾਂ, ਮੈਂ ਹਾਂ। ਆਪਣੇ ਆਪ ਦਾ ਪਤਾ ਹੀ ਨਹੀਂ ਕਿ ਮੈਂ ਕੀ ਹਾਂ। ਉਹ ਜੇ ਪਤਾ ਲਗ ਜਾਏ ਕਿ ਮੈਂ ਕੀ ਹਾਂ, ਕੋਲ ਹੀ ਰੱਬ ਹੈ, ਸਾਡੇ ਵਰਗਾ ਹੀ ਹੈ, ਬਿਲਕੁਲ ਇੱਕੋ

ਜਿਹਾ ਹੈ –

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਅੰਗ – 441***

ਜਿਹੋ ਜਿਹੇ ਅਸੀਂ ਹਾਂ, ਵੈਸਾ ਹੀ ਵਾਹਿਗੁਰੂ ਹੈ। ਵਿਚਾਲੇ ਭੋਰਾ ਕੁ ਲਕੀਰ ਹੈ ਨਿੱਕੀ ਜਿਹੀ, ਇਹਨੇ ਮੈਂ ਬਣਾ ਦਿੱਤਾ ਇਹਨੂੰ, ਜੇ ਉਹ ਲਕੀਰ ਟੁੱਟ ਜਾਵੇ ਤਾਂ ਇਹ ਰੱਬ ਹੀ ਹੈ। ਉਹ ਗੁਰੂ ਦਿਖਾ ਦਿੰਦਾ ਹੈ –

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥***
***ਅੰਗ – 1291***

ਉਹ ਗੁਰੂ ਹੋਇਆ ਕਰਦਾ ਹੈ ਸੁਜਾਨ। ਜਿਹੜਾ ਏਸ ਸਰੀਰ ਦੇ ਵਿੱਚ ਰੱਬ ਦਾ ਘਰ ਤੇ ਮੇਰਾ ਘਰ ਦਿਖਾ ਦੇਵੇ। ਕਹਿੰਦੇ, ਫੇਰ ਉਥੇ ਪਤਾ ਲੱਗੇਗਾ, ਕੋਈ ਐਵੇਂ ਕਹਿ ਦੇਵੇ ਕਿ ਤੇਰਾ ਘਰ ਫਲਾਣੇ ਥਾਉਂ ਹੈ। ਮਹਾਰਾਜ ਕਹਿੰਦੇ, ਨਾ ਨਿਸ਼ਾਨੀਆਂ ਨੇ –

***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥***
***ਅੰਗ – 1291***

ਉਥੇ ਪੰਜ ਸ਼ਬਦ ਵੱਜਦੇ ਨੇ, ਅਲਾਪ ਹੋ ਰਿਹਾ ਹੈ, ਪੰਜ ਸ਼ਬਦਾਂ ਦਾ ਤੇ ਧੁਨਕਾਰ ਪੈ ਰਹੀ ਹੈ ਤੇ ਨਾਲ ਨਿਸ਼ਾਨ ਹੈ, ਉਥੇ ਨਿਸ਼ਾਨੀ ਹੈ –

***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥ ਅੰਗ – 1291***

ਉਥੇ ਜਿਹੜੇ ਦੀਪ ਲੋਅ ਪਾਤਾਲ ਨੇ, ਸਭ ਅਸਚਰਜ, ਅਸਚਰਜ, ਵਾਹਿਗੁਰੂ–ਵਾਹਿਗੁਰੂ, ਵਾਹਿਗੁਰੂ ਕਹਿੰਦੇ ਹੀ ਅਸਚਰਜ ਨੂੰ ਨੇ। ਆਹ ਧੁਨੀ ਹੋ ਰਹੀ ਹੈ ਉਥੇ –

***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥***
***ਅੰਗ – 1291***

***ਸੱਚਾ ਤਖਤ –***
***ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ ॥***
***ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ ॥***
***ਅੰਗ – 1371***

ਗੰਗਾ ਤੇ ਜਮੁਨਾ ਦੇ ਵਿਚਾਲੇ, ਉਥੇ ਸਹਿਜ ਅਵਸਥਾ ਹੈ ਤੇ ਅਫੁਰ ਅਵਸਥਾ ਹੈ। ਕਹਿੰਦੇ ਹੁਣ ਸਾਡਾ ਰਸਤਾ ਦੇਖ ਰਹੇ ਨੇ ਕਿ ਕਬੀਰ ਕਿੱਥੇ ਰਹਿੰਦਾ ਹੈ, ਇੱਥੇ ਆ ਕੇ ਦਰਵਾਜ਼ਾ ਖੜਕਾਉਣ ਲਗ ਜਾਂਦੇ ਨੇ। ਕਹਿੰਦੇ, ਮੈਂ ਕੋਈ ਏਥੇ ਰਹਿੰਦਾ ਹਾਂ? ਇੱਥੇ ਤਾਂ ਕਬੀਰ ਦਾ ਸਰੀਰ ਰਹਿੰਦਾ ਹੈ, ਕਬੀਰ ਨਹੀਂ ਇੱਥੇ ਰਹਿੰਦਾ। ਕਬੀਰ ਕਹਿੰਦੇ ਸਹਿਜ ਸੁੰਨ ਦੇ ਘਾਟ 'ਤੇ ਰਹਿੰਦਾ ਹੈ। ਸੁਲਤਾਨ ਕੋਲ ਰਹਿੰਦਾ ਹੈ, ਵਾਹਿਗੁਰੂ ਕੋਲ ਰਹਿੰਦਾ ਹੈ –

***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥***
***ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥***
***ਅੰਗ – 1291***

ਜਿਹਨੂੰ ਦਸਵਾਂ ਦੁਆਰ ਕਹਿੰਦੇ ਨੇ, ਕਹਿੰਦੇ ਇਹਦੇ 'ਚ ਲਿਵ ਲਾ

ਕੇ, ਉਥੇ ਰਾਗ ਹੁੰਦਾ ਹੈ, ਉਥੇ ਸ਼ਬਦ ਹੋ ਰਿਹਾ ਹੈ, ਮਹਾਤਮਾਵਾਂ ਨੂੰ ਪਤਾ ਹੈ ਕਿਹੜਾ ਸ਼ਬਦ ਹੋ ਰਿਹਾ ਹੈ। ਦਸ ਦਿੰਦੇ ਨੇ, ਜੇ ਕੋਈ ਦਸੇ ਆਹ ਸ਼ਬਦ ਹੋ ਰਿਹਾ ਹੈ, ਕਹਿੰਦੇ ਪਹੁੰਚ ਗਿਆ ਤੂੰ। ਉਥੇ ਵਿਵੇਕ ਮੰਡਲ ਦੇ ਵਿੱਚ ਜਾਗ ਆਉਂਦੀ ਹੈ –

***ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥***

***ਅੰਗ – 1291***

ਆਹ ਮਨ ਸਮਾਅ ਗਿਆ ਵਿਚੇ ਹੀ। greater (ਮਹਾਂ–ਬ੍ਰਹਿਮੰਡੀ) ਮਨ, cosmic (ਬ੍ਰਹਿਮੰਡੀ) ਮਨ ਦੇ ਅੰਦਰ, ਆਹ ਜੀਵ ਮਨ ਸਮਾਅ ਗਿਆ। ਰੱਬ ਬੋਲਦਾ ਹੈ ਹੁਣ ਉਥੇ –

***ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ ॥***

***ਅੰਗ – 1291***

ਹੁਣ ਅੰਮ੍ਰਿਤ ਭਰ ਗਿਆ, ਹੁਣ ਉਥੇ ਦੁਖ ਨਹੀਂ ਹੈਗੇ। ਫੇਰ ਇਹ ਮਨ ਕਿਤੇ ਨਹੀਂ ਜਾਂਦਾ ਉਥੇ ਹੀ ਲੱਗਿਆ ਰਹਿੰਦਾ ਹੈ –

***ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥***

***ਅੰਗ – 1291***

ਹੁਣ ਜੀਭ ਨਾਲ ਰਾਮ–ਰਾਮ ਕਹਿਣ ਦੀ ਲੋੜ ਨਹੀਂ, ਵਾਹਿਗੁਰੂ– ਵਾਹਿਗੁਰੂ, ਆਪੇ ਹੀ ਅੰਦਰੋਂ ਨਿਕਲਦਾ ਹੈ ਜਿਵੇਂ ਫੁਹਾਰਾ ਚਲਦਾ ਹੁੰਦਾ ਹੈ। ਜਿਵੇਂ ਖੂਹ ਚਲਦੇ ਨੇ ਥੱਲੇ ਪਾਣੀ ਆਪੇ ਨਿਕਲਣ ਵਾਲੇ, ਐਸ ਤਰ੍ਹਾਂ ਨਾਮ ਉਹਦੇ ਅੰਦਰੋਂ ਫੁਹਾਰੇ ਵਾਂਗਣ ਨਿਕਲਦਾ ਰਹਿੰਦਾ ਹੈ ਹਰ ਵਕਤ। ਫੇਰ ਉਹ '***ਆਦਿ ਜੁਗਾਦਿ ਸਮਾਇ ॥' (ਅੰਗ – 1291)*** ਵਾਹਿਗੁਰੂ 'ਚ ਸਮਾਅ ਜਾਂਦਾ ਹੈ।

***ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥***

***ਅੰਗ – 1291***

ਹੁਣ ਮਿਲਦਾ ਕਿਵੇਂ ਹੈ? ਕਹਿੰਦੇ –

***ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥***

***ਅੰਗ – 1291***

ਖੋਜ ਕਰ ਸ਼ਬਦ ਦੀ, ਅੰਦਰ ਤੇਰੇ ਸ਼ਬਦ ਵੱਜਦਾ ਹੈ। ਜਿਹਨੇ ਖੋਜ ਲਿਆ ਉਹਦਾ ਦਾਸ ਬਣ ਜਾ।

ਸੋ ਪੂਰਾ ਗੁਰੂ ਜਦੋਂ ਤੱਕ ਨਹੀਂ ਮਿਲਦਾ ਦਿਖਾਉਣ ਵਾਲਾ, ਓਨਾਂ ਚਿਰ –

***ਕਾਚੇ ਗੁਰ ਤੇ ਮੁਕਤਿ ਨ ਹੂਆ ॥*** ***ਅੰਗ – 932***

ਮੁਕਤੀ ਨਹੀਂ ਹੋਇਆ ਕਰਦੀ ਸਾਧਸੰਗਤ ਜੀ। ਪਾਖੰਡੀ ਗੁਰੂ ਹੁੰਦਾ ਹੈ, ਕੱਚਾ ਗੁਰੂ ਹੁੰਦਾ ਹੈ, ਵਿਦਵਾਨ ਗੁਰੂ ਹੁੰਦਾ ਹੈ, ਅਵਧੂਤ ਗੁਰੂ ਹੁੰਦਾ ਹੈ, ਸਮਰੱਥ ਗੁਰੂ ਹੁੰਦਾ ਹੈ। ਸਮਰੱਥ ਗੁਰੂ ਹੈ ਜਿਹੜਾ ਮੁਕਤੀ ਕਰ ਦਿੰਦਾ ਹੈ ਤੇ ਅੰਦਰ ਘਰ ਦਿਖਾ ਦਿੰਦਾ ਹੈ, ਹੋਰ ਨਹੀਂ ਕਿਸੇ ਤੋਂ ਦਿਖਾ ਹੁੰਦਾ।

ਸੋ ਇਸ ਤਰ੍ਹਾਂ ਦੇ ਨਾਲ ਕੁਛ ਨਾ ਕਿਹਾ ਪਿਤਾ ਨੇ ਕਿ ਬੱਚਾ ਬੁੱਧੀਵਾਨ ਹੈ ਇਹਨੂੰ ਕੀ ਕਹਿਣਾ ਹੈ। ਕੋਈ ਗੱਲ ਨਹੀਂ ਆਪੇ ਗੁਰੂ ਧਾਰਨ ਕਰ ਲਏਗਾ, ਇਹਨੂੰ ਪਤਾ ਹੈ ਸਾਰੀ ਗੱਲ ਦਾ।

ਜਦੋਂ 19 ਸਾਲ ਦੇ ਹੋਏ ਨੰਦਲਾਲ ਜੀ, ਮਾਤਾ ਵੀ ਚੜ੍ਹਾਈ ਕਰ ਗਈ ਤੇ ਪਿਤਾ ਵੀ ਚੜ੍ਹਾਈ ਕਰ ਗਿਆ। ਇਕੱਲੇ ਰਹਿ ਗਏ। ਹਾਕਮ ਦੇ ਕੋਲ ਗਏ, ਗਜ਼ਨੀ ਦੇ ਨਵਾਬ ਦੇ ਕੋਲ ਕਿ ਮੈਨੂੰ ਆਪਣੇ ਪਿਤਾ ਵਾਲੀ ਡਿਊਟੀ ਦੇ ਦਿਓ, ਕਹਿਣ ਲੱਗੇ ਨੰਦ ਲਾਲ! ਮੈਨੂੰ ਪਤਾ ਹੈ ਤੂੰ ਪੜ੍ਹਿਆ ਲਿਖਿਆ ਬਹੁਤ ਹੈਂ, ਆਪਣੇ ਪਿਤਾ ਜਿੰਨਾਂ ਹੀ ਪੜ੍ਹਿਆ ਹੋਇਆ ਹੈਂ, ਤੈਨੂੰ ਅਜੇ ਤਜਰਬਾ ਨਹੀਂ ਹੈ। ਅਜੇ ਤੂੰ administrator (ਪ੍ਰਬੰਧਕ) ਨਹੀਂ ਹੋ ਸਕਦਾ, ਓਹੋ ਜਿਹਾ, ਉਹਨੇ ਰਾਜ ਦਾ ਪ੍ਰਬੰਧ ਇਹੋ ਜਿਹਾ ਚਲਾਇਆ ਹੋਇਆ ਸੀ ਕਿ ਕੋਈ ਬੰਦਾ ਵੀ ਦੁਖੀ ਨਹੀਂ ਸੀਗਾ, ਮੇਰੇ ਰਾਜ 'ਚ। ਕਦੇ ਸ਼ਿਕਾਇਤ ਨਹੀਂ ਸੀ ਆਉਂਦੀ। ਤੂੰ ਅਜੇ ਬੱਚਾ ਹੈਂ ਤੂੰ ਅਜੇ ਛੋਟੀ ਨੌਕਰੀ ਕਰ ਲੈ। ਹੌਲੀ-ਹੌਲੀ ਤੈਨੂੰ ਵੱਡੀ ਮਿਲ ਜਾਏਗੀ। ਨੰਦ ਲਾਲ ਜੀ ਚਿੱਤ 'ਚ ਉਦਾਸ ਹੋ ਗਏ, ਪਿਤਾ ਦਾ ਘਰ ਛੱਡ ਦਿੱਤਾ। ਵੇਚ ਕੇ ਜਿੰਨੀਆਂ ਚੀਜ਼ਾਂ ਸੀ, ਹਿੰਦੋਸਤਾਨ ਨੂੰ, ਪਿਤਾ ਪਿਤਾਮਾ ਦੇ ਦੇਸ਼ ਨੂੰ ਵਾਪਸ ਮੁੜ ਆਏ। ਮੁਲਤਾਨ ਆ ਕੇ, ਆਪ ਦੇ ਨਾਲ ਦੋ ਨੌਕਰ ਨੇ ਤੇ ਉਹ ਆਕਾ ਅਰਬੀ 'ਚ ਬੋਲਿਆ ਜਾਂਦਾ ਹੈ ਤੇ ਪਸ਼ਤੋ ਦੇ ਵਿੱਚ ਆਕਾ ਕਹਿੰਦੇ ਨੇ, ਮਾਲਕ ਨੂੰ। ਉਥੇ ਆ ਕੇ ਉਨ੍ਹਾਂ ਨੇ ਘਰ ਬਣਾ ਲਿਆ ਤੇ ਆਕਾ ਕਹਿਣ ਕਰਕੇ ਉਸ ਮੁਹੱਲੇ ਦਾ ਨਾਉਂ ਹੀ ਆਕਾ ਮੁਹੱਲਾ ਪੈ ਗਿਆ ਤੇ ਇੱਥੇ ਇਨ੍ਹਾਂ ਦੀ ਸ਼ਾਦੀ ਹੋ ਗਈ, ਗੁਰਸਿੱਖ ਬੀਬੀ ਨਾਲ। ਇਹ ਬੀਬੀ ਬਾਣੀ ਪੜ੍ਹਦੀ ਹੈ, ਅੰਮ੍ਰਿਤ ਵੇਲੇ ਜਾਗਦੀ ਹੈ, ਜੋ ਗੁਰੂ ਮਹਾਰਾਜ ਨੇ ਫੁਰਮਾਨ ਕੀਤਾ ਹੈ, ਅਸੀਂ ਕਹਿੰਦੇ ਹਾਂ ਅਸੀਂ ਸਿੱਖ ਹਾਂ,

ਮਹਾਰਾਜ ਕਹਿੰਦੇ, "ਤੂੰ ਸਿੱਖ ਹੈਂ?"

ਹਾਂ, "ਮਹਾਰਾਜ! ਮੈਂ ਸਿੱਖ ਹਾਂ?" ਗੁਰੂ ਧਾਰਨ ਕਰਿਆ ਹੈ, ਕਹਿੰਦਾ ਮੈਂ ਤਾਂ ਤੁਹਾਨੂੰ ਹੀ ਗੁਰੂ ਮੰਨਦਾ ਹਾਂ, ਕਹਿੰਦੇ ਭੋਲਿਆ! ਧਾਰਨ ਕਰੇ ਬਗੈਰ ਨਹੀਂ ਗੁਰੂ ਮੰਨਿਆ ਜਾਂਦਾ। ਮੰਤਰ ਲਿਆ ਹੈ ਤੂੰ? ਕਹਿੰਦਾ, ਮੈਨੂੰ ਆਪੇ ਹੀ ਪਤਾ ਹੈ, ਵਾਹਿਗੁਰੂ ਮੰਤਰ ਹੈ, ਕਹਿੰਦੇ ਆਪੇ ਤਾਂ -

***ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥***
***ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥***

***ਅੰਗ - 491***

ਜਦੋਂ ਤੱਕ ਗੁਰੂ ਤੋਂ ਮੰਤਰ ਨਹੀਂ ਮਿਲਦਾ, ਓਨੀਂ ਦੇਰ ਤੱਕ ਹਿਰਦੇ 'ਚ ਜੜ੍ਹ ਨਹੀਂ ਫੜਿਆ ਕਰਦਾ।

ਕਹਿੰਦੇ, ਜੇ ਸਿੱਖ ਹੈਂ, ਮੰਤਰ ਲਿਆ ਹੋਇਆ ਹੈ, ਤਾਂ ਫੇਰ ਅਗਲਾ ਪ੍ਰੋਗਰਾਮ ਸੁਣ ਲੈ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਅੰਗ – 305*

ਅੰਮ੍ਰਿਤ ਦਾ ਸਰੋਵਰ ਅੰਦਰ ਹੈ, ਨਾਮ ਦਾ ਸਰੋਵਰ। ਉਹਦੇ 'ਚ ਇਸ਼ਨਾਨ ਕਰਿਆ ਕਰੋ। ਬਾਣੀ ਦਾ ਸਰੋਵਰ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਅੰਮ੍ਰਿਤ ਸਰੋਵਰ ਆਖਿਆ ਹੈ –

*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਅੰਗ – 305*

ਫੇਰ ਗੁਰੂ ਦਾ ਉਪਦੇਸ਼ ਜਪ –

*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥ ਅੰਗ – 305*

ਬਹਿੰਦਾ ਉਠਦਾ ਵਾਹਿਗੁਰੂ-ਵਾਹਿਗੁਰੂ ਕਰੀ ਜਾਹ। ਅੰਮ੍ਰਿਤ ਵੇਲੇ ਉੱਠ ਕੇ ਨਾਮ ਨਾਲ ਲਿਵ ਜੋੜ। ਫੇਰ ਤਾਂ ਤੂੰ ਸਿੱਖ ਹੈਂ। ਫੇਰ ਜਦੋਂ ਗੁਰੂ ਤੇਰੇ 'ਤੇ ਖੁਸ਼ ਹੋ ਜਾਏਗਾ –

*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ............॥*
*ਅੰਗ – 305*

ਫੇਰ ਉਹ ਗੁਰੂ ਦਾ ਸਿੱਖ ਤੇ ਗੁਰੂ ਇੱਕ ਹੋ ਜਾਇਆ ਕਰਦੇ ਨੇ। ਮਹਾਰਾਜ ਕਹਿੰਦੇ, ਅਸੀਂ ਫੇਰ ਉਸ ਸਿੱਖ ਦੀ ਧੂੜ ਮੰਗਣ ਲੱਗ ਜਾਂਦੇ ਹਾਂ।

ਕਿਹੜੇ ਦੀ?

*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ – 305*

ਇਹ ਬੀਬੀ ਗੁਰਸਿੱਖੀ ਦੇ ਰਹੁਰੀਤ ਦੇ ਅੰਦਰ ਪੂਰੀ ਸੀਗੀ। ਅੰਮ੍ਰਿਤ ਵੇਲੇ ਜਾਗਣਾ, ਇਸ਼ਨਾਨ ਕਰਨਾ, ਚੌਂਕੜਾ ਮਾਰ ਕੇ ਬੈਠ ਜਾਣਾ, ਪਹਿਲਾਂ ਭਜਨ ਕਰਨਾ, ਜਦੋਂ ਦਿਨ ਚੜ੍ਹਨਾ, ਫੇਰ ਹੌਲੀ-ਹੌਲੀ ਬਾਣੀ ਪੜ੍ਹਨੀ, ਆਹਿਸਤਾ-ਆਹਿਸਤਾ। ਪਤੀ ਦਾ ਪੂਰਾ ਸਤਿਕਾਰ ਕਰਨਾ, ਉਹਨੂੰ ਇਸ ਤਰ੍ਹਾਂ ਸਮਝਣਾ ਕਿ ਮੇਰਾ ਰੱਬ ਇਹੀ ਹੈ, ਮੈਂ ਇਹਦੀ ਹੀ ਸੇਵਾ 'ਚੋਂ ਸਭ ਕੁਛ ਪਾਉਣਾ ਹੈ। ਕਦੇ ਕੋਈ ਸ਼ਿਕਾਇਤ ਨਹੀਂ ਸੀ ਆਈ। ਕਦੇ ਆਪਣਾ ਮਾਣ ਨਹੀਂ ਸੀ ਕਰਦੀ। ਮਾਣ ਬੰਦੇ ਨੂੰ ਰੱਬ ਤੋਂ ਦੂਰ ਕਰ ਦਿੰਦਾ ਹੈ, ਨਿਰਮਾਣਤਾ ਜਿਹੜੀ ਹੈ, ਉਹ ਨਾਲ ਜੁੜ ਜਾਇਆ ਕਰਦਾ ਹੈ। ਮਾਣ ਹੀ

ਹੈ ਜਿਹੜਾ ਸਾਨੂੰ ਰੱਬ ਤੋਂ ਦੂਰ ਕਰ ਰਿਹਾ ਹੈ।

ਸੋ ਬੜਾ ਪ੍ਰਸੰਨ ਸੀ ਤੇ ਕਈ ਵਾਰੀ ਸੁਣਨਾ ਕਿ ਇਹ ਕੁਛ ਹੌਲੀ-ਹੌਲੀ ਪੜ੍ਹਦੀ ਹੈ। ਇੱਕ ਦਿਨ ਕਹਿਣ ਲੱਗਿਆ ਕਿ ਮੈਨੂੰ ਐਸ ਤਰ੍ਹਾਂ ਲਗਦਾ ਹੈ ਕਿ ਤੂੰ ਮੇਰੇ ਤੋਂ ਡਰਦੀ ਹੈਂ। ਉਹ ਕਹਿਣ ਲੱਗੀ, ਸਵਾਮੀ ਜੀ! ਮੈਂ ਗੁਰੂ ਵਾਲੀ ਹਾਂ। ਮੈਨੂੰ ਹੋਰ ਤਾਂ ਕੋਈ ਡਰ ਨਹੀਂ ਲਗਦਾ। ਇੱਕ ਡਰ ਲਗਦਾ ਹੈ ਕਿ ਮੈਂ ਗੁਰੂ ਦੀ ਨਿੰਦਿਆ ਨਹੀਂ ਸੁਣ ਸਕਦੀ। ਜੇ ਤੁਸੀਂ ਕੋਈ ਗੱਲ ਕਹਿ ਦਿੱਤੀ ਮੇਰੇ ਗੁਰੂ ਦੇ ਖਿਲਾਫ, ਮੇਰਾ ਮਰਨਾ ਹੋ ਜਾਏਗਾ। ਇਸ ਕਰਕੇ ਮੈਂ ਸਾਰਾ ਕੁਛ ਗੁਪਤ ਰੱਖਦੀ ਹਾਂ। ਕਹਿੰਦਾ, ਤੂੰ ਨਿਸੰਗ ਹੋ ਕੇ ਦੱਸ। ਮੈਂ ਤੇਰੇ ਗੁਰੂ ਦੀ ਨਿੰਦਿਆ ਨਹੀਂ ਕਰਦਾ। ਮੈਨੂੰ ਏਸ ਗੱਲ ਦੀ ਸੋਝੀ ਹੈ -

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥ ਅੰਗ - 755***

ਉਸ ਨੇ ਦਸ ਦਿੱਤਾ ਕਿ ਮੈਂ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਧਾਰਨ ਕਰੀ ਹੋਈ ਹੈ ਤੇ ਅਸੀਂ ਗੁਰੂ ਤੋਂ ਨਾਮ ਲਿਆ ਹੋਇਆ ਹੈ। ਉਹ ਪਹਿਲਾਂ ਮੈਂ ਨਾਮ ਦਾ ਜਾਪ ਕਰਦੀ ਹਾਂ, ਫੇਰ ਮੈਂ ਬਾਣੀ ਪੜ੍ਹਦੀ ਹਾਂ।

ਕਹਿੰਦਾ, ''ਤੂੰ ਉੱਚੀ-ਉੱਚੀ ਪੜ੍ਹਿਆ ਕਰ।''

ਜਦੋਂ ਉਸ ਬੀਬੀ ਨੇ ਬਾਣੀ ਪੜ੍ਹਨੀ, ਨੰਦ ਲਾਲ ਜੀ ਨੇ ਕੋਲ ਬਹਿ ਜਾਣਾ, ਗਲ੍ਹਾ ਕੀ ਸੀ, ਕਮਾਲ ਸੀ, ਜਾਦੂ ਅਸਰ ਸੀ। ਕਿਉਂਕਿ ਕਮਾਏ ਹੋਏ ਹਿਰਦੇ 'ਚੋਂ ਪਿਆਰ ਦੇ ਭਾਵ ਵਾਲੀ ਬਾਣੀ ਨਿਕਲਦੀ ਸੀ, ਸੁਰ ਦੇ ਨਾਲ ਰਲਦੀ। ਜਿਉਂ-ਜਿਉਂ ਬਾਣੀ ਪੜ੍ਹਦੇ ਗਈ, ਤਿਉਂ-ਤਿਉਂ ਬਾਣੀ ਅੰਦਰ ਜਾਂਦੀ ਰਹੀ। ਗੁਟਕੇ ਮੰਗਾ ਲਏ, ਆਪ ਲਿਖ ਲਏ ਤੇ ਬੜੇ ਪਿਆਰ ਦੇ ਨਾਲ ਜਪੁਜੀ ਸਾਹਿਬ, ਸੁਖਮਨੀ ਸਾਹਿਬ, ਹੋਰ ਬਾਣੀਆਂ ਜਿੰਨੀਆ ਕੁ ਹੱਥ ਆਈਆਂ, ਬੜੇ ਪਿਆਰ ਨਾਲ ਪੜ੍ਹਨਾ ਸ਼ੁਰੂ ਕਰ ਦਿੱਤਾ ਤੇ ਮਨ ਵਿੱਚ ਇਹ ਖਿਆਲ ਹੋਇਆ ਕਿ ਮੈਂ ਹੁਣ ਗੁਰੂ ਧਾਰਨ ਕਰਾਂ, ਮੈਨੂੰ ਗੁਰੂ ਦਾ ਪਤਾ ਤਾਂ ਲੱਗ ਗਿਆ ਕਿ ਮੈਨੂੰ ਗੁਰੂ ਧਾਰਨ ਕਰਨਾ ਚਾਹੀਦਾ ਹੈ। ਚਾਲੀ ਸਾਲ ਦੀ ਉਮਰ ਹੋ ਗਈ, ਦੋ ਬੱਚੇ ਹੋ ਗਏ ਤੇ ਨੌਕਰੀ ਕਰ ਰਹੇ ਨੇ ਨਵਾਬ ਦੀ। ਵੱਡੇ ਅਹੁਦੇਦਾਰ ਲੱਗੇ ਹੋਏ ਨੇ ਆਸ ਬੱਝੀ, ਅੱਜ ਜਾਂਦੇ ਕੱਲ੍ਹ ਜਾਂਦੇ, ਪੰਜਾਹ ਸਾਲ ਦੀ ਉਮਰ ਹੋ ਗਈ ਸਾਧਸੰਗਤ ਜੀ। ਲੇਕਿਨ ਅੰਦਰ ਲਗਨ ਹੈ ਕਿ ਮੈਂ ਗੁਰੂ ਧਾਰਨ ਕਰ ਲਵਾਂ।

ਇੱਕ ਦਿਨ ਗੁਰਦੁਆਰੇ ਬੈਠੇ ਨੇ, ਓਸ ਵੇਲੇ ਓਸ ਥਾਂ ਦੇ ਉੱਤੇ ਇੱਕ ਐਸੇ ਸ਼ਬਦ ਦਾ ਉਚਾਰਨ ਹੋ ਰਿਹਾ ਹੈ -

***ਧਾਰਨਾ - ਕਿੱਥੇ ਗਏ ਨੇ ਪੈਗੰਬਰ ਪੀਰ ਔਲੀਏ,***
***ਦਿਸਦਾ ਨਾ ਕੋਈ ਜਗ 'ਤੇ।***

*ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ*
*ਭੂਮ ਹੀ ਤੇ ਹੋਇਕੈ ਫੇਰੇ ਭੂਮ ਹੀ ਮਿਲਏ ਹੈਂ॥*

*ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)*

ਧਿਆਨ ਦੇ ਨਾਲ ਸਰਵਣ ਕਰਿਆ ਕਿ ਆਹ ਸੰਸਾਰ 'ਤੇ ਤਾਂ ਕੋਈ ਵੀ ਨਹੀਂ ਰਹਿੰਦਾ –

*ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥*
*ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥ ਅੰਗ-1381*

*ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥*
*ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥ ਅੰਗ – 1378*

ਸੱਟ ਲੱਗੀ ਹਿਰਦੇ ਦੇ ਅੰਦਰ। ਕਹਿਣ ਲੱਗਿਆ ਮਨਾਂ –

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥*

*ਅੰਗ – 254*

ਕੀ ਪਤਾ ਕਦੋਂ ਜਮਾਂ ਦਾ ਫੰਧਾ ਪੈ ਜਾਵੇ। ਨਿਗੁਰਾ ਹੀ ਨਾ ਸੰਸਾਰ ਤੋਂ ਚਲਿਆ ਜਾਵਾਂ, ਅਕਲ ਨਾ ਮਾਰ ਲਵੇ ਕਿਤੇ ਮੈਨੂੰ। ਭਾਵਨਾ ਜਾਗ ਪਈ, ਪੈਸਾ ਦਿੱਤਾ ਘਰਵਾਲੀ ਨੂੰ ਕਿ ਤੂੰ ਆਪਣੇ ਮਾਤਾ ਪਿਤਾ ਕੋਲ ਜਾ ਕੇ ਰਹਿ। ਮੈਂ ਗੁਰੂ ਧਾਰਨ ਕਰਨਾ ਹੈ। ਪਤਾ ਨਹੀਂ ਮੈਂ ਗੁਰੂ ਕੋਲੋਂ ਆਵਾਂ ਜਾਂ ਨਾ ਆਵਾਂ, ਮੈਂ ਦਿਲ ਦਾ ਸੌਦਾ ਕਰਨ ਵਾਸਤੇ ਪੰਜਾਹ ਸਾਲ ਦਾ ਲਈਂ ਫਿਰਦਾ ਹਾਂ ਦਿਲ ਨੂੰ, ਹੱਥ 'ਤੇ ਚੁੱਕੀਂ। ਕੋਈ ਮੈਨੂੰ ਮਿਲਿਆ ਨਹੀਂ ਜਿਹੜਾ ਮੇਰੇ ਨਾਲ ਸੌਦਾ ਕਰ ਲਵੇ। ਆਪਣਾ ਆਪ ਮੈਂ ਵੇਚਣ ਜਾਣਾ ਹੈ, ਤੂੰ ਘਰ ਰਹਿ। ਬਾਲ-ਬੱਚੇ ਉੱਥੇ ਰੱਖ। ਨੌਕਰ ਨਾਲ ਦੇ ਦਿੱਤਾ ਇੱਕ, ਇੱਕ ਆਪਣੇ ਨਾਲ ਲੈ ਲਿਆ। ਦੋ ਨੌਕਰ ਨਾਲ ਲਿਆਏ ਸੀ। ਸਨੇ-ਸਨੇ, ਚਲਦੇ-ਚਲਦੇ ਅਨੰਦਪੁਰ ਸਾਹਿਬ ਪਹੁੰਚ ਗਏ। ਦੂਰੋਂ ਦਰਸ਼ਨ ਕਰੇ ਲੇਕਿਨ ਨੇੜੇ ਨਹੀਂ ਜਾ ਰਹੇ। ਖਿੱਚ ਪੈਂਦੀ ਹੈ ਦਰਸ਼ਨਾਂ ਦੀ, ਮਕਾਨ ਲੈ ਲਿਆ, ਕਹਿੰਦੇ ਮਨਾਂ! ਪੰਜਾਹ ਸਾਲ ਲੰਘਾਏ ਨੇ ਏਸ ਗੱਲ ਦੇ ਉੱਤੇ ਕਿ ਪੂਰਾ ਗੁਰੂ ਪਛਾਣ ਕੇ ਕਰਨਾ ਹੈ, ਪਰਖ ਕੇ ਕਰਨਾ ਹੈ। ਜਦੋਂ ਪਰਖ ਦੇ ਵਿੱਚ ਪੂਰਾ ਉਤਰ ਆਇਆ, ਫੇਰ ਆਪਣਾ ਆਪ ਵੇਚ ਦੇਣਾ ਹੈ ਫੇਰ ਨਹੀਂ ਕੁਛ ਵੀ ਰੱਖਣਾ ਆਪਣੇ ਕੋਲ। ਕਿਉਂਕਿ reservation (ਸੰਕੋਚ) ਦੇ ਨਾਲ ਗੁਰੂ ਨਾਲ ਨਹੀਂ ਸੌਦਾ ਹੋਇਆ ਕਰਦਾ ਕਿ ਮੈਂ ਵੀ ਰਹਾਂ ਤੇ ਗੁਰੂ ਵੀ

ਰਹੇ।

ਗੁਰੂ ਮਹਾਰਾਜ ਕਹਿੰਦੇ, ਦੇਖ ਤੂੰ ਗੁਰੂ ਨਾਲ ਸੌਦਾ ਕਰਨਾ ਹੈ। ਥੋੜ੍ਹਾ ਔਖਾ ਹੈ ਗੁਰੂਆਂ ਨਾਲ ਸੌਦਾ ਕਰਨਾ –

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥***

***ਅੰਗ – 1102***

ਮੇਰੇ ਕੋਲ ਆਉਣਾ ਹੈ ਮਰਨਾ ਕਬੂਲ ਕਰ। ਜਿਉਂਦਾ ਰਹਿ ਜਾਏਂ ਤੂੰ, ਇਹ ਦੋ ਗੱਲਾਂ ਨਹੀਂ ਚੱਲਣੀਆਂ, ਸੋ ਖਿੱਚ ਖਾਂਦਾ ਹੈ। ਲੇਕਿਨ ਆਪਣੇ ਆਪ ਨੂੰ ਕੈਦ ਕਰਿਆ ਹੋਇਆ ਹੈ ਕਿ ਮੈਨੂੰ ਜੇ ਘਰੋਂ ਬੁਲਾਉਣਗੇ, ਘਰੋਂ ਬੁਲਾ ਕੇ ਦਰਬਾਰ 'ਚ ਮੈਨੂੰ ਇਨਾਮ ਦੇਣਗੇ ਫੇਰ ਮੈਂ ਸੌਦਾ ਕਰਾਂਗਾ। ਹੁਣ ਓਧਰ ਵੀ ਪਰਖ ਹੈ, ਓਧਰ ਵੀ ਪਰਖ ਹੈ। ਮਹਾਰਾਜ ਨੂੰ ਪਤਾ ਹੈ ਕਿ ਸਿੱਖ 'ਤੇ ਤਾਂ ਗੁਰੂ ਕਸਵੱਟੀ ਲਾਉਂਦਾ ਹੈ ਪਰ ਸਿੱਖ ਐਹੋ ਜਿਹਾ ਮਿਲਿਆ ਹੈ ਕਿ ਗੁਰੂ ਦੀ ਪਰਖ ਕਰ ਰਿਹਾ ਹੈ ਪਹਿਲਾਂ। ਥੌੜਾ ਮਹਾਰਾਜ ਨੇ ਦੇਰ ਕਰ ਦਿੱਤੀ ਕਿ ਇਹਦਾ ਬੈਰਾਗ ਪੂਰਾ ਹੋ ਲਵੇ, ਐਸਾ ਨਾ ਹੋ ਜਾਏ ਕਿ ਕੱਚ ਰਹਿ ਜਾਏ, ਕਿਉਂਕਿ ਬੈਰਾਗ ਨਹੀਂ ਆਦਮੀ ਦੇ ਅੰਦਰ ਜਦੋਂ ਤੱਕ ਪੂਰਾ ਵਧਦਾ, ਓਨੀਂ ਦੇਰ ਤੱਕ ਮੈਂ ਨਹੀਂ ਮਰਿਆ ਕਰਦੀ –

***ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥***
***ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨ ॥***

***ਅੰਗ – 1379***

ਜਦੋਂ ਫੇਰ ਬਿਰਹਾ ਉਪਜਦਾ ਹੈ, ਫੇਰ ਵਿਯੋਗ ਚਲਦਾ ਹੈ, ਜਦੋਂ ਵਿਯੋਗ ਚਲਦਾ ਹੈ, ਉਸ ਵੇਲੇ ਹਾਲਤ ਜਿਹੜੀ ਹੈ ਉਹ ਸਹਿਨੀ ਮੁਸ਼ਕਲ ਹੋ ਜਾਂਦੀ ਹੈ –

***ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥***
***ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥***

***ਅੰਗ – 1368***

ਬਉਰਿਆਂ ਵਾਲਾ ਹਾਲ ਹੋ ਜਾਂਦਾ ਹੈ। ਅਰਦਾਸਾਂ ਕਰਦਾ ਹੈ ਏਸ ਤਰ੍ਹਾਂ –

***ਧਾਰਨਾ – ਕਦੋਂ ਹੋਣਗੇ ਦੀਦਾਰੇ ਤੇਰੇ, ਕਦੋਂ ਹੋਣਗੇ।***
***ਅੱਖੀਆਂ ਤਰਸਦੀਆਂ ਸਾਹਿਬਾ।***

***ਜੇ ਤੂ ਮਿਤ੍ਰੁ ਅਸਾਡੜਾ ਹਿਕ ਭੋਰੀ ਨਾ ਵੇਛੋੜਿ ॥***
***ਜੀਉ ਮਹਿੰਜਾ ਤਉ ਮੋਹਿਆ ਕਦਿ ਪਸੀ ਜਾਨੀ ਤੋਹਿ ॥***

***ਅੰਗ – 1094***

***ਡਿਠੀ ਹਭ ਢੰਢੋਲਿ ਹਿਕਸੁ ਬਾਝੁ ਨ ਕੋਇ ॥***
***ਆਉ ਸਜਣ ਤੂ ਮੁਖਿ ਲਗੁ ਮੇਰਾ ਤਨੁ ਮਨੁ ਠੰਢਾ ਹੋਇ ॥***

***ਅੰਗ – 1100***

ਐਸੀਆਂ ਅਰਦਾਸਾਂ ਹਰ ਰੋਜ਼ ਕਰਦਾ ਹੈ, ਸੁੱਕਾ ਨਹੀਂ ਗਾਉਂਦਾ ਹੈਗਾ, ਨੇਤਰਾਂ ਦੇ ਵਿਚੋਂ ਜਲ ਜਾਂਦਾ ਹੈ। ਜੋ ਨੌਕਰ ਨਾਲ ਆਇਆ ਹੈ, ਦੇਖਦਾ ਹੈ ਹਾਲਤ ਕਿ ਰੰਗ ਪੀਲਾ ਹੋ ਗਿਆ, ਖਾਂਦੇ ਪੀਂਦੇ ਕੁਛ ਨਹੀਂ ਹਨ, ਆਏ ਨੇ ਗੁਰੂ ਦੀ ਭਾਲ ਵਿੱਚ, ਇਹ ਹੋ ਕੀ ਰਿਹਾ ਹੈ ਸਾਰਾ। ਇਸੇ ਤਰ੍ਹਾਂ ਦੇ ਨਾਲ ਬੈਠੇ, ਓਧਰ ਗੁਰੂ ਕਲਗੀਧਰ ਪਾਤਸ਼ਾਹ ਖਿੱਚ ਖਾਂਦੇ ਨੇ, ਜਦੋਂ ਸੱਚੇ ਤਰ੍ਹਾਂ ਹਿਰਦੇ 'ਚ ਖਿੱਚ ਹੁੰਦੀ ਹੈ, ਗੁਰੂ ਪੱਥਰ ਨਹੀਂ ਹੋਇਆ ਕਰਦਾ। ਜੇ ਚੰਦ ਚਕੋਰ ਦੀ ਪ੍ਰੀਤ ਹੈ –

***ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।***

***ਭਾਈ ਗੁਰਦਾਸ ਜੀ, 27/4***

ਚੰਦ ਨੂੰ ਨਹੀਂ ਪਤਾ ਕਿ ਮੇਰੇ ਵਾਸਤੇ ਕਿੰਨਾ ਤਰਸਦਾ ਹੈ ਪਰ ਗੁਰੂ ਨੂੰ ਸਿੱਖ ਦੇ ਹਰੇਕ ਤੁਣਕੇ ਦਾ ਪਤਾ ਹੁੰਦਾ ਹੈ ਕਿ ਕੋਈ ਖਿੱਚ ਰਿਹਾ ਹੈ ਮੈਨੂੰ। ਮਹਾਰਾਜ ਗੰਭੀਰ ਹੋ ਗਏ, ਚੁੱਪ ਕਰੇ ਬੈਠੇ ਨੇ, ਚੋਬਦਾਰ ਨੂੰ ਬੁਲਾਇਆ, ਕਹਿਣ ਲੱਗੇ, ਏਸ ਤਰ੍ਹਾਂ ਕਰ, ਆਹ ਮੁਹੱਲੇ 'ਚ ਚਲਿਆ ਜਾਹ। ਫਲਾਣੇ ਥਾਂ ਦੇ ਉੱਤੇ ਇੱਕ ਨੰਦਲਾਲ ਨਾਮ ਦਾ ਸਿੱਖ ਰਹਿੰਦਾ ਹੈ, ਜਾਹ ਉਹਨੂੰ ਬੁਲਾ ਕੇ ਲਿਆ। ਸਿੱਖ ਉਸ ਕੋਲ ਚਲਿਆ ਜਾਂਦਾ ਹੈ ਤੇ ਜਾ ਕੇ ਦੇਖਦਾ ਹੈ ਤਾਂ ਉਹ ਰੋ ਰਿਹਾ ਹੈ। ਅਰਦਾਸ ਵਿੱਚ ਪਿਆ ਹੋਇਆ ਹੈ ਕਿ ਹੇ ਪਾਤਸ਼ਾਹ! ਮੈਂ ਗੁਸਤਾਖੀ ਕੀਤੀ, ਪੰਜਾਹ ਸਾਲ ਦੀ ਉਮਰ ਲੰਘ ਗਈ, ਪਰ ਮੈਂ ਕੱਚੇ ਗੁਰੂਆਂ ਤੋਂ ਡਰਦਾ ਹਾਂ, ਐਸਾ ਨਾ ਹੋਵੇ ਕਿ ਮੇਰਾ ਸੌਦਾ ਗਲਤ ਹੋ ਜਾਏ, ਮੈਂ ਆਪਣਾ ਦਿਲ ਲਈਂ ਫਿਰਦਾ ਹਾਂ, ਵਿਕਾਊ ਕਰਿਆ ਹੋਇਆ ਹੈ, ਪਰ ਓਸਨੂੰ ਜਿਹੜਾ ਪੂਰਾ ਹੋਵੇ। ਪਾਤਸ਼ਾਹ! ਕ੍ਰਿਪਾ ਕਰੋ, ਆਪ ਬੁਲਾ ਲਓ।

ਚੋਬਦਾਰ ਚੁੱਪ ਕਰਿਆ ਖੜ੍ਹਾ ਦੇਖਦਾ ਹੈ, ਥੌੜ੍ਹੀ ਦੇਰ ਤੋਂ ਬਾਅਦ ਨੌਕਰ ਨੇ ਦੱਸਿਆ ਕਿ ਗੁਰੂ ਦਸ਼ਮੇਸ਼ ਪਿਤਾ ਦੇ ਪਾਸੋਂ ਸਿੱਖ ਆਇਆ ਹੈ।

ਐਨੀ ਗੱਲ ਸੁਣਦੇ ਸਾਰ ਸਾਧਸੰਗਤ ਜੀ! ਤਨ ਮਨ ਹਰਾ ਹੋ ਗਿਆ, ਇੱਕ ਦਮ ਮਨ ਦੇ ਉੱਤੇ ਅਸਰ ਹੋ ਗਿਆ ਬਹੁਤ। ਅਨੰਦ ਹੋ ਗਿਆ, ਝਰਨ੍ਹਾਟਾਂ ਆਉਣੀਆਂ ਸ਼ੁਰੂ ਹੋ ਗਈਆਂ, ਭਾਈ ਸਾਹਿਬ ਲਿਖਦੇ ਨੇ ਕਿ –

***ਸੁਨਤ ਕਾਨ ਮਹਿਂ ਅਨੰਦ ਮਹਾਨ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5077***

ਐਨਾ ਅਨੰਦ ਹੋਇਆ ਐਨੀ ਗੱਲ ਸੁਣ ਕੇ ਕਿ ਮੈਨੂੰ ਬੁਲਾਉਣ ਵਾਸਤੇ ਸਿੱਖ ਆ ਗਿਆ –

***ਮਨਹੁਂ ਰਾਜ ਲੇ ਸਕਲ ਜਹਾਨ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5077***

ਏਸ ਤਰ੍ਹਾਂ ਲੱਗਿਆ ਕਿ ਮੈਨੂੰ ਸਾਰੀ ਦੁਨੀਆਂ ਦਾ ਬਾਦਸ਼ਾਹ ਬਣਾ

ਦਿੱਤਾ ਤੇ ਇਹਦੀ ਸੇਵਾ ਦੇ ਵਿੱਚ ਮੈਂ ਕੀ ਦੇਵਾਂ? -

*ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥*
*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥*

***ਅੰਗ - 558***

ਉੱਠ ਕੇ ਤੁਰ ਪਿਆ, ਗੁਰੂ ਦਸ਼ਮੇਸ਼ ਪਿਤਾ ਨੇਤਰ ਬੰਦ ਕਰੀਂ ਬੈਠੇ ਨੇ, ਇਸ਼ਾਰਾ ਕਰ ਦਿੱਤਾ ਚੋਬਦਾਰ ਨੇ ਕਿ ਇੱਥੇ ਸਾਮ੍ਹਣੇ ਬਹਿ ਜਾ, ਜਦੋਂ ਨੇਤਰ ਖੋਲ੍ਹਣਗੇ, ਓਸ ਵੇਲੇ ਬਚਨ ਹੋ ਜਾਏਗਾ। ਦਰਸ਼ਨ ਦੇਖ ਰਿਹਾ ਹੈ ਸਾਧਸੰਗਤ ਜੀ।

ਗੁਰੂ ਦਸ਼ਮੇਸ਼ ਪਿਤਾ ਦਾ ਦਰਸ਼ਨ ਜਿਹਨੇ ਦੇਖ ਲਿਆ, ਚਾਹੇ ਮੈਦਾਨ-ਏ-ਜੰਗ 'ਚ ਕਿਸੇ ਜਰਨੈਲ ਨੇ ਦੇਖ ਲਿਆ, ਮੋਹਿਆ ਗਿਆ ਉਹ। ਉਹਦੇ ਅੰਦਰ ਝਰਨ੍ਹਾਟ ਛਿੜ ਗਈ। ਪਿੱਛੇ ਹੀ ਚੱਲ ਪਿਆ, ਸ਼ਸਤਰ ਰਹਿ ਗਏ, ਮਾਰ ਨਹੀਂ ਸਕਿਆ ਸ਼ਸਤਰ।

ਕਹਿੰਦੇ, ਚਲਾ ਸ਼ਸਤਰ, ਤੂੰ ਤਾਂ ਇਹ ਕਹਿੰਦਾ ਸੀ ਕਿ ਗੁਰੂ ਗੋਬਿੰਦ ਸਿੰਘ ਮੇਰੇ ਨਾਲ ਸਿੱਧਾ ਆ ਕੇ ਲੜੇ। ਮੈਂ ਆ ਗਿਆ।

ਕਹਿੰਦਾ, ''ਗੁਰੂ ਗੋਬਿੰਦ ਸਿੰਘ ਮਹਾਰਾਜ ਹੁਣ ਤਾਬ ਨਹੀਂ ਰਹੀ, ਤੇਰੇ ਦਰਸ਼ਨਾਂ ਦੀ ਜੋ ਝਲਕ ਹੈ ਇਹਨੇ ਮੈਨੂੰ ਵਿੰਨ੍ਹ ਦਿੱਤਾ। ਹੁਣ ਮੈਂ ਰਿਹਾ ਨਹੀਂ ਹਾਂ। ਐਸਾ ਹੀ ਅਸਰ ਨੰਦਲਾਲ ਜੀ ਤੇ ਹੋ ਰਿਹਾ ਹੈ, ਐਸ ਤਰ੍ਹਾਂ ਬਾਣੀ ਵਿੱਚ ਫੁਰਮਾਨ ਹੈ -

***ਧਾਰਨਾ - ਮੈਂ ਮੋਹੀ ਪਿਆਰੇ, ਦਰਸ਼ਨ ਤੇਰਾ ਦੇਖ ਕੇ।***

*ਹਥਿ ਕਲੰਮ ਅਗੰਮ ਮਸਤਕਿ ਲਿਖਾਵਤੀ ॥*
*ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ ॥*
*ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ ॥*
*ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥* ***ਅੰਗ - 261***

ਬਲਿਹਾਰ! ਬਲਿਹਾਰ! ਮੋਹਿਆ ਗਿਆ। ਸੁਧ ਨਾ ਰਹੀ, ਬੁੱਧੀ ਵਿੱਚ ਬੁੱਧ ਨਾ ਰਹੀ। ਵਿਸਮਾਦ ਅਵਸਥਾ 'ਚ ਹੀ ਦਰਸ਼ਨ ਕਰਕੇ ਮੋਹਿਆ ਗਿਆ। ਕੁਝ ਸਮਾਂ ਬੀਤ ਗਿਆ, ਝਰਨ੍ਹਾਟਾਂ ਚੱਲ ਰਹੀਆਂ ਨੇ ਸਰੀਰ ਦੇ ਅੰਦਰ, ਰੂਹਾਨੀ ਕੰਬਣੀਆਂ ਆ ਰਹੀਆਂ ਨੇ, ਆਪੇ ਤੋਂ ਬਾਹਰ ਹੋ ਰਿਹਾ ਹੈ।

ਗੁਰੂ ਮਹਾਰਾਜ ਦੇ ਮਸਤ ਨੈਣ ਖੁੱਲ੍ਹੇ ਸਾਧਸੰਗਤ ਜੀ! ਪਹਿਲੀ ਹੀ ਜੋ ਦ੍ਰਿਸ਼ਟੀ ਸੀ ਉਹ ਨੰਦਲਾਲ 'ਤੇ ਪਈ। ਪੈਂਦੇ ਸਾਰ ਕਵੀ ਮਨ, ਰਸਕ ਮਨ ਸੀ ਦੁਹਾਈ ਦੇ ਉੱਠਿਆ। ਪਾਤਸ਼ਾਹ! ਪਾਤਸ਼ਾਹ! ਤੇਰੀ ਦੁਹਾਈ ਹੈ, ਮੇਰੇ ਤੋਂ ਤੇਰੇ ਨੈਣਾਂ ਦੀ ਤਾਬ ਨਹੀਂ ਝੱਲੀ ਜਾਂਦੀ। ਮੈਂ ਝੱਲ ਨਹੀਂ ਸਕਦਾ, ਐਸ ਤਰ੍ਹਾਂ ਦੁਹਾਈ ਦਿੱਤੀ -

*ਧਾਰਨਾ – ਝੱਲੀ ਜਾਵੇ ਨਾ ਤਾਬ ਤੇਰੇ ਨੈਣਾਂ ਦੀ,*
*ਦੁਹਾਈ, ਮੈਨੂੰ ਰੱਖ ਮਾਲਕਾ।*

ਦੁਹਾਈ ਦੇ ਰਿਹਾ ਹੈ, ਪਾਤਸ਼ਾਹ! ਮੈਂ ਨਹੀਂ ਝੱਲ ਸਕਦਾ ਤੇਰੀ ਦ੍ਰਿਸ਼ਟੀ ਨੂੰ। ਗੁਰੂ ਦੀ ਦ੍ਰਿਸ਼ਟੀ ਐਵੇਂ ਤਾਂ ਨਹੀਂ ਹੁੰਦੀ, ਅੰਦਰ ਬਾਹਰ ਸਾਰੇ ਸਰੀਰ 'ਚ, ਰੋਮ-ਰੋਮ 'ਚ ਸਮਾਅ ਜਾਂਦੀ ਹੈ। ਆਪ ਨੇ ਫਾਰਸੀ ਦੇ ਅੰਦਰ ਗਜ਼ਲਾਂ ਲਿਖੀਆਂ ਨੇ ਤੇ ਗੁਰੂ ਦਸ਼ਮੇਸ਼ ਪਿਤਾ ਜੀ ਨੇ ਕਿਹਾ ਕਿ ਜੋ ਮਹੱਤਤਾ ਭਾਈ ਗੁਰਦਾਸ ਜੀ ਦੀ ਬਾਣੀ ਨੂੰ ਹੈ, ਓਹੀ ਮਹੱਤਤਾ ਭਾਈ ਨੰਦ ਲਾਲ ਜੀ ਦੀ ਬਾਣੀ ਨੂੰ ਹੈ। ਜਿਸਦਾ ਪੰਜਾਬੀ ਤਰਜਮਾ ਏਸ ਤਰ੍ਹਾਂ ਦੇ ਨਾਲ ਕੀਤਾ ਗਿਆ –

*ਨੈਣਾਂ ਮਸਤ ਅੰਗਾਰਿਆਂ ਅਪਨਿਆਂ ਤੋਂ,*
*ਹਾਇ ਰੱਖ ਲੈ, ਦਿਆਂ ਦੁਹਾਈ ਤੇਰੀ!*
*ਮਿੱਠੇ ਮੁਖੜੇ ਤੇ ਸ਼ੀਰੀਂ ਲਬਾਂ ਕੋਲੋਂ,*
*ਹਾਇ ਰੱਖ ਲੈ, ਦਿਆਂ ਦੁਹਾਈ ਤੇਰੀ!*
*ਤੈਥੋਂ ਵਿਛੁੜਿਆਂ ਬੀਤਿਆਂ ਦਮਾਂ ਉਤੇ,*
*ਹਾਏ, ਸ਼ੋਕ ਹੈ ਸ਼ੋਕ ਹੈ ਸ਼ੋਕ ਸੁਹਣੇ,*
*ਏਸ ਗਾਫਲੀ ਗਫਲਤਾਂ ਵਾਲੜੀ ਤੋਂ,*
*ਹੈ ਫਰਯਾਦ ਤੇ ਹੈ ਦੁਹਾਈ ਤੇਰੀ!*
*ਓਦਰ ਗਿਆ ਹਾਂ ਦੇਖਦਾ ਝਗੜਿਆਂ ਨੂੰ,*
*ਦੀਨ ਧਰਮ ਤੇ ਕੁਫਰ ਅਧਰਮ ਵਾਲੇ,*
*ਹੇ ਸਭਨਾਂ ਦੇ ਮਾਲਕਾ! ਦੁਆਰ ਤੇਰੇ,*
*ਰੱਖ ਲਵੀਂ ਤੂੰ ਦਿਆਂ ਦੁਹਾਈ ਤੇਰੀ!*
*ਮੋਹਨਹਾਰੀਆਂ ਠੱਗਣਾ ਠੱਗ ਲੀਤਾ*
*ਸਾਰਾ ਜਗ ਹੈ ਮੁੱਠਿਆ ਹਾਇ, ਹਾਏ!*
*ਕਰੀਂ ਰੱਖਿਆ ਇਨ੍ਹਾਂ ਤੋਂ ਆਪ ਬਹੁੜੀਂ,*
*ਪਾਵਾਂ ਵਾਸਤਾ ਦਿਆਂ ਦੁਹਾਈ ਤੇਰੀ!*

*(ਸ੍ਰੀ ਕਲਗੀਧਰ ਚਮਤਕਾਰ)*

ਐਸੀ ਇੱਕੋ ਹੀ ਨਦਰ, ਇੱਕ ਨਦਰ ਕੀਤੀ ਗੁਰੂ ਨੇ, ਹੋ ਕੀ ਗਿਆ, ਸੋਨਾ ਬਣਾ ਦਿੱਤਾ ਬਾਰ੍ਹਾਂ ਬੰਨ੍ਹੀ ਦਾ। ਕਿਧਰੇ ਹਉਮੈ ਗਈ, ਨਾ ਤਪ ਕਰਨ ਦੀ ਲੋੜ, ਨਾ ਜਪ ਕਰਨ ਦੀ ਲੋੜ, ਨਾ ਧੂਣੀਆਂ ਤਾਪਣ ਦੀ ਲੋੜ, ਪਹਿਲੀ ਦ੍ਰਿਸ਼ਟੀ ਦੇ ਨਾਲ ਹੀ ਨਿਹਾਲ ਕਰ ਦਿੱਤਾ, ਨਾਲ ਮੁਖ ਤੋਂ ਕਿਹਾ ਗੁਰਸਿੱਖਾ! ਨਿਹਾਲ! ਨਿਹਾਲ! ਨਿਹਾਲ!

*ਧਾਰਨਾ – ਨਦਰੀ ਨਦਰ ਨਿਹਾਲ ਕਰ 'ਤਾ ਗੁਰਾਂ ਨੇ,*
*ਸੋਨਾ ਹੋ ਗਿਆ ਬਾਰ੍ਹਾਂ ਬੰਨੀ ਦਾ।*

*ਕ੍ਰਿਪਾਦ੍ਰਿਸ਼ਟਿ ਸੋਂ ਦੇਖਨਿ ਕਰਯੋ।*
*ਭ੍ਰਮ ਅੱਗਯਾਨ ਸੁ ਤਿਸ ਪਰਹਰਯੋ।*
*ਮੋਹ ਮਹਾਨ ਨੀਂਦ ਮਹਿਂ ਸੋਵਾ।*

*ਜਾਗਤਿ ਭਯੋ ਗੁਰੂ ਰਵਿ ਜੋਵਾ॥*

**ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5078**

*ਤਾਉ ਕਸੌਟੀ ਬਿਨ, ਮਲ ਖੋਵਾ।*
*ਬਾਰਹਿ ਬੰਨੀ ਕੰਚਨ ਹੋਵਾ।*

**ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5078**

ਨਾ ਤਪ ਕਰਾਇਆ, ਨਾ ਜਪ ਕਰਾਇਆ, ਬਾਰ੍ਹਾਂ ਵਾਰੀ ਜੇ ਸੋਨੇ ਨੂੰ ਅੱਗ ਦੇਵੇ ਤਾਂ ਬਾਰ੍ਹਾਂ ਬੰਨੀ ਦਾ ਸੋਨਾ ਕਹਿੰਦੇ ਨੇ, ਉਹਦੇ ਵਿੱਚ ਕੋਈ ਮੈਲ ਨਹੀਂ ਰਿਹਾ ਕਰਦੀ। ਐਸਾ ਇੱਕ ਦ੍ਰਿਸ਼ਟੀ ਦੇ ਨਾਲ ਗੁਰੂ ਦਸ਼ਮੇਸ਼ ਪਿਤਾ ਜੀ ਨੇ, ਪੂਰਾ ਜਗਿਆਸੂ ਸੀ, ਸੌਦਾ ਹੋ ਗਿਆ ਸਾਧਸੰਗਤ ਜੀ! ਨੰਦਲਾਲ ਨਾ ਰਿਹਾ ਹੁਣ ਸਰੀਰ ਦੇ ਅੰਦਰ, ਗੁਰੂ ਹੀ ਹੋ ਗਿਆ। ਅੱਖਾਂ ਨਾਲ ਦੇਖਦਾ ਹੈ, ਓਹੀ ਗੁਰੂ ਦਿਸਦਾ ਹੈ, ਕੰਨਾਂ ਨਾਲ ਸੁਣਦਾ ਹੈ ਤਾਂ ਵੀ ਗੁਰੂ ਸੁਣਦਾ ਹੈ, ਬੋਲਦਾ ਹੈ ਤਾਂ ਵੀ ਗੁਰੂ, ਸਰੀਰ ਸਾਰੇ 'ਚ ਗੁਰੂ ਰਚ ਗਿਆ। ਸਾਰੇ ਬ੍ਰਹਿਮੰਡ 'ਚ ਰਚ ਗਿਆ। ਓਸ ਵੇਲੇ ਮਨ ਦਾ ਹਨ੍ਹੇਰਾ ਜਿਹੜਾ ਪਿਆ ਹੋਇਆ ਸੀ, ਰੱਸੀ ਦੇ ਵਿੱਚ ਹਨ੍ਹੇਰੇ 'ਚ ਸੱਪ ਦੀਂਹਦਾ ਸੀ। ਜਦੋਂ ਚਾਨਣਾ ਹੋਇਆ, ਪਤਾ ਲੱਗਿਆ ਕਿ ਸੱਪ ਤਾਂ ਹੈ ਨਹੀਂ ਸੀ ਇਹ ਤਾਂ ਹਨ੍ਹੇਰੇ ਕਰਕੇ ਪ੍ਰਤੀਤ ਦਿੰਦਾ ਸੀ, ਲੱਕੜੀ ਖੜ੍ਹੀ ਹੈ ਰਾਤ ਨੂੰ, ਏਸ ਤਰ੍ਹਾਂ ਲਗਦਾ ਹੈ ਕਿ ਚੋਰ ਖੜ੍ਹਾ ਹੈ। ਜਦੋਂ ਚਾਨਣਾ ਹੋ ਗਿਆ, ਪਤਾ ਲੱਗ ਗਿਆ ਕਿ ਇਹ ਕਰੋੜਾਂ ਜਨਮਾਂ ਦਾ ਜੋ ਬੰਦਾ ਸੁੱਤਾ ਪਿਆ ਹੈ, ਸੁਰਤ ਸਾਡੀ ਸੁੱਤੀ ਪਈ ਹੈ, ਜਾਗ ਆ ਗਈ, ਹਨ੍ਹੇਰਾ ਚੁੱਕਿਆ ਗਿਆ, ਪ੍ਰਕਾਸ਼ ਹੋ ਗਿਆ –

*ਧਾਰਨਾ – ਜਨਮਾਂ ਜਨਮਾਂ ਦੇ ਸੁੱਤੇ ਨੂੰ ਜਾਗ ਆਈ,*
*ਮਿਟਿਆ ਅੰਧੇਰਾ ਮਨ ਦਾ।*

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥* **ਅੰਗ – 204**

ਮਿਲ ਗਿਆ ਪੂਰਾ, ਜਾਗ ਆ ਗਈ। ਜੇ ਸੁੱਤੇ ਪਿਆਂ ਨੂੰ ਜਾਗ ਆ ਜਾਵੇ, ਫੇਰ ਸੁਪਨੇ 'ਚ ਤਾਂ ਕੁਛ ਹੋਰ ਦਿਸਦਾ ਹੈ, ਜਾਗ ਆਉਣ 'ਤੇ ਕੁਛ ਹੋਰ ਦਿਸਦਾ ਹੈ। ਅੱਖਾਂ 'ਚ ਗੁਰੂ ਵਸ ਗਿਆ, ਜ਼ੁਬਾਨ 'ਤੇ ਗੁਰੂ ਵਸ ਗਿਆ, ਸਰੀਰ 'ਚ ਗੁਰੂ ਵਸ ਗਿਆ, ਨੇਤਰਾਂ ਦਾ ਅਗਿਆਨ ਦੂਰ ਹੋ ਗਿਆ ਤੇ ਜਦੋਂ ਜਾਗ ਆ ਗਈ ਫੇਰ ਦਿਸਦਾ ਕੀ ਹੈ, ਜਿਧਰ ਦੇਖਦਾ ਹੈ, ਐਨਾ ਅਸਰ ਹੋ ਗਿਆ ਗੁਰੂ ਗੋਬਿੰਦ ਮਹਾਰਾਜ ਦਾ ਓਹੀ ਨਜ਼ਰ ਆਉਂਦਾ ਹੈ। ਦੂਜਾ ਨਜ਼ਰ ਨਹੀਂ ਆਉਂਦਾ –

*ਧਾਰਨਾ – ਆਪੇ ਦਿਸਿਆ ਓ ਖੇਲ੍ਹ ਕਰਦਾ,*
*ਨੈਣ ਖੁੱਲ੍ਹ ਗਏ ਗੁਰਾਂ ਨੂੰ ਮਿਲ ਕੇ।*

*ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ ॥*

***ਅੰਗ - 407***

ਨੈਣ ਖੁਲ੍ਹ ਗਏ ਸਾਧਸੰਗਤ ਜੀ -

***ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥***
***ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥*** ***ਅੰਗ - 23***

ਜਿੱਧਰ ਦੇਖਦੇ ਨੇ ਐਸਾ ਪਿਆਰਾ ਮਨ 'ਚ ਬੈਠ ਗਿਆ ਸਾਧਸੰਗਤ ਜੀ, ਹੁਣ ਦੂਜਾ ਨਜ਼ਰ ਨਹੀਂ ਆਉਂਦਾ। ਭਾਈ ਘਨ੍ਹੱਈਏ ਨੂੰ ਵੀ ਨਜ਼ਰ ਨਹੀਂ ਸੀ ਆਇਆ, ਜਦੋਂ ਪਾਣੀ ਪਿਲਾਉਂਦੇ ਸੀ ਸ਼ਿਕਾਇਤ ਹੋਈ, ਘਨੱਈਆ! ਖਾਲਸਾ ਤੇਰੀ ਸ਼ਿਕਾਇਤ ਕਰਦਾ ਹੈ ਕਿ ਤੂੰ ਦੁਸ਼ਮਣਾਂ ਨੂੰ ਪਾਣੀ ਪਿਲਾਉਂਦਾ ਰਿਹਾ ਹੈ।

ਕਹਿਣ ਲੱਗਿਆ, ਨਾ ਮਹਾਰਾਜ! ਮੈਂ ਤਾਂ ਕਿਸੇ ਦੁਸ਼ਮਣ ਨੂੰ ਪਾਣੀ ਨਹੀਂ ਪਿਲਾਇਆ।

ਮੁਗਲਾਂ ਨੂੰ ਪਿਲਾਇਆ ਹੋਣਾ ਹੈ?

ਕਹਿੰਦੇ, "ਨਾ ਮਹਾਰਾਜ।"

ਪਹਾੜੀਆਂ ਨੂੰ?

ਕਹਿੰਦੇ, "ਨਾ"।

ਫੇਰ ਖਾਲਸਾ ਨੂੰ ਪਿਲਾਇਆ ਹੋਣਾ?

ਸੱਚੇ ਪਾਤਸ਼ਾਹ! ਨਾ।

ਫੇਰ ਤੂੰ ਕੀਹਨੂੰ ਪਾਣੀ ਪਿਲਾਉਂਦਾ ਰਿਹਾ?

ਕਹਿੰਦਾ, "ਹੇ ਦਸ਼ਮੇਸ਼ ਪਿਤਾ! ਮੈਨੂੰ ਤੇਰੀ ਸੁਗੰਧ ਹੈ ਕਿ ਮੈਂ ਤੇਰੇ ਤੋਂ ਬਗੈਰ ਕਿਸੇ ਨੂੰ ਪਾਣੀ ਪਿਲਾਇਆ ਹੀ ਨਹੀਂ।

ਜਦੋਂ ਮੈਂ ਮਸ਼ਕ ਦਾ ਮੂੰਹ ਖੋਲ੍ਹਦਾ ਸੀ, ਤੇਰਾ ਹੱਥ ਹੁੰਦਾ, ਤੇਰੀ ਜਿਗਾ ਕਲਗੀ, ਤੇਰੇ ਮਸਤ ਨੈਣ। ਮੈਨੂੰ ਤਾਂ ਤੇਰੇ ਮਸਤ ਨੈਣਾਂ ਤੋਂ ਬਗੈਰ ਹੋਰ ਕੁਛ ਦਿਸਦਾ ਹੀ ਨਹੀਂ। ਜਦੋਂ ਤੋਂ ਤੇਰਾ ਲਿਸ਼ਕਾਰਾ ਵੱਜ ਗਿਆ, ਮੈਨੂੰ ਦਿਸਣਾ ਬੰਦ ਹੋ ਗਿਆ। ਇੱਕੋ ਹੀ ਦਿਸਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਆਪ ਵੀ ਫੁਰਮਾਉਂਦੇ ਨੇ -

***ਰੁੱਤ ਆਈ 'ਤੇ ਮਿੱਤਰ ਆਇਆ,***
***ਦਿਲ ਨੂੰ ਧੀਰਜ ਆਈ ਏ।***
***ਅੱਖ ਮੇਰੀ ਧੀਰੀ ਦੇ ਅੰਦਰ***
***ਸ਼ਕਲ ਸੱਜਣ ਦੀ ਵਸ ਗਈ।***

ਵਸ ਗਈ ਦਸ਼ਮੇਸ਼ ਪਿਤਾ ਦੀ, ਮੇਰੇ ਧੀਰੀ 'ਚ।

***ਜਿਸ ਵਲ ਨਜ਼ਰ ਮੇਰੀ ਹੈ ਜਾਂਦੀ,***
***ਸੂਰਤ ਯਾਰ ਦਿਸਾਈ ਏ।***

*ਜਿਸ ਪਾਸੇ ਵਲ ਮਿੱਤਰ ਜਾਂਦਾ,*
*ਮਗਰ ਨਜ਼ਰ ਮੇਰੀ ਜਾਵੇ।*
*ਜੇ ਰੋਕਾਂ ਤਾਂ ਰੁਕਦੀ ਨਾਹੀ,*
*ਪੇਸ਼ ਨਾ ਜਾਂਦੀ ਕਾਈ ਏ।*
*ਆਸਵੰਦ ਜੋ ਮਿੱਤਰ ਪਿਆਰੇ,*
*ਖਬਰ ਉਨ੍ਹਾਂ ਅੱਜ ਕਰ ਦੇਣੀ।*
*ਅਨਹਲ ਹੱਕ ਦਾ ਹੋਕਾ ਦੇ ਕੇ*
*ਸੂਲੀ ਜਾਨ ਟੰਗਾਈ ਏ।*

ਕਹਿਣ ਲੱਗੇ, ਖਬਰ ਕਰ ਦਿਓ। ਹੁਣ ਸਾਨੂੰ ਸੂਲੀਆਂ ਦਾ ਡਰ ਨਹੀਂ ਰਿਹਾ। ਅਨਹਲ-ਹੱਕ, ਵਾਹਿਗੁਰੂ ਹੀ ਹੈ ਸਾਰੇ, ਦੂਜਾ ਨਹੀਂ ਰਿਹਾ ਕੋਈ ਵੀ -

*ਕਰ ਦਿਓ ਖਬਰ ਫੁੱਲਾਂ ਤਾਈਂ,*
*ਓ ਸਾਰੇ ਖਿੜ ਜਾਵਣ।*
*ਦੇਖਣ ਚਾਓ ਦਿਲ ਏ ਵਿੱਚ ਲੈ ਕੇ,*
*ਮਿੱਠ ਬੋਲੀ ਬੁਲਬੁਲ ਆਈ ਏ।*
*ਕੁੰਡਲ ਮਾਰ ਜ਼ੁਲਫ ਜੋ ਤੇਰੀ,*
*ਨੰਦ ਓਸਦਾ ਧਰਦਾ ਧਿਆਨ,*
*ਇਸ ਸਬੱਬ ਜੋ ਨਾਲ ਸ਼ੋਕ ਦੇ,*
*ਬੇਕਰਾਰ ਦਿਲ ਆਈ ਏ।*

ਕਹਿੰਦੇ, ਹੇ ਪਾਤਸ਼ਾਹ! ਹੁਣ ਤਾਂ ਜਿੱਧਰ ਦੇਖਦਾ ਹਾਂ, ਤੂੰ ਹੀ ਤੂੰ ਹੈਂ। ਸੂਫੀ ਵੀ ਤੂੰ ਹੈਂ, ਜ਼ਾਹਦ ਵੀ ਤੂੰ ਹੈਂ, ਮਸਤ ਵੀ ਤੂੰ ਹੈਂ, ਕਲੰਦਰ ਵੀ ਤੂੰ ਹੈਂ। ਆਹ ਸਭ ਤੇਰੇ ਰੰਗ ਹੋ ਰਹੇ ਨੇ, ਕਿਤੇ ਮਰ ਰਿਹਾ ਹੈਂ ਕਿਤੇ ਮਾਰ ਰਿਹਾ ਹੈਂ।

*ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,*
*ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥ ਤ੍ਵਪ੍ਰਸਾਦਿ ਕਬਿੱਤ*

ਪਾਤਸ਼ਾਹ! ਜਿੱਧਰ ਮੈਂ ਦੇਖਦਾ ਹਾਂ, ਮੈਨੂੰ ਮਾੜੇ ਨਹੀਂ ਹੁਣ ਦਿਸਦੇ, ਦਿੱਸਣ ਤੋਂ ਹੀ ਹਟ ਗਏ। ਹੁਣ ਤਾਂ ਤੇਰਾ ਹੀ ਰੰਗ ਹੈ। ਸਾਰੀ ਦੁਨੀਆਂ ਤੇਰੇ ਵਿੱਚ ਬੱਝ ਰਹੀ ਹੈ -

*ਦੀਨ ਦੁਨੀ ਨੇ ਦੋਵੇਂ ਬੱਝ ਰਹੇ,*
*ਜ਼ੁਲਫ ਪਿਆਰੇ ਦੀ ਅੰਦਰ।*
*ਕੇਸ ਮਾਹੀਂ ਦੇ ਇੱਕ ਵਾਲ ਦੀ,*

*ਕੀਮਤ ਲੋਕ ਪਰਲੋਕ ਨਹੀਂ।*
*ਮਾਹੀ ਮੇਰੇ ਪਲਕਾਂ ਅੰਦਰ,*
*ਲੱਖਾਂ ਨਾਜ਼ ਨਿਰਾਲੇ ਹਨ।*
*ਇੱਕੋ ਨਜ਼ਰ ਮਿਹਰ ਦੀ ਕਾਫੀ,*
*ਹੋਰ ਕਿਸੇ ਦਾ ਸ਼ੌਂਕ ਨਹੀਂ।*
*ਸੂਫੀ ਜ਼ਾਹਦ ਮਸਤ ਕਲੰਦਰ,*
*ਰੰਗ ਓਸਦੇ ਸਾਰੇ ਹਨ।*
*ਹਰ ਇੱਕ ਖਾਨੇ ਦੇ ਵਿੱਚ ਬੈਠਾ,*
*ਬਿਨ ਓਸ ਕੋਈ ਥੋਕ ਨਹੀਂ।*

ਸਾਰਿਆਂ ਦੇ ਖਾਨਿਆਂ 'ਚ, 72 ਖਾਨੇ ਹੁੰਦੇ ਨੇ ਸਾਡੇ ਅੰਦਰ। ਕਹਿੰਦਾ, ਸਾਰੇ ਖਾਨਿਆਂ 'ਚ ਗੁਰੂ ਕਲਗੀਧਰ ਹੀ ਬੈਠਾ ਹੈ।

*ਪ੍ਰੇਮੀ ਬਾਝੋਂ ਯਾਰ ਲਾਲ ਦੀ*
*ਕਦਰ ਕੋਈ ਵੀ ਜਾਣੇ ਨਾ।*
*ਕੂਤ ਸੁੱਚੇ ਦਾ ਮੁੱਲ ਕੀ ਜਾਣੇ,*
*ਨੈਣ ਇੰਝ ਜਿਸ ਓਕ ਨਹੀਂ।*

ਕਹਿੰਦੇ ਜਿਹਦੇ ਨੇਤਰਾਂ 'ਚ ਦਰਿਆ ਨਹੀਂ ਚੱਲਦੇ, ਉਹ ਪਿਆਰ ਦੀ ਕਦਰ ਕੀ ਜਾਣਦੇ ਨੇ।

*ਹਰ ਦਿਨ ਸਿਮਰਨ ਅੰਦਰ ਗੋਇਆ,*
*ਨੈਣ ਤੇਰੇ ਮਤਵਾਲੇ ਦੀ।*
*ਪ੍ਰੇਮ ਪਿਆਲੇ ਪੀਂਦੇ ਰਹਿੰਦੇ,*
*ਏਸ ਬਿਨਾਂ ਦਿਲ ਪੋਖ ਨਹੀਂ।*

ਕਹਿੰਦੇ ਹੁਣ ਕਿੱਥੇ ਭਾਲਦਾ ਫਿਰਦਾ ਹੈਂ, ਭਾਲ ਨਾ ਹੁਣ ਤਾਂ ਤੇਰੇ ਨਾਲ ਹੈ -

*ਧਾਰਨਾ - ਵਾਹਿਗੁਰੂ ਜਦ ਹਾਜ਼ਰ ਨਾਜ਼ਰ,*
*ਫੇਰ ਤੂੰ ਕਿੱਥੇ ਲੱਭ ਰਿਹਾ।*
*ਹਰ ਇੱਕ ਥਾਂ 'ਤੇ ਜਦ ਉਹ ਪ੍ਰਾਪਤ,*
*ਫਿਰ ਤੂੰ ਕਿਧਰ ਆਪ ਰਿਹਾ।*
*ਦੋ ਲੋਕਾਂ ਦੇ ਅੰਦਰ ਤੇਰੇ*
*ਦੌਲਤ ਭਰੇ ਖਜ਼ਾਨੇ ਹਨ।*
*ਯਾਨਿ ਆਪ ਉਹ ਜੀਵ ਸ਼ਾਂਤੀ*
*ਪਤਾ ਆਪੇ ਹੀ ਦਸ ਰਿਹਾ।*

ਐਸੀ ਨਜ਼ਰ ਕਿਸੇ ਵਿਰਲੇ-ਵਿਰਲੇ 'ਤੇ ਹੁੰਦੀ ਹੈ ਗੁਰੂ ਦੀ। ਮਸਤੀ ਨਹੀਂ ਸਾਂਭੀ ਜਾਂਦੀ ਸਾਧਸੰਗਤ ਜੀ। ਹਰ ਵਕਤ ਮਸਤ ਰਹਿੰਦਾ ਹੈ। ਦਸ਼ਮੇਸ਼ ਦੇ ਵਿੱਚ ਲੀਨ ਹੋ ਗਿਆ, ਇਹਨੂੰ ਕਹਿੰਦੇ ਨੇ ਅਭੇਦ ਅਵਸਥਾ। ਤਾਲੇ ਖੁਲ੍ਹ ਗਏ, ਜਿਹੜੇ ਕਰੋੜਾਂ ਜਨਮਾਂ ਦੇ ਜੰਗਾਲੇ ਹੋਏ ਸੀ, ਕਿਉਂ ਖੁੱਲ੍ਹੇ, ਕਿਉਂਕਿ ਕੁੰਜੀਆਂ ਦਾ ਮਾਲਕ ਮਿਲ ਗਿਆ -

*ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥*

*ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ*
*ਅਵਰ ਨ ਕੁੰਜੀ ਹਥਿ ॥* *ਅੰਗ - 1237*

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥*
*ਅੰਗ - 205*

*ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥* *ਅੰਗ - 124*

ਕੁੰਜੀ ਵਾਲਾ ਮਿਲ ਗਿਆ ਸਾਧਸੰਗਤ ਜੀ -

*ਧਾਰਨਾ - ਮੇਰੇ ਖੋਲ੍ਹ 'ਤੇ ਜੰਗਾਲੇ ਹੋਏ ਜਿੰਦਰੇ,*
*ਕੁੰਜੀਆਂ ਦੇ ਮਾਲਕ ਨੇ।*

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥*
*ਅੰਗ - 954*

*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥* *ਅੰਗ-47*

ਦ੍ਰਿਸ਼ਟੀ ਮਿਲ ਗਈ, ਉਹ ਦ੍ਰਿਸ਼ਟੀ ਜਿਸਨੂੰ ਬ੍ਰਹਮਗਿਆਨੀ ਦੀ ਦ੍ਰਿਸ਼ਟੀ ਕਹਿੰਦੇ ਨੇ।

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥* *ਅੰਗ - 272*

ਦਰਜਾ ਕਿੱਡਾ ਹੋ ਗਿਆ -

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥* *ਅੰਗ - 273*

ਕ੍ਰਿਤ-ਕ੍ਰਿਤ ਹੋ ਗਿਆ, ਜਿਹਨੂੰ ਕ੍ਰਿਤ-ਕ੍ਰਿਤ ਅਵਸਥਾ ਕਹਿੰਦੇ ਨੇ। ਇਹ ਅਵਸਥਾ ਦਾ ਵਰਣਨ ਕੀਤਾ ਹੀ ਨਹੀਂ ਜਾ ਸਕਦਾ। ਪਰਮ ਅਨੰਦ, ਮਹਾਂ ਅਨੰਦ, ਪਰਮ ਪਦ ਦੀ ਪ੍ਰਾਪਤੀ ਹੋ ਗਈ।

ਓਸ ਵੇਲੇ ਆਪਣੇ ਨਾਲਦਿਆਂ ਨੂੰ ਖੁਸ਼ੀ ਦੇ ਵਿੱਚ ਦੱਸ ਨਹੀਂ ਸਕਦੇ ਕਿ ਕੀ ਦੱਸੀਏ?

ਇਹ ਅਵਸਥਾ ਦੱਸੀ ਨਹੀਂ ਜਾਂਦੀ ਸਾਧਸੰਗਤ ਜੀ! -

*ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥*
*ਅੰਗ - 334*

ਕੀ ਦੱਸਿਆ ਜਾਵੇ -

*ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥*
*ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥ ਅੰਗ - 1370*

ਕਹੀ ਹੋਈ ਤਾਂ ਗੱਲ ਸੋਭਾ 'ਚ ਆਉਂਦੀ ਨਹੀਂ ਹੈ ਤੇ ਦੇਖੀ ਹੋਈ ਗੱਲ ਦਾ ਹੀ ਅਨੁਭਵ ਹੋਇਆ ਕਰਦਾ ਹੈ। ਸੋ ਪਿਆਰ ਦੇ ਨਾਲ ਇਸ ਤਰ੍ਹਾਂ ਦਸਦੇ ਨੇ ਥੋੜ੍ਹਾ ਹੈ -

*ਧਾਰਨਾ - ਲੱਭ ਗਈ ਹੁਣ ਸਾਨੂੰ ਸਈਓਂ,*
*ਰੱਬੀ ਯਾਦ ਦੀ ਸੋਝੀ।*
*ਲੱਭ ਗਈ ਹੁਣ ਸਈਓਂ ਸਾਨੂੰ,*
*ਯਾਦ ਏ ਖ਼ੁਦਾ ਦੀ ਸੋਝੀ।*
*ਭਰਿਆ ਜਾਮ ਏ ਕਿੱਥੋਂ ਮਿਲਿਆ,*
*ਦਿੱਤਾ ਕਿਸ ਹੈ ਚੋਜੀ।*
*ਸੱਚ ਦੀ ਤਲਬ ਬਿਨਾਂ ਇਹ ਸਈਓਂ,*
*ਮਿਲਦਾ ਨਹੀਂ ਕਿਸੇ ਨੂੰ।*
*ਇਹ ਦੌਲਤ ਦੁਰਲੱਭ ਹੈ ਮਿਲਣੀ,*
*ਦੇਈਂ ਜੋ ਦਾਤੇ ਜੋਗੀ।*

ਜਦੋਂ ਤੱਕ ਕਹਿੰਦੇ, ਗਾਹਕ ਨਾ ਹੋਵੇ, ਸੱਚਾ ਨਾ ਹੋਵੇ, ਤਲਬ ਨਾ ਹੋਵੇ, ਤਲਾਸ਼ ਨਾ ਹੋਵੇ, ਕਹਿੰਦੇ ਮਿਲਦਾ ਨਹੀਂ।

ਕਹਿੰਦੇ, ਮੈਨੂੰ ਤਾਂ ਦਸਮੇਸ਼ ਪਿਤਾ ਨੇ ਚਰਨਾਂ ਨਾਲ ਲਾ ਲਿਆ। ਕਰੋੜਾਂ ਜੁੱਗ ਬੀਤ ਗਏ ਸੀ ਮੈਨੂੰ। ਮੈਂ ਕੀ ਸਿਫਾਰਸ਼ ਕਰਾਂ, ਧਿਆਨ ਧਰੋ ਗੁਰੂ ਦਸ਼ਮੇਸ਼ ਪਿਤਾ ਕਿੰਨੇ ਸੁੰਦਰ। ਕਿੰਨੇ ਦਿਆਲੂ, ਕਿੰਨੇ ਕ੍ਰਿਪਾ ਦੇ ਮਾਲਕ ਸਨ। ਜੋ ਕੋਈ ਆ ਗਿਆ, ਭਰ ਕੇ ਚਲਿਆ ਗਿਆ ਉਨ੍ਹਾਂ ਦੇ ਪਾਸੋਂ ਤੇ ਆਪ ਫੁਰਮਾਉਂਦੇ ਨੇ ਕਿ ਜਿਹਨੇ ਗੁਰੂ ਦਸ਼ਮੇਸ਼ ਪਿਤਾ ਦੇ ਨੇਤਰਾਂ ਦੇ ਵਿੱਚ ਦੀ ਇੱਕ ਵਾਰੀ ਵੀ ਦੇਖ ਲਿਆ, ਕਹਿੰਦੇ ਓਹਦੀ ਮੈਲ ਲਹਿ ਗਈ, ਬਿਲਕੁਲ ਨਿਰਮਲ ਹੋ ਗਿਆ, ਕੋਈ ਵੀ ਮੈਲ ਦੀ ਕਾਈ ਨਾ ਰਹੀ। ਕੇਵਲ ਨੇਤਰਾਂ ਦੇ ਦਰਸ਼ਨ ਕਰਨ ਨਾਲ। ਐਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ-

*ਧਾਰਨਾ - ਜਿਹਨੇ ਨੈਣ ਗੁਰਾਂ ਦੇ ਤੱਕ ਲਏ*
*ਹਿਰਦਾ ਨਿਰਮਲ ਹੋ ਗਿਆ।*

ਆਪ ਫੁਰਮਾਉਂਦੇ ਨੇ ਇੱਕ ਵਾਰੀ ਵੀ ਜਿਹਨੇ ਗੁਰੂ ਦੇ ਨੇਤਰਾਂ ਦੇ ਦਰਸ਼ਨ ਕਰ ਲਏ ਸਿੱਧੀ ਨਿਗ੍ਹਾ ਦੇ ਨਾਲ ਜਿਹਦੀ ਨਿਗ੍ਹਾ ਮਿਲ ਗਈ ਉਹਦੇ ਸਾਰੇ ਪਾਪ ਧੋਤੇ ਗਏ। ਗੁਰੂ ਦਸ਼ਮੇਸ਼ ਪਿਤਾ ਦੀ ਸ਼ੋਕ ਅੱਖ, ਰਮਜ਼ਾਂ ਦੀ ਭਰੀ ਹੋਈ, ਜਿਹਨੇ ਇੱਕ ਵਾਰੀ ਦੇਖ ਲਈ ਕਹਿੰਦੇ ਉਹਦੇ ਸਾਰੇ ਦਿਲ ਦੀ ਗਰਦ, ਮੈਲ ਧੋਤੀ ਗਈ।

ਸੋ ਐਸੇ ਅਨੰਦ ਦੇ ਅੰਦਰ ਪਰਮ ਅਵਸਥਾ ਦੇ ਅੰਦਰ ਵਾਸਾ ਕਰਾ ਦਿੱਤਾ। ਓਸ ਵੇਲੇ ਗੁਰੂ ਮਹਾਰਾਜ ਨੇ ਕੋਲ ਬੁਲਾਇਆ, ਕਹਿਣ ਲੱਗੇ,

ਨੰਦਲਾਲ! ਬੱਚਿਆਂ ਦਾ ਕੀ ਹਾਲ ਹੈ?

ਪਾਤਸ਼ਾਹ! ਹੁਣ ਬੱਚਿਆਂ ਦੀ ਗੱਲ ਨਾ ਕਰੋ।

ਕਹਿਣ ਲੱਗੇ, ਨਾ ਬਈ, ਇਹ ਗ੍ਰਿਹਸਤ ਉਦਾਸ ਮੱਤ ਹੈ ਸਾਡਾ, ਤਿਆਗ ਦਾ ਮੱਤ ਨਹੀਂ ਹੈ। ਜਾਹ, ਬੱਚਿਆਂ ਨੂੰ ਸੰਭਾਲ। ਪ੍ਰਚਾਰ ਕਰ, ਆਪ ਵੀ ਤਰ ਤੇ ਹੋਰਾਂ ਨੂੰ ਵੀ ਲਾ।

ਸੋ ਉਸ ਵੇਲੇ ਬਹੁਤ ਉਦਾਸ ਹੋ ਗਿਆ, ਨੇਤਰਾਂ 'ਚੋਂ ਜਲ ਜਾਂਦਾ ਹੈ ਕਹਿਣ ਲੱਗਿਆ, "ਪਾਤਸ਼ਾਹ! ਇਹ ਕ੍ਰਿਪਾ ਦ੍ਰਿਸ਼ਟੀ, ਤੇਰੇ ਪਿਆਰੇ ਦਰਸ਼ਨਾਂ ਤੋਂ ਬਗੈਰ ਮੈਂ ਕਿਵੇਂ ਜੀਉਂਦਾ ਰਹਾਂਗਾ। ਮੈਂ ਜਿਉਂ ਨਹੀਂ ਸਕਦਾ ਪਾਤਸ਼ਾਹ। ਕ੍ਰਿਪਾ ਕਰ। ਮੇਰੇ ਵਸ ਤੋਂ ਬਾਹਰ ਦੀ ਬਾਤ ਹੈ -

***ਧਾਰਨਾ - ਝੱਲਿਆ ਨਹੀਂ ਜਾਣਾ,***
***ਸਤਿਗੁਰ ਤੇਰਾ ਵਿਛੋੜਾ।***
***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥***

***ਅੰਗ - 708***

ਮਹਾਰਾਜ ਕਹਿਣ ਲੱਗੇ, "ਨੰਦਲਾਲ! ਠੀਕ ਹੈ। ਪਰ ਬਿਰਹੁੰ ਦਾ ਡੰਡਾ ਤੇ ਗ੍ਰਿਹਸਤ ਦੇ ਮਾਮਲੇ ਦੇ ਵਿੱਚ, ਪਉੜੀਆਂ ਦੇ ਡੰਡੇ ਆਦਮੀ ਚੜ੍ਹਦਾ ਹੈ। ਇਸ ਤਰ੍ਹਾਂ ਸਮਝ ਲੈ ਕਿ ਇੱਕ ਬੰਦਾ ਜ਼ੋਰ ਕਰੀ ਜਾਂਦਾ ਹੈ ਅਖਾੜੇ ਦੇ ਵਿੱਚ, ਪਰ ਕਿਸੇ ਨਾਲ ਘੁਲਿਆ ਨਹੀਂ ਹੈ, ਓਸਦੀ ਤਾਕਤ ਦਾ ਜਦ ਪਤਾ ਲਗਦਾ ਹੈ ਜਦੋਂ ਉਹ ਦੂਸਰੇ ਪਹਿਲਵਾਨ ਦੇ ਨਾਲ ਘੁਲਦਾ ਹੈ।

ਨੰਦਲਾਲ! ਸੰਸਾਰ ਦੇ ਅੰਦਰ ਬੜੇ ਦੁੱਖ ਨੇ, ਬੜੇ ਕਲੇਸ਼ ਨੇ, ਅਸੀਂ ਗੁਰਸਿੱਖ ਐਸਾ ਪੈਦਾ ਕੀਤਾ ਕਿ ਜਿਸ ਤਰ੍ਹਾਂ ਦਾ ਕਮਲ ਫੁੱਲ ਹੁੰਦਾ ਹੈ ਲਹਿਰਾਂ ਦੇ ਨਾਲ ਪਛਾੜਿਆ ਜਾ ਕੇ, ਫੇਰ ਵੀ ਖਿੜਿਆ ਪਿਆ ਹੈ। ਮੁਰਗਾਬੀ ਦੇ ਫੰਘਾਂ ਵਰਗੀ ਉਸਨੂੰ ਤਾਕਤ ਦਿੱਤੀ ਹੈ, ਪਾਣੀ ਦੇ ਅੰਦਰ ਭਿੱਜਦਾ ਨਹੀਂ ਹੈ। ਜਿੱਥੋਂ ਜੀਅ ਚਾਹੇ ਉਡ ਜਾਵੇ। ਸੋ ਤੂੰ ਜਾਹ, ਜਾ ਕੇ ਦੁਨੀਆਂਦਾਰੀ ਦੇ ਫਰਜ਼ ਪੂਰੇ ਕਰ। ਜਿੱਥੇ ਜਾਏਂਗਾ, ਉਥੇ ਗੁਰਸਿੱਖੀ ਫੈਲਾਏਂਗਾ।

ਬਚਨ ਮੰਨਿਆ ਤੇ ਆਪ ਜਾਂਦੇ-ਜਾਂਦੇ ਆਗਰੇ ਪਹੁੰਚ ਗਏ। ਬਹਾਦਰਸ਼ਾਹ ਜੋ ਉਸ ਵੇਲੇ ਸ਼ਹਿਜ਼ਾਦਾ ਮੁਅੱਜ਼ਮ ਕਹਿੰਦੇ ਸੀ ਜਿਸਨੂੰ, ਕਿਉਂਕਿ ਬਹਾਦਰਸ਼ਾਹ ਦੇ ਤਖਤ 'ਤੇ ਬੈਠਣ ਤੋਂ ਬਾਅਦ ਉਹਨੇ ਆਪਣਾ ਲਕਬ ਤਿਆਰ ਕੀਤਾ ਸੀ। ਸੋ ਉਹਦੇ ਗਿਆ, ਜਾ ਕੇ ਪੇਸ਼ ਹੋਇਆ, ਦੱਸਿਆ ਕਿ ਮੇਰਾ ਪਿਤਾ ਗਜ਼ਨੀ ਦੇ ਨਵਾਬ ਦਾ ਚੀਫ ਮਨਿਸਟਰ ਸੀ ਤੇ ਮੈਂ

ਮੁਲਤਾਨ ਦੇ ਨਵਾਬ ਦਾ ਮੀਨ ਮੁਰਸ਼ੀ ਸੀ ਕ੍ਰਿਪਾ ਕਰੋ ਮੈਨੂੰ ਕੋਈ ਰੋਜ਼ਗਾਰ ਦਿਓ।

ਔਰੰਗਜ਼ੇਬ ਦੇ ਨੇੜੇ ਪਹੁੰਚ ਗਿਆ। ਔਰੰਗਜ਼ੇਬ ਦਾ ਵਿਰੋਧ ਸੀ ਗੁਰੂ ਮਹਾਰਾਜ ਦੇ ਨਾਲ ਬੜਾ ਜ਼ਬਰਦਸਤ। ਓਸ ਵੇਲੇ ਉਹਨੇ ਦੇਖਿਆ ਕਿ ਐਸਾ ਕਾਬਲ ਬੰਦਾ ਮੈਂ ਤਾਂ ਦੇਖਿਆ ਨਹੀਂ ਹਾਲੇ ਤੱਕ। ਬੜੀ ਖੁਸ਼ੀ ਦੇ ਨਾਲ ਓਸਨੂੰ ਰੱਖ ਲਿਆ ਆਪਣੇ ਕੋਲ। ਉਥੇ ਆਪ ਡਿਊਟੀ ਦਿੰਦੇ ਨੇ, ਸਤਿਸੰਗ ਕਰਦੇ ਨੇ। ਕੌਣ ਨੇ ਇਸਲਾਮ ਵਾਲੇ। ਉਥੇ ਦਾ ਜੋ ਵੱਡਾ ਦਰੋਗਾ ਸੀ, ਗਿਆਸੂਦੀਨ ਜਿਸਨੂੰ ਕਹਿੰਦੇ ਸੀ, ਜਿਸਨੂੰ ਮੀਰ ਸਾਹਿਬ ਆਮ ਤੌਰ 'ਤੇ ਕਿਹਾ ਕਰਦੇ ਸੀ। ਉਹ ਆਪ ਦੇ ਮਾਰਫਤ ਦੇ ਬਚਨ ਸੁਣ ਕੇ ਬਾਵਜੂਦ ਏਸ ਗੱਲ ਦੇ ਕਿ ਇਸਲਾਮ 'ਚ ਹੁੰਦਾ ਹੋਇਆ, ਆਪ ਦਾ ਹੀ ਸੇਵਕ ਬਣ ਗਿਆ। ਇਹ ਬਹਾਦਰਸ਼ਾਹ ਜਦੋਂ ਵੀ ਵਿਹਲਾ ਹੋਵੇ ਤਾਂ ਗੁਰੂ ਮਹਾਰਾਜ ਦੇ ਬਚਨ ਸੁਣਿਆ ਕਰੇ। ਮਾਰਫਤ ਦੀਆਂ ਬਾਤਾਂ ਸੁਣਿਆ ਕਰੇ। ਅਛੋਪਲਾ ਹੀ ਇਹਦੇ ਹਿਰਦੇ 'ਚ ਅਸਰ ਪੈਣਾ ਸ਼ੁਰੂ ਹੋ ਗਿਆ।

ਕਿੱਡਾ ਵੱਡਾ ਪ੍ਰਚਾਰ ਹੈ ਸਾਧਸੰਗਤ ਜੀ! ਜੇ ਜੜ੍ਹ ਹੀ ਵੱਢ ਦਿੱਤੀ ਜਾਵੇ ਤਾਂ ਬਿਹੁ ਦਾ ਬੂਟਾ ਹੋਵੇ ਹੀ ਨਾ। ਜੇ ਬਾਦਸ਼ਾਹ ਨੂੰ ਹੀ ਸੁਧਾਰ ਦਿੱਤਾ ਜਾਵੇ ਤਾਂ ਫੇਰ ਜ਼ੋਰ ਜ਼ੁਲਮ ਤਾਂ ਹੋਵੇ ਹੀ ਨਾ। ਸੋ ਬਹੁਤ ਅਸਰ 'ਚ ਆ ਗਿਆ।

ਏਧਰ ਔਰੰਗਜ਼ੇਬ ਸਭਾ ਲਾਇਆ ਕਰਦਾ ਸੀ, ਉਹਦੇ 'ਚ ਉਲਮਾ, ਵੱਡੇ-ਵੱਡੇ ਆਲਮ, ਫਾਜ਼ਲ, ਕਾਜ਼ੀ, ਮੁੱਲਾਂ ਮੁਲਾਣੇ, ਕੁਰਾਨ ਸ਼ਰੀਫ ਦਾ ਔਰੰਗਜ਼ੇਬ ਆਪ ਬੜਾ ਭਾਰਾ ਗਿਆਨੀ ਸੀ ਤੇ ਅਰਥ ਪੁੱਛਿਆ ਕਰੇ ਤੇ ਟੋਕ ਦਿੰਦਾ ਸੀ ਕਿ ਇਹ ਅਰਥ ਗਲਤ ਹੈ। ਇੱਕ ਆਇਤ ਆ ਗਈ ਜਿਸਦਾ ਏਸਨੂੰ ਪਤਾ ਨਹੀਂ ਸੀ ਲਗਦਾ, ਉਪਰੋਂ-ਉਪਰੋਂ ਅਰਥ ਕਰਦਾ ਸੀ, ਅੰਦਰੋਂ ਮੰਨਦਾ ਸੀ ਕਿ ਇਹਦੇ ਅਰਥ ਸਹੀ ਨਹੀਂ ਹੈਗੇ। ਓਸਨੇ ਇਹ ਅੜੌਣੀ ਪੇਸ਼ ਕਰ ਦਿੱਤੀ ਸਾਰੇ ਉਲਮਾ ਨੂੰ, ਕਹਿਣ ਲੱਗਿਆ ਕਿ ਇਹਦਾ ਕੋਈ ਮਤਲਬ ਦੱਸੋ, ਅਰਥ ਦੱਸੋ? ਸਾਰਿਆਂ ਨੇ ਅਰਥ ਕਰੇ, ਸਿਰ ਫੇਰੀ ਗਿਆ ਕਿ ਨਹੀਂ-ਨਹੀਂ, ਬਿਲਕੁਲ ਗਲਤ। ਕਹਿੰਦਾ, ਮੇਰੀ ਤਸੱਲੀ ਨਹੀਂ ਹੁੰਦੀ। ਓਸ ਵੇਲੇ ਸ਼ਹਿਜ਼ਾਦਾ ਮੁਅੱਜ਼ਮ ਨੂੰ ਕਹਿਣ ਲੱਗਿਆ, ਤੂੰ ਦੱਸ, ਤੈਨੂੰ ਵੀ ਮੈਂ ਬਥੇਰਾ ਪੜ੍ਹਾਇਆ ਹੈ। ਉਹਨੇ ਵੀ ਦੱਸਣ ਦੀ ਕੋਸ਼ਿਸ਼ ਕਰੀ, ਕਹਿੰਦਾ ਨਾ-ਨਾ, ਇਹ ਨਹੀਂ ਹੈ। ਉਹ ਕਹਿੰਦਾ ਐਸ ਤਰ੍ਹਾਂ ਕਰੋ ਸ਼ਾਮ ਦੀ ਕਚਹਿਰੀ ਵੇਲੇ ਮੈਂ ਦੱਸ ਦੇਵਾਂਗਾ। ਘਰ ਆਇਆ, ਬੜਾ ਹੀ ਉਦਾਸ। ਨੰਦਲਾਲ ਜੀ ਹਿਰਦਾ ਪੜ੍ਹਨ ਜਾਣਦੇ ਸੀ, ਮੱਥਾ ਪੜ੍ਹਨ ਜਾਣਦੇ ਸੀ। ਕਿਸੇ-ਕਿਸੇ ਨੂੰ ਇਹ ਸੋਝੀ ਹੁੰਦੀ ਹੈ, ਦੂਸਰੇ ਦੇ ਮਨ ਦੀ ਗੱਲ ਪੜ੍ਹ ਲੈਣੀ। ਵਫਾਦਾਰ ਸੀਗੇ, ਕਹਿਣ ਲੱਗੇ, ਸ਼ਹਿਜ਼ਾਦਾ-ਏ-ਆਜ਼ਮ ਅੱਜ ਆਪ ਦੇ ਦੁਸ਼ਮਣਾਂ ਦੇ ਮਨ 'ਚ ਕੀ ਚਿੰਤਾ ਉੱਠ ਖੜ੍ਹੀ। ਕਈ ਵਾਰੀ ਪੁੱਛਿਆ ਕਹਿਣ ਲੱਗੇ, ਨੰਦਲਾਲ! ਅੱਬਾਜਾਨ ਨੇ ਆਹ ਅਰਥ ਪੁੱਛਿਆ ਹੈ ਤੇ ਮੈਂ ਦੱਸਿਆ ਹੈ ਤੇ ਉਹਦੀ ਤਸੱਲੀ ਨਹੀਂ ਹੋਈ।

ਕਹਿਣ ਲੱਗੇ, "ਫੇਰ ਮੈਂ ਕਰ ਦਿੰਦਾ ਹਾਂ।"

ਅਰਥ ਦੱਸ ਦਿੱਤੇ। ਤੀਜੇ ਪਹਿਰ ਦੇ ਅੰਦਰ, ਕਚਹਿਰੀ 'ਚ ਜਾ ਕੇ ਪੁਛਿਆ ਕਿ ਤੂੰ ਵਾਅਦਾ ਕੀਤਾ ਸੀ ਅਰਥਾਂ ਦਾ?

ਕਹਿੰਦਾ, "ਮੈਂ ਦੱਸ ਦਿੰਦਾ ਹਾਂ।"

ਜਦੋਂ ਅਰਥ ਕਰੇ, ਹੈਰਾਨ ਹੋ ਗਿਆ। ਕਹਿੰਦਾ, ਮੁਅੱਜ਼ਮ! ਮੈਂ ਤੇਰੀ ਅਕਲ ਨੂੰ ਜਾਣਦਾ ਹਾਂ ਕਿ ਕਿੰਨੀ ਕੁ ਹੈ? ਆਹ ਤੇਰੀ ਅਕਲ ਨਹੀਂ ਤੂੰ ਕਿਤੋਂ ਮੰਗ ਕੇ ਲਿਆਂਦੀ ਹੈ, ਮੈਨੂੰ ਸੱਚ ਗੱਲ ਦੱਸ ਕੀਹਦੀ ਅਕਲ ਹੈ?

ਕਹਿਣ ਲੱਗਿਆ, "ਅੱਬਾ ਜਾਨ! ਇਹ ਮੇਰੇ ਮੀਰ ਮੁਨਸ਼ੀ ਨੇ ਨੰਦਲਾਲ ਜੀ।"

ਕਹਿੰਦੇ, "ਕਚਹਿਰੀ 'ਚ ਪੇਸ਼ ਕਰੋ।"

ਕਚਹਿਰੀ 'ਚ ਪੇਸ਼ ਕਰ ਦਿੱਤਾ।

ਅਰਥ ਕਰਕੇ ਸੁਣਾਏ, ਸਾਰਿਆਂ ਨੇ ਮੂੰਹ 'ਚ ਉਂਗਲਾਂ ਲੈ ਲਈਆਂ ਕਿ ਐਡਾ ਵਿਦਵਾਨ, ਐਡਾ ਅਨੁਭਵ ਕਿਉਂਕਿ ਮਾਰਫਤ ਦੀ ਵਿਦਿਆ ਗੁਰੂ ਦਸ਼ਮੇਸ਼ ਪਿਤਾ ਤੋਂ ਪ੍ਰੈਕਟੀਕਲ ਪੜ੍ਹੀ ਸੀ। ਜਿਹਦਾ ਅਨੁਭਵ ਖੁੱਲ੍ਹ ਗਿਆ ਹੋਵੇ ਉਹਨੂੰ ਕੋਈ ਔਖ ਨਹੀਂ ਹੋਇਆ ਕਰਦੀ। ਹੈਰਾਨ ਹੋ ਗਿਆ ਐਡਾ ਵਿਦਵਾਨ, ਜਿਹਨੇ ਸਾਡੇ ਕਪਾਟ ਖੋਲ੍ਹ ਦਿੱਤੇ। ਦਿਖਾਵੇ ਨਾਲ ਪੰਜ ਸੌ ਮੋਹਰ ਇਨਾਮ ਦੇ ਦਿੱਤੀ, ਸਿਰੋਪਾਓ ਦੇ ਦਿੱਤਾ ਵੱਡਾ ਭਾਰਾ। ਇੱਕ ਪਾਸੇ ਲੈ ਗਿਆ ਮੁਅੱਜ਼ਮ ਨੂੰ ਕਿ ਬੇਟਾ! ਐਡਾ ਵਿਦਵਾਨ ਪੁਰਸ਼, ਅਰ ਫੇਰ ਇਹ ਹਿੰਦੂ ਧਰਮ ਦੇ ਵਿੱਚ? ਐਡੀ ਮਤ ਦਾ ਮਾਲਕ ਹਿੰਦੂ ਧਰਮ 'ਚ? ਨਾ, ਮੇਰਾ ਹੁਕਮ ਹੈ ਏਸ ਨੂੰ ਤੂੰ ਮਨਾ ਇਸ ਤਰ੍ਹਾਂ ਕਹਿੰਦਾ ਹੈ –

***ਧਾਰਨਾ – ਇਹ ਜੋ ਹਿੰਦੂ ਹੈ ਮਤਵੰਤਾ,***
***ਲਿਆਵੋ ਵਿੱਚ ਦੀਨ ਦੇ।***

ਬੇਟਾ! ਐਡਾ ਹੁਸ਼ਿਆਰ, ਅਕਲਮੰਦ ਮਾਰਫਤ ਦੇ ਦਰਜੇ ਦਾ ਬੰਦਾ ਹਿੰਦੂ ਨਹੀਂ ਰਹਿਣਾ ਚਾਹੀਦਾ।

***ਇਹ ਤੌ ਹਿੰਦੂ ਹੈ ਮਤਿਵੰਦਾ।***
***ਹੈ ਅਨੀਤਿ, ਮੁਝ ਨਹੀਂ ਸੁਹੰਦਾ।***
***ਦੀਨ ਬਿਖੈ ਇਸ ਕੌ ਲੈ ਆਵਹੁ।***
***ਜਯੋਂ ਕਯੋਂ ਕਰਿ ਨੀਕੇ ਸਮੁਝਾਵਹੁ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5081***

ਸਮਝਾਓ, ਲਾਲਚ ਦਿਓ, ਜੋ ਕੁਛ ਮੰਗਦਾ ਹੈ ਦਿਓ।

***ਅਸ ਨਰ ਦੀਨ ਬਿਖੈ ਜਬਿ ਹੋਇ।***
***ਚਲੈ ਸ਼ਰ੍ਹਾ ਮਹਿਂ ਸਭਿ ਹੀ ਕੋਇ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5081***

ਕਹਿੰਦੇ ਸਾਰਾ ਸੰਸਾਰ ਸ਼ਰ੍ਹਾ 'ਚ ਚਲੇ ਜਾਏਗਾ ਜੇ ਨੰਦਲਾਲ ਨੂੰ ਤੁਸੀਂ ਦੀਨ 'ਚ ਲੈ ਆਂਦਾ।

*ਤੁਰਕ ਦੀਨ ਮੈਂ ਜਬਿ ਅਸ ਆਵੈ।*
*ਨੀਕੇ ਬਿਧਿ ਕਰਿ ਸ਼ਰ੍ਹਾ ਬਧਾਵੈ।*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਪੰਨਾ - 5081***

ਫੇਰ ਇਹ ਸਹੀ ਤਰੀਕੇ ਨਾਲ ਸ਼ਰ੍ਹਾ ਦੀ ਤਸ਼ਰੀਹ ਕਰੇਗਾ -

*ਏਵ ਸ਼ਜ਼ਾਦੇ ਕੋ ਸਮੁਝਾਇ।*
*ਜਯੋਂ ਕਯੋਂ ਦੀਨ ਬਿਖੈ ਇਸ ਲਯਾਇ।*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਪੰਨਾ - 5081***

ਸ਼ਹਿਜਾਦਾ ਵਾਪਸ ਆ ਗਿਆ, ਨੰਦਲਾਲ ਨੂੰ ਬੁਲਾ ਲਿਆ। ਕਹਿਣ ਲੱਗੇ, ਨੰਦਲਾਲ! ਅੱਜ ਤੇਰੀ ਅਕਲ ਹੀ ਤੇਰੀ ਵੈਰਨ ਬਣ ਗਈ। ਕਹਿੰਦੇ ਮੇਰੀ ਜਿਹੜੀ ਰੋਸ਼ਨ ਅਕਲ ਸੀ ਓਹੀ ਬਲਾ ਬਣ ਗਈ। ਕਹਿੰਦੇ, ਹੁਣ ਅੱਬਾਜਾਨ ਇਹ ਚਾਹੁੰਦੇ ਨੇ ਕਿ ਤੂੰ ਦੀਨ ਵਿੱਚ ਆ ਜਾਵੇਂ। ਮੈਂ ਤੈਨੂੰ ਜ਼ਬਰਦਸਤੀ ਨਹੀਂ ਕਰਨੀ ਤੇ ਤੇਰੀ ਮਰਜ਼ੀ ਹੈ ਕਿ ਜਿਵੇਂ ਤੇਰਾ ਜੀਅ ਕਰਦਾ ਹੈ ਬੱਚ ਕੇ ਨਿਕਲ ਜਾਹ। ਤੇਰੀ ਮਰਜ਼ੀ ਹੈ ਦੀਨ ਵਿੱਚ ਆ ਜਾ।

ਕਹਿਣ ਲੱਗਿਆ, ਸ਼ਹਿਜ਼ਾਦੇ ਆਜ਼ਮ! ਨਿੱਜ ਧਰਮ ਸਭ ਨੂੰ ਪਿਆਰਾ ਹੁੰਦਾ ਹੈ। ਭਾਵੇਂ ਸਾਡੇ ਗੁਰੂ ਨੇ ਦੱਸ ਦਿੱਤਾ ਕਿ ਕੋਈ ਧਰਮ ਮਾੜਾ ਨਹੀਂ ਹੈ। ਪਰ ਜਿਸ ਧਰਮ ਵਿੱਚ ਪੈ ਜਾਓ, ਜਿਸ ਨਾਮ ਦਾ ਸਿਮਰਨ ਕਰਨ ਲੱਗ ਜਾਓ, ਓਸੇ ਨਾਮ ਨੇ, ਜਿਸ ਬੇੜੀ 'ਤੇ ਬੈਠੇ ਓਂ ਉਸੇ ਨੇ ਪਾਰ ਲੰਘਾ ਹੀ ਦੇਣਾ ਹੈ। ਸੋ ਏਸ ਕਰਕੇ ਮੈਨੂੰ ਤੁਸੀਂ ਛੁੱਟੀ ਦਿਓ।

ਓਸ ਵੇਲੇ ਦਰੋਗਾ ਗਿਆਸੂਦੀਨ ਮਿਲਣ ਵਾਸਤੇ ਆ ਗਿਆ। ਕਿਹਾ ਕੀ ਗੱਲ, ਤੁਸੀਂ ਅੱਜ ਉਦਾਸ ਹੋਂ?

ਕਹਿਣ ਲੱਗੇ, "ਮੀਰ ਸਾਹਿਬ! ਆਹ ਸਮੱਸਿਆ ਹੋ ਗਈ ਤੇ ਹੁਣ ਮੇਰਾ ਇੱਥੇ ਰਹਿਣਾ ਬਣਦਾ ਨਹੀਂ ਹੈ, ਮੈਂ ਆਪਣੇ ਗੁਰੂ ਦੇ ਪਾਸ ਜਾਣਾ ਚਾਹੁੰਦਾ ਹਾਂ।"

ਕਹਿਣ ਲੱਗੇ, "ਅਸੀਂ ਤੇਰੇ ਬਗੈਰ ਕਿਵੇਂ ਰਹਾਂਗੇ ਮੁਰਸ਼ਦ, ਮੈਂ ਵੀ ਨਹੀਂ ਰਹਿ ਸਕਦਾ।"

ਕਹਿਣ ਲੱਗੇ, "ਮੈਨੂੰ ਆਗਿਆ ਦੇਵੋ।"

ਸੋ ਉਥੋਂ ਆਗਿਆ ਲੈ ਕੇ ਇੱਕ ਨੌਕਰ ਨਾਲ ਲੈ ਕੇ ਆਪ ਲਾਹੌਰ ਪਹੁੰਚ ਗਏ। ਉਥੇ ਆ ਕੇ ਕੁਦਰਤ ਦੀ ਕਰਨੀ ਐਸੀ ਹੋਈ ਕਿ ਨੌਕਰ ਚੜ੍ਹਾਈ ਕਰ ਗਿਆ। ਇਕੱਲੇ ਨੰਦਲਾਲ ਜੀ ਰਹਿ ਗਏ, ਘਬਰਾਏ ਨਹੀਂ। ਓਸ ਵੇਲੇ ਗੁਰੂ ਮਹਾਰਾਜ ਜੀ ਨੂੰ ਯਾਦ ਕਰਦੇ ਨੇ ਕਿ ਗੁਰੂ ਨੇ ਮੈਨੂੰ ਇੱਕ ਵਾਰੀ ਇਹ ਗੱਲ ਕਹੀ ਸੀ ਕਿ ਜ਼ਿੰਦਗੀ ਦੀਆਂ ਜ਼ਿੰਮੇਵਾਰੀਆਂ ਜਿੰਨੀਆਂ ਪੈਣਗੀਆਂ, ਜਿੰਨਾਂ ਤੂੰ ਇਹਨਾਂ ਦੇ ਨਾਲ ਲੜਾਈ ਕਰੇਂਗਾ, ਓਨਾਂ ਡੰਡੇ

ਰੂਹਾਨੀਅਤ ਦੇ ਹੋਰ ਪੱਕੀ ਤਰ੍ਹਾਂ ਚੜ੍ਹ ਜਾਏਂਗਾ ਤੇ ਗੁਰੂ ਇਹ ਕਹਿੰਦਾ ਹੈ –

***ਦੁਖੁ ਦਾਰੂ ਸੁਖੁ ਰੋਗੁ ਭਇਆ***
***ਜਾ ਸੁਖੁ ਤਾਮਿ ਨ ਹੋਈ ॥*** ***ਅੰਗ – 469***

ਤੇ ਮੇਰਾ ਗੁਰੂ ਤਾਂ ਏਸ ਚੀਜ਼ ਨੂੰ ਦਾਰੂ ਦਸਦਾ ਹੈ, ਸੋ ਉਸ ਵੇਲੇ ਗਿਆਸੂਦੀਨ ਵੀ ਆ ਗਿਆ ਇੱਕ ਮਹੀਨੇ ਬਾਅਦ। ਵਿਚਾਰ ਕਰੀ ਕਿ ਐਸ ਵੇਲੇ ਕੋਈ ਥਾਂ ਨਹੀਂ ਹੈ, ਜਿੱਥੇ ਔਰੰਗਜ਼ੇਬ ਦਾ ਹੱਥ ਨਾ ਪਹੁੰਚ ਸਕਦਾ ਹੋਵੇ। ਕੋਈ ਰਾਜਪੂਤ ਰਾਜਾ ਰਾਖੀ ਨਹੀਂ ਕਰ ਸਕਦਾ। ਕੋਈ ਮਰਹੱਟਾ ਨਹੀਂ ਰਾਖੀ ਕਰ ਸਕਦਾ। ਇਸ ਵੇਲੇ ਜੇ ਕੋਈ ਕਿਸੇ ਦੀ ਓਟ ਤੱਕੀ ਜਾ ਸਕਦੀ ਹੈ, ਉਹ ਗੁਰੂ ਦਸ਼ਮੇਸ਼ ਪਿਤਾ ਦੀ ਹੈ। ਓਥੇ ਜਾ ਕੇ ਬਚਿਆ ਜਾ ਸਕਦਾ ਹੈ, ਸੋ ਦਸ਼ਮੇਸ਼ ਪਿਤਾ ਦੇ ਦਰਸ਼ਨਾਂ ਨੂੰ ਆਪ ਪਹੁੰਚਦੇ ਨੇ। ਆ ਕੇ ਗੁਰੂ ਮਹਾਰਾਜ ਦੇ ਚਰਨਾਂ 'ਚ ਨਮਸ਼ਕਾਰ ਕੀਤੀ ਤੇ ਆਪ ਨੇ ਇੱਕ ਪੁਸਤਕ ਭੇਟ ਕੀਤੀ। ਰਸਤੇ 'ਚ ਜਦੋਂ ਤੁਰੇ ਆਉਂਦੇ ਸੀ, ਰਸਤੇ 'ਚ ਰੋਜ਼ ਇੱਕ ਗਜ਼ਲ ਲਿਖਦੇ ਸੀ ਤੇ ਉਹਦਾ ਨਾਮ ਆਪ ਨੇ 'ਜ਼ਿੰਦਗੀਨਾਮਾ' ਲਿਖ ਦਿੱਤਾ। ਜਦੋਂ ਮਹਾਰਾਜ ਜੀ ਦੇ ਚਰਨਾਂ 'ਚ ਪੁਸਤਕ ਭੇਟ ਕੀਤੀ, ਮਹਾਰਾਜ ਕਹਿੰਦੇ, ਕੀ ਹੈ ਨੰਦਲਾਲ?

ਕਹਿਣ ਲੱਗੇ, ''ਇਹ ਮੈਂ ਪਿਆਰ ਦੀ, ਇਸ਼ਕ ਤੇ ਫਿਰਾਗ ਦੀ ਪੁਸਤਕ ਲਿਖੀ ਹੈ।''

ਮਹਾਰਾਜ ਕਹਿੰਦੇ, ''ਪੜ੍ਹ ਕੇ ਸੁਣਾਓ, ਖੜ੍ਹੇ ਹੋ ਕੇ ਪੜ੍ਹ ਕੇ ਸੁਣਾਈ।''

ਮਹਾਰਾਜ ਕਹਿਣ ਲੱਗੇ, ''ਨੰਦਲਾਲ! ਇਹਦੇ ਵਿੱਚ ਤਾਂ ਤੂੰ ਅੰਮ੍ਰਿਤ ਭਰ ਦਿੱਤਾ। ਕਹਿੰਦੇ ਇਹਦਾ ਨਾਮ 'ਜ਼ਿੰਦਗੀਨਾਮਾ' ਲਿਖ ਲੈ।

***ਨਾਲ ਅੰਮ੍ਰਿਤ ਜਾਮ ਇਸ ਦਾ ਭਰ ਗਿਆ।***
***ਜ਼ਿੰਦਗੀਨਾਮਾ ਤਦੇ ਹੁਣ ਨਾਮ ਪਿਆ।***

ਸੋ ਇਸ ਤਰ੍ਹਾਂ ਆਪ ਬੈਠੇ ਨੇ ਤੇ ਮਹਾਰਾਜ ਨੇ ਗਿਆਸੂਦੀਨ ਨੂੰ ਪੁੱਛਿਆ, ਉਸ ਨੇ ਡੇਢ ਹਜ਼ਾਰ ਮੋਹਰ ਮਹਾਰਾਜ ਜੀ ਦੇ ਚਰਨਾਂ 'ਤੇ ਭੇਟਾ ਕਰੀ। ਮਹਾਰਾਜ ਕਹਿੰਦੇ, ਮੀਰ ਸਾਹਿਬ ਤੁਹਾਡਾ ਮੁਰਸ਼ਦ ਕੌਣ ਹੈ? ਉਹਨਾਂ ਨੇ ਨੰਦਲਾਲ ਵੱਲ ਇਸ਼ਾਰਾ ਕਰ ਦਿੱਤਾ ਕਿ ਮੇਰੇ ਗੁਰੂ ਇਹ ਨੇ। ਉਸ ਵੇਲੇ ਆਲਮ ਸਿੰਘ ਨਚਨਾ ਉਥੇ ਖੜ੍ਹਾ ਸੀ ਉਹਨੇ ਤਰਕ ਕਰੀ, ਉਹ ਕਹਿੰਦਾ ਕਿ ਕਿਉਂ ਕੱਚ ਪਿੱਚ ਬੋਲਦਾ ਹੈਂ? ਤੇ ਗੁਰੂ ਤਾਂ ਕੇਵਲ ਗੁਰੂ ਗੋਬਿੰਦ ਸਿੰਘ ਹੈ, ਹੋਰ ਕੋਈ ਗੁਰੂ ਨਹੀਂ ਹੋ ਸਕਦਾ। ਅਭੁੱਲ ਕਰਤਾਰ ਨੂੰ ਛੱਡ ਕੇ ਤੂੰ ਸਿੱਖ ਨੂੰ ਗੁਰੂ ਕਹਿੰਦਾ ਹੈਂ?

ਮਹਾਰਾਜ ਕਹਿੰਦੇ, ''ਆਲਮ ਸਿੰਘਾ! ਤੂੰ ਉਹ ਪੜ੍ਹਾਈ ਨਹੀਂ ਪੜ੍ਹਿਆ ਹੋਇਆ, ਤੇਰੇ ਉਹ ਨਿਗ੍ਹਾ ਨਹੀਂ ਹੈ, ਜਿਹੜੀ ਪਛਾਣ ਲਵੇ, ਤੂੰ ਕੀ ਸਮਝਦਾ ਹੈਂ?

ਮੈਂ ਨੰਦਲਾਲ ਦੇ ਵਿੱਚ ਪੂਰਾ ਵਸਦਾ ਹਾਂ। ਗੁਰੂ ਬਾਬੇ ਨੇ ਇਹ ਗੱਲ

ਕਹੀ ਹੈ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ॥***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ - 306***

ਮੇਰੇ ਤੇ ਨੰਦਲਾਲ ਵਿੱਚ ਕੋਈ ਫਰਕ ਨਹੀਂ ਹੈਗਾ -

***ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ - 397***

***ਦਾਸ ਅਨਿੰਨ ਮੇਰੋ ਨਿਜ ਰੂਪ ॥ ਅੰਗ - 1252***

***ਹਰਿ ਕਾ ਸੇਵਕੁ ਸੋ ਹਰਿ ਜੇਹਾ ॥***
***ਭੇਦੁ ਨ ਜਾਣਹੁ ਮਾਣਸ ਦੇਹਾ ॥***
***ਜਿਉ ਜਲ ਤਰੰਗ ਉਠਹਿ ਬਹੁ ਭਾਤੀ***
***ਫਿਰਿ ਸਲਲੈ ਸਲਲ ਸਮਾਇਦਾ ॥ ਅੰਗ - 1076***

ਬੜਾ ਮਾਣ ਦਿੱਤਾ ਤੇ ਓਸ ਵੇਲੇ ਕਹਿਣ ਲੱਗੇ, ਮੁਰਸ਼ਦ ਇਹਦਾ ਨੰਦਲਾਲ ਹੀ ਹੈ। ਨੰਦਲਾਲ ਨੇ ਚਰਨਾਂ 'ਤੇ ਮਸਤਕ ਨਿਵਾ ਦਿੱਤਾ। ਪਾਤਸ਼ਾਹ! ਮੇਰੀ ਕੀ ਮਜ਼ਾਲ ਹੈ ਕਿ ਗੁਰੂ ਦੇ ਸਾਮ੍ਹਣੇ ਸਿੱਖ ਤੋਂ ਉੱਠ ਕੇ ਮੈਂ ਮੁਰਸ਼ਦ ਦਾ ਦਰਜਾ ਧਾਰ ਲਵਾਂ?

ਨਾ ਪਾਤਸ਼ਾਹ! ਮੈਨੂੰ ਨੀਵਾਂ ਹੀ ਰੱਖੀਂ। ਆਪਣੇ ਮਨ ਨੂੰ ਇਸ ਤਰ੍ਹਾਂ ਕਹਿੰਦੇ ਨੇ ਭਾਈ ਨੰਦਲਾਲ ਜੀ -

***ਧਾਰਨਾ - ਸਾਹਿਬ ਬਣ ਕੇ ਬਹੀਂ ਨਾ ਮਨਾਂ ਮੇਰਿਆ,***
***ਸੇਵਕਾਂ ਦਾ ਸੇਵਕ ਬਣੀਂ।***

***ਜੇ ਦੇ ਸਮਰਥ ਈਸ਼ਰ ਓ ਕ੍ਰਿਪਾਲ।***
***ਬੰਦਗੀ ਤੋਂ ਪਾਂਵਦਾ ਬੰਦਾ ਕਮਾਲ।***

ਚਾਹੇ ਰੱਬ ਬਣ ਜਾਏ ਤਾਂ ਕਹਿੰਦੇ ਭਗਤੀ ਨਾ ਫੇਰ ਵੀ ਛੱਡੇ।

***ਰੂਪ ਰੱਬ ਦਾ ਚਾਹੇ ਸਾਰਾ ਹੋ ਜਾਏ।***
***ਬੰਦਗੀ ਬਿਨ ਜੀਉ ਇਸ ਤੋਂ ਸੁਖ ਭਏ।***
***ਜੀਵਣਾ ਬੰਦੇ ਦਾ ਹੈ ਬੇਬੰਦਗੀ***
***ਬੰਦਗੀ ਰੱਬ ਦੀ ਹੈ ਅਸਲ ਜ਼ਿੰਦਗੀ***
***ਵਸ ਚਲ ਦਾਸ ਬਣ, ਸਾਹਿਬ ਨਾ ਬਣ।***
***ਬੰਦੇ ਤੂੰ ਬਿਨ ਬੰਦਗੀ ਸਭ ਹਨ ਅ-ਬਨ।***

ਹੋਰ ਕੋਈ ਚੀਜ਼ ਨਾ ਬਣ, ਸੇਵਕ ਬਣ ਕੇ ਰਹਿ। ਸੋ ਮਹਾਰਾਜ ਨੇ ਗਿਆਸਦੀਨ ਦੇ ਉਪਰ ਕ੍ਰਿਪਾ ਕਰੀ।

ਕਹਿੰਦੇ, ਆਲਮ ਸਿੰਘਾਂ! ਤੂੰ ਨਹੀਂ ਪਛਾਣਦਾ। ਇਹ ਜੋ ਗਿਆਸਦੀਨ ਹੈ ਇਹ ਵੀ ਬ੍ਰਹਮ ਦੀ ਅਵਸਥਾ 'ਚ ਰਹਿੰਦਾ ਹੈ ਇਹਨੇ ਸ਼ਰ੍ਹਾ, ਤਰੀਕਤ, ਹਕੀਕਤ ਪਾਰ ਕਰਕੇ ਮਾਰਫਤ ਵਿੱਚ ਪਹੁੰਚਿਆ ਹੋਇਆ ਹੈ। ਨੰਦਲਾਲ ਨੇ ਆਪਣੇ ਵਰਗਾ ਹੀ ਬਣਾ ਲਿਆ।

ਸੋ ਇਸ ਤਰ੍ਹਾਂ ਨੰਦਲਾਲ ਜੀ ਉੱਥੇ ਰਹਿਣਾ ਸ਼ੁਰੂ ਕਰ ਦਿੰਦੇ ਨੇ। ਲੰਗਰ ਚਲਾ ਲਿਆ ਕਿਉਂਕਿ ਗੁਰੂ ਦਾ ਹੁਕਮ ਹੈ ਕਿ ਜੇ ਸਮਰੱਥਾ ਦੇਵੇ ਸਿੱਖ ਨੂੰ ਗੁਰੂ ਤਾਂ ਲੰਗਰ ਚਲਾ। ਜੇ ਇਕੱਲੇ ਦੇ ਵਿੱਚ ਸਮਰੱਥਾ ਨਹੀਂ, ਦੋ ਚਾਰ ਰਲ ਕੇ ਚਲਾਓ। ਜੇ ਦੋ ਚਾਰ 'ਚ ਨਹੀਂ ਹੈ ਪਿੰਡ ਰਲ ਜਾਓ। ਜਿੱਥੇ ਲੰਗਰ ਚਲਦਾ ਹੈ, ਉਥੇ ਪ੍ਰਮੇਸ਼ਰ ਦੀ ਦ੍ਰਿਸ਼ਟੀ ਹਰ ਵਕਤ ਰਹਿੰਦੀ ਹੈ।

ਇੱਕ ਦਿਨ ਗੁਰੂ ਮਹਾਰਾਜ ਬੈਠੇ ਲੰਗਰ ਦੀਆਂ ਗੱਲਾਂ ਚੱਲ ਪਈਆਂ। ਸਾਰੇ ਆਪਣੇ-ਆਪਣੇ ਲੰਗਰ ਦੀ, ਮੇਰੇ ਵੀਹ ਸੇਰ ਰੋਜ਼ ਪੱਕਦਾ ਹੈ ਜੀ, ਮੇਰੇ ਦੱਸ ਸੇਰ ਪੱਕਦਾ ਹੈ ਜੀ, ਮੇਰੇ ਐਨੀ ਦਾਲ ਲਗਦੀ ਹੈ, ਮੇਰੇ ਬੋਰੀ ਲਗਦੀ ਹੈ ਜੀ। ਸਾਰੇ ਕਰੀ ਜਾਂਦੇ ਨੇ ਤੇ ਥੋੜ੍ਹੇ ਦਿਨਾਂ ਤੋਂ ਬਾਅਦ ਮਹਾਰਾਜ ਨੇ ਭੇਸ ਬਦਲ ਲਿਆ। ਯਾਤਰੂ ਬਣ ਗਏ, ਬਿਲਕੁਲ ਨਹੀਂ ਪਤਾ ਲਗਦਾ ਕਿ ਇਹ ਗੁਰੂ ਗੋਬਿੰਦ ਸਿੰਘ ਹੈ। ਪਹਿਲੇ ਲੰਗਰ 'ਚ ਗਏ ਜਾ ਕੇ ਦਰਵਾਜ਼ਾ ਖੜਕਾਇਆ।

ਕੀ ਗੱਲ ਹੈ ਪ੍ਰੇਮੀਆਂ?

ਕਹਿੰਦੇ, "ਮੈਨੂੰ ਭੁੱਖ ਲੱਗੀ ਹੋਈ ਹੈ ਬਹੁਤ।"

ਠਹਿਰ ਜ਼ਰਾ ਕੁ ਸਬਜ਼ੀ ਧਰੀ ਹੋਈ ਹੈ, ਆਟਾ ਗੁੰਨਣ ਵਾਲਾ ਹੈ ਤੇ ਤੁਸੀਂ ਥੋੜ੍ਹਾ ਸਸਤਾਓ, ਮਿਲ ਜਾਏਗਾ। ਅਗਲੇ ਲੰਗਰ 'ਚ ਚਲੇ ਗਏ।

ਪਿਆਰਿਆ! ਭੁੱਖ ਬਹੁਤ ਲੱਗੀ ਹੋਈ ਹੈ। ਦੇਖੋ, ਸਬਜ਼ੀ ਛਿੱਲ ਰਹੇ ਹਾਂ ਤੇ ਅੱਗ ਜਾਲ ਰਹੇ ਹਾਂ। ਬਣ ਜਾਏਗਾ, ਛਕ ਲੈਣਾ। ਤੀਸਰੇ 'ਤੇ, ਚੌਥੇ 'ਤੇ ਫੇਰ ਪੰਗਤ ਲੱਗੇਗੀ, ਫੇਰ ਤੂੰ ਛੱਕ ਲਈਂ। ਕਰਦੇ-ਕਰਦੇ ਨੰਦਲਾਲ ਦੇ ਪਹੁੰਚ ਗਏ।

ਕਹਿਣ ਲੱਗੇ, ਭਾਈ ਨੰਦਲਾਲ! ਭੁੱਖ ਲੱਗੀ ਹੋਈ ਹੈ।

ਆਪ ਨੇ ਕਿਹਾ, ਗੁਰਸਿੱਖਾ! ਹੁਣੇ ਹੀ ਛਕਣਾ ਹੈ ਤਾਂ ਜੋ ਹਾਜ਼ਰ ਹੈ ਮੈਂ ਲਿਆ ਦਿੰਦਾ ਹਾਂ, ਦਾਲ ਭਿਓਂਤੀ ਹੋਈ ਹੈ ਤੇ ਆਟਾ ਗੁੰਨਿਆ ਹੋਇਆ ਹੈ। ਜੇ ਠਹਿਰ ਸਕਦੇ ਓਂ ਤਾਂ ਦੇਖ ਲਓ, ਨਹੀਂ ਤਾਂ ਫੇਰ ਹਾਜ਼ਰ ਹੈ।

ਆਟਾ ਚੁੱਕ ਲਿਆਏ ਗੁੰਨਿਆ ਹੋਇਆ, ਦਾਲ ਪਾ ਲਿਆਏ, ਆਹ ਹਾਜ਼ਰ ਹੈ। ਗੁਰੂ ਮਹਾਰਾਜ ਕਹਿਣ ਲੱਗੇ, ਇਹੀ ਦੇ ਦੇ। ਲੈ ਕੇ ਆ ਗਏ। ਦੂਸਰੇ ਦਿਨ ਸੰਗਤ ਇਕੱਠੀ ਹੋਈ, ਸਾਰੇ ਲੰਗਰਾਂ ਦੀ ਗੱਲ ਚੱਲੀ। ਮਹਾਰਾਜ ਮੁਸਕਰਾ ਪਏ, ਕਹਿੰਦੇ ਤੁਸੀਂ ਭੁੱਖੇ ਨੂੰ ਰੋਟੀ ਤਾਂ ਦਿੰਦੇ ਨਹੀਂ ਟਾਲ ਮਟੋਲੇ ਕਰਦੇ ਓਂ। ਬਹਿ ਜਾ ਦਾਲ ਬਣ ਜਾਏਗੀ, ਫੇਰ ਖਾ ਲਈਂ।

ਕਹਿੰਦੇ, ਮਹਾਰਾਜ! ਫੇਰ ਕਰਿਆ ਕੀ ਜਾਵੇ?

ਕਹਿੰਦੇ, ਜੋ ਹਾਜ਼ਰ ਹੋਵੇ ਉਹ ਦੇ ਦਿਓ, ਉਸੇ ਵੇਲੇ। ਜੋ ਕੁਛ ਵੀ

ਹੈ ਖਾਣ ਨੂੰ ਤੇ ਗੁਰਸਿੱਖ ਜੇ ਆ ਕੇ ਕਹਿ ਦੇਵੇ, ਅਤਿਥੀ ਕਹਿ ਦੇਵੇ, ਅਤਿੱਥੀ ਦੀ ਸੇਵਾ ਦਾ ਕਿੰਨਾ ਫਲ ਹੈ। ਉਸ ਵੇਲੇ ਮਹਾਰਾਜ ਜੀ ਨੇ ਇਸ ਤਰ੍ਹਾਂ ਫੁਰਮਾਨ ਕੀਤਾ -

***ਧਾਰਨਾ - ਲੰਗਰ ਭੁੱਖੇ ਨੂੰ ਛਕਾਵੇ ਜਿਹੜਾ,***
***ਸਿੱਖ ਉਹ ਪਿਆਰਾ ਲਗਦਾ।***

***ਨੰਦਲਾਲ ਭਾ ਹਮਰੋ ਦਾਤਾ।***
***ਭਗਤਿ ਭਾਉ ਸੰਤਨ ਮਨ ਰਾਤਾ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5086***

ਕਹਿੰਦੇ, ਪਿਆਰਿਓ! ਤੁਸੀਂ ਤਾਂ ਗੱਲਾਂ ਜੋਗੇ ਹੀ ਹੋਂ। ਆਹ ਨੰਦਲਾਲ ਹੈ ਮੇਰੇ ਮਨ ਨੂੰ ਭਾਅ ਗਿਆ -

***ਛੁਧਿਤਿ ਨ ਦੇਖ ਸਕਹਿ ਚਿਰਭਾਰੋ।***
***ਦੇਗ ਕਰਤਿ ਸੋਈ ਮਮ ਪਯਾਰੋ।***
***ਸਿਖ ਕੋ ਦੇਖਹਿ ਛੁਧਾ ਬਿਸਾਲਾ।***
***ਤਿਸਹਿ ਬਤਾਵਹਿ ਨਹਿੰ ਚਿਰਕਾਲਾ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5086***

ਉਹਨੂੰ ਨਾ ਕਹਿੰਦੇ ਬਿਠਾਓ ਬਹੁਤਾ ਚਿਰ।

***ਜਯੋਂ ਕਯੋਂ ਕਰਿ ਪੋਖਨ ਕੋ ਕਰੈ।***
***ਸੋ ਸਿਖ ਮੋਹਿ ਪ੍ਰਸੰਨਤਾ ਧਰੈ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5086***

ਜਿਹੜਾ ਛਕਾ ਦੇਵੇ, ਆਨੇ-ਬਹਾਨੇ ਨਾ ਕਰੇ, ਕਹਿੰਦੇ ਮੈਂ ਪ੍ਰਸੰਨ ਹੁੰਦਾ ਹਾਂ ਉਸ 'ਤੇ।

***ਅੰਨ ਦਾਨ ਸਮ ਨਾਂਹਿਨ ਅੰਨ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5086***

ਹੋਰ ਕੋਈ ਦਾਨ ਨਹੀਂ ਅੰਨ ਦਾਨ ਦੇ ਬਰਾਬਰ।

***ਛੁਧਿਤ ਪਿਖਤਿ ਹੀ ਦੇ ਨਰ ਧੰਨ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5086***

ਭੁੱਖੇ ਨੂੰ ਦੇਖਦੀ ਸਾਰ ਹੀ ਕਹੇ ਆਓ ਜੀ, ਪ੍ਰਸ਼ਾਦਾ ਛਕੋ, ਚਾਹੇ ਰਾਤ ਹੈ, ਚਾਹੇ ਦਿਨ ਹੈ।

ਸੰਤ ਮਹਾਰਾਜ (ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ) ਦੇ ਪਾਸ ਇੱਕ ਪ੍ਰੇਮੀ ਆ ਗਿਆ, ਬਾਰ੍ਹਾਂ ਵਜੇ ਨੇ ਰਾਤ ਦੇ, ਆਵਾਜ਼ ਦਿੱਤੀ ਕਿ ਮੈਨੂੰ ਭੁੱਖ ਲੱਗੀ ਹੋਈ ਹੈ, ਦੂਰ ਤੋਂ ਆਇਆ ਹੈ ਉਨ੍ਹਾਂ ਦਿਨਾਂ 'ਚ ਸਵਾਰੀਆਂ ਨਹੀਂ ਸੀ ਹੁੰਦੀਆਂ। ਮਹਾਰਾਜ ਨੇ ਆਵਾਜ਼ ਸੁਣੀ, ਇੱਕ ਦਮ ਉਠ ਖੜ੍ਹੇ।

ਕਹਿਣ ਲੱਗੇ, "ਪ੍ਰੇਮੀਆਂ! ਲੰਗਰ 'ਚ ਜਾਹ, ਲੰਗਰ ਖੁੱਲ੍ਹਾ ਹੈ ਕਿਉਂਕਿ ਗੁਰੂ ਨਾਨਕ ਦਾ ਲੰਗਰ ਹੈ ਇਹ ਚੌਵੀ ਘੰਟੇ ਚਲਦਾ ਹੈ ਇਹਦੇ 'ਚ ਇਸ

ਤਰ੍ਹਾਂ ਨਹੀਂ ਹੁੰਦਾ, ਬੰਦ ਹੋ ਗਿਆ, ਹੁਣ ਪੰਗਤ ਲੱਗ ਹਟੀ, ਹੁਣ ਫੇਰ ਆਈਂ। ਵਾਪਸ ਆ ਗਿਆ, ਕਹਿੰਦਾ ਜੀ, ਲੰਗਰ ਦੇ ਤਾਂ ਦਰਵਾਜ਼ੇ ਬੰਦ ਨੇ। ਕਹਿੰਦੇ, ਆਵਾਜ਼ ਦੇ। ਫੇਰ ਚਲਿਆ ਗਿਆ, ਆਵਾਜ਼ ਦਿਤੀ, ਕਹਿੰਦੇ, ਥੋੜ੍ਹੀ ਦੇਰ ਠਹਿਰ ਜਾ, ਕੀ ਸਾਨੂੰ ਸੌਣ ਹੀ ਨਹੀਂ ਦੇਣਾ? ਬਾਰ੍ਹਾਂ ਵੱਜੇ ਨੇ, ਹੁਣ ਅਸੀਂ ਦੋ ਵਜੇ ਉੱਠਣਾ ਹੈ ਲੰਗਰ ਤਿਆਰ ਹੋਏਗਾ ਫੇਰ ਹੀ ਛਕਾਵਾਂਗੇ।

ਮਹਾਰਾਜ ਕੋਲ ਆ ਗਿਆ ਕਹਿੰਦਾ, ਮਹਾਰਾਜ! ਭੁੱਖ ਬੜੀ ਮੈਨੂੰ ਲੱਗੀ ਹੋਈ ਸੀ, ਕੋਈ ਬਾਸੀ ਰੋਟੀ ਹੁੰਦੀ, ਕੋਈ ਬਹਿਆ ਹੀ ਹੁੰਦਾ, ਕੋਈ ਦੋ ਦਿਨ ਦਾ ਹੁੰਦਾ ਮੈਂ ਭਿਉਂ ਕੇ ਖਾ ਲੈਂਦਾ। ਮਹਾਰਾਜ ਉੱਠ ਕੇ ਤੁਰ ਪਏ, ਜਾ ਕੇ ਲੰਗਰ ਖੁੱਲ੍ਹ ਗਿਆ। ਦਰਵਾਜ਼ਾ ਓੜਕਿਆ ਹੁੰਦਾ ਸੀ, ਬੰਦ ਨਹੀਂ ਸੀ ਕਰਦੇ। ਸੋ ਉਥੇ ਜਾ ਕੇ ਆਟਾ ਗੁੰਨ ਲਿਆ, ਦਾਲ ਦੇਖੀ ਪਈ ਹੈ, ਉਨ੍ਹਾਂ ਨੇ ਦੇਖਿਆ ਕਿ ਆਹ ਖੜਕਾ ਹੋਣ ਲੱਗ ਗਿਆ, ਕੌਣ ਹੈ ਜਿਹਨੇ ਚੁੱਲ੍ਹੇ 'ਚ ਅੱਗ ਜਲਾ ਲਈ।

ਮਹਾਰਾਜ ਪ੍ਰਸ਼ਾਦਾ ਲਾਹੁੰਣ ਲੱਗ ਗਏ।

ਸੇਵਾਦਾਰ ਆ ਗਏ, ਆ ਕੇ ਦੇਖਿਆ ਤਾਂ, ਮਹਾਰਾਜ ਜੀ ਨੇ ਮੁੱਖ ਢਕਿਆ ਹੋਇਆ, ਪਛਾਣ ਲਿਆ ਕਿ ਇਹ ਤਾਂ ਮਹਾਰਾਜ ਜੀ ਆਏ ਹੋਏ ਨੇ, ਚਰਨਾਂ 'ਤੇ ਢਹਿ ਢਹਿ ਪੈਂਦੇ ਨੇ, ਪਾਤਸ਼ਾਹ ਅਸੀਂ ਕਾਹਦੇ ਵਾਸਤੇ ਹਾਂ। ਕਹਿੰਦੇ, ਪ੍ਰੇਮੀਓਂ! ਤੁਸੀਂ ਤਾਂ ਆਰਾਮ ਕਰਨਾ ਹੈ। ਤੁਹਾਨੂੰ ਆਰਾਮ ਦੀ ਲੋੜ ਹੈ, ਆਰਾਮ ਕਰੋ। ਕੋਈ ਨਹੀਂ ਏਸ ਵੇਲੇ ਕੋਈ ਆਏਗਾ ਤਾਂ ਮੈਂ ਪ੍ਰਸ਼ਾਦਾ ਲਾਹਿਆ ਕਰਾਂਗਾ। ਨੇਤਰਾਂ 'ਚ ਜਲ ਆ ਜਾਂਦਾ ਹੈ, ਮਾਫੀਆਂ ਮੰਗਦੇ ਨੇ।

ਕਹਿੰਦੇ, ਤੁਹਾਨੂੰ ਪਤਾ ਹੈ ਕਿ ਦਸ਼ਮੇਸ਼ ਪਿਤਾ ਦਾ ਕੀ ਹੁਕਮ ਹੈ ਕਿ ਜਦ ਭੁੱਖਾ ਆਵੇ ਉਸਨੂੰ ਓਸੇ ਵੇਲੇ ਕੁਛ ਖਾਣ ਨੂੰ ਦਿਓ। ਉਹਨੂੰ ਨਾ ਫੇਰ ਰੋਕੋ, ਓਸ ਦਿਨ ਤੋਂ ਹੁਕਮ ਹੋ ਗਿਆ ਕਿ ਲੰਗਰ ਮੇਰਾ ਨਹੀਂ ਹੈ, ਗੁਰੂ ਨਾਨਕ ਦਾ ਲੰਗਰ ਹੈ। ਜੇ 24 ਘੰਟੇ ਚਲਾਉਣਾ ਹੈ ਤਾਂ ਰਹੋ, ਨਹੀਂ ਤਾਂ ਜਾਓ ਸਾਰੇ। ਅਸੀਂ ਆਪ ਚਲਾ ਲਿਆ ਕਰਾਂਗੇ। ਭਾਈ ਸੰਤੋਖ ਸਿੰਘ ਜੀ ਲਿਖਦੇ ਨੇ-

***ਅੰਨ ਦਾਨ ਸਮ ਨਾਂਹਿਨ ਅੰਨ।***
***ਛੁਧਿਤ ਪਿਖਤਿ ਹੀ ਦੇ ਨਰ ਧੰਨ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5086***

ਜਿਹੜਾ ਭੁੱਖੇ ਨੂੰ ਦੇਖ ਓਸੇ ਵੇਲੇ ਪ੍ਰਸ਼ਾਦਾ ਦੇ ਦੇਵੇ, ਕਹਿੰਦੇ ਉਹ ਨਰ ਧੰਨ ਹੈ।

***ਅੰਨ ਦਾਨ ਨਹਿਂ ਸਮੋਂ ਬਿਚਾਰੈ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5086***

ਅੰਨ ਦਾ ਦਾਨ ਕਰਨ ਵਾਸਤੇ ਸਮੇਂ ਦੀ ਵਿਚਾਰ ਨਹੀਂ ਹੁੰਦੀ।

***ਰੈਨ ਕਿਧੌਂ ਦਿਨ ਸੰਝ ਸਕਾਰੈ।***

**_ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5086_**

ਚਾਹੇ ਅੱਧੀ ਰਾਤ ਹੈ, ਚਾਹੇ ਦਿਨ ਹੈ, ਚਾਹੇ ਆਥਣ ਹੈ–

**_ਪੂੰਨਯੋ ਦਰਸ ਆਦਿ ਜੇ ਪਰਬ।_**

**_ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5086_**

ਪੁੰਨਿਆ ਵਗੈਰਾ ਜਿੰਨੇ ਪੁਰਬ ਨੇ ਸਾਰੇ –

**_ਨਾਹਿੰਨ ਪ੍ਰਤੀਖਹਿ ਤਯਾਗਹਿ ਸਰਬ।_**

**_ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5086_**

ਸਭ ਛੱਡ ਦੇਵੇ, ਭੁੱਖੇ ਨੂੰ ਪ੍ਰਸ਼ਾਦਾ ਛਕਾ ਦੇਵੇ।

**_ਪਾਤ੍ਰ ਅਪਾਤ੍ਰ ਨ ਹੇਰਤਿ ਕੋਇ।_**

**_ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5086_**

ਚਾਹੇ ਪਾਪ ਕਰਕੇ ਆਇਆ ਹੈ, ਦੇਖੇ ਨਾ ਇਹ ਗੱਲ, ਕਹੋ ਛੱਕ ਲੈ ਪ੍ਰੇਮੀਆਂ ਪ੍ਰਸ਼ਾਦਾ। ਪਾਤ੍ਰ ਅਪਾਤ੍ਰ ਨਾ ਦੇਖੇ ਕਿ ਇਹਨੂੰ ਨਹੀਂ ਦੇਣਾ।

**_ਸਕਲ ਦਾਨ ਤੇ ਫਲ ਅਧਿਕੇਯ।_**

**_ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5086_**

ਸਾਰੇ ਦਾਨਾਂ ਤੋਂ ਫਲ ਅਧਿਕ ਹੈ।

**_ਮਮ ਸਿਖ ਪਿਯਾਰੋ ਦੇਗ ਜੁ ਕਰੈ।_**
**_ਛੁਧਤਿ ਨਰਨ ਕੀ ਛੁਧਾ ਸੁ ਹਰੈ।_**

**_ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5086_**

ਮੇਰਾ ਸਿੱਖ ਜਿਹੜਾ ਲੰਗਰ ਚਲਾਉਂਦਾ ਹੈ, ਭੁੱਖਿਆਂ ਦੀ ਸੁਧਾ, ਭੁੱਖ ਨੂੰ ਦੂਰ ਕਰਦਾ ਹੈ –

**_ਸਭਿ ਦਾਨਨ ਤੇ ਉੱਤਮ ਦਾਨ।_**
**_ਜਿਸ ਕੇ ਦਿਏ ਬਚਤਿ ਹੈਂ ਪ੍ਰਾਨ।_**
**_ਯਾਂਤੇ ਇਸ ਸਮਾਨ ਨਹਿੰ ਆਨ।_**
**_ਲੇਹੁ ਮਹਾਂ ਫਲ ਸਿੱਖ ਸੁਜਾਨ।_**

**_ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5086_**

ਸੋ ਸਭ ਤੋਂ ਵੱਡਾ ਫਲ ਲੰਗਰ ਦਾ ਹੈ। ਸੋ ਮਹਾਰਾਜ ਨੇ ਸਮਝਾਉਣਾ ਕੀਤਾ ਉਸ ਵੇਲੇ ਬੜਾ ਭਾਰੀ ਯੁੱਧ ਹੋ ਗਿਆ, ਬੜੇ ਗੁਰਸਿੱਖਾਂ ਨੇ ਸ਼ਹੀਦੀਆਂ ਪਾਈਆਂ। ਗੁਰੂ ਮਹਾਰਾਜ ਦੇ ਅਸ਼ੀਰਵਾਦ ਨਾਲ ਭਾਈ ਬਚਿੱਤਰ ਸਿੰਘ ਜੀ ਨੇ ਮਸਤ ਹਾਥੀ ਦੇ ਤਵਿਆਂ ਦੇ ਵਿਚੀਂ ਸੀਸ ਵਿੰਨ ਦਿੱਤਾ। ਭਾਈ ਨੰਦ ਲਾਲ ਜੀ ਦੇਖ ਰਹੇ ਨੇ ਬੜਾ ਮਨ ਵਿੱਚ ਚਾਉ ਉੱਠਿਆ ਤੇ ਯੁੱਧ ਜਿੱਤਣ ਤੋਂ ਬਾਅਦ, ਗੁਰੂ ਮਹਾਰਾਜ ਸਤਿਲੁਜ ਦੇ ਕੰਢੇ ਬੈਠੇ ਬ੍ਰਹਮਗਿਆਨ ਦੀ ਵਿਚਾਰ ਕਰ ਰਹੇ ਨੇ, ਯੋਗ ਦੀ ਵਿਚਾਰ ਹੋ ਰਹੀ ਹੈ। ਸਵਾਸ–ਸਵਾਸ ਨਾਮ ਦੀ, ਅਜਪਾ–ਜਾਪ ਦੀ, ਹੋਰ ਅਨੇਕਾਂ ਵਿਚਾਰਾਂ ਚੱਲ ਰਹੀਆਂ ਨੇ। ਰੋਮ–ਰੋਮ ਨਾਮ ਦੀ, ਉਸ ਵੇਲੇ ਨੰਦਲਾਲ ਜੀ ਤੁਲਹੇ 'ਤੇ ਬੈਠ ਕੇ ਆ ਕੇ ਮਹਾਰਾਜ ਜੀ ਦੇ ਚਰਨਾਂ 'ਚ ਨਮਸ਼ਕਾਰ ਕਰਦੇ ਨੇ ਤੇ ਇੱਕ ਗੱਠੜੀ ਖੋਲ੍ਹ ਲਈ ਤੇ ਉਹਦੇ ਵਿਚੋਂ ਕ੍ਰਿਪਾਨ ਕੱਢ ਲਈ ਤੇ ਉਸ ਵੇਲੇ ਮਹਾਰਾਜ ਜੀ ਨੂੰ

ਬੇਨਤੀ ਕਰਨ ਲੱਗੇ ਇਸ ਤਰ੍ਹਾਂ ਦੇ ਨਾਲ –

***ਧਾਰਨਾ – ਮਿਲੇ ਸ਼ਹਾਦਤ ਸ਼ਰਬਤ ਜੇ ਕਰ,***
***ਖੇਲ੍ਹ ਆਪ ਤੋਂ ਜਾਵਾਂ।***

ਪਾਤਸ਼ਾਹ! ਕਿੰਨੇ ਗੁਰਸਿੱਖ ਸ਼ਹੀਦ ਹੋ ਰਹੇ ਨੇ ਤੇ ਤੇਰੀ ਕਿੰਨੀ ਪ੍ਰਸੰਨਤਾ ਹੋ ਰਹੀ ਹੈ। ਮੇਰੇ ਚਿੱਤ 'ਚ ਵੀ ਆ ਗਿਆ ਕਿ ਮੈਂ ਵੀ ਸ਼ਹੀਦ ਹੋ ਜਾਵਾਂ। ਪਿਲਾ ਦੇ ਮੈਨੂੰ ਸ਼ਰਬਤ ਸ਼ਹਾਦਤ ਦਾ।

***ਚਾਉ ਹੈ ਅੱਜ ਮੇਰੇ ਅੰਦਰ,***
***ਮੈਂ ਵੀ ਬਣਾਂ ਸਿਪਾਹੀ।***
***ਪਿਆਰੇ ਦੇ ਦਰ ਪਹਿਰਾਂ ਦੇਵਾਂ,***
***ਰਣ ਤੱਤੇ ਰਣ ਜਾਹੀ।***
***ਮਾਰਾਂ ਤੇਗਾਂ ਮੁਕਾਵਾਂ ਜ਼ਾਲਮ,***
***ਹੋਲੀ ਖੇਡ ਖਡਾਵਾਂ***
***ਮਿਲੇ ਸ਼ਹਾਦਤ ਸ਼ਰਬਤ ਖੇਲ੍ਹ ਆਪ ਤੋਂ ਜਾਵਾਂ।***
***ਆਪਣੇ ਤਾਰਨਹਾਰ ਹੱਥੀਂ***
***ਗਾਤਰਾ ਮੈਂ ਪਹਿਨਾਓ।***
***ਸ੍ਰੀ ਸਾਹਿਬ ਦੇ ਕਰ ਕਮਲੀ,***
***ਫਿਰ ਗਾਤਰੇ ਵਿੱਚ ਸਜਾਉ।***

ਕਹਿੰਦੇ ਇਹ ਸ੍ਰੀ ਸਾਹਿਬ, ਗਾਤਰਾ ਪਾਤਸ਼ਾਹ! ਆਪਣੇ ਪਵਿੱਤਰ ਦਸਤ ਕਮਲਾਂ ਨਾਲ ਪਾ ਦਿਓ।

***ਮੈਂ ਵਡਭਾਗੀ ਹੋਇਕੇ ਸੇਵਾ***
***ਜਿੱਕਰ ਤੈਨੂੰ ਭਾਵੇ।***
***ਤੇਰੇ ਦਰ ਤਨ ਸਫਲਾ ਹੋਵੇ,***
***ਆਪਾ ਮਾਰ ਮਿਟਾਵਾਂ।***

ਆਹ ਤਨ ਨੂੰ ਮੈਂ ਤੇਰੇ ਦਰ 'ਤੇ ਸਫਲਾ ਕਰਨਾ ਹੈ। ਮਹਾਰਾਜ ਮੁਸਕਰਾ ਪਏ, ਗਾਤਰਾ ਫੜ ਲਿਆ, ਤੇਗ ਫੜ ਲਈ, ਆਪਣੇ ਹੀ ਗਲ 'ਚ ਪਾ ਲਈ ਮਹਾਰਾਜ ਨੇ।

ਕਹਿੰਦੇ, ਨੰਦ ਲਾਲ! ਤੈਨੂੰ ਤੇ ਘਨੱਈਏ ਨੂੰ ਤੇਗ ਦੀ ਲੋੜ ਨਹੀਂ ਹੈ। ਐਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਤੈਨੂੰ ਤੇਗ ਦੀ ਲੋੜ ਨਾ ਕੋਈ,***
***ਕਲਮ ਚਲਾਈਂ ਪਿਆਰ ਦੀ।***

ਤੇਗ ਫੜ ਲਈ –

***ਸ੍ਰੀ ਸਾਹਿਬ ਲਾਹ ਲਈ ਆਪ ਨੂੰ***
***ਕਲਮ ਦਾਨ ਮੰਗਵਾਇਆ।***
***ਕਹਿੰਦੇ, ਕਲਮਦਾਨ ਲਿਆਓ।***
***ਕਲਮ ਕੱਢ ਕੇ ਅੱਗੇ ਕੀਤੀ,***
***ਮੁੱਖ ਤੋਂ ਇਹ ਫੁਰਮਾਇਆ,***

*ਨੰਦ ਲਾਲ ਜੀ ਲਓ ਤੇਗ ਇਹ,*
*ਏਸ ਨੂੰ ਹੱਥ ਸਜਾਓ।*
*ਸੂਰੇ ਦੀ ਤਲਵਾਰ ਵਾਂਗ*
*ਇਹ ਚੱਲੇ ਸਦਾ ਚਲਾਓ।*
*ਇਹ ਤਲਵਾਰ ਤੁਸਾਂ ਹਥ ਦਿਤੀ*
*ਤੁਸੀਂ ਏਸ ਦੇ ਸੂਰੇ*
*ਕੰਮ ਪੰਥ ਦੇ ਕਰਨੇ ਪਿਆਰੇ,*
*ਕਾਰਜ ਸਗਲੇ ਪੂਰੇ,*
*ਤੇਗ ਵਾਲਿਆਂ ਤੇਗ ਵਾਹੁਣੀ,*
*ਤੁਸਾਂ ਕਲਮ ਹੈ ਵਾਹੁਣੀ।*
*ਹੁਕਮ ਤੁਹਾਨੂੰ ਇਹੋ ਭਾਈ*
*ਇਹ ਤੂੰ ਕਾਰ ਕਮਾਉਣੀ।*
*ਕਲਮ ਟੁਰੇ ਦਿਲ ਭਰਾਵੇ*
*ਦਿਲ ਉਤੇ ਉਤਸ਼ਾਹ ਵਧਾਵੇ*
*ਪ੍ਰੇਮ ਸਦਕੜੇ ਹੋਣਾ ਦਸੇ,*
*ਤੇਗਾਂ ਹੱਥ ਫੜਾਵੇ, ਜੰਗ ਹਟਾਵੇ,*
*ਘਾਓ ਲਗਾਵੇ, ਨੁਸਰਤ ਫਤਹਿ ਦਿਵਾਵੇ।*

ਨੰਦ ਲਾਲ! ਤੇਰੀ ਚਲਾਈ ਹੋਈ ਕਲਮ ਦਿਲਾਂ ਨੂੰ ਜੋੜੇਗੀ, ਪਿਆਰ ਦੱਸੇਗੀ। ਟੁੱਟਿਆਂ ਨੂੰ ਲਿਆਏਗੀ, ਸਦੀਆਂ ਤੱਕ ਇਹ ਚਲਦੀ ਰਹੇਗੀ।

ਸੋ ਇਸ ਤਰ੍ਹਾਂ ਗੁਰੂ ਦੇ ਪਿਆਰ ਦੇ ਅੰਦਰ ਨੰਦਲਾਲ ਜੀ ਨੇ ਆਪਣਾ ਆਪਾ ਵਾਰ ਦਿਤਾ।

*ਨੇਕੀ ਧਰਮ ਨਾਮ ਦਾ ਸਿਮਰਨ,*
*ਸੁਭ ਆਚਾਰ ਸਿਖਾਵੇ।*
*ਮਾਰੇ ਬਦੀ ਬੁਰਿਆਈ ਵੱਢੇ,*
*ਗੀਚੀ ਪਾਪ ਕਟਾਵੇ।*
*ਤੇਗ ਨਾਲ ਸਮਸ਼ੇਰ ਕਲਮ ਦੀ,*
*ਮੈਂ ਸਿੱਖਾਂ ਨੂੰ ਬਖਸ਼ੀ।*
*ਜੇ ਵਾਹੀ ਤਾਂ ਕੌਮ ਪੰਥ ਦੇ*
*ਇਕ ਦਿਨ ਦੁਨੀਆਂ ਤਕਸੀ।*

ਜਿਹਨੇ ਵਾਹ ਦਿੱਤੀ, ਓਸ ਵੇਲੇ ਸੰਸਾਰ ਤੱਕੇਗਾ। ਸੋ ਇਸ ਤਰ੍ਹਾਂ ਦੇ ਨਾਲ ਆਪ ਨੇ ਬੇਅੰਤ ਸੇਵਾ ਕਮਾਈ। ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ, ਇੱਥੇ ਹੀ ਮੈਂ ਸਮਾਪਤ ਕਰਦਾ ਹਾਂ। ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ ਤੇ ਗੁਰਸਤੋਤਰ 'ਚ ਬੋਲੋ। ਜਿਹੜੇ ਹਾਲੇ ਤੱਕ ਨਹੀਂ ਬੋਲ ਸਕੇ ਉਹ ਵੀ ਕ੍ਰਿਪਾ ਕਰਕੇ ਆਪਣਾ ਮੁੱਖ ਖੋਲ੍ਹੋ ਤਾਂਕਿ ਕਰੋੜਾਂ ਯੱਗਾਂ ਦਾ ਫਲ ਪ੍ਰਾਪਤ ਹੋ ਜਾਵੇ।

ਅਰਦਾਸ, ਹੁਕਮਨਾਮਾ।

*(ਫਿਲਮ ਨੰ: 84)*

# 8

# ਸਾਈ ਨਾਮੁ ਅਮੋਲੁ

## ਕੀਮ ਨ ਕੋਈ ਜਾਣਦੋ

ਸ਼ਾਨ...........................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥* *ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਧਾਰਨਾ - ਏਕੋ ਕਹੀਐ ਨਾਨਕਾ, ਏਕੋ ਕਹੀਐ ਨਾਨਕਾ।*
*(ਪਿਆਰੇ) ਦੂਜਾ ਕਾਹੇ ਕੂ।*

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,*
*ਨਿਆਰੇ ਨਿਆਰੇ ਹੋਇ ਕੈ ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥*
*ਅਕਾਲ ਉਸਤਤਿ*

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*

***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ਅੰਗ - 1291***

***ਧਾਰਨਾ - ਜਿਹੜੇ ਤਨ ਨੇ ਵਿਸਾਰ ਦਿਤਾ ਦਾਤਾ,***
***ਅੱਗ ਵਿਚ ਜਾਲ ਓਸਨੂੰ।***

***ਨਾਨਕ ਇਹੁ ਤਨੁ ਜਾਲਿ ਜਿਨਿ ਜਲਿਐ ਨਾਮੁ ਵਿਸਾਰਿਆ ॥***
***ਪਉਦੀ ਜਾਇ ਪਰਾਲਿ ਪਿਛੈ ਹਥੁ***
***ਨ ਅੰਬੜੈ ਤਿਤੁ ਨਿਵੰਧੈ ਤਾਲਿ ॥ ਅੰਗ - 789***

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਆਪ ਸਾਰੇ ਦੂਰ-ਦਰਾਜ਼ ਤੋਂ ਗੁਰੂ ਮਹਾਰਾਜ ਦੇ ਹਜ਼ੂਰ ਪਹੁੰਚੇ ਓਂ। ਚਿੱਤ ਬਿਰਤੀਆਂ ਨੂੰ ਇਕਾਗਰ ਕਰੋ ਤੇ ਗੁਰੂ ਨਾਨਕ ਮਹਾਰਾਜ ਦੇ ਚਰਨਾਂ ਦਾ ਧਿਆਨ ਧਰ ਕੇ, ਆਪਣਾ ਸਮਾਂ ਜੋ ਹੈ ਉਸਨੂੰ ਸਫਲਾ ਕਰੋ। ਧਿਆਨ ਦੇਵੋ ਗੁਰੂ ਨਾਨਕ ਪਾਤਸ਼ਾਹ ਸੰਸਾਰਕ ਰੀਤ ਦੇ ਅਨੁਸਾਰ, ਸਾਨੂੰ ਰਸਤਾ ਦਿਖਾਉਣ ਦੇ ਵਾਸਤੇ ਆਪ ਸੁਲਤਾਨਪੁਰ ਆਏ ਹੋਏ ਹਨ ਤੇ ਉਥੇ ਨਵਾਬ ਦੇ ਨਾਲ ਜੈ ਰਾਮ ਜੀ ਨੇ ਲਿਜਾ ਕੇ ਮਹਾਰਾਜ ਜੀ ਦੀ ਮੁਲਾਕਾਤ ਕਰਾਈ, ਜਿਸ ਵਕਤ ਬਚਨ ਕਰੇ ਆਪ ਨੇ, ਨਵਾਬ ਐਨਾ ਪ੍ਰਭਾਵਿਤ ਹੋਇਆ ਕਿ ਓਸਨੇ ਇਹ ਗੱਲ ਆਪਣੇ ਮੁੱਖ ਤੋਂ ਆਖੀ ਕਿ ਐਸਾ ਨੌਜਵਾਨ ਅੱਜ ਤੱਕ ਮੈਂ ਆਪਣੀਆਂ ਅੱਖਾਂ ਨਾਲ ਨਹੀਂ ਦੇਖਿਆ। ਐਨਾ ਜ਼ਹੀਨ, ਹਰ ਗੱਲ ਦਾ ਜਵਾਬ ਦੇਣ ਵਾਲਾ, ਤਾਂ ਮੈਂ ਏਸਨੂੰ ਆਪਣੇ ਦਰਬਾਰ ਦੇ ਵਿੱਚ ਸਭ ਤੋਂ ਜੋ ਜ਼ਿੰਮੇਵਾਰੀ ਵਾਲੀ ਡਿਊਟੀ ਹੈ, ਜਿੱਥੇ ਹਰ ਵਕਤ ਹਾਹਾ ਪੁਕਾਰ ਹੁੰਦੀ ਹੈ, ਜਿੱਥੇ ਬੇਇਨਸਾਫੀ ਹੁੰਦੀ ਹੈ, ਬੇਈਮਾਨੀ ਹੁੰਦੀ ਹੈ ਤੇ ਮੋਦੀਖਾਨੇ ਦੀ ਡਿਊਟੀ ਕਿਉਂ ਨਾ ਮੈਂ ਇਨ੍ਹਾਂ ਨੂੰ ਸੰਭਾਲਾਂ।

ਸੋ ਆਪ ਜੀ ਨੂੰ ਬੇਨਤੀ ਕੀਤੀ ਗਈ। ਗੁਰੂ ਨਾਨਕ ਪਾਤਸ਼ਾਹ ਨੇ ਪ੍ਰਵਾਨ ਕਰ ਲਈ। ਮੋਦੀਖਾਨੇ ਦੀ ਡਿਊਟੀ ਵੀ ਕਰਦੇ ਨੇ, ਅੰਮ੍ਰਿਤ ਵੇਲੇ ਜਾਗਦੇ ਨੇ। ਅੰਮ੍ਰਿਤ ਵੇਲਾ ਜਾਗਣਾ ਸਿਖਾਉਣ ਵਾਸਤੇ ਆਪ ਨੇ ਸੰਗਤਾਂ ਨੂੰ, ਸੰਸਾਰ ਨੂੰ, ਬਹੁਤ ਹੀ ਤਾਗੀਦ ਕੀਤੀ ਹੈ ਏਸਨੂੰ ਬ੍ਰਹਮ ਮਹੂਰਤ ਕਹਿੰਦੇ ਨੇ, ਅੰਮ੍ਰਿਤ ਵੇਲੇ ਨੂੰ। ਜਿਹੜਾ ਬੰਦਾ ਅੰਮ੍ਰਿਤ ਵੇਲਾ ਨਹੀਂ ਸੰਭਾਲਦਾ, ਕਹਿੰਦੇ ਉਹਨੂੰ ਤਾਂ ਜੀਉਂਦੇ ਨੂੰ ਮਰ ਜਾਣਾ ਚਾਹੀਦਾ ਹੈ -

***ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥***
***ਅੰਗ - 1383***

ਕਹਿੰਦੇ, ਤੂੰ ਤਾਂ ਜਿਉਂਦਾ ਹੀ ਮਰ ਗਿਆ, ਪਿਛਲੀ ਰਾਤ ਜਾਗਦਾ ਨਹੀਂ -

***ਬੁਰੇ ਕਾਮ ਕਉ ਊਠਿ ਖਲੋਇਆ ॥***
***ਨਾਮ ਕੀ ਬੇਲਾ ਪੈ ਪੈ ਸੋਇਆ ॥ ਅੰਗ - 738***

ਜੋ ਬ੍ਰਹਮ ਮਹੂਰਤ ਹੈ -

***ਭਿੰਨੀ ਰੈਨੜੀਐ ਚਾਮਕਨਿ ਤਾਰੇ ॥***
***ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥ ਅੰਗ - 459***

ਆਪ ਪਹਿਰ ਰਾਤ ਰਹਿੰਦੀ ਉੱਠਦੇ ਨੇ ਤੇ ਵੇਈਂ 'ਤੇ ਜਾ ਕੇ ਇਸ਼ਨਾਨ ਕਰਦੇ ਨੇ, ਇਸ਼ਨਾਨ ਕਰਨ ਤੋਂ ਬਾਅਦ ਉੱਥੇ ਹੀ ਇੱਕ ਇਕਾਂਤ ਥਾਂ ਦੇ ਉੱਤੇ ਚੌਂਕੜਾ ਮਾਰ ਕੇ ਬੈਠ ਜਾਂਦੇ ਨੇ, ਦਿਨ ਚੜ੍ਹੇ ਤੱਕ, ਉਸ ਤੋਂ ਬਾਅਦ ਵਾਪਸ ਆਉਂਦੇ ਨੇ। ਫੇਰ ਆ ਕੇ ਆਪਣਾ ਕਾਰ-ਵਿਹਾਰ ਕਰਦੇ ਨੇ। ਰਾਸ਼ਨ ਵੰਡਦੇ ਨੇ, ਕਈ ਵਾਰ ਆਪਣੇ ਹੱਥ ਨਾਲ ਤੋਲਣ ਲੱਗ ਜਾਂਦੇ ਨੇ। ਤੋਲਦੇ-ਤੋਲਦੇ ਜਦੋਂ ਤੇਰ੍ਹਾਂ 'ਤੇ ਆਉਂਦੇ ਨੇ, ਫੇਰ ਤੇਰ੍ਹਾਂ ਨੂੰ ਬਿੰਦੀ (ਂ) ਨਹੀਂ ਲਾਉਂਦੇ, ਵਜਦ 'ਚ ਆਏ ਹੋਏ ਤੇਰਾ-ਤੇਰਾ-ਤੇਰਾ-ਤੇਰਾ, ਸੈਂਕੜੇ ਧੜੀਆਂ ਤੁਲ ਜਾਂਦੀਆਂ ਨੇ। ਦੇਖਣ ਵਾਲੇ ਹੈਰਾਨ ਹੁੰਦੇ ਨੇ ਕਿ ਇਹ ਮੋਦੀ ਕੀ ਕਰੇਗਾ। ਇਹ ਤਾਂ ਨਵਾਬ ਦਾ ਅਨਾਜ, ਅਨਾਜ ਦੀਆਂ ਬੇਅੰਤ ਚੀਜ਼ਾਂ ਲੁਟਾ ਰਿਹਾ ਹੈ ਤੇ ਤੇਰ੍ਹਾਂ ਤੋਂ ਅੱਗੇ ਚੌਦਾਂ ਨਹੀਂ ਕਹਿੰਦਾ, ਝੋਲੀਆਂ ਭਰ ਜਾਂਦੀਆਂ ਨੇ, ਲੈਣ ਵਾਲਾ ਲੈ ਕੇ ਉੱਠ ਜਾਂਦਾ ਹੈ ਤੇ ਤੇਰ੍ਹਾਂ ਦੀ ਰੱਟ ਮੁੱਕਦੀ ਨਹੀਂ, ਸ਼ਿਕਾਇਤਾਂ ਆਉਂਦੀਆਂ ਨੇ। ਲੇਖੇ-ਪੱਤੇ ਹੁੰਦੇ ਨੇ। ਪਹਿਲੇ ਲੇਖੇ ਦੇ ਅੰਦਰ ਗੁਰੂ ਨਾਨਕ ਪਾਤਸ਼ਾਹ ਦਾ 135 ਰੁਪਏ ਦਾ ਵਾਧਾ ਨਿਕਲਿਆ।

ਅਸੀਂ ਕਹਾਂਗੇ ਕਿ 135 ਤਾਂ ਕੁਛ ਵੀ ਨਹੀਂ ਹੁੰਦਾ। ਲੇਕਿਨ ਓਸ ਵੇਲੇ ਦਾ ਜੋ ਸਿੱਕਾ ਹੈ ਜੇ ਉਹਨੂੰ ਅੱਜ ਦੇ ਸਿੱਕੇ 'ਚ ਤਬਦੀਲ ਕਰੀਏ ਤਾਂ ਇੱਕ ਰੁਪਿਆ ਸੈਂਕੜੇ ਰੁਪਈਆਂ, ਪੰਜ ਛੇ ਸੌ ਦੇ ਬਰਾਬਰ ਸੀ ਇੱਕ ਰੁਪਈਆ। ਐਸਾ ਲਿਖਿਆ ਹੋਇਆ ਮਿਲਦਾ ਹੈ ਕਿ ਪੰਜ ਰੁਪਈਏ ਦੀ ਗਊ ਆਉਂਦੀ ਸੀ ਜਦ ਤੇ ਅੱਜ ਦੱਸ-ਪੰਦਰਾਂ ਹਜ਼ਾਰ ਦੀ ਆਉਂਦੀ ਹੈ। ਆਪੇ ਹੀ ਹਿਸਾਬ ਲਾ ਲਓ ਕਿ ਕਿੰਨਾਂ ਰੁਪਈਆ ਗੁਰੂ ਨਾਨਕ ਸਾਹਿਬ ਦਾ ਨਿਕਲਿਆ। ਮਹਾਰਾਜ ਇਹ ਕਹਿੰਦੇ ਸੀ ਕਿ ਜਿੱਥੇ ਲੰਗਰ ਚਲਦਾ ਹੈ, ਜਿੱਥੇ ਵੰਡਿਆ ਜਾਂਦਾ ਹੈ, ਉਥੇ ਅਕਾਲ ਪੁਰਖ ਬਰਕਤਾਂ ਪਾਉਂਦਾ ਹੈ। ਸਾਨੂੰ ਸਿਖਾਉਂਦੇ ਸੀ ਕਿ ਦਾਨ ਦੇਣ ਵੇਲੇ ਨਾ ਹੱਥ ਮੀਚੀਓ, ਦਿਓ ਦਿਲ ਖੋਲ੍ਹ ਕੇ ਓਨਾਂ ਹੀ ਤੇਜ਼ੀ ਨਾਲ ਆਏਗਾ। ਵਾਧੇ ਆਉਣਗੇ, ਘਾਟੇ ਨਹੀਂ ਆਉਣਗੇ। ਘਾਟਾ ਚਿਤਵੋਂਗੇ, ਘਾਟਾ ਪਏਗਾ। ਵਾਧੇ 'ਚ ਰਹੋਂਗੇ ਸਦਾ ਹੀ ਵਧਦਾ ਜਾਏਗਾ। ਬਿਮਾਰੀਆਂ ਨਹੀਂ ਲੱਗਣਗੀਆਂ, ਕਲੇਸ਼ ਨਹੀਂ ਗਲ ਪਏਗਾ, ਮੁਕੱਦਮੇਬਾਜ਼ੀਆਂ ਨਹੀਂ ਆਉਣਗੀਆਂ। ਵਾਧੇ ਦਾ ਲੇਖਾ-ਜੋਖਾ ਕਰੋ ਪ੍ਰੇਮੀਓ! ਘਾਟੇ ਦਾ ਨਾ ਕਰੋ। ਨਾਕਰਾਤਮਕ ਸੋਚ ਵਿੱਚ ਨਾ ਰਹੋ। postive thinking (ਉਸਾਰੂ ਸੋਚ) 'ਚ ਰਹੋ। ਦਿੱਤਿਆਂ 'ਤੇ ਵਧਦਾ ਹੈ, ਰੋਕਿਆਂ 'ਤੇ ਘਟਦਾ ਹੈ, ਸੋ ਇੱਕ ਸਾਲ, ਦੋ ਸਾਲ, ਚਾਰ ਸਾਲ ਨਹੀਂ, ਲਗਾਤਾਰ ਅੱਠ-ਦਸ ਸਾਲ ਉਥੇ ਲੇਖੇ ਹੁੰਦੇ, ਮਹਾਰਾਜ ਦਾ ਕਦੇ ਤਿੰਨ-ਸੌ ਵੱਧ ਨਿਕਲਦਾ ਹੈ, ਕਦੇ ਚਾਰ ਸੌ ਵਾਧਾ ਨਿਕਲਦਾ ਹੈ। ਬਹੁਤ ਸਾਰੇ ਇਹ ਕਹਿੰਦੇ ਨੇ ਕਿ ਗੁਰੂ ਨਾਨਕ ਦੇ ਹੱਥ ਵਿੱਚ ਕੋਈ ਸਿੱਧੀ ਹੈ ਕਿ ਇਹ ਚੀਜ਼ ਘਟਣ ਨਹੀਂ ਦਿੰਦੇ। ਵੰਡਦੇ ਹੀ ਜਾਂਦੇ ਨੇ। ਸਾਰੇ ਧੰਨ-ਧੰਨ ਹੋ ਰਹੀ ਹੈ। ਗਰੀਬ-ਗੁਰਬੇ ਆਉਂਦੇ ਨੇ, ਸਾਧੂ-ਮਹਾਤਮਾ ਆਉਂਦੇ ਨੇ, ਜਿੰਨੇ ਅਹਿਲਕਾਰ ਨੇ, ਜਿੰਨੇ ਕਰਮਚਾਰੀ ਨੇ, ਕਿਉਂਕਿ ਰਾਸ਼ਨ ਸਭ ਨੂੰ ਸਰਕਾਰੀ ਖਜ਼ਾਨੇ 'ਚੋਂ ਮਿਲਦਾ ਸੀ, ਸਾਰੇ ਧੰਨ-ਧੰਨ ਕਰਦੇ ਜਾਂਦੇ ਨੇ ਤੇ ਗੱਲਾਂ ਕਰਦੇ ਨੇ ਕਿ ਯਾਰੋ ਦੇਖੋ ਕਮਾਲ ਦੀ ਗੱਲ ਹੈ ਕਿ ਪਹਿਲੇ ਜਿਹੜੇ ਮੋਦੀ ਸੀ, ਕਿੰਨਾਂ

ਤੰਗ ਕਰਦੇ ਸੀ। ਲਾਈਨਾਂ ਲਗਵਾ-ਲਗਵਾ ਕੇ ਖੜ੍ਹਾਉਂਦੇ ਹੁੰਦੇ ਦਿੰਦੇ ਨਹੀਂ ਸੀ ਹੁੰਦੇ, ਫੇਰ ਘੱਟ ਤੋਲਦੇ ਸੀ, ਘੱਟ ਦਿੰਦੇ ਸੀ। ਸਾਰੀਆਂ ਚੀਜ਼ਾਂ ਘਰ ਜਾ ਕੇ ਘਟ ਜਾਂਦੀਆਂ ਸੀ ਤੇ ਇਨ੍ਹਾਂ ਦੀਆਂ ਦੁੱਗਣੀਆਂ-ਦੁਗਣੀਆਂ ਹੋ ਜਾਂਦੀਆਂ ਨੇ। ਕਹਿੰਦੇ ਸੀ ਕਿ ਪਤਾ ਨਹੀਂ ਤੇਰਾ ਦੇ ਵਿਚ ਕੀ ਬਰਕਤ ਹੈ। ਕਈਆਂ ਨੇ ਕਹਿਣਾ ਤੇਰ੍ਹਾਂ-ਤੇਰ੍ਹਾਂ ਕਹਿੰਦੇ ਨੇ, ਨਹੀਂ ਕਹਿੰਦੇ ਤੇਰਾ-ਤੇਰਾ ਕਹਿੰਦੇ ਨੇ। ਤੇਰ੍ਹਾਂ ਦੀ ਬਿੰਦੀ (ਂ) ਤਾਂ ਲਾਉਂਦੇ ਹੀ ਨਹੀਂ, ਤੇਰਾ ਹੀ ਕਹੀ ਜਾਂਦੇ ਨੇ।

ਸੋ ਇਸ ਤਰ੍ਹਾਂ ਕਰਦੇ-ਕਰਦੇ ਆਪ ਹਰ ਰੋਜ਼ ਸ਼ਾਮ ਨੂੰ ਜੋ ਵੀ ਦਿਨ ਦਾ ਰਾਸ਼ਨ ਦਿਤਾ ਜਾਂਦਾ ਸੀ, ਸਾਰੇ ਦਾ ਚਾਰਟ ਬਣਾ ਕੇ, ਕਾਗਜ਼ ਬਣਾ ਕੇ ਰਿਪੋਰਟ ਬਣਾ ਕੇ, ਉਹ ਲੇਖੇ ਪੱਤੇ ਦਾ ਕਾਗਜ਼ ਸੈਂਟਰਲ ਦਫਤਰ ਜੋ ਸੀ ਉਸ ਥਾਂ 'ਤੇ ਨਵਾਬ ਦੇ ਖਾਸ ਦਫਤਰ 'ਚ ਪਹੁੰਚ ਜਾਂਦਾ ਸੀ ਤੇ ਉਹ ਜੋੜਦੇ ਰਹਿੰਦੇ ਸੀ, ਸਾਰੀਆਂ return (ਲੇਖੇ ਦੀਆਂ ਪਰਚੀਆਂ) ਜਿੰਨੀਆਂ ਜਾਂਦੀਆਂ ਸੀ, ਸਾਰੀਆਂ ਇਕੱਠੀਆਂ ਕਰਕੇ ਫੇਰ ਹਿਸਾਬ ਲਾਉਂਦੇ ਸੀ ਤੇ ਫੇਰ ਵਾਧੇ ਦਾ ਵਾਧਾ ਨਿਕਲਿਆ ਕਰਦਾ ਸੀ।

ਅੱਜ ਗੁਰੂ ਨਾਨਕ ਪਾਤਸ਼ਾਹ, ਕੁਛ ਐਨਾ ਕੰਮ ਜ਼ਿਆਦਾ ਹੋਇਆ ਕਿ ਰਾਤ ਦੇ ਨੌਂ ਵੱਜ ਗਏ, ਵਿਹਲ ਨਹੀਂ ਮਿਲ ਰਿਹਾ ਤੇ ਆਪ ਨੇ ਉਹ ਚਾਰਟ ਤਿਆਰ ਕਰਨਾ ਹੈ, ਉਹ ਹਿਸਾਬ (return) ਤਿਆਰ ਕਰਦੇ-ਕਰਦੇ ਸਾਢੇ ਦਸ ਵਜ ਗਏ ਰਾਤ ਦੇ। ਹਿਸਾਬ (return) ਦੇਣ ਤੋਂ ਬਾਅਦ ਆਪ ਵਾਪਸ ਆਏ, ਪ੍ਰਸ਼ਾਦਾ ਪੱਕਿਆ ਹੋਇਆ ਹੈ, ਜੋ ਨਫਜ਼ ਸੀ ਕਿਉਂਕਿ ਗੁਰੂ ਨਾਨਕ ਪਾਤਸ਼ਾਹ ਅੱਡ ਰਹਿੰਦੇ ਸੀ ਤੇ ਉਸਨੇ ਗੁਰੂ ਨਾਨਕ ਪਾਤਸ਼ਾਹ ਨੂੰ ਬੇਨਤੀ ਕਰੀ ਕਿ ਪਾਤਸ਼ਾਹ! ਅੱਜ ਤਾਂ ਪ੍ਰਸ਼ਾਦੇ ਵੀ ਠੰਢੇ ਹੋ ਗਏ। ਹੁਕਮ ਕਰੋ ਤਾਂ ਮੈਂ ਦੁਬਾਰਾ ਤਿਆਰ ਕਰਾਂ। ਰਾਤ ਤਾਂ ਸਾਢੇ ਦਸ ਹੋ ਗਈ ਹੈ ਤੇ ਗਿਆਰ੍ਹਾਂ ਵੱਜ ਜਾਣਗੇ। ਮਹਾਰਾਜ ਕਹਿੰਦੇ ਅੱਜ ਪ੍ਰਸ਼ਾਦਾ ਨਹੀਂ ਅਸੀਂ ਛਕਣਾ, ਪ੍ਰੇਮੀਆਂ। ਅੱਜ ਜੋ ਕੀਰਤਨ ਅਸੀਂ ਕਰਿਆ ਕਰਦੇ ਸੀ, ਆ ਕੇ ਸ਼ਾਮ ਨੂੰ ਸੰਗਤ ਜੁੜਦੀ ਸੀ, ਅੱਜ ਉਹ ਸਾਡੇ ਤੋਂ ਹੋਇਆ ਨਹੀਂ ਹੈ। ਅੱਜ ਸਾਨੂੰ ਵੱਡਾ ਘਾਟਾ ਪਿਆ ਹੈ ਤੇ ਏਸ ਘਾਟੇ ਨੂੰ ਅਸੀਂ ਸਹਿ ਨਹੀਂ ਸਕਦੇ। ਹੁਣ ਅਸੀਂ ਪ੍ਰਸ਼ਾਦਾ ਵੀ ਨਹੀਂ ਛਕਣਾ ਤੇ ਅੰਮ੍ਰਿਤ ਵੇਲਾ ਸੰਭਾਲਣਾ ਹੈ। ਓਸ ਵੇਲੇ ਮਹਾਰਾਜ ਜੀ ਨੇ -

***ਨਾਨਕ ਇਹੁ ਤਨੁ ਜਾਲਿ ਜਿਨਿ ਜਲਿਐ ਨਾਮੁ ਵਿਸਾਰਿਆ ॥***
***ਅੰਗ - 789***

ਕਹਿੰਦੇ ਜਾਲ ਦਿਓ ਏਸ ਸਰੀਰ ਨੂੰ, ਕਿਹੜੇ ਨੂੰ ਜਾਲੋ।

ਤ੍ਰਿਸ਼ਨਾ ਦੀ ਅੱਗ ਵਿਚ ਜਲੇ ਹੋਏ ਨੇ, ਜਿਹਨੇ ਨਾਮ ਵਿਸਾਰ ਦਿਤਾ। ਜਿਹੜਾ ਐਨੇ ਰੁਝੇਵਿਆਂ 'ਚ ਪਿਆ ਹੋਇਆ ਹੈ, ਐਨੇ ਕੰਮਾਂ 'ਚ ਪਿਆ ਹੋਇਆ ਹੈ ਕਿ ਪ੍ਰਮੇਸ਼ਰ ਦੇ ਨਾਮ ਦੀ ਓਸਨੂੰ ਫੁਰਸਤ ਹੀ ਨਹੀਂ ਹੈ ਕਿ ਮੈਨੂੰ ਤਾਂ ਐਨੇ ਜ਼ਿਆਦਾ ਕੰਮ ਨੇ। ਕਹਿੰਦੇ, ਉਹ ਤਨ ਦੇ ਰੱਖਣ ਦਾ ਕੋਈ ਫਾਇਦਾ ਨਹੀਂ, ਉਹਨੂੰ ਛੇਤੀ ਤੋਂ ਛੇਤੀ ਅੱਗ ਵਿਚ ਜਾਲ ਦਿਓ। ਜਿਹੜੇ

ਜਲੇ ਹੋਏ ਤਨ ਨੇ ਤ੍ਰਿਸ਼ਨਾ ਦੀ ਅੱਗ ਵਿੱਚ ਐਨੇ ਕੰਮ ਸਹੇੜੇ ਹੋਏ ਨੇ, ਉਸ ਜਲੇ ਹੋਏ ਨੇ ਕਹਿੰਦੇ ਨਾਮ ਵਿਸਾਰ ਦਿੱਤਾ –

***ਪਉਦੀ ਜਾਇ ਪਰਾਲਿ ਪਿਛੈ ਹਥੁ ਨ ਅੰਬੜੈ***
***ਤਿਤੁ ਨਿਵੰਧੈ ਤਾਲਿ ॥*** ***ਅੰਗ – 789***

ਕਹਿੰਦੇ ਜਿਹੜੇ ਅੰਤਸ਼ਕਰਣ ਰੂਪੀ ਨੀਵੇਂ ਤਾਲ ਦੇ ਵਿਚ ਆਤਮ ਰੂਪੀ ਸੋਨੇ ਦੀ ਮੁੰਦਰੀ ਟਿਕੀ ਪਈ ਹੈ, ਕਹਿੰਦੇ ਇਹ ਜਨਮ ਉਹਨੂੰ ਕੱਢਣ ਵਾਸਤੇ ਪ੍ਰਾਪਤ ਹੋਇਆ ਹੈ ਪ੍ਰੇਮੀਆਂ, ਨੀਵੇਂ ਤਾਲ ਦੇ ਵਿਚੋਂ ਕੱਢ ਲੈ। ਨਹੀਂ ਤਾਂ ਕਾਮ ਕ੍ਰੋਧ ਆਦਿਕ ਕੂੜੇ ਕਰਕਟ ਉਹਦੇ ਉੱਤੇ ਐਨੇ ਪੈ ਜਾਣਗੇ ਕਿ ਮੁੜ ਕੇ ਆਤਮ ਵਸਤੂ ਤੇਰੇ ਹੱਥ ਨਹੀਂ ਆਉਣੀ, ਕੰਮਾਂ ਨੇ ਨਹੀਂ ਮੁੱਕਣਾ। ਆਦਮੀ ਮੁੱਕ ਜਾਂਦਾ ਹੈ, ਕੰਮ ਅਜੇ ਤੱਕ ਕਿਸੇ ਦਾ ਨਹੀਂ ਮੁੱਕਿਆ। ਕੋਈ ਬੰਦਾ ਨਹੀਂ ਕਹਿੰਦਾ ਕਿ ਮੈਂ ਸਾਰੇ ਕੰਮ ਮੁਕਾ ਲਏ। ਕਿਉਂਕਿ ਕੰਮ ਮਨ ਨੇ ਮੁਕਾਉਣੇ ਨੇ, ਮਨ ਨੇ ਨਿਬੇੜਾ ਕਰਨਾ ਹੈ। ਮਨ ਨਹੀਂ ਕਹਿੰਦਾ, ਮਨ ਤਾਂ ਅੱਗੇ ਹੀ ਅੱਗੇ ਤ੍ਰਿਸ਼ਨਾ ਦਾ ਬੰਨ੍ਹਿਆ ਹੋਇਆ ਚਲਦਾ ਹੈ। ਇਹ ਕਿਸੇ ਥਾਂ ਦੇ ਉੱਤੇ ਖੜ੍ਹ ਕੇ ਰਾਜ਼ੀ ਨਹੀਂ ਹੈ ਕਿ ਮੈਂ ਹੁਣ ਇੱਥੇ ਖੜ੍ਹ ਜਾਵਾਂ। ਮਹਾਰਾਜ ਕਹਿੰਦੇ ਜੇ ਕੋਈ ਕਹੇ ਕਿ ਮੈਂ ਆਹ ਕੰਮ ਕਰਕੇ ਫੇਰ ਕਰ ਲਵਾਂਗਾ, ਨਾ ਕੰਮ ਤਾਂ ਵਧਦੇ ਜਾਂਦੇ ਨੇ।

"ਪ੍ਰੇਮੀਆਂ! ਨਾਮ ਜਪ ਲੈ।"

ਕਹਿੰਦਾ ਹੈ, "ਪੁੱਤਰ ਦਾ ਵਿਆਹ ਕਰ ਦੇਵਾਂ, ਪੁੱਤਰ ਨੂੰ ਸੈੱਟ ਕਰ ਦੇਵਾਂ।"

"ਪੁੱਤਰ ਨੂੰ ਮੈਂ ਮਿਹਨਤ ਕਰਾ ਦੇਵਾਂ।"

"ਹੁਣ ਨਾਮ ਜਪ ਲੈ।"

ਕਹਿੰਦਾ, "ਹੁਣ ਤਾਂ ਪੋਤਾ ਆ ਗਿਆ। ਮੇਰੇ ਨਾਲ ਖੇਲ੍ਹਦਾ ਰਹਿੰਦਾ ਹੈ। ਦੂਜਿਆਂ ਨੂੰ ਫੁਰਸਤ ਨਹੀਂ ਹੈ। ਜੇ ਇੱਕ ਕੰਮ ਛੱਡਦੇ ਨੇ, ਦੂਜੇ ਥਾਉਂ ਪੈ ਜਾਂਦੇ ਨੇ। ਆਹ ਪਲਾਟ ਲੈਣਾ ਹੈ ਜੀ, ਫਲਾਣੇ ਥਾਉਂ ਆਹ ਚੀਜ਼ ਸਸਤੀ ਮਿਲਦੀ ਹੈ, ਇਧਰ ਆਹ ਸਸਤਾ ਮਿਲਦਾ ਹੈ। ਮਹਾਰਾਜ ਕਹਿੰਦੇ, ਕਿਤੇ ਕੰਮਾਂ ਦੀ ਗਿਣਤੀ ਵੀ ਆਉਂਦੀ ਹੈ? ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਗਿਣਤੀ ਨਾ ਆਵੇ ਜੀ, ਕੰਮ ਜੋ ਛੇੜੇ ਮਨ ਨੇ।***

ਐਨੇ ਕੰਮ ਮਨ ਨੇ ਸਹੇੜ ਲਏ, ਕੋਈ ਬੰਦਾ ਤੁਹਾਨੂੰ ਐਸਾ ਨਹੀਂ ਮਿਲੇਗਾ ਜਿਹਨੇ ਕੰਮ ਨਾ ਸਹੇੜੇ ਹੋਣ। ਗਰੀਬ ਨੇ ਗਰੀਬੀ ਦੇ, ਅਮੀਰ ਨੇ ਅਮੀਰੀ ਦੇ, ਲੀਡਰਾਂ ਨੇ ਲੀਡਰੀ ਦੇ। ਜਿਸ ਥਾਂ ਤੇ ਵੀ ਕੋਈ ਬੰਦਾ ਹੈ, ਅੱਗੇ ਤੋਂ ਅੱਗੇ ਸਾਖਾਂ ਫੁੱਟਦੀਆਂ ਜਾਂਦੀਆਂ ਨੇ ਤੇ ਪ੍ਰਮੇਸ਼ਰ ਦਾ ਜੋ ਅਸਲੀ ਕੰਮ ਕਰਨਾ ਹੈ, ਉਹਦੇ ਵਲ ਧਿਆਨ ਨਹੀਂ ਆ ਰਿਹਾ। ਮਹਾਰਾਜ ਕਹਿੰਦੇ ਇਹ ਸਭ ਕੰਮ ਲੇਖੇ 'ਚ ਨਹੀਂ ਪੈ ਰਹੇ, ਐਵੇਂ ਖਪ-ਖਪ ਮਰਦਾ ਹੈ –

***ਨਾਨਕ ਮਨ ਕੇ ਕੰਮ ਫਿਟਿਆ ਗਣਤ ਨ ਆਵਹੀ ॥ ਅੰਗ - 789***

ਕਹਿੰਦੇ, ਐਨੇ ਜ਼ਿਆਦਾ ਕੰਮ ਮਨ ਨੇ ਛੇੜੇ ਨੇ ਕਿ ਕੋਈ ਗਿਣਤੀ ਨਹੀਂ ਆਉਂਦੀ -

***ਕਿਤੀ ਲਹਾ ਸਹੰਮ ਜਾ ਬਖਸੇ ਤਾ ਧਕਾ ਨਹੀ ॥ ਅੰਗ - 789***

ਕਹਿੰਦੀ, ਐਨੇ ਜ਼ਿਆਦਾ ਕੰਮ ਛੇੜ ਲਏ, ਗਿਣਤੀ ਤੋਂ ਬਾਹਰ ਨੇ। ਫਲ ਕੀ ਹੁੰਦਾ ਹੈ? ਦੁਖ ਮਿਲਦਾ ਹੈ, ਸੁਖ ਮਿਲਦਾ ਹੈ, ਵਧਦਾ ਹੀ ਤੁਰਿਆ ਜਾਂਦਾ ਹੈ। ਦੁੱਖ ਸੁੱਖ ਇਹ ਜੀਵ ਸਹਿ ਰਿਹਾ ਹੈ ਉਹਨਾਂ ਕੰਮਾਂ ਦਾ ਮਾਰਿਆ ਹੋਇਆ ਹੈ। ਜੇ ਵਾਹਿਗੁਰੂ ਬਖਸ਼ ਦੇਵੇ ਤਾਂ ਚੌਰਾਸੀ ਦੇ ਧੱਕਿਆਂ ਤੋਂ ਬਚ ਜਾਂਦਾ ਹੈ। ਸੋ ਇਸ ਤਰ੍ਹਾਂ ਮਹਾਰਾਜ ਜੀ ਕਹਿੰਦੇ, ਇਹ ਜੋ ਸੰਸਾਰਕ ਕੰਮ ਨੇ, ਇਹ ਜਦੋਂ ਮਨ ਇਨ੍ਹਾਂ ਵਿਚ ਖੱਚਤ ਹੋ ਜਾਂਦਾ ਹੈ, ਫੇਰ ਇਹ ਵੱਡਾ ਕੰਮ ਇਹ ਕਰਦਾ ਹੈ ਕਿ ਪ੍ਰਮੇਸ਼ਰ ਨੂੰ ਭੁਲਾਉਂਦਾ ਹੈ, ਜਦੋਂ ਪ੍ਰਮੇਸ਼ਰ ਭੁੱਲਿਆ, ਫੇਰ ਇਹਦੇ ਜੀਵਨ ਦਾ ਜੋ ਸੋਮਾ ਹੈ, ਰਸ ਹੈ, ਅੰਮ੍ਰਿਤ ਹੈ। ਜੋ ਕੌਲ ਫੁੱਲ ਇਹਦੇ ਹਿਰਦੇ ਦੇ ਅੰਦਰ ਹੈ, ਉਹ ਮੂਧਾ ਹੋ ਜਾਂਦਾ ਹੈ, ਫੇਰ ਉਹਦੇ 'ਚ ਅੰਮ੍ਰਿਤ ਦੀ ਵਰਸ਼ਾ ਨਹੀਂ ਹੁੰਦੀ ਤੇ ਉਹਦੀ ਥਾਂ 'ਤੇ ਹਉਕੇ ਆਉਂਦੇ ਨੇ, ਹਾਵੇ ਆਉਂਦੇ ਨੇ, ਤੋਟੇ ਆਉਂਦੇ ਨੇ, ਘਾਟੇ ਆਉਂਦੇ ਨੇ। ਕਿਉਂਕਿ ਆਪੇ ਹੀ ਫਸਿਆ ਹੈ, ਆਪਣੇ ਆਪ ਹੀ। ਸੋ ਮਹਾਰਾਜ ਕਹਿੰਦੇ, ਚਾਹੇ ਕਿੰਨੀ ਹੀ ਚੰਗੀ ਤੋਂ ਚੰਗੀ ਚੀਜ਼ ਹੈ, ਜੇ ਇਹ ਪ੍ਰਮੇਸ਼ਰ ਨੂੰ ਭੁਲਾਉਂਦੀ ਹੈ, ਤਾਂ ਇਹ ਕੋਈ ਚੀਜ਼ ਨਹੀਂ, ਇਹ ਤਾਂ ਫਸਾਉਣ ਵਾਲੀ ਚੀਜ਼ ਹੈ, ਛੁਡਾਉਣ ਵਾਲੀ ਚੀਜ਼ ਤਾਂ ਹੋਈ ਨਾ। ਦੁਨੀਆਂਦਾਰੀ ਦੀ ਨਿਗ੍ਹਾ ਤੋਂ ਵੱਡਾ ਕੰਮ ਲਗਦਾ ਹੈ, ਵੱਡੀ ਜਾਇਦਾਦ ਹੈ, ਵੱਡਾ ਕਾਰੋਬਾਰ ਹੈ, ਦੇਸਾਂ-ਪ੍ਰਦੇਸਾਂ 'ਚ ਬਿਜਨਸਾਂ ਚਲਦੀਆਂ ਨੇ। ਅਰਬਾਂ-ਖਰਬਾਂ ਦੇ ਵਿਚ ਖੇਲ੍ਹਦਾ ਹੈ, ਸੋਨੇ ਚਾਂਦੀ ਦੇ ਢੇਰ ਲੱਗੇ ਹੋਏ ਨੇ, ਮਹਾਰਾਜ ਕਹਿੰਦੇ ਜੇ ਐਸਾ ਵੀ ਹੋ ਜਾਵੇ, ਸੋਨੇ ਦੇ ਮਕਾਨ ਬਣਾ ਲਵੇਂ ਇੱਟਾਂ ਚਿਣ ਕੇ, ਓਸ ਤੋਂ ਵੀ ਅਗਾਂਹਾਂ ਤੂੰ ਹੀਰੇ ਤੇ ਜਵਾਰਹਾਤ ਲੈ ਕੇ ਉਨ੍ਹਾਂ ਦੇ ਮਕਾਨ ਬਣਾਵੇਂ, ਕਿਉਂਕਿ ਸੋਨਾ ਤਾਂ ਫੇਰ ਵੀ ਮੁੱਲ ਹੈ ਤੇ ਉਹ ਨਿੱਕੀ ਜਿਹੀ ਚੀਜ਼ ਜੇ ਦੋ ਤੋਲੇ ਦਾ ਵੀ ਹੀਰਾ ਹੋਵੇ, ਉਹਦਾ ਮੁੱਲ ਹੀ ਕੋਈ ਨਹੀਂ ਹੈ। ਕਹਿੰਦੇ ਜੇ ਤੈਨੂੰ ਇਹੋ ਜਿਹੇ ਵੀ ਮਿਲ ਜਾਣ ਹੀਰੇ ਜਵਾਹਰਾਤ ਉਹ ਵੀ ਤੈਨੂੰ ਨਾਮ ਵਲ ਨਹੀਂ ਲੱਗਣ ਦਿੰਦੇ। ਨਾਮ ਤੋਂ ਭੁਲਾਉਣਗੇ ਤੇ ਮਹਾਰਾਜ ਨੇ ਵਾਰਨਿੰਗ ਦਿੰਦੇ ਹੋਏ ਇਸ ਤਰ੍ਹਾਂ ਸਾਨੂੰ ਸਮਝਾਇਆ ਹੈ -

***ਧਾਰਨਾ - ਕਿਤੇ ਭੁੱਲ ਨਾ ਜਾਈਂ ਓਏ ਮਨਾਂ ਮੇਰਿਆ,***
***ਮੋਤੀਆਂ ਦੇ ਮੰਦਰ ਵੇਖ ਕੇ।***

***ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥***
***ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥***

***ਅੰਗ - 14***

ਐਨੀ ਸੰਪੱਤੀ ਪ੍ਰਾਪਤ ਹੋ ਗਈ, ਐਨਾ ਧਨ ਪ੍ਰਾਪਤ ਹੋ ਗਿਆ, ਆਪਣਾ ਮਕਾਨ ਬਣਾਉਣ ਵਾਸਤੇ ਸਾਰੀ ਦੁਨੀਆਂ ਦੇ ਮੋਤੀ, ਹੀਰੇ ਜਵਾਹਰਾਤ

ਲੈ ਕੇ ਚਿਣਦਾ ਹੈ। ਵੱਡੀ ਤੋਂ ਵੱਡੀ ਸਜਾਵਟ ਕਰਦਾ ਹੈ। ਮਹਾਰਾਜ ਕਹਿੰਦੇ ਇਹ ਤਾਂ ਹੋ ਜਾਏਗਾ, ਕਸਤੂਰੀਆਂ ਚੰਦਨ ਆਦਿ, ਬੇਅੰਤ ਸੁਗੰਧੀਆਂ ਦੂਰ ਤੱਕ ਲਪਟਾਂ ਮਾਰਨ ਵਾਲੀਆਂ ਦਾ ਪਲਸਤਰ ਕਰਿਆ ਹੋਇਆ ਹੈ ਤੇ ਸੁਗੰਧੀਆਂ ਹੀ ਸੁਗੰਧੀਆਂ ਆਉਂਦੀਆਂ ਨੇ। ਮਹਾਰਾਜ ਕਹਿੰਦੇ ਇੱਥੇ ਵਾਰਨਿੰਗ ਹੈ, ਇਕ ਖਤਰਾ ਹੈ ਬਹੁਤ ਜ਼ਬਰਦਸਤ, ਚੀਜ਼ਾਂ ਨੂੰ ਮਾੜੀਆਂ ਨਹੀਂ ਆਖਿਆ ਮਹਾਰਾਜ ਨੇ, ਦੇਖੋ ਇਥੇ ਥੋੜ੍ਹਾ ਜਿਹਾ ਫਰਕ ਹੈ, ਚੀਜ਼ ਮਾੜੀ ਨਹੀਂ ਆਖੀ ਲੇਕਿਨ ਨਾਲ ਵਾਰਨਿੰਗ ਦੇ ਦਿਤੀ ਕਿ ਇਹ ਜੋ ਚੀਜ਼ ਹੈ ਇਹਦਾ ਇੱਕ ਬੜਾ ਭਾਰਾ ਖਤਰਾ ਹੈ ਭਾਈ। ਉਹ ਇਹ ਹੈ ਕਿ –

***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥***

***ਅੰਗ – 14***

ਇਹਦਾ ਮਤਲਬ ਇਹ ਹੈ ਕਿ ਮੰਦਰ, ਮੋਤੀ, ਜਵਾਹਰਾਤ ਹੀਰੇ ਇਹ ਨਾਮ ਦੇ ਮੁਕਾਬਲੇ 'ਤੇ ਤੁੱਛ ਚੀਜ਼ਾਂ ਨੇ, ਇਨ੍ਹਾਂ ਦੀ ਕੋਈ ਕੀਮਤ ਨਹੀਂ ਹੈ ਨਾਮ ਦੇ ਮੁਕਾਬਲੇ 'ਤੇ। ਕਿਉਂਕਿ ਨਾਮ ਜਿਹੜਾ ਹੈ –

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*** ***ਅੰਗ – 81***

ਜੇ ਅਮੋਲ ਵਸਤੂ ਸਾਡੇ ਹੱਥ ਵਿਚੋਂ ਨਿਕਲੇ, ਘਟੀਆ ਚੀਜ਼ ਦੇ ਨਾਲ, ਤਾਂ ਫੇਰ ਉਹ ਠੱਗੀ ਹੈ, ਧੋਖਾ ਹੋ ਰਿਹਾ ਹੈ ਸਾਡੇ ਨਾਲ, ਛਲਾਵਾ ਹੋ ਰਿਹਾ ਹੈ। ਮਹਾਰਾਜ ਕਹਿੰਦੇ, ਦੇਖੀਂ ਜੇ ਤੈਨੂੰ ਪ੍ਰਾਪਤ ਹੋ ਜਾਏ ਤਾਂ ਦੇਖੀਂ ਕਿਤੇ ਪ੍ਰਮੇਸ਼ਰ ਦੇ ਨਾਮ ਨੂੰ ਨਾ ਭੁੱਲ ਜਾਈਂ –

***ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥***
***ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥***

***ਅੰਗ – 14***

ਪਾਰਕ ਜਿਹੜੇ ਨੇ ਹੀਰਿਆਂ ਤੇ ਜਵਾਹਰਾਤ ਦੇ ਨਾਲ ਝਿਲਮਿਲ-ਝਿਲਮਿਲ ਕਰ ਰਹੇ ਨੇ, ਪਲੰਘ ਜਿਹੜੇ ਨੇ ਬੇਅੰਤ ਕਿਸਮ ਦੇ ਉਨ੍ਹਾਂ 'ਤੇ ਹੀਰੇ ਪੰਨੇ ਲੱਗੇ ਹੋਏ ਨੇ ਅੱਖ ਨਹੀਂ ਟਿਕਦੀ ਉਨ੍ਹਾਂ 'ਤੇ, ਰੋਸ਼ਨੀ ਐਨੀ reflaction (ਪ੍ਰਤੀਬਿੰਬ) ਪੈਦਾ ਕਰ ਰਹੀ ਹੈ। ਬਹੁਤ ਸੁੰਦਰ ਨੇ, ਅੰਦਰ ਭਾਵ ਆਉਂਦੇ ਨੇ, ਸੁੰਦਰਤਾ ਦਾ ਰਸ ਆਉਂਦਾ ਹੈ। ਮਹਾਰਾਜ ਕਹਿੰਦੇ ਏਸ ਰਸ ਨੇ ਕੀ ਕਰਨਾ ਹੈ, ਨਾਮ ਦਾ ਰਸ ਗਵਾ ਦਏਗਾ ਤੇਰੇ ਅੰਦਰੋਂ। ਮਣੀਆਂ ਵਾਲੀਆ ਮੋਹਣੀਆਂ ਜਦ ਦੇਖੇਂਗਾ ਤੇਰੀ ਬਿਰਤੀ ਗਲਤ ਹੋ ਜਾਏਗੀ। ਨਾਮ ਦੇ ਮੰਡਲ 'ਚੋਂ ਉੱਤਰ ਆਏਂਗਾ। ਮਾਇਆ ਦੇ ਮੰਡਲ 'ਚ entry (ਦਾਖਲਾ) ਹੋ ਜਾਏਗੀ ਤੇ ਨਾਮ ਦਾ ਰਸ ਟੁੱਟ ਜਾਏਗਾ। ਇਹ ਜੋਬਨ ਦਾ ਰਸ ਜਿਹੜਾ ਹੈ ਇਹ ਕੁਛ ਵੀ ਨਹੀਂ ਹੋਇਆ ਕਰਦਾ। ਇਹ ਫਿੱਕਾ ਰਸ ਹੁੰਦਾ ਹੈ, ਇਹਦੇ 'ਚ ਪ੍ਰਵਿਰਤ ਹੋ ਜਾਏਂਗਾ –

***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥***

***ਅੰਗ – 14***

***ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥*** ***ਅੰਗ – 14***

ਸ਼ਕਤੀਆਂ ਆ ਗਈਆਂ –

***ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥     ਅੰਗ – 14***

ਗੁਪਤ ਹੋ ਜਾਵਾਂ ਕਿਤੇ ਪ੍ਰਗਟ ਹੋ ਜਾਵਾਂ। ਬਚਨ ਕਰ ਦੇਵਾਂ ਉਹ ਪੂਰਾ ਹੋ ਜਾਵੇ। ਲੱਖਾਂ ਦੀ ਤਾਦਾਦ 'ਚ ਬੰਦੇ ਲਾਈਨਾਂ ਲਾਈਂ ਖੜ੍ਹੇ ਨੇ, ਮੁੱਕਦੀਆਂ ਨਹੀਂ ਲਾਈਨਾਂ, ਨਾ ਦਿਨੇ ਮੁੱਕਦੀਆਂ ਨੇ, ਨਾ ਰਾਤ ਨੂੰ ਮੁੱਕਦੀਆਂ ਨੇ। ਪ੍ਰਭਤਾ ਹੋ ਰਹੀ ਹੈ, ਅਖਬਾਰਾਂ 'ਚ ਤਸਵੀਰਾਂ ਆ ਰਹੀਆਂ ਨੇ। ਲੇਖ ਲਿਖੇ ਜਾ ਰਹੇ ਨੇ, ਵੱਡੇ-ਵੱਡੇ ਵਜ਼ੀਰ ਤੁਰੇ ਆਉਂਦੇ ਨੇ। ਦੇਸ਼ ਦਾ ਵੱਡੇ ਤੋਂ ਵੱਡਾ ਪ੍ਰੈਜ਼ੀਡੈਂਟ ਤੁਰਿਆ ਆਉਂਦਾ ਹੈ। ਜਿੰਨਾਂ ਸਾਰਾ ਰਾਜਸੀ ਤਬਕਾ ਹੈ, ਜਿੰਨਾਂ ਦੂਸਰਾ ਹੈ, ਸਾਰਾ ਤੁਰਿਆ ਆਉਂਦਾ ਹੈ। ਮਹਾਰਾਜ ਕਹਿੰਦੇ, ਕੀ ਹਾਸਲ ਕਰ ਲਿਆ ਤੂੰ, ਨਾਮ ਨੂੰ ਭੁੱਲ ਗਿਆ। ਓ ਪ੍ਰੇਮੀਆਂ! ਨਾਮ ਦੇ ਮੁਕਾਬਲੇ 'ਤੇ ਇਨ੍ਹਾਂ ਚੀਜ਼ਾਂ ਦੀ ਕੁਛ ਵੀ ਵਓਲੁਏ (ਕੀਮਤ) ਨਹੀਂ, ਕੌਡੀ ਦੀ ਵੀ ਨਹੀਂ value (ਮੁੱਲ) ਇਨ੍ਹਾਂ ਦੀ। worthless (ਬੇਕਾਰ) ਚੀਜ਼ਾਂ ਨੇ –

***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ 3 ॥***
***ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥***

***ਅੰਗ – 14***

ਏਥੇ ਹੀ ਨਹੀਂ ਸਾਰੀ ਸ੍ਰਿਸ਼ਟੀ ਦਾ ਚੱਕਰਵਰਤੀ ਬਾਦਸ਼ਾਹ ਬਣ ਜਾਵੇ, ਤਖਤ ਦੇ ਉੱਤੇ ਪੈਰ ਰੱਖ ਲਵੇ।

***ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥     ਅੰਗ – 14***

ਐਨਾ ਹੁਕਮ ਹੈ ਕਿ ਜੋ ਹੁਕਮ ਮੂੰਹ 'ਚੋਂ ਨਿਕਲ ਗਿਆ, ਉਹਨੂੰ ਕਿਸੇ ਨੇ challenge (ਚਣੌਤੀ) ਨਹੀਂ ਕਰਨਾ। ਕਹਿੰਦੇ, ਕਿੰਨੀ ਕੁ value (ਮੁੱਲ) ਹੈ ਇਸ ਚੀਜ਼ ਦੀ ਜਿਵੇਂ ਹਵਾ ਲਗ ਕੇ ਲੰਘ ਜਾਂਦੀ ਹੈ ਕੋਲ ਦੀ, ਐਨੀ ਕੁ ਹੈ value (ਮੁੱਲ) ਇਹਦੀ।

***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥4 ॥***

***ਅੰਗ – 14***

ਨਾਮ ਤੋਂ ਬਿਨਾਂ ਜ਼ਿੰਦਗੀ ਦਾ ਸਵਾਦ ਸਾਰਾ ਕਿਰਕਿਰਾ ਹੋ ਜਾਂਦਾ ਹੈ। ਦੇਖ ਲਓ ਜਿਨ੍ਹਾਂ ਕੋਲ ਹੈਗਾ ਸਭ ਕੁਛ –

***ਵਡੇ ਵਡੇ ਜੋ ਦੀਸਹਿ ਲੋਗ ॥ ਤਿਨ ਕਉ ਬਿਆਪੈ ਚਿੰਤਾ ਰੋਗ ॥***

***ਅੰਗ – 189***

ਚਿੰਤਾ ਦੇ ਰੋਗੀ ਹੋਏ-ਹੋਏ ਨੇ ਵੱਡੇ-ਵੱਡੇ। ਹਸਪਤਾਲਾਂ 'ਚ ਡਾਕਟਰ ਆਉਂਦੇ ਨੇ, ਟੀਕੇ ਲਾਉਂਦੇ ਨੇ ਕਹਿੰਦੇ ਏਸ ਗੱਲ ਨੇ ਘਾਟੇ 'ਚ ਪਾ ਦਿਤਾ ਇਨਸਾਨ। ਗਲਤ ਹੋ ਗਿਆ ਇਨਸਾਨ। ਚੀਜ਼ਾਂ ਮਾੜੀਆਂ ਨਹੀਂ ਹੈਗੀਆਂ ਪਰ ਇਨ੍ਹਾਂ ਦੇ ਵਿਚ ਰਚ ਜਾਣਾ ਮਾੜਾ ਹੈ, ਰਚ ਕੇ ਪ੍ਰਮੇਸ਼ਰ ਨੂੰ ਭੁੱਲ ਜਾਣਾ ਮਾੜਾ ਹੈ ਕਿਉਂਕਿ ਜਦੋਂ ਪ੍ਰਮੇਸ਼ਰ ਭੁੱਲ ਗਿਆ। ਉਸ ਵੇਲੇ peace of mind (ਮਨ ਦਾ ਚੈਨ) ਸਾਰਾ disturb (ਪਰੇਸ਼ਾਨ) ਹੋ ਜਾਂਦਾ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ - ਜਲ ਬਲ ਜਾਵੇ ਜੀਉੜਾ ਨਾਮ ਤੋਂ ਬਿਨਾਂ।***

***ਹਰਿ ਬਿਨੁ ਜੀਉ ਜਲਿ ਬਲਿ ਜਾਉ ॥***
***ਮੈ ਆਪਨਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥***

***ਅੰਗ - 14***

ਸੋ ਪ੍ਰਭੂ ਦੇ ਨਾਮ ਤੋਂ ਬਗੈਰ, ਜਿਹੜਾ ਹਿਰਦਾ ਕੌਂਲ ਹੈ ਸਾਡਾ ਇਹ ਜਲ ਜਾਂਦਾ ਹੈ। ਕੋਈ ਚੀਜ਼ ਸੁੱਖ ਨਹੀਂ ਦਿੰਦੀ ਫੇਰ -

***ਸੁਖੁ ਨਾਹੀ ਬਹੁਤੈ ਧਨਿ ਖਾਟੇ ॥***
***ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥***
***ਸੁਖੁ ਨਾਹੀ ਬਹੁ ਦੇਸ ਕਮਾਏ ॥***
***ਸਰਬ ਸੁਖਾ ਹਰਿ ਹਰਿ ਗੁਣ ਗਾਏ ॥*** ***ਅੰਗ - 1148***

ਸੋ ਇਸ ਤਰ੍ਹਾਂ ਦੇ ਨਾਲ -

***ਐਸਾ ਜਗੁ ਦੇਖਿਆ ਜੂਆਰੀ ॥***
***ਸਭਿ ਸੁਖ ਮਾਗੈ ਨਾਮੁ ਬਿਸਾਰੀ ॥*** ***ਅੰਗ - 223***

ਸੋ ਨਾਮ ਤੋਂ ਬਿਨਾਂ ਜਿਹੜੀ ਜ਼ਿੰਦਗੀ ਹੈ ਆਦਮੀ ਦੇ ਅੰਦਰ ਸਾਧਸੰਗਤ ਜੀ। ਜਿਹਦੇ ਵਾਸਤੇ ਅਸੀਂ ਅਰਦਾਸ ਕਰਦੇ ਹਾਂ।

ਪਿਛਲੇ ਜਮਾਨਿਆਂ ਦੇ ਅੰਦਰ ਅਰਦਾਸ ਦੇ ਵਿਚ ਹੋਰ ਅੱਖਰ ਸੀਗੇ। ਹੁਣ ਹੋਰ ਅੱਖਰ ਨੇ। ਜਦ ਹਰ ਗੁਰਸਿੱਖ ਅਰਦਾਸ ਕਰਦਾ ਸੀ ਕਿ ਹੇ ਪਾਤਸ਼ਾਹ! ਸਾਨੂੰ ਜੀਵਨ ਬਖਸ਼ੀ, ਗੁਰਮੁਖਾਂ ਵਾਲਾ, ਗੁਰਸਿੱਖਾਂ ਵਾਲਾ ਜੀਵਨ ਬਖਸ਼ੀਂ। ਬਈ ਜੀਉਂਦੇ ਤਾਂ ਹੈਗੇ ਅਸੀਂ, ਜੀਵਨ ਹੋਰ ਕਿਹੜਾ ਮੰਗਦੇ ਹਾਂ। ਮਹਾਰਾਜ ਕਹਿੰਦੇ, ਨਾਮ ਤੋਂ ਬਗੈਰ ਤਾਂ ਜੀਵਨ ਹੀ ਨਹੀਂ ਹੈ। ਇਹ ਤਾਂ chemical (ਰਸਾਇਣਕ ਜੀਵਨ) ਹੈ। ਰੋਟੀ ਖਾ ਲੈਂਦੇ ਹਾਂ, ਹੋਰ ਚੀਜ਼ਾਂ ਖਾ ਲੈਂਦੇ ਹਾਂ। ਉਹਦਾ ਖੂਨ ਬਣ ਜਾਂਦਾ ਹੈ, ਖੂਨ ਦਾ ਦੌਰਾ ਚੱਲ ਪੈਂਦਾ ਹੈ। brain (ਦਿਮਾਗ) 'ਚ ਜਾਂਦਾ ਹੈ ਦਿਮਾਗ ਵੀ ਕੰਮ ਕਰਦਾ ਹੈ। ਬੋਦੇ (ਸਰੀਰ) ਵੀ ਕੰਮ ਕਰਦੀ ਹੈ। ਇਹ chemical life (ਰਸਾਇਣਕ ਜੀਵਨ) ਹੈ। ਲੇਕਿਨ ਇਹ ਜ਼ਿੰਦਗੀ ਨਹੀਂ ਹੈ। ਜ਼ਿੰਦਗੀ ਇਸ ਤੋਂ ਉੱਚੀ ਚੀਜ਼ ਹੈ ਜਿਸਨੂੰ ਮਹਾਰਾਜ ਜੀਵਨ ਕਹਿੰਦੇ ਨੇ। ਮਹਾਰਾਜ ਕਹਿੰਦੇ ਉਹ ਪ੍ਰਾਪਤ ਹੀ ਨਹੀਂ ਹੁੰਦੀ, ਉਹਦੀ ਖੁਰਾਕ ਲਗਾਤਾਰੀ ਹੈ, ਰੋਟੀ ਖਾ ਕੇ ਅਸੀਂ ਕਈ ਘੰਟੇ ਨਹੀਂ ਕੁਛ ਖਾਂਦੇ। ਇੱਕ ਦਿਨ ਵੀ ਨਹੀਂ ਖਾਂਦੇ, ਦੋ ਦਿਨ ਵੀ ਲੰਘ ਜਾਂਦੇ ਨੇ, ਮਰਦਾ ਨਹੀਂ ਬੰਦਾ। ਲੇਕਿਨ ਉਹ ਖੁਰਾਕ ਐਸੀ ਹੈ ਜਿਹਨੂੰ ਲਗਾਤਾਰ ਖਾਣਾ ਪੈਂਦਾ ਹੈ। ਛੱਡਣੀ ਨਹੀਂ ਪੈਂਦੀ, ਦਿਨ ਰਾਤ ਖਾਣਾ ਪੈਂਦਾ ਹੈ ਤੇ ਉਹਨੂੰ ਅੰਮ੍ਰਿਤ ਭੋਜਨ ਕਹਿੰਦੇ ਨੇ। ਨਾਮ ਦਾ ਭੋਜਨ ਕਹਿੰਦੇ ਨੇ-

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥***
***ਨਾਨਕ ਅਵਰੁ ਨ ਜੀਵੈ ਕੋਇ ॥***
***ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥***

***ਅੰਗ - 143***

ਨਾਮ ਤੋਂ ਬਗੈਰ ਜਿਹੜਾ ਜੀਵਨ ਹੈ, ਜੋ ਖਾਂਦੇ ਨੇ, ਪਹਿਨਦੇ ਨੇ ਉਹ ਕਹਿੰਦੇ ਹਰਾਮ ਦਾ ਖਾ ਰਹੇ ਨੇ। ਕਿਉਂਕਿ ਨਾਮ ਪ੍ਰਾਪਤ ਨਹੀਂ ਹੋਇਆ ਤੇ ਜੀਉਂਦਿਆਂ ਦੀ ਨਾਮ ਤੋਂ ਬਿਨਾਂ ਪੱਤ ਲਹਿ ਰਹੀ ਹੈ। ਇੱਥੇ ਵੀ ਤੇ ਦਰਗਾਹ ਦੇ ਵਿਚ ਵੀ ਤੇ ਜੀਵਨ ਹੀ ਓਹੀ ਹੈ ਜਿਹੜਾ ਪ੍ਰਮੇਸ਼ਰ ਦੇ ਨਾਮ ਦਾ ਹੈ। ਦੂਜੇ ਜੀਵਨ ਨੂੰ ਤਾਂ ਮਹਾਰਾਜ ਨੇ ਜੀਵਨ ਮੰਨਿਆ ਹੀ ਨਹੀਂ ਹੈ -

***ਧਾਰਨਾ - ਆਖਾ ਜੀਵਾਂ ਵਿਸਰੇ ਮਰ ਜਾਵਾਂ।***

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥***

***ਅੰਗ - 708***

'ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥' ਕਿਉਂਕਿ ਪਾਣੀ ਉਹਦਾ ਜੀਵਨ ਹੈ। ਏਸੇ ਤਰ੍ਹਾਂ ਦੇ ਨਾਲ ਨਾਮੀ ਦਾ ਜੀਵਨ ਨਾਮ ਹੋਇਆ ਕਰਦਾ ਹੈ ਤੇ ਮਹਾਰਾਜ ਕਹਿੰਦੇ, ਬਾਕੀ ਸੰਸਾਰ ਤਾਂ ਪ੍ਰੇਮੀਓਂ ਜੀਉਂਦਾ ਨਹੀਂ -

***ਆਖਾ ਜੀਵਾ ਵਿਸਰੈ ਮਰਿ ਜਾਉ ॥*** ***ਅੰਗ - 9***

ਰੋਜ਼ ਪੜ੍ਹਦੇ ਹਾਂ, ਲੇਕਿਨ ਫੇਰ ਤਾਂ ਮੁਰਦੇ ਹੀ ਹੋਏ। ਜੇ ਵਿਸਰਦਾ ਹੈ, ਵਿਸਰਦਾ ਉਹ ਨਹੀਂ ਹੁੰਦਾ, ਜਿਹਦੇ ਨਾਲ ਪਿਆਰ ਹੋਵੇ। ਜੀਵਨ ਦੇ ਅੰਦਰ ਤਜਰਬੇ ਨੇ, ਜੋ ਪਿਆਰ ਦਾ ਰੂਪ ਹੋ ਕੇ ਹਿਰਦੇ 'ਚ ਵਸਿਆ ਹੋਇਆ ਹੈ। ਉਹ ਇੱਕ ਸਕਿੰਟ ਵਾਸਤੇ ਨਹੀਂ ਵਿਸਰਿਆ ਕਰਦਾ, ਉਹ ਹਰ ਵਕਤ ਸੌਂਦੇ ਜਾਗਦੇ, ਭਜਨ ਕਰਦੇ, ਰੋਟੀਆਂ ਖਾਂਦੇ ਹਰ ਵਕਤ ਯਾਦ ਵਿਚ ਸਮਾਇਆ ਰਹਿੰਦਾ ਹੈ। ਮਹਾਰਾਜ ਕਹਿੰਦੇ, ਇਹਦੇ ਮੁਕਾਬਲੇ ਦੇ ਉੱਤੇ ਜਿਹਨੂੰ ਵਿਸਰਦਾ ਹੈ, ਉਹ ਕਹਿੰਦੇ ਜੀਉਂਦਾ ਨਹੀਂ ਹੋਇਆ ਕਰਦਾ। ਮੁਰਦਾਨ ਹੁੰਦੀ ਹੈ ਉਹਦੇ ਉੱਤੇ। chemical life (ਰਸਾਇਣਕ ਜੀਵਨ) ਜੀਵਨ ਤਾਂ ਉਹ ਗੁਜ਼ਾਰ ਰਿਹਾ ਹੈ। ਜੀਉਂਦਾ ਸਾਰਾ ਸੰਸਾਰ ਹੈ, ਸਾਰਾ ਜੀਉਂਦਿਆਂ ਵਾਂਗੂੰ ਹੀ ਲਗਦਾ ਹੈ ਲੇਕਿਨ ਰੂਹਾਨੀ ਜ਼ਿੰਦਗੀ ਦੇ ਮੁਕਾਬਲੇ 'ਤੇ ਸਾਰਾ ਮੁਰਦਿਆਂ ਦਾ ਲਗਦਾ ਹੈ। ਮਰਿਆ ਹੋਇਆ ਸੰਸਾਰ ਕਹਿੰਦੇ ਨੇ ਮਹਾਰਾਜ। ਮੁਰਦਾ ਹੈ -

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥***

***ਅੰਗ - 254***

ਜੇ ਪਿਆਰ ਨਹੀਂ ਹਿਰਦੇ 'ਚ ਜਾਗਿਆ ਪ੍ਰਮੇਸ਼ਰ ਦਾ ਤਾਂ ਕਹਿੰਦੇ ਮਰਿਆ ਹੋਇਆ ਸੰਸਾਰ ਹੈ। ਸੋ -

***ਆਖਾ ਜੀਵਾ ਵਿਸਰੈ ਮਰਿ ਜਾਉ ॥*** ***ਅੰਗ - 9***

ਜੇ ਤਾਂ ਨਾਮ ਦੀ ਰੌ ਚੱਲ ਰਹੀ ਹੈ, ਤਾਂ ਫੇਰ ਜੀਉਂਦੇ ਹਾਂ ਜਦੋਂ ਵਿਸਰ ਜਾਂਦਾ ਹੈ, ਉਸ ਵੇਲੇ ਮੌਤ ਹੋ ਜਾਇਆ ਕਰਦੀ ਹੈ। ਜਿਹੜਾ ਕੰਮ ਵਿਸਾਰਦਾ ਹੈ, ਉਹ ਫੇਰ ਕਿਸੇ ਕੰਮ ਦਾ ਵੀ ਨਹੀਂ ਕਿਉਂਕਿ ਉਹ ਮੁਰਦਾਪੁਣ ਦੇ ਵਿਚ ਭੇਜਦਾ ਹੈ। ਏਸ ਗੱਲ ਨੂੰ ਇਨਸਾਨ ਨੇ ਸਮਝਿਆ ਨਹੀਂ। ਜੇ ਸਮਝ ਜਾਂਦਾ, ਤਾਂ ਆਹ ਜਿਹੜਾ ਸੰਸਾਰ ਬਣਾਇਆ ਸੀ ਪ੍ਰਮੇਸ਼ਰ ਨੇ –

***ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥***

***ਅੰਗ – 464***

ਉਹ ਦੁੱਖਾਂ ਦਾ ਸੰਸਾਰ ਨਹੀਂ ਸੀ ਬਣਾਇਆ। ਇਹ ਅਨੰਦ ਦਾ ਸੰਸਾਰ ਸੀ, ਪਰਮ ਅਨੰਦ ਦਾ ਕਿਉਂਕਿ ਪ੍ਰਮੇਸ਼ਰ ਨੇ ਚੌਰਾਸੀ ਲੱਖ ਜੂਨਾਂ 'ਚੋਂ, ਕਿੱਥੋਂ ਜਾ ਕੇ conceiousness (ਚੇਤਨਤਾ) ਨੂੰ ਪੱਥਰਾਂ 'ਚੋਂ ਉਠਾ-ਉਠਾ ਕੇ ਮਨੁੱਖ ਦੇ ਜਾਮੇ ਤੱਕ ਲਿਆਂਦਾ। ਤਾਂ ਕਿ ਇਹ ਪੂਰਨ ਅਨੰਦ ਲੈ ਲਏ, ਮੇਰਾ ਸਰੂਪ ਵੀ ਸਤਿ ਚਿੱਤ ਅਨੰਦ ਹੈ ਮਹਾਰਾਜ ਕਹਿੰਦੇ ਨੇ ਤੇ ਇਹ ਵੀ ਉਸਦਾ ਅਨੁਭਵ ਕਰ ਲਵੇ। ਲੇਕਿਨ ਇਹ ਕਰ ਨਹੀਂ ਸਕਿਆ ਕਿਉਂਕਿ ਇਹਦੀ ਬਿਰਤੀ ਜਿਹੜੀ ਸੀ ਉਹ ਹੇਠਾਂ ਨੂੰ ਚਲੀ ਗਈ। ਉਪਰ ਨੂੰ ਨਹੀਂ ਜਾ ਸਕਦੀ, ਮਾਇਆ ਵਿਚ ਪਰਚ ਗਈ, ਦੇਖਣ ਵਾਲੀਆਂ ਚੀਜ਼ਾਂ, ਸੁਣਨ ਵਾਲੀਆਂ ਚੀਜ਼ਾਂ, ਇਨ੍ਹਾਂ 'ਚ ਐਨਾ ਗੁਲਤਾਨ ਹੋ ਗਿਆ ਕਿ ਇੱਕ ਸਕਿੰਟ ਵਾਸਤੇ ਵੀ ਏਸਨੂੰ ਖਿਆਲ ਨਹੀਂ ਆਉਂਦਾ ਕਿ ਮੇਰਾ ਜੀਵਨ ਕੀ ਹੈ। ਮਰਿਆ ਹੀ ਜੰਮਿਆ ਸੀ, ਮਰਿਆ ਹੀ ਮਰ ਜਾਂਦਾ ਹੈ। ਜੀਵਨ ਨਹੀਂ ਪ੍ਰਾਪਤ ਹੁੰਦਾ ਜਿਸ ਵਾਸਤੇ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ, ਉਸ ਤੋਂ ਵਾਂਝਾ ਰਹਿ ਜਾਂਦਾ ਹੈ। ਮਹਾਰਾਜ ਕਹਿੰਦੇ ਸਾਨੂੰ ਜੋ ਜੀਵਨ ਪ੍ਰਾਪਤ ਹੋਇਆ ਹੈ, ਆਤਮਦਰਸੀ ਪੁਰਸ਼ਾਂ ਨੂੰ ਉਹ ਤਾਂ –

***ਆਖਾ ਜੀਵਾ ਵਿਸਰੈ ਮਰਿ ਜਾਉ ॥*** ***ਅੰਗ – 9***

ਜਿਹੜੇ ਏਸਨੂੰ ਭੁਲਾਉਂਦੇ ਨੇ –

***ਨਾਨਕ ਇਹੁ ਤਨੁ ਜਾਲਿ ਜਿਨਿ ਜਲਿਐ ਨਾਮੁ ਵਿਸਾਰਿਆ ॥***

***ਅੰਗ – 789***

ਜਿਹੜੇ ਜਲੇ ਹੋਏ ਨੇ, ਕੰਮਾਂ 'ਚ ਫਸੇ ਹੋਏ ਨੇ, ਨਾਮ ਭੁਲਾ ਦਿਤਾ, ਕਹਿੰਦੇ ਉਹਨੂੰ ਜਾਲ ਦੇ ਕਿਸੇ ਕੰਮ ਦਾ ਨਹੀਂ ਉਹ ਸਰੀਰ। ਲੇਕਿਨ ਜਿੰਨੀ ਕੀਮਤੀ ਚੀਜ਼ ਹੈ ਉਹ ਕੋਈ ਆਸਾਨ ਨਹੀਂ ਹੈ ਕਿ ਕੋਈ ਸੁਖਾਲਾ ਜਿਹਾ ਹੀ ਹੋ ਜਾਏਗਾ। ਮਹਾਰਾਜ ਕਹਿੰਦੇ, ਜੁਗਤ ਪ੍ਰਾਪਤ ਹੋ ਜਾਵੇ ਫੇਰ ਤਾਂ ਹੈਗਾ ਸੁਖਾਲਾ, ਨਹੀਂ ਤਾਂ ਬਹੁਤ ਔਖਾ ਹੈ। ਐਨਾ ਸੁਖਾਲਾ ਨਹੀਂ ਕਿਉਂਕਿ ਇਹਦਾ ਫਲ ਕੀ ਹੈ? ਇਹਦੇ ਨਾਲ ਸਾਰੇ ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ।

***ਸਾਚੇ ਨਾਮ ਕੀ ਲਾਗੈ ਭੂਖ ॥*** ***ਅੰਗ – 9***

ਜਦੋਂ ਭੁੱਖ ਲੱਗ ਗਈ, ਉਹ ਖਾਂਦੀ ਕੀ ਹੈ ਭੁੱਖ ਸੱਚੇ ਨਾਮ ਦੀ? ਕਦੇ ਵਿਚਾਰ ਕਰੀ ਹੈ ਰਹਿਰਾਸ ਪੜਦਿਆਂ ਰੋਜ਼ ਕਿ ਸੱਚੇ ਨਾਮ ਦੀ ਭੁੱਖ ਲੱਗੀ ਹੋਈ ਹੈ ਉਹਦੀ ਖੁਰਾਕ ਕੀ ਹੈ? ਉਹ ਕਿਹੜੀ ਚੀਜ਼ ਹੈ ਜਿਹਨੂੰ

ਉਹ ਭੁੱਖ ਖਾ ਜਾਂਦੀ ਹੈ? ਕਹਿੰਦੇ, ਸਾਰੇ ਦੁੱਖਾਂ ਦਾ ਖਾਤਮਾ ਕਰ ਦਿੰਦੀ ਹੈ –

***ਉਤੁ ਭੂਖੈ ਖਾਇ ਚਲੀਅਹਿ ਦੂਖ ॥***
***ਸੋ ਕਿਉ ਵਿਸਰੈ ਮੇਰੀ ਮਾਇ ॥*** ***ਅੰਗ – 9***

ਕਹਿੰਦੇ, ਮਾਤਾ ਉਹਨੂੰ ਕਿਉਂ ਭੁੱਲਣਾ ਹੈ, ਉਸਨੂੰ ਭੁਲਾਉਣਾ ਹੀ ਨਹੀਂ ਚਾਹੀਦਾ, ਲੇਕਿਨ ਨਾਲ ਐਸੀ ਤਾਕੀਦ ਵੀ ਕਰਦੇ ਨੇ–

***ਧਾਰਨਾ – ਆਖਣਿ ਅਉਖਾ ਸਾਚਾ ਨਾਉ।***

***ਆਖਣਿ ਅਉਖਾ ਸਾਚਾ ਨਾਉ ॥*** ***ਅੰਗ – 349***

ਕਿਉਂ ਨਹੀਂ ਕਹਿ ਹੁੰਦਾ? ਕਿਉਂਕਿ ਇਹ ਜਦੋਂ ਨਾਮ ਜਪਣ ਲਗਦੇ ਹਾਂ, ਉਸ ਵੇਲੇ ਸਾਡਾ ਵਾਹ ਮਨ ਨਾਲ ਪੈਂਦਾ ਹੈ। ਮਨ ਦੇ ਅੰਦਰ ਬਿਲਕੁਲ ਨਹੀਂ ਮੰਨਦਾ ਕਿ ਮੈਂ ਪ੍ਰਭੂ ਦਾ ਨਾਮ ਜਪਾਂ, ਜੇ ਮੰਨਦਾ ਹੋਵੇ ਤਾਂ ਇਹ ਹਰ ਸਵਾਸ ਨਾਮ ਜਪੇ। ਫੇਰ ਨਾ ਭੁੱਲੇ। ਲੇਕਿਨ ਅੰਦਰੋਂ ਮੰਨਦਾ ਨਹੀਂ ਹੈ, ਦੂਜੀਆਂ ਚੀਜ਼ਾਂ ਨੂੰ ੀਇਹਨੇ ਮਨੌਤ ਜ਼ਿਆਦਾ ਦਿਤੀ ਹੋਈ ਹੈ। ਲੋੜੀਂਦੀਆਂ ਵਸਤੂਆਂ ਦੀ ਜਦੋਂ ਲਿਸਟ ਬਣਾਈ, ਨਾਮ ਦੀ ਵਾਰੀ ਸਭ ਤੋਂ ਪਿੱਛੋਂ ਆਉਂਦੀ ਹੈ। ਕਈ ਜੀਵਨਾਂ ਵਿਚ ਤਾਂ ਆਉਂਦੀ ਹੀ ਨਹੀਂ ਹੈ, ਜਿਹਦੇ ਆਉਂਦੀ ਹੈ ਤਾਂ ਸਾਰਿਆਂ ਨਾਲੋਂ ਪਿੱਛੋਂ ਦੀ ਸ਼੍ਰੇਣੀ ਹੈ। ਜੇ ਪੁੱਛੋ ਕਿ ਪਾਠ ਕਰਦੇ ਓਂ? ਕਹਿੰਦੇ ਮਨ ਨਹੀਂ ਲਗਦਾ ਜੀ।

ਕਿੰਨਾ ਪਾਠ ਕਰਦਾ ਹੈਂ?

ਜਪੁਜੀ ਸਾਹਿਬ ਪੜ੍ਹਦਾ ਹਾਂ ਜੀ।

ਅਗਾਹਾਂ ਕਿਉਂ ਨਹੀਂ ਪੜ੍ਹਦਾ?

ਕਹਿੰਦਾ, ਮੇਰੇ ਕੋਲ ਸਮਾਂ ਹੀ ਨਹੀਂ ਹੈ।

ਬੰਦਗੀ ਕਰਦਾ ਹੁੰਦਾ ਹੈਂ? ਬੈਠਦਾ ਹੁੰਦਾ ਹੈਂ? ਸਾਧਨ ਕਰਦਾ ਹੁੰਦਾ ਹੈਂ?

ਕਹਿੰਦਾ ਜੀ, ਸਮਾਂ ਹੀ ਨਹੀਂ ਹੈ, ਸਾਧਨ ਕਿੱਥੋਂ ਕਰੀਏ।

ਨਾਮ ਜਪਣ ਵਾਸਤੇ ਤਿਆਰ ਨਹੀਂ ਹੁੰਦਾ, ਬਹੁਤ ਔਖੀ ਗੱਲ ਹੈ, ਜੇ ਧੱਕੋ-ਧੱਕੀ, ਜ਼ਬਰਦਸਤੀ ਕਹੋ, ਸਜ਼ਾ ਲਾ ਦਿਓ ਕਿ ਐਨਾ ਕਰਨਾ ਹੀ ਪੈਣਾ ਹੈ। ਫੇਰ ਤਾਂ ਕਰਦਾ ਹੈ ਕਿ ਇਹਦਾ ਮੈਨੂੰ ਫਾਇਦਾ ਕੀ ਹੋਏਗਾ, ਕੋਈ ਚੀਜ਼ ਮਿਲੇਗੀ?

ਇੱਥੇ ਮੇਰੇ ਕੋਲ ਆਉਂਦੇ ਨੇ, ਮੈਂ ਕਿਹਾ ਤੁਸੀਂ ਪਾਠ ਕਰਿਆ ਕਰੋ ਜਪੁਜੀ ਸਾਹਿਬ ਦਾ ਕਿਉਂਕਿ ਕੀਰਤਨ ਕਰਨ ਤੋਂ ਲੈ ਕੇ, ਪਾਠ ਕਰਨ ਤੋਂ ਲੈ ਕੇ, ਜਦੋਂ ਤੱਕ ਨਾਮ ਦੀ ਪ੍ਰਾਪਤੀ ਹੁੰਦੀ ਹੈ, ਗਿਆਨ ਹੁੰਦਾ ਹੈ, ਸਾਰੇ ਨੂੰ ਨਾਮ ਕਹਿੰਦੇ ਨੇ। ਇੱਕੋ ਚੀਜ਼ ਹੈ ਕਿ ਪਾਠ ਕਰਿਆ ਕਰੋ। ਫਲ ਕੀ ਹੋਏਗਾ? ਮੈਂ ਕਿਹਾ, ਤੁਸੀਂ ਰਾਜ਼ੀ ਹੋ ਜਾਓਂਗੇ? ਗਿਣਦੇ ਰਹਿੰਦੇ ਨੇ, ਲਕੀਰਾਂ

ਕੱਢੀ ਜਾਂਦੇ ਨੇ, ਕਿ ਅੱਜ ਪੰਦਰਾਂ ਦਿਨ ਹੋ ਗਏ, ਅੱਜ ਸਤਾਈ ਬਾਕੀ ਰਹਿ ਗਏ, ਅੱਜ ਛੱਬੀ ਰਹਿ ਗਏ, ਨਾਲੇ ਰਾਜ਼ੀ ਹੋ ਜਾਂਦੇ ਨੇ ਮੁੜ ਕੇ ਫੇਰ ਉਥੇ ਹੀ ਛੱਡ ਦਿੰਦੇ ਨੇ, ਨਾ ਫੇਰ ਨਹੀਂ ਕਰਨਾ। ਕਿਉਂਕਿ ਮਨ ਨਹੀਂ ਸਾਥ ਦੇ ਰਿਹਾ, ਮਨ ਨੇ ਸਾਥ ਤਾਂ ਦਿਤਾ ਕਿ ਮੈਨੂੰ ਬੀਮਾਰੀ ਹੈ, ਮੈਨੂੰ ਆਹ ਵਿਘਨ ਪਿਆ ਹੋਇਆ ਹੈ, ਮੈਨੂੰ ਆਹ ਕਾਰਜ ਰਾਸ ਨਹੀਂ ਹੋ ਰਿਹਾ ਕਿ ਉਹ ਮੈਂ ਹਿੰਮਤ ਕਰਕੇ ਕਰ ਲਵਾਂ, ਉਹ ਵੀ ਅਧੂਰੀ ਹਿੰਮਤ ਹੈ, ਇਹ ਤਾਂ ਮਹਾਰਾਜ ਦੀ ਮਿਹਰਬਾਨੀ ਹੈ ਕਿ ਮਨ ਟਿਕੇ ਨਾ ਟਿਕੇ ਫੇਰ ਵੀ ਰਾਜ਼ੀ ਕਰ ਦਿੰਦੇ ਨੇ, ਫੇਰ ਪੂਰਾ ਕਰ ਦਿੰਦੇ ਨੇ, ਕੋਈ ਮੰਤਰ ਨਹੀਂ ਹੈ, ਤਾਂਤਰੀ ਬਾਤਾਂ ਨਹੀਂ ਹੈ। ਇਹ ਤਾਂ ਇੱਕ request (ਬੇਨਤੀ) ਹੈ, ਮਨ ਲੈਂਦਾ ਹੈ –

***ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥ ਅੰਗ – 917***

ਦੇ ਦਿੰਦਾ ਹੈ ਕਿ ਇਹ ਅਣਜਾਣ ਬੰਦੇ ਨੇ, ਚਲੋ ਦੇ ਦਿਓ। ਲੇਕਿਨ ਮਹਿਮਾ ਦਾ ਨਹੀਂ ਪਤਾ ਲਗਦਾ, ਮਹਿਮਾ ਨੂੰ ਹਿਰਦੇ 'ਚ ਨਹੀਂ ਵਸਾਉਂਦਾ, ਨਾ ਵਸਾਉਣ ਕਰਕੇ, ਇਹਦਾ ਚਿੱਤ ਨਹੀਂ ਏਧਰ ਲਗਦਾ। ਮਹਾਰਾਜ ਕਹਿੰਦੇ, ਔਖੀ ਬਾਤ ਹੈ। ਗੁਰੂ ਦਸ਼ਮੇਸ਼ ਪਿਤਾ ਨੇ ਜਦੋਂ ਖਾਲਸਾ ਸਾਜਿਆ ਉਸ ਵੇਲੇ ਇੱਕ ਬਹੁਤ ਵੱਡਾ ਯੱਗ ਕੀਤਾ। ਪਹਿਲਾਂ ਮਰਿਯਾਦਾ ਏਸ ਤਰ੍ਹਾਂ ਦੀ ਕੁਦਰਤੀ ਤੁਰੀ ਆਉਂਦੀ ਸੀ ਕਿ ਬ੍ਰਾਹਮਣਾਂ ਦੀ ਪੰਗਤ ਲਗ ਜਾਂਦੀ ਸੀ, ਜਿਵੇਂ ਅਸੀਂ ਪੰਜ ਪਿਆਰਿਆਂ ਨੂੰ ਪਹਿਲਾਂ ਪ੍ਰਸ਼ਾਦਾ ਛਕਾ ਦਿੰਦੇ ਹਾਂ। ਬਹੁਤ ਥਾਈਂ ਐਸੀ ਮਰਿਯਾਦਾ ਚਲਦੀ ਹੈ ਕਿ ਪੰਜ ਪਿਆਰੇ ਛਾਂਟ ਕੇ ਉਨ੍ਹਾਂ ਨੂੰ ਪ੍ਰਸ਼ਾਦਾ ਛਕਾਓ, ਅਰਦਾਸ ਕਰਾਓ ਉਨ੍ਹਾਂ ਤੋਂ ਲੰਗਰ ਦੀ ਤੇ ਫੇਰ ਸੰਗਤ ਪ੍ਰਸ਼ਾਦਾ ਛਕਦੀ ਹੈ ਤੇ ਗੁਰੂ ਮਹਾਰਾਜ ਨੇ ਕੇਸ਼ਵਦਾਸ ਨੂੰ ਬੁਲਾਇਆ ਨਾ ਤੇ ਜਦੋਂ ਆਉਣਗੇ ਛਕ ਲੈਣਗੇ। ਉਨ੍ਹਾਂ ਨੇ ਕਿਹਾ ਕਿ ਲੰਗਰ ਕਿਉਂਕਿ ਵਰਤ ਗਿਆ, ਹੁਣ ਜਦ ਇੱਕ ਵਾਰੀ ਵਰਤ ਗਿਆ, ਦੂਜਿਆਂ ਨੇ ਮੁੱਖ 'ਚ ਪਾ ਲਿਆ, ਅਸੀਂ ਤਾਂ ਨਹੀਂ ਹੁਣ ਛਕਦੇ। ਗੁਰੂ ਮਹਾਰਾਜ ਦੇ ਕੋਲ ਆ ਗਏ, ਰੋਣ ਲੱਗ ਗਿਆ ਕੇਸ਼ੋਦਾਸ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਤੁਸੀਂ ਕਲਜੁਗ ਦੇ ਅਵਤਾਰ ਹੋਂ। ਮਰਿਯਾਦਾ ਕਾਇਮ ਰੱਖਣ ਵਾਲੇ ਹੋਂ। ਤਿੰਨ ਯੁੱਗਾਂ ਦੀ ਮਰਿਯਾਦਾ ਕਾਇਮ ਚਲੀ ਆਈ ਹੈ। ਬ੍ਰਾਹਮਣ ਨੂੰ ਸਭ ਤੋਂ ਉੱਤਮ ਸਮਝਦੇ ਰਹੇ ਨੇ ਤੇ ਤੁਸੀਂ ਇਨ੍ਹਾਂ ਨੂੰ ਛਕਾ ਦਿੱਤਾ ਪ੍ਰਸ਼ਾਦਾ ਤੇ ਸਾਨੂੰ ਯਾਦ ਵੀ ਨਹੀਂ ਕਰਿਆ। ਮਹਾਰਾਜ ਕਹਿੰਦੇ, ਕੇਸ਼ੋਦਾਸ! ਸਾਡੇ ਵਿਸਰ ਗਿਆ, ਯਾਦ ਨਹੀਂ ਰਿਹਾ। ਗੁੱਸਾ ਨਾ ਤੁਸੀਂ ਕਰੋ, ਹੁਣ ਪ੍ਰਸ਼ਾਦਾ ਛਕਾ ਦਿੰਦੇ ਹਾਂ ਤੇ ਤੁਹਾਨੂੰ ਇਕੱਲਾ ਪ੍ਰਸ਼ਾਦਾ ਹੀ ਨਹੀਂ ਛਕਾਉਣਾ, ਨਾਲ ਦੁਸ਼ਾਲੇ ਵੀ ਦੇਵਾਂਗੇ, ਮੋਹਰਾਂ ਵੀ ਦੇਵਾਂਗੇ। ਕਹਿੰਦੇ, ਮਹਾਰਾਜ! ਸਾਡੀ ਮਾਨਤਾ ਨਹੀਂ ਰਹਿਣੀ ਕਲਜੁਗ 'ਚ। ਸਾਡੀ ਮਾਨਤਾ ਹੋਣੀ ਚਾਹੀਦੀ ਹੈ, ਕਿਉਂਕਿ ਸਾਡੇ ਜੋ ਪੂਰਵਜ ਨੇ, ਜੋ ਵੇਦ ਸ਼ਾਸਤਰ ਨੇ ਉਹ ਕਹਿੰਦੇ ਨੇ ਕਿ ਬ੍ਰਾਹਮਣ ਮੁੱਖ ਤੋਂ ਪੈਦਾ ਹੋਇਆ ਹੈ, ਸਭ ਤੋਂ ਉੱਪਰ ਹੈ ਇਹ। ਖੱਤਰੀ ਡੌਲਿਆਂ 'ਚੋਂ ਹੋਇਆ ਹੈ ਇਹ ਦੋ ਨੰਬਰ 'ਤੇ ਹੈ ਤੇ ਵੈਸ਼ ਜਿਹੜਾ ਹੈ ਉਹ ਤੀਸਰੇ ਨੰਬਰ 'ਤੇ ਆਉਂਦਾ ਹੈ, ਸ਼ੂਦਰ ਜਿਹੜਾ ਹੈ ਉਹ ਪੈਰਾਂ 'ਚੋਂ ਪੈਦਾ ਹੋਇਆ ਹੈ, ਏਸ ਕਰਕੇ ਉਹ ਸਭ ਤੋਂ ਹੇਠਾਂ ਹੈ। ਮਹਾਰਾਜ ਕਹਿੰਦੇ ਕੇਸ਼ੋਦਾਸ!

ਗੁਰਮਤਿ ਦੇ ਅੰਦਰ ਛੋਟਾ ਵੱਡਾ ਕੋਈ ਨਹੀਂ ਹੈ। ਇੱਕੋ ਆਤਮਾ ਸਾਰੇ ਪਰੀਪੂਰਨ ਹੈ ਪਰ ਚੰਗਾ ਇਹਦੇ ਨਾਲ ਦੂਹਰੀ ਗੱਲ ਕਰੀ ਹੈ, ਮਾਨਤਾ ਦੀ। ਤੁਸੀਂ ਪੰਡਤ ਹੋਂ, ਵਿਦਵਾਨ ਹੋਂ, ਬਾਣੀ ਦੀ ਖੋਜ ਕਰੋਂਗੇ, ਬਾਣੀ ਦਾ ਪ੍ਰਚਾਰ ਕਰੋਂਗੇ। ਬਾਣੀ ਦੇ ਸਿਧਾਂਤ ਨੂੰ ਜਾਣੋਂਗੇ, ਮੇਰਾ ਪੰਥ ਤੁਹਾਡੀ ਸਦਾ ਹੀ ਇੱਜ਼ਤ ਕਰੇਗਾ। ਮੈਂ ਵੀ ਤੁਹਾਡੀ ਇੱਜ਼ਤ ਕਰਦਾ ਹਾਂ, ਤੁਸੀਂ ਇਸ ਤਰ੍ਹਾਂ ਕਰੋ ਕਿ ਇੱਕ ਕੰਮ ਤੁਹਾਨੂੰ ਦਸਦੇ ਹਾਂ ਜੇ ਉਹ ਕੰਮ ਕਰੋਂਗੇ ਫੇਰ ਤਾਂ ਅਸੀਂ ਤੁਹਾਨੂੰ ਬਹੁਤ ਪੁੱਛਾਂਗੇ। ਤੁਹਾਡੇ ਪੁੱਛੇ ਬਿਨਾਂ ਨਹੀਂ ਚੱਲਾਂਗੇ। ਜੇ ਉਹ ਕੰਮ ਨਹੀਂ ਕਰੋਂਗੇ ਫੇਰ ਤੁਹਾਨੂੰ ਨਿਕਾਰ ਦੇਵਾਂਗੇ ਅਸੀਂ। ਕਹਿੰਦੇ ਉਹ ਕਿਹੜਾ ਕੰਮ ਹੈ, ਮਹਾਰਾਜ ਕਹਿੰਦੇ ਕੋਈ ਜ਼ੋਰ ਨਹੀਂ ਲਾਉਣਾ, ਕੁਛ ਨਹੀਂ ਕਰਨਾ। ਸਵੇਰੇ ਆ ਜਾਇਓ, ਤੁਹਾਨੂੰ ਕੰਮ ਦਸ ਦਿੱਤਾ ਜਾਏਗਾ ਤੇ ਬਹੁਤਾ ਚਿਰ ਨਹੀਂ ਕਰਾਉਂਦੇ, ਥੋੜ੍ਹਾ ਜਿਹਾ ਚਿਰ ਕਰਾਵਾਂਗੇ ਉਸ ਤੋਂ ਬਾਅਦ ਤੁਹਾਨੂੰ ਇੱਕ-ਇੱਕ ਦੁਸ਼ਾਲਾ, ਪੰਜ-ਪੰਜ ਮੋਹਰਾਂ ਦੇਵਾਂਗੇ ਸਭ ਨੂੰ ਤੇ ਰੋਜ਼ ਰੇਸ਼ਮੀ ਵਸਤਰ ਦੇਵਾਂਗੇ। ਪੈਸੇ ਦਿਆ ਕਰਾਂਗੇ ਰੋਜ਼, ਰੋਜ਼ ਆ ਜਾਇਆ ਕਰੋ। ਦੂਸਰੇ ਦਿਨ ਸਾਰੇ ਹੀ ਤਿਆਰ ਹੋ ਕੇ ਆ ਗਏ ਕਿ ਅੱਜ ਮਹਾਰਾਜ ਨੇ ਦੁਸ਼ਾਲੇ ਵੀ ਦੇਣੇ ਨੇ, ਸਿਰੋਪੇ ਵੀ ਦੇਣੇ ਨੇ ਵੱਡੇ-ਵੱਡੇ, ਮੋਹਰਾਂ ਵੀ ਦੇਣੀਆਂ ਨੇ ਸੋਨੇ ਦੀਆਂ, ਦੱਸੋ ਮਹਾਰਾਜ ਅਸੀਂ ਤਿਆਰ ਹੋ ਕੇ ਆਏ ਹਾਂ, ਮਹਾਰਾਜ ਕਹਿੰਦੇ, ਆਸਣ ਵਿਛੇ ਪਏ ਨੇ ਉਥੇ ਚੱਲੋ। ਕਹਿੰਦੇ, ਲਓ ਪੰਡਤ ਜੀ! ਕੇਸ਼ੋਰਾਮ ਜੀ! ਏਸ ਤਰ੍ਹਾਂ ਕਰੋ ਆਸਣਾਂ 'ਤੇ ਬੈਠ ਜਾਓ, ਤੇ ਮਾਲਾ ਪਈ ਹੈ ਹਰੇਕ ਦੇ ਨਾਲ। ਜਿ ਹਦੇ ਤਾਂ ਚਿੱਤ ਵਿਚ ਚਲਦਾ ਹੈ ਚਿੱਤ ਨਾਲ, ਮਨ ਵਿਚ ਚਲਦਾ ਹੈ ਮਨ ਨਾਲ, ਰਸਨਾ 'ਤੇ ਚਲਦਾ ਹੈ ਰਸਨਾ ਨਾਲ। ਇਹ ਸਿਰਫ ਕੁਛ ਨਹੀਂ ਕਰਨਾ, ਵਾਹਿਗੁਰੂ-ਵਾਹਿਗੁਰੂ ਕਹੀ ਜਾਣਾ ਹੈ। ਛਕਣ-ਛਕਾਉਣ ਵਾਸਤੇ ਭੰਡਾਰੇ ਖੁੱਲ੍ਹੇ ਨੇ ਛੱਕ ਲਓ। ਖੂਬ ਗੱਫੇ ਛਕਾਏ। ਖੂਬ ਭਰ-ਭਰ ਕੇ ਛਕ ਲਏ। ਮੱਖਣ ਛਕਦੇ ਨੇ, ਹੋਰ ਅਨੇਕਾਂ ਕਿਸਮ ਦੇ ਪਦਾਰਥ ਛਕ ਕੇ ਬੈਠ ਗਏ, ਮਹਾਰਾਜ ਕਹਿੰਦੇ ਕਿ ਫੇਰ ਥੋੜ੍ਹੀ ਦੇਰ ਨੂੰ ਤੁਹਾਨੂੰ ਦੁੱਧ ਆਏਗਾ, ਹੋਰ ਚੀਜ਼ਾਂ ਆਉਣਗੀਆਂ, ਜੋ ਕਹੋਗੇ ਉਹ ਆਏਗਾ। ਬਦਾਮਾਂ ਦੀ ਸ਼ਰਦਾਈ ਆਏਗੀ, ਬਹਿ ਜਾਓ ਤੇ ਵਾਹਿਗੁਰੂ-ਵਾਹਿਗੁਰੂ ਕਹਿਣਾ ਹੈ, ਇੱਕ ਤਾਂ ਉਬਾਸੀ ਨਹੀਂ ਲੈਣੀ, ਇੱਕ ਨੇਤਰ ਨਹੀਂ ਖੋਲ੍ਹਣੇ ਤੇ ਸੌਣਾ ਨਹੀਂ ਹੈ। ਸਾਵਧਾਨ ਹੋ ਕੇ ਬੈਠਣਾ ਹੈ। ਵਾਹਿਗੁਰੂ-ਵਾਹਿਗੁਰੂ ਕਹਿਣਾ ਹੈ, ਮਾਲਾ ਨਾਲ ਕਹਿ ਹੁੰਦਾ ਹੈ, ਮਾਲਾ ਨਾਲ ਕਹਿ ਲਓ, ਰਸਨਾ ਨਾਲ ਕਹਿ ਹੁੰਦਾ ਹੈ ਰਸਨਾ ਨਾਲ ਕਹਿ ਲਓ, ਸਵਾਸ ਨਾਲ ਕਹਿ ਹੁੰਦਾ ਹੈ, ਸਵਾਸ ਨਾਲ ਕਹਿ ਲਓ, ਮਨ 'ਚ ਚਿਤਵ ਸਕਦੇ ਓਂ, ਮਾਨਸਿਕ ਤੌਰ 'ਤੇ ਕਹਿ ਸਕਦੇ ਓਂ, ਮਾਨਸਿਕ ਤੌਰ 'ਤੇ ਕਹਿ ਲਓ। ਜਦੋਂ ਥੋੜ੍ਹੀ ਦੇਰ ਹੋਈ ਪਹਿਰੇ 'ਤੇ ਖੜ੍ਹਾ ਦਿਤੇ ਸਿੰਘ, ਕਹਿੰਦੇ ਦੇਖੋ, ਸਾਵਧਾਨ ਕਰਾਉਣਗੇ ਇਹ ਤੁਹਾਨੂੰ, ਜਿਹੜਾ ਸੌਏਂਗਾ, ਗੁੱਸਾ ਨਾ ਕਰਿਓ।

ਉਸ ਵੇਲੇ ਥੋੜ੍ਹੀ ਦੇਰ ਤੋਂ ਬਾਅਦ, ਕੀ ਦੇਖਦੇ ਨੇ; ਸੁਭਾਅ ਤਾਂ ਹੈ ਨਹੀਂ ਸੀ, ਨਾਮ ਜਪਣ ਦਾ ਤੇ ਨੇਤਰ ਖੋਲ੍ਹ ਕੇ ਇੱਕ ਦੂਜੇ ਵਲ ਦੇਖਦਾ ਹੈ, ਦੂਜਾ ਥੋੜ੍ਹੀ ਜਿਹੀ ਅੱਖ ਖੋਲ੍ਹ ਕੇ ਓਧਰ ਨੂੰ ਦੇਖਦਾ ਹੈ ਕਿ ਬੈਠਾ

ਇਹ ਵੀ ਮਾਲਾ ਫੇਰਦਾ ਹੈ ਕਿ ਮੈਂ ਹੀ ਫੇਰਦਾ ਹਾਂ, ਮਨ ਕਿੱਥੋਂ ਲੱਗੇ? ਕਿਸੇ ਨੂੰ ਉਬਾਸੀ ਆ ਰਹੀ ਹੈ, ਕਈ ਊਂਘਣ ਲਗ ਗਏ। ਤੁੰਦਰਾ ਨੀਂਦ ਪੈ ਜਾਂਦੀ ਹੁੰਦੀ ਹੈ, ਇਹਦੇ 'ਚ ਸਾਵਧਾਨਤਾ ਨਹੀਂ ਰਹਿੰਦੀ। ਮਹਾਰਾਜ ਨੇ ਸਾਵਧਾਨਤਾ ਕਿਹਾ ਹੈ –

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥***
***ਸਾਵਧਾਨ ਏਕਾਗਰ ਚੀਤ ॥*** ***ਅੰਗ – 295***

ਸਾਵਧਾਨ ਹੋ ਕੇ ਬੈਠੋ ਸੰਗਤ ਦੇ ਅੰਦਰ। ਅੱਖਾਂ ਮੀਚ ਕੇ ਜਿਹਨੂੰ ਨੀਂਦ ਆਉਂਦੀ ਹੈ, ਨੇਤਰ ਖੋਲ੍ਹ ਕੇ ਗੁਰੂ ਸਰੂਪ ਦਾ ਧਿਆਨ ਧਰੋ। ਸ਼ਬਦ ਵਿਚ ਬੋਲੋ, ਕੰਨਾਂ ਨਾਲ ਬਾਣੀ ਸੁਣ ਕੇ ਉਹਦੇ ਅਰਥ ਭਾਵ ਹਿਰਦੇ 'ਚ ਧਾਰਨ ਕਰੋ। ਥੋੜ੍ਹੀ ਦੇਰ ਤੋਂ ਬਾਅਦ ਉਂਘਣ ਲੱਗ ਗਏ ਕਈ। ਕਈਆਂ ਨੂੰ ਉਬਾਸੀਆਂ ਆਉਣ ਲੱਗ ਗਈਆਂ। ਇੱਕ ਨੂੰ ਆਈ, ਸਾਰਿਆਂ ਨੇ ਸ਼ੁਰੂ ਕਰ ਦਿਤਾ। ਉਬਾਸੀ ਐਸੀ ਬਿਮਾਰੀ ਹੈ ਕਿ ਇੱਕ ਨੂੰ ਆ ਜਾਵੇ, ਨਾਲ ਬੈਠੇ ਸਾਰਿਆਂ ਨੂੰ ਆਏਗੀ, ਕਿਉਂਕਿ ਜਿਹਦਾ-ਜਿਹਦਾ ਦਿਲ ਨਹੀਂ ਲਗਦਾ, ਉਹਨੂੰ ਸਾਰਿਆਂ ਨੂੰ ਉਬਾਸੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਨੇ। ਚਿੱਤ ਨਾ ਲੱਗਣ ਦੀ ਬਾਤ ਹੁੰਦੀ ਹੈ। ਇੱਕ ਨੇ ਕਿਤਾਬ ਪੜ੍ਹ ਲੈਣਗੇ, ਬਾਣੀ ਪੜ੍ਹਨ ਲਾ ਦਿਓ ਉਬਾਸੀਆਂ ਲੈਣ ਲੱਗ ਜਾਣਗੇ। ਕਿਉਂਕਿ ਚਿੱਤ ਨਹੀਂ ਲੱਗ ਰਿਹਾ।

ਮਹਾਰਾਜ ਕਹਿੰਦੇ ਦੇਖੋ ਤਾਂ। ਸਿੰਘ ਕਹਿੰਦੇ ਕਿ ਮਹਾਰਾਜ ਕਈ ਤਾਂ ਉਂਘਦੇ ਨੇ, ਕਈ ਅੱਖਾਂ ਖੋਲ੍ਹੀਂ ਬੈਠੇ ਨੇ, ਕਈ ਉਬਾਸੀਆਂ ਹੀ ਲਈ ਜਾਂਦੇ ਨੇ। ਕਹਿੰਦੇ, ਸਾਵਧਾਨ ਕਰੋ, ਬੋਲ ਦਿਓ। ਜਿਹੜੇ ਉਂਘਦੇ ਨੇ ਉਨ੍ਹਾਂ ਨੂੰ ਸ਼ਸਤਰ ਦੀ ਹੁੱਜ ਨਾਲ ਜਗਾ ਦਿਓ। ਉਨ੍ਹਾਂ ਦੇ ਬਰਛੇ ਲਾਈ ਜਾਂਦੇ ਨੇ ਸਿਰਾਂ 'ਚ ਸਾਵਧਾਨ ਹੋ! ਸਾਵਧਾਨ ਹੋ। ਘੰਟਾ ਨਾ ਲੰਘ ਸਕਿਆ। ਫੇਰ ਸਿੰਘ ਚਲੇ ਗਏ।

ਉਹ ਸਾਰੇ ਆਪਸ ਵਿਚ ਗੱਲਾਂ ਕਰਨ ਲੱਗ ਗਏ ਕਿ ਇਹ ਤਾਂ ਬਹੁਤ ਔਖਾ ਕੰਮ ਹੈ। ਇਹ ਤਾਂ ਨਹੀਂ ਹੋਣਾ। ਕਹਿੰਦੇ, ਮੋਹਰਾਂ ਵਗੈਰਾ ਤਾਂ ਲੈ ਲਓ ਅੱਜ ਦੀਆਂ।

ਕਹਿੰਦੇ, ਅੱਠ ਘੰਟੇ ਮਹਾਰਾਜ ਨੇ ਕਿਹਾ ਹੈ, ਇਹ ਤਾਂ ਹੋਣੇ ਹੀ ਨਹੀਂ, ਨੀਂਦ ਜ਼ੋਰ ਨਾਲ ਆ ਰਹੀ ਹੈ, ਉਬਾਸੀਆਂ ਆ ਰਹੀਆਂ ਨੇ, ਇਨ੍ਹਾਂ ਨੂੰ ਕਿਵੇਂ ਰੋਕੀਏ?

ਸਿੰਘ ਕਰੜਾ ਭੇਜ ਦਿਤਾ। ਉਹ ਕਹਿੰਦਾ, ਦੇਖੋ ਪੰਡਤ ਜੀ! ਹੁਣ ਤੱਕ ਤਾਂ ਹੱਥ ਬੰਨ੍ਹਦੇ ਹਾਂ, ਅਸੀਂ ਤੁਹਾਡੇ, ਤੁਸੀਂ ਗੁਰੂ ਦਾ ਕਾਰਜ ਕਰਨ ਲੱਗੇ ਓਂ, ਜੇ ਮਜ਼ਦੂਰ ਇਮਾਨਦਾਰੀ ਨਾਲ ਕੰਮ ਨਾ ਕਰੇ, ਤਾਂ ਫੇਰ ਉਹ ਦੰਡ ਦਾ ਭਾਗੀ ਹੁੰਦਾ ਹੈ ਤੇ ਮੈਂ ਫੇਰ ਦੰਡ ਦੇਣਾ ਹੈ, ਹੁੱਜ ਮਾਰਨੀ ਹੈ ਪੂਰੇ ਜ਼ੋਰ ਦੀ, ਗੁੱਸਾ ਨਾ ਕਰਿਓ। ਉੱਠ ਕੇ ਖੜ੍ਹੇ ਹੋ ਗਏ।

ਮਹਾਰਾਜ ਕਹਿੰਦੇ, ਕੇਸ਼ੋਦਾਸ! ਤੁਸੀਂ ਆ ਗਏ ਭਾਈ। ਅੱਜ ਦੀਆਂ ਮੋਹਰਾਂ ਤਾਂ ਲੈ ਜਾਓ, ਤੁਹਾਨੂੰ advance (ਅਗਾਊਂ) ਦੇ ਦਿਤੀਆਂ। ਆਹ

ਪਈਆਂ ਨੇ। ਕੀ ਗੱਲ ਤੁਸੀਂ ਬੈਠਦੇ ਨਹੀਂ? ਕਹਿੰਦੇ ਮਹਾਰਾਜ! ਇਸ ਤੋਂ ਸੁਖਾਲਾ ਰੁਜ਼ਗਾਰ ਸਾਡੇ ਕੋਲ ਹੈਗਾ। ਇਹ ਤਾਂ ਬਹੁਤ ਔਖਾ ਹੈ? ਕਹਿੰਦੇ ਉਹ ਕਿਹੜਾ ਹੈ? ਕਹਿੰਦੇ -

***ਰਾਹੂ ਕੇਤੂ ਬੈਲ ਹਮਾਰੇ, ਸਾੜ ਸਤੀ ਹੈ ਖੇਤੀ,***
***ਪੱਤਰੀ ਹਮਾਰੀ ਬੜੀ ਸ਼ਿਕਾਰਨ, ਮਾਰ ਲਿਆਵੇ ਛੇਤੀ।***

ਮਾੜਾ ਜਿਹਾ ਮਾਈ ਨੂੰ ਕਹਿਣ ਦੀ ਲੋੜ ਹੈ ਕਿ ਤੇਰੇ ਉੱਤੇ ਤਾਂ ਸਾੜਸਤੀ ਚੜ੍ਹ ਗਈ। ਸੱਤ ਕਿਸਮ ਦਾ ਅਨਾਜ ਦੇ, ਤੇ ਚਿੱਟੀ ਕੋਈ ਚੀਜ਼ ਦੇ। ਉਹ ਤਾਂ ਘਿਉ ਹੁੰਦਾ ਹੈ। ਪੀਲੇ ਰੰਗ ਦੀ ਧਾਤ ਦੇ, ਮਤਲਬ ਗਹਿਣਾ ਦੇ। ਕਹਿੰਦੇ ਮਹਾਰਾਜ! ਇੱਕ ਵਾਰੀ ਕਹੋ ਕਿ ਸਿੰਗਾਂ ਵਾਲੇ ਦਾ ਖਤਰਾ ਹੈ, ਧਰਤੀ ਦੇ ਉਤੇ ਏਸ ਤਰ੍ਹਾਂ ਚੱਲਣ ਵਾਲੇ ਦਾ ਖਤਰਾ ਹੈ, ਮਾਈ ਖੇਸ ਵੀ ਲਿਆਏਗੀ, ਸਭ ਕੁਛ ਲਿਆ ਕੇ ਦੇ ਦਏਗੀ, ਕੁਛ ਵੀ ਲੈ ਲਓ ਉਸ ਤੋਂ। ਕਹਿੰਦੇ, ਸਾਡਾ ਤਾਂ ਚੁਟਕੀ ਦਾ ਕੰਮ ਹੈ ਮਹਾਰਾਜ। ਆਹ ਅੱਠ ਘੰਟੇ ਕਦੋਂ ਲੰਘੇ, ਕਦ ਸਾਨੂੰ ਮਿਲਿਆ। ਨਾ ਮਹਾਰਾਜ! ਇਹ ਕੰਮ ਔਖਾ ਹੈ।

ਸੋ ਮਹਾਰਾਜ ਕਹਿੰਦੇ -

***ਆਖਣਿ ਅਉਖਾ ਸਾਚਾ ਨਾਉ ॥ ਅੰਗ - 349***

ਜੇ ਸੁਖਾਲਾ ਹੁੰਦਾ ਸਾਰੀ ਦੁਨੀਆਂ ਹੀ ਨਾਮ ਜਪਦੀ, ਲੇਕਿਨ ਨਾਮ ਤੋਂ ਭੁੱਲ ਕੇ ਮਹਾਰਾਜ ਕਹਿੰਦੇ, ਜੇ ਨਾਮ ਭੁੱਲਦਾ ਹੈ, ਤਾਂ ਇਹ ਤਨ ਨੂੰ ਅੱਗ ਦੇ ਵਿਚ ਜਾਲ ਦੇ, ਰੱਖਣ ਦੇ ਕਾਬਲ ਨਹੀਂ ਕਿਉਂਕਿ ਜਿਹੜੇ ਕੰਮ ਵਾਸਤੇ ਇਹ ਪ੍ਰਾਪਤ ਹੋਇਆ ਹੈ-

***ਨਾਨਕ ਇਹੁ ਤਨੁ ਜਾਲਿ ਜਿਨਿ ਜਲਿਐ ਨਾਮੁ ਵਿਸਾਰਿਆ ॥***
***ਅੰਗ - 789***

ਜਿਹਨੇ ਤ੍ਰਿਸ਼ਨਾ ਦੀ ਅੱਗ ਵਿਚ ਜਲੇ ਹੋਏ ਨੇ, ਨਾਮ ਨੂੰ ਭੁਲਾ ਦਿਤਾ, ਕਹਿੰਦੇ ਉਹਨੂੰ ਜਾਲ ਦੇ ਭਾਈ -

***ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥***
***ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥ ਅੰਗ - 1381***

ਬਾਲਣ ਤਾਂ ਬਚ ਜਾਏਗਾ, ਲੱਕੜੀ ਤੋਂ ਵੀ ਸਸਤਾ ਹੈ ਇਹ। ਸੋ ਇਸ ਤਰ੍ਹਾਂ ਦੇ ਨਾਲ ਨਾਮ ਤੋਂ ਬਗੈਰ, ਗੁਣ ਗਲ ਜਾਂਦੇ ਨੇ। ਗੁਰੂ ਨਾਨਕ ਪਾਤਸ਼ਾਹ! ਓਸ ਦਿਨ ਜਦੋਂ ਦੇਰ ਹੋ ਕੇ ਆਏ ਤੇ ਕੀਰਤਨ ਰਹਿ ਗਿਆ ਓਸ ਦਿਨ ਦਾ। ਏਸ ਗੱਲ ਨੂੰ ਐਨਾ ਮਹਿਸੂਸ ਕਰਿਆ ਆਪ ਨੇ ਕਿ ਇਹ ਤਾਂ ਤਨ ਰੱਖਣ ਦੇ ਕਾਬਲ ਹੀ ਨਹੀਂ ਹੈ, ਜਿਹੜਾ ਪ੍ਰਮੇਸ਼ਰ ਦੇ ਨਾਮ ਤੋਂ ਦੂਰ ਚਲਿਆ ਜਾਏ। ਭਾਵੇਂ ਆਪ ਨਹੀਂ ਗਏ, ਸਾਨੂੰ ਸੁਮੱਤ ਦਿੱਤੀ ਹੈ ਇਹ ਸਾਰੀ ਤੇ ਮਹਾਰਾਜ ਫੁਰਮਾਨ ਕਰਦੇ ਨੇ ਕਿ ਨਾਮ ਭੁੱਲਣ ਦੇ ਨਾਲ ਆਦਮੀ ਦੇ ਵਿਚ ਜਿੰਨੇ ਗੁਣ ਨੇ, ਸਤਿ ਗੁਣ ਜਿਨ੍ਹਾਂ ਨੂੰ ਕਹਿੰਦੇ ਨੇ - ਖਿਮਾ, ਸ਼ਰਧਾ, ਧੀਰਜ, ਸੰਤੋਖ, ਅਹਿੰਸਾ, ਤਪ, ਬ੍ਰਹਮਚਰੀਯ, ਦਾਨ ਹੈ। ਜਿੰਨੇ ਗੁਣ ਨੇ ਸਾਰੇ ਦੇ ਸਾਰੇ ਮਹਾਰਾਜ ਕਹਿੰਦੇ ਖਤਮ ਹੋ ਜਾਂਦੇ ਨੇ ਜੇ ਨਾਮ ਭੁੱਲ ਜਾਵੇ। ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਭੁੱਲ ਕੇ ਹਰਿ ਨਾਮ ਨੂੰ,***

***ਗਲ ਗਏ ਗੁਣ ਤੇਰੇ ਪਿਆਰੇ।***

***ਹਰਿ ਬਿਸਰਤ ਤੇਰੇ ਗੁਣ ਗਲਿਆ ॥ ਅੰਗ - 12***

ਵਾਹਿਗੁਰੂ ਜਦੋਂ ਭੁੱਲਦਾ ਹੈ, ਕਿੰਨਾ ਹੀ ਨੇਕ ਬੰਦਾ ਹੋਵੇ, ਉਹਦੇ ਗੁਣ ਗਲਣੇ ਸ਼ੁਰੂ ਹੋ ਜਾਂਦੇ ਨੇ, ਪਤਨ ਹੋਣਾ ਸ਼ੁਰੂ ਹੋ ਜਾਂਦਾ ਹੈ -

***ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥***
***ਅੰਗ - 990***

ਕਹਿੰਦੇ, ਜਿਹੜੀ ਸਾਡੀ ਕਰਨੀ ਹੈ, ਆਚਰਣ ਹੈ, ਚਰਿੱਤਰ ਹੈ ਇਹ ਤਾਂ ਹੈਗਾ ਕਾਗਜ਼। character (ਆਚਰਣ) ਛੋਟੀ ਜਿਹੀ ਚੀਜ਼ ਨਹੀਂ ਹੁੰਦੀ, ਬੇਅੰਤ ਚੀਜ਼ਾਂ ਨੇ ਇਹਦੇ ਵਿਚ। ਕੋਈ ਤੀਹ ਚਾਲੀ ਚੀਜ਼ਾਂ ਹੋਣ ਤਾਂ character (ਆਚਰਣ) ਹੋਇਆ ਕਰਦਾ ਹੈ। ਇੱਕ ਬੰਦਾ ਹੋਰ ਗੱਲਾਂ 'ਚ ਚੰਗਾ ਹੈ, ਕ੍ਰੋਧੀ ਹੈ। ਕਹਿੰਦੇ, ਇਹਦਾ ਕੀ character (ਆਚਰਣ) ਹੈ, ਕਹਿ ਕੇ ਮੁੱਕਰ ਜਾਂਦਾ ਹੈ। ਲੋਭੀ ਹੈ, ਕਹਿੰਦੇ ਇਹਦਾ character (ਆਚਰਣ) ਹੀ ਨਹੀਂ ਹੈ। ਪੂਰੇ ਸਾਰੇ ਗੁਣ ਹੋਣ, ਉਹਨੂੰ character (ਆਚਰਣ) ਕਹਿੰਦੇ ਨੇ। ਆਚਰਣ ਕਹਿੰਦੇ ਨੇ, ਸਾਡਾ ਜਿਹੜਾ ਆਚਰਣ ਹੈ ਇਹ ਤਾਂ ਕਰਣੀ ਕਾਗਦ, 'ਮਨੁ ਮਸਵਾਣੀ' 'ਦਵਾਤ' ਹੈਗਾ ਸਾਡਾ ਮਨ। ਇਹ ਹਰ ਵਕਤ ਲੇਖ ਲਿਖੀ ਜਾਂਦਾ ਹੈ ਕਾਗਜ਼ ਦੇ ਉੱਤੇ ਮਨ ਜਿਹੜਾ ਹੈ। ਹਰ ਵਕਤ ਲਿਖਦਾ ਹੈ, ਹਰ ਘੜੀ ਲਿਖਦਾ ਹੈ -

***ਚਿੰਤਤ ਹੀ ਦੀਸੈ ਸਭੁ ਕੋਇ ॥ ਚੇਤਹਿ ਏਕੁ ਤਹੀ ਸੁਖੁ ਹੋਇ ॥***
***ਅੰਗ - 932***

ਦੋ ਕਿਸਮ ਦੇ ਲੇਖ ਕਾਗਜ਼ 'ਤੇ ਲਿਖੀ ਜਾਂਦਾ ਹੈ। ਆਚਰਣ ਦੇ ਵਿਚ, ਅੰਤਸ਼ਕਰਣ ਦੇ ਵਿਚ, ਇੱਕ ਬੁਰੇ ਲੇਖ ਲਿਖਦਾ ਹੈ, ਇੱਕ ਭਲੇ ਲਿਖਦਾ ਹੈ ਤੇ ਉਨ੍ਹਾਂ ਲੇਖਾਂ ਨਾਲ ਕੀ ਹੁੰਦਾ ਹੈ, ਸਾਡਾ ਸੁਭਾਅ ਬਣਨਾ ਸ਼ੁਰੂ ਹੋ ਜਾਂਦਾ ਹੈ। ਸ਼ੁਭ ਤੇ ਅਸ਼ੁਭ ਕਰਮਾਂ ਵਲ ਸਾਨੂੰ ਤੋਰਦਾ ਹੈ ਫੇਰ ਇਹ ਸੁਭਾਅ, ਜੇ ਤਾਂ ਸ਼ੁਭ ਜ਼ਿਆਦਾ ਲਿਖੇ ਗਏ ਫੇਰ ਸਤਿਸੰਗ 'ਚ ਆਏਗਾ, ਆਸਾ ਦੀ ਵਾਰ 'ਤੇ ਜਿਸ ਦਿਨ ਹੋਏਗੀ, ਰਾਤ ਨੂੰ ਹੀ ਫਿਕਰ ਰਹੇਗਾ ਕਿ ਮੈਂ ਅੰਮ੍ਰਿਤ ਵੇਲੇ ਉੱਠਣਾ ਹੈ। ਪਹਿਲਾਂ ਹੀ ਉੱਠ ਕੇ ਤੁਰ ਜਾਏਗਾ। ਸਮੇਂ ਤੋਂ ਵੀ ਪਹਿਲਾਂ ਜਾ ਕੇ ਬੈਠ ਜਾਏਗਾ, ਕਿਉਂਕਿ ਸ਼ੁਭ ਗੁਣ ਉਹਦੇ ਵਧ ਗਏ ਨੇ, ਸ਼ੁਭ ਗੁਣ ਉਹਦੇ ਉਹਨੂੰ ਤੋਰ ਰਹੇ ਨੇ ਕਿ ਤੂੰ ਨੀਂਦ ਪਿਆਰੀ ਨਾ ਕਰ। ਜਾਗ, ਅੰਮ੍ਰਿਤ ਵੇਲੇ ਹਨ੍ਹੇਰੇ ਦੀ ਪਰਵਾਹ ਨਾ ਕਰ। ਜਾਹ, ਜਾ ਕੇ ਹਰੀ ਦਾ ਜਸ ਸਰਵਣ ਕਰ। ਉਹ ਤੁਰਦਾ ਹੈ ਤੇ ਜੇ ਮਾੜੇ ਲੇਖ ਲਿਖੇ ਗਏ ਫੇਰ ਪਿੱਠ ਦਿੰਦਾ ਹੈ ਕਿ ਅੱਜ ਤਾਂ ਮੇਰੇ ਤੋਂ ਜਾ ਨਹੀਂ ਹੁੰਦਾ, ਅੱਜ ਮੈਨੂੰ ਕੰਮ ਹੈ। ਸਰੀਰ ਮੇਰਾ ਥੱਕਿਆ ਹੋਇਆ ਹੈ। ਅੱਜ ਤਾਂ ਮੇਰੇ ਤੋਂ ਜਾ ਨਹੀਂ ਹੁੰਦਾ, ਸੌਂ ਜਾਓ ਬੇਫਿਕਰ ਹੋ ਕੇ। ਕਿਉਂਕਿ ਲੇਖਾਂ ਦਾ, ਸੁਭਾਅ ਦਾ ਫਰਕ ਪੈ ਗਿਆ। ਬੁਰੇ ਭਲੇ ਦੋ ਲੇਖ ਲਿਖੇ ਗਏ ਇਹਦੇ ਅੰਤਸ਼ਕਰਣ 'ਚ। ਉਹ ਅੰਤਸ਼ਕਰਣ ਦੇ ਲਿਖੇ ਲੇਖ ਬਿਰਤੀ ਬਣਾਉਂਦੇ ਨੇ। ਉਹਨੂੰ ਮਹਾਰਾਜ ਕਿਰਤ ਕਹਿੰਦੇ ਨੇ -

***ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥***

***ਅੰਗ - 133***

ਸਾਡੇ ਸੁਭਾਅ ਨੇ ਜਿਹੜੇ ਸਾਡੇ ਬੁਰੇ ਭਲੇ ਕਰਮ ਸੀ, ਉਹਨੇ ਸਾਡਾ ਸੁਭਾਅ ਬਣਾ ਦਿਤਾ, ਸੁਭਾਅ ਨੇ ਸਾਡੀ ਕਿਰਤ ਬਣਾ ਦਿਤੀ। ਉਹ ਕਿਰਤ ਦੇ ਕਰਮਾਂ ਦੇ ਨਾਲ ਹੇ ਪ੍ਰਭੂ! ਅਸੀਂ ਤੇਰੇ ਨਾਲੋਂ ਦੂਰ ਚਲੇ ਗਏ। ਤੂੰ ਕ੍ਰਿਪਾ ਕਰ।

ਸੋ ਦੋ ਕਿਸਮ ਦੇ ਲੇਖ ਲਿਖੇ ਜਾਂਦੇ ਨੇ, ਸ਼ੁਭ ਤੇ ਅਸ਼ੁਭ। ਦੋਵੇਂ ਰਸਤੇ ਨੇ, ਦੋ ਕਾਂਟੇ ਹੋ ਜਾਂਦੇ ਨੇ, ਜੇ ਅਸ਼ੁਭ ਲੇਖ ਲਿਖੇ ਗਏ ਤਾਂ ਅਸ਼ੁਭ ਪਾਸੇ ਨੂੰ ਅਸੀਂ ਤੁਰਨਾ ਸ਼ੁਰੂ ਹੋ ਜਾਵਾਂਗੇ। ਗਲਤ ਗੱਲਾਂ ਕਰਾਂਗੇ, ਨਾਸਤਕਤਾ ਆ ਜਾਏਗੀ, ਤਰਕਾਂ ਆ ਜਾਣਗੀਆਂ। ਹਰੀ ਦਾ ਜਸ ਕਰਨ ਤੇ ਸੁਣਨ ਨੂੰ ਤਿਆਰ ਨਹੀਂ ਹੋਵਾਂਗੇ। ਉਲਟੇ ਪਾਸੇ ਨੂੰ ਜਾਵਾਂਗੇ ਤੇ ਕਰਮਾਂ ਦਾ ਅਸਰ ਹੈ, ਇਹ ਤਾਂ ਦੂਰ ਹੁੰਦਾ ਹੈ ਜੇ ਗੁਣ ਪੈਦਾ ਹੋਣ। ਗੁਣ ਪੈਦਾ ਹੁੰਦੇ ਨੇ ਨਾਮ ਜਪਣ ਨਾਲ ਕਿਉਂਕਿ ਵਾਹਿਗੁਰੂ ਗੁਣਾਂ ਦਾ ਖਜ਼ਾਨਾ ਹੈ। ਮਹਾਰਾਜ ਕਹਿੰਦੇ, ਸੰਸਾਰ ਏਸ ਗੱਲ ਨੂੰ ਸਮਝਦਾ ਨਹੀਂ ਹੈ-

***ਕਰਣੀ ਕਾਗਦੁ ਮਨੁ ਮਸਵਾਣੀ***
***ਬੁਰਾ ਭਲਾ ਦੁਇ ਲੇਖ ਪਏ ॥***
***ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ***
***ਤਉ ਗੁਣ ਨਾਹੀ ਅੰਤੁ ਹਰੇ ॥*** ***ਅੰਗ - 990***

ਸੁਭਾਅ ਬਣ ਗਿਆ ਨਾ ਸਾਡਾ, ਉਹ ਸੁਭਾਅ ਸਾਨੂੰ ਚਲਾਉਂਦਾ ਹੈ, ਸੁਭਾਅ ਦੇ ਅਧੀਨ ਹੋ ਕੇ ਅਸੀਂ ਚਲਦੇ ਹਾਂ -

***ਚਿਤ ਚੇਤਸਿ ਕੀ ਨਹੀ ਬਾਵਰਿਆ ॥*** ***ਅੰਗ - 990***

ਬਉਰਿਆ! ਤੂੰ ਤਾਂ ਪਾਗਲ ਹੋ ਗਿਆ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਮਨਾਂ ਬਾਵਰਿਆ! ਤੈਨੂੰ ਵਿਸਰਿਆ ਕਰਤਾਰ।***

ਬਉਰਾ ਹੋ ਗਿਆ, ਬਉਰਾ ਹਲਕੇ ਹੋਏ ਨੂੰ ਕਹਿੰਦੇ ਨੇ -

***ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥***

***ਅੰਗ - 644***

ਮਹਾਰਾਜ ਕਹਿੰਦੇ, ਸਾਰਾ ਸੰਸਾਰਾ ਬਉਰਾ ਹੋਇਆ ਹੋਇਆ ਹੈ, ਹਲਕ ਗਿਆ। ਹਲਕਿਆ ਹੋਇਆ ਜਿਹੜਾ ਹੁੰਦਾ ਹੈ ਉਹਨੂੰ ਆਪਣੇ ਦੀ ਪਛਾਣ ਨਹੀਂ ਰਹਿੰਦੀ। ਉਹਨੂੰ ਹੀ ਆ ਕੇ ਚੱਕ ਮਾਰਦਾ ਹੈ, ਜਿੱਥੇ ਰਹਿੰਦਾ ਹੈ, ਉਹਨੂੰ ਹੀ ਵੱਢ ਖਾਂਦਾ ਹੈ। ਸੋ ਮਹਾਰਾਜ ਕਹਿੰਦੇ, ਏਸ ਤਰ੍ਹਾਂ ਦੇ ਨਾਲ ਬਉਰਾ ਹੋ ਗਿਆ ਇਹ ਮਨ। ਆਪਣੇ ਨਾਲ ਰਹਿਣ ਵਾਲੇ ਵਾਹਿਗੁਰੂ ਨੂੰ ਭੁੱਲ ਗਿਆ। ਜਿਹੜੇ ਚੋਰ ਸੀਗੇ ਉਨ੍ਹਾਂ ਵਲ ਨੂੰ ਤੁਰਿਆ ਜਾਂਦਾ ਹੈ -

***ਚਿਤ ਚੇਤਸਿ ਕੀ ਨਹੀ ਬਾਵਰਿਆ ॥*** ***ਅੰਗ - 990***

ਕਿਉਂ ਨਹੀਂ ਚਿੱਤ ਵਿਚ ਚੇਤਦਾ ਉਸ ਵਾਹਿਗੁਰੂ ਨੂੰ –

***ਹਰਿ ਬਿਸਰਤ ਤੇਰੇ ਗੁਣ ਗਲਿਆ ॥ ਅੰਗ – 990***

ਤੇਰੇ ਤਾਂ ਦਿਨ ਰਾਤ ਸਵੇਰੇ ਹੀ ਗੁਣ ਗਲਣੇ ਸ਼ੁਰੂ ਹੋ ਜਾਂਦੇ ਨੇ। ਦੂਜਾ ਦਿਨ ਫੇਰ ਹੋ ਜਾਂਦਾ ਹੈ। ਰਾਤ ਆ ਜਾਂਦੀ ਹੈ ਫੇਰ ਗਲਦੇ ਨੇ, ਦਿਨ ਚੜ੍ਹ ਜਾਂਦਾ ਹੈ ਫੇਰ ਗਲਦੇ ਨੇ। ਐਨਾ ਘਾਟੇ ਦਾ ਵਪਾਰੀ ਤੂੰ? –

***ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ ॥***
***ਅੰਗ – 990***

ਹਰ ਘੜੀ ਮਹਾਰਾਜ ਕਹਿੰਦੇ ਅਸੂਲਾਂ 'ਤੇ ਤੂੰ ਗਿਰਦਾ ਹੈਂ। ਭੋਗਾਂ ਦੇ ਰਸਾਂ ਦੇ ਵਿਚ ਫਸ ਰਿਹਾ ਹੈਂ ਹਰ ਘੜੀ। ਦਿਨ ਵਿਚ ਵੀ, ਰਾਤ ਵਿਚ ਵੀ। ਜਿੰਨੀਆਂ ਘੜੀਆਂ ਨੇ ਉਹ ਸਾਰੀਆਂ ਫਾਹੀਆਂ ਬਣ-ਬਣ ਕੇ ਤੇਰੇ ਗਲ ਵਿਚ ਪਈ ਜਾਂਦੀਆਂ ਨੇ –

***ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ***
***ਛੂਟਸਿ ਮੂੜੇ ਕਵਨ ਗੁਣੀ ॥ ਅੰਗ – 990***

ਤੂੰ ਤਾਂ ਇਹ ਜਿਹੜੇ ਬਾਕੀ ਕੁ-ਰਸ ਨੇ; ਵਾਹਿਗੁਰੂ ਦੇ ਨਾਮ ਦਾ ਰਸ ਹੁੰਦਾ ਹੈ, ਕੀਰਤਨ ਦਾ ਰਸ ਹੁੰਦਾ ਹੈ, ਬ੍ਰਹਮ ਅਨੰਦ ਦਾ ਰਸ ਹੁੰਦਾ ਹੈ, ਨਾਮ ਦਾ ਰਸ ਹੁੰਦਾ ਹੈ, ਸੇਵਾ ਦਾ ਰਸ ਹੁੰਦਾ ਹੈ। ਇਹ ਰਸ ਛੱਡ ਕੇ ਕੁ-ਰਸਾਂ 'ਚ ਬਾਕੀ ਜਿੰਨੇ ਰਸ ਆਦਮੀ ਨੂੰ ਮਹਿਸੂਸ ਹੁੰਦੇ ਨੇ ਉਹ ਸਾਰੇ ਕੁ-ਰਸ ਨੇ, ਕਹਿੰਦੇ ਉਨ੍ਹਾਂ ਕੁ-ਰਸਾਂ 'ਚ ਪੈ ਕੇ ਤੂੰ ਤਾਂ ਰੋਜ਼ ਹਰ ਸਾਹ ਫਸਦਾ ਜਾਂਦਾ ਹੈਂ। ਪਾਗਲਾ! ਛੁਟੇਂਗਾ ਕਿਵੇਂ? ਤੂੰ ਤਾਂ fool (ਮੂਰਖ) ਹੁੰਦਾ ਤੁਰਿਆ ਜਾਂਦਾ ਹੈਂ –

***ਕਾਇਆ ਆਰਣੁ ਮਨੁ ਵਿਚਿ ਲੋਹਾ***
***ਪੰਚ ਅਗਨਿ ਤਿਤੁ ਲਾਗਿ ਰਹੀ ॥ ਅੰਗ – 990***

ਕਾਇਆ ਰੂਪੀ ਜਿਹੜੀ ਆਰਣ ਇਹਦੇ ਵਿਚ ਮਨ ਰੂਪੀ ਲੋਹਾ, ਇਹਦੇ ਉਤੇ ਪੰਜ ਵਿਸ਼ਿਆਂ ਦੀ ਅੱਗ ਹਰ ਵਕਤ ਲੱਗੀ ਰਹਿੰਦੀ ਹੈ –

***ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ ॥***
***ਅੰਗ – 990***

ਕੋਲੇ ਪਾਪਾਂ ਦੇ ਪੈ-ਪੈ ਕੇ ਮਨ ਜਲ ਕੇ ਮਨੂਰ ਹੋ ਗਿਆ। ਫੇਰ ਕੋਈ ਇਲਾਜ ਹੈ? ਮਹਾਰਾਜ ਕਹਿੰਦੇ, ਇਲਾਜ ਤਾਂ ਹੈਗਾ। ਜੇ ਕਰਨਾ ਹੈ ਕਿਸੇ ਨੇ ਅਸੀਂ ਦਸ ਦਿੰਦੇ ਹਾਂ। ਮਨੂਰ ਹੋਇਆ-ਹੋਇਆ ਫੇਰ ਮੁੜ ਕੇ ਸੋਨਾ ਬਣ ਸਕਦਾ ਹੈ –

***ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥***
***ਅੰਗ – 990***

ਸਤਿਗੁਰੂ ਮਿਲ ਜਾਵੇ, ਪੂਰਾ ਸਤਿਗੁਰੂ। ਕਹਿੰਦੇ ਫੇਰ ਮਨੂਰ ਬਣਿਆ ਹੋਇਆ ਕੰਚਨ ਬਣ ਜਾਂਦਾ ਹੈ। ਉਹ ਫੇਰ ਕਾਹਦੇ ਨਾਲ ਬਣਾਉਂਦਾ ਹੈ ਕਹਿੰਦੇ –

***ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥***

***ਅੰਗ – 990***

ਉਹਦੇ ਕੋਲ ਅੰਮ੍ਰਿਤ ਨਾਮ ਹੁੰਦਾ ਹੈ ਤੇ ਨਾਮ ਦੀ ਦਾਤ ਦਿੰਦਾ ਹੈ। ਦੇਹ ਮੁੜ ਕੇ ਫੇਰ ਉਸੇ ਤਰ੍ਹਾਂ ਦੀ ਹੋ ਜਾਂਦੀ ਹੈ। ਪ੍ਰਸੰਨ ਹੋ ਕੇ ਉਹ ਦਿੰਦਾ ਹੈ ਨਾਮ ਦੀ ਦਾਤ। ਫੇਰ ਇਹ ਜਿਹੜਾ ਜੀਵ ਹੈ ਮੁੜ ਕੇ ਫੇਰ ਸੁਰਜੀਤ ਹੋ ਜਾਂਦਾ ਹੈ। ਮਰਿਆ ਹੋਇਆ ਫੇਰ ਜੀਉਂਦਾ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ, ਜੋ ਐਸਾ ਨਾਮ ਹੈ –

***ਨਾਨਕ ਇਹੁ ਤਨੁ ਜਾਲਿ ਜਿਨਿ ਜਲਿਐ ਨਾਮੁ ਵਿਸਾਰਿਆ ॥***

***ਅੰਗ – 789***

ਤ੍ਰਿਸ਼ਨਾ ਦੀ ਅੱਗ ਵਿਚ ਜਲੇ ਹੋਏ ਜੀਵ ਨੇ, ਜਿਹਨੇ ਨਾਮ ਵਿਸਾਰ ਦਿਤਾ, ਕਹਿੰਦੇ ਉਹਨੂੰ ਜਾਲ ਦੇ ਭਾਈ!–

***ਪਉਦੀ ਜਾਇ ਪਰਾਲਿ ਪਿਛੈ ਹਥੁ ਨ ਅੰਬੜੈ***
***ਤਿਤੁ ਨਿਵੰਧੈ ਤਾਲਿ ॥*** ***ਅੰਗ – 789***

ਕੂੜਾ ਕਰਕਟ ਪੈ ਰਿਹਾ ਹੈ ਤੇਰੇ ਅੰਤਸ਼ਕਰਣ 'ਚ। ਫੇਰ ਨਹੀਂ ਹੱਥ ਜਾਣਾ ਉਥੇ। ਅੰਤਸ਼ਕਰਣ ਦੇ ਨੀਵੇਂ ਤਾਲ ਵਿਚ ਆਤਮ ਵਸਤੂ ਰੂਪ, ਸੋਨੇ ਦਾ ਗਹਿਣਾ ਵਿਚ ਗਿਰਿਆ ਪਿਆ ਹੈ, ਚੁੱਕ ਲੈ ਜੇ ਚੁੱਕ ਹੁੰਦਾ ਹੈ, ਹੁਣ ਸਮਾਂ ਹੈ।

ਸੋ ਇਸ ਤਰ੍ਹਾਂ ਦੇ ਅੰਦਰ ਸਾਧਸੰਗਤ ਜੀ! ਨਾਮ ਹੈ –

***ਨਾਨਕ ਕੈ ਘਰਿ ਕੇਵਲ ਨਾਮੁ ॥*** ***ਅੰਗ – 1136***

ਇੱਥੇ ਕੁਛ ਨਹੀਂ ਹੈ। ਜਿੱਥੇ ਨਾਮ ਆ ਗਿਆ, ਉਥੇ ਸਭ ਕੁਛ ਆ ਗਿਆ –

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ ॥*** ***ਅੰਗ – 649***

ਜਿੱਥੇ ਨਾਮ ਆ ਗਿਆ, ਉਥੇ ਕੋਈ ਬੀਮਾਰੀ ਨਹੀਂ ਰਹਿੰਦੀ, ਉਥੇ ਕੋਈ ਫਿਕਰ ਨਹੀਂ ਰਹਿੰਦਾ, ਚਿੰਤਾ ਦਾ ਨਾਸ ਹੋ ਜਾਂਦਾ ਹੈ, ਵਿਘਨਾਂ ਦਾ ਨਾਸ ਹੋ ਜਾਂਦਾ ਹੈ। ਜਮਾਂ ਤੋਂ ਛੁਟ ਜਾਂਦਾ ਹੈ, ਗਰਭ ਵਿਚ ਆਉਂਦਾ ਨਹੀਂ। ਸਾਰੀਆਂ ਹੀ ਬਰਕਤਾਂ 'ਸੁਖਮਨੀ ਸਾਹਿਬ' ਦੀ ਪਹਿਲੀ ਅਸਟਪਦੀ, ਦੂਸਰੀ ਅਸਟਪਦੀ 'ਚ ਵਿਚਾਰ ਨਾਲ ਪੜ੍ਹ ਕੇ ਦੇਖਿਓ ਕਿ ਜਿੱਥੇ ਨਾਮ ਆ ਗਿਆ, ਉਥੇ ਆਹ ਚੀਜ਼ਾਂ ਆ ਜਾਂਦੀਆਂ ਨੇ। ਉਹ ਪੜ੍ਹਨ ਵਾਸਤੇ ਨਹੀਂ ਹਨ ਅਸਟਪਦੀਆਂ, ਕਮਾਉਣ ਵਾਸਤੇ ਨੇ। ਬਾਣੀ ਕਮਾਉਣ ਵਾਸਤੇ ਹੈ। ਆਸਾ ਜੀ ਦੀ ਵਾਰ ਪੜ੍ਹਦੇ ਹਾਂ, ਇਹ ਇਸ ਤਰ੍ਹਾਂ ਖੁਲ੍ਹਦੀ ਜਾਂਦੀ ਹੈ ਜਿਵੇਂ ਕੋਈ ਮੂਹਰੇ ਫਿਲਮ ਲੱਗੀ ਹੁੰਦੀ ਹੈ। ਵਿਚਾਰ ਕਰਕੇ ਦੇਖ ਲੈਣਾ ਕਦੇ। ਇਸ ਤਰ੍ਹਾਂ ਲੱਗੇਗੀ ਕਿ ਕੋਈ ਫਿਲਮ ਚੱਲ ਰਹੀ ਹੈ ਕੋਈ ਬਹੁਤ ਜ਼ਬਰਦਸਤ। ਜਿਹਦੇ ਇੱਕ-ਇੱਕ ਅੱਖਰ 'ਚ ਬੇਅੰਤ ਭਾਵ ਲੁਕੇ ਪਏ ਨੇ। ਜੇ ਤਾਂ ਉਹਨੂੰ ਸਮਝ ਲਓ ਤਾਂ ਰੋਜ਼ ਨਵੀਂ ਹੈ। ਇਸੇ ਕਰਕੇ ਮਹਾਰਾਜ ਨੇ ਰੋਜ਼ ਕਿਹਾ ਹੈ ਕਿ ਨਿੱਤ ਕੀਰਤਨ ਕਰੋ ਆਸਾ ਜੀ ਦੀ ਵਾਰ ਦਾ, ਆਪ ਕਰਾਉਂਦੇ ਰਹੇ ਨੇ। ਦਸਾਂ ਪਾਤਸ਼ਾਹੀਆਂ ਕਰਾਉਂਦੀਆਂ ਰਹੀਆਂ ਨੇ।

ਗੁਰੂ ਦਸਵੇਂ ਪਾਤਸ਼ਾਹ ਨੇ ਜਦੋਂ ਅਨੰਦਪੁਰ ਸਾਹਿਬ ਛੱਡ ਦਿੱਤਾ। ਅੱਧੀ ਰਾਤ ਤੁਰੇ ਨੇ ਤੇ ਜਦੋਂ ਸਰਸੇ ਦੇ ਕਿਨਾਰੇ ਪਹੁੰਚ ਗਏ, ਉਸ ਵੇਲੇ ਘੜਿਆਲ ਵੱਜ ਗਈ। ਮਹਾਰਾਜ ਨੇ ਦੇਖਿਆ ਕਿ ਘੋੜਿਆਂ ਤੇ ਚੜ੍ਹੇ ਹੋਏ ਨੇ ਕਿ ਘੜਿਆਲ ਵੱਜ ਗਿਆ ਭਾਈ। ਆਸਾ ਜੀ ਦੀ ਵਾਰ ਦਾ ਸਮਾਂ ਹੋ ਗਿਆ। ਕਹਿੰਦੇ ਹਾਂ ਮਹਾਰਾਜ।

ਕਹਿੰਦੇ, "ਫੇਰ?" ਆਸਾ ਜੀ ਦੀ ਵਾਰ ਤਾਂ ਗੁਰਸਿੱਖ ਦਾ ਜੀਵਨ ਹੈ ਮਹਾਰਾਜ। ਪਿੱਛੋਂ ਦੁਸ਼ਮਣ ਚੜ੍ਹਿਆ ਆ ਰਿਹਾ ਹੈ, ਖਬਰ ਆਈ ਹੈ ਕਿ ਸਾਰੀਆਂ ਹੀ ਫੌਜਾਂ ਏਧਰ ਨੂੰ ਮੁੜ ਪਈਆਂ, ਜਿੰਨਿਆਂ ਨੇ ਘੇਰਾ ਘੱਤਿਆ ਹੋਇਆ ਸੀ। ਕਹਿੰਦੇ, ਦੇਖੋ ਜੇ ਸਿੱਖ ਦੇ ਕੋਲੋਂ ਰੂਹਾਨੀਅਤ ਚਲੀ ਗਈ ਤਾਂ ਕੱਖ ਨਹੀਂ ਬਚਦਾ। ਸਰੀਰ ਜਾਵੇ ਤਾਂ ਜਾਵੇ। ਆਤਮ ਖੁਰਾਕ ਨਹੀਂ ਜਾਣ ਦੇਣੀ। ਸਰੀਰ ਨੂੰ ਚਾਹੇ ਕਿੰਨਾਂ ਹੀ ਖੇਦ ਹੋਵੇ। ਉਸੇ ਵੇਲੇ ਦੀਵਾਨ ਲੱਗ ਗਿਆ। ਖਬਰ ਆ ਗਈ ਕਿ ਮਹਾਰਾਜ! ਬਹੁਤ ਨੇੜੇ ਆ ਗਏ। ਸਾਹਿਬਜ਼ਾਦਾ ਅਜੀਤ ਸਿੰਘ ਨੂੰ ਤੇ ਭਾਈ ਬਚਿੱਤਰ ਸਿੰਘ ਨੂੰ, ਮਾਨ ਸਿੰਘ ਤੇ ਉਦੈ ਸਿੰਘ ਇਨ੍ਹਾਂ ਨੂੰ ਪੰਜ ਸੌ ਜਵਾਨ ਦੇ ਮਹਾਰਾਜ ਨੇ ਭੇਜ ਦਿਤਾ। ਪੂਰੀ ਆਸਾ ਜੀ ਦੀ ਵਾਰ, ਪੂਰੀ ਅਰਦਾਸ ਹੋਣ ਤੋਂ ਬਾਅਦ ਆਪ ਫੇਰ ਸਰਸਾ ਪਾਰ ਗਏ। ਦਸ ਦਿਤਾ ਆਪ ਨੇ ਪ੍ਰੈਕਟੀਕਲ ਕਰਕੇ ਕਿ ਐਸੇ ਬਿਖੜੇ ਸਮੇਂ ਦੇ ਵਿਚ ਵੀ ਸਿੱਖ 'ਆਸਾ ਜੀ ਦੀ ਵਾਰ' ਦਾ ਸਾਥ ਨਹੀਂ ਛੱਡਦਾ।

ਹੁਣ ਕੀ ਹੋਇਆ ਹੋਇਆ ਹੈ। ਤੁਹਾਨੂੰ ਪਤਾ ਹੀ ਹੈ ਕਿ ਕੀ ਹੋ ਰਿਹਾ ਹੈ। ਨਾ ਕੋਈ ਕਿਸੇ ਦੇ ਯਾਦ, ਵਾਧੂ ਚੀਜ਼ ਬਣ ਗਈ, ਗੁਰਦੁਆਰਿਆਂ 'ਚ ਪੜ੍ਹਦੇ ਨੇ, ਮੱਥਾ ਟੇਕਣ ਚਲੇ ਜਾਂਦੇ ਨੇ, ਕੋਈ ਪੂਰਾ ਬੈਠ ਕੇ ਸੁਣਦਾ ਨਹੀਂ, ਕਿਤੇ ਪੂਰੀ ਪੜ੍ਹੀ ਨਹੀਂ ਜਾਂਦੀ। ਪੜ੍ਹਨ ਵਾਲੇ ਪੜ੍ਹੀ ਜਾਂਦੇ ਨੇ, ਸੁਣਨ ਵਾਲੇ ਸੁਣਦੇ ਨੇ ਗਾ ਕੇ ਪੜ੍ਹਦੇ ਸੀ ਪੁਰਾਣੇ ਸਿੱਖ। ਸਾਰੇ ਜੋਟੀਆਂ ਦੇ ਵਿਚ ਪੜ੍ਹਦੇ ਸੀ। ਪਿੰਡਾਂ 'ਚ ਪੜ੍ਹਦੇ ਸੀ। ਸਿੱਖੀ ਤਾਂ ਕਾਇਮ ਸੀ, ਜਦੋਂ ਗੁਰਦਵਾਰਿਆਂ 'ਚ ਆਸਾ ਜੀ ਦੀ ਵਾਰ ਚਲਦੀ ਸੀ। ਹੁਣ ਗੁਰਦਵਾਰਿਆਂ 'ਚ, ਪਿੰਡਾਂ 'ਚ ਚਲੇ ਜਾਓ, ਕਿਤੇ ਚਲੇ ਜਾਓ। ਭਾਈ ਵੀ ਨਹੀਂ ਜਾਗਦਾ, ਉਹਨੂੰ ਪਾਠਾਂ ਤੋਂ ਵਿਹਲ ਨਹੀਂ ਮਿਲਦਾ ਤੇ ਕੀਰਤਨ ਕੌਣ ਕਰੇ। ਨਾ ਕੋਈ ਏਧਰ ਨੂੰ ਰੁਚੀ ਕਰਦਾ ਹੈ, ਅਖੀਰ ਪਤਨ ਆ ਰਿਹਾ ਹੈ। ਉਤੋਂ-ਉਤੋਂ ਸਿੱਖ ਰਹਿ ਗਏ, ਵਿਚੋਂ ਖਤਮ ਹੋ ਗਏ। ਸੋ ਇਹ ਸਾਰੀਆਂ ਚੀਜ਼ਾਂ ਨਾਮ ਦੇ ਆਸਰੇ ਖੜ੍ਹੀਆਂ ਨੇ ਸਾਧਸੰਗਤ ਜੀ। ਨਾਮ ਐਵੇਂ ਹੀ ਨਹੀਂ ਹੁੰਦਾ।

ਗੁਰੂ ਨਾਨਕ ਪਾਤਸ਼ਾਹ ਨੇ ਏਸ ਨਾਮ ਦੀ ਪ੍ਰਾਪਤੀ ਵਾਸਤੇ ਇੱਕ ਬਚਿੱਤਰ ਲੀਲਾ ਰਚੀ ਹੈ। ਜਦੋਂ ਮੋਦੀਖਾਨੇ ਦੀ ਘਟਨਾ ਵਾਪਰੀ, ਇੱਕ ਦਿਨ ਲੰਘ ਗਿਆ, ਦੋ ਦਿਨ ਲੰਘ ਗਏ, ਓਸ ਵੇਲੇ ਐਸਾ ਹੋਇਆ, ਕੋਈ ਸੰਦੇਸ਼ਾ ਮਿਲਿਆ ਗੁਰੂ ਨਾਨਕ ਪਾਤਸ਼ਾਹ ਨੂੰ ਕਿ ਹੇ ਨਾਨਕ! ਸਾਡੇ ਕੋਲ ਪਹੁੰਚ ਤੂੰ। ਗੁਰੂ ਨਾਨਕ ਪਾਤਸ਼ਾਹ, ਅੰਮ੍ਰਿਤ ਵੇਲਾ ਨਹੀਂ ਹੈ, ਦਿਨ ਹੈ ਉਸ ਵੇਲੇ। ਦਾਸ ਨਾਲ ਗਿਆ ਹੋਇਆ ਹੈ, ਦਿਨ ਦਾ ਇਸ਼ਨਾਨ ਕਰਨ ਵਾਸਤੇ ਆਪ ਜਾਂਦੇ ਨੇ ਤੇ ਉਥੇ ਜਾ ਕੇ ਆਪ ਨੇ ਚੁੱਭੀ ਮਾਰੀ। ਦਾਸ ਖੜ੍ਹਾ ਹੈ ਬਾਹਰ। ਉਹਨੇ ਦੇਖਿਆ ਕਿ ਹੁਣ ਨਿਕਲਣ ਬਾਹਰ, ਹੁਣ ਨਿਕਲਣ।

ਨਿਕਲੇ ਹੀ ਨਹੀਂ।

ਸਾਧਸੰਗਤ ਜੀ! ਐਸਾ ਲਿਖਿਆ ਹੋਇਆ ਹੈ। ਮੈਂ ਆਪਣੇ ਕੋਲੋਂ ਨਹੀਂ ਕਹਿੰਦਾ ਕਿ ਦਿਨ ਨਹੀਂ ਸੀਗਾ। ਕਿਉਂਕਿ ਰਾਤ ਦੇ ਨਾਲ ਕਈਆਂ ਨੂੰ ਭਰਮ ਹੋ ਗਿਆ ਕਿ ਅੰਮ੍ਰਿਤ ਵੇਲੇ ਗਏ, ਹਨ੍ਹੇਰੀ ਰਾਤ ਹੋਣੀ ਹੈ, ਗੁਰੂ ਨਾਨਕ ਸਾਹਿਬ ਤੜਕੇ ਪਾਰ ਚਲੇ ਗਏ ਤੇ ਪਰ੍ਹੇ ਜਾ ਕੇ ਕਿਸੇ ਜੰਗਲ 'ਚ ਬਹਿ ਗਏ। ਬਹੁਤੀਆਂ ਕਿਤਾਬਾਂ 'ਚ ਲਿਖਿਆ ਹੋਇਆ ਹੈ, ਮੈਂ ਪੜ੍ਹਿਆ ਹੈ ਕਿ ਉਹ ਪਰ੍ਹੇ ਜਾ ਕੇ ਕਿਸੇ ਜੰਗਲ 'ਚ ਬਹਿ ਗਏ, ਉਥੇ ਤਿੰਨ ਦਿਨ ਬੈਠੇ ਰਹੇ। ਲੇਕਿਨ ਓਸ ਵੇਲੇ ਦੇ ਭਾਈ ਬਾਲਾ ਨਾਲ ਨੇ, ਉਸੇ ਵੇਲੇ ਤੋਂ ਇਹ ਸਾਖੀ ਪ੍ਰਚਲਤ ਤੁਰੀ ਆਉਂਦੀ ਹੈ ਕਿ ਗੁਰੂ ਨਾਨਕ ਪਾਤਸ਼ਾਹ ਨੇ ਚੁੱਭੀ ਮਾਰੀ। ਉਹ ਨਫਰ ਨੇ ਦੇਖਿਆ। ਨਾਲ ਹੀ ਸਾਖੀਕਾਰ ਲਿਖਦੇ ਨੇ ਕਿ ਜਦੋਂ ਦੇਖਿਆ ਨਾ ਨਿਕਲੇ ਤਾਂ ਉਹ ਨੱਠ ਕੇ ਗਏ ਕਿ ਉਹ ਏਧਰ ਨਿਕਲ ਗਏ ਹੋਣੇ ਨੇ, ਉਸੇ ਵੇਲੇ ਦੌੜ ਕੇ ਜਾਂਦਾ ਹੈ, ਹੌਲੀ ਨਹੀਂ ਉਹ ਜਾਂਦਾ, ਕੱਪੜੇ ਓਵੇਂ ਜਿਵੇਂ ਹੱਥ ਵਿਚ ਨੇ, ਤੇ ਨਵਾਬ ਦੌਲਤ ਖਾਨ ਦਰਬਾਰ 'ਚ ਬੈਠਾ ਹੈ, ਕੋਰਟ 'ਚ ਬੈਠਾ ਹੈ ਓਸ ਵੇਲੇ। ਇਹਨੇ ਦੁਹਾਈ ਮਚਾ ਦਿਤੀ। ਕਹਿੰਦੇ, ਬੁਲਾਓ ਕੀ ਗੱਲ ਹੈ ਤਾਂ ਓਸ ਵੇਲੇ ਉਹ ਨਫਰ ਰੋਂਦਾ ਹੈ ਉੱਚੀ-ਉੱਚੀ ਕਹਿੰਦੇ ਤੂੰ ਗੱਲ ਦਸ ਕਿ ਕੀ ਹੈ?

ਕਹਿੰਦਾ, ਗੱਲ ਇਹ ਹੈ ਗੁਰੂ ਨਾਨਕ ਪਾਤਸ਼ਾਹ ਨੇ ਚੁੱਭੀ ਮਾਰੀ ਹੈ ਮੇਰੇ ਸਾਮ੍ਹਣੇ, ਮੁੜ ਨਿਕਲੇ ਨਹੀਂ ਹਨ, ਬਾਹਰ ਆਏ ਨਹੀਂ ਹਨ। ਉਹਨੇ ਹੁਕਮ ਦੇ ਦਿਤਾ ਕਿ ਹੁਣੇ ਛੇਤੀ ਡੁਬੋਲਈਏ ਤਿਆਰ ਹੋ ਕੇ ਚੱਲੋ ਤੇ ਜੈ ਰਾਮ ਜੀ ਨੂੰ ਖਬਰ ਕਰੋ। ਖਬਰ ਕੀਤੀ ਗਈ ਤੇ ਉਨ੍ਹਾਂ ਦੇ ਪਿਤਾ ਜੀ ਵੀ ਆਏ ਹੋਏ ਨੇ ਉਥੇ। ਜੈ ਰਾਮ ਜੀ ਵੀ ਨੇ, ਉਨ੍ਹਾਂ ਨੇ ਬਹੁਤ ਵੈਰਾਗ ਕਰਨਾ ਸ਼ੁਰੂ ਕਰ ਦਿਤਾ। ਲੇਕਿਨ ਕਿਸ਼ਤੀਆਂ ਲੈ ਕੇ, ਜਾਲ ਲੈ ਕੇ, ਗੋਤਾਖੋਰ ਆ ਕੇ ਦੂਰ-ਦੂਰ ਤੱਕ ਜਾਲ ਪਾਉਂਦੇ ਨੇ, ਕੁਛ ਨਹੀਂ ਹੱਥ ਵਿਚ ਆਉਂਦਾ, ਕੱਛੂ ਵੀ ਆਈ ਜਾਂਦੇ ਨੇ, ਡੱਡੂ ਵੀ ਜਾਲ ਵਿੱਚ ਫਸੀ ਜਾਂਦੇ ਨੇ, ਵੱਡੇ-ਵੱਡੇ ਮੱਛ ਵੀ ਜਾਲ ਵਿਚ ਫਸੀ ਜਾਂਦੇ ਨੇ। ਲੇਕਿਨ ਗੁਰੂ ਨਾਨਕ ਦਾ ਨਹੀਂ ਪਤਾ ਲਗਦਾ। ਫੇਰ ਜਾਲ, ਕਿਸ਼ਤੀਆਂ ਲਈਆਂ, ਕਿਨਾਰੇ-ਕਿਨਾਰੇ ਚੱਲ ਕੇ ਡੂੰਘੇ ਜਾਲ ਪੁਆਏ। ਫੇਰ ਕੁਛ ਨਾ ਹੋਇਆ, ਦਿਨ ਛਿਪਣ ਵਾਲਾ ਹੋ ਗਿਆ, ਓਸ ਵੇਲੇ ਨਵਾਬ ਨੇ ਕਿਹਾ ਕਿ ਬੜਾ ਅਫਸੋਸ ਹੋਇਆ। ਉਹ ਤਾਂ ਰੱਬੀ ਪੁਰਸ਼ ਸੀ, ਬੜਾ ਘਾਟਾ ਪਿਆ। ਮੈਨੂੰ ਲਗਦਾ ਹੈ ਕਿ ਅੱਲਾਹ ਨੇ ਆਪਣੇ ਕੋਲ ਬੁਲਾ ਲਿਆ ਉਸਨੂੰ ਏਸ ਸੰਸਾਰ ਤੋਂ। ਵੈਰਾਗ ਕਰਦਾ ਹੈ ਜੈ-ਰਾਮ, ਸਮਝਾਉਂਦਾ ਹੈ ਓਸਨੂੰ। ਜੈ-ਰਾਮ ਤੂੰ ਵੈਰਾਗ ਨਾ ਕਰ, ਅਸੀਂ ਆਪਣਾ ਪੂਰਾ ਜ਼ੋਰ ਜੋ ਵੀ ਸਾਡੇ ਵਸ ਹੈ, ਅਸੀਂ ਲਾ ਲਿਆ। ਕੋਈ ਕਸਰ ਨਹੀਂ ਰੱਖੀ, ਉਪਰ ਵੀ ਜਾਲ ਪੁਆ ਲਏ ਕਿ ਕੋਈ ਮੱਛ ਨਿਘਲ ਗਿਆ ਹੋਵੇ।

ਇੱਕ ਬੇਬੇ ਨਾਨਕੀ ਸੀ, ਜੈ ਰਾਮ ਜਾਂਦੇ ਨੇ ਜਾ ਕੇ ਵੈਰਾਗ ਕਰਦੇ ਨੇ ਕਿ ਮੈਂ ਕੀ ਜਵਾਬ ਦੇਵਾਂਗਾ ਤੇਰੇ ਪਿਤਾ ਜੀ ਨੂੰ। ਮੇਰੇ ਕੋਲ ਆ ਕੇ ਉਹ ਇਸ ਤਰ੍ਹਾਂ ਹੋਏ, ਦਰਿਆ ਵਿਚ ਡੁੱਬ ਗਏ। ਉਹ ਕਹਿਣ ਲੱਗੀ, ਆਹ ਗੱਲ ਮੇਰੇ ਵੀਰ ਨੂੰ ਨਾ ਆਖੀਂ। ਉਹ ਤਾਂ ਸਾਰੇ ਡੁੱਬੇ ਹੋਏ ਸੰਸਾਰ ਨੂੰ ਤਾਰਨ ਵਾਲਾ ਹੈ, ਉਹਨੂੰ ਕੌਣ ਦਰਿਆ ਡੋਬ ਸਕਦਾ ਹੈ? ਕਿਉਂਕਿ ਇਹ ਕਿਸੇ ਦੀ ਤਾਕਤ ਨਹੀਂ ਹੈ ਕਿ ਉਨ੍ਹਾਂ ਨੂੰ ਡੁਬੋ ਦੇਵੇ ਕਿਉਂਕਿ -

***ਭੈ ਵਿਚਿ ਪਵਣੁ ਵਹੈ ਸਦਵਾਉ ॥***
***ਭੈ ਵਿਚਿ ਚਲਹਿ ਲਖ ਦਰੀਆਉ ॥***
***ਭੈ ਵਿਚਿ ਅਗਨਿ ਕਢੈ ਵੇਗਾਰਿ ॥*** ***ਅੰਗ - 464***

ਹਵਾ ਵੀ ਭੈ ਵਿਚ ਚਲਦੀ ਹੈ, ਦਰਿਆ ਵੀ, ਅਗਨ ਵੀ ਭੈ ਵਿਚ ਚਲਦੀ ਹੈ। ਇਹ ਤਾਂ ਸਭ ਭੈ ਵਿਚ ਚਲਦੇ ਨੇ ਨਿਰੰਕਾਰ ਦੇ। ਉਹ ਤਾਂ ਆਪ ਉਹਦਾ ਸਰੂਪ ਹੈ ਕੋਈ ਉਨ੍ਹਾਂ ਨੂੰ ਡਬੋ ਨਹੀਂ ਸਕਦਾ। ਸੋ ਏਧਰਲੇ ਪਾਸੇ ਗੁਰੂ ਨਾਨਕ ਪਾਤਸ਼ਾਹ, ਕਹਿਣ ਵਾਸਤੇ ਸਾਡੇ ਕੋਲ ਕੋਈ ਅੱਖਰ ਨਹੀਂ ਹਨ ਸਮਝਾਉਣ ਵਾਸਤੇ। ਬੋਲੀ matter (ਪਦਾਰਥ) ਨੇ ਬਣਾਈ ਹੈ। ਪਦਾਰਥਕ ਮਾਇਆ ਦੀ ਬਣਾਈ ਹੋਈ ਬੋਲੀ ਹੈ। ਸਾਡੇ ਖਿਆਲ ਵੀ ਮਾਇਕ ਨੇ, ਅਸੀਂ ਸਮਝਾ ਨਹੀਂ ਸਕਦੇ ਕਿ ਗੁਰੂ ਨਾਨਕ ਸਾਹਿਬ ਕਿਵੇਂ ਗਏ। ਕਿਉਂਕਿ ਜਦ ਬੋਲੀ ਨਹੀਂ ਹੈ, ਦੇਖੀ ਨਹੀਂ ਚੀਜ਼ ਤੇ ਦੁਨੀਆਂ ਦੇ ਵਿਚ ਦੱਸਣ ਨੂੰ ਕੋਈ ਅੱਖਰ ਨਹੀਂ ਹੈਗੇ ਫੇਰ ਦੱਸਿਆ ਕਿਵੇਂ ਜਾਵੇ। ਹੁਣ ਮਨੁੱਖ ਬੋਲੀ 'ਚ ਜਿਵੇਂ ਦ੍ਰਿਸ਼ਟਾਂਤ ਦੇ ਨਾਲ ਕੋਈ ਚੀਜ਼ ਦੱਸੀ ਜਾਂਦੀ ਹੈ, ਓਸ ਤਰ੍ਹਾਂ ਦੇ ਨਾਲ ਦੱਸਣ ਵਾਸਤੇ ਹੈ ਕਿ ਗੁਰੂ ਨਾਨਕ ਪਾਤਸ਼ਾਹ ਸੱਚਖੰਡ ਦੇ ਵਿਚ ਪਹੁੰਚਦੇ ਨੇ। ਉਸ ਵੇਲੇ ਆਵਾਜ਼ ਆਈ ਕਿ ਨਾਨਕ! ਤੂੰ ਅੰਦਰ ਆ, ਮੇਰੇ ਸਰੂਪ 'ਚ ਦਾਖਲ ਹੋ। ਪ੍ਰਕਾਸ਼ ਹੀ ਪ੍ਰਕਾਸ਼ ਹੈ, ਸਾਨੂੰ ਕਹਿਣ ਵਾਸਤੇ। ਬਈ ਸਾਡੇ ਵਰਗਾ ਪ੍ਰਕਾਸ਼ ਸੀ ਇਹ ਨਹੀਂ ਅਸੀਂ ਕਹਿ ਸਕਦੇ ਕਿਉਂਕਿ matter (ਪਦਾਰਥ) ਦਾ ਪ੍ਰਕਾਸ਼ ਹੈ। ਜੋ ਪ੍ਰਕਾਸ਼ ਉਥੇ ਸੀ ਉਹ ਵਾਹਿਗੁਰੂ ਹੀ ਜਾਣਦਾ ਹੈ ਜਾਂ ਗੁਰੂ ਨਾਨਕ ਸਾਹਿਬ ਜਾਣਦੇ ਨੇ ਤੇ ਓਸ ਵੇਲੇ ਆਪ ਨੇ ਪਾਸ ਬੁਲਾ ਲਏ ਤੇ ਕਹਿਣ ਲੱਗੇ, ਨਾਨਕ! ਤੈਨੂੰ ਮੈਂ ਸੰਸਾਰ 'ਤੇ ਭੇਜਿਆ ਸੀ ਕਿ ਬਹੁਤ ਭਿਆਨਕ ਯੁੱਗ ਚੱਲ ਰਿਹਾ ਹੈ ਜਿਹਨੂੰ ਕਲਜੁਗ ਦਾ ਯੁੱਗ ਕਹਿੰਦੇ ਨੇ। ਪਹਿਲੇ ਯੁੱਗਾਂ 'ਚ ਮੈਂ ਭੇਜਦਾ ਰਿਹਾ ਹਾਂ, ਉਨ੍ਹਾਂ ਦੇ ਥੋੜ੍ਹੇ ਜਿਹੇ ਉਪਦੇਸ਼ ਦੇ ਨਾਲ ਹੀ ਸੰਸਾਰ ਸਮਝ ਜਾਂਦਾ ਰਿਹਾ ਹੈ, ਹੁਣ ਤਾਂ ਬਿਲਕੁਲ ਘੋਰ ਅੰਧੇਰਾ ਛਾ ਗਿਆ ਕਿ ਤੁਸੀਂ ਉਹ ਕੰਮ ਸ਼ੁਰੂ ਨਹੀਂ ਕਰਿਆ। ਜੀਵ ਉਹ ਕਰਮ ਕਰ ਰਹੇ ਨੇ ਜਿਹਦੇ ਨਾਲ ਇਹ ਦੁਖੀ ਹੋ ਜਾਣ। ਨਿਹਚੇ ਕਮਜ਼ੋਰ ਹੋ ਗਏ ਨੇ। ਨਾਮ ਦੇ ਸੁੱਖ ਤੋਂ ਸੰਸਾਰ ਭੁੱਲ ਗਿਆ ਹੈ। ਜ਼ਿਕਰ ਨਹੀਂ ਕਰਦਾ। ਤੇ ਤੁਸੀਂ ਕੰਮ ਨਹੀਂ ਕਰਿਆ।

ਗੁਰੂ ਨਾਨਕ ਕਹਿਣ ਲੱਗੇ, ਪਾਤਸ਼ਾਹ! ਆਪ ਦਾ ਫੁਰਮਾਨ ਹੈ ਕਿ ਨਾਮ ਗੁਰੂ ਤੋਂ ਪ੍ਰਾਪਤ ਹੁੰਦਾ ਹੈ, ਜਦੋਂ ਤੱਕ ਆਪ ਥਾਪਦੇ ਨਹੀਂ ਹੋ ਗੁਰੂ ਸੰਸਾਰ ਦਾ। ਓਨਾਂ ਚਿਰ ਫੇਰ ਮੈਂ ਗੁਰੂ ਵਾਲਾ ਕੰਮ ਕਿਵੇਂ ਕਰਾਂ? ਸੰਸਾਰ 'ਚ ਨਹੀਂ ਕੋਈ ਲੱਭਿਆ? ਮਹਾਰਾਜ ਕਹਿੰਦੇ -

***ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ ॥*** ***ਅੰਗ - 936***

ਇਸ ਵੇਲੇ ਸੰਸਾਰ 'ਚ ਕੋਈ ਨਹੀਂ ਹੈ ਗੁਰੂ ਤੇ ਮੈਂ ਇਸ ਕਰਕੇ ਆਪ ਦੀ ਦਰਗਾਹ 'ਚ ਪਹੁੰਚਿਆ ਹਾਂ ਤੇ ਆਪ ਕ੍ਰਿਪਾ ਕਰੋ, ਤਾਂ ਓਸ ਵੇਲੇ ਨਿਰੰਕਾਰ ਨੇ ਐਸਾ ਲਿਖਿਆ ਹੈ ਸਾਖੀ ਦੇ ਅੰਦਰ ਕਿ ਇੱਕ ਪਿਆਲਾ ਦਿਤਾ, ਕਹਿੰਦੇ ਨਾਨਕ! ਤੂੰ ਮੇਰੇ ਅੰਮ੍ਰਿਤ ਨਾਮ ਦਾ ਪਿਆਲਾ ਪੀ ਇਹਦੇ

ਵਿਚ ਸਤਿ ਹੈ, ਸੰਤੋਖ ਹੈ, ਸ਼ੀਲ ਹੈ, ਸੰਜਮ ਹੈ ਸਾਰੇ ਗੁਣ ਨੇ, ਤੂੰ ਨਾਮ ਦਾ ਪਿਆਲਾ ਪੀ। ਗੁਰੂ ਨਾਨਕ ਨੇ ਸਿਰ ਝੁਕਾਇਆ ਤੇ ਨਾਮ ਦਾ ਪਿਆਲਾ ਪੀਤਾ। ਪੀਂਦੇ ਸਾਰ ਨਾਮ ਦੀ ਮਹਿਮਾ ਪ੍ਰਗਟ ਹੋ ਗਈ ਸਾਧਸੰਗਤ ਜੀ। ਕੀ ਦੇਖਦੇ ਨੇ, ਪਾਤਾਲਾਂ ਵਲ ਦੇਖਦੇ ਨੇ ਉਹਦਾ ਅੰਤ ਨਹੀਂ ਆਉਂਦਾ, ਆਕਾਸ਼ਾਂ ਵਲ ਦੇਖਦੇ ਨੇ ਉਹਦਾ ਅੰਤ ਨਹੀਂ ਆਉਂਦਾ। ਨਾਮ ਦੀ ਮਹਿਮਾ ਦਾ ਕੋਈ ਅੰਤ ਨਹੀਂ ਆ ਰਿਹਾ। ਵਾਹਿਗੁਰੂ ਦੇ ਹੁਕਮ ਦਾ ਕੋਈ ਪਤਾ ਨਹੀਂ ਲਗਦਾ। ਬੇਅੰਤ ਪਸਾਰਾ, ਬੇਅੰਤ ਲੇਖ ਤਾਂ ਓਸ ਵੇਲੇ ਗੁਰੂ ਨਾਨਕ ਪਾਤਸ਼ਾਹ ਜੀ ਨੇ, ਓਸ ਅਨੁਭਵ ਨੂੰ ਪ੍ਰਗਟ ਕਰਨ ਵਾਸਤੇ ਇਸ ਤਰ੍ਹਾਂ ਦੇ ਨਾਲ ਬੇਨਤੀ ਕੀਤੀ –

***ਧਾਰਨਾ – ਕੀਮਤ ਤੇਰੀ ਓ ਨਾ ਪੈਂਦੀ,***
***ਹਉਂ ਕੇਵਡ ਆਖਾ ਨਾਉਂ।***
***ਵਾਹਿਗੁਰੂ–ਵਾਹਿਗੁਰੂ–ਵਾਹਿਗੁਰੂ–ਵਾਹਿਗੁਰੂ।***
***ਵਾਹਿਗੁਰੂ–ਵਾਹਿਗੁਰੂ–ਵਾਹਿਗੁਰੂ–ਵਾਹਿਗੁਰੂ...........।***

ਕੋਟ ਕਹਿੰਦੇ ਨੇ ਕਰੋੜਾਂ-ਕਰੋੜਾਂ; ਕਰੋੜਾਂ ਨੂੰ ਕਰੋੜਾਂ ਨਾਲ ਜ਼ਰਬ ਦੇ ਦਿਤੀ ਜਾਵੇ, ਖਰਬਾਂ ਹੀ ਖਰਬਾਂ, ਐਨੇ ਸਾਲ ਮੇਰੀ ਆਰਜਾ ਹੋ ਜਾਵੇ –

***ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥***

***ਅੰਗ – 14***

ਪਉਣ ਦਾ ਪਾਣੀ ਪੀ ਕੇ ਜੀਉਂਦਾ ਰਹਾਂ –

***ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥***

***ਅੰਗ – 14***

ਐਨਾ ਧਿਆਨ ਦੇ ਵਿਚ ਮੈਂ ਹੋ ਜਾਵਾਂ ਕਿ ਨਾ ਚੰਦ, ਨਾ ਸੂਰਜ, ਨਾ ਰਾਤ, ਬਾਹਰ ਨਿਕਲ ਕੇ ਦੇਖਾਂ ਹੀ ਨਾ। ਗੁਫਾ 'ਚ ਰਹਾਂ –

***ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥***

***ਅੰਗ – 14***

ਅਕਾਲ ਪੁਰਖ ਐਡਾ ਨਾਉਂ, ਇਹਦੀ ਕੀਮਤ ਨਹੀਂ ਪੈ ਸਕਦੀ। ਤਾਂ ਹੀ ਕਿਹਾ ਹੈ –

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥***

***ਅੰਗ – 81***

ਪਿਆਰ ਤਾਂ ਮਾਨਿਆ ਜਾ ਸਕਦਾ ਹੈ। ਨਾਮ ਦੀ ਕੀਮਤ ਨਹੀਂ ਪਾਈ ਜਾ ਸਕਦੀ।

***ਸਾਚਾ ਨਿਰੰਕਾਰੁ ਨਿਜ ਥਾਇ ॥***
***ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥ 1 ॥***
***ਰਹਾਉ॥ ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥***

***ਅੰਗ – 14***

ਦੋ ਖਰਬ ਪੰਦਰਾਂ ਅਰਬ ਸੈਲ ਹੈ ਇਹਦਾ। ਇਕੱਲਾ-ਇਕੱਲਾ ਸੈਲ

ਕਰ ਦੇਈਏ, ਓਸ ਸੈਲ ਨੂੰ ਫੇਰ ਕਰੋੜਾਂ ਵਾਰੀ ਕੱਟ ਦੇਈਏ, ਬਰੀਕ ਤੋਂ ਬਰੀਕ ਬਣਾ ਲਈਏ –

***ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥***
***ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥***

***ਅੰਗ – 14***

ਹੇ ਪਾਤਸ਼ਾਹ! –

***ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥ ਅੰਗ – 14***

ਉਡਦਾ ਹੀ ਚਲਿਆ ਜਾਵਾਂ, ਉਡਦਾ ਹੀ ਚਲਿਆ ਜਾਵਾਂ। ਬੇਗਿਣਤ ਅਸਮਾਨਾਂ ਵਿਚ ਮੈਂ ਚਲਿਆ ਜਾਵਾਂ –

***ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥***
***ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ 3 ॥***
***ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥***
***ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥***
***ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥***

***ਅੰਗ – 14-15***

ਤੇ ਸਿਆਹੀ ਵੀ ਖਤਮ ਨਾ ਹੋਵੇ। ਹਵਾ ਤੋਂ ਵੀ ਤੇਜ਼ 60-70-100 ਮੀਲ ਦੀ ਰਫਤਾਰ 'ਤੇ ਕਲਮ ਚਲਦੀ ਹੋਵੇ।

ਸੋ ਐਸਾ ਬਚਨ ਆਪ ਨੇ ਜਿਸ ਵਕਤ ਬੇਨਤੀ ਕੀਤੀ, ਨਾਮ ਦਾ ਪ੍ਰਕਾਸ਼ ਹੋਇਆ। ਕਿਉਂਕਿ ਸਾਰੇ ਨਾਮ ਦਾ ਪ੍ਰਕਾਸ਼ ਹੈ ਸਾਧਸੰਗਤ ਜੀ –

***ਨਾਮ ਕੇ ਧਾਰੇ ਸਗਲੇ ਜੰਤ ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਅੰਗ – 284***

ਸਾਰੇ ਖੰਡ ਬ੍ਰਹਿਮੰਡ ਸ਼ਬਦ ਨੇ ਧਾਰਨ ਕਰੇ ਹੋਏ ਨੇ, ਗੁਰੂ ਦਸ਼ਮੇਸ਼ ਪਿਤਾ ਫੁਰਮਾਉਂਦੇ ਨੇ –

***ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰ ਜਗਤ ਮੋ ਰਹਾ।***

ਭਾਈ ਗੁਰਦਾਸ ਜੀ ਕਹਿੰਦੇ ਨੇ –

***ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।***
***ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।***

***ਭਾਈ ਗੁਰਦਾਸ ਜੀ, ਵਾਰ 26/2***

ਉਸ ਨਾਮ ਨੇ ਬੇਅੰਤ ਆਕਾਰ ਬਣਾ ਲਏ, ਸਾਰੀ ਮਹਿਮਾ ਨਾਮ ਦੀ ਹੈ ਜਿੰਨੀ ਨਜ਼ਰ ਆਉਂਦੀ ਹੈ। ਨਾਮ ਤੋਂ ਬਗੈਰ ਕੋਈ ਨਹੀਂ ਹੈ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ – 293***

ਸੋ ਨਾਮ ਤੋਂ ਕਿਵੇਂ ਭੁੱਲਿਆ ਜਾ ਸਕਦਾ ਹੈ, ਕਿਵੇਂ ਵਿਛੁੜਿਆ ਜਾ

ਸਕਦਾ ਹੈ।

ਬੇਅੰਤ ਦੇ ਪਸਾਰੇ 'ਚ, ਬੇਅੰਤ ਕਾਰਕ ਦੇ ਵਿਚ, ਸਾਡੀ ਧਰਤੀ 'ਤੇ ਜਿਨ੍ਹਾਂ ਦਾ ਨਾਮ ਕਾਰਕਾਂ ਦਾ ਅਸੀਂ ਆਮ ਤੌਰ 'ਤੇ ਜਾਣਦੇ ਹਾਂ - 'ਜਿਤੁ ਦਰਿ ਲਖ ਮੁਹੰਮਦਾ ਲਖ ਬ੍ਰਹਮੇ ਬਿਸਨ ਮਹੇਸ॥ ਲਖ ਲਖ ਰਾਮ ਵਡੀਰੀਅਹਿ ਲਖ ਰਾਹੀ ਲਖ ਵੇਸ॥' 'ਲਖ ਲਖ' ਕਹਿੰਦੇ ਨੇ ਖਰਬਾਂ, ਖਰਬਾਂ ਹੀ ਖਰਬਾਂ ਉਥੇ ਜਤੀ ਨੇ, ਸਤੀ ਨੇ, ਸੰਨਿਆਸੀ ਨੇ, ਗੋਰਖ ਨੇ, ਨਾਥਾਂ ਨਾਥ ਨੇ, ਆਸਣ ਨੇ, ਗੁਰੂ ਨੇ ਰਹਿਰਾਸ ਕਰਦੇ, ਦੇਵਤੇ ਨੇ, ਦਾਨੂ ਨੇ, ਪੀਰ ਨੇ, ਪੈਗੰਬਰ ਨੇ, ਅਉਲੀਏ ਨੇ, ਕਾਜ਼ੀ ਨੇ, ਮੁੱਲਾਂ ਨੇ, ਸੇਖ ਨੇ, ਮਹਾਰਾਜ ਨੇ ਕੀ ਦੇਖਿਆ ਹੈ - ਕਿਸ ਹੀ ਸਾਂਤਿ ਨ ਆਈਆ' ਸ਼ਾਂਤੀ ਨਹੀਂ ਹੈ, ਤੂੰ ਪਰਮ ਅਨੰਦ ਦੇ ਵਿਚ ਨਹੀਂ ਹੈਂ 'ਬਿਨੁ ਸਤਿਗੁਰ ਕੇ ਉਪਦੇਸ॥' ਕਿਉਂਕਿ ਪੂਰਾ ਸਤਿਗੁਰੂ ਨਹੀਂ ਮਿਲਿਆ। ਪਾਤਸ਼ਾਹ! ਇਹ ਖੜ੍ਹੇ ਨੇ। ਕਹਿੰਦੇ, ਹੇ ਨਾਨਕ! ਇਹ ਮੈਂ ਤੈਨੂੰ ਦਿਖਾਲੇ ਨੇ। ਮੇਰੇ ਕਰੋੜਾਂ-ਕਰੋੜਾਂ ਬ੍ਰਹਿਮੰਡ ਨੇ, ਕਰੋੜਾਂ-ਕਰੋੜਾਂ ਇਹੋ ਜਿਹੀ ਦੁਨੀਆਂ ਹੈ, ਇਹ ਸਾਰੇ ਮੈਂ ਉਨ੍ਹਾਂ ਦੁਨੀਆਂ 'ਚ ਭੇਜੇ ਸੀ ਕਿ ਜਾ ਕੇ ਸਤਿ ਦਾ ਮਾਰਗ ਦਿਖਾ ਕੇ ਆਓ। ਦੁਨੀਆਂ ਨੂੰ ਦੱਸੋ ਕਿ ਮੇਰੇ ਨਾਮ ਦੇ ਰਾਹੀਂ ਮੇਰੇ ਤੱਕ ਪਹੁੰਚ ਸਕਦੇ ਓਂ। ਮੇਰੇ ਤੋਂ ਸਾਰਾ ਸੰਸਾਰ ਪੈਦਾ ਹੋਇਆ ਹੈ, ਮੇਰੇ ਵਿਚ ਹੀ ਸਾਰਿਆਂ ਨੇ ਸਮਾਉਣਾ ਹੈ, ਮੈਂ ਸਤਿ, ਚਿਤ, ਅਨੰਦ ਹਾਂ। ਪ੍ਰਮ ਸੁੱਖ ਹਾਂ ਦੁੱਖੀ ਨਾ ਹੋਵੋ ਤੇ ਮੈਂ ਭੇਜਦਾ ਹਾਂ ਕਾਰਕਾਂ ਨੂੰ ਥਾਂ-ਥਾਂ 'ਤੇ ਭੇਜੇ ਨੇ। ਪਰ ਇਨ੍ਹਾਂ ਨੇ ਮੇਰੇ ਬਾਰੇ ਨਹੀਂ ਦੱਸਿਆ ਨਾਮ ਬਾਰੇ ਨਹੀਂ ਦੱਸਿਆ, ਆਪਣੀ ਪੂਜਾ ਕਰਾਉਣੀ ਸ਼ੁਰੂ ਕਰ ਦਿੱਤੀ। ਆਪਣੀ ਮਹਾਨਤਾ ਕਰਾਈ ਹੈ ਤੇ ਦੁਨੀਆਂ ਨੂੰ ਭੁਲੇਖਿਆਂ 'ਚ ਪਾ ਦਿਤਾ, ਭਰਮਾਂ 'ਚ ਪਾ ਦਿਤਾ, ਉਹਦੇ ਕਰਕੇ ਮੈਂ ਇਨ੍ਹਾਂ ਨੂੰ ਬਾਹਰ ਖੜ੍ਹਾ ਦਿਤਾ, ਆਪਣੀ ਦਰਗਾਹ 'ਚ ਨਹੀਂ entry (ਦਾਖਲਾ) ਦਿਤੀ। ਬਾਹਰ ਖੜ੍ਹੇ ਨੇ ਸਾਰੇ। ਇਹ ਇੱਕ ਕਲਪ 4 ਅਰਬ 32 ਕਰੋੜ ਸਾਲ ਇੱਥੇ ਇਨ੍ਹਾਂ ਨੂੰ ਖੜ੍ਹਨਾ ਪੈਣਾ ਹੈ। ਕਿਉਂਕਿ ਗਲਤੀ ਕਰਕੇ ਆਏ ਨੇ ਸੰਸਾਰ 'ਤੇ ਜਾ ਕੇ। ਗੁਰੂ ਨਾਨਕ ਪਾਤਸ਼ਾਹ ਦੀ ਜਿੰਨੀ ਤਾਲੀਮ ਹੈ ਸਾਧਸੰਗਤ ਜੀ! ਕਿਤੇ ਨਹੀਂ ਆਉਂਦਾ ਕਿ ਮੈਨੂੰ ਮੰਨੋ, ਮੇਰਾ ਨਾਮ ਲਓ। ਕਿਤੇ ਨਹੀਂ ਗੁਰੂ ਨਾਨਕ ਨੇ ਕਿਹਾ ਕਿ ਮੈਂ ਲੋਕੋ! ਤੁਹਾਨੂੰ ਦੱਸਣ ਵਾਸਤੇ ਆਇਆ ਹਾਂ। ਇਹੀ ਕਿਹਾ ਕਿ ਜਿਹੋ ਮੈਨੂੰ ਹੁਕਮ ਮਿਲਿਆ ਹੈ, ਮੈਂ ਓਸ ਹੁਕਮ ਦਾ ਪ੍ਰਕਾਸ਼ ਕਰਨ ਵਾਸਤੇ ਇੱਥੇ ਸੰਸਾਰ ਵਿਚ, ਤੁਹਾਡੇ ਵਿਚ ਆਇਆ ਹਾਂ। ਮੇਰਾ ਨਾਮ ਨਹੀਂ ਲੈਣਾ, ਜਿਸਨੇ ਮੈਨੂੰ ਭੇਜਿਆ ਹੈ, ਉਸਦਾ ਨਾਮ ਲੈਣਾ ਹੈ, ਉਹਦੇ ਨਾਮ ਵਿਚ ਸ਼ਾਂਤੀ ਹੈ। ਗੁਰੂ ਗ੍ਰੰਥ ਸਾਹਿਬ 'ਚ ਕਿਤੇ ਨਹੀਂ ਆਉਂਦਾ ਜਿੱਥੇ ਗੁਰੂ ਨਾਨਕ ਸਾਹਿਬ ਨੇ ਕਿਹਾ ਹੋਵੇ ਕਿ ਮੇਰਾ ਨਾਮ ਜਪਿਆ ਕਰੋ। ਮੇਰੇ ਪਿੱਛੇ ਲੱਗੋ। ਕੋਈ ਭਰਮ ਭੁਲੇਖਾ ਨਹੀਂ। ਆਸਾ ਜੀ ਦੀ ਵਾਰ ਪੜ੍ਹੋ ਧਿਆਨ ਦੇ ਨਾਲ, ਜੋ ਪਹਿਲਾਂ applicable (ਲਾਗੂ) ਸੀ ਉਹ ਹੁਣ ਵੀ ਹੈ, ਪਾਖੰਡ ਰਹਿਣ ਨਹੀਂ ਦਿਤਾ ਬਿਲਕੁਲ। ਸੋ ਉਸ ਵੇਲੇ ਅਕਾਲ ਪੁਰਖ ਨੇ ਅੰਮ੍ਰਿਤ ਦਾ ਕਟੋਰਾ ਪਾ ਕੇ ਦਿਤਾ ਤੇ ਜਦੋਂ ਕਟੋਰਾ ਪੀਤਾ, ਉਸ ਤੋਂ ਬਾਅਦ ਕੀ ਹੋਇਆ? ਐਨਾ

ਰਸ, ਐਨੀ ਮਖਮੂਰੀ ਛਾਈ, ਐਨਾ ਵਾਹੁ-ਵਾਹੁ ਦਾ ਅਸਚਰਜ ਕੌਤਕ ਹੋਇਆ ਕਿ ਜਿਸਨੂੰ ਦੱਸਣ ਵਾਸਤੇ ਜਨਮਸਾਖੀ ਵਿਚ ਇਸ ਤਰ੍ਹਾਂ ਪ੍ਰਗਟ ਕੀਤਾ ਹੈ -

*ਧਾਰਨਾ - ਚੜ੍ਹੀ ਰਹੇ ਦਿਨ ਰਾਤ*
*ਨਾਮ ਖੁਮਾਰੀ-ਨਾਮ ਖੁਮਾਰੀ।*
*ਪੋਸਤ ਮਦ ਅਫੀਮ ਭੰਗ ਉਤਰ ਜਾਇ ਪਰਭਾਤਿ॥*

***ਜਨਮਸਾਖੀ***

ਚਾਰ ਨਸ਼ੇ ਦੁਨੀਆਂ ਦੇ ਵੱਡੇ, ਜਿਹੜੇ ਸਰੀਰ 'ਤੇ ਛੇਤੀ ਨਾਲ ਅਸਰ ਕਰਦੇ ਨੇ, ਨਸ਼ੇ ਤਾਂ ਇਹਦੇ 'ਚ ਐਨੇ ਨੇ ਕਿ ਗਿਣਤੀ ਮਿਣਤੀ ਤੋਂ ਬਾਹਰ ਨੇ। ਧਨ ਦਾ ਨਸ਼ਾ ਹੈ, ਪੁੱਤਰਾਂ ਦਾ ਨਸ਼ਾ ਹੈ, ਇਸਤ੍ਰੀ ਦਾ ਨਸ਼ਾ ਹੈ, ਜਾਇਦਾਦ ਦਾ ਨਸ਼ਾ ਹੈ, ਪ੍ਰਭਤਾ ਦਾ ਨਸ਼ਾ ਹੈ, ਬੇਅੰਤ ਨਸ਼ਿਆਂ ਦੇ ਵਿਚ ਗੁਲਤਾਨ ਹੈ, ਪਰ ਇਹ ਚਾਰ ਬਹੁਤੇ ਚੜ੍ਹਦੇ ਨੇ। ਕਹਿੰਦੇ, ਚੜ੍ਹ ਕੇ ਫੇਰ ਉਤਰ ਵੀ ਜਾਂਦੇ ਨੇ -

*ਨਾਮ ਖੁਮਾਰੀ ਨਾਨਕ ਚੜ੍ਹੀ ਰਹੇ ਦਿਨ ਰਾਤ।*

ਉਹ ਖੁਮਾਰੀ, ਉਹ ਜੋ ਪਿਆਲਾ ਲਿਆਂਦਾ ਹੈ ਗੁਰੂ ਨਾਨਕ ਨੇ ਸਾਡੇ ਵਾਸਤੇ, ਮੰਦੇ ਭਾਗ ਸਾਡੇ, ਅਸੀਂ ਉਹਦੇ 'ਚੋਂ ਇੱਕ ਬੁੱਕ ਨਹੀਂ ਭਰਦੇ। ਪੀ ਨਹੀਂ ਸਕਦੇ ਨਾਮ ਦਾ ਪਿਆਲਾ, ਲਬਾ-ਲਬ ਭਰਿਆ ਹੋਇਆ, ਮਹਾਰਾਜ ਕਹਿੰਦੇ ਤੇਰੇ ਅੰਦਰ ਹੈ -

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥*
*ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥*
*ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥*

***ਅੰਗ - 644***

ਸੋ ਪਿਆਲਾ ਲੈ ਕੇ ਜਦੋਂ ਮਹਾਰਾਜ ਨੇ ਪੀਤਾ। ਉਸ ਵੇਲੇ ਸਾਖੀਕਾਰਾਂ ਨੇ ਲਿਖਿਆ ਹੈ ਤੇ ਅਕਾਲ ਪੁਰਖ ਨੇ ਬਚਨ ਕਰਿਆ ਹੈ ਕਹਿੰਦੇ ਨਾਨਕ! ਮੈਂ ਤੇਰੇ 'ਤੇ ਪ੍ਰਸੰਨ ਹੋਇਆ ਹਾਂ ਤੇ ਤੂੰ ਮੇਰੇ ਨਾਮ ਦਾ ਪਿਆਲਾ ਪੀਤਾ ਹੈ ਤੇ ਜਾਹ, ਏਸ ਪਿਆਲੇ ਨੂੰ ਹੁਣ ਸੰਸਾਰ ਦੇ ਅੰਦਰ ਵੰਡ, ਮੇਰੇ ਨਾਮ ਨੂੰ ਵੰਡ। ਸੰਸਾਰ ਦੁਖੀ ਹੋ ਰਿਹਾ ਹੈ, ਕਲੇਸ਼ਾਂ 'ਚ ਪਿਆ ਹੋਇਆ, ਭਰਮਾਂ 'ਚ ਪਿਆ ਹੋਇਆ ਹੈ, ਪਾਖੰਡਾਂ 'ਚ ਪਿਆ ਹੋਇਆ ਹੈ, ਵੈਰ-ਵਿਰੋਧ ਦੇ ਨਾਲ ਜਲ ਰਿਹਾ ਹੈ ਤੇ ਏਸ ਅਵਸਥਾ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਇਸ ਤਰ੍ਹਾਂ ਪ੍ਰਗਟ ਕੀਤਾ ਹੈ -

*ਧਾਰਨਾ - ਸਾਰੇ ਕੂੜ ਦਾ ਹੋ ਗਿਆ ਵਰਤਾਰਾ,*
*ਸੱਚ ਵਾਲਾ ਕਾਲ ਪੈ ਗਿਆ।*

*ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥*
*ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥*
*ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥*
*ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥* ***ਅੰਗ - 468***

ਅੰਧਕਾਰ, ਕੂੜ ਦਾ ਹੀ ਵਰਤਾਰਾ। ਸਤਿ ਕਿਤੇ ਲੱਭਦਾ ਹੀ ਨਹੀਂ।

***ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥***
***ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥***

***ਅੰਗ - 145***

ਰਾਹ ਨਹੀਂ ਲੱਭ ਰਿਹਾ, ਅੰਧੇਰੇ ਦੇ ਅੰਦਰ।

ਕਹਿੰਦੇ ਨਾਨਕ! ਜਾਹ ਸੰਸਾਰ ਦੇ ਅੰਦਰ ਪ੍ਰਕਾਸ਼ ਕਰ। ਮੇਰਾ ਨਾਮ ਜਪਾ, ਮੈਂ ਤੈਨੂੰ ਨਿਹਾਲ ਕੀਤਾ। ਤੂੰ ਮੇਰਾ ਰੂਪ ਹੋਇਆ, ਮੇਰੇ ਤੇ ਤੇਰੇ ਵਿਚ ਕੋਈ ਫਰਕ ਨਹੀਂ।

ਬੇਨਤੀ ਕੀਤੀ ਕਿ ਪਾਤਸ਼ਾਹ! ਆਪ ਦਾ ਸਰੂਪ?

ਬਖਸ਼ਿਸ਼ ਹੋਈ ਉਸ ਵੇਲੇ ਆਵਾਜ਼ ਆਈ ਇਸ ਤਰ੍ਹਾਂ।

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥***

ਨਾਨਕ ਇਹ ਮੇਰਾ ਰੂਪ ਸੰਸਾਰ ਦੇ ਅੰਦਰ ਜਾ ਕੇ ਪ੍ਰਗਟ ਕਰੋ। ਨਿਰੰਕਾਰ ਵੀ ਮੈਂ ਆਪ ਹਾਂ, ਏਕੰਕਾਰ ਵੀ ਆਪ ਹਾਂ, ਓਅੰਕਾਰ ਵੀ ਆਪ ਹਾਂ, ਫੇਰ ਮੈਂ ਸਤਿ ਹਾਂ, ਮੇਰਾ ਨਾਮ ਸਾਰੇ ਵਰਤ ਰਿਹਾ ਹੈ। ਨਾਮ ਰੂਪ ਹੋ ਕੇ ਸੰਸਾਰ ਦੇ ਅੰਦਰ ਸਾਰਾ ਕਾਰਜ ਹੋ ਰਿਹਾ ਹੈ। ਸਾਰੇ ਸੰਸਾਰ ਨੂੰ ਬਣਾਉਣ ਵਾਲਾ ਮੈਂ ਹਾਂ। ਬਣਾ ਕੇ ਮੈਂ ਵੱਖ ਨਹੀਂ ਹੋ ਗਿਆ, ਮੈਂ ਪੁਰਖ ਹਾਂ ਸਾਰਿਆਂ 'ਚ ਸਮਾਇਆ ਹੋਇਆ ਹਾਂ। ਮੈਨੂੰ ਕਿਸੇ ਕਿਸਮ ਦਾ ਡਰ ਨਹੀਂ ਹੈ, ਮੈਨੂੰ ਕਿਸੇ ਨਾਲ ਕੋਈ ਵੈਰ ਨਹੀਂ ਹੈ, ਮੈਂ ਕਦੇ ਜੂਨ 'ਚ ਨਹੀਂ ਪੈਂਦਾ, ਕਦੇ ਕਿਸੇ ਕੁੱਖ 'ਚੋਂ ਜਨਮ ਨਹੀਂ ਲੈਂਦਾ ਤੇ ਮੈਨੂੰ ਆਪਣੇ ਆਪ ਹੀ ਸਾਰਾ ਗਿਆਨ ਹੈ ਕਿਸੇ ਤੋਂ ਲੈਣਾ ਨਹੀਂ ਪੈਂਦਾ। ਕਾਲ ਤੋਂ ਰਹਿਤ ਮੇਰੀ ਹਸਤੀ ਹੈ, ਲੇਕਿਨ ਪੂਰੇ ਸਮਰੱਥ ਗੁਰੂ ਦੀ ਕ੍ਰਿਪਾ ਤੋਂ ਬਗੈਰ ਮੈਂ ਪ੍ਰਾਪਤ ਨਹੀਂ ਹੁੰਦਾ। ਉਸ ਵੇਲੇ ਹੁਕਮ ਹੋਇਆ ਨਾਨਕ! ਤੂੰ ਇਸ ਦੇ ਉੱਤੇ ਆਪਣੀ ਮੋਹਰ ਲਾ, ਇਹ ਮੈਂ ਤੈਨੂੰ ਮੂਲਮੰਤਰ ਦੀ ਬਖਸ਼ਿਸ਼ ਕੀਤੀ ਹੈ, ਜੋ ਤੂੰ ਵਾਹਿਗੁਰੂ-ਵਾਹਿਗੁਰੂ ਕਿਹਾ, ਵਾਹ-ਵਾਹ ਕਿਹਾ ਹੈ, ਇਹ ਮੇਰੇ ਦੇਸ਼ ਦਾ ਵਰਤਾਰਾ ਹੈ, ਬੋਲੀ ਹੈ, ਵਿਸਮਾਦ ਦੀ ਬੋਲੀ ਹੈ। ਇਹ ਤੂੰ ਮੰਤਰ ਦੇਣਾ ਹੈ ਤੇ ਹੁਣ ਤੂੰ ਇਹਦੇ ਉਤੇ ਮੋਹਰ ਲਾ। ਮਹਾਰਾਜ ਨੇ ਐਸਾ ਫੁਰਮਾਨ ਕੀਤਾ ਹੈ -

***ਧਾਰਨਾ - ਆਦਿ ਵਾਹਿਗੁਰੂ, ਜੁਗਾਦਿ ਵਾਹਿਗੁਰੂ,***
***ਹੈਭੀ ਵਾਹਿਗੁਰੂ, ਹੋਸੀ ਵਾਹਿਗੁਰੂ।***

ਨਾਨਕ! ਏਸ ਸਰੂਪ ਦੇ ਉਪਰ ਆਪਣੀ ਮੋਹਰ ਲਾ। ਉਸ ਵੇਲੇ ਆਪ ਨੇ

***ਆਦਿ ਸਚੁ ਜੁਗਾਦਿ ਸਚੁ ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥*** ***ਅੰਗ - 1***

'ਸਚੁ' ਵਾਹਿਗੁਰੂ ਨੂੰ ਕਹਿੰਦੇ ਨੇ। ਏਸ ਤਰ੍ਹਾਂ ਦੇ ਨਾਲ ਫੁਰਮਾਨ ਹੋਇਆ ਕਿ ਨਾਨਕ! ਸੰਸਾਰ ਦੁਖੀ ਹੋ ਗਿਆ। ਉਹਨੂੰ ਇਹ ਪਤਾ ਨਹੀਂ

ਕਿ ਮੈਂ ਦੁਖੀ ਕਿਉਂ ਹਾਂ। ਉਥੇ ਜਾ ਕੇ ਮੇਰਾ ਨਾਮ ਵੰਡ, ਤਾਂਕਿ ਸੰਸਾਰ ਸੁਖੀ ਹੋਵੇ। ਨਾਮ ਸਰਬ ਸ਼ਕਤੀਮਾਨ ਹੈ, ਸੁੱਖਾਂ ਦਾ ਦੇਣਹਾਰ ਹੈ –

*ਗੁਰਮੁਖਿ ਨਾਮੁ ਦਾਨੁ ਇਸਨਾਨੁ ॥ ਅੰਗ – 942*

ਨਾਮ, ਦਾਨ ਤੇ ਇਸ਼ਨਾਨ ਤਿੰਨ ਚੀਜ਼ਾਂ ਸੰਸਾਰ ਨੂੰ ਦ੍ਰਿੜ੍ਹ ਕਰਾ ਤਾਂਕਿ ਸੁਖੀ ਹੋ ਜਾਵੇ। ਜਾਹ, ਤੈਨੂੰ ਮੈਂ ਸਿਰੋਪਾਓ ਦਿਤਾ, ਜਾ ਕੇ ਇਹ ਕਿਰਤ ਕਰ।

ਗੁਰੂ ਨਾਨਕ ਪਾਤਸ਼ਾਹ ਨੇ ਏਸ ਗੱਲ ਨੂੰ, ਜੋ ਮੈਂ ਬੇਨਤੀ ਕਰ ਰਿਹਾ ਹਾਂ, ਆਪਣੇ ਅੱਖਰਾਂ ਦੇ ਵਿਚ ਇਸ ਤਰ੍ਹਾਂ ਵਰਣਨ ਕੀਤਾ ਹੈ –

*ਧਾਰਨਾ – ਅੰਮ੍ਰਿਤ ਨਾਮ ਸਿਰੋਪਾ ਦੇ ਕੇ,*
*ਮੈਨੂੰ ਕਾਰੇ ਲਾ ਲਿਆ।*
*ਹਉ ਢਾਢੀ ਵੇਕਾਰੁ ਕਾਰੈ ਲਾਇਆ ॥*
*ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥*
*ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥*
*ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥*
*ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥*
*ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥*
*ਢਾਢੀ ਕਰੇ ਪਸਾਉ ਸਬਦੁ ਵਜਾਇਆ ॥*
*ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥ ਅੰਗ – 150*

ਮਹਾਰਾਜ ਫੁਰਮਾਨ ਕਰਦੇ ਨੇ ਕਿ ਮੈਂ ਕੋਈ ਕੰਮ ਨਹੀਂ ਸੀ ਕਰ ਰਿਹਾ। ਮੈਨੂੰ ਦਰਗਾਹ 'ਚ ਬੁਲਾਇਆ ਨਿਰੰਕਾਰ ਨੇ।

ਆਹ ਜਿਹੜੇ ਲਿਖਦੇ ਨੇ ਕਿ ਗੁਰੂ ਨਾਨਕ ਪਾਤਸ਼ਾਹ ਤਿੰਨ ਦਿਨ ਜੰਗਲ 'ਚ ਬੈਠੇ ਰਹੇ। ਉਥੇ ਕੋਈ ਐਸੀ ਸੱਟ ਖਾਧੀ ਕਿ ਉਹ ਫੇਰ ਆ ਕੇ ਬਾਹਰ ਬੈਠ ਗਏ। ਇਹ ਸਭ ਮਨ ਕਲਪਤ ਗੱਲਾਂ ਨੇ।

ਗੁਰੂ ਨਾਨਕ ਪਾਤਸ਼ਾਹ ਆਪ ਲਿਖਦੇ ਹਨ – *'ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥ ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥'* ਮੈਨੂੰ ਬੁਲਾਇਆ ਗਿਆ ਉਥੇ। ਉਥੇ ਮੈਨੂੰ ਕੀਰਤਨ ਦੀ ਦਾਤ ਮਿਲੀ, ਸਿਫਤ ਸਲਾਹ ਦੀ ਦਾਤ ਦਾ ਮੈਨੂੰ ਕੱਪੜਾ ਪਹਿਨਾਇਆ। ਭੋਜਨ ਕਾਹਦਾ? ਅੰਮ੍ਰਿਤ ਨਾਮ ਦਾ ਪਿਆਲਾ ਮਿਲਿਆ। ਜਿਹੜੇ ਗੁਰੂ ਦੀ ਮੱਤ ਨੂੰ ਧਾਰਨ ਕਰਨਗੇ ਉਹ ਰੱਜ ਕੇ ਖਾਣਗੇ ਏਸਨੂੰ ਤੇ ਸੁੱਖ ਪਾਉਣਗੇ।

'ਢਾਢੀ ਕਰੇ ਪਸਾਉ' ਪਸਾਉ ਹੁਣ ਕੰਮ ਕਰ ਰਿਹਾ ਹੈ। ਕਾਹਦਾ? 'ਸਬਦੁ ਵਜਾਇਆ ॥' ਸਭ ਦੇ ਅੰਦਰ ਸ਼ਬਦ ਵਜਾਉਣ ਦਾ ਕੰਮ ਕਰ ਰਹੇ ਨੇ ਗੁਰੂ ਗ੍ਰੰਥ ਸਾਹਿਬ ਜੀ, ਕਿ ਇਹ ਸੁੰਨਾ ਪਿਆ ਹੈ ਸ਼ਬਦ ਦਾ ਵਾਜਾ ਵੱਜ ਜਾਵੇ ਇਨ੍ਹਾਂ ਦੇ ਅੰਦਰ। ਤੇ ਆਪ ਫੁਰਮਾਨ ਕਰਦੇ ਨੇ ਕਿ ਮੈਨੂੰ ਨਿਰੰਕਾਰ ਨੇ ਕਾਰ ਦਿਤੀ–

***ਕਰਣੀ ਕਾਰ ਧੁਰਹੁ ਫੁਰਮਾਈ......॥ ਅੰਗ - 689***

ਇੱਥੇ ਮੈਂ ਨਹੀਂ ਸ਼ੁਰੂ ਕਰਿਆ, ਮੈਨੂੰ ਧੁਰੋਂ ਫੁਰਮਾਨ ਮਿਲਿਆ ਹੈ -

***ਧਾਰਨਾ - ਨਿਰੰਕਾਰ ਨੇ ਕਾਰ ਕਢਵਾਈ***
***ਨਾਮ ਜਪਾਓ ਜਗ 'ਤੇ।***

ਹੇ ਨਾਨਕ! ਕਿਸੇ ritual (ਕਰਮ-ਕਾਂਡ) 'ਚ ਨਾ ਪਾਈਂ, ਵਹਿਮਾਂ 'ਚ ਨਾ ਪਾਈਂ, ਮੇਰੇ ਕੋਲ ਆਉਣ ਦਾ ਰਸਤਾ ਕੇਵਲ 'ਨਾਮ' ਹੈ। ਨਾਮ ਜਾਪ, ਨਾਮ ਦੀ ਕਮਾਈ, ਨਾਮ ਦੀ ਧਾਰਨਾ, ਨਾਮ ਦੀ ਰਹਿਤ, ਨਾਮ ਦਾ ਪੜ੍ਹਨਾ, ਨਾਮ ਦਾ ਸੁਣਨਾ, ਨਾਮ ਦਾ ਮੰਨਣਾ, ਸਾਰੀਆਂ ਚੀਜ਼ਾਂ ਹੋਰ ਮੇਰੇ ਕੋਲ ਕੋਈ ਨਹੀਂ ਪਹੁੰਚਦੀ, ਨਾ ਕੋਈ ਦਾਨ, ਨਾ ਕੋਈ ਜਗ, ਨਾ ਕੋਈ ਤੀਰਥ ਯਾਤਰਾ, ਨਾ ਕੋਈ ਭਰਮ, ਨਾ ਔਖੇ ਹੋਣਾ, ਕੁਛ ਕਰੀ ਜਾਵੇ ਮੇਰੇ ਤੱਕ ਨਹੀਂ ਇਹ ਪਹੁੰਚਦੀਆਂ। ਮੇਰੇ ਤੱਕ ਕੇਵਲ ਨਾਮ ਪਹੁੰਚਦਾ ਹੈ ਤੂੰ ਨਾਮ ਦੇ ਬਾਰੇ ਦੱਸ।

***ਕਰਣੀ ਕਾਰ ਧੁਰਹੁ ਫੁਰਮਾਈ......॥ ਅੰਗ - 689***

ਇਹ ਕਹਿੰਦੇ ਮੈਨੂੰ ਧੁਰ ਤੋਂ ਆਗਿਆ ਹੋਈ ਹੈ -

***..........ਆਪਿ ਮੁਆ ਮਨੁ ਮਾਰੀ ॥***
***ਨਾਨਕ ਨਾਮੁ ਮਹਾ ਰਸੁ ਮੀਠਾ ਤ੍ਰਿਸਨਾ ਨਾਮਿ ਨਿਵਾਰੀ ॥***
***ਅੰਗ - 689***

ਉਸ ਵੇਲੇ ਫੁਰਮਾਨ ਹੋਇਆ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਵਰ, ਤੂੰ ਗੁਰੂ ਪ੍ਰਮੇਸ਼ਰ। ਇਹ ਸਾਖੀ ਬੜੀ ਹੀ ਧਿਆਨ ਦੇ ਨਾਲ ਸਮਝਣ ਵਾਲੀ ਹੈ। ਰੌਲਾ ਪੈਂਦਾ ਹੈ ਸੰਸਾਰ 'ਚ ਕਿ ਗੁਰੂ ਤੋਂ ਬਗੈਰ ਗਤੀ ਨਹੀਂ ਹੁੰਦੀ। ਗੁਰੂ ਬੇਅੰਤ ਹੋਏ ਨੇ, ਬੇਅੰਤ ਹੋਣਗੇ। ਅਸੀਂ ਇਨਕਾਰ ਨਹੀਂ ਇਸ ਗੱਲ 'ਤੇ ਕਰਦੇ। ਕਿਉਂਕਿ ਆਹ ਧਰਤੀ ਖਤਮ ਹੋ ਗਈ, ਫੇਰ ਹੋਰ ਵੀ ਧਰਤੀਆਂ ਨੇ, ਉਥੇ ਵੀ ਗੁਰੂ ਹੈਗੇ। ਲੇਕਿਨ ਗੁਰੂ ਪ੍ਰਮੇਸ਼੍ਵਰ ਨਹੀਂ ਹੋਏਗਾ। ਗੁਰੂ ਪ੍ਰਮੇਸ਼ਵਰ ਗੁਰੂ ਨਾਨਕ ਨੂੰ ਥਾਪਿਆ ਗਿਆ ਹੈ ਤੇ ਨਾਲ ਇਹ ਹੁਕਮ ਹੋਇਆ ਕਿ ਮੈਂ ਪਾਰਬ੍ਰਹਮ ਪ੍ਰਮੇਸ਼ਵਰ ਤੂੰ ਗੁਰੂ ਪ੍ਰਮੇਸ਼ਵਰ, ਮੈਂ ਨਿਰਗੁਣ ਰੂਪ ਤੇ ਤੂੰ ਸਰਗੁਣ ਰੂਪ। ਗੁਰੂ ਨਾਨਕ ਗੋਬਿੰਦ ਰੂਪ, ਗੋਬਿੰਦ ਦਾ ਰੂਪ ਸਰਗੁਨ ਗੁਰੂ ਨਾਨਕ -

***ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।***
***ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।***
***ਭਾਈ ਗੁਰਦਾਸ ਜੀ, ਵਾਰ 26/2***

ਏਸੇ ਗੱਲ ਨੂੰ ਸਪੱਸ਼ਟ ਕਰਨ ਵਾਸਤੇ ਭਾਈ ਗੁਰਦਾਸ ਜੀ ਲਿਖਦੇ ਨੇ ਕਿ ਨਿਰੰਕਾਰ ਨੇ ਆਕਾਰ ਕਰਕੇ ਗੁਰੂ ਨਾਨਕ ਦਾ ਸਰੂਪ ਧਾਰਨ ਕਰ ਲਿਆ ਤੇ ਗੁਰੂ ਨਾਨਕ ਕਹਿੰਦੇ ਨੇ ਕਿ ਮੈਨੂੰ ਗੁਰੂ ਸੰਸਾਰੀ ਨਹੀਂ ਮਿਲਿਆ ਕੋਈ ਵੀ। ਮੈਨੂੰ ਗੁਰੂ ਮਿਲਿਆ ਹੈ -

***ਅਪਰੰਪਰ ਪਾਰਬ੍ਰਹਮੁ ਪਰਮੇਸਰੁ***
***ਨਾਨਕ ਗੁਰੁ ਮਿਲਿਆ ਸੋਈ ਜੀਉ ॥ ਅੰਗ - 599***

*ਆਦਿ ਅੰਤ ਏਕੈ ਅਵਤਾਰਾ।*
*ਸੋਈ ਗੁਰੂ ਸਮਝਿਹੁ ਹਮਾਰਾ।* **ਚੌਪਈ ਪਾ: 10**

ਦੇਖਿਓ ਕਿਤੇ ਗਲਤੀ ਖਾ ਕੇ ਕਹੋਂ ਕਿ ਗੁਰੂ ਨਾਨਕ ਦਾ ਗੁਰੂ ਸੰਤ ਰੇਨੁ ਸੀ, ਆਹ ਪਾਖੰਡੀ ਲੋਕ ਗੁਰੂ ਨਾਨਕ ਦਾ ਗੁਰੂ ਸੰਤ ਰੇਨੁ ਲਿਖਦੇ ਨੇ ਕਿ ਓਥੇ ਗਏ ਸੀ, ਉਥੇ ਖਰਾ ਸੌਦਾ ਕਰਿਆ। ਉਹਦੀ ਆੜ ਲੈ ਕੇ ਲਿਖ ਦਿੰਦੇ ਨੇ। ਗੁਰੂ ਨਾਨਕ ਕਹਿੰਦੇ ਨਾ, ਜੇ ਮੇਰਾ ਗੁਰੂ ਸੰਤ ਰੇਨੁ ਹੁੰਦਾ ਮੈਂ ਜ਼ਰੂਰ ਗੁਰੂ ਦਾ ਜ਼ਿਕਰ ਕਰਨਾ ਸੀ। ਗੁਰੂ ਗੋਪ ਨਹੀਂ ਮੈਂ ਹੈਗਾ। ਗੁਰੂ ਗੋਪ ਨੂੰ ਤਾਂ ਬੇਮੁਖ ਆਖਿਆ ਹੈ, ਕਹਿੰਦੇ ਨਾ ਪ੍ਰੇਮੀਓਂ! ਭੁਲੇਖਾ ਨਾ ਖਾ ਜਾਇਓ। ਮੇਰਾ ਗੁਰੂ ਤਾਂ ਪਾਰਬ੍ਰਹਮ ਪ੍ਰਮੇਸ਼ਰ ਆਪ ਹੈ।

ਉਸ ਵੇਲੇ ਅਕਾਲ ਪੁਰਖ ਨੇ ਬਚਨ ਕੀਤਾ, ਹੇ ਨਾਨਕ! ਤੇਰੀ ਸਾਰੀ ਪਵਿੱਤਰਤਾ ਮੇਰੀ ਪਵਿੱਤਰਤਾ ਹੋਏਗੀ। ਤੇਰੀ ਸਾਰੀ ਸ਼ੀਲ ਮੇਰੀ ਸ਼ੀਲ ਹੋਏਗੀ। ਤੇਰੇ ਸਾਰੇ ਕੰਮ ਮੇਰੇ ਕੰਮ ਹੋਣਗੇ। ਤੇਰੇ ਵਿਚੀਂ ਹੋ ਕੇ ਮੈਂ ਕੰਮ ਕਰਾਂਗਾ। ਕਿਸੇ ਕੰਮ ਦਾ ਤੈਨੂੰ ਲੇਪ ਨਹੀਂ ਲੱਗਣਾ, ਸਾਰੇ ਕੰਮ ਤੇਰੇ ਸਰੀਰ 'ਚੋਂ ਹੋ ਕੇ ਮੈਂ ਕਰਾਂਗਾ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ –

*ਧਾਰਨਾ – ਤੇਰੇ ਸਾਰਿਆਂ ਕੰਮਾਂ ਵਿਚ ਵਰਤਾਂਗਾ।*
*ਤੈਨੂੰ ਨਾ ਕੋਈ ਲੇਪ ਲੱਗਣਾ।*

ਹੇ ਨਾਨਕ! ਤੈਨੂੰ ਕੋਈ ਲੇਪ ਨਹੀਂ ਲੱਗੇਗਾ –

*ਸਰਬ ਸੀਲ ਮਮੰ ਸੀਲੰ ਸਰਬ ਪਾਵਨ ਮਮ ਪਾਵਨਹ ॥*
*ਸਰਬ ਕਰਤਬ ਮਮੰ ਕਰਤਾ ਨਾਨਕ ਲੇਪ ਛੇਪ ਨ ਲਿਪ੍ਤੇ ॥*
**ਅੰਗ – 1356**

ਜਾਹ, ਤੇਰੇ ਸਾਰੇ ਕੰਮ ਮੈਂ ਤੇਰੇ ਸਰੀਰ 'ਚੋਂ ਹੋ ਕੇ ਆਪ ਕਰਾਂਗਾ। ਸੋ ਗੁਰੂ ਨਾਨਕ ਦੀ ਇਸ ਤਰ੍ਹਾਂ ਦੇ ਨਾਲ ਗੱਲਬਾਤ ਹੋਈ। ਤਿੰਨ ਦਿਨ ਲੰਘ ਗਏ ਏਧਰ ਸੰਸਾਰ ਦੇ। ਓਧਰ ਕਿੰਨਾ ਸਮਾਂ ਹੋਇਆ ਕੋਈ ਪਤਾ ਨਹੀਂ ਕਿ ਇਕ ਛਿਨ ਹੋਇਆ ਹੈ, ਜਾਂ ਵੱਧ ਹੋਇਆ ਹੈ। ਏਧਰਲੇ ਪਾਸੇ ਦੋ ਕਿਸਮ ਦੇ ਲੋਕ, ਇੱਕ ਉਹ ਨੇ ਜਿਨ੍ਹਾਂ ਨੂੰ ਰੋਂਦਿਆਂ ਨੂੰ ਚੈਨ ਨਹੀਂ ਆਉਂਦੀ, ਉਹ ਪਿਆਰ ਕਰਨ ਵਾਲੇ, ਗੁਰੂ ਨਾਨਕ ਦੇ ਸਤਿਸੰਗ 'ਚ ਆਉਂਦੇ ਨੇ ਕਿ ਹੁਣ ਕੀ ਹੋਏਗਾ ਹਨ੍ਹੇਰਾ ਛਾ ਗਿਆ। ਬਣੇਗਾ ਕੀ? ਦੂਸਰੇ ਉਹ ਨੇ ਜਿਹੜੇ ਨਿੰਦਕ ਨੇ ਕਹਿੰਦੇ ਘਾਟਾ ਪੈ ਗਿਆ। ਮੰਡੀ ਜਾਂਦਾ ਸੀ ਤੇ ਨਵਾਬ ਤੋਂ ਡਰਦੇ ਨੇ ਪਾਣੀ ਵਿਚ ਚੁੱਭੀ ਮਾਰੀ, ਡੁੱਬ ਗਿਆ ਪਾਣੀ 'ਚ। ਕਿਉਂਕਿ ਦੁਮੂਹੀ ਹੈ ਦੁਨੀਆਂ, ਨਿੰਦਿਆਂ ਵੀ ਹੁੰਦੀ ਹੈ, ਉਸਤਤਿ ਵੀ ਹੁੰਦੀ ਹੈ, ਮਹਾਰਾਜ ਕਹਿੰਦੇ ਦੋਵੇਂ ਛੱਡ ਦਿਓ–

*ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥*
**ਅੰਗ – 219**

ਨਾ ਨਿੰਦਿਆਂ ਨਾਲ ਵਾਹ ਰੱਖੋ, ਨਾ ਉਸਤਤਿ ਨਾਲ ਖੁਸ਼ ਹੋਵੋ, ਜੋ ਕੁਛ ਸੰਸਾਰ ਕਰਦਾ ਹੈ ਕਰੀ ਜਾਣ ਦਿਓ, ਆਪਣਾ ਕਰਤੱਬ ਕਰੋ, ਜੋ ਸੱਚਾ ਹੈ। ਇਹ ਦਾਸ ਐਨਾ ਪੱਕਾ ਹੈ, ਇਹਦੇ ਮਨ 'ਚ ਵੀ ਵਿਸ਼ਵਾਸ਼

ਹੈ ਕਿ ਮੇਰਾ ਗੁਰੂ ਨਾਨਕ ਡੁੱਬ ਨਹੀਂ ਸਕਦਾ। ਬੇਬੇ ਨਾਨਕੀ ਧੀਰਜ ਦਿੰਦੀ ਹੈ ਕਿ ਮੇਰਾ ਵੀਰ ਡੁੱਬ ਨਹੀਂ ਸਕਦਾ। ਕਹਿੰਦੇ, ਤਿੰਨ ਦਿਨ ਹੋ ਗਏ। ਹੁਣ ਤਾਂ ਕਹਿ ਦੇ ਡੁੱਬ ਗਿਆ। ਕਹਿੰਦੀ, ਨਾ ਬਿਲਕੁਲ ਨਹੀਂ, ਕੋਈ ਕੌਤਕ ਹੈ। ਦਾਸ ਨੂੰ ਰੋਜ਼ ਭੇਜ ਦਿੰਦੀ ਹੈ ਬੇਬੇ, ਕਿ ਜਾਹ ਤੂੰ ਉਸੇ ਸਮੇਂ ਜਿਹੜੇ ਸਮੇਂ ਦਿਨ ਦੇ ਵਿਚ ਚੁੱਭੀ ਮਾਰੀ ਸੀ ਗੁਰੂ ਨਾਨਕ ਪਾਤਸ਼ਾਹ ਨੇ, ਦਾਸ ਖੜ੍ਹਾ ਇੰਤਜ਼ਾਰ ਕਰਦਾ ਹੈ, ਰੋਂਦਾ ਹੈ, ਰੋ-ਰੋ ਕੇ ਬੇਨਤੀਆਂ ਕਰਦਾ ਹੈ ਕਿ ਹੇ ਗੁਰੂ ਨਾਨਕ! ਕੀ ਸਾਡੇ ਤੋਂ ਭੁੱਲ ਹੋ ਗਈ, ਸੰਸਾਰ ਨੇ ਕਿਹੜਾ ਵੱਡਾ ਗੁਨਾਹ ਕਰ ਦਿੱਤਾ ਕਿ ਤੂੰ ਪ੍ਰਗਟ ਹੋਇਆ ਤੇ ਅਲੋਪ ਹੋ ਗਿਆ। ਹੁਣ ਪ੍ਰਗਟ ਹੋ ਕੇ ਦਰਸ਼ਨ ਦੇਹ। ਅਜੇ ਰੋ ਰਿਹਾ ਹੈ, ਅੱਖਾਂ 'ਚੋਂ ਹੰਝੂ ਆ ਰਹੇ ਨੇ। ਹਉਕੇ ਆ ਰਹੇ ਨੇ, ਕੁਛ ਨਹੀਂ ਦੇਖ ਰਿਹਾ, ਆਵਾਜ਼ ਆਈ ਕਿ ਕੱਪੜੇ ਫੜਾਓ। ਹੈਰਾਨ ਹੋ ਗਿਆ ਕਿ ਗੁਰੂ ਨਾਨਕ! ਏਥੋਂ ਨਿਕਲ ਆਏ, ਕੱਪੜੇ ਪਹਿਨ ਲਏ।

ਘਰ ਆ ਗਏ, ਸਿੱਧੇ ਮੋਦੀਖਾਨੇ ਚਲੇ ਗਏ। ਰੌਲਾ ਪੈ ਗਿਆ ਸਾਰੇ ਕਿ ਗੁਰੂ ਨਾਨਕ ਆ ਗਿਆ-ਗੁਰੂ ਨਾਨਕ ਆ ਗਿਆ। ਕੋਈ ਕੁਛ ਕਹਿੰਦਾ ਹੈ, ਕੋਈ ਕੁਛ ਕਹਿੰਦਾ ਹੈ। ਜਿਹਨੇ ਅੱਖਾਂ ਨਾਲ ਦੇਖਿਆ ਉਹਨੇ ਦੱਸਿਆ ਕਿ ਜਿੱਥੇ ਚੁੱਭੀ ਮਾਰੀ ਸੀ, ਉਥੋਂ ਨਿਕਲੇ ਨੇ। ਭਾਈ ਬਾਲਾ ਉਦਾਸ ਬੈਠੇ ਨੇ, ਗੁਰੂ ਨਾਨਕ ਕਹਿ ਗਏ ਸੀ ਕਿ ਭਾਈ ਬਾਲਾ! ਤੂੰ ਜਾਈਂ ਨਾ। ਭਾਈ ਮਨਸੁਖ ਤੂੰ ਚਲਿਆ ਜਾਹ, ਭਾਈ ਭਗੀਰਥ ਤੂੰ ਵੀ ਚਲਿਆ ਜਾਹ, ਫੇਰ ਆਇਓ ਤੇ ਅੱਜ ਬਾਹਰ ਆ ਗਏ, ਸਭ ਥਾਵਾਂ 'ਤੇ ਖਬਰਾਂ ਹੋ ਗਈਆਂ। ਧੰਨ-ਧੰਨ ਹੋ ਰਹੀ ਹੈ, ਭੀੜਾਂ ਦੀਆਂ ਭੀੜਾਂ ਬੈਠੀਆਂ ਨੇ। ਗੁਰੂ ਨਾਨਕ ਨੇ ਮੋਦੀਖਾਨੇ ਦਾ ਦਰਵਾਜ਼ਾ ਖੋਲ੍ਹ ਦਿਤਾ। ਆਵਾਜ਼ ਦੇ ਦਿਤੀ ਕਿ ਲੋੜਵੰਦ ਅੱਗੇ ਆਓ। ਜਿਸਨੂੰ ਜੋ ਚੀਜ਼ ਚਾਹੀਦੀ ਹੈ, ਚੁੱਕ ਲਓ। ਲਿਜਾ ਰਹੇ ਨੇ, ਰੌਲਾ ਪੈ ਗਿਆ ਨਵਾਬ ਦੇ ਕਿ ਤੇਰਾ ਮੋਦੀਖਾਨਾ ਲੁਟਾ ਦਿਤਾ ਗੁਰੂ ਨਾਨਕ ਵੇਈਂ 'ਚੋਂ ਨਿਕਲ ਆਇਆ।

ਕਹਿੰਦਾ, ਕਮਾਲ ਹੈ, ਉਥੋਂ ਹੀ ਨਿਕਲੇ?

ਕਹਿੰਦੇ ਹਾਂ, ਉਥੋਂ ਹੀ ਨਿਕਲੇ।

ਦਾਸ ਨੂੰ ਬੁਲਾਇਆ, ਪੁੱਛਿਆ।

ਕਹਿੰਦਾ ਹਾਂ ਜੀ।

ਜੈ ਰਾਮ ਨੂੰ ਬੁਲਾਇਆ, ਕਹਿੰਦੇ ਇਹ ਇਸ ਤਰ੍ਹਾਂ ਹੀ ਦਸਦਾ ਹੈ ਕਿ ਉਥੋਂ ਹੀ ਨਿਕਲਿਆ ਹੈ, ਮੈਂ ਰੋਜ਼ ਕੱਪੜੇ ਲੈ ਕੇ ਜਾਂਦਾ ਹੁੰਦਾ ਸੀ ਤੇ ਅੱਜ ਮੇਰੇ ਤੋਂ ਕੱਪੜੇ ਆਵਾਜ਼ ਦੇ ਕੇ ਮੰਗ ਲਏ। ਕਹਿੰਦੇ, ਹੁਣ ਨਾਨਕ ਕਿੱਥੇ ਹੈ? ਕਹਿੰਦੇ ਮੋਦੀਖਾਨਾ ਲੁਟਾਉਣ ਲੱਗਿਆ ਹੈ, ਪਾਤਸ਼ਾਹ ਤੁਹਾਡਾ। ਸਿਪਾਹੀ ਭੇਜੇ ਕਿ ਜਾਓ ਲੋਕਾਂ ਨੂੰ ਰੋਕੋ।7 ਕਈਆਂ ਨੇ ਕਿਹਾ ਕਿ ਗੁਰੂ ਨਾਨਕ ਨੂੰ ਕੋਈ ਕਸਰ ਹੋ ਗਈ, ਪਾਣੀ ਦੇ ਵਿਚੋਂ। ਕੋਈ ਨੁਕਸ ਪੈ ਗਿਆ ਦਿਮਾਗ ਦੇ ਅੰਦਰ। ਪਾਣੀ ਚਲਿਆ ਗਿਆ ਦਿਮਾਗ ਦੇ ਵਿਚ।

ਰੋਕੋ-ਰੋਕੋ ਲੁਟਾ ਨਾ ਦੇਵੇ ਸਾਰਾ ਮੋਦੀਖਾਨਾ ਤੇ ਲਿਜਾਣ ਵਾਲੇ ਲਿਜਾ ਰਹੇ ਨੇ। ਉਸ ਵੇਲੇ ਜੈ ਰਾਮ ਜੀ ਨੂੰ ਬੁਲਾਇਆ। ਜੈ-ਰਾਮ ਨਾਨਕ ਤਾਂ ਮਸਤਾਨਾ ਹੋ ਗਿਆ, ਲੇਖਾ ਪੱਤਾ ਕੌਣ ਦਏਗਾ। ਕਹਿੰਦੇ, ਮੈਨੂੰ ਨਾਨਕ ਜੀ ਤੋਂ ਪੁੱਛ ਲੈਣ ਦਿਓ।

ਪੁੱਛਿਆ, ਮਹਾਰਾਜ ਕਹਿਣ ਲੱਗੇ, ਆ ਜਾਓ ਲੇਖਾ ਤਾਂ ਖੁੱਲ੍ਹਾ ਹੀ ਹੈ। ਲੇਖੇ ਹੋਣ ਲੱਗ ਗਏ। ਦਿਨ ਰਾਤ ਕਾਗਜ਼ ਜੋੜ ਰਹੇ ਨੇ। ਇੱਕ ਵਾਰੀ ਨਹੀਂ ਜੋੜੇ, ਕਈ ਵਾਰੀ ਜੋੜਦੇ ਨੇ, ਬਾਰ-ਬਾਰ ਭੁਲੇਖੇ ਪੈਂਦੇ ਨੇ ਕਿ ਕਿਤੇ ਟੋਟਲ ਗਲਤ ਨਾ ਹੋ ਜਾਣ। ਨਿਕਲਦਾ ਕੀ ਹੈ ਗੁਰੂ ਨਾਨਕ ਪਾਤਸ਼ਾਹ ਦੇ 760 ਰੁਪਏ। ਅੱਜ ਦੇ ਮੁੱਲ ਵਿਚ 6 ਲੱਖ 84 ਹਜ਼ਾਰ ਰੁਪਿਆ ਵਾਧੂ ਨਿਕਲਿਆ। ਲੁਟਾ ਵੀ ਦਿਤਾ, ਸਭ ਕੁਛ ਕਰ ਦਿਤਾ, ਲੱਖਾਂ ਰੁਪਏ ਅੱਜ ਦੇ ਭਾਅ ਦੇ ਵਾਧਾ ਨਿਕਲਿਆ, ਇਹ ਨਾ ਕਿਹਾ ਕਰੋ ਕਿ 760 ਨਿਕਲਿਆ। 760 ਤਾਂ ਹੁਣ ਕੁਛ ਵੀ ਨਹੀਂ ਹੈਗੇ। ਪੈਸਾ ਵੀ ਨਹੀਂ ਪਾਈਆਂ ਵੀ ਨਹੀਂ 760 ਤਾਂ। ਜਿਹੜਾ ਸਾਡੇ ਜ਼ਮਾਨੇ 'ਚ ਰੁਪਈਆ ਸੀ, ਉਸ ਤੋਂ ਅੱਧ ਵਿਚ ਵੀ ਨਹੀਂ ਹੈਗਾ। ਇੱਕ ਪੈਸੇ ਦੀ ਰੋਟੀ ਖਾ ਕੇ ਆਦਮੀ ਰੱਜ ਜਾਂਦਾ ਸੀ। ਜਦੋਂ ਮੈਂ ਪੜ੍ਹਦਾ ਸੀ, ਇੱਕ ਆਨਾ ਅਸੀਂ ਦਿੰਦੇ ਹੁੰਦੇ ਦੋਵੇਂ ਡੰਗ ਦੀ ਰੋਟੀ ਖਾਂਦੇ ਹੁੰਦੇ। ਜਦੋਂ ਫੌਜ 'ਚ ਮੈਂ ਆ ਗਿਆ, ਦੋ ਰੁਪਏ ਸਾਡੇ ਮਹੀਨੇ 'ਚ ਕੱਟ ਹੁੰਦੇ ਸੀ ਰੋਟੀ ਦੇ। ਹੁਣ ਕਰ ਲਓ ਤਾਂ ਕਿੰਨੇ ਹੁੰਦੇ ਨੇ। ਸੋ ਇਸ ਤਰ੍ਹਾਂ ਵਾਧਾ ਨਿਕਲਿਆ। ਗੁਰੂ ਨਾਨਕ ਪਾਤਸ਼ਾਹ ਸ਼ਮਸ਼ਾਨ ਭੂਮੀ 'ਚ ਜਾ ਕੇ ਬਹਿ ਗਏ। ਵਸਤਰ ਉਤਾਰ ਦਿੱਤੇ ਸਾਰੇ, ਉਥੇ ਬੈਠੇ ਇੱਕ ਗੱਲ ਕਹਿੰਦੇ ਨੇ -

***ਨਾ ਹਮ ਹਿੰਦੂ ਨ ਮੁਸਲਮਾਨ ॥*** ***ਅੰਗ - 1136***

ਇਧਰਲੇ ਪਾਸੇ ਗੁਰੂ ਨਾਨਕ ਪਾਤਸ਼ਾਹ ਦੇ ਜਿਹੜੇ ਸਹੁਰੇ ਪਿਤਾ ਜੀ ਸੀ ਮੂਲ ਚੰਦ, ਉਨ੍ਹਾਂ ਨੂੰ ਪਤਾ ਲੱਗਿਆ ਕਿ ਗੁਰੂ ਨਾਨਕ ਤਾਂ ਜਾ ਕੇ ਬਹਿ ਗਿਆ, ਬਾਲ-ਬੱਚੇ ਛੱਡ ਦਿਤੇ, ਬੜਾ ਮਾੜਾ ਕੰਮ ਹੋਇਆ। ਕ੍ਰੋਧ ਦੇ ਵਿਚ ਆ ਕੇ ਦੋਵੇਂ ਜਣੇ ਆਏ, ਚੰਦੋ ਰਾਣੀ ਤੇ ਮੂਲ ਚੰਦ। ਸਿੱਧੇ ਗੁਰੂ ਨਾਨਕ ਦੇ ਪਾਸ ਪਹੁੰਚ ਗਏ। ਕਹਿਣ ਲੱਗੇ ਕਿ ਵਿਆਹ ਇਸੇ ਕਰਕੇ ਕਰਾਇਆ ਸੀ? ਪੈਸੇ ਲੁਟਾ ਦਿਤੇ ਫਕੀਰਾਂ ਨੂੰ, ਸ੍ਰੀ ਚੰਦ ਦਾ ਜਨਮ ਹੋ ਚੁੱਕਿਆ ਸੀ ਤੇ ਲਖਮੀ ਦਾਸ ਅਜੇ ਪੇਟ ਅੰਦਰ ਸਨ।

ਕਹਿਣ ਲੱਗੇ, ਤੈਨੂੰ ਪਰਿਵਾਰ ਦਾ ਖਿਆਲ ਨਹੀਂ, ਸਾਨੂੰ ਜਵਾਬ ਦੇ ਇਸ ਗੱਲ ਦਾ। ਗੁਰੂ ਨਾਨਕ ਚੁੱਪ ਨੇ ਕੋਈ ਜਵਾਬ ਨਹੀਂ ਦਿੰਦੇ। ਉਸ ਵੇਲੇ ਕਹਿਣ ਲੱਗਿਆ, ਇਹ ਤਾਂ ਬੋਲਦਾ ਨਹੀਂ ਤੇ ਬੇਬੇ ਨਾਨਕੀ ਕੋਲ ਆ ਕੇ ਏਸੇ ਤਰ੍ਹਾਂ ਬਹੁਤ ਰੁੱਖੇ ਤੇ ਕੌੜੇ ਬਚਨ ਬੋਲੇ, ਜੋ ਆਦਮੀ ਬੋਲ ਸਕਦਾ ਹੈ ਇਹੋ ਜਿਹੀ ਸਥਿਤੀ 'ਚ ਸਭ ਬੋਲੇ ਤੇ ਬੇਬੇ ਵੀ ਚੁੱਪ ਕਰ ਰਹੀ।

ਕਹਿਣ ਲੱਗੇ, ਉਹ ਪੈਸੇ ਕਿੱਥੇ ਨੇ?

ਜੈ ਰਾਮ ਜੀ ਕਹਿਣ ਲੱਗੇ ਕਿ ਇਹ ਤਾਂ ਉਨ੍ਹਾਂ ਨੇ ਕਹਿ ਦਿਤਾ ਕਿ

ਸਭ ਪੈਸੇ, ਗਰੀਬਾਂ ਨੂੰ, ਫਕੀਰਾਂ ਨੂੰ, ਸਾਧੂਆਂ ਸੰਤਾਂ ਨੂੰ ਵੰਡ ਦਿਓ। ਦੌੜਿਆ-ਦੌੜਿਆ ਗਿਆ ਨਵਾਬ ਦੇ ਜਾ ਕੇ ਹਾਰ-ਪੁਹਾਰਾ ਕਰਿਆ। ਦੁਹਾਈ ਹੈ ਮਹਾਰਾਜ!

ਕਹਿਣ ਲੱਗੇ, ਕੌਣ ਹੈਂ ਤੂੰ?

ਕਹਿਣ ਲੱਗਿਆ, ਮੈਂ ਨਾਨਕ ਦਾ ਸਹੁਰਾ ਹਾਂ।

ਉਹ ਤਾਂ ਬਉਰਾ ਹੋ ਗਿਆ ਮਹਾਰਾਜ, ਬਉਰਾ ਹੋ ਗਿਆ। ਬੇਤਾਲਾ ਹੋ ਗਿਆ, ਭੂਤਨਾ ਹੋ ਗਿਆ। ਤੁਸੀਂ ਕ੍ਰਿਪਾ ਕਰੋ, ਬੱਚਿਆਂ 'ਤੇ ਰਹਿਮ ਕਰੋ। ਜੋ ਵਾਧਾ ਨਿਕਲਦਾ ਹੈ ਉਸਦਾ ਉਹ ਸਾਨੂੰ ਦਿਓ। ਉਸ ਵੇਲੇ ਨਵਾਬ ਬੜਾ ਹੈਰਾਨ ਹੁੰਦਾ ਹੈ ਕਿ ਨਾਨਕ ਪੀਰ ਪੂਰਾ ਹੈ ਤੇ ਇਹਨੂੰ ਸਮਝ 'ਚ ਨਹੀਂ ਆਉਂਦੀ। ਹੁਣ ਕਰਾਂ ਤਾਂ ਕੀ ਕਰਾਂ। ਹੁਣ ਫੈਸਲਾ ਨਹੀਂ ਹੋਣ 'ਚ ਆਉਂਦਾ, ਅਖੀਰ ਫੈਸਲਾ ਕਰਿਆ ਕਿ ਚੰਗਾ ਅੱਧੇ ਬੱਚਿਆਂ ਨੂੰ ਦਿੰਦੇ ਹਾਂ, ਅੱਧੇ ਸਾਧੂ ਸੰਤਾਂ ਨੂੰ ਦੇਵਾਂਗੇ। ਉਸ ਵੇਲੇ ਫੇਰ ਲੱਗਿਆ ਗੱਲਾਂ ਕਰਨ, ਬਹੁਤ ਗੱਲਾਂ ਕਰਦਾ ਹੈ। ਬੇਅੰਤ ਕਿਸਮ ਦੇ ਤਾਅਨੇ ਮਿਹਣੇ ਦਿੰਦਾ ਹੈ। ਉਸ ਤੋਂ ਬਾਅਦ ਫੇਰ ਚਲਿਆ ਗਿਆ ਆਪਣੇ ਪਿੰਡ, ਪੱਖੋ ਕੇ ਰੰਧਾਵੇ। ਉਥੇ ਜਾ ਕੇ ਇੱਕ ਉਹਦਾ ਗੁਰੂ ਸੀ, ਪੰਡਤ ਸੀ, ਉਸ ਦਾ ਨਾਉਂ ਸ਼ਾਮਾ ਸੀ, ਉਸ ਕੋਲ ਚਲਿਆ ਗਿਆ। ਸੂਰਜ ਪ੍ਰਕਾਸ਼ 'ਚ ਲਿਖਿਆ ਹੋਇਆ ਹੈ -

***ਜਿਹ ਦਿਜ ਕੀ ਸੰਗਤਿ ਕਰਤਿ ਤਿਹ ਢਿਗ ਬੈਸਯੋ ਜਾਇ।***

ਜਿਹੜੇ ਬ੍ਰਾਹਮਣ ਦੀ ਸੰਗਤ ਕਰਦਾ ਸੀ, ਉਹਨੂੰ ਗੁਰੂ ਧਾਰਨ ਕਰਿਆ ਹੋਇਆ ਸੀ, ਉਹਦੇ ਕੋਲ ਜਾ ਕੇ ਰੋਣ ਲੱਗ ਗਿਆ। ਰੋ-ਰੋ ਕੇ ਗੱਲਾਂ ਕਰਦਾ ਹੈ -

***ਮਨ ਕੇ ਦੁਖ ਬਰਨਨ ਕਰੇ, ਰੋਤਿ ਭਯੋ ਦੁਖ ਪਾਇ।***

***ਸ਼੍ਰੀ ਗੁਰੂ ਨਾਨਕ ਪ੍ਰਕਾਸ਼***

ਕਹਿੰਦਾ, ਗੁਰੂ ਜੀ ਮੈਂ ਕੀ ਦੱਸਾਂ, ਮੈਨੂੰ ਤਾਂ ਜਦ ਦੀ ਲੜਕੀ ਵਿਆਹੀ ਹੈ, ਇੱਕ ਦਿਨ ਵੀ ਸੁੱਖ ਦਾ ਸਾਹ ਨਹੀਂ ਮਿਲਿਆ। ਜਿਹਦੀ ਲੜਕੀ ਦੁਖੀ ਹੋਵੇ ਉਹਦੇ ਤਾਂ ਮਾਂ-ਪਿਉ ਚਿਖਾ ਦੇ ਉਤੇ ਦਿਨ ਰਾਤ ਬਤੀਤ ਕਰਦੇ ਨੇ ਤੇ ਮੈਂ ਤਾਂ ਚਿੰਤਾ ਦੀ ਚਿਖਾ ਦੇ ਉਤੇ ਸੜ ਰਿਹਾ ਹਾਂ -

***ਏਕ ਦਿਵਣ ਸੁਖ ਨਾਂਹਿ ਜਬ ਕੀ ਸੁਤਾ ਬਿਵਾਹਿ ਦੀ।***
***ਬੈਸਯੋ ਗੋਰਨਿ ਮਾਂਹਿ ਤਜਿ ਤਰੁਨੀ ਘਰ ਕਾਰ ਸਭਿ।***

***ਸ੍ਰੀ ਗੁਰ ਨਾਨਕ ਪ੍ਰਕਾਸ਼***

ਬਾਲ-ਬੱਚਿਆਂ ਨੂੰ ਛੱਡ ਕੇ, ਘਰ ਨੂੰ ਛੱਡ ਕੇ ਕਬਰਾਂ 'ਚ ਬੈਠਾ ਹੈ। ਕੋਈ ਮੱਤ ਦਿਓ ਉਸਨੂੰ, ਤੁਸੀਂ ਵੱਡੇ ਗੁਰੂ ਓਂ, ਵੱਡੇ ਵਿਦਵਾਨ ਓਂ।

ਪੰਡਤ ਆ ਜਾਂਦਾ ਹੈ ਗੁਰੂ ਨਾਨਕ ਦੇ ਪਾਸ ਦੋਵੇਂ ਆ ਜਾਂਦੇ ਨੇ। ਉਸ ਵੇਲੇ ਗੁਰੂ ਨਾਨਕ ਨੂੰ ਕਹਿੰਦੇ ਨੇ ਕਿ ਨਾਨਕ! ਇਹ ਤੂੰ ਕੀ ਕੰਮ ਫੜ ਲਿਆ, ਬਉਰਿਆਂ ਵਾਲਾ, ਭੂਤਾਂ-ਪ੍ਰੇਤਾਂ ਵਾਲਾ, ਤੈਨੂੰ ਕੋਈ ਵਿਗਾੜ ਹੋ

ਗਿਆ, ਪਾਣੀ 'ਚ ਡੁੱਬ ਕੇ ਆਹ ਤੂੰ ਕੀ ਕਰਿਆ ਹੈ? ਕੋਈ ਸੰਸਾਰ ਦਾ ਬੰਦਾ ਹੈ ਜਿਹਦੇ ਬਾਲ-ਬੱਚਾ ਹੋਵੇ, ਆਪਣੇ ਧਨ ਨੂੰ ਕਹਿ ਦੇਵੇ ਕਿ ਲੁਟਾ ਦਿਓ ਤੇ ਤੂੰ ਕਿੱਡੀ ਵੱਡੀ ਨੌਕਰੀ ਕਰਦਾ ਸੀ, ਕਿੱਡੀ ਤੇਰੀ ਮਹਿਮਾ ਸੀ, ਸਾਰੇ ਲੋਕ ਧੰਨ-ਧੰਨ ਕਰਦੇ ਸੀ। ਸਾਰੇ ਅਹਿਲਕਾਰ, ਸਾਰੇ ਕਰਮਚਾਰੀ ਤੇਰਾ ਜਸ ਕਰਦੇ ਸੀ।

ਪੰਡਤ ਕਹਿਣ ਲੱਗਿਆ ਕਿ ਤੂੰ ਰੱਬ ਨੂੰ ਮਿਲਣਾ ਹੈ, ਰੱਬ ਤਾਂ ਘਰ ਹੀ ਮਿਲ ਜਾਂਦਾ ਹੈ। ਤੂੰ ਰੱਬ ਨੂੰ ਪਛਾਣ, ਰੱਬ ਨੂੰ ਮਿਲ। ਉਸ ਵੇਲੇ ਮਹਾਰਾਜ ਉਸ ਪੰਡਤ ਨੂੰ ਮੁਖਾਤਿਬ ਕਰਕੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਸੁਆਮੀ ਪੰਡਿਤਾ ਤੁਮ੍ ਦੇਹੁ ਮਤੀ ॥***
***ਕਿਨ ਬਿਧਿ ਪਾਵਉ ਪ੍ਰਾਨਪਤੀ ॥***

***ਸੁਆਮੀ ਪੰਡਿਤਾ ਤੁਮ੍ ਦੇਹੁ ਮਤੀ ॥***
***ਕਿਨ ਬਿਧਿ ਪਾਵਉ ਪ੍ਰਾਨਪਤੀ ॥ ਅੰਗ – 1171***

ਰੱਬ ਨੂੰ ਮਿਲਣ ਦੀਆਂ ਗੱਲਾਂ ਦੱਸਦਾ ਹੈਂ, ਆ ਅਸੀਂ ਤੈਨੂੰ ਦਸਦੇ ਹਾਂ, ਕਹਿੰਦੇ ਰੱਬ ਓਨਾਂ ਚਿਰ ਤੱਕ ਨਹੀਂ ਮਿਲਦਾ, ਜਿੰਨਾਂ ਚਿਰ ਤੱਕ ਤੂੰ ਰਾਜੇ ਨੂੰ ਵਸ ਨਹੀਂ ਕਰਦਾ। ਆਹ ਜਿਹੜਾ ਸਰੀਰ ਹੈ ਇਹ ਕੱਚੀ ਨਗਰੀ ਹੈ। ਜ਼ਰਾ ਕੁ ਕੱਚੇ ਦੇ ਉੱਤੇ ਪਾਣੀ ਪੈ ਜਾਵੇ, ਕਾਗਜ਼ ਦੇ ਉੱਤੇ, ਉਸੇ ਵੇਲੇ ਬਿਨਸ ਜਾਂਦਾ ਹੈ। ਉਸ ਵੇਲੇ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕਰਿਆ –

***ਧਾਰਨਾ – ਰਾਜਾ ਬਾਲਕ ਜੀ,***
***ਨਗਰੀ ਕਾਚੀ-ਨਗਰੀ ਕਾਚੀ।***

ਕਹਿਣ ਲੱਗੇ, ਪੰਡਤ ਜੀ! ਪਹਿਲਾਂ ਇਹ ਗੱਲ ਸਮਝੋ, ਫੇਰ ਮੱਤ ਦੇਵੋ ਕਿ ਪ੍ਰਮੇਸ਼ਰ ਕਿਵੇਂ ਮਿਲਦਾ ਹੈ। ਆ ਤੈਨੂੰ ਅਸੀਂ ਦੱਸੀਏ –

***ਰਾਜਾ ਬਾਲਕੁ ਨਗਰੀ ਕਾਚੀ ..............॥ ਅੰਗ – 1171***

ਏਸ ਸਰੀਰ ਦਾ ਜਿਹੜਾ ਰਾਜਾ ਹੈ ਉਹ ਬਾਲਕ ਹੈ, ਅਣਜਾਣ ਹੈ, ਅੱਲੜ ਹੈ ਤੇ ਨਗਰੀ ਜਿਹੜੀ ਇਹਦੀ ਹੈ ਉਹ ਸਾਰੀ ਕੱਚੀ ਹੈ। ਐਨੀ ਕੱਚੀ ਹੈ ਕਿ ਏਸ ਨਗਰੀ ਦੀ ਕੋਈ ਮਿਆਦ ਨਹੀਂ ਹੈ –

***ਧਾਰਨਾ – ਏਥੇ ਕੀ ਮੁਨਿਆਦਾਂ ਤੇਰੀਆਂ,***
***ਪਾਣੀ ਦਿਆ ਬੁਲਬਲਿਆ।***

***ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥***
***ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥ਅੰਗ – 1427***

***ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥***
***ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥***
***ਅੰਗ – 1429***

ਪੰਡਤ ਜੀ! ਜਿਵੇਂ ਰੇਤੇ ਦਾ ਘਰ ਹੁੰਦਾ ਹੈ, ਰੇਤੇ ਦੀ ਕੰਧ ਬਣਾ

ਲਓ, ਹਵਾ ਆਏਗੀ ਸਾਰੀ ਗਿਰ ਜਾਏਗੀ। ਇਹੋ ਜਿਹੀ ਨਗਰੀ ਹੈ ਸਰੀਰ ਦੀ। ਇਹ ਕੱਚੀ ਨਗਰੀ ਹੈ ਤੇ ਰਾਜਾ ਇਹਦਾ ਬਾਲਕ ਹੈ ਤੇ ਫੇਰ ਰਾਜਾ ਅਕਲਮੰਦ ਹੁੰਦਾ, ਮਿੱਤਰਾਂ ਨਾਲ ਦੋਸਤੀ ਕਰਦਾ, ਪਰ ਉਹਦੀ ਦੋਸਤੀ ਕੀਹਦੇ ਨਾਲ ਹੈ -

***..........ਦੂਸਟਾ ਨਾਲਿ ਪਿਆਰੋ ॥ ਅੰਗ - 1171***

ਦੁਸ਼ਟਾਂ ਨਾਲ ਪਿਆਰ ਕਰਦਾ ਹੈ, ਜਿਹੜੇ ਇਹਨੂੰ ਨੁਕਸਾਨ ਦਿੰਦੇ ਨੇ। ਹਰ ਵਕਤ ਨੁਕਸਾਨ ਦਿੰਦੇ ਨੇ। ਗੁਰੂ, ਪੀਰ ਸਮਝਾਉਂਦੇ ਨੇ, ਨਾ ਦੁਸ਼ਟਾਂ ਨਾਲ ਪਿਆਰ ਕਰ ਪ੍ਰੇਮੀਆਂ, ਕਿਉਂ ਦੁਸ਼ਟਾ ਨਾਲ ਪਿਆਰ ਕਰਦਾ ਹੈਂ, ਤੈਨੂੰ ਨਰਕਾਂ 'ਚ ਲੈ ਜਾਣਗੇ। ਜਨਮਾਂ-ਜਨਮਾਂਤਰਾਂ ਦੇ ਚੱਕਰ 'ਚ ਪਾ ਦੇਣਗੇ। ਦੁਸ਼ਟਾਂ ਦਾ ਸਾਥ ਛੱਡ, ਤੂੰ ਮਿੱਤਰਾਂ ਦੀ ਸੰਗਤ ਵਿਚ ਆ। ਲੇਕਿਨ ਇਹ ਸਮਝਾਉਣ ਦੇ ਬਾਵਜੂਦ ਬਿਲਕੁਲ ਨਹੀਂ ਸੁਣਦਾ ਤੇ ਵੈਰੀਆਂ ਦਾ ਮਿੱਤਰ ਬਣਿਆ ਹੋਇਆ ਹੈ। ਮਿੱਤਰਾਂ ਨੂੰ ਵੈਰੀ ਬਣਾਇਆ ਹੋਇਆ ਹੈ -

***ਧਾਰਨਾ - ਛੱਡ ਕੇ ਮਿੱਤਰ ਪਿਆਰੇ ਰਾਮ ਨੂੰ,***
***ਵੈਰੀਆਂ ਨਾਲ ਪਾ ਲਈ ਦੋਸਤੀ।***

***ਸੰਗਿ ਸਹਾਈ ਸੁ ਆਵੈ ਨ ਚੀਤਿ ॥***
***ਜੋ ਬੈਰਾਈ ਤਾ ਸਿਉ ਪ੍ਰੀਤਿ ॥***
***ਬਲੂਆ ਕੇ ਗ੍ਰਿਹ ਭੀਤਰਿ ਬਸੈ ॥***
***ਅਨਦ ਕੇਲ ਮਾਇਆ ਰੰਗਿ ਰਸੈ ॥ ਅੰਗ - 267***

ਜਿਹੜਾ ਵਾਹਿਗੁਰੂ ਹਰ ਵਕਤ ਬਖਸ਼ਿਸ਼ਾਂ ਕਰਨ ਨੂੰ ਤਿਆਰ, ਬਰਕਤਾਂ ਪਾਉਣ ਨੂੰ ਤਿਆਰ ਹੈ, ਵਿਘਨਾਂ ਦਾ ਨਾਸ਼ ਕਰਨ ਨੂੰ ਤਿਆਰ ਹੈ ਉਹਦਾ ਨਾਸ਼ ਭੁੱਲ ਚੁੱਕਿਆ ਹੈ। ਲੇਕਿਨ ਜਿਹੜੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਸ਼ਬਦ, ਸਪਰਸ਼, ਰੂਪ, ਰਸ, ਗੰਧ, ਹੰਸ, ਹੇਤ, ਕੋਪ, ਲੋਭ, ਇਹਦੇ ਨਾਲ ਦੋਸਤੀ ਪਾਈ ਹੋਈ ਹੈ, ਹਟਦਾ ਨਹੀਂ ਹੈ-

***ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ ॥***
***ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ ॥***
***ਅੰਗ - 1171***

ਕਹਿੰਦੇ ਇਹਨੂੰ ਲੁੱਟਦੇ ਨੇ ਦਿਨ-ਰਾਤ।

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
***ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥***
***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥***
***ਅੰਗ - 600***

ਕੌਣ ਸੁਣੇ? ਇਨ੍ਹਾਂ ਨਾਲ ਤਾਂ ਮਿੱਤਰਤਾ ਪਾਈ ਹੋਈ ਹੈ-

***ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ ॥***

*ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ ॥*
*ਅੰਗ - 155*

ਗਲਤੀ ਕੀਹਦੀ ਹੈ? ਇਸ ਰਾਜੇ ਦੀ ਹੈ ਜਿਹਨੇ ਪਿਆਰ ਪਾਇਆ ਹੈ।

*ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥*
*ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥*
*ਰਸਨਾ ਸੋਈ ਲੋਭਿ ਮੀਠੈ ਸਾਦਿ ॥*
*ਮਨੁ ਸੋਇਆ ਮਾਇਆ ਬਿਸਮਾਦਿ ॥ 1 ॥*
*ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥*
*ਸਾਬਤੁ ਵਸਤੁ ਓਹੁ ਅਪਨੀ ਲਹੈ ॥ 1 ॥ ਰਹਾਉ ॥*
*ਸਗਲ ਸਹੇਲੀ ਅਪਨੈ ਰਸ ਮਾਤੀ ॥*
*ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥*
*ਮੁਸਨਹਾਰ ਪੰਚ ਬਟਵਾਰੇ ॥*
*ਸੂਨੇ ਨਗਰਿ ਪਰੇ ਠਗਹਾਰੇ ॥* *ਅੰਗ - 182*

ਕਹਿੰਦੇ, ਲੁੱਟਦੇ ਨੇ -

*ਲੂਟਹਿਂ ਮਿਲ ਕਰਿ ਇਸ ਕੀ ਨਗਰੀ।*
*ਨੀਤ ਉਜਾਰਹਿਂ ਈਸ਼ ਉਜਗਰੀ।* *ਸ਼੍ਰੀ ਗੁਰੂ ਨਾਨਕ ਪ੍ਰਕਾਸ਼*

ਕਹਿੰਦੇ, ਆਹ ਮਨ ਦੇ ਸਾਮ੍ਹਣੇ ਹੀ ਉਜਾੜਾ ਪਾਇਆ ਹੋਇਆ ਹੈ ਉਨ੍ਹਾਂ ਨੇ।

*ਬਿਗਰਯੋ ਅਪਨੋ ਜਾਨਯੋ ਨਾਂਹੀ।*
*ਮਿਲਯੋ ਰਹੈ ਪੁਨ ਪੁਨ ਤਿਨ ਮਾਂਹੀ।*
*ਸ਼੍ਰੀ ਗੁਰ ਨਾਨਕ ਪ੍ਰਕਾਸ਼*

ਵਿਗੜਦੇ ਨੂੰ ਜਾਣਦਾ ਨਹੀਂ, ਕ੍ਰੋਧ ਇਹਦੇ ਸਰੀਰ ਨੂੰ ਖਾ ਰਿਹਾ ਹੈ, ਕਾਮ ਇਹਦੇ ਸਰੀਰ ਨੂੰ ਖਾ ਰਿਹਾ ਹੈ -

*ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥*
*ਜਿਉ ਕੰਚਨ ਸੋਹਾਗਾ ਢਾਲੈ ॥* *ਅੰਗ - 932*

ਫੇਰ ਕਾਮ ਪਿਆਰਾ ਲਗਦਾ ਹੈ। ਲੋਭ ਇਸ ਦਾ ਅੱਗਾ ਖਰਾਬ ਕਰ ਰਿਹਾ ਹੈ। ਅਹੰਕਾਰ ਇਸਦੀ ਭਗਤੀ ਦਾ ਨਾਸ਼ ਕਰ ਰਿਹਾ ਹੈ। ਪ੍ਰਮੇਸ਼ਰ ਨਾਲੋਂ ਤੋੜ ਰਿਹਾ ਹੈ। ਮੋਹ ਇਸਨੂੰ ਜਨਮਾਂ-ਜਨਮਾਂਤਰਾਂ 'ਚ ਘੁੰਮਾਉਣ ਦੀਆਂ ਤਿਆਰੀਆਂ ਕਰ ਰਿਹਾ ਹੈ। ਸਭ ਕੁਛ ਜਾਣਦਾ ਹੋਇਆ ਫੇਰ ਇਨ੍ਹਾਂ 'ਚ ਫਸਿਆ ਹੋਇਆ ਹੈ। ਪੰਜ ਵਿਸ਼ੇ - ਸ਼ਬਦ, ਸਪਰਸ਼, ਰੂਪ, ਰਸ, ਗੰਧ। ਪੰਜ ਜਾਲ ਪਏ ਹੋਏ ਨੇ ਇਨ੍ਹਾਂ ਵਿਚ ਜਾਣ-ਜਾਣ ਕੇ ਫੇਰ ਫਸਦਾ ਹੈ। ਮਹਾਰਾਜ ਕਹਿੰਦੇ, ਐਸਾ ਰਾਜਾ ਹੈ -

*ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ ॥*
*ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ ॥*
*ਅੰਗ - 1171*

ਦੋ ਮਾਵਾਂ ਨੇ ਦੋ ਬਾਪ ਨੇ ਇਹਦੇ। ਕਰੋ ਵਿਚਾਰ ਪੰਡਤ ਜੀ।

ਪੰਡਤ ਮੂੰਹ ਵਲ ਝਾਕਦਾ ਹੈ। ਕਹਿੰਦੇ, ਦੋ ਮਾਵਾਂ ਨੇ ਇੱਕ ਅਵਿਦਿਆ, ਦੂਜੀ ਮਾਇਆ। ਦੋ ਇਹਦੇ ਬਾਪ ਨੇ ਇੱਕ ਜੀਵ ਹੈ ਇੱਕ ਈਸ਼ਵਰ ਹੈ। ਇਹ ਦੋਹਾਂ ਦਾ ਜਾਇਆ ਹੋਇਆ ਹੈ–

*ਮਾਤ ਅਵਿੱਦਯਾ ਦੂਜੀ ਮਾਯਾ।*
*ਈਸ਼, ਜੀਵ, ਦੁਇ ਪਿਤ ਜਿਨ ਜਾਯਾ।* **ਸ਼੍ਰੀ ਗੁਰ ਨਾਨਕ ਪ੍ਰਕਾਸ਼**

ਈਸ਼ਵਰ ਤੇ ਜੀਵ ਦੋਵੇਂ ਨੇ ਜਿਹਨੇ ਇਹਨੂੰ ਪੈਦਾ ਕੀਤਾ ਹੈ।

*ਦ੍ਵੈ ਕੋ ਜਨਯੋ ਕੁਟਿਲਤਾ ਕਾਰਨ।*
*ਕਿਹ ਬਿਧਿ ਯਾ ਕੋ ਹੋਇ ਸਵਾਰਨ।* **ਸ਼੍ਰੀ ਗੁਰ ਨਾਨਕ ਪ੍ਰਕਾਸ਼**

ਦੋਵਾਂ ਦਾ ਪੁੱਤਰ ਹੈ। ਕਹਿੰਦੇ, ਕੁਟਲਤਾ ਇਹਦੇ ਵਿਚ ਫੇਰ ਆਉਣੀ ਹੀ ਸੀ। ਵਿਚਾਰ ਕਰਕੇ ਦੱਸੋ ਪੰਡਤ ਜੀ, ਇਹਨੂੰ ਕਿਵੇਂ ਸੰਵਾਰੀਏ।

ਓਸ ਵੇਲੇ ਮਹਾਰਾਜ ਚੁੱਪ ਕਰ ਗਏ ਐਨਾ ਕਹਿ ਕੇ, ਬੋਲੇ ਨਹੀਂ।

ਮੂਲਾ ਕਹਿਣ ਲੱਗਿਆ ਕਿ ਫੇਰ ਤੂੰ ਵਿਆਹ ਕਿਉਂ ਕਰਾਇਆ ਸੀ ਜੇ ਇਹੋ ਜਿਹੀਆਂ ਗੱਲਾਂ ਕਰਨੀਆਂ ਸੀ। ਪਹਿਲਾਂ ਸੋਚਣਾ ਸੀ ਤੂੰ।

*ਤੌਂ ਬਿਆਹ ਕਰਿਵਾਇ ਕਿਉਂ?*
*ਤੈਂ ਦੁਖ ਦੀਨੋਂ ਮੋਹਿ।*
*ਦਰਬ ਲੁਟਾਯੋ ਬਾਦ ਬਹੁ,*
*ਸੁਤ ਤਿਯ ਦਿਯੋ ਨ ਟਾਂਕ।* **ਸ਼੍ਰੀ ਗੁਰ ਨਾਨਕ ਪ੍ਰਕਾਸ਼**

ਮੈਨੂੰ ਦੁਖੀ ਕਰ ਦਿੱਤਾ ਤੂੰ। ਇੱਕ ਟਕਾ ਵੀ ਤੂੰ ਆਪਣੇ ਪੁੱਤਰਾਂ ਜਾਂ ਘਰਵਾਲੀ ਨੂੰ ਨਹੀਂ ਕਦੇ ਦਿੱਤਾ। ਜੇ ਇਹ ਕੰਮ ਕਰਨੇ ਸੀ ਤਾਂ ਤੂੰ ਵਿਆਹ ਹੀ ਕਿਉਂ ਕਰਾਇਆ।

ਮਹਾਰਾਜ ਕਹਿੰਦੇ, ਪਿਤਾ ਜੀ! ਇਹ ਠੀਕ ਹੈ ਅੱਗ ਜਿਵੇਂ ਦਰਖਤਾਂ ਦੇ ਵਿਚ ਰਹਿੰਦੀ ਹੈ। ਦਰਖਤ ਮਉਲੇ ਹੋਏ, ਟਾਹਣੀਆਂ, ਸ਼ਾਖਾ, ਫਲ, ਫੁੱਲ ਕੱਢਦੇ ਨੇ। ਇਸੇ ਤਰ੍ਹਾਂ ਤ੍ਰਿਸ਼ਨਾ ਦਾ ਮਾਰਿਆ ਹੋਇਆ ਬੰਦਾ ਇਹ ਵੀ ਫੈਲਿਆ ਹੋਇਆ, ਕੋਈ ਪੁੱਤਰ ਹੈ, ਕੋਈ ਧੀਆਂ ਹੈ, ਕੋਈ ਕੁੜਮ ਹੈ, ਕੋਈ ਕਬੀਲਾ ਹੈ, ਕੋਈ ਸੱਸ ਹੈ, ਕੋਈ ਨੂੰਹ ਹੈ, ਕੋਈ ਜਵਾਈ ਹੈ ਤੇ ਪ੍ਰਮੇਸ਼ਰ ਇਹਦੇ ਅੰਦਰ ਰਹਿੰਦਾ ਹੈ। ਅੰਦਰ ਰਹਿੰਦੇ ਪ੍ਰਮੇਸ਼ਰ ਨੂੰ ਨਹੀਂ ਇਹ ਪਛਾਣਦਾ –

*ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ ॥*
*ਅੰਗ – 1171*

ਪੰਡ ਬੰਨ੍ਹ ਕੇ ਪਾਇਆ ਹੋਇਆ ਹੈ ਇਹਨੇ ਸਾਗਰ। ਅਰਬ ਮਿਲ ਗਿਆ ਕਹਿੰਦਾ ਖਰਬ ਚਾਹੀਦਾ ਹੈ। ਖਰਬ ਮਿਲ ਗਿਆ ਓਸ ਤੋਂ ਵੀ ਅੱਗੇ ਚਾਹੁੰਦਾ ਹੈ –

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥ 1 ॥ ਰਹਾਉ ॥*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥*
*ਪਰੈ ਪਰੈ ਹੀ ਕਉ ਲੁਝੀ ਹੇ ॥* *ਅੰਗ – 213*

ਇਹ ਸਾਕ ਸਬੰਧੀਆਂ ਸਮੇਤ ਮਉਲ ਰਿਹਾ ਹੈ ਪਰਿਵਾਰ ਦੇ ਵਿਚ ਤੇ ਜੀਵ ਦੇ ਛੁਟਣ ਦਾ ਕੋਈ ਵੀ ਤਰੀਕਾ ਨਹੀਂ ਬਣਦਾ। ਸੋ ਐਨੀ ਗੱਲ ਕਹਿ ਕੇ ਮਹਾਰਾਜ ਖਾਮੋਸ਼ ਹੋ ਗਏ। ਕਹਿਣ ਲੱਗੇ –

***ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ ॥***
***ਚੰਦੁ ਸੂਰਜੁ ਦੁਇ ਘਰ ਹੀ ਭੀਤਰਿ***
***ਐਸਾ ਗਿਆਨੁ ਨ ਪਾਇਆ ॥***

***ਅੰਗ – 1171***

ਸਦਗੁਣ ਤੇ ਤਪਸ਼ ਦੇਣ ਵਾਲੇ ਔਗੁਣ ਦੋਵੇਂ ਇਹਦੇ ਵਿਚ ਰਹਿੰਦੇ ਨੇ ਸਰੀਰ ਦੇ। ਇਹਨੇ ਪਛਾਣ ਨਹੀਂ ਕਰੀ ਕਿ ਮੈਨੂੰ ਸੁੱਖ ਕਿਹੜੀਆਂ ਚੀਜ਼ਾਂ ਨੇ ਦੇਣਾ ਹੈ। ਦੁੱਖ ਵਾਲੀਆਂ ਨਾਲ ਲੱਗਿਆ ਹੋਇਆ ਹੈ।

ਇਹ ਤਾਂ ਚੁੱਪ ਹੋ ਗਿਆ, ਸ਼ਿਆਮਾ ਪੰਡਤ! ਫੇਰ ਨਾਨਕ ਤੂੰ ਰੱਬ ਨੂੰ ਮਿਲਣਾ ਹੈ, ਰੱਬ ਤਾਂ ਸਾਰੇ ਪਰੀਪੂਰਨ ਹੈ। ਕਿਹੜਾ ਥਾਉਂ ਹੈ ਰੱਬ ਜਿੱਥੇ ਨਹੀਂ ਹੈ।

ਕਹਿਣ ਲੱਗੇ, ਪੰਡਤ ਜੀ! –

***ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥ ਅੰਗ – 930***

ਹਉਮੈ ਦੇ ਵਿਚ, ਵਿਸ਼ੇ ਵਿਕਾਰਾਂ 'ਚ ਬਿਰਤੀ ਵਾਲੇ ਕਹਿੰਦੇ ਨੇ ਰੱਬ ਸਾਰੇ ਪਰੀਪੂਰਨ ਹੈ। ਇਸ ਤਰ੍ਹਾਂ ਨਹੀਂ ਜਾਣਿਆ ਜਾਂਦਾ–

***ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ ॥***

***ਅੰਗ – 1171***

ਜਿੰਨਾਂ ਚਿਰ ਮਾਇਆ ਤੋਂ ਛੁਟਕਾਰਾ ਨਹੀਂ ਇਹ ਪਾਉਂਦਾ, ਗਿਆਨ ਨਹੀਂ ਹਿਰਦੇ 'ਚ ਆਉਂਦਾ। ਓਨੀਂ ਦੇਰ ਤੱਕ ਜਾਣਿਆ ਨਹੀਂ ਜਾਂਦਾ ਕਿ ਰਾਮ ਸਾਰੇ ਰਮਿਆ ਹੋਇਆ ਹੈ –

***ਤਾ ਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ ॥ ਅੰਗ – 1171***

ਕਹਿੰਦੇ ਉਹਦੇ ਲੱਛਣ ਨੇ –

***ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥***
***ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥ ਰਹਾਉ ॥***
***ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥***
***ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥ 1 ॥***
***ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥***
***ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥***

***ਅੰਗ – 633***

ਕਹਿੰਦੇ, ਉਹ ਜਾਣ ਸਕਦਾ ਹੈ। ਜਿਹਦੇ 'ਚ ਇਹ ਗੱਲਾਂ ਆ ਜਾਣ ਪੰਡਤ ਜੀ! ਇਸ ਤਰ੍ਹਾਂ ਨਹੀਂ ਜਾਣ ਸਕਦਾ।

ਐਨਾ ਕਹਿ ਕੇ ਉਹਦੇ ਵੱਲ ਦੇਖਿਆ, ਹੇਠੀ ਹੁੰਦੀ ਸੀ। ਕਹਿੰਦਾ, ਮੂਲ ਚੰਦ! ਇਹ ਤਾਂ ਖਪਤੀ ਹੋ ਗਿਆ। ਊਟ ਪਟਾਂਗ ਗੱਲਾਂ ਮੂੰਹ 'ਚੋਂ

ਕਹੀ ਜਾਂਦਾ ਹੈ, ਮੇਰੇ ਤਾਂ ਸਮਝ 'ਚ ਨਹੀਂ ਆਉਂਦੀਆਂ। ਨਾ ਇਹ ਕਿਸੇ ਦਾ ਕਿਹਾ ਹੋਇਆ ਮੰਨਦਾ ਹੈ, ਨਾ ਕਿਸੇ ਦੀ ਗੱਲ ਸੁਣਦਾ ਹੈ। ਮਹਾਰਾਜ ਕਹਿੰਦੇ -

***ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਾ ਹੀ ਸੇਤੀ ਵਾਸਾ ॥***
***ਅੰਗ - 1171***

ਕਹਿੰਦੇ ਪੰਡਤ ਜੀ! ਆਹ ਮਨ ਨੂੰ ਸਮਝਾ ਦੇ ਜਿੰਨਾਂ ਜੀਅ ਕਰਦਾ ਹੈ।

1430 ਪੰਨਾ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਸੁਣਦਾ ਹੈ ਤੇ ਨਾ ਕਿਹਾ ਹੋਇਆ ਮੰਨਦਾ ਹੈ, ਤੇ ਨਾ ਪਿਛਲੇ ਭੋਗ ਕੀਤੇ ਹੋਏ ਕਹਿੰਦਾ ਹੈ ਕਿ ਮੈਂ ਮਾੜੇ ਕਰਮ ਕਰ ਲਏ, ਹੁਣ ਨਾ ਅਗਾਂਹਾਂ ਨੂੰ ਕਰਾਂ, ਮੁੜ ਕੇ ਫੇਰ ਓਹੀ ਕਰਦਾ ਹੈ। ਫੇਰ ਭੋਗਾਂ 'ਚ ਪੈਂਦਾ ਹੈ ਤੇ ਇਨ੍ਹਾਂ ਦੇ ਨਾਲ ਹੀ ਵਸਦਾ ਹੈ।

***ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ ॥***
***ਅੰਗ - 1171***

ਕਹਿੰਦੇ, ਇਕ ਸਕਿੰਟ 'ਚ ਜਦੋਂ ਮਾਇਆ ਮਿਲੀ -

***ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ॥***
***ਮਾਇਆ ਗਈ ਤਬ ਰੋਵਨੁ ਲਗਤੁ ਹੈ ॥ ਅੰਗ - 487***

ਫੇਰ ਮਾਸਾ ਵੀ ਨਹੀਂ ਰਹਿੰਦਾ। ਜਦੋਂ ਮਿਲ ਜਾਂਦਾ ਹੈ ਫੇਰ ਉਛਲਦਾ ਫਿਰਦਾ ਹੈ। ਪਾਰਟੀਆਂ ਕਰਦਾ ਹੈ, ਵੱਡੇ-ਵੱਡੇ ਖਰਚ ਕਰਦਾ ਹੈ। ਜਦੋਂ ਘਟ ਗਿਆ, ਫੇਰ ਮਿੰਨਤਾਂ ਕਰਦਾ ਫਿਰਦਾ ਹੈ। ਕਹਿੰਦੇ ਆਹ ਤੇਰੇ ਮਿੱਤਰ ਦਾ ਹਾਲ ਹੈ। ਇਹਨੂੰ ਜਦੋਂ ਪੰਜ ਚੋਰ, ਪੰਜ ਵਿਸ਼ੇ, ਪੰਜ ਠੱਗ, ਚਾਰ ਅੱਗਾਂ ਆਸ਼ਾ ਅੰਦੇਸ਼ਾ, ਵੈਰ ਭਾਵ, ਪੰਜ ਚੋਰ ਸਾਰੇ ਏਸਨੂੰ ਗਿਰਾ ਰਹੇ ਨੇ ਤੇ ਇਹਨੂੰ ਮੰਨਣ ਨਹੀਂ ਦਿੰਦੇ, ਨਾ ਮੰਨਣ ਕਰਕੇ, ਦੁਖੀ ਹੋ ਕੇ, ਖਿਨ ਤੋਲਾ ਖਿਨ ਮਾਸਾ ਹੁੰਦਾ ਤੁਰਿਆ ਜਾ ਰਿਹਾ ਹੈ।

ਐਨਾ ਕਹਿ ਕੇ ਗੁਰੂ ਨਾਨਕ ਪਾਤਸ਼ਾਹ ਖਾਮੋਸ਼ ਹੋ ਗਏ। ਗੱਲ ਸਮਝ ਲਈ ਸ਼ਿਆਮੇ ਨੇ। ਚਰਨ ਫੜ ਲਏ ਕਿ ਹੇ ਨਾਨਕ! ਮੈਂ ਨਹੀਂ ਸੀ ਤੇਰੀ ਮਹਿਮਾ ਨੂੰ ਸਮਝ ਸਕਿਆ। ਸੱਚਮੁੱਚ ਤੂੰ ਨਿਰੰਕਾਰ ਦਾ ਅਵਤਾਰ ਹੈਂ ਹੁਣ ਮੇਰੇ 'ਤੇ ਕ੍ਰਿਪਾ ਕਰ। ਆਇਆ ਤਾਂ ਮੈਂ ਤੈਨੂੰ ਸਮਝਾਉਣ ਸੀ। ਕ੍ਰਿਪਾ ਕਰ ਮੇਰੇ 'ਤੇ, ਜੋ ਕੁਛ ਤੇਰੇ ਕੋਲ ਦੇਣ ਨੂੰ ਹੈ ਮੈਨੂੰ ਦੇ ਦੇ। ਓਸ ਵੇਲੇ ਮਹਾਰਾਜ ਨੇ ਪ੍ਰਮੇਸ਼ਰ ਦਾ ਨਾਮ ਉਹਦੇ ਹਿਰਦੇ 'ਚ ਵਸਾ ਦਿਤਾ ਤੇ ਧੰਨ-ਧੰਨ ਕਰਦਾ ਚਲਿਆ ਗਿਆ। ਮੂਲਾ ਖਿੜਦਾ ਚਲਿਆ ਗਿਆ।

ਉਹ ਨਾਮ ਦਾ ਭੰਡਾਰਾ ਲਿਆ ਕੇ, ਕਿੰਨੀਆਂ ਤਕਲੀਫਾਂ 'ਚ ਹੋ ਕੇ, ਕਿੰਨੀਆਂ ਔਕੜਾਂ 'ਚ ਹੋ ਕੇ, ਗੁਰੂ ਨਾਨਕ ਪਾਤਸ਼ਾਹ ਨੇ ਦਸ ਰੂਪਾਂ ਦੇ ਅੰਦਰ, ਸੰਸਾਰ 'ਚ ਵਰਤਾਇਆ। ਅਟੱਲ ਪਦਵੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਦੇ ਕੇ ਅਟੱਲ ਕਰ ਦਿਤਾ ਗੁਰੂ ਨੂੰ ਸਦਾ ਵਾਸਤੇ ਕਿ

ਆਓ, ਆ ਕੇ ਗੁਰੂ ਤੋਂ ਉਪਦੇਸ਼ ਲਓ। ਹੁਣ ਸਰੀਰ ਨਹੀਂ ਬਦਲਣੇ, ਇੱਕ ਸਰੀਰ ਐਸਾ ਅਸੀਂ ਛੱਡ ਚੱਲੇ ਹਾਂ, ਜਦੋਂ ਤੁਸੀਂ ਨਿਹਚੇ ਨਾਲ ਆਓਂਗੇ, ਇਹਦਾ ਬਚਨ ਮੰਨੋਗੇ। ਦੁਸ਼ਟਾਂ ਦਾ ਪਿਆਰ ਛੱਡੋਂਗੇ ਤੇ ਤੁਸੀਂ ਰਾਮ ਪਿਆਰੇ ਮਿੱਤਰ ਦੇ ਨਾਲ ਮਿੱਤਰਤਾ ਪਾਓਂਗੇ, ਓਸ ਵੇਲੇ ਪ੍ਰਮੇਸ਼ਰ ਤੁਹਾਨੂੰ ਆਪਣੇ ਵੱਲ ਖਿੱਚੇਗਾ।

ਸੋ ਸਾਧਸੰਗਤ ਜੀ! ਸਾਰੀ ਵਿਚਾਰ ਦਾ ਜੋ ਸਾਰ ਹੈ। ਉਹ ਇਹ ਹੈ ਕਿ ਗੁਰੂ ਨਾਨਕ ਨੇ ਇੱਕ ਦਿਨ, ਇੱਕ ਸ਼ਾਮ ਜੋ ਕੀਰਤਨ ਤੋਂ ਬਗੈਰ ਲੰਘੀ ਉਸਨੂੰ ਬਰਦਾਸ਼ਤ ਨਹੀਂ ਕੀਤਾ, ਉਨ੍ਹਾਂ ਨੇ ਕਿਹਾ ਕਿ ਇਸ ਤਨ ਨੂੰ ਜਾਲ ਦਿਓ। ਕਿਉਂਕਿ ਨਾਮ ਵਿਸਰ ਗਿਆ ਇਹਦੇ ਨਾਲੋਂ।

ਸੋ ਸਾਡਾ ਹਾਲ ਕੀ ਹੈ, ਕਿੱਥੇ ਹਾਂ, ਖੋਜ ਕਰੋ, ਝਾਤੀ ਮਾਰੋ, ਮਨ ਨੂੰ ਟੋਹੋ ਕਿ ਅਸੀਂ ਤਾਂ ਹਰ ਵਕਤ ਹੀ ਵਿਸਰਿਆਂ 'ਚ ਰਹਿੰਦੇ ਹਾਂ। ਸਾਨੂੰ ਤਾਂ ਯਾਦ ਹੀ ਨਹੀਂ ਆਉਂਦਾ। ਆਓ ਗੁਰੂ ਵਾਲੇ ਬਣੋ, ਮੰਤਰ ਲਓ ਗੁਰੂ ਗ੍ਰੰਥ ਸਾਹਿਬ ਤੋਂ, ਪੰਜ ਪਿਆਰਿਆਂ ਰਾਹੀਂ, ਫੇਰ ਉਸ ਮੰਤਰ ਦਾ ਜਾਪ ਕਰੋ, ਸੰਗਤ ਕਰੋ। ਅੰਮ੍ਰਿਤ ਵੇਲੇ ਨੂੰ ਸੰਭਾਲੋ, ਮੁਰਦਿਆਂ ਦੀ ਲਾਈਨ ਵਿਚੋਂ ਨਿਕਲ ਕੇ ਜੀਉਂਦਿਆਂ 'ਚ ਆਓ। ਉਠੋ, ਉੱਠ ਕੇ ਗੁਰੂ ਨਾਨਕ ਦਾ ਲੜ ਫੜੋ, ਬਾਣੀ ਦੇ ਨਾਲ ਜੁੜੋ, ਨਾਮ ਦੇ ਨਾਲ ਜੁੜੋ, ਜਦੋਂ ਅਸੀਂ ਨਾਮ ਦੇ ਨਾਲ ਜੁੜ ਗਏ, ਸਾਰੀਆਂ ਮੁਸ਼ਕਿਲਾਂ ਹੱਲ ਹੋ ਜਾਣਗੀਆਂ। ਮਾਰ ਸਾਡੇ 'ਤੇ ਤਾਂ ਪੈਂਦੀ ਹੈ ਕਿਉਂਕਿ ਅਸੀਂ ਨਾਮ ਨਾਲੋਂ ਟੁੱਟ ਗਏ। ਜੇ ਅੰਦਰ ਨਾਮ ਵਸਦਾ ਹੋਵੇ, ਤਪ ਤੇਜ਼ ਐਨਾ ਵਧ ਜਾਂਦਾ ਹੈ ਕਿ ਕੋਈ ਵੀ ਦੋਖੀ ਨਹੀਂ ਰਹਿੰਦਾ –

***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ ॥*** ***ਅੰਗ – 1299***

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਏਸ ਕਰਕੇ ਸਾਰੇ ਪ੍ਰੇਮੀ ਗੁਰਸਤੋਤਰ ਤੇ ਅਨੰਦ ਸਾਹਿਬ 'ਚ ਬੋਲੋ।

ਅਰਦਾਸ, ਹੁਕਮਨਾਮਾ।

ਫਿਲਮ ਨੰ: 171

# 9

# ਸਿਦਕੀ ਸਿੱਖ

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ, ਆਪ ਦੇ ਸਨਮੁਖ ਬਹੁਤ ਸਾਰੀ ਸੰਗਤ ਬੈਠੀ ਹੈ। ਕਹਿਣ ਲੱਗੇ, ਪਾਤਸ਼ਾਹ! ਤੁਸੀਂ ਸਾਰੇ ਸਿੱਖਾਂ 'ਤੇ ਦਇਆਲ ਹੁੰਦੇ ਓਂ? ਕਹਿੰਦੇ ਦੇਖੋ, ਇਹਦੇ 'ਚ ਭੇਦ ਹੈ। ਗੁਰੂ ਹੁੰਦਾ ਹੈ ਪਾਰਸ। ਜਿਹੋ ਜਿਹੀ ਭਾਵਨਾ ਕਰਕੇ ਕੋਈ ਆਉਂਦਾ ਹੈ, ਉਹਦੀ ਭਾਵਨਾ ਪੂਰੀ ਹੋ ਜਾਂਦੀ ਹੈ, ਕਿਹੋ ਜਿਹਾ ਹੀ ਸਿੱਖ ਹੋਵੇ ਚਾਹੇ। ਜਿਹੋ ਜਿਹੀ ਭਾਵਨਾ, ਜਿਹੋ ਜਿਹੀ ਸ਼ਰਧਾ ਲੈ ਕੇ ਆਏਗਾ, ਕੱਚਾ ਹੋਵੇ, ਪੱਕਾ ਹੋਵੇ ਗੁਰੂ ਇਹ ਨਹੀਂ ਦੇਖਦਾ। ਗੁਰੂ ਦਿੰਦਾ ਹੀ ਰਹਿੰਦਾ ਹੈ ਸਭ ਨੂੰ। ਲੇਕਿਨ ਫੇਰ ਵੀ ਤਿੰਨ ਕਿਸਮ ਦੇ ਸਿੱਖ ਹੁੰਦੇ ਨੇ। ਤਿੰਨ ਕਿਸਮ ਦੇ ਮੁਰੀਦ ਹੁੰਦੇ ਨੇ। ਇੱਕ ਤਾਂ ਹੁੰਦਾ ਹੈ ਸਿੱਖ, ਦੂਜਾ ਦਰਜਾ ਹੁੰਦਾ ਹੈ ਸਿਦਕੀ ਸਿੱਖ। ਤੀਜਾ ਹੁੰਦਾ ਹੈ ਮਰਜੀਵੜੇ ਸਿੱਖ। ਪਹਿਲਾਂ ਮੁਰੀਦ ਹੁੰਦਾ ਹੈ, ਦੂਸਰਾ ਮੁਰੀਦ-ਏ-ਸਾਦਕ ਹੁੰਦਾ ਹੈ, ਤੀਸਰਾ ਮੁਰੀਦ-ਏ-ਫਿਦਾਈ ਹੁੰਦਾ ਹੈ ਜਿਹੜਾ ਫਿਦਾ ਹੋ ਜਾਵੇ, ਆਪਣਾ ਆਪ ਗੁਰੂ 'ਤੇ ਕੁਰਬਾਨ ਕਰ ਦੇਵੇ। ਆਪਣਾ ਕੁਛ ਨਾ ਰੱਖੇ। ਜਿਹੜਾ ਸਿੱਖ ਹੈ, ਇਹ ਸਿੱਖ ਦੀਆਂ ਤਿੰਨ ਕਿਸਮਾਂ ਹੁੰਦੀਆਂ ਨੇ।

ਉਸ ਤੋਂ ਬਾਅਦ ਸਿਦਕੀ ਸਿੱਖ ਹੁੰਦਾ ਹੈ। ਉਸ ਤੋਂ ਬਾਅਦ, ਮਰਜੀਵੜਾ, ਮੁਰੀਦ-ਏ-ਫਿਦਾਈ ਹੁੰਦਾ ਹੈ, ਜਿਹੜਾ ਫਿਦਾ ਹੋ ਜਾਵੇ, ਜਿਹੜਾ ਆਸ਼ਿਕ ਹੋ ਜਾਵੇ, ਗੁਰੂ 'ਤੇ। ਸਭ ਕੁਛ ਓਸਨੂੰ ਹੀ ਸਮਝਦਾ ਹੋਵੇ। ਕਹਿੰਦੇ ਜਿਹੜਾ ਸਿੱਖ ਹੈ ਇਹ ਤਾਂ ਡੋਲ ਜਾਇਆ ਕਰਦਾ ਹੈ। ਇਹ ਮਤਲਬ ਨਾਲ ਆਉਂਦਾ ਹੈ, ਇਹਦੀ ਕੋਈ ਗੁਰੂ ਨਾਲ ਪ੍ਰੀਤ ਨਹੀਂ ਹੋਇਆ ਕਰਦੀ।

ਸੋ ਮਹਾਰਾਜ ਕਹਿੰਦੇ, ਤਿੰਨ ਕਿਸਮ ਦੇ ਹੁੰਦੇ ਨੇ। ਇਨ੍ਹਾਂ ਨੂੰ ਇੱਕ ਤਾਂ ਕਹੋ ਦੇਖਾ ਦੇਖੀ ਦਾ ਸਿੱਖ, ਦੇਖਾ ਦੇਖੀ ਦਾ ਸਿੱਖ ਉਹ ਹੁੰਦਾ ਹੈ, ਸਤਿਸੰਗ 'ਚ ਗਿਆ ਜਾਂ ਬੰਦਗੀ ਕਰਨ ਵਾਲੇ ਗੁਰੂ ਵਾਲਿਆਂ 'ਚ ਰਹਿੰਦਾ

ਹੈ ਤੇ ਗੁਰੂ ਵਾਲੇ ਉਸਨੂੰ ਹਰ ਰੋਜ਼ ਇਹ ਬਚਨ ਸੁਣਾਉਂਦੇ ਨੇ ਕਿ -

***........ਨਿਗੁਰੇ ਕਾ ਹੈ ਨਾਉ ਬੁਰਾ ॥*** ***ਅੰਗ - 435***

ਤੇ ਐਸੇ ਬਚਨ ਸੁਣਾਉਂਦੇ ਨੇ ਕਿ ਨਿਗੁਰਾ ਮੂਰਖ ਹੁੰਦਾ ਹੈ, ਮਰ-ਮਰ ਜੰਮਦਾ ਹੈ, ਕਰੋੜਾਂ ਜੂਨਾਂ 'ਚ ਜਾਂਦਾ ਹੈ, ਕਿਉਂਕਿ ਨਿਗੁਰੇ ਦੀ ਕੋਈ ਗਤੀ ਨਹੀਂ ਹੋਇਆ ਕਰਦੀ। ਜਿੱਥੇ ਨਿਗੁਰਾ ਬੈਠ ਜਾਵੇ, ਸਵਾ ਗਜ਼ ਧਰਤੀ ਡੂੰਘੀ, ਸਵਾ ਗਜ਼ ਚੌੜੀ ਭ੍ਰਿਸ਼ਟ ਹੋ ਜਾਇਆ ਕਰਦੀ ਹੈ। ਉਹ ਏਸ ਲਾਹਨਤ ਤੋਂ ਬਚਣ ਵਾਸਤੇ ਸਿੱਖੀ ਧਾਰ ਲੈਂਦਾ ਹੈ, ਅੰਮ੍ਰਿਤ ਛਕ ਲੈਂਦਾ ਹੈ। ਉਹ ਫਿਟਕਾਰਾਂ ਤੋਂ ਡਰਦਾ ਹੈ, ਪ੍ਰੇਮ ਨਹੀਂ ਉਹਨੂੰ ਹੋਇਆ ਕਰਦਾ। ਉਹ ਸਿੱਖ ਤਾਂ ਪਹਿਲੇ ਹੱਲੇ ਹੀ ਝਟਕੇ ਜਾਂਦੇ ਨੇ। ਏਥੋਂ ਅੰਮ੍ਰਿਤ ਛਕ ਕੇ ਗਏ, ਥੋੜ੍ਹੀ ਜਿਹੀ ਹਵਾ ਦਾ ਬੁੱਲ੍ਹਾ ਆਇਆ, ਕੁਸੰਗ ਦਾ, ਜਿਵੇਂ ਗਲੇ ਹੋਏ ਫਲ ਝੜ ਜਾਂਦੇ ਨੇ, ਇਸ ਤਰ੍ਹਾਂ ਝੜ ਜਾਂਦੇ ਨੇ। ਉਸੇ ਵੇਲੇ ਸ਼ਰਾਬ ਪੀਣ ਲੱਗ ਗਏ, ਮਾਸ ਖਾਣ ਲਗ ਗਏ, ਉਸੇ ਵੇਲੇ ਕ੍ਰਿਪਾਨ ਲਾਹ ਦਿਤੀ, ਸਭ ਕੁਝ ਲਾਹ ਦਿਤਾ। ਕਿਧਰੇ ਸਿੱਖੀ ਗਈ, ਕਿਧਰੇ ਗੁਰੂ ਗਿਆ। ਕਹਿੰਦੇ ਇਹ ਤਾਂ ਹੁੰਦੇ ਨੇ ਦੇਖਾ ਦੇਖੀ ਦੇ। ਦੂਸਰੇ ਹੋਇਆ ਕਰਦੇ ਨੇ ਧੰਦੇ ਦੇ, ਉਹ ਧੰਦੇ ਦੇ ਇਸ ਤਰ੍ਹਾਂ ਹੁੰਦੇ ਨੇ ਕਿ ਗੁਰੂ ਕੋਲ ਜਾਣ ਲੱਗ ਗਿਆ, ਉਹਦਾ ਕਾਰੋਬਾਰ ਠੀਕ ਹੋ ਗਿਆ। ਘਰ ਮਿਲ ਗਿਆ, ਪਦਾਰਥ ਮਿਲ ਗਏ, ਪੁੱਤਰ ਹੋ ਗਿਆ। ਇੱਜ਼ਤ ਹੋ ਗਈ, ਪੈਸਾ ਆ ਗਿਆ, ਪੱਤ ਵਧ ਗਈ, ਦੁੱਧ ਹੋ ਗਿਆ, ਜ਼ਮੀਨਾਂ ਜਾਇਦਾਦਾਂ ਹੋਣੀਆਂ ਸ਼ੁਰੂ ਹੋ ਗਈਆਂ। ਹੋਰ ਅਨੇਕਾਂ ਕਿਸਮ ਦੇ ਸੁੱਖ ਹੋ ਗਏ, ਸੁਸਾਇਟੀ ਵਿਚ ਉਹਦੀ ਇੱਜ਼ਤ ਹੋ ਗਈ। ਕਹਿੰਦੇ, ਇਹ ਚੀਜ਼ਾਂ ਦੇਖ ਕੇ ਉਹਦੇ ਮਨ ਵਿਚ ਵੀ ਆਉਂਦਾ ਹੈ ਕਿ ਇਹ ਤਾਂ ਵਧ ਗਿਆ, ਮੈਂ ਵੀ ਜੇ ਸਿੱਖ ਬਣ ਜਾਵਾਂ ਤਾਂ ਮੇਰਾ ਵੀ ਭਲਾ ਹੋ ਜਾਏਗਾ। ਬਹੁਤੇ ਮਹਾਤਮਾ ਕੋਲ ਵੀ ਇਸੇ ਤਰ੍ਹਾਂ ਹੀ ਆਇਆ ਕਰਦੇ ਨੇ। ਉਹ ਏਸ ਪਾਸੇ ਨੂੰ ਲਗ ਜਾਂਦੇ ਨੇ, ਲੇਕਿਨ ਉਨ੍ਹਾਂ ਦਾ ਪਿਆਰ ਨਹੀਂ ਹੁੰਦਾ ਕਿ ਫਲਾਣੀ ਬੀਬੀ ਰਾਜ਼ੀ ਹੋਈ ਹੈ ਜੀ। ਉਹ ਬਿਮਾਰ ਸੀ, ਫਲਾਣੀ ਦੇ ਪੁੱਤਰ ਨਹੀਂ ਸੀਗਾ, ਸੇਵਾ ਕਰਕੇ ਉਹਨੂੰ ਪੁੱਤਰ ਪ੍ਰਾਪਤ ਹੋਇਆ। ਫਲਾਣੇ ਦਾ ਮੁਕਦੱਮਾ ਨਹੀਂ ਸੀ ਠੀਕ ਹੁੰਦਾ, ਇਥੇ ਅਰਦਾਸ ਕਰਾ ਕੇ ਠੀਕ ਹੋਇਆ। ਉਹ ਕਹਿੰਦੇ, ਫੇਰ ਆਪਾਂ ਵੀ ਕਰਾ ਲਓ, ਗੁਰੂ ਨਾਲ ਨਾ ਉਨ੍ਹਾਂ ਦਾ ਕੋਈ ਲੈਣ ਨਾ ਦੇਣ। ਕੁਛ ਨਹੀਂ ਹੁੰਦਾ। ਭਾਈ ਸੰਤੋਖ ਸਿੰਘ ਜੀ ਲਿਖਦੇ ਨੇ ਕਿ -

***ਕੋ ਇਕ ਸਿੱਖ ਬਨਯੋਂ ਕਿਹ ਦੇਖਾ।***
***ਸਦਨ ਪਦਾਰਥ ਭਲੇ ਬਿਸੇਖਾ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਕੋਈ ਸਿੱਖ ਚੰਗਾ ਖਾਂਦਾ-ਪੀਂਦਾ ਦੇਖਿਆ, ਉਹਦਾ ਘਰ ਵੀ ਸੋਹਣਾ ਹੋ ਗਿਆ ਤੇ ਅਮੀਰ ਹੋ ਗਿਆ ਅਤੇ ਹੋਰ ਵੀ ਬੇਅੰਤ ਸੁੱਖ ਉਸਨੂੰ ਮਿਲ ਗਏ -

***ਸੁਤ, ਖਿਤ, ਪਤਿ ਦੂਧ, ਆਦਰ, ਆਦਿ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਪੁੱਤਰ ਦੀ ਵੀ ਪ੍ਰਾਪਤੀ ਹੋ ਗਈ, ਪੈਸੇ ਦੀ ਵੀ ਹੋ ਗਈ, ਇੱਜ਼ਤ ਵੀ ਹੋ ਗਈ, ਦੁੱਧ ਵੀ ਆ ਗਿਆ। ਹੋਰ ਭਾਈਚਾਰੇ 'ਚ ਆਦਰ ਹੋ ਗਿਆ –

***ਸਰਬ ਪ੍ਰਕਾਰ ਹੇਰਿ ਅਹਿਲਾਦ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਬੱਚੇ ਆਗਿਆਕਾਰੀ ਹੋ ਗਏ, ਨੂੰਹ ਘਰ ਵਿਚ ਗੁਰਮੁਖ ਆ ਗਈ। ਘਰ ਦੇ ਵਿਚ ਨੂੰਹ ਤੇ ਸੱਸ ਦੀ ਧੀ ਤੇ ਮਾਂ ਵਾਂਗਣ ਬਣਦੀ ਹੈ। ਬਾਣੀ ਪੜ੍ਹਦਾ ਹੈ ਸਾਰਾ ਪਰਿਵਾਰ, ਬਾਣੀ ਨੂੰ ਵਿਚਾਰਦੇ ਨੇ। ਘਰ ਦੇ ਵਿੱਚੋਂ ਕਲਜੁਗ ਨੱਠ ਗਿਆ –

***ਲੋਭ ਪਦਾਰਥ ਕੋ ਮਨ ਭਯੋ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਉਹਦੇ ਮਨ ਵਿਚ ਵੀ ਆ ਗਿਆ ਲੋਭ ਕਿ ਮੇਰੇ ਵੀ ਆ ਜਾਣ।

***ਗੁਰੁ ਕੋ ਸਿੱਖ ਹੋਇ ਸੋ ਗਯੋ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਉਹ ਵੀ ਗੁਰੂ ਦਾ ਸਿੱਖ ਬਣ ਗਿਆ –

***ਇਹ ਸਿੱਖੀ ਹੈ ਦੇਖਾ ਦੇਖੀ।***
***ਰਹੀ ਪਦਾਰਥ ਚਾਹਿ ਵਿਸ਼ੇਖੀ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਨਾ ਨਾਮ ਜਪਣਾ ਹੈ ਉਹਨੇ, ਨਾ ਬੰਦਗੀ ਕਰਨੀ ਹੈ, ਨਾ ਨਿਤਨੇਮ ਕਰਨਾ ਹੈ, ਨਾ ਕਥਾ ਸੁਣਨੀ ਹੈ, ਨਾ ਬਾਣੀ ਵਿਚਾਰਨੀ ਹੈ, ਨਾ ਮਹਾਂਪੁਰਸ਼ਾਂ ਦੀ ਸੇਵਾ ਕਰਨੀ ਹੈ, ਨਾ ਗੁਰੂ ਘਰ 'ਚ ਨੇਮ ਨਾਲ ਜਾਣਾ ਹੈ, ਕਹਿੰਦੇ ਇਹ ਸਿੱਖੀ ਨੂੰ ਦੇਖਾ-ਦੇਖੀ ਦੀ ਸਿੱਖੀ ਕਹਿੰਦੇ ਨੇ। ਤੀਸਰੀ ਹੋਇਆ ਕਰਦੀ ਹੈ ਹਿਰਸ ਦੀ ਸਿੱਖੀ। ਹਿਰਸ ਦੀ ਸਿੱਖੀ ਜੋ ਹੁੰਦੀ ਹੈ ਉਹ ਹੋਇਆ ਕਰਦੀ ਹੈ ਕਿ ਉਹਨੂੰ ਨਾ ਤਾਂ ਸ਼ਬਦ ਦਾ ਪਰਚਾ ਹੁੰਦਾ ਹੈ, ਨਾਮ ਨਾਲ ਨਹੀਂ ਉਹਦਾ ਪਰਚਾ ਪਿਆ ਹੁੰਦਾ। ਨਾ ਉਹ ਭਜਨ ਕਰਦਾ ਹੈ, ਗੁਰੂ ਦਾ ਸਰੂਪ ਨਹੀਂ ਹਿਰਦੇ 'ਚ ਵਸਾਇਆ ਹੁੰਦਾ। ਕਹਿੰਦੇ, ਕਿ ਜਿਹੜੇ ਬਹੁਤਾ ਕਰਦੇ ਨੇ ਉਹਦੇ ਮਗਰ ਲਗ ਕੇ ਉਹ ਵੀ ਹੋ ਜਾਂਦਾ ਹੈ। ਇਹਨੂੰ ਹਿਰਸ ਦੀ ਸਿੱਖੀ ਕਹਿੰਦੇ ਨੇ, ਲੋਭ ਦੀ ਸਿੱਖੀ ਹੁੰਦੀ ਹੈ, ਮਹਾਰਾਜ ਇਹਨੂੰ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ –

***ਧਾਰਨਾ – ਆਪਣੇ ਲੋਭ ਨੂੰ ਬਣਾਇਆ ਗੁਰਾਂ ਨੂੰ,***
***ਦੇਖਾ ਦੇਖੀ ਸਿੱਖੀ ਧਾਰ ਲਈ।***

***ਅਪਨੇ ਲੋਭ ਕਉ ਕੀਨੋ ਮੀਤੁ ॥***

*ਸਗਲ ਮਨੋਰਥ ਮੁਕਤਿ ਪਦੁ ਦੀਤੁ ॥* *ਅੰਗ - 195*

ਮਿੱਤਰ ਬਣਾ ਲਿਆ ਕਿ ਮੇਰਾ ਗੁਰੂ ਬਣ ਜਾਏਗਾ, ਅੰਮ੍ਰਿਤ ਛਕ ਲਵਾਂ। ਦੇਖਾ-ਦੇਖੀ ਕਰ ਰਹੇ ਨੇ, ਜੋ ਕੁਛ ਕਰ ਰਹੇ ਨੇ। ਕਿਸੇ ਥਾਂ ਦੇ ਉੱਤੇ ਆਦਰ ਸਤਿਕਾਰ ਹੁੰਦਾ ਹੈ, ਉਹੋ ਜਿਹਾ ਹੀ ਬਣ ਜਾਣਾ, ਅੰਦਰੋਂ ਪਿਆਰ ਨਹੀਂ ਹੈ, ਕਹਿੰਦੇ -

*ਸਤਿਗੁਰ ਸ਼ਬਦ ਨ ਪਰਚਾ ਪਾਯੋ।*

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)*

ਗੁਰੂ ਗ੍ਰੰਥ ਸਾਹਿਬ ਜੀ ਦੀ ਜੋ ਬਾਣੀ ਹੈ ਇਹ ਨਹੀਂ ਕਿ ਉਹਨੂੰ ਹਰ ਵਕਤ ਪੜ੍ਹਦਾ ਹੈ, ਹਰ ਵਕਤ ਸੁਣਦਾ ਹੈ, ਸੁਖਮਨੀ ਸਾਹਿਬ ਵੀ ਸੁਣਦਾ ਹੈ, ਹੋਰ ਬਾਣੀਆਂ ਵੀ ਸੁਣਦਾ ਹੈ, ਪਰਚਾ ਨਹੀਂ ਪਿਆ ਸ਼ਬਦ ਨਾਲ।

*ਗੁਰ ਸਰੂਪ ਨਹਿੰ ਰਿਦੈ ਬਸਾਯੋ।* *(ਓਹੀ)*

ਹਿਰਦੇ ਦੇ ਵਿਚ ਗੁਰੂ ਨਾਨਕ ਨਹੀਂ ਵਸਿਆ। ਗੁਰੂ ਗ੍ਰੰਥ ਸਾਹਿਬ ਦਾ ਉਦੇਸ਼ ਨਹੀਂ ਵਸਿਆ। ਗੁਰਮਤਿ ਨਹੀਂ ਹਿਰਦੇ ਵਿਚ ਵਸੀ, ਮਨ ਉਵੇਂ ਜਿਵੇਂ ਹੀ ਹੈ -

*ਤੀਜੀ ਹਿਰਸੀ ਸਿੱਖੀ ਜਾਨੋ।* *(ਓਹੀ)*

ਇਹ ਕਹਿੰਦੇ, ਹਿਰਸ ਦੀ ਸਿੱਖੀ ਹੈ।

*ਬਹੁਤ ਜੁ ਕਰਹਿੰ ਕਰਨਿ ਸੋ ਠਾਨੋ।* *(ਓਹੀ)*

ਜਿਹੜਾ ਕੋਈ ਬਹੁਤੇ ਕਰਦੇ ਨੇ, ਗੁਰਦੁਆਰੇ ਜਾਂਦੇ ਨੇ, ਚਲੋ ਬਈ ਚੱਲੀਏ, ਆਪਾਂ ਵੀ ਚੱਲੀਏ, ਲੈਣ ਦੇਣ ਨੂੰ ਕੁਛ ਨਹੀਂ, ਹਿਰਸ ਦੀ ਸਿੱਖੀ ਹੈ -

*ਸੋਝੀ ਕੁਛ ਨ ਆਪ ਕੋ ਆਈ।* *(ਓਹੀ)*

ਸ਼ਬਦ ਦੀ ਸੋਝੀ ਹੀ ਨਹੀਂ ਆਈ ਦੀਵਾਨ ਲੱਗੇ ਹੋਏ ਨੇ, ਸੰਤ ਮਹਾਂਪੁਰਸ਼ ਸੁਣਾਉਂਦੇ ਨੇ, ਉਪਦੇਸ਼ ਦਿੰਦੇ ਨੇ, ਨਾ ਸੋਝੀ ਨਹੀਂ ਆਈ, ਬੰਦ ਰੱਖੇ ਦਰਵਾਜ਼ੇ। ਸਿੱਖਿਆ ਲੈ ਕੇ ਗੁਰਮਤਿ ਦੀ ਪ੍ਰਾਪਤੀ ਨਹੀਂ ਕਰੀ। ਓਹੀ ਮਨਮਤਿ ਧਾਰੀ ਹੋਈ ਹੈ, ਓਹੀ ਨਿੰਦਿਆ, ਓਹੀ ਚੁਗਲੀ, ਓਹੀ ਈਰਖਾ, ਓਹੀ ਝਗੜੇ-ਝਾਟੇ, ਓਹੀ ਝੂਠ ਬੋਲਣਾ, ਓਹੀ ਮਿਲਾਵਟਾਂ ਕਰਨੀਆਂ; ਕਹਿੰਦੇ ਸਿੱਖਿਆ ਲਈ ਨਹੀਂ ਓਸਨੇ। ਗੁਰੂ ਦੀ ਮੱਤ ਨਹੀਂ ਧਾਰਨ ਕਰੀ -

*ਨਹਿੰ ਸੰਗਤ ਮਹਿੰ ਬੈਠਜੋ ਜਾਇ।* *(ਓਹੀ)*

ਸੰਗਤ ਵਿਚ ਆ ਕੇ ਨਹੀਂ ਬਹਿੰਦਾ, ਕੋਲ ਦੀ ਲੰਘ ਜਾਂਦਾ ਹੈ, ਮੱਥਾ ਟੇਕਣ ਵੀ ਨਹੀਂ ਆਉਂਦਾ।

*ਗੁਰ ਪਾਹੁਲ ਕੋ ਭੇਦ ਨ ਪਾਇ।।* *(ਓਹੀ)*

ਜਿਹੜੀ ਪਾਹੁਲ ਪੀਤੀ ਸੀ ਉਹਦਾ ਭੇਦ ਨਹੀਂ ਪਾਇਆ ਕਿ ਅੰਮ੍ਰਿਤ ਮੈਂ ਕਿਉਂ ਛਕਿਆ ਹੈ। ਪੰਜ ਪਿਆਰਿਆ ਨੇ ਦੱਸਿਆ ਕਿ ਜਿਹੜੀ ਪਾਹੁਲ ਦਿੰਦੇ ਹਾਂ ਇਹਦੇ ਨਾਲ ਤੇਰਾ ਜਨਮ ਵਟ ਗਿਆ।

*ਗੁਰ ਕੇ ਗਮਨੇ ਜਨਮ ਵਟਾਇਆ। (ਓਹੀ)*

ਉਹ ਪਹਿਲੇ ਤੇਰੇ ਸੰਸਕਾਰ ਖਤਮ ਹੋ ਗਏ, ਹੁਣ ਉਹ ਨਾ ਕਰੀਂ, ਮੜ੍ਹੀਆਂ-ਮਸਾਣੀਆਂ ਨੂੰ ਮੱਥੇ ਨਾ ਟੇਕੀਂ ਜਾ ਕੇ। ਮਾਤਾ ਰਾਣੀਆਂ ਦੀ ਪੂਜਾ ਨਾ ਕਰੀਂ, ਬੀਵੜੀਆਂ ਨੂੰ ਨਾ ਕੁਛ ਚਾੜ੍ਹੀ, ਗੁਰੂ ਦੀ ਮੱਤ ਵਿਚ ਆ, ਹੁਣ ਚੰਦਾਂ-ਸੂਰਜਾਂ ਨੂੰ ਨਾ ਮੰਨੀਂ, ਦਰਖਤਾਂ ਨੂੰ ਮੱਥੇ ਨਾ ਟੇਕੀਂ।

ਮਹਾਰਾਜ ਕਹਿੰਦੇ, ਅੰਮ੍ਰਿਤ ਦੀ ਸੋਝੀ ਨਹੀਂ ਇਹਨੂੰ ਕਿ ਅੰਮ੍ਰਿਤ ਹੁੰਦਾ ਕੀ ਹੈ? ਮਹਾਰਾਜ ਕਹਿੰਦੇ, ਅੰਮ੍ਰਿਤ ਤਾਂ ਨਾਮ ਹੁੰਦਾ ਹੈ, ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਸੁਣ ਮੇਰੇ ਮਨਾਂ, ਅੰਮ੍ਰਿਤ ਹਰਿ ਹਰਿ ਨਾਮ ਹੈ।*

ਵਾਹਿਗੁਰੂ......ਵਾਹਿਗੁਰੂ......ਵਾਹਿਗੁਰੂ.....ਵਾਹਿਗੁਰੂ।

ਵਾਹਿਗੁਰੂ......ਵਾਹਿਗੁਰੂ......ਵਾਹਿਗੁਰੂ.....ਵਾਹਿਗੁਰੂ।

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥ ਅੰਗ - 538*

ਗੁਰੂ ਦੀ ਮੱਤ ਧਾਰਨ ਕਰੇ ਫੇਰ ਇਹ ਅੰਮ੍ਰਿਤ ਮਿਲਦਾ ਹੈ। ਪਾਹੁਲ ਤਾਂ ਛਕ ਲਈ, ਕਹਿੰਦੇ ਪਾਹੁਲ ਦਾ ਭੇਦ ਨਹੀਂ ਜਾਣਿਆ। ਜਿਹਨੂੰ ਅਸੀਂ ਅੰਮ੍ਰਿਤ ਕਹਿੰਦੇ ਹਾਂ ਅੰਮ੍ਰਿਤ ਤਾਂ ਛਕ ਲਿਆ ਪਰ ਭੇਦ ਨਹੀਂ ਜਾਣਿਆ। ਕਰਦਾ ਕੀ ਹੈ? -

*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥ ਅੰਗ - 538*

ਆਹ ਜਿਹੜੀ ਹਉਮੈ ਲੱਗੀ ਹੋਈ ਹੈ ਤੇ ਮਾਇਆ 'ਚ ਸਾਰਾ ਸੰਸਾਰ ਫਸਿਆ ਹੋਇਆ ਹੈ, ਕਹਿੰਦੇ ਜ਼ਹਿਰ ਹੈ, 'ਬਿਖ' ਦੇ ਵਿਚ ਫਸਿਆ ਪਿਆ ਹੈ ਸੰਸਾਰ। ਇਹ ਹਰੀ ਦਾ ਅੰਮ੍ਰਿਤ ਜਿਹੜਾ ਵਾਹਿਗੁਰੂ ਦਾ ਮੰਤ੍ਰ ਲਿਆ ਹੈ, ਇਹਦੇ ਨਾਲ ਇਹ ਵਿਹੁ ਲਹਿ ਜਾਂਦੀ ਹੈ। ਕਹਿੰਦੇ, ਇਹਦਾ ਭੇਦ ਨਹੀਂ ਉਹਨੇ ਪਾਇਆ -

*ਨਹਿੰ ਸੰਗਤ ਮਹਿੰ ਬੈਠਯੋ ਜਾਇ।*
*ਗੁਰ ਪਾਹੁਲ ਕੋ ਭੇਦ ਨ ਪਾਇ। (ਓਹੀ)*

ਭੇਦ ਨਹੀਂ ਪਾਇਆ। ਕਹਿੰਦੇ ਇਹ ਫੇਰ ਕੌਣ ਹੋਇਆ? ਕਹਿੰਦੇ, ਹਿਰਸੀ ਸਿੱਖ ਹੈ ਇਹ, ਹਿਰਸ ਦੀ ਸਿੱਖੀ ਹੈ।

ਚੌਥੀ ਸਿੱਖੀ ਜਿਹੜੀ ਹੈ ਜਿਹਨੂੰ ਸਿਦਕੀ ਸਿੱਖ ਕਹਿੰਦੇ ਨੇ, 'ਮੁਰੀਦ-ਏ-ਸਾਦਕ' ਕਹਿੰਦੇ ਨੇ। ਉਹ ਜਿਹੜਾ ਹੁੰਦਾ ਹੈ, ਗੁਰੂ ਤੋਂ ਬਗੈਰ ਕਿਸੇ ਨੂੰ

ਨਹੀਂ ਮੰਨਦਾ। ਨਾ ਕਿਸੇ ਜੋਤਸ਼ ਨੂੰ, ਨਾ ਕਿਸੇ ਗ੍ਰਹਿ ਨੂੰ, ਕਿਸੇ ਨੂੰ ਨਹੀਂ ਮੰਨਦਾ। ਜੇ ਮੰਨੇਗਾ ਤਾਂ ਗੁਰੂ ਨੂੰ। ਕਿਸੇ ਵਹਿਮ 'ਚ ਨਹੀਂ ਪੈਂਦਾ। ਕਿਉਂਕਿ ਮੇਰੇ ਸਿਰ ਦੇ ਉੱਤੇ ਗੁਰੂ ਦਾ ਹੱਥ ਹੈ। ਮੇਰਾ ਗੁਰੂ ਜਿਹੜਾ ਹੈਗਾ –

*ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁਤ ਭਾਂਤਿ ਬਚਾਵੈ॥*
*ਸਤ੍ਰ ਅਨੇਕ ਚਲਾਵਤ ਘਾਵ, ਤਊ ਤਨ ਏਕ ਨ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰ ਦੈ ਕਰ, ਪਾਪ ਸਮੂੰਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ*
*ਸੋਂ ਸੁ ਪੇਟ ਹੀ ਕੇ ਪਟ ਬੀਚ ਬਚਾਵੈ॥ ਅਕਾਲ ਉਸਤਤਿ*

ਉਹਦਾ ਭਰੋਸਾ ਛੱਡ ਕੇ ਕੋਈ ਭਰੋਸਾ ਨਹੀਂ ਕਰਦਾ। ਜਿਹੜਾ ਏਸ ਤਰ੍ਹਾਂ ਦਾ ਸਿੱਖ ਹੁੰਦਾ ਹੈ –

*ਚਤੁਰਥ ਸਿੱਖੀ ਸਿਦਕੀ ਹੋਈ।*
*ਗੁਰ ਬਿਨ ਅਪਰ ਨ ਮਾਨਹਿ ਕੋਈ। (ਓਹੀ)*

ਗੁਰੂ ਤੋਂ ਬਗੈਰ ਕਿਸੇ ਨੂੰ ਨਹੀਂ ਮੰਨਦਾ।

*ਜੀਵਣ ਮਰਣ ਬਿਖੈ ਗੁਰ ਸ਼ਰਣੀ। (ਓਹੀ)*

ਜੇ ਜੀਉਂਦੇ ਹਾਂ ਤਾਂ, ਤਾਂ ਵੀ ਗੁਰੂ ਦੀ ਸ਼ਰਨੀ। ਜੇ ਮਰ ਗਏ ਤਾਂ ਵੀ ਗੁਰੂ ਦੀ ਸ਼ਰਨੀ, ਜੇ ਕੋਈ ਮਰ ਗਿਆ ਤਾਂ ਵੀ ਕਹਿਣਾ –

*ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥*
*ਅੰਗ – 917*

ਏਥੇ ਰੋਂਦਾ ਨਹੀਂ ਸਿੱਖ, ਸਸਕਾਰ ਕਰਕੇ ਆ ਕੇ ਕਹਿੰਦੇ ਕੀ ਹੈ, 'ਅਨੰਦੁ ਭਇਆ ਮੇਰੀ ਮਾਇ' ਕਦੇ ਨਹੀਂ ਕਹਿੰਦਾ ਕਿ ਮੈਨੂੰ ਬਹੁਤ ਦੁੱਖ ਹੋ ਗਿਆ। ਕਿਉਂਕਿ ਗੁਰੂ ਦੇ ਭਾਣੇ ਵਿਚ ਚਲਦਾ ਹੈ।

*ਜੀਵਣ ਮਰਣ ਬਿਖੈ ਗੁਰ ਸ਼ਰਣੀ।*
*ਤਜਹਿ ਨ ਜਿਮ ਪ੍ਰਵਾਹਿ ਮੈਂ ਤਰਣੀ। (ਓਹੀ)*

ਜਿਵੇਂ ਦਰਿਆ ਦੇ ਵਿਚੋਂ ਲੰਘਣ ਵਾਲਾ ਬੰਦਾ ਕਿਸ਼ਤੀ ਨਹੀਂ ਨਾ ਛੱਡਿਆ ਕਰਦਾ ਏਸ ਤਰ੍ਹਾਂ ਦੁੱਖ ਆ ਜਾਏ, ਸੁੱਖ ਆ ਜਾਏ, ਭੰਵਰਾਂ ਆ ਜਾਣ ਦੁੱਖਾਂ ਦੀਆਂ, ਤਾਂ ਵੀ ਗੁਰੂ ਨੂੰ ਨਹੀਂ ਛੱਡਦਾ–

*ਸਿਰ ਜਾਣੇ ਲਗਿ ਸਦਾ ਨਿਬਾਹੈ। (ਓਹੀ)*

ਸਿਰ ਚਲਿਆ ਜਾਵੇ, ਲੇਕਿਨ ਆਪਣੇ ਅਸੂਲ ਤੋਂ ਨਹੀਂ ਬਦਲਿਆ ਕਰਦਾ। ਸਿਦਕ ਦੇ ਵਿਚ ਨਹੀਂ ਕਮਜ਼ੋਰੀ ਆਉਂਦੀ ਕਦੀ ਵੀ। ਜਾਂਦਾ ਹੈ ਸਿਰ ਜਾਣ ਦੇ ਤੇ ਉਹਦੀ ਤਾਂ ਆਵਾਜ਼ ਇਹ ਹੁੰਦੀ ਹੈ, ਪੜ੍ਹੋ ਪਿਆਰ ਨਾਲ –

*ਧਾਰਨਾ – ਸਿਰ ਜਾਵੇ ਤਾਂ ਜਾਵੇ,*
*ਮੇਰਾ ਸਿੱਖੀ ਸਿਦਕ ਨਾ ਜਾਵੇ।*

ਜਿਵੇਂ ਕਿਸ਼ਤੀ ਨਹੀਂ ਛੱਡਦਾ ਕੋਈ ਪਾਣੀ ਦੇ ਵਿਚ, ਇਸ ਤਰ੍ਹਾਂ ਗੁਰੂ ਦਾ ਭਰੋਸਾ ਨਹੀਂ ਛੱਡਦਾ।

*ਸਿਰ ਜਾਣੇ ਲਗਿ ਸਦਾ ਨਿਬਾਹੈ।* *(ਓਹੀ)*

ਜਦੋਂ ਅੰਤਲਾ ਸਵਾਸ ਆਉਂਦਾ ਹੈ, ਓਸ ਵੇਲੇ ਤੱਕ ਗੁਰੂ ਦਾ ਪਿਆਰ ਤੇ ਸਿੱਖੀ ਦਾ ਨਿਰਬਾਹੁ ਚਲਦਾ ਹੈ –

*ਤਨ ਮਿੱਥਿਆ ਲਖਿ ਕਰਿ ਜਗ ਮਾਂਹੈ।* *(ਓਹੀ)*

ਕਹਿੰਦਾ ਰਹਿਣਾ ਤਾਂ ਹੈ ਹੀ ਨਹੀਂ, ਇਹ ਤਨ ਨੇ ਤਾਂ ਜਾਣਾ ਹੀ ਜਾਣਾ ਹੈ, ਗੁਰੂ ਦਾ ਪਿਆਰ ਨਾ ਜਾਵੇ। ਕਿਉਂਕਿ ਪਿਆਰ ਚਲਿਆ ਗਿਆ, ਗੁਰੂ ਦੀ ਸਿੱਖੀ ਚਲੀ ਗਈ, ਕੁਛ ਵੀ ਸਾਡੇ ਕੋਲ ਬਾਕੀ ਨਾ ਰਿਹਾ। ਫਲਾਣੇ ਨੇ ਤਾਂ ਜਾਣਾ ਹੀ ਜਾਣਾ ਹੈ, ਜਿਹੜੀ ਚੀਜ਼ ਨਹੀਂ ਜਾਣ ਦੇਣੀ ਉਹ ਨਹੀਂ ਜਾਣ ਦੇਣੀ। ਉਹ ਗੁਰੂ ਦਾ ਪਿਆਰ ਤੇ ਸਿੱਖੀ ਨਹੀਂ ਜਾਣ ਦੇਣੀ।

*ਤਨ ਮਿੱਥਿਆ ਲਖਿ ਕਰਿ ਜਗ ਮਾਂਹੈ।*
*ਸਿੱਖੀ ਸਚੁ ਪ੍ਰਾਪਤਿ ਕੀ ਕਰਤਾ।* *(ਓਹੀ)*

ਉਹ ਵਾਹਿਗੁਰੂ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ –

*ਇਮ ਪ੍ਰਾਨਨਿ ਬਿਨਸਨ ਲਗਿ ਧਰਤਾ।* *(ਓਹੀ)*

ਸੱਚ ਦੇ ਉੱਤੇ ਜੀਵਨ ਗੁਜ਼ਾਰਦਾ ਹੈ, ਪ੍ਰਾਣ ਜਦ ਜਾਂਦੇ ਨੇ ਓਸ ਵੇਲੇ ਤੱਕ।

*ਬਿਘਨ ਅਨੇਕ ਕਸ਼ਟ ਸਹਿ ਸਾਰੇ।*
*ਗਾਢੋ ਸਿਦਕ ਨਹੀਂ ਨਿਰਵਾਰੇ।*

ਜ਼ਿੰਦਗੀ ਦੇ ਅੰਦਰ ਸਾਰੇ ਦਿਨ ਚੰਗੇ ਤਾਂ ਨਹੀਂ ਨਾ ਹੁੰਦੇ। ਮਾੜਾ ਚੱਕਰ ਵੀ ਆ ਜਾਂਦਾ ਹੈ, ਚੰਗਾ ਵੀ ਆ ਜਾਂਦਾ ਹੈ –

*ਕੇਤਿਆ ਦੂਖ ਭੂਖ ਸਦ ਮਾਰ ॥*
*ਏਹਿ ਭਿ ਦਾਤਿ ਤੇਰੀ ਦਾਤਾਰ ॥* ***ਅੰਗ – 5***

ਤੇਰੀ ਦਾਤ ਹੀ ਹੈ, ਵਾਹਿਗੁਰੂ ਦੀ ਦਿੱਤੀ ਹੋਈ।

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੂਖਿ ਭੀ ਤੁਝੈ ਧਿਆਈ ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ ਦੂਖ ਵਿਚਿ ਸੂਖ ਮਨਾਈ ॥*
*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ*
*ਵਿਚਿ ਅਗਨੀ ਆਪੁ ਜਲਾਈ ॥*

***ਅੰਗ – 757***

ਕਹਿੰਦੇ ਕੁਛ ਆ ਜਾਵੇ –

*ਬਿਘਨ ਅਨੇਕ ਕਸ਼ਟ ਸਹਿ ਸਾਰੇ ਗਾੜ੍ਹਹੁ ਸਿਦਕੁ ਨਹੀ ਨਿਰਵਾਰੇ।*

ਜਿਹੜਾ ਗਾੜ੍ਹਾ ਸਿਦਕ ਹੈ, ਪੀਢੀ ਗੰਢ ਪਾਈ ਹੋਈ ਹੈ ਪਿਆਰ

ਦੀ -

*ਤੋਰੀ ਨ ਤੂਟੈ ਛੋਰੀ ਨ ਛੂਟੈ................॥ ਅੰਗ - 827*
*ਪਲ ਮਹਿੰ ਸਿਰ ਦੇ, ਸਿਦਕ ਨ ਖੋਵੈ।*

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਗੁਰੂ ਕਹੇ ਸੀਸ ਚਾਹੀਦਾ ਹੈ, ਇਕ ਪਲ ਵਿਚ ਉਸੇ ਵੇਲੇ ਦੇ ਦਿੰਦਾ ਹੈ।

*ਸੋ ਸਿਖ ਮੇਰੋ ਪੂਰਨ ਹੋਵੈ॥ (ਓਹੀ)*

ਗੁਰੂ ਦਸਵੇਂ ਪਾਤਸ਼ਾਹ ਜਦੋਂ ਤਲਵੰਡੀ ਸਾਬੋ ਦੀ ਗਏ। ਉਥੇ ਡੱਲਾ ਚੌਧਰੀ ਮਹਾਰਾਜ ਨੂੰ ਬੜਾ ਕਹਿੰਦਾ ਹੈ ਕਿ ਸੱਚੇ ਪਾਤਸ਼ਾਹ! ਤੁਸੀਂ ਮੇਰੇ ਜੁਆਨਾਂ ਨੂੰ ਯਾਦ ਕਰ ਲੈਣਾ ਸੀ। ਆਹ ਦੇਖੋ ਸਾਢੇ ਛੇ-ਛੇ ਫੁੱਟ ਦੇ ਮੇਰੇ ਜੁਆਨ ਨੇ, 45-45 ਇੰਚ ਚੌੜੀਆਂ ਛਾਤੀਆਂ, ਸਾਢੇ ਤਿੰਨ-ਤਿੰਨ ਮਣ ਬੋਝ ਹੈ ਇਨ੍ਹਾਂ ਦਾ। ਜਦੋਂ ਪੂਰੇ ਬਲ ਦੇ ਨਾਲ ਇਹ ਖੰਡਾ ਚਲਾਉਂਦੇ ਨੇ, ਜੁਆਨ ਦੇ ਸਿਰ ਦਾ ਟੋਪ ਕੱਟ ਕੇ, ਉਹਦੀਆਂ ਸਾਰੀਆਂ ਹੱਡੀਆਂ ਕੱਟ ਕੇ ਘੋੜੇ ਦੀ ਕਾਠੀ ਕੱਟ ਕੇ, ਘੋੜੇ ਦਾ ਪੇਟ ਕੱਟ ਕੇ ਧਰਤੀ 'ਚ ਖੰਡਾ ਚਲਿਆ ਜਾਂਦਾ ਹੈ। ਇਹੋ ਜਿਹੇ ਜੁਆਨਾਂ ਨੂੰ ਤੁਸੀਂ ਯਾਦ ਕਿਉਂ ਨਾ ਕਰਿਆ, ਇਹ ਤਾਂ ਪੰਦਰਾਂ-ਪੰਦਰਾਂ, ਵੀਹ-ਵੀਹ 'ਤੇ ਇਕੱਲਾ-ਇਕੱਲਾ ਭਾਰੂ ਸੀ, ਜਿੱਥੇ ਇਹ ਤਿੰਨ ਸੌ ਖੜ੍ਹ ਜਾਣਾ ਸੀ ਉਥੇ ਤਾਂ ਲੱਖ ਬੰਦੇ ਨੇ ਨਹੀਂ ਸੀ ਨੇੜੇ ਆਉਣਾ ਮਹਾਰਾਜ, ਜਦੋਂ ਇਹ ਲੜਾਈ ਕਰਦੇ ਨੇ। ਦੇਖੋ, ਤਾਂ ਸਹੀ ਕਿੱਡੇ ਜੁਆਨ ਨੇ। ਮਹਾਰਾਜ ਕਈ ਵਾਰੀ ਸੁਣ ਕੇ ਅਣਸੁਣੀ ਕਰਦੇ ਰਹੇ, ਇੱਕ ਵਾਰੀ ਕੋਈ ਪ੍ਰੇਮੀ ਆ ਗਿਆ। ਉਹਨੇ ਆ ਕੇ ਇੱਕ ਰਾਈਫਲ ਭੇਟ ਕਰੀ, ਕਹਿੰਦਾ ਸੱਚੇ ਪਾਤਸ਼ਾਹ, ਇਹਦਾ ਨਿਸ਼ਾਨਾ ਬਹੁਤ ਵਧੀਆ ਹੈ। ਕਹਿੰਦੇ, ਡੱਲ੍ਹਿਆ! ਦੋ ਬੰਦੇ ਲਿਆ ਬਈ ਆਪਣੇ, ਨਿਸ਼ਾਨਾ ਦੇਖਣਾ ਹੈ, ਕਿਉਂਕਿ 45 ਅਰ 45, 90 ਇੰਚ ਦੀ ਛਾਤੀ ਹੋ ਜਾਏਗੀ ਉਨ੍ਹਾਂ ਦੀ ਤੇ ਵਿਚੀਂ ਕੱਢ ਕੇ ਦੇਖਣਾ ਹੈ ਅਸੀਂ ਕਿ ਦੋਹਾਂ 'ਚੋਂ ਨਿਕਲ ਜਾਏਗੀ ਗੋਲੀ। ਹੁਣ ਡੱਲਾ ਟੋਲ੍ਹਦਾ ਫਿਰਦਾ ਹੈ, ਜਿਹੜੇ ਬੈਠੇ ਸੀ, ਹੌਲੀ-ਹੌਲੀ ਸਭ ਨੱਠ ਗਏ। ਇੱਕ ਨਾ ਆਇਆ, ਇਕੱਲੇ-ਇਕੱਲੇ ਨੂੰ ਜਾ ਕੇ ਕਿਹਾ, ਫਿਟਕਾਰਾਂ ਵੀ ਪਾਈਆਂ ਕਿ ਓ ਤੁਸੀਂ ਤਾਂ ਮੇਰੀ ਬੇਇਜ਼ਤੀ ਕਰ ਦਿਤੀ। ਮੈਂ ਤੁਹਾਡੀ ਬੜੀ ਤਰੀਫ ਕਰਦਾ ਸੀ ਤੇ ਤੁਸੀਂ ਇਹ ਕੀ ਕਰਦੇ ਓਂ? ਵਾਪਸ ਆ ਗਿਆ, ਨੀਵੀਂ ਪਾਈਂ ਬੈਠਾ ਹੈ, ਮਹਾਰਾਜ ਕਹਿੰਦੇ, ਕੀ ਗੱਲ? ਕਹਿੰਦੇ ਜੀ, ਕੋਈ ਆਉਂਦਾ ਨਹੀਂ, ਕਹਿੰਦੇ ਜੀ, ਸਾਨੂੰ ਯੁੱਧ 'ਚ ਲੜਾ ਲਓ। ਇਸ ਤਰ੍ਹਾਂ ਥੋੜ੍ਹਾ ਮਰਨਾ ਹੈ ਅਸੀਂ। ਕਹਿੰਦੇ, ਫੇਰ ਤੂੰ ਆ ਜਾ। ਕਹਿੰਦਾ, ਮਹਾਰਾਜ! ਮੇਰੇ ਤਾਂ ਬੱਚੇ ਹੀ ਛੋਟੇ-ਛੋਟੇ ਨੇ। ਕਹਿੰਦੇ, ਫੇਰ ਕੋਈ ਸਿੱਖ ਲੈ ਆ, ਇੱਥੇ ਬੈਠਾ।

ਇਹਨੂੰ ਸਾਹ ਆਇਆ ਵਧੀਆ, ਕਹਿੰਦਾ, ਸ਼ੁਕਰ ਹੈ ਸਿੱਖਾਂ 'ਤੇ

ਟਲ ਗਈ। ਦੋ ਸਿੰਘ ਬੈਠੇ ਦਸਤਾਰਾਂ ਬੰਨ੍ਹਦੇ ਸੀ, ਇੱਕ ਬੰਨ੍ਹ ਹਟਿਆ, ਇੱਕ ਬੰਨ੍ਹਦਾ ਸੀ। ਦੂਰੋਂ ਹੀ ਕਿਹਾ ਕਿ ਓ ਸਿੰਘੋ! ਤੁਹਾਡੇ ਗੁਰੂ ਸਾਹਿਬ ਨੇ ਇੱਕ ਰਾਈਫਲ ਦੀ ਪਰਖ ਕਰਨੀ ਹੈ ਕਿ ਗੋਲੀ ਕਿੰਨਿਆਂ 'ਚੋਂ ਲੰਘਦੀ ਹੈ। ਇੱਕ ਸਿੱਖ ਆ ਜਾਓ। ਜਿਹੜਾ ਬੰਨ੍ਹ ਹਟਿਆ ਸੀ ਉਹ ਨੱਠ ਲਿਆ, ਉਹ ਪਰ੍ਹੇ ਖੜ੍ਹਾ ਸੀ। ਜਿਹੜਾ ਹਾਲੇ ਬੰਨ੍ਹਦਾ ਸੀ ਉਹਨੂੰ ਉੱਠਣ ਨੂੰ ਚਿਰ ਲੱਗ ਗਿਆ, ਨੱਠ ਪਿਆ ਉਹ ਵੀ। ਜਿਹੜਾ ਬੰਨ੍ਹ ਹਟਿਆ ਉਹ ਪਹਿਲਾਂ ਚਲਿਆ ਗਿਆ। ਜਾ ਕੇ ਖੜ੍ਹ ਗਿਆ। ਦੂਜਾ ਜਿਹੜਾ ਸੀ ਉਹ ਉਹਦੇ ਮੂਹਰੇ ਖੜ੍ਹ ਗਿਆ। ਉਹ ਉਹਦੇ ਮੂਹਰੇ ਖੜ੍ਹ ਗਿਆ, ਦੂਜਾ ਉਹਦੇ ਮੂਹਰੇ। ਇਸ ਤਰ੍ਹਾਂ ਕਰਦੇ-ਕਰਦੇ ਗੁਰੂ ਸਾਹਿਬ ਤੱਕ ਆ ਗਏ। ਮਹਾਰਾਜ ਕਹਿੰਦੇ, ਆਹ ਕੀ ਤਮਾਸ਼ਾ ਬਣਾਇਆ ਹੈ ਤੁਸੀਂ। ਇਸ ਤਰ੍ਹਾਂ ਕਿਉਂ ਕਰਦੇ ਓਂ ਪ੍ਰੇਮੀਓਂ, ਸਾਨੂੰ ਇੱਕ ਦੀ ਲੋੜ ਹੈ। ਦੋ ਕਿਉਂ ਆਉਂਦੇ ਓਂ। ਕਹਿਣ ਲੱਗੇ, ਸੱਚੇ ਪਾਤਸ਼ਾਹ! ਆਵਾਜ਼ ਇਹਨੇ ਨਾਉਂ ਲੈ ਕੇ ਨਹੀਂ ਦਿੱਤੀ, ਸਾਂਝੀ ਦਿੱਤੀ ਹੈ, ਮੈਂ ਮੂਹਰੇ ਸੀ ਪਰ ਦਸਤਾਰ ਸਜਾਉਂਦਾ ਸੀ। ਇਹ ਮੇਰੇ ਤੋਂ ਕੋਈ ਵੀਹ ਪੱਚੀ ਗਜ਼ ਪਰ੍ਹੇ ਸੀ। ਇਹ ਕਿਉਂਕਿ ਵਿਹਲਾ ਸੀ, ਇਹ ਨੱਠ ਆਇਆ, ਮੈਂ ਦੇਖੋ ਦਸਤਾਰ ਹੱਥ 'ਚ ਲੈ ਕੇ ਹੀ ਨੱਠਿਆ ਆਇਆ ਹਾਂ। ਮੇਰਾ ਹੱਕ ਪਹਿਲਾਂ ਹੈ, ਤੁਹਾਡੀ ਗੋਲੀ ਦਾ ਨਿਸ਼ਾਨਾ ਟੈਸਟ ਕਰਨ ਲਈ। ਕਹਿੰਦੇ, ਚੰਗਾ ਦੋਵੇਂ ਖੜ੍ਹੋ। ਦੋਵੇਂ ਖੜ੍ਹ ਗਏ, ਨਿਸ਼ਾਨਾ ਬਿਲਕੁਲ ਵਿੰਨ੍ਹ ਲਿਆ। ਡੱਲਾ ਦੇਖਦਾ ਹੈ ਕਿ ਇਹ ਤਾਂ ਮੱਥੇ 'ਚ ਮਾਰਨਗੇ। ਹੈਰਾਨ ਹੁੰਦਾ ਹੈ, ਦਿਲ ਧੱਕ-ਧੱਕ ਕਰਨ ਲੱਗ ਗਿਆ ਕਿ ਆਹ ਦੋ ਸਿੰਘ ਗੁਰੂ ਮਹਾਰਾਜ ਨੇ ਹੁਣੇ ਮਾਰ ਦੇਣੇ ਨੇ। ਮਹਾਰਾਜ ਨੇ ਨਿਸ਼ਾਨਾ ਲਾ ਲਿਆ ਦਸਤਾਰ ਦਾ, ਉਪਰਲੇ ਲੜ ਦਾ, ਦੋਹਾਂ ਦੇ ਵਿਚੀਂ ਦਸਤਾਰਾਂ ਨੂੰ ਛੋਂਹਦੀ ਹੋਈ ਗੋਲੀ ਲੰਘ ਗਈ। ਮਹਾਰਾਜ ਕਹਿੰਦੇ ਵਾਹ ਬਈ ਵਾਹ ਨਿਸ਼ਾਨਾ ਬੜਾ ਪੱਕਾ ਹੈ, ਕਹਿੰਦੇ ਡੱਲਿਆ! ਇਹ ਮਰਜੀਵੜੇ ਸਿੱਖ ਨੇ, ਇੱਕ ਪਲ ਨਹੀਂ ਲਾਉਂਦੇ ਸੀਸ ਦੇਣ ਨੂੰ, ਤੇਰੇ ਤਾਂ ਘਬਰਾ ਜਾਣੇ ਸੀ ਕਿ ਜੀ ਇਹ ਤਾਂ ਬਹੁਤੇ ਨੇ ਘਰਾਂ ਨੂੰ ਚੱਲੇ, ਅੱਗੇ ਵੀ ਸਾਨੂੰ ਛੱਡ ਕੇ ਚਲੇ ਗਏ ਬਹੁਤ ਸਾਰੇ। ਕਹਿੰਦੇ, ਇਸ ਤਰ੍ਹਾਂ ਨਹੀਂ ਹੁੰਦਾ। ਸੋ ਇਹ ਜਿਹੜੀ ਸਿੱਖੀ ਹੁੰਦੀ ਹੈ -

***ਧਾਰਨਾ - ਮੁਰਦਾ ਹੋਇ ਕੈ ਮੁਰੀਦ ਬਣ ਜਾਵਣਾ।***
***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ,***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਨਾ ਤਿਸੁ ਭੁਖ ਨ ਨੀਦ ਨਾ ਖਾਣਾ ਸੋਵਣਾ।***
***ਪੀਹਣਿ ਹੋਇ ਜਦੀਦ ਪਾਣੀ ਢੋਵਣਾ।***
***ਪਖੇ ਦੀ ਤਾਗੀਦ ਪਗ ਮਲਿ ਧੋਵਣਾ।***
***ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।***
***ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।***

*ਚੰਦ ਮੁਮਾਰਖ ਈਦ ਪੁਗ ਖਲੋਂਵਣਾ।*

***ਭਾਈ ਗੁਰਦਾਸ ਜੀ, ਵਾਰ 3/18***

ਸਿਦਕੀ ਸਿੱਖ - 'ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।' 'ਮੁਰੀਦ-ਏ-ਸਾਦਕ', ਸੋ ਸਿਦਕੀ ਸਿੱਖ ਦੀਆਂ ਨਿਸ਼ਾਨੀਆਂ ਇਸ ਤਰ੍ਹਾਂ ਦੇ ਨਾਲ ਲਿਖੀਆਂ ਨੇ, ਸੋ ਮਹਾਰਾਜ ਕਹਿੰਦੇ, ਭਾਈ ਇਹ ਚੌਥੀ ਸਿੱਖੀ ਹੁੰਦੀ ਹੈ, ਜਿਹਨੂੰ ਸਿਦਕ ਦੀ ਸਿੱਖੀ ਕਹਿੰਦੇ ਨੇ। ਪੰਜਵੀਂ ਸਿੱਖੀ ਹੋਇਆ ਕਰਦੀ ਹੈ ਭਾਵਨਾ ਦੀ। ਗੁਰੂ ਨੂੰ ਪ੍ਰਮੇਸ਼ਰ ਸਮਝਣਾ, ਪ੍ਰਮੇਸ਼ਰ ਤੋਂ ਘੱਟ ਨਾ ਸਮਝਣਾ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥* ***ਅੰਗ - 442***

ਗੁਰੂ ਤੇ ਗੋਬਿੰਦ ਵਿਚ ਕੋਈ ਵੀ ਭੇਦ ਨਾ ਸਮਝਣਾ। ਇਹ ਸਿੱਖੀ ਜਿਹੜੀ ਹੁੰਦੀ ਹੈ ਭਾਵਨੀ ਦੀ ਹੁੰਦੀ ਹੈ -

*ਲਖ ਗੁਰ ਮਹਿੰਮਾ ਪਰਿ ਸ਼ਰਣਾਈ*
*ਨਿਸ ਦਿਨ ਗੁਰ ਮੂਰਤਿ ਉਰ ਧਾਰੀ।*
*ਕਰਹਿ ਭਾਵ ਸਭ ਸਿੱਖ ਮਝਾਰੀ।* ***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਭਾਵ ਦੀ ਸਿੱਖੀ ਹੁੰਦੀ ਹੈ ਤੇ ਹਰ ਵਕਤ ਗੁਰੂ ਦਾ ਧਿਆਨ ਹਿਰਦੇ ਵਿਚ ਰੱਖਣਾ। ਕਦੇ ਨਾ ਭੁੱਲਣਾ ਗੁਰੂ ਨੂੰ ਤੇ ਉਹਨੂੰ ਪ੍ਰਮੇਸ਼ਵਰ ਕਰਕੇ ਜਾਨਣਾ। ਸੋ ਮਹਾਰਾਜ ਕਹਿੰਦੇ, ਭਾਈ ਪ੍ਰੇਮੀਓਂ! ਇਹ ਸਿੱਖੀ ਦਾ ਭੇਦ ਹੈ।

ਕਹਿੰਦੇ, ਜਿਹੜੇ ਮਹਾਰਾਜ! ਤਿੰਨ ਨੇ?

ਕਹਿੰਦੇ, ਉਹ ਨਹੀਂ ਹੋਇਆ ਕਰਦੇ। ਉਹ ਤਾਂ ਐਵੇਂ ਹੀ ਭੀੜਾਂ ਹੁੰਦੀਆਂ ਨੇ। ਅਸਲੀ ਤਾਂ ਟਾਂਵੇਂ-ਟਾਂਵੇਂ ਹੁੰਦੇ ਨੇ। ਕੋਈ-ਕੋਈ ਹੁੰਦਾ ਹੈ, ਬਹੁਤੇ ਨਹੀਂ ਹੋਇਆ ਕਰਦੇ।

ਗੁਰੂ ਮਹਾਰਾਜ ਨੇ ਕੌਤਕ ਦਿਖਾਉਣ ਵਾਸਤੇ, ਵਿਸਾਖੀ ਦਾ ਜਿਹੜਾ ਵੱਡਾ ਮੇਲਾ ਲੱਗਿਆ, ਹੁਕਮ ਕਰ ਦਿਤਾ ਕਿ ਮੇਲੇ ਤੋਂ ਬਾਅਦ ਕੋਈ ਨਾ ਘਰ ਜਾਵੇ। ਪਹਿਰੇ ਖੜ੍ਹਾ ਦਿਤੇ ਦੂਰ-ਦੂਰ ਤੱਕ। ਦਿਨ ਲੰਘਦੇ ਗਏ, ਹੈਰਾਨ ਹੋ ਗਏ, ਕੋਈ ਕਹੇ ਜੀ ਮੇਰੇ ਤਾਂ ਡੰਗਰ ਭੁੱਖੇ ਮਰਦੇ ਨੇ, ਕੋਈ ਕਹੇ ਕਿ ਜੀ ਮੇਰੇ ਪਿੱਛੇ ਤਾਂ ਕੰਮ ਕਰਨ ਵਾਲਾ ਨਹੀਂ ਹੈ, ਅਸੀਂ ਤਾਂ ਸਾਰੇ ਹੀ ਆ ਗਏ, ਪੜੌਸੀਆਂ ਨੂੰ ਸੰਭਾਲ ਕੇ ਆਏ ਹਾਂ। ਕੋਈ ਬਹਾਨਾ ਕੁਛ ਲਾਵੇ, ਕੋਈ ਕੁਛ ਲਾਵੇ। ਬੇਅੰਤ ਬਹਾਨੇ ਨੇ ਦੁਨੀਆਂ ਦੇ ਕੋਲ। ਕੋਈ ਕੰਮ ਕਰਨਾ ਹੋਵੇ ਬਹਾਨਿਆਂ ਦੀ ਘਾਟ ਨਹੀਂ ਹੁੰਦੀ, ਬੇਅੰਤ ਬਹਾਨੇ ਨੇ।

ਜੇ ਏਧਰ ਆਉਣਾ ਹੋਵੇ, ਸਭ ਬਹਾਨਿਆਂ ਨੂੰ ਸੁੱਟ ਕੇ ਆਦਮੀ ਆ ਜਾਂਦਾ ਹੈ। ਕਹਿੰਦਾ, ਦੇਖੀ ਜਾਏਗੀ, ਮੈਨੂੰ ਨਹੀਂ ਲੋੜ ਹੈ ਫੇਰ ਕਰ ਲਵਾਂਗੇ। ਕੁਛ ਨਹੀਂ ਫਰਕ ਪੈਂਦਾ। ਜਦੋਂ ਅੱਠ ਦੱਸ ਦਿਨ ਲੰਘ ਗਏ। ਜਿਹੜੇ ਕੱਚੇ ਸੀ ਉਨ੍ਹਾਂ ਦੇ ਮਨ ਡੋਲ੍ਹਣ ਲੱਗ ਗਏ। ਇੱਕ ਥਾਂ ਜਾ ਕੇ ਇਕੱਠੇ ਹੋ ਗਏ, ਕਹਿੰਦੇ ਕਿ ਕੀ ਕਰੀਏ, ਗੁਰੂ ਸਾਹਿਬ ਤਾਂ ਨਿਕਲਣ ਨਹੀਂ ਦਿੰਦੇ। ਇੱਕ ਪ੍ਰੇਮੀ ਕਹਿਣ ਲੱਗਿਆ ਕਿ ਮੈਨੂੰ ਸਾਹ ਖਿੱਚਣਾ ਆਉਂਦਾ ਹੈ। ਜੇ ਤੁਸੀਂ ਇਹ ਭੇਤ ਗੁਪਤ ਰੱਖ ਲਓਂ ਤਾਂ ਆਪਾਂ ਨਿਕਲ ਜਾਵਾਂਗੇ, ਮੈਂ ਮੁਰਦਾ ਬਣ ਜਾਂਦਾ ਹਾਂ। ਤੁਸੀਂ ਅਰਥੀ ਚੁੱਕ ਲਓ, ਰਾਮ ਨਾਮ ਸਤਿ ਹੈ, ਵਾਹਿਗੁਰੂ-ਵਾਹਿਗੁਰੂ। 'ਨਾਂਗਹਿ ਆਉਣਾ ਨਾਂਗਹਿ ਜਾਣਾ ਪਿਆਰੇ' ਸ਼ਬਦ ਪੜ੍ਹਦੇ ਚਲੇ ਚੱਲਿਓ। ਏਸੇ ਤਰ੍ਹਾਂ ਕਰ ਲਿਆ, ਅਰਥੀ ਚੁੱਕ ਲਈ ਤੇ ਗੁਰੂ ਮਹਾਰਾਜ ਕੋਲ ਦੀ ਸ਼ਬਦ ਪੜ੍ਹਦੇ ਜਾਂਦੇ ਨੇ। ਮੂਹਰੇ ਦੀ ਲੰਘੇ। ਜਦੋਂ ਗੁਰੂ ਸਾਹਿਬ ਦੇ ਮੂਹਰੇ ਦੀ ਲੰਘਾਂਗੇ, ਫੇਰ ਆਪਾਂ ਨੂੰ ਰੋਕਣਾ ਕਿਸੇ ਨੇ ਨਹੀਂ। ਸੋ ਮਹਾਰਾਜ ਦੇ ਮੂਹਰੇ ਦੀ ਲੰਘੇ। ਮਹਾਰਾਜ ਕਹਿੰਦੇ, ਆਹ ਕੀ ਗੱਲ, ਇਹੋ ਜਿਹੇ ਸ਼ਬਦ ਕਿਉਂ ਪੜ੍ਹਦੇ ਓਂ?

ਕਹਿੰਦੇ, ਪਾਤਸ਼ਾਹ! ਇਨ੍ਹਾਂ ਦਾ ਕੋਈ ਸਾਥੀ ਚੜ੍ਹਾਈ ਕਰ ਗਿਆ।

ਕਹਿੰਦੇ, ''ਹੁਣ?''

ਕਹਿੰਦੇ, ਸਸਕਾਰ ਕਰਨਗੇ, ਕਹਿੰਦੇ, ਮਹਾਰਾਜ! ਇਹ ਤਾਂ ਏਸ ਗੱਲ 'ਤੇ ਕਹਿੰਦੇ ਨੇ ਕਿ ਅਸੀਂ ਘਰ ਵਿਚ ਲੈ ਕੇ ਜਾਣੀ ਹੈ। ਵਾਰਸਾਂ ਨੂੰ ਦੇਣੀ ਹੈ ਲਾਸ਼।

ਗੁਰੂ ਮਹਾਰਾਜ ਕਹਿਣ ਲੱਗੇ, ''ਇਹ ਤਾਂ ਗਲ ਸੜ ਜਾਣੀ ਓਦੋਂ ਤੱਕ ਲਾਸ਼। ਪੈਦਲ ਤੁਰਦੇ ਨੇ। ਲਿਆਓ ਇੱਥੇ ਹੀ ਸਸਕਾਰ ਕਰ ਦੇਈਏ। ਕਹਿੰਦੇ, ਫੂਸ ਲਿਆਓ।

ਫੂਸ ਵਿਛਾ ਦਿਤਾ।

ਲਾਂਗਰੀ ਸਿੰਘ ਨੂੰ ਬੁਲਾ ਕੇ ਕਹਿੰਦੇ, ਇੱਕ ਚੁਆਤੀ ਲਿਆ, ਲੰਗਰ 'ਚੋਂ, ਲੱਕੜੀ ਜਲਦੀ-ਜਲਦੀ। ਹੁਣ ਉਹ ਸੋਚੀ ਪੈ ਗਿਆ ਕਿ ਜੇ ਤਾਂ ਮੈਂ ਹੁਣ ਉਠਦਾ ਹਾਂ ਤਾਂ, ਤਾਂ ਬੜੀ ਬੇਇੱਜ਼ਤੀ ਹੋਏਗੀ। ਬਈ ਪਏ ਰਹਿੰਦੇ ਹਾਂ, ਦੇਖੀ ਜਾਏਗੀ ਕੀ ਬਣਦਾ ਹੈ।

ਬਹੁਤੇ ਇਸ ਤਰ੍ਹਾਂ ਹੀ ਕਹਿੰਦੇ ਨੇ ਕਿ ਦੇਖੀ ਜਾਏਗੀ ਜਿਹੜਾ ਕੁਛ ਹੋਏਗਾ। ਇਹ ਦੇਖੀ ਜਾਏਗੀ ਜਿਹੜੀ ਹੈ ਨਾ ਗੱਲ ਇਹ ਪੱਟੀਮੇਸ ਕਰ ਦਿੰਦੀ ਹੈ ਬੰਦੇ ਦੀ। ਮਾਨਸ ਜਨਮ ਦਾ ਵੀ ਫਾਹਾ ਵੱਢ ਦਿੰਦੀ ਹੈ ਤੇ ਬੰਦੇ ਦੇ ਕਾਰੋਬਾਰ ਵੀ ਖਰਾਬ ਕਰ ਦਿੰਦੀ ਹੈ। ਕਹਿੰਦੇ ਨੇ, ਮਾਰ ਗੰਡਾਸੀ ਮਾਰ, ਬਾਅਦ ਵਿਚ ਦੇਖੀ ਜਾਏਗੀ ਕੀ ਹੁੰਦਾ ਹੈ। ਫੇਰ ਕੀ ਹੋਣਾ ਸੀ, ਹੁੰਦਾ ਹੈ ਜਿਹੜਾ ਕੁਛ ਹੁੰਦਾ ਹੀ ਹੈ।

ਸੋ ਜਦੋਂ ਲਾਂਗਰੀ ਸਿੰਘ ਲੈ ਆਇਆ, ਮਹਾਰਾਜ ਕਹਿੰਦੇ ਏਧਰ ਲਾ ਦੇ ਭਾਈ, ਥੋੜ੍ਹਾ ਜਿਹਾ ਹਟਾ ਕੇ ਲਾ ਦਿਤੀ। ਉਹ ਜਦੋਂ ਚਿੜ-ਚਿੜ ਹੋਣ ਲੱਗੀ, ਸੋਚਣ ਲੱਗਿਆ ਕਿ ਓਏ! ਤੂੰ ਕੀ ਜਲੇ 'ਤੇ ਹੀ ਉੱਠੇਂਗਾ? ਜਦੋਂ ਨੇੜੇ ਆਈ, ਛਾਲ ਮਾਰੀ ਅਰਥੀ ਤੋਂ ਹੀ, ਕਿੱਧਰੇ ਮਾਰੇ ਬੰਨ੍ਹੇ ਹੋਏ ਛੂਬੇ ਵਗੈਰਾ ਸਾਰੇ। ਨੱਠਿਆ ਹੀ ਜਾਂਦਾ ਹੈ। ਮਹਾਰਾਜ ਜੀ ਦੋਵੇਂ ਹੱਥਾਂ ਨਾਲ ਤਾੜੀ ਮਾਰ ਕੇ ਉੱਚੀ-ਉੱਚੀ ਹੱਸ ਪਏ, ਕਹਿੰਦੇ, ਲਓ ਸਾਧਸੰਗਤ ਜੀ! ਤੁਹਾਡਾ ਜਿਹੜਾ ਮੁਰਦਾ ਹੈ ਸਣਦੇਹੀ ਸਚਖੰਡ ਨੂੰ ਨੱਠਿਆ ਜਾਂਦਾ ਹੈ ਦੇਖੋ। ਸਾਰਿਆਂ ਨੇ ਮਾਫੀ ਮੰਗੀ।

ਮਹਾਰਾਜ ਜੀ ਕਹਿੰਦੇ, ਇਹ ਸਿੱਖੀ ਹੈ ਨਾ ਜਿਹੜੀ, ਇਹ ਧੰਦੇ ਦੀ, ਦੇਖਾ ਦੇਖੀ ਦੀ, ਹਿਰਸ ਦੀ ਸਿੱਖੀ ਵਾਲੇ ਇਕੱਠੇ ਕਰੇ ਨੇ। ਜਿਹੜੇ ਸਿਦਕੀ ਸਿੱਖ ਹੁੰਦੇ ਨੇ ਉਹ ਨਹੀਂ ਛੱਡਿਆ ਕਰਦੇ। ਉਹ ਤਾਂ ਸਿੱਖੀ ਕਮਾਉਂਦੇ ਨੇ ਪਰ ਸਿੱਖੀ ਔਖੀ ਹੈ -

***ਧਾਰਨਾ - ਜੀਉਂਦੇ ਮਰ ਜਾਵਣਾ ਸਿੱਖੀ ਕਮਾਉਣੀ ਔਖੀ।***

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥* *ਅੰਗ - 1412*
*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*
***ਅੰਗ - 1102***

ਕਹਿਣ ਲੱਗੇ, ਇਸ ਤਰ੍ਹਾਂ ਪ੍ਰੇਮੀਓਂ! ਇਹ ਪੂਰੀ ਸਿੱਖੀ ਕਮਾਉਣੀ ਬਹੁਤ ਔਖੀ ਹੁੰਦੀ ਹੈ।

ਆਪਣੀ ਬੇਨਤੀ ਚੱਲ ਰਹੀ ਹੈ ਕਿ 'ਪੂਰਾ ਗੁਰੁ ਮਿਹਰਵਾਨ ਕਿਵੇਂ ਹੁੰਦਾ ਹੈ?'

ਪੂਰਾ ਗੁਰੂ ਮਿਹਰਵਾਨ ਕਰ ਲਿਆ, ਦੁਨੀਆਂ ਵਿੱਚ ਕਿਸੇ ਚੀਜ਼ ਦੀ ਲੋੜ ਨਹੀਂ ਹੈ ਫੇਰ।

ਮਹਾਰਾਜ ਜੀ ਨੇ ਜਿੱਥੇ ਨਾਮ ਜਪਦੇ ਆ ਰਹੇ ਸੀ ਸਾਰੇ, ਉਥੇ ਥੋੜ੍ਹੀ ਜਿਹੀ ਵਾੜ ਕਰ ਦਿਤੀ ਖੇਤ ਨੂੰ ਤੇ ਅੰਮ੍ਰਿਤ ਦੀ ਦਾਤ ਖੰਡੇ ਬਾਟੇ ਦੇ ਨਾਲ, ਬਾਣੀ ਪੜ੍ਹ ਕੇ ਇੱਕ ਐਸਾ ਪਵਿੱਤਰ ਤੇ ਸ਼ਕਤੀ ਵਾਲਾ ਜਲ ਆਦਮੀ ਦੇ ਅੰਦਰ ਪ੍ਰਵੇਸ਼ ਕਰਾਇਆ ਕਿ ਸਾਰੀ ਸ਼ਕਤੀ ਉਹਦੇ ਵਿਚ ਪ੍ਰਵੇਸ਼ ਕਰ ਗਈ ਤੇ ਉਹ ਕਿੱਡਾ ਵੱਡਾ ਬਹਾਦਰ ਬਣਾ ਦਿਤਾ, ਮਹਾਰਾਜ ਕਹਿੰਦੇ -

***ਸਵਾ ਲਾਖ ਸੇ ਏਕ ਲੜਾਊਂ***

*ਚਿੜੀਓਂ ਸੇ ਮੈਂ ਬਾਜ ਤੁੜਾਊਂ,*
*ਤਬੇ ਗੋਬਿੰਦ ਸਿੰਘ ਨਾਮ ਸਦਾਊਂ,*
*ਚੜੇ ਸਿੰਘ ਤਿਸ ਮੁਕਤ ਕਰਾਊਂ।*

ਜੇ ਚੜ੍ਹ ਜਾਵੇ, ਸ਼ਹੀਦ ਹੋ ਜਾਵੇ, ਕਹਿੰਦੇ ਅਸੀਂ ਆਪਣੇ ਲੋਕ 'ਚ ਲੈ ਜਾਵਾਂਗੇ। ਸੋ ਇਹ ਸਮੇਂ ਦੀ ਲੋੜ ਦੇ ਮੁਤਾਬਿਕ ਅੰਮ੍ਰਿਤ ਛਕਾਇਆ ਵਿਸਾਖੀ ਵਾਲੇ ਦਿਨ। ਲੇਕਿਨ ਇਹ ਚੰਗਾ ਨਾ ਲੱਗਿਆ ਰਾਜ ਵਾਲਿਆਂ ਨੂੰ। ਰਾਜਾ ਆਪਣਾ ਹਿੱਤ ਦੇਖਦਾ ਹੈ। ਪਹਾੜੀ ਰਾਜੇ ਵੀ ਖੁਣਸਾਂ ਖਾਣ ਲੱਗ ਗਏ। ਇਹ ਤਾਂ ਫੌਜ ਪ੍ਰਗਟ ਹੋਈ ਸੀ।

*ਖਾਲਸਾ ਅਕਾਲ ਪੁਰਖ ਕੀ ਫੌਜ।*
*ਪ੍ਰਗਟਿਓ ਖਾਲਸ ਪ੍ਰਮਾਤਮ ਕੀ ਮੌਜ।*

ਖਾਲਸਾ ਕੌਣ ਸੀ, pure man (ਪਵਿੱਤਰ ਮਨੁੱਖ) –

*ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ।*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ।*

*(ਸਰਬ ਲੋਹ ਗ੍ਰੰਥ 'ਚੋਂ)*

*ਪੂਰਨ ਜੋਤ ਜਗੈ ਘਟ ਮੈ,*
*ਤਬ ਖਾਲਸ ਤਾਹਿ ਨਿਖਾਲਸ ਜਾਨੈ॥*

ਕਹਿੰਦੇ ਖਾਲਸਾ ਉਹ ਹੁੰਦਾ ਹੈ ਜਿਹੜਾ ਹਰੇਕ ਦੇ ਵਿਚ ਵਾਹਿਗੁਰੂ ਦੇਖ ਲਵੇ। ਜਿਹੜਾ ਹਰੇਕ 'ਚ ਵਾਹਿਗੁਰੂ ਦੇਖੇਗਾ, ਉਹ ਕਿਸੇ ਦਾ ਬੁਰਾ ਨਹੀਂ ਕਰਦਾ। ਗਰੀਬ ਦੀ ਰੱਖਿਆ ਕਰਦਾ ਹੈ। ਲੋੜਵੰਦ ਦੀ ਲੋੜ ਪੂਰੀ ਕਰਦਾ ਹੈ। ਸੋ ਇੱਕ ਮਹਾਰਾਜ ਜੀ ਨੇ ਇੱਕ ਨਵਾਂ ਮੋੜ ਦੇ ਕੇ ਖਾਲਸੇ ਦਾ ਆਦਰਸ਼ ਭਰ ਦਿਤਾ, ਆਮ ਮਨੁੱਖਾਂ ਵਿਚ, ਨਾਮ ਜਪਣ ਵਾਲਿਆਂ 'ਚ।

ਸੋ ਉਹ ਚੰਗਾ ਨਾ ਲੱਗਿਆ, ਜਿਸ ਕਰਕੇ ਮਹਾਰਾਜ ਜੀ ਨੂੰ ਬੜੇ ਯੁੱਧ ਲੜਨੇ ਪਏ। ਕਿਸੇ ਦੇ ਉਤੇ ਗੁਰੂ ਦਸਵੇਂ ਪਾਤਸ਼ਾਹ ਨੇ ਚੜ੍ਹਾਈ ਨਹੀਂ ਕਦੇ ਵੀ ਕੀਤੀ, ਕਿਸੇ ਨੂੰ ਜਾ ਕੇ ਮਾਰਿਆ ਨਹੀਂ। ਜੇ ਕੋਈ ਚੜ੍ਹ ਕੇ ਆਇਆ ਹੈ, ਜਿਹੋ ਜਿਹੀ ਕੋਈ ਭਾਵਨਾ ਲੈ ਕੇ ਆਇਆ ਹੈ, ਸਸ਼ਤਰਾਂ ਵਾਲੀ ਭਾਵਨਾ ਲੈ ਕੇ ਆਇਆ ਤਾਂ ਸਸ਼ਤਰਾਂ ਨਾਲ ਉਹਦਾ ਜਵਾਬ ਦਿਤਾ ਹੈ। ਸੋ ਉਹਦੇ ਬਾਰੇ, ਭਾਈ ਗੁਰਦਾਸ ਸਿੰਘ ਹੋਏ ਨੇ, ਇੱਕ ਭਾਈ ਗੁਰਦਾਸ ਜੀ ਹੋਏ ਨੇ, ਇੱਕ ਬਾਅਦ ਵਿਚ ਮਿਸਲਾਂ ਵੇਲੇ, ਭਾਈ ਗੁਰਦਾਸ ਸਿੰਘ ਹੋਏ ਨੇ, ਉਨ੍ਹਾਂ ਨੇ ਇੱਕ ਵਾਰ ਦੇ ਵਿਚ ਗੁਰੂ ਮਹਾਰਾਜ ਨੂੰ ਦੱਸਣ ਦਾ ਯਤਨ ਕਰਿਆ ਹੈ ਕਿ ਉਹ ਕਿਹੋ ਜਿਹੇ ਜੀ, ਪਿਆਰ ਨਾਲ ਪੜ੍ਹੋ –

*ਧਾਰਨਾ – ਗੁਰੂ ਗੋਬਿੰਦ ਸੂਰਾ ਜੀ,*
*ਪ੍ਰਗਟਿਓ ਪੁਰਖ ਭਗਵੰਤ ਜੀ।*
*ਪ੍ਰਾਨ ਮੀਤ ਪਰਮਾਤਮਾ ਪੁਰਖੋਤਮ ਪੂਰਾ।*
*ਪੇਖਨਹਾਰਾ ਪਾਤਿਸਾਹ ਪ੍ਰਤਿਪਾਲ ਨ ਊਰਾ।*

*ਪਤਿਤ ਉਧਾਰਨ ਪ੍ਰਾਨਪਤਿ ਸਦ ਸਦਾ ਹਜੂਰਾ।*
*ਵਹ ਪ੍ਰਗਟਿਓ ਪੁਰਖ ਭਗਵੰਤ ਰੂਪ ਗੁਰ ਗੋਬਿੰਦ ਸੂਰਾ।*
*ਅਨਦ ਬਿਨੋਦੀ ਜੀਅ ਜਪਿ ਸਚੁ ਸਚੀ ਵੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।*

***ਭਾਈ ਗੁਰਦਾਸ ਸਿੰਘ ਜੀ, ਵਾਰ 41***

*ਸੱਚਾ ਅਮਰ ਗੋਬਿੰਦ ਦਾ ਸੁਣ ਗੁਰੂ ਪਿਆਰੇ।*
*ਸਤਿ ਸੰਗਤਿ ਮੇਲਾਪ ਕਰਿ ਪੰਚ ਦੂਤ ਸੰਘਾਰੇ।*
*ਵਿਚਿ ਸੰਗਤਿ ਢੋਈ ਨਾਂ ਲਹਿਨਿ ਜੋ ਖਸਮੁ ਵਿਸਾਰੇ।*
*ਗੁਰਮੁਖਿ ਮੱਥੇ ਉੱਜਲੇ ਸੱਚੇ ਦਰਬਾਰੇ।*
*ਹਰਿ ਗੁਰੁ ਗੋਬਿੰਦ ਧਿਆਈਐ ਸਦ ਅੰਮ੍ਰਿਤ ਵੇਲਾ।*
*ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੂ ਚੇਲਾ।*

***ਭਾਈ ਗੁਰਦਾਸ ਸਿੰਘ ਜੀ, ਵਾਰ 41***

ਇਸ ਤਰ੍ਹਾਂ ਦੇ ਗੁਰੂ ਦਸਮੇਸ਼ ਪਿਤਾ ਨੇ ਇੱਕ ਨਵਾਂ ਰੂਪ ਦਿਤਾ ਸਿੱਖੀ ਨੂੰ ਸਾਧਸੰਗਤ ਜੀ। ਯੁੱਧ ਹੋਣੇ ਕੁਦਰਤੀ ਸੀ, ਸਾਢੇ ਤੇਰ੍ਹਾਂ ਯੁੱਧ ਗੁਰੂ ਦਸ਼ਮੇਸ਼ ਪਿਤਾ ਦੇ ਨਾਲ ਹੋਏ। ਹਰੇਕ ਯੁੱਧ ਦੇ ਅੰਦਰ ਦੁਸ਼ਮਣ ਨੇ ਹਾਰ ਖਾਧੀ ਹੈ, ਚਾਹੇ ਦਸ ਲੱਖ ਫੌਜ ਸੀ, ਚਾਹੇ ਘੱਟ। ਹਾਰ ਉਹ ਹੁੰਦੀ ਹੈ ਜਿਹੜਾ ਹਥਿਆਰ ਸੁੱਟ ਦੇਵੇ।

ਗੁਰੂ ਦਸਵੇਂ ਪਾਤਸ਼ਾਹ ਨੇ ਜਦੋਂ ਚਮਕੌਰ ਸਾਹਿਬ ਛੱਡ ਕੇ ਦੀਨ-ਏ-ਕਾਂਗੜ ਜਾ ਕੇ ਲਿਖੀ ਹੈ ਉਸ ਚਿੱਠੀ ਦਾ ਨਾਮ ਜਫਰਨਾਮਾ ਲਿਖਿਆ ਸੀ, ਫਤਹਿ ਦੀ ਚਿੱਠੀ। ਅਸੀਂ ਨਹੀਂ ਹਾਰੇ, ਅਸੂਲਾਂ ਵਿਚ ਹਾਰਿਆ ਤਾਂ ਔਰੰਗਜ਼ੇਬ ਹਾਰਿਆ। ਅਸੂਲਾਂ ਦੀ ਜੰਗ ਦੇ ਅੰਦਰ ਹਾਰੇ ਨੇ ਤਾਂ ਪਹਾੜੀ ਰਾਜੇ ਹਾਰੇ ਨੇ, ਅਸੀਂ ਨਹੀਂ ਹਾਰੇ, ਸਾਡੀ ਜਿੱਤ ਹੋਈ ਹੈ ਕਿਉਂਕਿ ਅਸੀਂ ਅਤਿ ਮੁਸੀਬਤ ਵਿਚ, ਅਤਿ ਦੁਖ ਦੇ ਵਿਚ ਆਪਣੇ ਅਸੂਲ ਹੱਥੋਂ ਨਹੀਂ ਜਾਣ ਦਿਤੇ, ਧਰਮ ਨੂੰ ਹੱਥੋਂ ਨਹੀਂ ਜਾਣ ਦਿੱਤਾ। ਧਰਮ ਦਾ ਯੁੱਧ ਕੀਤਾ ਹੈ।

ਸੋ ਅੱਜ ਛੇ ਮਹੀਨੇ ਤੋਂ ਘੇਰਾ ਪਿਆ ਹੋਇਆ ਹੈ। ਬੜਾ ਨੁਕਸਾਨ ਹੋ ਗਿਆ, ਬੇਅੰਤ ਸਿੰਘ ਸ਼ਹੀਦ ਹੋ ਗਏ। ਇਤਿਹਾਸ ਦਸਦਾ ਹੈ ਕਿ ਕੋਈ ਤਾਂ ਕਹਿੰਦਾ ਹੈ, ਪੰਜ ਹਜ਼ਾਰ ਸਿੰਘ ਮਹਾਰਾਜ ਨਾਲ ਸੀ, ਪਰ ਦਸ ਹਜ਼ਾਰ ਦੀ ਗਿਣਤੀ ਵੀ ਲਿਖਦੇ ਨੇ। ਚਾਰ ਕਿਲ੍ਹਿਆਂ ਦੇ ਅੰਦਰ ਢਾਈ-ਢਾਈ ਹਜ਼ਾਰ ਸਿੰਘ, ਛੇ ਮਹੀਨੇ ਦਸ ਲੱਖ ਫੌਜ ਨੂੰ ਨੇੜੇ ਨਹੀਂ ਆਉਣ ਦਿਤਾ। ਬਾਹਰੋਂ ਰਾਸ਼ਨ ਬੰਦ ਹੋ ਗਿਆ, ਪਾਣੀ ਵੀ ਬੰਦ ਕਰ ਦਿਤਾ। ਕੋਈ ਅੰਦਰ ਨਹੀਂ ਆ ਸਕਦਾ, ਕੋਈ ਅੰਦਰੋਂ ਬਾਹਰ ਨਹੀਂ ਜਾ ਸਕਦਾ।

ਸੋ ਐਸੀ ਹਾਲਤ ਵਿਚ ਗੁਰੂ ਮਹਾਰਾਜ ਇੱਕ ਦਿਨ ਕਿਲ੍ਹੇ ਤੋਂ ਬਾਹਰ ਖੜ੍ਹ ਕੇ ਦੇਖਦੇ ਨੇ ਕਿ ਬਸੰਤ ਰੁੱਤ ਅਜੇ ਆਈ ਨਹੀਂ ਹੈ ਤੇ ਅਜੇ ਪੋਹ ਦਾ

ਮਹੀਨਾ, ਸ਼ੁਰੂ ਹੋਣ 'ਚ ਥੋੜ੍ਹੀ ਦੇਰ ਹੈ। ਪੋਹ ਦਾ ਮਹੀਨਾ ਤੇ ਸਮਝ ਲਓ ਉਸ ਵੇਲੇ ਆਪ ਨੇ ਕੀ ਦੇਖਿਆ ਕਿ ਪੱਤੇ ਝੜ ਗਏ ਦਰਖਤਾਂ ਦੇ ਸਾਰੇ ਤੇ ਛਿੱਲ ਵੀ ਇਨ੍ਹਾਂ ਉੱਤੇ ਨਹੀਂ। ਕਹਿਣ ਲੱਗੇ, ਇਹ ਕੀ ਗੱਲ? ਪਹਿਲਾਂ ਹੀ ਪਤਝੜ ਆ ਗਈ। ਇਹ ਤਾਂ ਅਗਾਂਹਾਂ ਜਾ ਕੇ ਆਉਂਦੀ ਹੈ।

ਕਹਿਣ ਲੱਗੇ, "ਸੱਚੇ ਪਾਤਸ਼ਾਹ! ਤੇਰੇ ਸਿਦਕੀ ਸਿੱਖਾਂ ਨੇ ਆਪਣੇ ਸਰੀਰ ਨੂੰ ਕਾਇਮ ਰੱਖਣ ਵਾਸਤੇ ਛਿੱਲਾਂ ਪੀਹ-ਪੀਹ ਕੇ ਖਾ ਲਈਆਂ, ਪੱਤੇ ਉਬਾਲ-ਉਬਾਲ ਕੇ ਖਾ ਲਏ। ਕਿਉਂਕਿ ਰਾਸ਼ਨ ਹੈ ਨਹੀਂ, ਇੱਕ-ਇੱਕ ਮੁੱਠੀ ਮਿਲਦੀ ਸੀ, ਛੋਲਿਆਂ ਦੀ। ਸਾਹਿਬਜ਼ਾਦਿਆਂ ਨੂੰ ਇੱਕ ਮੁੱਠੀ, ਗੁਰੂ ਮਹਾਰਾਜ ਨੂੰ ਇੱਕ ਮੁੱਠੀ ਛੋਲਿਆਂ ਦੀ ਮਿਲਦੀ ਸੀ, ਐਸਾ ਲਿਖਿਆ ਹੋਇਆ ਹੈ ਇਤਿਹਾਸ ਦੇ ਅੰਦਰ ਆਪਣੇ ਕੋਲੋਂ ਨਹੀਂ ਕਹਿੰਦਾ। ਤੇ ਸਿੰਘਾਂ ਨੂੰ ਦੂਜੇ ਦਿਨ ਮਿਲ ਜਾਂਦੀ ਸੀ।

ਸੋ ਭੁੱਖ ਦਾ ਦੁੱਖ ਸਾਧਸੰਗਤ ਜੀ ਸਭ ਤੋਂ ਵੱਡਾ ਹੁੰਦਾ ਹੈ। ਵੱਡੇ-ਵੱਡੇ ਸੂਰਮੇ ਜਿਹੜੇ ਨੇ ਭੁੱਖ ਦੇ ਹੱਥੋਂ ਹਾਰੇ ਨੇ।

ਰਾਣਾ ਪ੍ਰਤਾਪ ਚਿਤੌੜਗੜ੍ਹ ਦਾ ਰਾਜਾ, ਅਕਬਰ ਦੇ ਨਾਲ ਯੁੱਧ ਕਰਦਾ ਹੈ। ਹਲਦੀਘਾਟ ਦੇ ਮਕਾਨ ਦੇ ਉੱਤੇ ਉਹਦੀ ਫੌਜ ਸਾਰੀ ਮਾਰੀ ਗਈ। ਇਕੱਲਾ ਬਚਿਆ। ਘੋੜਾ ਜ਼ਖਮੀ ਹੋ ਗਿਆ ਉਸ ਵੇਲੇ ਜੰਗਲ ਦੇ ਵਿਚ ਜਾ ਕੇ ਛੁੱਪ ਗਿਆ। ਨਾਲ ਘਰਵਾਲੀ ਹੈ, ਨਾਲ ਇੱਕ ਲੜਕੀ ਹੈ, ਇਕੱਲਾ ਆਪ ਹੈ।

ਐਸਾ ਹੋਇਆ ਕਿ ਭੁੱਖ ਦੇ ਨਾਲ ਲੜਕੀ ਜਿਹੜੀ ਸੀ ਉਹ ਧਰਤੀ 'ਤੇ ਗਿਰ ਗਈ। ਕੋਈ ਚੀਜ਼ ਨਹੀਂ ਮਿਲਦੀ ਕਿ ਖਾਈਏ ਕੀ। ਖੜ੍ਹਾ ਪਿਆਜੀ, ਬਾਥੂ ਇਹ ਇਕੱਠਾ ਕਰਕੇ ਪੀਸ ਕੇ ਇੱਕ ਰੋਟੀ ਬਣਾਈ। ਉਹਦਾ ਅੱਧਾ ਹਿੱਸਾ ਲੜਕੀ ਨੂੰ ਦੇਣ ਵਾਸਤੇ ਰੱਖਿਆ ਤੇ ਚੌਥਾ-ਚੌਥਾ ਆਪ ਖਾਣ ਨੂੰ ਰੱਖਿਆ ਤੇ ਜੋ ਲੜਕੀ ਲਈ ਰੱਖਿਆ, ਇੱਕ ਜੰਗਲੀ ਬਿੱਲਾ ਆਇਆ, ਉਹ ਰੋਟੀ ਚੁੱਕ ਕੇ ਲੈ ਗਿਆ। ਉਸ ਵੇਲੇ ਰਾਣਾ ਪ੍ਰਤਾਪ ਵਰਗਾ ਸੂਰਮਾ ਜਿਹੜਾ ਕਦੇ ਨਹੀਂ ਸੀ ਰੋਇਆ। ਉਸ ਵੇਲੇ ਧਾਹਾਂ ਮਾਰ ਕੇ ਰੋ ਪਿਆ।

ਘਰਵਾਲੀ ਨੂੰ ਕਹਿਣ ਲੱਗਿਆ ਕਿ ਇਸ ਤੋਂ ਜ਼ਿਆਦਾ ਦੁੱਖ ਤਾਂ ਹੋ ਹੀ ਨਹੀਂ ਸਕਦਾ। ਲੜਕੀ ਆਪਣੀ ਮਰ ਰਹੀ ਹੈ ਭੁੱਖ ਦੇ ਦੁੱਖ ਨਾਲ ਤੇ ਮੈਂ ਅਕਬਰ ਕੋਲ ਜਾ ਕੇ ਹਥਿਆਰ ਰੱਖਦਾ ਹਾਂ, ਹਾਰ ਮੰਨਦਾ ਹਾਂ ਆਪਣੀ, ਉਸ ਵੇਲੇ ਲੜਕੀ ਨੇ ਸੁਣ ਲਿਆ। ਲੜਕੀ ਪਿਤਾ ਵਲ ਦੇਖ ਰਹੀ ਸੀ। ਮੂੰਹ ਪਰਲੇ ਪਾਸੇ ਕਰ ਲਿਆ। ਪਿਤਾ ਹੈਰਾਨ ਹੋ ਗਿਆ ਕਿ ਬੇਟੀ! ਤੂੰ ਮੂੰਹ ਦੂਜੇ ਪਾਸੇ ਕਰ ਲਿਆ? ਕਹਿਣ ਲੱਗੀ, ਮੈਂ ਤੈਨੂੰ ਹੁਣ ਪਿਤਾ ਨਹੀਂ ਕਹਿ ਸਕਦੀ। ਐਨਾ ਕਾਇਰ ਕਿ ਭੁੱਖ ਦੇ ਦੁੱਖ ਤੋਂ ਦੁਖੀ ਹੋ ਕੇ ਤੂੰ

ਹਥਿਆਰ ਸੁੱਟਣ ਲੱਗਿਆ ਹੈਂ ਤੇ ਅਣਖ ਰਾਜਪੂਤਾਂ ਦੀ ਖਤਮ ਕਰਨ ਲੱਗਿਆ ਹੈਂ। ਤੂੰ ਮੇਰਾ ਪਿਤਾ ਨਹੀਂ ਹੈਂ, ਹੁਣ ਚੰਗਾ ਹੋਵੇ ਤਾਂ ਮੈਂ ਮਰ ਜਾਵਾਂ। ਐਨਾ ਕਹਿ ਕੇ ਸਵਾਸ ਛੱਡ ਦਿਤੇ ਉਹਨੇ। ਬਹੁਤ ਵੱਡਾ ਦੁੱਖ ਲੱਗਿਆ ਏਸਨੂੰ। ਡੋਲ੍ਹ ਗਿਆ ਸਾਧਸੰਗਤ ਜੀ! ਜੇ ਬਾਬਾ ਸ੍ਰੀ ਚੰਦ ਜੀ ਨਾ ਜਾਂਦੇ ਉਸ ਵੇਲੇ ਤਾਂ ਹਥਿਆਰ ਇਹਨੇ ਸੁੱਟ ਦੇਣੇ ਸੀ। ਲੜਕੀ ਦਾ ਡੋਲਾ ਦੇਣ ਨੂੰ ਤਿਆਰ ਹੋ ਜਾਂਣਾ ਸੀ।

ਲੇਕਿਨ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਯੁੱਧ ਹੋ ਰਿਹਾ ਹੈ, ਬੜਾ ਹੀ ਭਿਆਨਕ ਯੁੱਧ ਹੋ ਰਿਹਾ ਹੈ। ਸਾਰੇ ਹੀ ਜਾਣਦੇ ਹੋਂ, ਚਿੱਠੀ ਲਿਖਦੇ ਨੇ ਫਤਹਿ ਦੀ, ਹਾਰ ਦੀ ਚਿੱਠੀ ਨਹੀਂ ਲਿਖਦੇ।

ਸੋ ਅੱਜ ਪਤਾ ਲੱਗ ਗਿਆ ਸਾਰਿਆਂ ਨੂੰ ਕਿ ਬਹੁਤ ਭੁੱਖ ਹੈ, ਹੁਣ ਤਾਂ ਬਾਹਰ ਵੀ ਨਹੀਂ ਆਉਂਦੇ, ਤਕੜਾਈ ਬਹੁਤ ਹੋ ਗਈ, ਚਾਰ ਮੀਲ 'ਤੇ ਜਾ ਕੇ ਘੇਰਾ ਪਾਇਆ ਹੋਇਆ ਹੈ। ਤਾਂ ਉਸ ਵੇਲੇ ਪਹਾੜੀ ਰਾਜਿਆਂ ਨੇ ਸਲਾਹ ਕਰੀ ਕਿ ਕਿਸੇ ਤਰੀਕੇ ਨਾਲ ਧੋਖਾ ਦਿਤਾ ਜਾਵੇ ਗੁਰੂ ਮਹਾਰਾਜ ਨੂੰ।

ਉਨ੍ਹਾਂ ਨੇ ਇੱਕ ਚਿੱਠੀ ਲਿਖੀ, ਕਹਿਣ ਲੱਗੇ, ਆਪਣੀਆਂ ਚਿੱਠੀਆਂ 'ਤੇ ਤਾਂ ਉਨ੍ਹਾਂ ਨੇ ਇਤਬਾਰ ਨਹੀਂ ਕਰਨਾ ਕਿਉਂਕਿ ਆਪਾਂ ਕਈ ਵਾਰੀ ਝੂਠੀਆਂ ਸੌਹਾਂ ਖਾ ਚੁੱਕੇ ਹਾਂ। ਕਹਿੰਦੇ, ਮੁਸਲਮਾਨ ਕੁਰਾਨ ਸ਼ਰੀਫ ਨੂੰ ਬਹੁਤ ਮੰਨਦੇ ਨੇ ਤੇ ਜੇ ਕੁਰਾਨ ਸਰੀਫ ਦੀ ਸਹੁੰ ਖਾ ਕੇ, ਕੁਰਾਨ ਸ਼ਰੀਫ ਥਾਲ ਵਿਚ ਰੱਖ ਕੇ ਭੇਜ ਦਿਤਾ ਜਾਵੇ, ਚਿੱਠੀ 'ਤੇ ਦਸਤਖਤ ਹੋਣ ਔਰੰਗਜ਼ੇਬ ਦੇ, ਤਾਂ ਫੇਰ ਹੋ ਸਕਦਾ ਹੈ ਕਿ ਗੁਰੂ ਕਿਲ੍ਹਾ ਛੱਡ ਦੇਵੇ। ਜਦੋਂ ਛੱਡ ਦੇਵੇਗਾ, ਬਾਹਰ ਆਏ ਨੂੰ ਆਪਾਂ ਸਾਂਭ ਲਵਾਂਗੇ। ਏਸ ਨੀਅਤ ਦੇ ਨਾਲ ਸ਼ਾਜਿਸ਼ ਕੀਤੀ, ਔਰੰਗਜ਼ੇਬ ਦੇ ਕੋਲ ਚਿੱਠੀ ਦਿੱਲੀ ਭੇਜੀ। ਉਹਦੇ ਦਸਤਖਤ ਕਰਾਏ, ਫੁਰਮਾਨ ਲਿਆ ਤੇ ਮੋਹਰ ਲਵਾਈ ਸਰਕਾਰੀ। ਥਾਲ ਵਿਚ ਚਿੱਠੀ ਰੱਖੀ, ਵਕੀਲ ਨਾਲ ਭੇਜੇ। ਇੱਕ ਹਿੰਦੂ ਹੈ ਤੇ ਇੱਕ ਮੁਸਲਮਾਨ ਹੈ। ਇੱਕ ਨੇ ਗਊ ਦੀ ਮੂਰਤੀ ਚੁੱਕੀ ਹੋਈ ਹੈ, ਇੱਕ ਨੇ ਕੁਰਾਨ ਸ਼ਰੀਫ ਨੂੰ ਥਾਲ ਵਿੱਚ ਪਾ ਕੇ ਚੁੱਕਿਆ ਹੋਇਆ ਹੈ। ਗੁਰੂ ਮਹਾਰਾਜ ਕੋਲ ਪੇਸ਼ ਕੀਤੇ ਜਾਂਦੇ ਨੇ। ਕਹਿਣ ਲੱਗੇ, ਪਾਤਸ਼ਾਹ! ਕੀ ਫਾਇਦਾ ਹੈ ਲੜਾਈ ਦਾ, ਤੁਹਾਡੇ ਕੋਲ ਕੋਈ ਦੇਸ਼ ਨਹੀਂ, ਜਿਹੜਾ ਲੈ ਲੈਣਾ ਹੈ ਤੇ ਐਵੇਂ ਹੀ ਬਾਦਸ਼ਾਹਾਂ ਦੇ ਮਨ ਦੇ ਉੱਤੇ ਇੱਕ ਹਠ ਤਾਰੀ ਹੋਇਆ ਹੋਇਆ ਹੈ, ਪ੍ਰਭਾਵ ਪਿਆ ਹੋਇਆ ਹੈ ਤੇ ਉਹ ਐਨਾ ਹੀ ਚਾਹੁੰਦੇ ਨੇ ਕਿ ਤੁਸੀਂ ਕਿਲ੍ਹਾ ਛੱਡ ਦਿਓ। ਜੇ ਤੁਸੀਂ ਕਿਲ੍ਹਾ ਛੱਡ ਜਾਵੋਂ ਤਾਂ ਫੇਰ ਮੌਜ ਹੈ ਤੁਹਾਡੀ, ਜਿੱਧਰ ਜੀਅ ਕਰੇ, ਸਾਰਾ ਹਿੰਦੋਸਤਾਨ ਤੁਹਾਡਾ ਹੀ ਹੈ, ਝਗੜਾ ਬਸ ਐਨਾ ਹੀ ਹੈ, ਹੋਰ ਨਹੀਂ ਹੈ, ਆਹ ਦੇਖੋ, ਫੁਰਮਾਨ ਸ਼ਾਹੀ ਫੁਰਮਾਨ। ਮਹਾਰਾਜ ਨੇ ਚਿੱਠੀ ਲਈ, ਲੈ ਕੇ ਪੜ੍ਹੀ, ਉਨ੍ਹਾਂ ਨੇ ਚਿੱਠੀ ਪੜ੍ਹ ਕੇ ਸੁਣਾਈ ਸਾਰਿਆਂ ਨੂੰ। ਮਹਾਰਾਜ ਮੁਸਕਰਾ

ਪਏ ਕਿ ਇਹ ਜਾਲ ਹੈ, ਠੱਗੀ ਹੈ। ਲੇਕਿਨ ਜਿਹੜੇ ਕਮਜ਼ੋਰ ਨਿਹਚਿਆਂ ਵਾਲੇ ਸੀ ਉਹ ਡੋਲ ਗਏ ਸਾਰੇ ਹੀ। ਪਰ ਸਾਡੇ ਨਾਲੋਂ ਤਾਂ ਬਹੁਤ ਚੰਗੇ ਸੀ ਸਾਰੇ ਹੀ ਸਾਧਸੰਗਤ ਜੀ! ਜੇ ਅਸੀਂ ਕਹੀਏ ਕਿ ਡੋਲ ਗਏ ਸੀ, ਅਸੀਂ ਤਾਂ ਪਹਿਲਾਂ ਹੀ ਡੋਲੇ ਪਏ ਹਾਂ, ਬਗੈਰ ਕਿਸੇ ਤਕਲੀਫ ਤੋਂ। ਉਨ੍ਹਾਂ ਨੂੰ ਅਸੀਂ ਕਹਿ ਦਿੰਦੇ ਹਾਂ ਕਿ ਡੋਲ ਗਏ, ਪਰ ਉਹ ਡੋਲੇ ਨਹੀਂ, 99 ਨੰਬਰ ਤਾਂ ਲੈ ਲਏ ਸੀ, ਇੱਕ ਨੰਬਰ ਰਹਿ ਗਿਆ ਸੀ ਬਾਕੀ। ਇੱਕ ਨੰਬਰ 'ਤੇ ਫੇਲ੍ਹ ਹੋ ਗਏ ਸੀ।

ਉਨ੍ਹਾਂ ਨੇ ਮਹਾਰਾਜ ਜੀ ਇਕੱਠੇ ਹੋ ਕੇ ਕਿਹਾ ਕਿ ਪਾਤਸ਼ਾਹ! ਹੁਣ ਤਾਂ ਸੌਂਹਾਂ ਖਾਂਦੇ ਨੇ ਕਿ ਆਪਾਂ ਕਿਲ੍ਹਾ ਛੱਡ ਦੇਈਏ। ਮਹਾਰਾਜ ਕਹਿਣ ਲੱਗੇ, ਨਹੀਂ ਪ੍ਰੇਮੀਓਂ! ਇਹ ਤਾਂ ਧੋਖਾ ਹੋ ਰਿਹਾ ਹੈ ਬਹੁਤ ਜ਼ਬਰਦਸਤ, ਕਿਲ੍ਹਾ ਨਹੀਂ ਛੱਡਣਾ। ਕਿਲ੍ਹਾ ਛੱਡਣ ਦੇ ਨਾਲ ਅੱਗੇ ਨਹੀਂ ਦੇਖਿਆ ਤੁਸੀਂ ਕਿ ਕੀ ਕਰਿਆ ਹੈ ਇਨ੍ਹਾਂ ਨੇ। ਕਹਿੰਦੇ ਜੀ, ਹੁਣ ਤਾਂ ਕੁਰਾਨ ਸ਼ਰੀਫ ਵੀ ਵਿੱਚ ਰੱਖ ਕੇ ਲਿਆਏ ਨੇ। ਕਹਿੰਦੇ, ਦੇਖੋ, ਰਾਜਾ ਜਿਹੜਾ ਹੈ ਇਹ ਜੇ ਲੱਖਾਂ ਸੌਂਹਾਂ ਵੀ ਖਾਵੇ ਤਾਂ ਵੀ ਨਾ ਇਹਦਾ ਇਤਬਾਰ ਕਰੋ। ਰਾਜਾ ਚਾਹੇ ਕੋਈ ਹੈ। ਇੱਥੇ ਤੱਕ ਵੀ ਕਿਹਾ ਹੈ ਕਿ ਬਾਂਹ ਨੂੰ ਲਾਲਾ (ਗੁੜ) ਲਾ ਲਓ ਤੇ ਤਿਲਾਂ ਵਿਚ ਰੱਖ ਦਿਓ, ਤੇ ਜਿੰਨੇ ਤਿਲ ਲੱਗ ਜਾਣ ਜੇ ਐਨਾ ਸੌਂਹਾਂ ਰਾਜਾ ਖਾਵੇ ਤਾਂ ਵੀ ਰਾਜੇ ਦਾ ਇਤਬਾਰ ਨਾ ਕਰੇ। ਰਾਜਾ ਬੇਇਤਬਾਰਾ ਹੁੰਦਾ ਹੈ। ਰਾਜੇ ਨੂੰ ਹਿੱਤ ਪਿਆਰਾ ਹੁੰਦਾ ਹੈ, ਸਹੁੰ ਪਿਆਰੀ ਨਹੀਂ ਹੁੰਦੀ, ਬਚਨ ਪਿਆਰਾ ਨਹੀਂ ਹੁੰਦਾ ਰਾਜੇ ਨੂੰ ਕਦੇ ਵੀ। ਅਜੇ ਤੱਕ ਤਾਂ ਕਦੇ ਹੋਇਆ ਨਹੀਂ ਸੰਸਾਰ ਦੇ ਅੰਦਰ, ਅੱਗੇ ਪਤਾ ਨਹੀਂ ਹੁਣ ਤਾਂ ਕਲਜੁਗ ਚਲਦਾ ਹੈ।

ਉਹ ਏਸ ਧੋਖੇ 'ਚ ਆ ਕੇ ਕਹਿੰਦੇ, ਪ੍ਰੇਮੀਓਂ! ਧੋਖਾ ਹੋ ਰਿਹਾ ਹੈ। ਨਾ ਕਰੋ ਇਹਦਾ ਇਤਬਾਰ। ਉਸ ਵੇਲੇ ਕੁਛ ਕਰੜੇ ਬੋਲ ਬੋਲਣ ਲੱਗ ਗਏ ਕਿ ਸੱਚੇ ਪਾਤਸ਼ਾਹ! ਖਾਣ ਨੂੰ ਤਾਂ ਹੈ ਨਹੀਂ, ਭੁੱਖੇ ਮਰ ਰਹੇ ਹਾਂ, ਕੱਲ੍ਹ ਨੂੰ ਤਾਂ ਕਤਲ ਕਰ ਦੇਣਗੇ, ਹੁਣ ਮੌਕਾ ਵੀ ਹੱਥੋਂ ਗਵਾਉਂਦੇ ਹਾਂ ਆਪਾਂ। ਹੁਣ ਤਾਂ ਮੌਕਾ ਹੈ, ਦੇਖੋ ਚਿੱਠੀ ਕਿੰਨੀ ਵਧੀਆ ਲਿਖੀ ਹੈ।

ਮਹਾਰਾਜ ਕਹਿੰਦੇ, ਨਹੀਂ। ਤਿਆਰ ਹੋ ਗਏ ਸਿੰਘ ਜਾਣ ਲਈ। ਮਹਾਰਾਜ ਕਹਿੰਦੇ, ਜੇ ਜਾਣਾ ਹੈ ਤਾਂ ਇਸ 'ਤੇ ਲਿਖ ਦਿਓ ਕਿ ਤੂੰ ਸਾਡਾ ਗੁਰੂ ਨਹੀਂ ਤੇ ਅਸੀਂ ਤੇਰੇ ਸਿੱਖ ਨਹੀਂ। ਦਸਤਖਤ ਕਰੀ ਜਾਓ ਤੇ ਚਲੇ ਜਾਓ।

ਗੁਰੂ ਸਾਹਿਬ ਦੇ ਵੇਲੇ ਵੀ ਡਾਵਾਂਡੋਲ ਹੋ ਗਿਆ ਸੀ ਕੰਮ। ਜਿਹੜੇ ਕੱਚੇ ਸੀਗੇ ਸਾਧਸੰਗਤ ਜੀ ਉਹ ਸਾਰੇ ਹੀ ਡਾਵਾਂਡੋਲ ਹੋ ਗਏ ਤੇ ਲਿਖ ਕੇ ਦੇ ਦਿਤਾ ਚਿੱਠੀ 'ਤੇ। ਮਹਾਰਾਜ ਜੀ ਨੇ ਪੱਤਰ ਲਿਆ ਤੇ ਖੀਸੇ 'ਚ ਪਾ ਲਿਆ ਤੇ ਉਹ ਫੁਰਮਾਨ ਵੀ ਜੇਬ ਵਿਚ ਪਾ ਲਿਆ। ਉਸ ਤੋਂ ਬਾਅਦ

ਕਹਿੰਦੇ ਚੰਗਾ ਜਾਓ, ਤੁਸੀਂ ਸਾਡੇ ਸਿੱਖ ਨਹੀਂ ਤੇ ਅਸੀਂ ਤੁਹਾਡੇ ਗੁਰੂ ਨਹੀਂ। ਘਰਾਂ ਨੂੰ ਚਲੇ ਗਏ, ਬੇਅੰਤ ਬੰਦੇ ਤੇ ਉਹ ਰਹਿ ਗਏ ਜਿਹੜੇ ਸਨਮੁਖ ਸਿੱਖ ਸੀ। ਸਨਮੁੱਖ ਸਿੱਖ ਜਿਹੜਾ ਹੁੰਦਾ ਹੈ ਉਹ ਕਦੇ ਗੁਰੂ ਦਾ ਆਸਰਾ ਨਹੀਂ ਛੱਡਦਾ –

*ਧਾਰਨਾ – ਸਦਾ ਆਸਰੇ ਗੁਰਾਂ ਦੇ ਰਹਿੰਦਾ,*
*ਸਨਮੁੱਖ ਜਿਹੜਾ ਸਿੱਖ ਗੁਰਾਂ ਦਾ।*

*ਦਰਸਨੁ ਦੇਖਿ ਪਤੰਗ ਜਿਉ ਜੋਤੀ ਜੋਤਿ ਸਮਾਵੈ।*
*ਸਬਦ ਸੁਰਤਿ ਲਿਵ ਮਿਰਗ ਜਿਉ ਅਨਹਦ ਲਿਵ ਲਾਵੈ।*
*ਸਾਧ ਸੰਗਤਿ ਵਿਚਿ ਮੀਨੁ ਹੋਇ ਗੁਰਮਤਿ ਸੁਖ ਪਾਵੈ।*
*ਚਰਣ ਕਵਲ ਚਿਤਿ ਭਵਰੁ ਹੋਇ ਸੁਖ ਰੈਣਿ ਵਿਹਾਵੈ।*
*ਗੁਰ ਉਪਦੇਸੁ ਨ ਵਿਸਰੈ ਬਾਬੀਹਾ ਧਿਆਵੈ।*
*ਪੀਰ ਮੁਰੀਦਾਂ ਪਿਰਹੜੀ ਦੂਬਿਧਾ ਨ ਸੁਖਾਵੈ।*

***ਭਾਈ ਗੁਰਦਾਸ ਜੀ, ਵਾਰ 27/15***

ਮਿਸਾਲਾਂ ਦਿੱਤੀਆਂ ਨੇ ਕਿ ਪਤੰਗ ਜਦੋਂ ਦੇਖਦਾ ਹੈ ਜੋਤ ਨੂੰ, ਉਹਦੇ ਵਿਚ ਸਮਾਅ ਜਾਂਦਾ ਹੈ। ਮਿਰਗ ਜਦੋਂ ਘੰਡੇਹੇੜੇ ਦਾ ਸ਼ਬਦ ਸੁਣਦਾ ਹੈ ਉਸੇ ਵੇਲੇ ਅਨਹਦ ਨਾਲ ਲਿਵ ਲਾ ਕੇ ਉਧਰ ਨੂੰ ਸਿੱਧਾ ਹੋ ਜਾਂਦਾ ਹੈ ਤੇ ਸ਼ਿਕਾਰੀ ਫੜ ਕੇ ਮਾਰ ਲੈਂਦਾ ਹੈ। ਸਾਧਸੰਗਤ 'ਚ ਜਿਵੇਂ ਮੱਛੀ ਪਾਣੀ 'ਚ ਰਹਿੰਦੀ ਹੈ ਇਸ ਤਰ੍ਹਾਂ ਲਿਵਲੀਨ ਹੋ ਕੇ ਰਹਿੰਦਾ ਹੈ, ਚਰਨਾਂ ਦੇ ਉੱਤੇ ਗੁਰੂ ਦੇ ਇਸ ਤਰ੍ਹਾਂ ਧਿਆਨ ਰੱਖਦਾ ਹੈ, ਜਿਵੇਂ ਭੰਵਰਾਂ ਫੁੱਲ ਦੇ ਉੱਤੇ ਰੱਖਦਾ ਹੈ। ਵਾਹਿਗੁਰੂ-ਵਾਹਿਗੁਰੂ ਬਾਣੀ ਦਿਨ ਰਾਤ ਪੜ੍ਹ ਰਿਹਾ ਹੈ। ਸੋ-

*ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥*
*ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ॥*
*ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥*
*ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥*
*ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥ ਅੰਗ – 920*

ਸੋ ਜਿਹੜੇ ਸਨਮੁੱਖ ਸਿੱਖ ਹੁੰਦੇ ਨੇ, ਉਹ ਗੁਰੂ ਤੋਂ ਪ੍ਰਵਾਨ ਹੋ ਜਾਂਦੇ ਨੇ। ਉਨ੍ਹਾਂ ਨੂੰ ਕੋਈ ਡਰ ਨਹੀਂ ਹੋਇਆ ਕਰਦਾ –

*ਧਾਰਨਾ – ਮਰਨੋਂ ਮੂਲ ਨਾ ਡਰਦੇ, ਜਿਹੜੇ ਗੁਰਾਂ ਦੇ ਪਿਆਰੇ।*

*ਦੀਪਕ ਜਲੈ ਪਤੰਗ ਵੰਸੁ ਫਿਰਿ ਦੇਖਿ ਨ ਹਟੈ।*
*ਜਲ ਵਿਚਹੁ ਫੜਿ ਕਢੀਐ ਮਛ ਨੇਹੁ ਨ ਘਟੈ।*
*ਘੰਡਾ ਹੇੜੈ ਮਿਰਗ ਜਿਉ ਸੁਣਿ ਨਾਦੁ ਪਲਟੈ।*
*ਭਵਰੈ ਵਾਸੁ ਵਿਣਾਸੁ ਹੈ ਫੜਿ ਕਵਲ ਸੰਘਟੈ।*
*ਗੁਰਮੁਖਿ ਸੁਖ ਫਲੁ ਪਿਰਮ ਰਸੁ ਬਹੁਤ ਬੰਧਨ ਕਟੈ।*
*ਧੰਨੁ ਧੰਨੁ ਗੁਰ ਸਿੱਖ ਵੰਸੁ ਗੁਰਮਤਿ ਨਿਧ ਖਟੈ।*

***ਭਾਈ ਗੁਰਦਾਸ ਜੀ, ਵਾਰ 27/13***

ਗੁਰੂ ਮਹਾਰਾਜ ਜੀ ਦੇ ਕੋਲ ਜਿਹੜੇ ਰਹਿ ਗਏ, ਕਹਿੰਦੇ ਉਨ੍ਹਾਂ ਦੀ ਇਹ ਹਾਲਤ ਸੀ। ਪਤੰਗ ਦੀ ਵੰਸ ਦਾ ਦੀਪਕ ਜਿਹੜਾ ਦੇਖ ਲਵੇ, ਉਹ ਪਿੱਛੇ ਨਹੀਂ ਹਟਦਾ। ਮੱਛੀ ਨੂੰ ਕੱਢ ਲਓ, ਪਰ ਉਹਦਾ ਪਾਣੀ ਨਾਲੋਂ ਪਿਆਰ ਨਹੀਂ ਜਾਂਦਾ। ਇਸ ਤਰ੍ਹਾਂ ਦੇ ਨਾਲ ਬੜਾ ਭਾਰਾ ਯੁੱਧ ਹੋਇਆ।

ਗੁਰੂ ਮਹਾਰਾਜ ਜੀ ਕਹਿਣ ਲੱਗੇ, ਪ੍ਰੇਮੀਓ! ਚੰਗਾ ਤੁਸੀਂ ਜਾ ਸਕਦੇ ਓਂ।

ਜਾਨ 'ਚ ਜਾਨ ਆਈ ਕਿ ਸ਼ੁਕਰ ਹੈ ਹੁਣ ਜੀਉਂਦੇ ਰਹਾਂਗੇ। ਫੇਰ ਤਾਂ ਨਹੀਂ ਮਰਨਾ ਦੁਬਾਰਾ। ਜੇ ਗੁਰੂ ਨੂੰ ਪਿੱਠ ਦੇ ਕੇ ਨੱਠਦੇ, ਫੇਰ ਕੀ ਗਾਰੰਟੀ ਹੈ ਕਿ ਜੀਉਂਦੇ ਰਹਾਂਗੇ। ਸਗੋਂ ਹੋਰ ਸਜ਼ਾ ਮਿਲਦੀ ਹੈ, ਐਸ ਤਰ੍ਹਾਂ ਫੁਰਮਾਨ ਹੈ –

***ਧਾਰਨਾ – ਮੁੜ ਮੁੜ ਖਾਵੇਂਗਾ ਚੌਰਾਸੀ ਵਾਲੇ ਗੇੜੇ,***
***ਬੇਮੁੱਖ ਹੋ ਕੇ ਸਤਿਗੁਰ ਤੋਂ।***

ਜਾਨ ਬਚਾ ਲਈ, ਫੇਰ ਤਾਂ ਨਹੀਂ ਮਰਨਾ, ਫੇਰ ਘਰ ਜਾ ਕੇ ਜੀਉਂਦੇ ਹੀ ਰਹਾਂਗੇ ਕੀ ਹਮੇਸ਼ਾਂ? ਮਹਾਰਾਜ ਕਹਿੰਦੇ, ਪ੍ਰੇਮੀਆਂ! ਜੇ ਸ਼ਹੀਦ ਹੋ ਜਾਂਦਾ ਤਾਂ ਅਮਰਾਪੁਰੀ ਵਾਸਾ ਹੁੰਦਾ। ਹੁਣ ਕੀ ਹੋਏਗਾ?

***ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ॥***
***ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ ॥***
***ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ ॥***

***ਅੰਗ – 920***

ਜਿੰਨਾਂ ਚਿਰ ਗੁਰੂ ਨਹੀਂ ਨਾ ਮਿਹਰ ਕਰਦਾ। ਲੱਖਾਂ ਕਰੋੜਾਂ ਜੂਨਾਂ ਦੇ ਵਿਚ ਘੁੰਮਦਾ ਰਹਿੰਦਾ ਹੈ –

***ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ ॥***
***ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ ॥***

***ਅੰਗ – 920***

ਲੇਕਿਨ ਇਹ ਗੱਲਾਂ ਭੁੱਲ ਗਏ ਸਾਰੇ, ਬਾਣੀ ਪੜ੍ਹੀ ਹੋਈ ਭੁੱਲ ਗਈ। ਕਹਿੰਦੇ, ਮੁਕਤੀ ਦਾ ਵੇਲਾ ਤਾਂ ਜਦ ਆਏਗਾ, ਜਦ ਦੇਖਾਂਗੇ, ਹਾਲੇ ਜਾਨ ਤਾਂ ਬਚਾਈਏ ਕਿਉਂਕਿ ਕੱਚੇ ਸੀਗੇ ਉਹ –

***ਧਾਰਨਾ – ਕੱਚੇ ਝੜ ਗਏ ਸਿਦਕ ਤੋਂ ਹੀਣੇ,***
***ਗੁਰਾਂ ਤੋਂ ਬੇਮੁੱਖ ਹੋ ਕੇ ਸੰਗਤੇ।***
***ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਹਾ ਕਾਰਿ ਨ ਆਈ ॥***

***ਅੰਗ – 1425***

ਲੇਕਿਨ ਜਿਹੜੇ ਗੁਰਮੁਖ ਸੀਗੇ –

***ਰਤੇ ਸੇਈ ਜਿ ਮੁਖੁ ਨ ਮੋੜੰਨ੍ਹਿ ਜਿਨ੍ਹੀ ਸਿਞਾਤਾ ਸਾਈ ॥***

***ਅੰਗ – 1425***

ਰੱਤੇ ਉਹ ਨੇ ਜਿਹੜੇ ਮੁਖੜਾ ਨਹੀਂ ਮੋੜਦੇ, ਨਾ ਦੁਖ 'ਚ ਨਾ ਸੁਖ 'ਚ।

ਸਿਦਕ ਦੇ ਵਿਚ ਰਹਿੰਦੇ ਨੇ, ਸਬਰ 'ਚ ਰਹਿੰਦੇ ਨੇ।

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ। ਅਨੰਦ ਸਾਹਿਬ, ਗੁਰ ਸਤੋਤਰ ਵਿਚ ਬੋਲ ਕੇ ਆਪਣੀ ਰਸਨਾ ਪਵਿੱਤਰ ਕਰੋ ਸਾਧਸੰਗਤ ਜੀ।

ਅਰਦਾਸ, ਹੁਕਮਨਾਮਾ।

# 10

## ਭਾਈ ਮੰਝ

### (ਸਰਬ ਰੋਗ ਕਾ ਅਉਖਦੁ ਨਾਮੁ )

ਸ਼ਾਨ..........................................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,*
*ਮੈ ਕਿਛੁ ਨਾਹੀ-ਮੈ ਕਿਛੁ ਨਾਹੀ।*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ 1 ॥ ਰਹਾਉ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥ 1 ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥ ਅੰਗ - 827*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਨੇਤਰਾਂ ਦੇ ਨਾਲ ਗੁਰੂ

ਸਰੂਪ ਦੇ ਦਰਸ਼ਨ ਕਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ। ਬੁੱਧੀ ਦੇ ਨਾਲ ਸਮਝਣ ਦਾ ਯਤਨ ਕਰੋ। ਜਿੱਥੋਂ ਤੱਕ ਸੰਗਤ ਜੋੜੇ ਦੇਣ ਤੋਂ ਬਾਅਦ ਚਲਦੀ ਹੈ, ਹੌਲੀ-ਹੌਲੀ ਆਪਣੇ ਮਨਾਂ 'ਚ 'ਸਤਿਨਾਮ ਵਾਹਿਗੁਰੂ, ਸਤਿਨਾਮ ਵਾਹਿਗੁਰੂ' ਕਰਦੇ ਆਵੇ। ਰੌਲਾ ਨਹੀਂ ਪਾਉਣਾ, ਜਿੱਥੇ ਥਾਉਂ ਮਿਲਦੀ ਹੈ ਬੈਠ ਜਾਇਓ ਤੇ ਜੋ ਬਚਨ ਆਉਂਦੇ ਨੇ ਉਹਨੂੰ ਵਿਚਾਰ ਕੇ ਹਿਰਦੇ ਵਿਚ ਧਾਰਨ ਕਰੋ। ਇੱਕ ਦੀਵਾਨ ਸੁਣਨ 'ਚ, ਸਿਰਫ ਇੱਕ ਦੀਵਾਨ, ਅੱਜ ਦਾ ਸੁਣ ਲਓ, ਕੱਲ੍ਹ ਦਾ ਸੁਣ ਲਓ, ਸਾਰੀ ਜ਼ਿੰਦਗੀ ਵਾਸਤੇ ਰਾਹ ਲੱਭ ਜਾਏਗਾ। ਭਟਕਣ ਦੀ ਲੋੜ ਨਹੀਂ ਫੇਰ ਮੁੜ ਕੇ। ਇਨ੍ਹਾਂ ਬਚਨਾਂ ਨੂੰ ਕਮਾਓ, ਸਾਰੀ ਜ਼ਿੰਦਗੀ ਕੰਮ ਆਉਣਗੇ। ਸੋ ਏਸ ਕਰਕੇ ਧਿਆਨ ਦੇ ਨਾਲ ਸਰਵਣ ਕਰਨਾ। ਬਹੁਤ ਸੁਖਾਲਾ ਪ੍ਰਕਰਣ ਲਿਆ ਹੈ ਸਾਰੇ ਗੱਜ ਵੱਜ ਕੇ ਬੋਲੋ -

***ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦੈ।***

***ਗੁਰ ਕੀ ਸੇਵਾ ਪਾਏ ਮਾਨੁ ॥***
***ਗੁਰ ਊਪਰਿ ਸਦਾ ਕੁਰਬਾਨੁ ॥***
***ਅੰਗ - 864***

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥ ਅੰਗ - 26***

ਦਰਗਾਹ ਤੋਂ ਸਭ ਸੰਸਾਰ ਡਰਦਾ ਹੈ, ਕਿਉਂਕਿ ਉਥੇ ਆਦਮੀ ਦੇ ਜਿੰਨੇ ਕਰਮ ਕੀਤੇ ਹੋਏ ਨੇ, ਸਭ ਦਾ ਲੇਖਾ-ਪੱਤਾ ਹੋਣਾ ਹੈ। ਚੰਗੇ ਕਰਮਾਂ ਦਾ ਫਲ (ਇਨਾਮ) ਮਿਲਣਾ ਹੈ। ਮਾੜੇ ਕੰਮਾਂ ਦੀ ਸਜ਼ਾ ਮਿਲਣੀ ਹੈ। ਜਿੱਥੇ ਜਾ ਕੇ ਕਚਿਹਰੀ 'ਚ ਖੜ੍ਹਨਾ ਹੈ, ਜਿੱਥੇ ਨਾ ਕੋਈ ਮਾਂ, ਨਾ ਕੋਈ ਪਿਓ, ਨਾ ਕੋਈ ਭਾਈ, ਨਾ ਕੋਈ ਪੈਸਾ ਟਕਾ, ਨਾ ਕੋਈ ਅਹੁਦਾ ਕੰਮ ਨਹੀਂ ਕਰਦਾ -

***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥***
***ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥ ਅੰਗ - 1281***

ਓਸ ਥਾਂ 'ਤੇ ਮਹਾਰਾਜ ਕਹਿੰਦੇ ਜੇ ਏਥੇ ਸੇਵਾ ਕਰਕੇ ਜਾਵੇ-

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥ ਅੰਗ - 26***

ਉਥੇ ਖੁੱਲ੍ਹਾ ਨਿਰਭੈ ਹੋ ਕੇ ਆਦਮੀ ਤੁਰਿਆ ਫਿਰਦਾ ਹੈ ਕਿ ਦੁਨੀਆਂ 'ਚ ਮੈਂ ਸੇਵਾ ਕੀਤੀ ਹੈ -

***ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ ॥***
***ਅੰਗ - 644***

ਚਿੱਤ ਲਾ ਕੇ, ਬੱਧਾ-ਰੁੱਧੀ ਨਹੀਂ, ਉਹ ਸੇਵਾ ਸਫਲ ਹੋਇਆ ਕਰਦੀ ਹੈ। ਫਲ ਕੀ ਹੁੰਦਾ ਹੈ, ਜੋ ਵੀ ਮਨ ਵਿਚ ਇਛਿਆ ਹੋਵੇ, ਉਹ ਮਿਲ

ਜਾਇਆ ਕਰਦੀ ਹੈ -

***ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ ॥***

***ਅੰਗ - 644***

ਇੱਕ ਤਾਂ ਸਾਨੂੰ ਇਹ ਰਹਿੰਦਾ ਹੈ ਕਿ ਸਾਨੂੰ ਆਹ ਚੀਜ਼ ਮਿਲ ਜਾਏ, ਹੱਥ ਪਹੁੰਚਦਾ ਨਹੀਂ ਹੈ, ਲੈ ਸਕਦੇ ਨਹੀਂ ਹਾਂ। ਇੱਕ ਬੱਚਾ ਕਹਿੰਦਾ ਮੈਂ ਨੌਕਰੀ ਕਰਨੀ ਹੈ। ਐਨਾ ਪੈਸਾ ਨਹੀਂ ਹੈ ਕਿ ਉਹ ਪੈਸਾ ਦੇ ਕੇ ਨੌਕਰੀ ਕਰ ਲਵੇ। ਲੇਕਿਨ ਜੇ ਗੁਰੂ ਦੀ ਸੇਵਾ ਕਰ ਲਵੇ, ਮਹਾਰਾਜ ਕਹਿੰਦੇ ਇਹ ਵੀ ਤੈਨੂੰ ਮਿਲ ਜਾਏਗੀ। ਓਲਾਦ ਨਹੀਂ ਹੁੰਦੀ, ਕੋਈ ਡਾਕਟਰ ਕੁਛ ਨਹੀਂ ਕਰ ਸਕਦਾ। ਲੇਕਿਨ ਗੁਰੂ ਦੀ ਸੇਵਾ ਕਰ ਲਓ, ਮਨ ਚਿੰਦਿਆ ਫਲ ਮਿਲ ਜਾਏਗਾ। ਪਰ ਇਹਦੇ ਨਾਲ ਹੈ -

***..........ਜੇ ਕੋ ਕਰੇ ਚਿਤੁ ਲਾਇ ॥ ਅੰਗ - 644***

ਸੇਵਾ ਦਾ ਤਰੀਕਾ ਹੋਇਆ ਕਰਦਾ ਹੈ ਕਰਨ ਦਾ।

***...............ਹਉਮੈ ਵਿਚਹੁ ਜਾਇ ॥***
***ਬੰਧਨ ਤੋੜੈ ਮੁਕਤਿ ਹੋਇ ਸਚੇ ਰਹੈ ਸਮਾਇ ॥ ਅੰਗ - 644***

ਜਦੋਂ ਹਉਮੈ ਚਲੀ ਗਈ ਤਾਂ ਜੰਮਣ ਮਰਣ ਹਟ ਗਿਆ। ਸੋ ਮਹਾਰਾਜ ਦੂਸਰਾ ਬਚਨ ਕਰਦੇ ਨੇ ਕਿ -

***ਇਸੁ ਜਗ ਮਹਿ ਨਾਮੁ ਅਲਭੁ ਹੈ ਗੁਰਮੁਖਿ ਵਸੈ ਮਨਿ ਆਇ ॥***

***ਅੰਗ - 644***

ਹੋਰ ਚੀਜ਼ਾਂ ਸਭ ਮਿਲ ਜਾਂਦੀਆਂ ਨੇ। ਲੇਕਿਨ ਇੱਕ ਪ੍ਰਮੇਸ਼ਰ ਦਾ ਨਾਮ ਹੈ ਜਿਹੜਾ ਮਿਲਦਾ ਨਹੀਂ ਹੈ। ਇਹ ਗੁਰੂ ਦੇ ਰਾਹੀਂ ਮਨ ਵਿਚ ਵਸਦਾ ਹੈ -

***ਨਾਨਕ ਜੋ ਗੁਰੁ ਸੇਵਹਿ ਆਪਣਾ ਹਉ ਤਿਨ ਬਲਿਹਾਰੈ ਜਾਉ ॥***

***ਅੰਗ - 644***

ਜਿਹੜੇ ਗੁਰੂ ਦੀ ਸੇਵਾ ਕਰਦੇ ਨੇ, ਗੁਰੂ ਨਾਨਕ ਪਾਤਸ਼ਾਹ ਕਹਿੰਦੇ ਮੈਂ ਬਲਿਹਾਰ ਜਾਂਦਾ ਹਾਂ ਉਨ੍ਹਾਂ ਪ੍ਰੇਮੀਆਂ ਤੋਂ, ਸੋ ਸੇਵਾ ਕਰਕੇ ਏਥੇ ਵੀ ਮਾਣ ਤੇ ਦਰਗਾਹ ਵਿਚ ਵੀ ਮਾਣ। ਏਥੇ ਜੋ ਚਾਹੁੰਦਾ ਹੈ ਉਹ ਫਲ ਪ੍ਰਾਪਤ ਹੋ ਜਾਂਦਾ ਹੈ। ਨਾਮ ਜਪਣ ਦੇ ਨਾਲ ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ। ਕਿਹੜਾ ਬੰਦਾ ਹੈ ਜਿਹਨੂੰ ਕੋਈ ਦੁੱਖ ਨਹੀਂ ਲੱਗਿਆ ਹੋਇਆ ਸੰਸਾਰ ਦੇ ਅੰਦਰ। ਮਹਾਰਾਜ ਕਹਿੰਦੇ, ਇੱਕ ਦੋ ਚਾਰ ਨਹੀਂ -

***ਨਾਨਕ ਦੁਖੀਆ ਸਭ ਸੰਸਾਰ।***

ਸਾਰਾ ਸੰਸਾਰ ਦੁੱਖਾਂ ਦਾ ਘੇਰਿਆ ਪਿਆ ਹੈ। ਕਿਸੇ ਨੂੰ ਕੋਈ ਦੁੱਖ ਹੈ, ਕਿਸੇ ਨੂੰ ਕੋਈ ਦੁੱਖ ਹੈ। ਦੁੱਖਾਂ ਦਾ ਇਲਾਜ ਕਿਤੇ ਨਹੀਂ ਲੱਭਦਾ। ਦੁੱਖਾਂ ਦੇ ਇਲਾਜ ਵਾਸਤੇ ਅਸੀਂ ਦੌੜੇ ਫਿਰਦੇ ਹਾਂ, ਲੇਕਿਨ ਕੋਈ ਇਲਾਜ ਨਹੀਂ ਹੋ ਰਿਹਾ। ਸੋ ਮਹਾਰਾਜ ਕਹਿੰਦੇ, ਇਹਦਾ ਇਲਾਜ ਇੱਕ ਹੈ ਭਾਈ। ਜੇ ਤੂੰ ਪ੍ਰਮੇਸ਼ਰ ਦਾ ਨਾਮ ਜਪੇਂ ਤਾਂ ਸਾਰੇ ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ।

ਦੁਖਾਂ ਤੋਂ ਛੁਟਕਾਰਾ ਕਰਾਉਣਾ ਹੈ ਤਾਂ ਨਾਮ ਜਪੋ, ਬਾਣੀ ਪੜ੍ਹੋ।

ਗੁਰੂ ਨਾਨਕ ਸਾਹਿਬ ਮਹਾਰਾਜ 17 ਸਾਲ ਦੀ ਉਮਰ ਹੋ ਗਈ, ਚਾਰਪਾਈ 'ਤੇ ਪਏ ਰਹਿੰਦੇ ਨੇ, ਮੰਜੇ 'ਤੇ ਪਏ ਰਹਿੰਦੇ ਨੇ। ਕਈ ਮਹੀਨੇ ਗੁਜ਼ਰ ਗਏ, ਇੱਕ ਦਿਨ ਖਿਆਲ ਆਇਆ ਕਿ ਇਨ੍ਹਾਂ ਦਾ ਇਲਾਜ ਕਰਾਇਆ ਜਾਵੇ। ਮਹਿਤਾ ਕਾਲੂ ਜੀ ਵੈਦ ਕੋਲ ਜਾਂਦੇ ਨੇ, ਹਰਿਦਾਸ ਕੋਲ। ਵੈਦ ਨੂੰ ਲੈ ਆਉਂਦੇ ਨੇ, ਅੰਮ੍ਰਿਤ ਵੇਲੇ ਵੈਦ ਆ ਜਾਂਦਾ ਹੈ ਤੇ ਗੁਰੂ ਨਾਨਕ ਪਾਤਸ਼ਾਹ ਦੇ ਕੋਲ ਆ ਕੇ ਪੁੱਛਦਾ ਹੈ ਕਿ ਕਿੱਥੇ ਨੇ? ਕਹਿੰਦਾ ਹੈ ਕਿ ਮੰਜੇ 'ਤੇ ਪਏ ਨੇ। ਆਵਾਜ਼ਾਂ ਦਿਤੀਆਂ ਕਿ ਨਾਨਕ ਜੀ! ਨਾਨਕ ਜੀ? ਕੋਈ ਆਵਾਜ਼ ਦਾ ਜਵਾਬ ਨਹੀਂ ਆਇਆ। ਕਹਿਣ ਲੱਗੇ, ਇਸ ਤਰ੍ਹਾਂ ਹੀ ਕਰਦੇ ਨੇ, ਜਾਗਦੇ ਪਏ ਨੇ, ਹੁੰਗਾਰਾ ਨਹੀਂ ਭਰਦੇ। ਆਹੀ ਦੁੱਖ ਹੈ। ਉਸ ਵੇਲੇ ਵੈਦ ਨੂੰ ਮੂੜ੍ਹਾ ਡਾਹ ਦਿਤਾ ਮੰਜੇ ਦੇ ਕੋਲ। ਉਥੇ ਬੈਠ ਕੇ ਉਸ ਨੇ ਗੁਰੂ ਨਾਨਕ ਪਾਤਸ਼ਾਹ ਦੀ ਕਲਾਈ ਨੂੰ ਫੜਿਆ ਤੇ ਤਿੰਨ ਉਂਗਲਾਂ ਨਬਜ਼ ਦੇ ਉੱਤੇ ਰੱਖ ਦਿਤੀਆਂ। ਇਹ ਦੇਖਣ ਵਾਸਤੇ ਕਿ ਕਿਹੜਾ ਤੱਤ ਗਲਤ ਚੱਲ ਰਿਹਾ ਹੈ ਤਾਂ ਕਿ ਉਸ ਤਰ੍ਹਾਂ ਦਵਾਈ ਦਿਤੀ ਜਾਵੇ। ਜਦੋਂ ਗੁਰੂ ਨਾਨਕ ਪਾਤਸ਼ਾਹ ਨੇ ਦੇਖਿਆ ਕਿ ਵੈਦ ਨੇ ਬਾਂਹ ਫੜ ਲਈ ਹੈ ਉਸ ਵੇਲੇ ਆਪ ਉੱਠ ਕੇ ਬੈਠ ਗਏ ਤੇ ਮੁਸਕਰਾਉਣ ਲੱਗ ਗਏ। ਛੋਟਾ-ਛੋਟਾ ਜਿਹਾ ਹਾਸਾ ਬੁੱਲ੍ਹਾਂ ਦੇ ਉੱਤੇ ਆ ਗਿਆ। ਵੈਦ ਨੇ ਵੀ ਸਮਝਿਆ ਕਿ ਕੋਈ ਗੱਲ ਹੈ। ਉਸ ਵੇਲੇ ਕਹਿਣ ਲੱਗੇ, ਨਾਨਕ ਜੀ! ਮੈਂ ਤੁਹਾਡੀ ਨਬਜ਼ ਦੇਖਣ ਆਇਆ ਹਾਂ।

ਕਹਿੰਦੇ, ਤੈਨੂੰ ਕਿੰਨੀਆਂ ਬਿਮਾਰੀਆਂ ਦਾ ਪਤਾ ਹੈ?

ਕਹਿਣ ਲੱਗਿਆ, ਮੈਨੂੰ 99 ਬੀਮਾਰੀਆਂ ਤੇ ਉਨ੍ਹਾਂ ਦੇ ਵਿਚੋਂ ਨਿਕਲਦੀਆਂ ਸੈਂਕੜੇ ਤੇ ਹਜ਼ਾਰਾਂ ਬੀਮਾਰੀਆਂ ਦਾ ਪਤਾ ਹੈ। ਐਸੀ ਕੋਈ ਬਿਮਾਰੀ ਨਹੀਂ ਦੁਨੀਆਂ ਦੇ ਅੰਦਰ ਜਿਹਦਾ ਮੈਂ ਇਲਾਜ ਨਾ ਕਰ ਸਕਦਾ ਹੋਵਾਂ। ਉਸ ਵੇਲੇ ਮਹਾਰਾਜ ਕਹਿੰਦੇ, ਤੇਰੀ ਕਿਤਾਬ ਦੇ ਵਿਚ ਜਿਹੜੀਆਂ ਬਿਮਾਰੀਆਂ ਲਿਖੀਆਂ ਨੇ, ਉਹ ਸਾਨੂੰ ਕੋਈ ਨਹੀਂ ਵੈਦ ਜੀ ਐਵੇਂ ਹੀ ਤੂੰ ਸਮਾਂ ਆਪਣਾ ਜਾਇਆ ਕਰਦਾ ਹੈਂ, ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਵੈਦਾ ਮੇਰੀ ਓ ਬਾਂਹ ਛੱਡ ਦੇ।***
***ਤੈਨੂੰ ਰੋਗ ਦਾ ਪਤਾ ਨਾ ਕੋਈ।***
***ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥***
***ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥ ਅੰਗ - 1279***

ਵੈਦ ਜੀ! ਕੀ ਗੱਲ ਤੁਸੀਂ ਮੇਰੀ ਬਾਂਹ ਫੜੀ ਹੈ?

ਕਹਿੰਦੇ, ਨਾਨਕ ਜੀ! ਤੁਹਾਡੇ ਪਿਤਾ ਜੀ ਕਹਿੰਦੇ ਨੇ ਕਿ ਤੁਸੀਂ ਬੀਮਾਰ ਓਂ। ਮਹਾਰਾਜ ਕਹਿਣ ਲੱਗੇ ਕਿ ਤੈਨੂੰ ਕਿੰਨੀਆਂ ਬੀਮਾਰੀਆਂ ਦਾ ਪਤਾ ਹੈ, ਕਹਿੰਦਾ ਮੈਂ ਸਾਰੀਆਂ ਬੀਮਾਰੀਆਂ ਦਾ ਇਲਾਜ ਜਾਣਦਾ ਹਾਂ। ਮਹਾਰਾਜ ਕਹਿੰਦੇ, ਤੇਰੀਆਂ ਕਿਤਾਬਾਂ ਵਾਲੀ ਸਾਨੂੰ ਕੋਈ ਬੀਮਾਰੀ ਨਹੀਂ।

ਇਹ ਤਾਂ ਪਿਆਰ ਦੀ ਬਾਤ ਹੈ, ਇਸ਼ਕ ਦੀ ਬਾਤ ਹੈ, ਖਿੱਚ ਦੀ ਬਾਤ ਹੈ।

ਮਹਾਰਾਜ ਕਹਿੰਦੇ ਕਿ ਤੂੰ ਰਾਜ਼ੀ ਹੈਂ?

ਕਹਿੰਦਾ, ਹਾਂ ਮਹਾਰਾਜ! ਮੈਂ ਤਾਂ ਪੂਰੀ ਤਰ੍ਹਾਂ ਰਾਜ਼ੀ ਹਾਂ। ਕਿਉਂਕਿ ਮੇਰੇ ਜਿਹੜੇ ਤਿੰਨ ਤੱਤ ਨੇ - ਵਾਇ ਹੈ, ਕਫ ਹੈ, ਪਿੱਤ ਹੈ, ਇਹ ਸਮਾਨ ਚੱਲ ਰਹੇ ਨੇ। ਏਸ ਕਰਕੇ ਜਿਹੜੇ ਬੰਦੇ ਦੇ ਤਿੰਨ ਤੱਤ ਸਮਾਨ ਸਰੀਰ 'ਚ ਚਲਦੇ ਨੇ, ਉਹਨੂੰ ਬੀਮਾਰੀ ਨਹੀਂ ਲੱਗਿਆ ਕਰਦੀ।

ਮਹਾਰਾਜ ਕਹਿੰਦੇ, ਵੈਦ ਜੀ! ਤੂੰ ਤਾਂ ਤੂੰ, ਏਥੇ ਜਿੰਨਾਂ ਵੀ ਸੰਸਾਰ ਨਜ਼ਰ ਵਿਚ ਆਉਂਦਾ ਹੈ। ਚਾਹੇ ਉਹ ਪਸ਼ੂ ਨੇ, ਚਾਹੇ ਪੰਛੀ ਨੇ, ਚਾਹੇ ਉਹ ਸੂਰਜ ਹੈ, ਚੰਦਰਮਾ ਹੈ ਦੇਵਤੇ ਨੇ, ਚਾਹੇ ਕੋਈ ਹੈ, ਇਹ ਤਾਂ ਸਾਰਾ ਸੰਸਾਰ ਰੋਗੀ ਹੈ -

***ਜੋ ਜੋ ਦੀਸੈ ਸੋ ਸੋ ਰੋਗੀ ॥***
***ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥*** ***ਅੰਗ - 1140***

ਇਹ ਤਾਂ ਸਾਰਾ ਸੰਸਾਰ ਰੋਗਾਂ ਨਾਲ ਭਰਿਆ ਪਿਆ ਹੈ। ਉਸ ਵੇਲੇ ਵੈਦ ਨੇ ਸ਼ਰਧਾ 'ਚ ਆ ਕੇ ਹੱਥ ਬੰਨ੍ਹ ਲਏ, ਕਹਿਣ ਲੱਗੇ, ਹੇ ਨਾਨਕ! ਆਪ ਨੇ ਪਾਧੇ ਨੂੰ ਪੜ੍ਹਾ ਦਿਤਾ। ਮੌਲਵੀ ਨੂੰ ਪੜ੍ਹਾ ਦਿਤਾ। ਸ਼ਾਸਤਰੀ ਨੂੰ ਪੜ੍ਹਾ ਦਿਤਾ। ਅੱਜ ਮੇਰੀ ਵਾਰੀ ਆਈ ਹੈ ਵੈਦਕ ਸਿੱਖਣ ਦੀ। ਆਪ ਕ੍ਰਿਪਾ ਕਰੋ ਕਿਉਂਕਿ ਮੈਨੂੰ ਉਨ੍ਹਾਂ ਰੋਗਾਂ ਦਾ ਪਤਾ ਨਹੀਂ ਜਿਹੜੇ ਤੁਸੀਂ ਕਹਿੰਦੇ ਓਂ। ਮਹਾਰਾਜ ਕਹਿੰਦੇ ਦੇਖੋ, ਸਰੀਰ ਦੇ ਰੋਗ, ਵੱਧ ਤੋਂ ਵੱਧ ਆਦਮੀ ਨੂੰ ਮਾਰ ਦੇਣਗੇ। ਹੋਰ ਇਸ ਤੋਂ ਅੱਗੇ ਕੁਛ ਨਹੀਂ। ਲੇਕਿਨ ਜਿਹੜੇ ਮਨ ਦੇ ਰੋਗ ਨੇ, ਉਹ ਇੱਥੇ ਵੀ ਦੁਖੀ ਕਰਦੇ ਨੇ ਤੇ ਜਦੋਂ ਸਰੀਰ ਛੱਡ ਜਾਏਗਾ, ਫੇਰ ਵੀ ਮਨ ਰੋਗੀ ਰਹਿੰਦਾ ਹੈ। ਜੇ ਮਨ ਰੋਗੀ ਹੈ ਤਾਂ ਆਦਮੀ ਜੰਮਦਾ ਮਰਦਾ ਰਹਿੰਦਾ ਹੈ -

ਕਹਿਣ ਲੱਗੇ, ਹੇ ਨਾਨਕ ਜੀ! ਆਪ ਕ੍ਰਿਪਾ ਕਰਕੇ ਦਸੋ, ਕਿਹੜੇ-ਕਿਹੜੇ ਰੋਗ ਨੇ ਮਨ ਦੇ?

ਮਹਾਰਾਜ ਕਹਿੰਦੇ, "ਸਾਰਿਆਂ ਨਾਲੋਂ ਵੱਡਾ ਜਿਹਨੂੰ ਕੋਹੜ ਕਹਿੰਦੇ ਨੇ ਮਨ ਦਾ, ਉਹ ਹਉਮੈ ਦਾ ਰੋਗ ਹੈ -

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥***

***ਅੰਗ - 466***

ਇਹ ਜੀਵ ਜੰਮਦਾ ਮਰਦਾ ਹੈ, ਜੰਮਦਾ ਮਰਦਾ ਹੈ, ਹਉਮੈ ਦੇ ਰੋਗ ਕਰਕੇ ਜੰਮਦਾ ਹੈ, ਜਿੰਨਾਂ ਚਿਰ ਹਉਮੈ ਦਾ ਰੋਗ ਨਹੀਂ ਹਟਦਾ, ਇਹਦਾ ਜੰਮਣ ਮਰਨ ਕੋਈ ਨਹੀਂ ਹਟਾ ਸਕਦਾ। ਚੜ੍ਹਾਈ ਕਰ ਜਾਂਦਾ ਹੈ ਬੰਦਾ। ਸਹਿਜ ਪਾਠ ਕਰਾਉਂਦੇ ਹਾਂ, ਅਖੰਡਪਾਠ ਕਰਾਉਂਦੇ ਹਾਂ। ਉਸ ਤੋਂ ਬਾਅਦ ਅਰਦਾਸ ਕਰੀ ਦੀ ਹੈ ਸਾਰੀ ਸੰਗਤ ਵਿਚ ਕਿ ਹੇ ਸੱਚੇ ਪਾਤਸ਼ਾਹ!

ਆਹ ਜਿਹੜੀ ਵਿਛੜੀ ਹੋਈ ਰੂਹ ਹੈ, ਇਹਨੂੰ ਸੱਚਖੰਡ 'ਚ ਨਿਵਾਸ ਦੇ ਦੇ। ਸੋਝੀ ਵਾਲੇ ਬੰਦੇ ਜਦੋਂ ਸੁਣਦੇ ਨੇ ਤਾਂ ਹੈਰਾਨੀ ਹੁੰਦੀ ਹੈ ਕਿ ਸੱਚਖੰਡ 'ਚ? ਸੱਚਖੰਡ 'ਚ ਤਾਂ ਕਾਲ ਨਹੀਂ ਹੈ। ਇਹ ਕਾਲ ਤੋਂ ਰਹਿਤ ਕਿਵੇਂ ਹੋ ਜਾਏਗਾ। ਜਦੋਂ ਤੱਕ ਇਹਦੇ ਅੰਦਰੋਂ ਰੋਗ ਨਹੀਂ ਗਿਆ, ਇਹਦੀ ਜੀਵ ਆਤਮਾ ਤਾਂ ਨਾਲ ਰੋਗ ਲੈ ਕੇ ਗਈ ਹੋਈ ਹੈ ਹਉਮੈ ਦਾ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਜਦੋਂ ਤੱਕ ਹਉਮੈ ਦਾ ਰੋਗ ਲੱਗਿਆ ਹੋਇਆ ਹੈ ਓਨੀਂ ਦੇਰ ਤੱਕ ਇਹ ਜੀਵ ਜਿਹੜਾ ਹੈ। ਉਹ ਜੰਮਦਾ ਤੇ ਮਰਦਾ ਰਹਿੰਦਾ ਹੈ। ਉਹਨੂੰ ਕੋਈ ਟਿਕਾਣਾ ਨਹੀਂ ਮਿਲਿਆ ਕਰਦਾ। ਦੂਸਰਾ ਭਿਆਨਕ ਰੋਗ ਜਿਹੜਾ ਹੈ, ਉਹ ਨਿੰਦਿਆ ਦਾ ਹੈ। ਸੰਸਾਰ ਦੇ ਅੰਦਰ ਆਦਤ ਹੈ ਕਿ ਨਿੰਦਾ ਕਰਨੀ। ਕਿਸੇ ਦਾ ਪ੍ਰਤਾਪ ਨਾ ਸਹਿ ਸਕਣਾ। ਨਾ ਜਾਣ ਨਾ ਪਛਾਣ। ਉਹਦੀ ਨਿੰਦਿਆਂ ਕਰਨੀ ਸ਼ੁਰੂ ਕਰ ਦੇਣੀ। ਨਿੰਦਿਆ ਕਰਨ ਦੇ ਨਾਲ ਮਹਾਰਾਜ ਕਹਿੰਦੇ, ਬਹੁਤ ਭਿਆਨਕ ਸਜ਼ਾਵਾਂ ਮਿਲਦੀਆਂ ਨੇ ਉਸਨੂੰ ਇਸ ਤਰ੍ਹਾਂ ਫੁਰਮਾਨ ਕਰਦੇ ਹਨ -

***ਧਾਰਨਾ - ਨਰਕਾਂ ਵਿਚ ਤੜਫੇ ਜੀ,***
***ਮੂਰਖ ਇਹ ਨਿੰਦਿਆ ਕਰਕੇ।***

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥ ਅੰਗ - 755***

ਮਹਾਰਾਜ ਕਹਿੰਦੇ, ਕਿਸੇ ਦੀ ਵੀ ਨਿੰਦਿਆ ਚੰਗੀ ਨਹੀਂ ਭਾਈ ਗੁਰਮੁਖੋ। ਜੇ ਕਹਿਣਾ ਹੈ ਤਾਂ ਇਹ ਗੱਲ ਕਿਹਾ ਕਰੋ -

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥***
***ਅੰਗ - 1364***

ਮੈਨੂੰ ਛੱਡ ਦਿਓ, ਬਾਕੀ ਸਾਰਾ ਸੰਸਾਰ ਭਲਾ ਹੈ, ਜਿਹੜਾ ਇਹ ਗੱਲ ਬੁੱਝਦਾ ਹੈ ਕਹਿੰਦੇ ਉਹ ਸਾਡਾ ਮਿੱਤਰ ਹੈ। ਜਿਹੜਾ ਕਹਿੰਦਾ ਹੈ ਕਿ ਮੈਂ ਹੀ ਮਾੜਾ ਹਾਂ -

***ਹਮ ਨਹੀ ਚੰਗੇ ਬੁਰਾ ਨਹੀ ਕੋਇ ॥ ਅੰਗ - 728***

ਉਹ ਕੀਹਦੀ ਨਿੰਦਿਆ ਕਰ ਲਏਗਾ। ਜਿਹੜਾ ਨਿੰਦਿਆ ਕਰਨਾ ਹੈ -

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥ ਅੰਗ - 755***

ਇੱਕ ਤਾਂ ਉਹ ਮਨਮੁਖ ਨੇ, ਇੱਕ ਉਹ ਮਹਾਂਮੂਰਖ ਨੇ। ਕਿਉਂ ਇਹਦਾ ਫਲ ਕੀ ਹੁੰਦਾ ਹੈ? ਕੁੰਭੀ ਨਰਕ ਦੇ ਵਿਚ ਵਾਸਾ ਹੋ ਜਾਇਆ ਕਰਦਾ ਹੈ। ਕੁੰਭੀ ਨਰਕ ਜਿਹੜਾ ਹੈ ਉਹ ਉਬਲਦਾ ਹੋਇਆ ਨਰਕ ਹੈ, ਉਥੇ ਜੀਵ ਤੜਫਦਾ ਹੈ, ਤੜਫ-ਤੜਫ ਕੇ ਫਰਿਆਦਾਂ ਕਰਦਾ ਹੈ। ਮਹਾਰਾਜ ਕਹਿੰਦੇ -

*ਏ ਮਨ ਜੈਸਾ ਸੇਵਹਿ ਤੈਸਾ ਹੋਵਹਿ*
*ਤੇਹੇ ਕਰਮ ਕਮਾਇ ॥*
*ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ ॥*
*ਅੰਗ - 755*

ਆਪੇ ਬੀਜਦਾ ਹੈ, ਫੇਰ ਆਪੇ ਖਾਂਦਾ ਹੈ -

*ਜਨਮ ਜਨਮ ਕੀ ਮਲੁ ਧੋਵੈ ਪਰਾਈ ਆਪਣਾ ਕੀਤਾ ਪਾਵੈ ॥*
*ਅੰਗ - 380*

ਲੋਕਾਂ ਦੇ ਔਗੁਣ ਧੋਂਦਾ ਹੈ, ਫੇਰ ਔਗੁਣ ਆਪਣੇ ਉਤੇ ਲੈਂਦਾ ਹੈ। ਫੇਰ ਦਰਗਾਹ ਦੇ ਵਿਚ ਜਾ ਕੇ ਤੜਫਦਾ ਹੈ -

*ਈਹਾ ਸੁਖੁ ਨਹੀ ਦਰਗਹ ਢੋਈ ਜਮ ਪੁਰਿ ਜਾਇ ਪਚਾਵੈ ॥*
*ਅੰਗ - 380*

ਜਮਾਂ ਦੇ ਦਰ 'ਤੇ ਜਾ ਕੇ ਫੇਰ ਪਚ ਜਾਂਦਾ ਹੈ, ਗਲ ਜਾਂਦਾ ਹੈ -

*ਨਿੰਦਕਿ ਅਹਿਲਾ ਜਨਮੁ ਗਵਾਇਆ ॥*
*ਪਹੁਚਿ ਨ ਸਾਕੈ ਕਾਹੂ ਬਾਤੈ ਆਗੈ ਠਉਰ ਨ ਪਾਇਆ ॥*
*ਅੰਗ - 380*

ਗੱਲਾਂ ਨਾਲ ਤਾਂ ਆਦਮੀ ਵੱਡਾ ਨਹੀਂ ਹੁੰਦਾ। ਬੇਗਾਨੀ ਮੈਲ ਖਾਣੀ ਪੈਂਦੀ ਹੈ, ਬੇਗਾਨੇ ਪਾਪ ਖਾਣੇ ਪੈਂਦੇ ਨੇ। ਐਸਾ ਬਾਣੀ 'ਚ ਫੁਰਮਾਨ ਆਉਂਦਾ ਹੈ ਕਿ -

*ਸਹੰਸਰ ਦਾਨ ਦੇ ਇੰਦ੍ਰ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥*
*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥* *ਅੰਗ - 953*

ਅਜੁ ਰਾਜਾ ਹੋਇਆ ਹੈ ਇੱਕ। ਸ੍ਰੀ ਰਾਮ ਚੰਦਰ ਜੀ ਦਾ ਵਡੇਰਾ ਸੀ ਉਹ। ਉਹ ਇੱਕ ਵਾਰੀ ਬਾਹਰ ਜਾਂਦਾ ਹੈ ਸ਼ਿਕਾਰ ਖੇਲ੍ਹਣ ਵਾਸਤੇ। ਮਹਾਤਮਾ ਦੇ ਦਰਸ਼ਨ ਹੁੰਦੇ ਨੇ, ਮਹਾਤਮਾ ਨਾਲ ਜਾਣ-ਪਛਾਣ ਹੁੰਦੀ ਹੈ। ਰੋਜ਼ ਅੰਮ੍ਰਿਤ ਵੇਲੇ ਉੱਠ ਕੇ ਦਾਨ ਕਰਿਆ ਕਰਦਾ ਸੀ। ਨੌਂ ਵਜੇ ਦਿਨ ਚੜ੍ਹੇ ਤੱਕ। ਬਹੁਤ ਦਾਨੀ ਗਿਣਿਆ ਗਿਆ ਸੀ ਸਾਰੇ। ਬੇਅੰਤ ਲੋੜਵੰਦ ਉਹਦੇ ਦਰ 'ਤੇ ਆ ਕੇ ਨੌਂ ਵਜੇ ਤੱਕ ਜੋ ਕੋਈ ਕੁਛ ਮੰਗਦਾ ਸੀ, ਉਹ ਦਿਆ ਕਰਦਾ ਸੀ। ਸੋਨਾ ਮੰਗਦਾ ਸੀ, ਸੋਨਾ ਦਿੰਦਾ ਸੀ, ਪੈਸੇ ਮੰਗਦਾ ਸੀ, ਪੈਸੇ ਦਿੰਦਾ ਸੀ। ਵਸਤਰ ਵਾਲੇ ਨੂੰ ਵਸਤਰ ਦਿੰਦਾ ਸੀ। ਇੱਕ ਦਿਨ ਦਾ ਐਸਾ ਜ਼ਿਕਰ, ਇੱਕ ਸਾਧੂ ਮਹਾਂਪੁਰਸ਼ ਉਹ ਨੌਂ ਵਜੇ ਤੋਂ ਬਾਅਦ ਆਏ। ਐਨੇ ਨੂੰ ਰਾਜਾ ਜਿਹੜਾ ਸੀ ਉਹ ਘੋੜਿਆਂ ਦੇ ਤਬੇਲੇ 'ਚ ਚਲਿਆ ਗਿਆ। ਉਥੇ ਮਹਾਤਮਾ ਨੇ ਜਾ ਕੇ ਸਤਿ ਕਰਤਾਰ ਦੀ ਆਵਾਜ਼ ਦਿਤੀ ਤੇ ਕਿਹਾ ਰਾਜਨ! ਕੁਛ ਦਾਨ ਦਿਓ, ਉਸ ਵੇਲੇ ਰਾਜਾ ਸਾਦੇ ਕੱਪੜਿਆਂ 'ਚ ਖੜ੍ਹਾ ਸੀ ਤੇ ਜੇਬ ਵਿਚ ਕੁਛ ਨਹੀਂ ਸੀ ਤਾਂ ਉਸ ਵੇਲੇ ਸਾਈਸ ਨੂੰ ਕਹਿਣ

ਲੱਗਿਆ, ਕਹਿੰਦਾ ਦੇਖੋ, ਪਹਿਲਾਂ ਤਾਂ ਇਹ ਬੇ-ਵਕਤ ਆਇਆ ਹੈ। ਫੇਰ ਦੂਜਾ ਮੈਂ ਦਾਨ ਵਾਲੀ ਸੀਟ 'ਤੇ ਨਹੀਂ ਹੈਗਾ। ਘੋੜਿਆਂ ਦਾ ਨਰੀਖਣ ਕਰ ਰਿਹਾ ਹਾਂ। ਹੁਣ ਇੱਥੇ ਕੀ ਹੈ ਲਿੱਦ, ਤੇ ਇਹ ਮੰਗਦਾ ਹੈ। ਕਹਿੰਦਾ, ਊਂਜਲ ਚੁੱਕ ਲਿੱਦ ਪਾ ਦੇ, ਇੱਕ ਊਂਜਲ ਚੁੱਕ ਕੇ। ਸੇਵਾਦਾਰ ਨੇ ਇੱਕ ਊਂਜਲ ਚੁੱਕਿਆ, ਉਹਨੇ ਚਿੱਪੀ ਅੱਗੇ ਕਰ ਦਿਤੀ ਤੇ ਊਂਜਲ ਉਹਦੇ 'ਚ ਪਾ ਕੇ ਕਿਹਾ ਕਿ ਰਾਜਨ! ਤੇਰਾ ਦਾਨ ਲੱਖਾਂ ਗੁਣਾਂ ਵਧੇ, ਅਸੀਸ ਦਿਤੀ ਸੰਤਾਂ ਨੇ, ਬਦ-ਦੁਆ ਨਹੀਂ ਦਿਤੀ।

ਇੱਕ ਦਿਨ ਅਚਾਨਕ ਜੰਗਲ ਦੇ ਅੰਦਰ ਸ਼ਿਕਾਰ ਲਈ ਜਾਂਦਾ ਹੈ ਅਤੇ ਉਥੇ ਜਿਹੜਾ ਹਰਨ ਸੀ ਉਹ ਅੱਖਾਂ ਤੋਂ ਓਹਲੇ ਹੋ ਗਿਆ ਤੇ ਉਥੇ ਜਾ ਕੇ ਰਿਸ਼ੀ ਦੇ ਆਸ਼ਰਮ ਦੇ ਨੇੜੇ ਚਲਿਆ ਗਿਆ। ਉਥੇ ਨਾਲ ਨੇ ਬਹੁਤ ਸਾਰੇ, ਕੀ ਦੇਖਦੇ ਨੇ ਕਿ ਬੜਾ ਭਾਰਾ ਲਿੱਦ ਦਾ ਢੇਰ ਲੱਗਿਆ ਹੋਇਆ ਹੈ। ਆਲੇ-ਦੁਆਲੇ ਨਿਗ੍ਹਾ ਮਾਰੀ ਕਿ ਘੋੜਾ ਤਾਂ ਇੱਥੇ ਕੋਈ ਨਹੀਂ ਹੈ। ਖੁਰਲੀਆਂ ਦੇਖੀਆਂ ਤੇ ਖੁਰਲੀ ਕੋਈ ਨਹੀਂ ਹੈ ਤੇ ਇੱਥੇ ਅਗਾੜੀ ਪਛਾੜੀ ਬੰਨ੍ਹਣ ਵਾਸਤੇ ਵੀ ਕੁਛ ਨਹੀਂ ਹੈ। ਘੋੜੇ ਕਿੱਥੋਂ ਆ ਗਏ। ਅਖੀਰ ਜਦੋਂ ਸੰਸਾ ਵਿਆਪਿਆ ਤਾਂ ਮਹਾਂਪੁਰਸ਼ਾਂ ਦੀ ਕੁਟੀਆ ਵਲ ਨੂੰ ਚੱਲ ਪਏ, ਜਾ ਕੇ ਪੁੱਛਿਆ ਕਿ ਮਹਾਰਾਜ! ਆਹ ਲਿੱਦ ਦੇ ਐਡੇ ਵੱਡੇ-ਵੱਡੇ ਢੇਰ ਲੱਗੇ ਹੋਏ ਨੇ, ਆਪ ਦੇ ਘੋੜੇ ਕਿੱਥੇ ਨੇ? ਕਹਿੰਦੇ, ਰਾਜਨ! ਸਾਨੂੰ ਘੋੜੇ ਰੱਖਣ ਦੀ ਕੀ ਲੋੜ ਹੈ, ਅਸੀਂ ਸਾਧੂ ਆਦਮੀ। ਕਹਿੰਦੇ, ਫੇਰ ਆਹ ਲਿੱਦ ਦੇ ਢੇਰ ਕਿੱਥੋਂ ਲੱਗ ਗਏ।

ਕਹਿੰਦੇ, ਰਾਜਨ! ਇਹ ਤੇਰਾ ਦਾਨ ਫਲਿਆ ਹੈ ਭਾਈ ਦਾਨ।

ਕਹਿੰਦੇ, ਮਹਾਰਾਜ! ਇਹ ਮੇਰਾ ਦਾਨ?

ਕਹਿੰਦੇ, ਹਾਂ, ਯਾਦ ਹੈ ਨਾ ਅਸੀਂ ਤੇਰੇ ਕੋਲ ਗਏ ਸੀ। ਇੱਕ ਊਂਜਲ ਭਰ ਕੇ ਲਿੱਦ ਦਾ ਦਿੱਤਾ ਸੀ, ਬ੍ਰਹਮਗਿਆਨੀ ਨੂੰ ਦਿਤਾ ਹੋਇਆ ਦਾਨ ਲੱਖਾਂ ਗੁਣਾਂ ਫਲਣਾ ਸ਼ੁਰੂ ਹੋ ਜਾਂਦਾ ਹੈ। ਆਮ ਦਿਤਾ ਹੋਇਆ ਦਾਨ, ਦੁਨੀਆਂ 'ਚ ਦੱਸ ਗੁਣਾਂ ਫਲਦਾ ਹੈ ਤੇ 70 ਗੁਣਾਂ ਦਰਗਾਹ 'ਚ ਫਲਦਾ ਹੈ। ਬ੍ਰਹਮਗਿਆਨੀ ਨੂੰ ਦਿਤਾ ਹੋਇਆ, ਗੁਰੂ ਨੂੰ ਦਿਤਾ ਹੋਇਆ ਦਾਨ, ਲੱਖਾਂ ਗੁਣਾਂ ਫਲਣਾ ਸ਼ੁਰੂ ਹੋ ਜਾਂਦਾ ਹੈ। ਕਹਿੰਦੇ, ਤੇਰਾ ਦਾਨ ਫਲ ਗਿਆ ਭਾਈ।

ਕਹਿੰਦੇ, ਮਹਾਰਾਜ! ਇਹ ਕੀ ਕਰਾਂਗਾ ਮੈਂ, ਖੇਤਾਂ 'ਚ ਪਾਵਾਂਗਾ।

ਕਹਿੰਦੇ, ਨਹੀਂ ਖੇਤਾਂ 'ਚ ਨਹੀਂ ਪਾਉਣਾ, ਇਹ ਤੈਨੂੰ ਖਾਣਾ ਪਵੇਗਾ।

ਕਹਿੰਦੇ, ਮਹਾਰਾਜ! ਐਡਾ ਵੱਡਾ ਢੇਰ ਮੈਂ ਕਿਵੇਂ ਖਾ ਲਵਾਂਗਾ?

ਕਹਿੰਦੇ ਹਾਂ, ਸੂਰ ਬਣ ਕੇ ਖਾਵੇਂਗਾ।

ਪਤਾ ਨਹੀਂ ਕਰੋੜ ਜਨਮ 'ਚ ਮੁੱਕੇ, ਪਤਾ ਨਹੀਂ ਕਿੰਨੇ 'ਚ ਮੁੱਕੇ।

ਇਹਨੇ ਵਧਦਾ ਜਾਣਾ ਹੈ, ਜਿੰਨੀ ਛੇਤੀ ਖਾ ਲਏਂਗਾ, ਓਨਾਂ ਹੀ ਛੇਤੀ ਤੇਰਾ ਛੁਟਕਾਰਾ ਹੋ ਜਾਏਗਾ।

ਬਹੁਤ ਫਿਕਰ ਹੋ ਗਿਆ ਮਨ ਦੇ ਅੰਦਰ ਕਿ ਲਿੱਦ ਖਾਣੀ ਪਵੇਗੀ, ਸੂਰ ਬਣਨਾ ਪਵੇਗਾ। ਉਸ ਵੇਲੇ ਚਰਨ ਫੜ ਲਏ ਮਹਾਂਪੁਰਸ਼ਾਂ ਦੇ। ਕਹਿਣ ਲੱਗਿਆ, ਮਹਾਰਾਜ! ਕੋਈ ਉਪਾਅ ਦੱਸੋ। ਜਦੋਂ ਬਹੁਤ ਅਧੀਨਗੀ ਨਾਲ ਬੇਨਤੀਆਂ ਕਰਨ ਲੱਗਿਆ ਤਾਂ ਮਹਾਂਪੁਰਸ਼ਾਂ ਨੂੰ ਦਇਆ ਆਈ, ਗਲਤੀਆਂ ਕਰ ਲੈਂਦਾ ਹੈ ਸੰਸਾਰ। ਮਹਾਂਪੁਰਸ਼ ਫੇਰ ਬਖਸ਼ ਦਿੰਦੇ ਨੇ। ਕਹਿਣ ਲੱਗੇ, ਰਾਜਨ! ਇੱਕ ਉਪਾਅ ਦਸਦੇ ਹਾਂ ਤੈਨੂੰ। ਇਸ ਤਰ੍ਹਾਂ ਕਰ ਆਪਣੀ ਨਿੰਦਿਆ ਕਰਾ ਲੈ ਸ਼ਹਿਰ ਦੇ ਅੰਦਰ। ਕੋਈ ਭੇਸ ਧਾਰ ਲੈ ਕਿ ਤੇਰੀ ਨਿੰਦਿਆ ਹੋ ਜਾਏ।

ਉਸੇ ਵੇਲੇ ਆ ਗਿਆ ਦੂਸਰੇ ਦਿਨ ਸਵੇਰੇ ਹੀ। ਆਪਣੀ ਲੜਕੀ ਨਾਲ ਲੈ ਲਈ, ਰੰਗਦਾਰ ਬੋਤਲਾਂ ਲੈ ਲਈਆਂ ਸ਼ਰਬਤ ਦੀਆਂ, ਕੇਸ ਖੋਲ੍ਹ, ਇਸ ਤਰ੍ਹਾਂ ਦੇ ਨਾਲ ਸ਼ਹਿਰ ਦੇ ਵਿਚੀਂ ਲੰਘਦਾ ਹੈ। ਸ਼ਰਾਬ ਪੀਂਦਾ ਜਾਂਦਾ ਹੈ ਜਿਵੇਂ। ਉਸ ਵੇਲੇ ਨਿੰਦਿਆ ਹੋਈ, ਦੇਖੋ ਜਵਾਨ ਲੜਕੀ ਨਾਲ ਬੈਠੀ ਹੈ। ਰਾਜਾ ਸ਼ਰਾਬ ਪੀਂਦਾ ਹੈ ਕੇਸ ਖੁਲ੍ਹੇ ਨੇ, ਇਹਦੀ ਮੱਤ ਮਾਰੀ ਗਈ। ਸਾਰਾ ਸ਼ਹਿਰ ਨਿੰਦਿਆ ਕਰਦਾ ਹੈ, ਰਾਤ ਨੂੰ ਵੀ, ਦਿਨ ਨੂੰ ਵੀ, ਕੋਈ ਬੰਦਾ ਨਾ ਰਿਹਾ ਜਿਹਨੇ ਨਾ ਨਿੰਦਿਆ ਕਰੀ। ਸਵੇਰੇ ਹੀ ਰਾਜਾ ਫੇਰ ਜਾਂਦਾ ਹੈ। ਜਦੋਂ ਮਹਾਂਪੁਰਸ਼ਾਂ ਦੇ ਆਸ਼ਰਮ 'ਤੇ ਗਿਆ ਉਥੇ ਇੱਕ ਊਂਜਲ ਪਿਆ ਹੈ। ਉਸ ਵੇਲੇ ਕਹਿਣ ਲੱਗਿਆ, ਮਹਾਰਾਜ! ਇੱਕ ਊਂਜਲ ਰਹਿ ਗਿਆ। ਕਹਿੰਦੇ ਰਾਜਨ, ਇੱਕ ਤੇਰੇ ਸ਼ਹਿਰ ਦੇ ਅੰਦਰ ਬ੍ਰਹਮਗਿਆਨ ਅਵਸਥਾ ਦਾ ਇੱਕ ਕੀਰਤੀ ਸਿੰਘ ਹੈ। ਉਹਨੇ ਤੇਰੀ ਨਿੰਦਿਆ ਨਹੀਂ ਕਰੀ। ਜੇ ਉਸ ਤੋਂ ਨਿੰਦਿਆ ਕਰਾ ਲਵੇਂ ਫੇਰ ਇਹ ਖਤਮ ਹੋ ਜਾਏਗੀ। ਕਹਿਣ ਲੱਗੇ, ਮਹਾਰਾਜ! ਕੰਮ ਕੀ ਕਰਦਾ ਹੈ, ਕਹਿੰਦੇ ਉਹ ਲੁਹਾਰ ਹੈ, ਲੁਹਾਰੇ ਦਾ ਕੰਮ ਕਰਦਾ ਹੈ। ਉਸ ਵੇਲੇ ਸਾਰਾ ਸੀ.ਆਈ.ਡੀ ਤੋਂ ਪਤਾ ਮੰਗਾਇਆ। ਕਣਕ ਵੱਢਣ ਦੀ ਰੁੱਤ ਸੀ, ਦਾਤੀਆਂ ਲਈਆਂ ਵੀਹ ਤੀਹ। ਇਹ ਖਿਆਲ ਕਰਕੇ ਕਿ ਇਹ ਦੰਦੇ ਕੱਢੇਗਾ, ਮੈਂ ਬੈਠਾ ਰਹਾਂਗਾ ਤੇ ਇਹਨੂੰ ਮੈਂ ਗੱਲ ਚਲਾਵਾਂਗਾ, ਇਹ ਹੁੰਗਾਰਾ ਭਰ ਦੇਵੇਗਾ। ਫੇਰ ਕੋਈ ਬਚਨ ਕਰੇਗਾ, ਨਿੰਦਿਆ ਆਪੇ ਹੋ ਜਾਵੇਗੀ। ਇਸ ਤਰ੍ਹਾਂ ਕਰਕੇ ਜਦੋਂ ਪਹੁੰਚਦਾ ਹੈ, ਜਾ ਕੇ ਦਾਤੀਆਂ ਦਿਤੀਆਂ, ਉਹਨੇ ਟਕੋਰਾ ਲੈ ਕੇ ਦੰਦੇ ਕੱਢਣੇ ਸ਼ੁਰੂ ਕਰੇ। ਜਦੋਂ ਅੱਧੇ ਦਾਤੀ ਦੇ ਦੰਦੇ ਨਿਕਲ ਗਏ ਕਹਿੰਦੇ ਮਿਸਤਰੀ ਜੀ ਕੋਈ ਬਚਨ ਸੁਣਾਓ? ਕਿਉਂਕਿ ਮੈਂ ਵੀ ਬੈਠਾ ਹਾਂ ਤੁਸੀਂ ਵੀ ਬੈਠੇ ਓਂ। ਕੋਈ ਗੱਲਬਾਤ ਕਰੀਏ। ਉਨ੍ਹਾਂ ਨੇ ਕੋਈ ਗੱਲ ਨਾ ਕਰੀ। ਉਸ ਤੋਂ ਬਾਅਦ ਇਹ ਆਪੇ ਕਹਿਣ ਲੱਗਿਆ ਕਿ ਦੇਖੋ ਜੀ! ਰਾਜਾ ਕਿੱਡਾ ਧਰਮਾਤਮਾ ਸੀ, ਕੱਲ੍ਹ ਪਤਾ ਹੈ ਰਾਜੇ ਨੇ ਕੀ ਕਰਿਆ। ਉਨ੍ਹਾਂ ਨੇ ਇੱਕ ਦਮ ਧਿਆਨ ਨਾਲ ਦੇਖਿਆ, ਦੇਖ ਕੇ ਦਾਤੀਆਂ ਵਗਾਹ ਕੇ ਮਾਰੀਆਂ ਕਹਿੰਦੇ ਰਾਜਨ! ਮੈਂ ਤੇਰੀ ਲਿੱਦ ਨਹੀਂ ਖਾਣੀ, ਤੂੰ ਆਪੇ ਖਾ।

ਉਸ ਵੇਲੇ ਵਾਪਸ ਆ ਗਿਆ ਮਹਾਂਪੁਰਸ਼ਾਂ ਦੇ ਕੋਲ, ਮਹਾਂਪੁਰਸ਼ ਕਹਿੰਦੇ ਕਿ ਇਹ ਲਿੱਦ ਅੱਜ ਲੈ ਜਾ, ਨਹੀਂ ਤਾਂ ਫੇਰ ਵੱਧ ਜਾਣੀ ਹੈ।

ਕੱਲ੍ਹ ਨੂੰ ਜਦੋਂ ਆਵੇਂਗਾ, ਇਹ ਇੱਕ ਉਂਜਲ ਨਹੀਂ ਹੋਣਾ, ਲੱਖ ਉਂਜਲ ਹੋਣਾ ਹੈ।

ਕਹਿਣ ਲੱਗਿਆ, ਮਹਾਰਾਜ! ਮੈਂ ਲਿੱਦ ਖਾਵਾਂਗਾ ਕਿਵੇਂ, ਕਹਿੰਦੇ ਤੂੰ ਇਹਨੂੰ ਜਾਲ ਲੈ, ਜਾਲ ਕੇ ਕੱਪੜਛਾਣ ਕਰ ਲੈ। ਚੂਰਣ ਦੇ ਵਿਚ ਮਿਲਾ ਲੈ, ਰੋਟੀ ਤੋਂ ਬਾਅਦ ਹੌਲੀ-ਹੌਲੀ ਖਾਈ ਜਾਹ, ਵੱਡਾ ਮਰਤਬਾਨ ਬਣਾ ਲੈ ਤੇ ਇਹ ਖਾਧੀ ਵੀ ਜਾਊ ਤੇ ਤੈਨੂੰ ਪਤਾ ਵੀ ਨਹੀਂ ਲੱਗਣਾ। ਉਸ ਵੇਲੇ ਏਸ ਨੇ ਇਵੇਂ ਜਿਵੇਂ ਕਰਕੇ ਜਦੋਂ ਚੂਰਣ ਬਣਾਇਆ, ਮਹਾਤਮਾ ਕਹਿਣ ਲੱਗੇ ਕਿ ਦੇਖ, ਅਸੀਂ ਤੇਰੇ ਤੋਂ ਮੰਗ ਕੇ ਲਿਆਏ ਸੀ, ਹੁਣ ਤੂੰ ਸਾਡੇ ਤੋਂ ਭਿੱਖਿਆ 'ਚ ਮੰਗ। ਉਸ ਵੇਲੇ ਇਹਨੇ ਪੱਲਾ ਅੱਡਿਆ, ਕਹਿੰਦਾ ਮਹਾਰਾਜ! ਮੇਰੇ ਪੱਲੇ 'ਚ ਭਿੱਖਿਆ ਪਾਓ। ਉਸ ਵੇਲੇ ਮਹਾਤਮਾ ਨੇ ਉਂਜਲ ਭਰ ਕੇ ਪਾ ਦਿਤੀ। ਜਦੋਂ ਘਰ ਆ ਕੇ ਇਸ ਤਰ੍ਹਾਂ ਕੀਤਾ, ਜਦੋਂ ਰੋਟੀ ਤੋਂ ਬਾਅਦ ਇਹ ਖਾਂਦਾ ਹੈ ਰੋਜ਼ ਚੂਰਣ ਦੀਆਂ ਗੋਲੀਆਂ ਇਹਨੂੰ ਪਤਾ ਹੈ ਕਿ ਇਹਦੇ ਵਿਚ ਲਿੱਦ ਹੈ, ਮਹਾਰਾਜ ਕਹਿੰਦੇ ਦੇਖੋ, ਐਡਾ ਵੱਡਾ ਰਾਜਾ -

***ਅਜੈ ਸੁ ਰੋਵੈ ਭੀਖਿਆ ਖਾਇ ॥ ਅੰਗ - 953***

ਜਦੋਂ ਭਿੱਖਿਆ ਮੰਗ ਕੇ ਖਾਣੀ ਪਈ ਲਿੱਦ ਦੀ, ਉਹ ਰੋਂਦਾ ਹੈ। ਸੋ ਮਹਾਰਾਜ ਕਹਿਣ ਲੱਗੇ, ਵੈਦ ਜੀ! ਦੇਖੋ, ਨਿੰਦਿਆ ਕਿੱਡੀ ਮਾੜੀ ਚੀਜ਼ ਹੈ। ਬੇਗਾਨੇ ਜਿਹੜੇ ਅਵਗੁਣ ਨੇ ਮੂੰਹ ਦੇ ਨਾਲ ਸਾਫ ਕਰਦਾ ਹੈ, ਜਿਹੜਾ ਮਲਮੂਤਰ ਹੈ, ਕਰਮਚਾਰੀ ਝਾੜੂ ਦੇ ਨਾਲ ਉਹਦੀ ਮਲਮੂਤਰ ਚੁੱਕਦਾ ਹੈ ਪਰ ਨਿੰਦਕ ਜਿਹੜਾ ਹੈ ਇਹ ਮੂੰਹ ਨਾਲ ਸਫਾਈ ਕਰਦਾ ਹੈ। ਇਸ ਕਰਕੇ -

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥ ਅੰਗ - 755***

ਅਰ ਉਹ ਕਿਸੇ ਥਾਂ ਨਹੀਂ ਪਹੁੰਚਦਾ -

***ਪਹੁਚਿ ਨ ਸਾਕੈ ਕਾਹੂ ਬਾਤੈ ਆਗੈ ਠਉਰ ਨ ਪਾਇਆ ॥***
***ਅੰਗ - 380***

ਫੇਰ ਮਹਾਰਾਜ ਕਹਿਣ ਲੱਗੇ, ਦੇਖੋ ਵੈਦ ਜੀ, ਦੂਸਰਾ ਰੋਗ ਹੋਇਆ ਕਰਦਾ ਹੈ ਈਰਖਾ ਦਾ। ਆਦਮੀ ਨੂੰ ਪਤਾ ਨਹੀਂ ਕਿ ਮੈਂ ਕਿਸੇ ਨਾਲ ਈਰਖਾ ਕਰਦਾ ਹਾਂ। ਕਰਮ ਕਰਦਾ ਹੈ, ਧਰਮ ਕਰਦਾ ਹੈ, ਦਾਨ ਕਰਦਾ ਹੈ। ਤੀਰਥ ਯਾਤਰਾ ਕਰਦਾ ਹੈ, ਸ਼ੁਭ ਕੰਮ ਕਰਦਾ ਹੈ। ਨਾਲ ਈਰਖਾ ਕਰਦਾ ਹੈ ਤੇ ਉਹਦਾ ਫਲ ਕੀ ਹੁੰਦਾ ਹੈ ਕਿ ਜਿੰਨੇ ਨੇਕ ਕਰਮ ਕੀਤੇ ਹੋਏ, ਈਰਖਾ ਵਾਲੇ ਨੇ ਉਹ ਸਾਰੇ ਸੁਆਹ ਬਣੀ ਜਾਂਦੇ ਨੇ ਨਾਲ ਦੀ ਨਾਲ। ਮਹਾਰਾਜ ਫੁਰਮਾਨ ਕਰਦੇ ਨੇ ਕਿ -

***ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਕਾ ਕਦੇ ਨ ਹੋਵੀ ਭਲਾ ॥***

***ਅੰਗ - 308***

ਇਹ ਐਡੀ ਵੱਡੀ ਬੀਮਾਰੀ ਹੈ, ਵੱਡੇ-ਵੱਡੇ ਸੋਝੀਵਾਨਾਂ ਨੂੰ ਗਿਆਨੀ ਨੂੰ, ਧਿਆਨੀਆਂ ਨੂੰ, ਸਭ ਨੂੰ ਲੱਗ ਜਾਂਦੀ ਹੈ ਕਿਉਂਕਿ ਇੱਕ ਬੰਦਾ ਦੂਜੇ ਨਾਲ ਈਰਖਾ ਕਰਦਾ ਹੈ, ਹਮ ਪੇਸ਼ਾ ਬੰਦਾ। ਉਹਦਾ ਨਤੀਜਾ ਕੀ ਹੁੰਦਾ ਹੈ - ***'ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਕਾ ਕਦੇ ਨ ਹੋਵੀ ਭਲਾ ॥'*** ਜਦੋਂ ਭਲਾ ਹੀ ਨਹੀਂ ਹੁੰਦਾ ਦੇਖੋ ਕਿੱਡਾ ਵੱਡਾ ਰੋਗ ਹੈ। ਏਸੇ ਤਰ੍ਹਾਂ ਚੁਗਲੀ ਦਾ ਰੋਗ ਹੈ। ਤ੍ਰਿਸ਼ਨਾ ਦਾ ਰੋਗ ਹੈ -

***ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥***

***ਅੰਗ - 919***

ਬਹੁਤ ਚੰਗੀ ਤਰ੍ਹਾਂ ਮਹਾਰਾਜ ਨੇ ਸਮਝਾ ਕੇ ਜਦੋਂ ਦੱਸਿਆ ਉਸ ਵੇਲੇ ਵੈਦ ਨੇ ਚਰਨ ਫੜ ਲਏ। ਕਹਿਣ ਲੱਗੇ, ਮਹਾਰਾਜ! ਬਿਮਾਰੀਆਂ ਤਾਂ ਤੁਸੀਂ ਦੱਸ ਦਿਤੀਆਂ ਤੇ ਕ੍ਰਿਪਾ ਕਰਕੇ ਦਵਾਈ ਵੀ ਦੱਸੋ। ਮਹਾਰਾਜ ਕਹਿੰਦੇ, ਦਵਾਈ ਇੱਕੋ ਹੀ ਹੈ ਸਾਰੀ ਬਿਮਾਰੀਆਂ ਦੀ, ਚਾਹੇ ਸਰੀਰਕ ਬਿਮਾਰੀਆਂ ਹੋਣ, ਚਾਹੇ ਮਾਨਸਿਕ ਹੋਣ, ਚਾਹੇ ਬਿਮਾਰੀਆਂ ਭਾਈਚਾਰਕ ਹੋਣ, ਚਾਹੇ ਰਾਜਸੀ ਹੋਣ, ਚਾਹੇ ਆਰਥਕ ਹੋਣ, ਕੋਈ ਬਿਮਾਰੀ ਹੋਵੇ, ਇਨ੍ਹਾਂ ਸਾਰਿਆਂ ਦਾ ਇੱਕ ਇਲਾਜ ਧਿਆਨ ਦੇ ਨਾਲ ਪੜ੍ਹੋ ਤੇ ਹਿਰਦੇ 'ਚ ਵਸਾਓ -

***ਧਾਰਨਾ - ਤੇਰੇ ਸਾਰਿਆਂ ਦੁੱਖਾਂ ਦੀ ਹੈ ਦਾਰੂ,***
***ਇੱਕੋ ਨਾਮ ਵਾਹਿਗੁਰੂ ਦੀ।***

ਕਿੱਡਾ ਵੱਡਾ ਨੁਸਖਾ ਗੁਰੂ ਮਹਾਰਾਜ ਨੇ ਦੱਸਿਆ, ਨਾ ਡਾਕਟਰਾਂ ਦੀ ਲੋੜ ਨਾ ਪੈਸੇ ਖਰਚਣ ਦੀ ਲੋੜ, ਆਉਂਦਾ ਵਿਸ਼ਵਾਸ਼ ਏਸ ਗੱਲ ਦੇ ਉੱਤੇ? ਕਿੰਨੇ ਬੈਠੇ ਹਾਂ ਆਪਾਂ? ਹਿਰਦੇ 'ਚ ਆਉਂਦੀ ਹੈ ਇਹ ਗੱਲ? ਨਾਮ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ। ਜੇ ਦਵਾਈ ਨਾਲ ਇਲਾਜ ਕਰਾਂਗੇ, ਉਹਦੇ ਨਾਲ ਸਰੀਰਕ ਬਿਮਾਰੀਆਂ ਦਾ ਇਲਾਜ ਹੋ ਜਾਂਦਾ ਹੈ, ਮੰਨਦੇ ਨਹੀਂ ਹੁੰਦੇ। ਕਿਸੇ ਨੂੰ ਚਿੰਤਾ ਲੱਗੀ ਹੋਵੇ, ਕਿਹੜੀ ਦਵਾਈ ਹੈ? ਇੱਕ ਬੰਦੇ ਨੂੰ ਗੁੱਸਾ ਆਉਂਦਾ ਹੈ? ਹੈ ਡਾਕਟਰਾਂ ਕੋਲ ਕੋਈ ਦਵਾਈ? ਸਾਰੀਆਂ ਬਿਮਾਰੀਆਂ ਚਾਹੇ ਸਰੀਰਕ ਨੇ, ਚਾਹੇ ਮਨ ਦੀਆਂ ਨੇ, ਚਾਹੇ ਉਹ ਕੋਈ ਨੇ ਸਾਰੀਆਂ ਦਾ ਇੱਕੋ ਇਲਾਜ 'ਪ੍ਰਮੇਸ਼ੁਰ ਦਾ ਨਾਮ' ਹੈ। ਆਪ ਨੇ ਫੁਰਮਾਨ ਕੀਤਾ ਹੈ -

***ਈਧਣੁ ਕੀਤੋਮੂ ਘਣਾ ਭੋਰੀ ਦਿਤੀਮੁ ਭਾਹਿ ॥ ਅੰਗ - 707***

ਕਰੋੜ ਮਣ ਲੱਕੜੀਆਂ ਇਕੱਠੀਆਂ ਕਰ ਲਈਆਂ ਤੇ ਉਹਨੂੰ ਇੱਕ ਚੰਗਿਆੜਾ ਅੱਗ ਦਾ ਦੇ ਦਿਤਾ। ਉਹਦੇ ਨਾਲ ਕੀ ਹੋਏਗਾ, ਸਾਰੀਆਂ ਲੱਕੜੀਆਂ ਜਲ ਜਾਣਗੀਆਂ।

***ਮਨਿ ਵਸੰਦੜੋ ਸਚੁ ਸਹੁ ਨਾਨਕ ਹਭੇ ਡੁਖੜੇ ਉਲਾਹਿ ॥***

***ਅੰਗ - 707***

ਜਦੋਂ ਮਨ 'ਚ ਵਾਹਿਗੁਰੂ ਵਸ ਜਾਵੇ, ਧਿਆਨ ਰੱਖੋ ਮਨ 'ਚ, ਜੀਭ 'ਤੇ ਨਹੀਂ। ਹਿਰਦੇ 'ਚ ਵਾਹਿਗੁਰੂ ਵਸ ਜਾਵੇ ਤੇ ਉਸ ਵੇਲੇ ਸਾਰੇ ਦੁੱਖਾਂ

ਦਾ ਇਲਾਜ ਹੋ ਜਾਏਗਾ। ਮਹਾਰਾਜ ਫੁਰਮਾਨ-

*ਲਲਾ ਲਾਵਉ ਅਉਖਧ ਜਾਹੂ ॥*
*ਦੂਖ ਦਰਦ ਤਿਹ ਮਿਟਹਿ ਖਿਨਾਹੂ ॥* **ਅੰਗ - 259**

ਇੱਕ ਅੱਖ ਦੇ ਝਮਕੇ ਜਿੰਨੇ ਚਿਰ 'ਚ ਉਹਦਾ ਦੁੱਖ 'ਤੇ ਦਰਦ ਖਤਮ ਹੋ ਜਾਂਦਾ ਹੈ। ਜਿਨ੍ਹਾਂ ਦੇ ਮਨ ਵਿਚ ਸ਼ੌਂਕ ਹੈ ਦਵਾਈ ਨੋਟ ਕਰ ਲਓ। ਇਹ ਕੋਈ ਐਵੇਂ ਗੱਲਾਂ ਨਹੀਂ ਹੈਗੀਆਂ, ਸਾਧਸੰਗਤ ਜੀ! ਇਹ ਬਿਲਕੁਲ ਪ੍ਰਤਿਆਈਆਂ ਹੋਈਆਂ ਗੱਲਾਂ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜਿਹੜੀ ਹੈ, ਉਹ ਕੋਈ ਲਾਰੇ ਨਹੀਂ ਲਾਉਂਦੀ, ਕਵਿਤਾ ਨਹੀਂ ਹੈ, ਸਤਿ 'ਤੇ ਆਧਾਰਤ ਹੈ। ਜੋ ਕੁਛ ਫੁਰਮਾਨ ਕਰਦੇ ਹਾਂ, ਉਵੇਂ ਜਿਵੇਂ ਹੈ -

*ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥* **ਅੰਗ - 259**

ਹੁਣ ਫੇਰ ਧਿਆਨ ਦੇਵੋ। ਕਹਿੰਦੇ, ਨਾਮ ਦੀ ਜਿਹੜੀ ਦਵਾਈ ਹੈ, ਰਿਦੇ ਵਿਚ ਹਿੱਤ ਪੈ ਜਾਵੇ, ਜਿਵੇਂ ਬਾਲ-ਬੱਚੇ ਦਾ ਪਿਆਰ ਹੁੰਦਾ ਹੈ। ਪੈਸੇ ਦਾ ਪਿਆਰ ਹੁੰਦਾ ਹੈ, ਆਪਣੀ ਇੱਜ਼ਤ ਦਾ ਪਿਆਰ ਹੈ, ਆਹ ਨਾਮ ਦੇ ਨਾਲ ਜੇ ਪਿਆਰ ਪੈ ਜਾਵੇ, ਤਾਂ -

*ਤਾਹਿ ਰੋਗੁ ਸੁਪਨੈ ਨਹੀ ਆਵੈ ॥* **ਅੰਗ - 259**

ਉਹ ਸੁਪਨੇ ਵਿਚ ਵੀ ਬੀਮਾਰ ਨਹੀਂ ਹੋਏਗਾ।

*ਹਰਿ ਅਉਖਧੁ ਸਭ ਘਟ ਹੈ ਭਾਈ ॥* **ਅੰਗ - 259**

ਮਹਾਰਾਜ ਕਹਿੰਦੇ, ਦਵਾਈ ਬਜ਼ਾਰ 'ਚੋਂ ਨਹੀਂ ਲਿਆਉਣੀ। ਇਹ ਅੰਦਰ ਪਈ ਹੈ, ਇਹਨੂੰ ਨਾਮ ਦੀ ਦਵਾਈ ਕਹਿੰਦੇ ਨੇ। ਕਿੱਥੇ ਪਈ ਹੈ? ਮਹਾਰਾਜ ਕਹਿੰਦੇ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥* **ਅੰਗ - 293**

ਆਹ ਦੇਹ ਦੇ ਵਿਚ ਹੈ ਸਾਰਿਆਂ ਦੇ। ਜਿੱਥੇ ਇਹ ਦਵਾਈ ਪਈ ਹੈ ਉਥੇ ਦੀ ਨਿਸ਼ਾਨੀ ਦਸਦੇ ਨੇ -

*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥* **ਅੰਗ - 293**

ਉਥੇ ਫੁਰਨਾ ਨਹੀਂ ਕੋਈ ਵੀ ਤੇ ਨਾਲ ਉਥੇ ਅਨਹਦ ਨਾਦ ਵੱਜਦੇ ਨੇ। ਆਹ ਧਿਆਨ ਦਿਓ। ਕਹਿੰਦੇ, ਅੰਦਰ ਵਾਜੇ ਵੀ ਵੱਜਦੇ ਨੇ। ਮਹਾਰਾਜ ਕਹਿੰਦੇ, ਹਾਂ ਭਾਈ! -

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
**ਅੰਗ - 954**

ਨੌਂ ਤਾਂ ਤੇਰੇ ਦਰਵਾਜ਼ੇ ਖੁੱਲ੍ਹੇ ਨੇ, ਅੱਖਾਂ ਦੋ, ਕੰਨ ਦੋ, ਮੂੰਹ, ਨਾਸਾਂ, ਮਲਮੂਤਰ ਦੇ ਇੰਦਰੇ ਇਹ ਤਾਂ ਹੈਗੇ ਖੁਲ੍ਹੇ। ਇੱਕ ਦਰਵਾਜ਼ਾ ਜਿਹੜਾ ਬੰਦ ਪਿਆ ਹੈ, ਜਿਹਦੇ ਵੱਲ ਤੂੰ ਝਾਕਦਾ ਹੀ ਨਹੀਂ ਕਦੇ, ਦੇਖਦਾ ਹੀ ਨਹੀਂ ਹੈ। ਉਥੇ ਪਈ ਹੈ ਇਹ। ਕਹਿੰਦੇ, ਉਥੇ ਕੋਈ ਫੁਰਨਾ ਨਹੀਂ ਆਉਂਦਾ -

***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥ ਅੰਗ - 954***

ਕਹਿੰਦੇ ਉਹ ਬਜਰ ਕਪਾਟ ਲੱਗੇ ਹੋਏ ਨੇ, ਉਹ ਖੁੱਲ੍ਹਦੇ ਨਹੀਂ। ਉਹ ਖੁਲ੍ਹਦੇ ਨੇ ਗੁਰੂ ਤੋਂ ਸ਼ਬਦ ਲੈ ਕੇ। ਪੰਜ ਪਿਆਰਿਆਂ ਤੋਂ ਪਹਿਲਾਂ ਸ਼ਬਦ ਲਓ, ਫੇਰ ਉਹਦੀ ਕਰੋ ਕਮਾਈ। ਮਹਾਂਪੁਰਸ਼ਾਂ ਨਾਲ ਮਿਲ ਕੇ ਵਿਧੀ ਦੇ ਨਾਲ ਕਰੋ। ਵਿਧੀ ਤੋਂ ਬਗੈਰ ਕੋਈ ਵੀ ਗੱਲ ਦੁਨੀਆਂ 'ਚ ਨਹੀਂ ਬਣਦੀ। ਜਦੋਂ ਵਿਧੀ ਦੇ ਨਾਲ ਕਮਾਈ ਕਰੋਂਗੇ, ਦਰਵਾਜ਼ਾ ਖੁਲ੍ਹ ਜਾਏਗਾ। ਜਦੋਂ ਦਰਵਾਜ਼ਾ ਖੁਲ੍ਹ ਗਿਆ, ਸਭ ਦੇ ਅੰਦਰ ਹੈ, ਇਸ ਤਰ੍ਹਾਂ ਨਾ ਕਹੋ ਕਿ ਸਾਡੇ ਅੰਦਰ ਨਹੀਂ ਹੈ। ਸਭ ਦੇ ਅੰਦਰ ਹੈ। ਉਥੇ ਫੇਰ ਨਿਸ਼ਾਨੀ ਵੀ ਹੈ ਕੋਈ? ਕਹਿੰਦੇ -

***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥***

***ਅੰਗ - 954***

ਉਥੇ ਅਨਹਦ ਵਾਜੇ ਵਜਦੇ ਨੇ। ਪੰਜ ਸ਼ਬਦ ਵੱਜਦੇ ਨੇ। ਪੰਜਾਂ ਤੋਂ ਵੀ ਵੱਧ ਵੱਜਦੇ ਨੇ -

***ਤਿਥੈ ਨਾਦ ਬਿਨੋਦ ਕੋਡ ਅਨੰਦੁ ॥ ਅੰਗ - 7***

ਮਹਾਰਾਜ ਕਹਿੰਦੇ, ਬੇਅੰਤ ਵੱਜਦੇ ਨੇ ਉਥੇ ਵਾਜੇ। ਉਹ ਅੰਦਰ ਹੈ ਸਾਡੇ ਚੀਜ਼ ਪਈ। ਜਿੱਥੇ ਨਾਮ ਦੀ ਦਵਾਈ ਪਈ ਹੈ, ਕੱਢ ਲਓ ਜਿਹਨੇ ਕੱਢਣੀ ਹੈ। ਕੋਈ ਵੀ ਤੋਟਾ ਨਹੀਂ ਰਹੇਗਾ-

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ - 649***

ਜਿਹੜਾ ਉਹ ਦਵਾਈ ਭਾਲ ਲਏਗਾ, ਨਉਨਿਧੀਆਂ ਅਠਾਰ੍ਹਾਂ ਸਿੱਧੀਆਂ ਮਿੰਨਤਾਂ ਕਰਨਗੀਆਂ ਕਿ ਸਾਡੇ ਤੋਂ ਕੰਮ ਲੈ ਲੈ -

***ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ***
***ਜਿਨ ਹਰਿ ਕਾ ਨਾਮੁ ਪਿਆਰਾ ॥ ਅੰਗ - 638***

ਸਾਰੇ ਕੰਮ ਆਪੇ ਹੀ ਹੋਣਗੇ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਅਸੀਂ ਇਹ ਦਵਾਈ ਕੱਢਾਂਗੇ ਅੰਦਰੋਂ, ਮਹਾਰਾਜ ਕਹਿੰਦੇ ਉਥੇ ਹੋਰ ਵੀ ਨਿਸ਼ਾਨੀ ਹੈ -

***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥***

***ਅੰਗ - 954***

Devotion (ਪਿਆਰ ਤੇ ਸਮਰਪਣ) ਦੇ ਨਾਲ, ਭਗਤੀ ਦੇ ਨਾਲ, ਨੌਂ ਤਰ੍ਹਾਂ ਦੀ ਭਗਤੀ ਹੈ, ਦਸਵੀਂ ਹੁੰਦੀ ਹੈ ਪ੍ਰੇਮਾ ਭਗਤੀ। ਗਿਆਰ੍ਹਵੀਂ ਹੁੰਦੀ ਹੈ ਪਰਾ ਭਗਤੀ, ਬਾਰ੍ਹਵੀਂ ਹੁੰਦੀ ਹੈ ਅਪਰਾ ਭਗਤੀ। ਇਹ ਭਗਤੀ ਕਰਨ ਦੇ ਨਾਲ ਅੰਦਰ ਪ੍ਰਕਾਸ਼ ਹੋ ਜਾਂਦਾ ਹੈ ਕਰੋੜਾਂ ਸੂਰਜਾਂ ਦਾ। ਉਹਦੇ 'ਚ ਫੇਰ ਰੱਬ ਦਿੱਸਣ ਲੱਗ ਜਾਂਦਾ ਹੈ -

***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥***

***ਅੰਗ - 954***

***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥ ਅੰਗ - 947***

ਹੁਣ ਇੱਥੇ ਤੱਕ ਗੱਲ ਸਮਝ ਲਓ, ਕਿਉਂਕਿ ਗੱਲ ਮੈਂ ਔਖੀ ਲੈ ਲਈ ਥੋੜ੍ਹੀ ਜਿਹੀ, ਬਹੁਤ ਸਾਦੇ ਤੋਂ ਸਾਦੇ ਅੱਖਰਾਂ 'ਚ ਦੱਸਣ ਦਾ ਮੈਂ ਯਤਨ ਕਰਦਾ ਹਾਂ। ਸਮਝੋ ਇਸ ਗੱਲ ਨੂੰ ਕਿ ਦਵਾਈ ਪਈ ਹੈ ਅੰਦਰ। ਮਹਾਰਾਜ ਕਹਿੰਦੇ, ਜੇ ਦਵਾਈ ਲੱਭ ਜਾਵੇ, ਇਹਦੇ ਨਾਲ ਪਿਆਰ ਪੈ ਜਾਵੇ –

***ਹਰਿ ਅਉਖਧੁ ਸਭ ਘਟ ਹੈ ਭਾਈ ॥ ਅੰਗ – 259***

ਸਭ ਦੇ ਅੰਦਰ ਹੈ, ਪਰ ਨਾਲ ਸ਼ਰਤ ਲਾ ਦਿਤੀ ਮਹਾਰਾਜ ਨੇ ਕਿ ਪੂਰੇ ਗੁਰੂ ਤੋਂ ਬਗੈਰ ਇਹਦੀ ਵਿਧੀ ਦਾ ਨਹੀਂ ਪਤਾ ਲਗਦਾ –

***ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥ ਅੰਗ – 259***

ਹੁਣ ਜਿੰਨਾਂ ਚਿਰ ਵਿਧੀ ਦਾ ਪਤਾ ਨਹੀਂ ਲਗਦਾ। ਓਨਾਂ ਚਿਰ ਦਵਾਈ ਕਿਵੇਂ ਅਸਰ ਕਰੇ। ਵੈਦ ਕੋਲ ਜਾਓ। ਉਹ ਕਹੇਗਾ ਕਿ ਆਹ ਚੀਜ਼ ਨਹੀਂ ਖਾਣੀ, ਆਹ ਨਹੀਂ ਖਾਣੀ, ਖੱਟਾ ਨਹੀਂ ਖਾਣਾ, ਆਚਾਰ ਨਹੀਂ ਖਾਣਾ। ਤਲੀ ਹੋਈ ਚੀਜ਼ ਨਹੀਂ ਖਾਣੀ, ਤਾਂ ਤੇਰਾ ਰੋਗ ਹਟੇਗਾ। ਉਹਨੂੰ ਵਿਧੀ ਕਹਿੰਦੇ ਨੇ, ਸੰਜਮ ਕਹਿੰਦੇ ਨੇ –

***ਗੁਰਿ ਪੂਰੈ ਸੰਜਮੁ ਕਰਿ ਦੀਆ ॥***
***ਨਾਨਕ ਤਉ ਫਿਰਿ ਦੂਖ ਨ ਥੀਆ ॥ ਅੰਗ – 259***

ਹੁਣ ਕਈ ਪ੍ਰੇਮੀਆਂ ਦੇ ਮਨ 'ਚ ਹੋਣਾ ਹੈ ਕਿ ਇਹ ਤਾਂ ਬਾਬਾ ਜੀ ਨੇ ਬੁਝਾਰਤ ਪਾ ਦਿਤੀ। ਹੁਣ ਅਸੀਂ ਸੰਜਮ ਕਿੱਥੋਂ ਪੁੱਛੀਏ ਜਾ ਕੇ, ਵਿਧੀ ਕਿੱਥੋਂ ਪੁੱਛੀਏ? ਕੋਈ ਹੈ ਥਾਉਂ ਜਿੱਥੋਂ ਵਿਧੀ ਪਤਾ ਲੱਗੇ। ਸੋ ਗੁਰੂ ਗ੍ਰੰਥ ਸਾਹਿਬ ਮਹਾਰਾਜ 'ਚ ਐਸੇ ਬਚਨ ਆਉਂਦੇ ਨੇ ਜਿੱਥੇ ਵਿਧੀ ਵੀ ਲਿਖੀ ਹੋਈ ਹੈ। ਉਹ ਤਕਰੀਬਨ ਜੇ ਆਪਣੀ ਆਮ ਬੋਲੀ 'ਚ ਦੱਸਣਾ ਹੋਵੇ, ਤਾਂ ਉਹ ਇਹ ਹੈ ਕਿ ਨੋਟ ਕਰੀ ਜਾਓ। ਜਿਹੜੇ ਪੱਥ ਰੱਖਣੇ ਨੇ ਉਹ ਨੇ – ਹਿੰਸਾ ਨਹੀਂ ਕਰਨੀ, ਪੰਜ ਤਰ੍ਹਾਂ ਦੀ ਹਿੰਸਾ ਹੁੰਦੀ ਹੈ। ਹਿੰਸਾ ਕਹਿੰਦੇ ਨੇ, ਦੂਸਰੇ ਨੂੰ ਮਾਰ ਦੇਣਾ, ਨੁਕਸਾਨ ਕਰ ਦੇਣਾ, ਦੁਖੀ ਕਰ ਦੇਣਾ। ਪਹਿਲੀ ਹਿੰਸਾ ਹੁੰਦੀ ਹੈ – ਸਰੀਰਕ ਹਿੰਸਾ। ਡੰਡਾ ਮਾਰਨਾ ਸਿਰ 'ਚ, ਤਲਵਾਰ ਮਾਰਨੀ, ਗੋਲੀ ਮਾਰ ਦੇਣੀ, ਬੰਦਾ ਮਰ ਜਾਣਾ। ਦੂਸਰੀ ਹਿੰਸਾ ਹੁੰਦੀ ਹੈ – ਮਿਹਣਾ ਦੇ ਦੇਣਾ, ਜ਼ੁਬਾਨ ਦੇ ਨਾਲ ਕੌੜਾ ਬਚਨ ਕਰ ਦੇਣਾ। ਕੌੜੇ ਬਚਨ ਨੂੰ ਮਹਾਰਾਜ ਨੇ ਫੁਰਮਾਨ ਕਰਿਆ ਹੈ –

***ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥***
***ਅੰਗ – 1384***

ਦੇਖੀਂ ਕਿਸੇ ਦਾ ਦਿਲ ਨਾ ਤੋੜੀਂ ਜੇ ਰੱਬ ਨੂੰ ਮਿਲਣਾ ਹੈ –

***ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥***
***ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥ ਅੰਗ – 1384***

ਦੇਖੀਂ ਫਿੱਕਾ ਨਾ ਬੋਲੀਂ ਪ੍ਰੇਮੀਆਂ! ਸਭ ਦੇ ਅੰਦਰ ਵਾਹਿਗੁਰੂ ਵਸਦਾ ਹੈ। ਜੇ ਤੂੰ ਰੱਬ ਨੂੰ ਮਿਲਣਾ ਹੈ ਤਾਂ ਦਿਲ ਨਾ ਕਿਸੇ ਦਾ ਤੋੜੀਂ –

***ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥***

ਜਿਹੜਾ ਫਿੱਕਾ ਬੋਲਦਾ ਹੈ, ਉਹਨੂੰ ਸਜ਼ਾ ਕੀ ਮਿਲਦੀ ਹੈ, ਦਰਗਾਹ 'ਚੋਂ ਕੱਢ ਕੇ ਬਾਹਰ ਮਾਰਦੇ ਨੇ। ਫਿੱਕੇ ਨਾਲ ਕੀ ਹੁੰਦਾ ਹੈ, ਦਿਲ ਟੁੱਟਦਾ ਹੈ। ਮਿਹਣਾ ਮਾਰਨਾ। ਆਦਮੀ ਜ਼ਖਮ ਭੁੱਲ ਜਾਂਦਾ ਹੈ ਸੋਟੀ ਦਾ ਲੱਗਿਆ ਹੋਇਆ, ਬਰਛਾ ਲੱਗਿਆ ਭੁੱਲ ਜਾਂਦਾ ਹੈ, ਪਰ ਬੋਲੀ ਮਾਰੀ ਹੋਈ ਨਹੀਂ ਜ਼ਿੰਦਗੀ ਭਰ ਭੁੱਲਦਾ। ਤੀਸਰਾ ਹੋਇਆ ਕਰਦਾ ਹੈ ਕਿ ਮਨ ਦੇ ਨਾਲ ਦੂਸਰੇ ਦਾ ਬੁਰਾ ਚਿਤਵੀ ਜਾਣਾ ਕਿ ਇਹਦੇ ਮੁੰਡੇ ਨੂੰ ਇਸ ਤਰ੍ਹਾਂ ਹੋ ਜਾਏ, ਇਨ੍ਹਾਂ ਦੇ ਘਰ ਇਸ ਤਰ੍ਹਾਂ ਹੋ ਜਾਏ, ਇਨ੍ਹਾਂ 'ਤੇ ਛਾਪਾ ਪੈ ਜਾਏ, ਇਹੋ ਜਿਹੀਆਂ ਮਾੜੀਆਂ ਗੱਲਾਂ ਚਿਤਵਣੀਆਂ। ਇਹਦਾ ਇਲਾਜ ਮਹਾਰਾਜ ਨੇ ਰੋਜ਼ ਦੱਸਿਆ ਹੈ ਕਿ ਦੇਖਿਓ, ਮਨ ਦੇ ਨਾਲ ਬੁਰਾ ਨਾ ਚਿਤਵਣਾ। ਜਦੋਂ ਸੂਰਜ ਛਿਪਦਾ ਹੈ, ਦੋਵੇਂ ਵੇਲੇ ਮਿਲਦੇ ਨੇ ਸੱਚੇ ਦਿਲੋਂ ਕਿਹਾ ਕਰੋ –

ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ।

ਸਾਰਿਆਂ ਦਾ ਭਲਾ ਮੰਗੋਗੇ, ਆਪਣਾ ਵੀ ਭਲਾ ਹੋਏਗਾ। 'ਕਰ ਭਲਾ ਹੋ ਭਲਾ।' ਚੌਥਾ ਹੋਇਆ ਕਰਦਾ ਹੈ ਬੁੱਧੀ ਦੇ ਨਾਲ। ਇੱਕ ਬੰਦਾ ਹੁਸ਼ਿਆਰ ਹੁੰਦਾ ਹੈ, ਉਹ ਹੁਸ਼ਿਆਰੀ ਦੇ ਨਾਲ ਦੂਸਰੇ ਦਾ ਨੁਕਸਾਨ ਕਰਦਾ ਹੈ। ਕਿਸੇ ਦਾ ਮੁੰਡਾ ਵਿਗਾੜ ਦਿਤਾ, ਕਿਸੇ ਨੂੰ ਗਲਤ ਰਾਏ ਦੇ ਦਿਤੀ, ਕਿਸੇ ਦਾ ਕਾਰੋਬਾਰ ਖਰਾਬ ਕਰਾ ਦਿਤਾ। ਇਹ ਬੁੱਧੀ ਦੀ ਹਿੰਸਾ ਹੋਇਆ ਕਰਦੀ ਹੈ। ਪੰਜਵੀਂ ਹੋਇਆ ਕਰਦੀ ਹੈ ਆਦਮੀ 'ਚ ਸ਼ਕਤੀ ਹੋਵੇ, ਸ਼ਕਤੀ ਦੇ ਨਾਲ ਕੋਈ ਚਿਲ੍ਹਾ ਕੱਢ ਕੇ ਕਿਸੇ ਦਾ ਨੁਕਸਾਨ ਕਰ ਦੇਣਾ। ਸੋ ਇਹ 'ਸੰਜਮ' ਹੈ ਭਾਈ, ਜਿਹੜੀ ਮੈਂ ਦਵਾਈ ਦੱਸ ਰਿਹਾ ਹਾਂ। ਦੂਸਰਾ ਹੈਗਾ ਸੱਚ ਬੋਲਣਾ। ਸੱਚ ਦੇ ਉਤੇ ਇੱਕ ਪ੍ਰਤੀਬਿੰਬ ਹੈ, ਮਹਾਂਪੁਰਸ਼ਾਂ ਦਾ, ਮੁੱਢ ਤੋਂ ਹੀ ਆਉਂਦਾ ਹੈ। ਉਹ ਇਹ ਆਉਂਦਾ ਹੈ ਕਿ ਐਸਾ ਸੱਚ ਨਾ ਬੋਲੋ, ਜਿਹੜਾ ਬੋਲਣ ਦੇ ਨਾਲ ਕਿਸੇ ਦੀ ਜਾਨ ਚਲੀ ਜਾਵੇ। ਉਥੇ ਚੁੱਪ ਕਰ ਜਾਓ। ਉਥੇ ਨਾ ਬੋਲੋ ਉਥੇ ਨੁਕਸਾਨ ਹੋ ਜਾਏ, ਸੱਚ ਪਾਪ ਬਣ ਜਾਏਗਾ। ਬਾਕੀ ਸਾਰੀ ਜ਼ਿੰਦਗੀ ਦੇ ਅੰਦਰ ਸੱਚ ਦਾ ਉਚਾਰਨ ਕਰਨਾ ਹੈ, ਲਾਰਾ ਨਹੀਂ ਲਾਉਣਾ, ਗਲਤ ਗੱਲਾਂ ਨਹੀਂ ਕਰਨੀਆਂ।

ਤੀਸਰਾ ਹੋਇਆ ਕਰਦਾ ਹੈ ਚੋਰੀ, ਮਨ ਦੀ ਤੇ ਤਨ ਦੀ ਤੇ ਸਰੀਰਕ ਰੂਪ ਦੇ ਅੰਦਰ ਚੋਰੀ ਕਰਨੀ। ਕਿਸੇ ਦਾ ਧਨ ਚੋਰੀ ਕਰ ਲੈਣਾ, ਕਿਸੇ ਦਾ ਲੇਖ ਚੋਰੀ ਕਰ ਲੈਣਾ, ਕਿਸੇ ਦੀ ਵਿਦਿਆ ਨੂੰ ਆਪ ਨੋਟ ਕਰਕੇ ਦੂਜੇ ਨਾਲ ਜਾ ਕੇ ਬੋਲਣ ਲੱਗ ਜਾਣਾ। ਇਹ ਮਨ ਦੇ ਚੋਰ ਹੋਇਆ ਕਰਦੇ ਨੇ। ਚੌਥਾ ਹੋਇਆ ਕਰਦਾ ਕਿ –

***ਏਕਾ ਨਾਰੀ ਸਦਾ ਜਤੀ।***
***ਪਰ ਨਾਰੀ ਧੀ ਭੈਣ ਪਛਾਣੈ।***

ਇੱਕ ਆਪਣੀ ਇਸਤ੍ਰੀ ਤੋਂ ਬਗੈਰ, ਬਾਕੀ ਸਾਰਿਆਂ ਵੱਡਿਆਂ ਨੂੰ ਮਾਤਾ, ਬਰਾਬਰ ਦੀਆਂ ਨੂੰ ਭੈਣਾਂ, ਛੋਟੀਆਂ ਨੂੰ ਬੱਚੀਆਂ ਸਮਝਣਾ। ਪੰਜਵਾਂ

ਹੋਇਆ ਕਰਦਾ ਹੈ ਦੁਖ ਆ ਜਾਵੇ, ਸੁੱਖ ਆ ਜਾਵੇ, ਕਾਹਲੇ ਨਹੀਂ ਪੈਣਾ, ਧੀਰਜ ਰੱਖਣੀ। ਉਸ ਵੇਲੇ ਬੁਖਲਾਉਣਾ ਨਹੀਂ ਹੈ, ਕਿਸੇ ਦੇ ਗਲ ਨਹੀਂ ਪੈਣਾ, ਧੀਰਜ ਵਿਚ ਰਹਿਣਾ। ਛੇਵਾਂ ਹੋਇਆ ਕਰਦਾ ਹੈ, ਕੋਈ ਆਪਣਾ ਵਿਗਾੜ ਗਿਆ, ਉਹਦੇ 'ਤੇ ਖਿਮਾ ਕਰ ਦੇਣੀ।

ਇੱਕ ਵਾਰੀ ਮਹਾਰਾਜਾ ਰਣਜੀਤ ਸਿੰਘ ਜਾਂਦੇ ਨੇ, ਚੇਤ ਦਾ ਮਹੀਨਾ ਹੈ ਬੱਚੇ ਬੇਰੀ ਤੋਂ ਬੇਰ ਝਾੜ੍ਹਦੇ ਨੇ, ਇੱਟਾਂ ਮਾਰ-ਮਾਰ ਕੇ, ਵਿਚਾਲੇ ਕੰਧ ਹੈ, ਉਨ੍ਹਾਂ ਨੂੰ ਨਹੀਂ ਪਤਾ ਕਿ ਬਾਹਰ ਕੌਣ ਜਾ ਰਿਹਾ ਹੈ। ਇੱਕ ਬੱਚੇ ਨੇ ਇੱਟ ਮਾਰੀ ਉਹ ਜਾ ਕੇ ਮਹਾਰਾਜਾ ਰਣਜੀਤ ਸਿੰਘ ਦੇ ਮੋਢੇ 'ਤੇ ਲੱਗੀ। ਉਸ ਵੇਲੇ ਜਿਹੜਾ ਅੰਗਰਖਸ਼ਕ ਸੀ ਉਹ ਘਬਰਾ ਗਏ। ਇੱਕ ਦਮ ਉਹ ਦੌੜ ਕੇ ਆਏ। ਮਹਾਰਾਜ ਨੇ ਕਿਹਾ ਮਾਰਿਓ ਨਾ, ਕੁਛ ਨਾ ਕਹਿਓ। ਇੱਕ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ। ਇੱਕ ਰਾਜਾ ਦੁਨੀਆਂ 'ਚ ਇਤਿਹਾਸ 'ਚ ਐਸਾ ਹੋਇਆ ਹੈ, ਮਹਾਰਾਜਾ ਰਣਜੀਤ ਸਿੰਘ ਜਿਸਦਾ ਨਾਉਂ ਹੈ ਕਿ ਇਹਨੇ ਸਾਰੀ ਜ਼ਿੰਦਗੀ 'ਚ ਇੱਕ ਵੀ ਬੰਦੇ ਨੂੰ ਫਾਂਸੀ ਨਹੀਂ ਦਿਤੀ। ਕਿਹੋ ਜਿਹਾ ਮਾੜਾ ਸਮਾਂ ਸੀ, ਕਿੰਨੇ ਯੁੱਧ ਜੰਗ ਹੁੰਦੇ ਸੀ, ਲੇਕਿਨ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸਾਰੇ ਜੀਵਨ 'ਚ ਕਿਸੇ ਨੂੰ ਫਾਂਸੀ ਦੀ ਸਜ਼ਾ ਨਹੀਂ ਦਿਤੀ। ਰੋਟੀ ਖਾਣ ਜੋਗਾ ਛੱਡ ਦਿੱਤਾ ਉਹਨੂੰ। ਮਾਰਿਆ ਨਹੀਂ ਕੋਈ ਵੀ, ਇਹ ਰਿਕਾਰਡ ਹੈ। ਅੰਗਰੇਜ਼ ਵੀ ਲਿਖਦਾ ਹੈ ਕਿ ਇੱਕ ਰਣਜੀਤ ਸਿੰਘ ਹੈ ਜਿਹਨੇ ਰਾਜਾ ਹੁੰਦੇ ਹੋਏ ਵੀ ਕਿਸੇ ਬੰਦੇ ਨੂੰ ਨਹੀਂ ਮਾਰਿਆ। ਇੱਕ ਵੀ ਬੰਦਾ ਉਹਦੇ ਰਾਜ 'ਚ ਮਾਰਿਆ ਨਹੀਂ ਗਿਆ। ਸਮਝਾ ਕੇ ਕੋਲ ਰੱਖ ਲਿਆ, ਮਿੱਤਰ ਬਣਾ ਕੇ ਰੱਖ ਲਿਆ। ਸੋ ਜਦੋਂ ਇਹ ਗਏ, ਕੋਈ ਹੋਰ ਹੁੰਦਾ ਤਲਵਾਰ ਨਾਲ ਗਲ ਵੱਢ ਦਿੰਦੇ ਮੁੰਡਿਆਂ ਦਾ, ਮੁੰਡੇ ਫੜ ਲਿਆਂਦੇ। ਮਹਾਰਾਜਾ ਬੜੇ ਧੀਰਜ ਦੇ ਨਾਲ, ਗੁੱਸੇ ਨਹੀਂ ਹੋਇਆ, ਕਹਿਣ ਲੱਗਿਆ, ਕਾਕਾ! ਤੁਸੀਂ ਮੇਰੇ ਇੱਟ ਮਾਰੀ, ਮੈਂ ਤੁਹਾਡਾ ਕੁਛ ਵਿਗਾੜਿਆ ਹੈ? ਉਹ ਡਰੇ ਹੋਏ ਨੇ ਬੱਚੇ।

ਕਹਿੰਦਾ ਨਾ, ਡਰੋ ਨਾ।

ਬੇਟਾ! ਮੈਂ ਤਾਂ ਸਿਰਫ ਤੁਹਾਨੂੰ ਐਨੀਓ ਗੱਲ ਪੁੱਛਦਾ ਹਾਂ ਕਿ ਤੁਸੀਂ ਮੇਰੇ ਇੱਟ ਕਿਉਂ ਮਾਰੀ?

ਦੱਸੋ, ਜੇ ਮੈਂ ਕੁਛ ਵਿਗਾੜਿਆ ਹੈ ਤਾਂ ਮੈਂ ਠੀਕ ਕਰ ਦਿੰਦਾ ਹਾਂ।

ਕਿੱਡਾ ਚੰਗਾ ਰਾਜਾ ਸੀ ਸਾਧਸੰਗਤ ਜੀ! ਦਿਲਾਂ 'ਚ ਵੜ ਗਿਆ ਸੀ ਬੰਦਿਆਂ ਦੇ।

ਮੈਨੂੰ ਇੱਕ ਯੂ.ਪੀ. ਠਾਣੇਦਾਰ ਮਿਲਿਆ, ਮੇਰੀ ਕਾਰ 'ਚ ਜਾ ਰਿਹਾ ਸੀ, ਬਰੇਲੀ ਨੂੰ। ਉਹ ਕਹਿੰਦਾ, ਮੈਨੂੰ ਸਿੰਘ ਬੜੇ ਚੰਗੇ ਲਗਦੇ ਨੇ।

ਮੈਂ ਕਿਹਾ ਕੀ ਗੱਲ?

ਕਹਿੰਦਾ, ਮੇਰਾ ਜਿਹੜਾ ਪੜਦਾਦਾ ਸੀ, ਉਹ ਮਹਾਰਾਜਾ ਰਣਜੀਤ

ਸਿੰਘ ਦਾ ਜਰਨੈਲ ਸੀ।

ਕਹਿੰਦਾ, ਸਾਡੇ ਘਰ ਇੱਕ ਡਾਇਰੀ ਪਈ ਹੈ ਉਹਦੇ 'ਚ ਉਹਨੇ ਲਿਖਿਆ ਹੈ ਕਿ ਮੈਂ ਮਹਾਰਾਜਾ ਰਣਜੀਤ ਸਿੰਘ ਦਾ ਜਰਨੈਲ ਹੀ ਨਹੀਂ ਸੀ, ਮੈਂ ਉਹਦਾ ਮੁਰੀਦ ਵੀ ਸੀਗਾ। ਉਹਨੂੰ ਦਿਲੋਂ ਚਾਹੁੰਦਾ ਸੀ। ਉਹਦੇ 'ਚ ਇਹ ਲਿਖਦਾ ਹੈ ਕਿ ਕਾਲ ਪੈ ਗਿਆ, ਮਹਾਰਾਜ ਨੇ ਦਰਵਾਜ਼ੇ ਖੋਲ੍ਹ ਦਿਤੇ, ਅਨਾਜ ਦੇ ਕਿ ਚੁੱਕ ਲਓ ਕਿ ਜਿਸ ਤੋਂ ਚੁੱਕ ਹੁੰਦਾ ਹੈ, ਇੱਕ ਪੰਡ ਲੈ ਜਾਓ। ਕਹਿੰਦਾ, ਇੱਕ ਬਿਰਦ ਬੰਦਾ ਕੱਪੜਾ ਲੈ ਕੇ ਆਇਆ, ਉਹਨੇ ਦਾਣੇ ਐਨੇ ਪਾ ਲਏ ਜਿਹੜੇ ਉਸ ਤੋਂ ਚੁੱਕੇ ਨਹੀਂ ਸੀ ਜਾਂਦੇ। ਨਾਲ ਉਹਦਾ ਪੋਤਾ ਸੀ ਉਹ ਛੋਟਾ ਸੀ। ਸਰਦਾਰ ਲਹਿਣਾ ਸਿੰਘ ਨੇ ਸਟੋਰ ਬੰਦ ਕਰ ਦਿਤਾ ਤੇ ਕਹਿਣ ਲੱਗੇ ਕਿ ਬਾਬਾ! ਲੈ ਜਾ। ਕਹਿੰਦਾ, ਮੈਂ ਬਾਅਦ 'ਚ ਲੈ ਜਾਊਂਗਾ, ਤੁਸੀਂ ਸਟੋਰ ਬੰਦ ਕਰ ਦਿਓ। ਬਾਹਰ ਕਢਾ ਦਿਓ। ਬਾਹਰ ਕਢਾ ਦਿਤੀ ਕਣਕ।

ਕਹਿੰਦਾ, ਸਾਡੀ ਫਿਰਦੀ ਸੀ ਗਾਰਦ। ਅਸੀਂ ਦੇਖਿਆ ਕਿ ਇਹ ਬੂੜਾ ਹੈਗਾ, ਤੇ ਬਹੁਤੀ ਕਣਕ ਪਾਈ ਬੈਠਾ ਹੈ ਇਸ ਤੋਂ ਚੁੱਕ ਨਹੀਂ ਹੁੰਦੀ। ਕਹਿੰਦਾ ਅਸੀਂ ਉਥੋਂ ਘੋੜਿਆਂ 'ਤੇ ਤੁਰੇ, ਸ਼ਹਿਰ ਵਿਚ ਗਸ਼ਤ ਲਾਉਂਦੇ ਸੀ ਤੇ ਐਨੇ ਨੂੰ ਮਹਾਰਾਜਾ ਰਣਜੀਤ ਸਿੰਘ ਆਇਆ, ਕਹਿਣ ਲੱਗਿਆ ਬਾਬਾ! ਤੂੰ ਇੱਥੇ ਬੈਠਾ ਹੈਂ। ਕਹਿੰਦਾ, ਸਰਦਾਰਾ! ਪੰਡ ਭਾਰੀ ਹੈ, ਲਾਲਚ 'ਚ ਆ ਗਿਆ ਮੈਂ।

ਘਰ ਮੇਰਾ ਹੈ ਲਾਹੌਰ ਦੇ ਦੂਜੇ ਪਾਸੇ। ਚੁੱਕ ਨਹੀਂ ਮੇਰੇ ਤੋਂ ਹੁੰਦੀ। ਕਹਿੰਦਾ, ਲਿਆ ਪੰਡ ਬੰਨਾਂ, ਪੰਡ ਬੰਨਾ ਲਈ ਤੇ ਚੁੱਕ ਲਈ। ਗਰਮੀ-ਗਰਮੀ ਹੋ ਗਿਆ ਮਹਾਰਾਜ, ਭਾਰੀ ਪੰਡ ਤੇ ਜਦੋਂ ਘਰ ਦੇ ਕੋਲ ਪਹੁੰਚਿਆ ਤਾਂ ਬਜ਼ੁਰਗ ਕਹਿਣ ਲੱਗਿਆ, ਸਰਦਾਰ ਜੀ! ਇੱਕ ਗੱਲ ਮੇਰੀ ਤੁਸੀਂ ਮੰਨੋ, ਮੈਂ ਬੜਾ ਧੰਨਵਾਦੀ ਹੋਵਾਂਗਾ।

ਕਹਿੰਦੇ, ਕੀ?

ਕਹਿੰਦਾ, ਮੈਨੂੰ ਕਦੇ ਸਰਕਾਰ ਦੇ ਦਰਸ਼ਨ ਕਰਾਓ। ਮੈਂ ਕਦੇ ਮਹਾਰਾਜੇ ਦੇ ਦਰਸ਼ਨ ਨਹੀਂ ਕਰੇ।

ਉਹ ਕਹਿੰਦੇ, ਬਾਬਾ! ਕੋਈ ਨਹੀਂ ਕਦੇ ਨਾ ਕਦੇ ਹੋ ਹੀ ਜਾਣਗੇ।

ਐਨੇ ਨੂੰ ਉਹਦਾ ਘਰ ਆ ਗਿਆ, ਪੰਡ ਰੱਖ ਦਿਤੀ ਉਸਦੀ। ਜਦੋਂ ਮਹਾਰਾਜਾ ਰਣਜੀਤ ਸਿੰਘ ਘਰ 'ਚੋਂ ਨਿਕਲਿਆ ਪੰਡ ਰੱਖ ਕੇ। ਕਹਿੰਦੇ, ਓਨੇ ਨੂੰ ਅਸੀਂ ਉਥੇ ਪਹੁੰਚ ਗਏ। ਅਸੀਂ ਦੇਖਿਆ ਕਿ ਇਹ ਤਾਂ ਮਹਾਰਾਜ ਸਾਹਿਬ ਫਿਰਦੇ ਨੇ। ਭੇਸ ਬਦਲਾਇਆ ਹੋਇਆ ਹੈ ਇਨ੍ਹਾਂ ਨੇ। ਤੰਬਾ ਪਾਇਆ ਹੋਇਆ ਹੈ, ਮੰਡਾਸਾ ਬੰਨਿਆ ਹੋਇਆ ਹੈ। ਅਸੀਂ ਘੋੜਿਆ ਤੋਂ ਇਕ ਦਮ ਉੱਤਰ ਕੇ ਸਲਾਮੀ ਦਿਤੀ।

ਉਹ ਬਾਬਾ ਕੁਛ ਦਹਿਲ ਗਿਆ ਕਿ ਇਹ ਤਾਂ ਕੋਈ ਵੱਡਾ ਅਫਸਰ

ਹੈ।

ਕਹਿੰਦੇ, ਮੈਂ ਹੌਲੀ ਦੇ ਕੇ ਪੁਛਿਆ ਕਿ ਇਹ ਕੌਣ ਹੈ?

ਕਹਿੰਦੇ, ਇਹ ਤਾਂ ਮਹਾਰਾਜਾ ਰਣਜੀਤ ਸਿੰਘ ਨੇ।

ਕਹਿੰਦੇ, ਬਿਰਦ ਰੋ ਕੇ, ਡੱਡਿਆ ਕੇ ਚਰਨਾਂ 'ਤੇ ਗਿਰ ਗਿਆ।

ਕਹਿੰਦਾ, ਮਹਾਰਾਜ! ਤੂੰ ਐਨਾ ਚੰਗਾ ਇੱਕ ਗਰੀਬ ਦੇ ਵਾਸਤੇ ਪੰਡ ਚੁੱਕੀਂ ਆ ਗਿਆ।

ਉਹ ਡਾਇਰੀ 'ਚ ਲਿਖਿਆ ਹੋਇਆ ਹੈ ਕਿ ਜਦੋਂ ਇਹ ਗੱਲ ਮੈਂ ਬਾਬੇ ਤੋਂ ਸੁਣੀ ਸਾਰੀ, ਉਸ ਵੇਲੇ ਮੈਂ ਅੱਲਾ ਤਾਲਾ ਨੂੰ ਦੁਆ ਕਰੀ ਕਿ ਹੇ ਅੱਲਾਹ ਤਾਲਾ! ਮੇਰਾ ਜਿਹੜਾ ਸਰੀਰ ਹੈ ਏਸ ਰਾਜੇ ਦੀ ਸੇਵਾ 'ਚ ਲੱਗ ਜਾਵੇ। ਮੈਂ ਨੱਠਾਂ ਨਾ ਕਦੇ ਯੁੱਧ 'ਚੋਂ।

ਕਹਿੰਦਾ, ਉਹ ਡਾਇਰੀ ਜਦ ਮੈਂ ਪੜ੍ਹੀ, ਮੇਰੇ ਮਨ 'ਚ ਬੜਾ ਪਿਆਰ ਆਇਆ ਰਾਜੇ ਦਾ।

ਸੋ ਇਸ ਤਰ੍ਹਾਂ ਦੇ ਨਾਲ ਬੱਚਿਆਂ ਨੂੰ ਕਹਿਣ ਲੱਗਿਆ ਕਿ ਤੁਸੀਂ ਇੱਟ ਮਾਰੀ ਹੈ?

ਕਹਿੰਦੇ, ਅਸੀਂ ਤਾਂ ਬੇਰੀ ਦੇ ਮਾਰੀ ਹੈ।

ਕਹਿੰਦਾ, ਬੇਰੀ ਤੁਹਾਨੂੰ ਕੀ ਦਿੰਦੀ ਹੈ? ਕਹਿੰਦੇ, ਮਹਾਰਾਜ! ਬੇਰ ਗਿਰ ਪੈਂਦੇ ਨੇ ਅਸੀਂ ਖਾ ਲੈਂਦੇ ਹਾ। ਉਸ ਵੇਲੇ ਜਿਹੜਾ ਨਾਲ ਉਨ੍ਹਾਂ ਦਾ ਪ੍ਰਾਈਵੇਟ ਸੈਕਟਰੀ ਸੀ, ਉਹਨੂੰ ਬੁਲਾਇਆ। ਕਹਿੰਦੇ ਕਿ ਮੈਨੂੰ ਕੀ ਦੇਣਾ ਚਾਹੀਦਾ ਹੈ, ਮੇਰੇ ਇੱਟ ਮਾਰੀ ਹੈ।

ਕਹਿੰਦੇ, ਮਹਾਰਾਜ! ਅਸੀਂ ਤਾਂ ਕੁਛ ਨਹੀਂ ਕਹਿ ਸਕਦੇ।

ਕਹਿੰਦਾ ਚੰਗਾ। ਰਾਜੇ ਨੂੰ ਵੀ ਤਾਂ ਝੜਨਾ ਚਾਹੀਦਾ ਹੈ। ਬੁਰਹਾਨਪੁਰ ਤੇ ਬੁੱਢਣ ਪਿੰਡ ਦੋਵੇਂ ਇਸ ਮੁੰਡੇ ਨੂੰ ਜਗੀਰ ਦੇ ਵਿੱਚ ਲਿਖ ਦਿਓ।

ਸਾਧਸੰਗਤ ਜੀ! ਐਨੀ ਕਿਸੇ 'ਚ ਖਿਮਾ ਹੋ ਸਕਦੀ ਹੈ, ਐਨੀ ਧੀਰਜ ਕਿਸੇ ਬੰਦੇ 'ਚ ਹੋ ਸਕਦੀ ਹੈ? ਸੋ ਇਹ ਰਹਿਤ ਸੰਜਮ ਹੈ ਕਿ ਖਿਮਾ ਹੋਣੀ ਚਾਹੀਦੀ ਹੈ ਆਦਮੀ ਦੇ ਮਨ 'ਚ। ਸੱਤਵੀਂ ਹੁੰਦੀ ਹੈ, ਨਿਮਰਤਾ।

ਮੈਂ ਸੰਜਮ ਦਸਦਾ ਹਾਂ, ਪੱਥ ਦਸਦਾ ਹਾਂ ਕਿ ਨਾਮ ਦੀ ਦਾਰੂ ਕਿਵੇਂ ਲਗਦੀ ਹੈ। ਸੱਤਵੀਂ ਨਿਮਰਤਾ ਹੋਣੀ ਚਾਹੀਦੀ ਹੈ, ਹੰਕਾਰ ਨਹੀਂ ਹੋਣਾ ਚਾਹੀਦਾ। ਅੱਠਵਾਂ ਦਇਆ ਹੋਣੀ ਚਾਹੀਦੀ ਹੈ, ਨੌਵਾਂ ਕੋਮਲ ਹਿਰਦਾ ਹੋਣਾ ਚਾਹੀਦਾ ਹੈ, ਦੂਜੇ ਦਾ ਦੁੱਖ ਦੇਖ ਕੇ ਆਪਣੀਆਂ ਅੱਖਾਂ 'ਚ ਪਾਣੀ ਆ ਜਾਣਾ। ਦਸਵਾਂ ਖਾਣ ਪੀਣ ਦੀ ਪਵਿੱਤਰਤਾ ਹੋਣੀ ਚਾਹੀਦੀ ਹੈ, ਸਰੀਰ ਦੀ ਪਵਿੱਤਰਤਾ, ਵਸਤਰਾਂ ਦੀ ਪਵਿੱਤਰਤਾ, ਬਚਨ ਦੀ ਪਵਿੱਤਰਤਾ, ਮਨ ਦੀ ਪਵਿੱਤਰਤਾ, ਬੁੱਧੀ ਦੀ ਪਵਿੱਤਰਤਾ, ਗਿਆਰ੍ਹਵਾਂ ਇਹਦੇ 'ਚ ਤਪ

ਹੋਣਾ ਚਾਹੀਦਾ ਹੈ। ਬਾਰ੍ਹਵਾਂ ਸੇਵਾ ਦਾ ਭਾਵ ਹੋਣਾ ਚਾਹੀਦਾ ਹੈ, ਤੇਰ੍ਹਵਾਂ ਹਰ ਵਕਤ ਇੰਦਰੀਆਂ 'ਤੇ ਪਹਿਰਾ ਹੋਵੇ –

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਅੰਗ – 274***

ਅੱਖਾਂ ਕਦੇ ਵੀ ਬੇਗਾਨਾ ਰੂਪ ਨਾ ਤੱਕਣ।

***ਕਰਨ ਨ ਸੁਨੈ ਕਾਹੂ ਕੀ ਨਿੰਦਾ ॥ ਅੰਗ – 274***

ਜਿਹੜੇ ਕੰਨ ਨੇ ਇਹ ਕਿਸੇ ਦੀ ਨਿੰਦਿਆ ਨਾ ਸੁਣਨ। ਏਸੇ ਤਰ੍ਹਾਂ ਸਾਰੀਆਂ ਇੰਦਰੀਆਂ, ਹੱਥ ਮਾੜੇ ਕੰਮ ਨਾ ਕਰਨ, ਪੈਰ ਮਾੜੇ ਥਾਉਂ ਤੁਰ ਕੇ ਨਾ ਜਾਣ। ਚੌਦਵਾਂ ਸੰਤੋਖ ਹੋਣਾ ਚਾਹੀਦਾ ਹੈ 'ਯਥਾ ਲਾਭ ਸੰਤੁਸ਼ਟੇ'। ਮਿਹਨਤ ਕਰੋ ਜੀਅ ਭਰਕੇ, ਜੋ ਕੁਛ ਆ ਗਿਆ ਉਸ 'ਤੇ ਸੰਤੁਸ਼ਟ ਰਹਿਣਾ। ਫੇਰ ਅੱਖਾਂ 'ਤੇ ਸੰਤੋਖ, ਮਨ 'ਤੇ ਸੰਤੋਖ, ਬੋਲਣ 'ਤੇ ਸੰਤੋਖ। ਪੰਦਰਵਾਂ ਬੁੱਧ ਵਿਚ ਪੱਕਾ ਨਿਹਚਾ ਗੁਰੂ ਦਾ ਹੋਣਾ ਚਾਹੀਦਾ ਹੈ ਕਿ ਗੁਰੂ ਮੇਰੇ ਨਾਲ ਹੈ –

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥***
***ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥ ਅੰਗ – 394***

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥***
***ਅੰਗ – 677***

ਸੋਲਵਾਂ ਦਾਨ ਦੀ ਬਿਰਤੀ ਹੋਣੀ ਚਾਹੀਦੀ ਹੈ। ਜੇ ਥੋੜ੍ਹਾ ਹੈ ਥੋੜ੍ਹੇ 'ਚੋਂ ਦਾਨ ਕਰੋ, ਬਹੁਤਾ ਹੈ ਬਹੁਤ 'ਚੋਂ ਕਰੋ। ਗੁਰੂ ਦਾ ਦਸਵੰਧ ਜ਼ਰੂਰ ਕੱਢੋ। ਜਿਹੜਾ ਕਿਸਾਨ ਇਹ ਸੌ ਰੁਪਈਏ ਦੀ ਬੱਚਤ ਪਿੱਛੇ ਇੱਕ ਰੁਪਈਆ ਗੁਰੂ ਦਾ ਕੱਢੇ। ਇਹਦਾ ਦਸਵੰਧ ਬਣ ਜਾਂਦਾ ਹੈ ਫੇਰ। ਜਿਹੜਾ ਦੁਕਾਨਦਾਰ ਹੈ, ਜੇ 35% ਨਫਾ ਲੈਂਦਾ ਹੈ ਤਾਂ ਢਾਈ ਰੁਪਈਏ ਕੱਢੇ। ਜੇ 25 ਲੈਂਦਾ ਹੈ ਤਾਂ ਡੇਢ ਕੱਢੇ ਸੌ ਰੁਪਈਏ ਦੀ ਬੱਚਤ 'ਤੇ। ਗੋਲਕ ਲਾ ਕੇ ਰੱਖੇ ਤੇ ਪੈਸਾ ਗੁਰੂ ਦਾ ਪਾਈ ਜਾਵੇ।

ਸਤਾਰਵਾਂ ਹੁੰਦਾ ਹੈ ਕਿ ਜੋ ਗੁਰੂ ਗ੍ਰੰਥ ਸਾਹਿਬ ਦੇ ਬਚਨ ਨੇ ਉਨ੍ਹਾਂ ਨੂੰ ਹਿਰਦੇ 'ਚ ਧਾਰਨ ਕਰਨਾ, ਪੱਕੀ ਤਰ੍ਹਾਂ ਨਾਲ ਮੰਨਣਾ ਸ਼ੁਰੂ ਕਰ ਦੇਣਾ।

ਅਠਾਰਵਾਂ ਹੁੰਦਾ ਹੈ ਜਿਵੇਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕਹਿੰਦੀ ਹੈ, ਉਸ ਤਰ੍ਹਾਂ ਦਾ ਜੀਵਨ ਬਣਾ ਲੈਣਾ। ਉਨੀਵਾਂ ਹੁੰਦਾ ਹੈ ਨਿਤਨੇਮ 'ਚ ਪੂਰੇ ਰਹਿਣਾ। ਵੀਹਵਾਂ ਹੁੰਦਾ ਹੈ ਭੁੱਖੇ ਨੂੰ ਪ੍ਰਸ਼ਾਦਾ, ਗੁਰੂ ਘਰ 'ਚ ਅੰਨ੍ਹ ਦੇਣਾ। ਉਥੇ ਪ੍ਰਸ਼ਾਦੇ ਬਣਦੇ ਨੇ, ਲੰਗਰ ਚਲਦਾ ਹੈ, ਲੰਗਰ 'ਚ ਆਪੇ ਹੀ ਚਲਿਆ ਜਾਂਦਾ।

ਇੱਕੀਵਾਂ ਹੁੰਦਾ ਹੈ, ਆਪਣੇ ਆਪ ਨੂੰ ਨੀਵਾਂ ਸਮਝਣਾ, ਹੰਕਾਰੀ ਨਾ ਹੋਣਾ ਤੇ ਨੀਵਾਂ ਸਮਝ ਕੇ ਕਿਸੇ ਦੀ ਨਿੰਦਿਆਂ ਨਹੀਂ ਕਰਨੀ, ਚੁਗਲੀ ਨਹੀਂ ਕਰਨੀ, ਈਰਖਾ ਨਹੀਂ ਕਰਨੀ। ਸੋ ਇਹ ਪੱਥ ਨੇ।

ਆਹ ਸਾਰੇ ਪੱਥ ਰੱਖ ਲਓ, ਕੋਈ ਦੁਨੀਆਂ ਦੀ ਬੀਮਾਰੀ ਆਦਮੀ ਦੇ ਨੇੜੇ ਨਹੀਂ ਰਹੇਗੀ। ਸੋ ਮਹਾਰਾਜ ਕਹਿੰਦੇ -

***ਹਰਿ ਅਉਖਧੁ ਸਭ ਘਟ ਹੈ ਭਾਈ ॥***
***ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥***
***ਗੁਰਿ ਪੂਰੈ ਸੰਜਮੁ ਕਰਿ ਦੀਆ ॥***
***ਨਾਨਕ ਤਉ ਫਿਰਿ ਦੂਖ ਨ ਥੀਆ ॥*** ***ਅੰਗ - 259***

ਜਿੰਨਾਂ ਚਿਰ ਗੱਲ ਨਹੀਂ ਮੰਨਦੇ, ਓਨਾਂ ਚਿਰ ਵਿਧੀ ਨਹੀਂ ਹੁੰਦੀ। ਜਦੋਂ ਗੁਰੂ ਨੇ ਸੰਜਮ ਦਸ ਦਿਤਾ। ਪੱਥ ਦਸ ਦਿਤਾ, ਫੇਰ ਦੁੱਖ ਨਹੀਂ ਹੋਇਆ ਕਰਦਾ।

***ਨਾਮੁ ਅਉਖਧੁ ਮੋ ਕਉ ਸਾਧੂ ਦੀਆ ॥***
***ਕਿਲਬਿਖ ਕਾਟੇ ਨਿਰਮਲੁ ਥੀਆ ॥***
***ਅਨਦੁ ਭਇਆ ਨਿਕਸੀ ਸਭ ਪੀਰਾ***
***ਸਗਲ ਬਿਨਾਸੇ ਦਰਦਾ ਜੀਉ ॥***

***ਅੰਗ - 101***

ਸਾਰੇ ਦਰਦਾਂ ਦਾ ਖਾਤਮਾ ਹੋ ਗਿਆ।

ਕਈ ਪ੍ਰੇਮੀਆਂ ਦੇ ਮਨ ਵਿਚ ਸ਼ੱਕ ਹੁੰਦਾ ਹੈ ਕਿ ਇਹ ਜਿਹੜੀ ਗੱਲ ਬਾਬਾ ਜੀ ਕਰੀ ਜਾਂਦਾ ਹੈ, ਕੀ ਇਹ ਸੱਚ ਵੀ ਹੈ।

ਮੈਂ ਤੁਹਾਨੂੰ ਇੱਕ ਮਿਸਾਲ ਦੇਣੀ ਹੈ, ਹਜ਼ਾਰਾਂ ਮਿਸਾਲਾਂ 'ਚੋਂ। ਸਿਰਫ ਸਰੀਰਕ ਬਿਮਾਰੀ ਦੀ। ਸਾਡੇ ਕੋਲ ਇੱਕ ਬੀਬੀ ਆਈ, ਮੋਹਾਲੀ ਦੀ। ਸੂਬੇਦਾਰ ਦੇ ਘਰੋਂ ਸੀ, ਪੜ੍ਹੀ ਲਿਖੀ ਸੀ। ਉਹਦੀਆਂ ਅੱਖਾਂ ਬੰਦ ਹੋ ਗਈਆਂ ਦੋਵੇਂ, ਬੜੀ ਕਰਦੀ ਰਹੀ ਕਿ ਮੇਰੀਆ ਅੱਖਾਂ ਬੰਦ ਹੋ ਗਈਆਂ।

ਮੈਂ ਕਿਹਾ, ਬੀਬੀ! ਹੋਰ ਵੀ ਕੋਈ ਬੀਮਾਰੀ ਹੈ?

ਕਹਿੰਦੀ, ਪੁੱਛੋ ਹੀ ਨਾ।

ਮੇਰਾ ਤਾਂ ਸਰੀਰ ਹੈ ਹੀ ਬਿਮਾਰੀਆਂ ਦਾ। ਮੈਂ ਕਿਹਾ ਚੰਗਾ, ਤੂੰ ਇਸ ਤਰ੍ਹਾਂ ਕਰ, ਇੱਕ ਗੁਰੂ ਘਰ ਦੀ ਸੇਵਾ ਕਰ ਤੇ ਜਪੁਜੀ ਸਾਹਿਬ ਦੇ ਪਾਠ ਕਰ। ਜੇ ਬਾਬਾ ਜੀ ਕਹਿੰਦਾ ਹੈ ਤਾਂ ਉਹ ਕਿਸੇ ਭਰੋਸੇ 'ਤੇ ਹੀ ਕਹਿੰਦਾ ਹੈ, ਕਿਸੇ ਦਾ ਹੋ ਕੇ। ਆਪਣੇ ਵਲੋਂ ਨਹੀਂ ਕਹਿੰਦਾ। ਵਿਸ਼ਵਾਸ਼ ਹੈ ਕਿ ਬਾਣੀ ਪੜ੍ਹਨ ਨਾਲ ਕੋਈ ਬਿਮਾਰੀ ਨਹੀਂ ਰਹਿ ਸਕਦੀ। ਵੱਡੇ-ਵੱਡੇ ਤੋਂ ਵੱਡਾ ਦੁੱਖ ਤੇ ਸੰਕਟ ਦੂਰ ਹੋ ਜਾਂਦਾ ਹੈ। ਜਿੱਥੇ ਕਿਸੇ ਬੰਦੇ ਦਾ ਹੱਥ ਨਾ ਪਹੁੰਚੇ, ਉਥੇ ਬਾਣੀ ਦਾ ਹੱਥ ਪਹੁੰਚਦਾ ਹੈ। ਦੱਸ ਦਿਤਾ ਉਹਨੂੰ।

ਰਤਵਾੜਾ ਸਾਹਿਬ ਆ ਗਈ, ਇੱਕ ਸਾਲ ਲੰਘ ਗਿਆ। ਪਹਿਲੇ ਮਹੀਨੇ ਦੇ ਅੰਦਰ ਉਸਨੂੰ 240 ਬਲੱਡ ਪਰੈਸ਼ਰ, 240 ਬਲੱਡ ਸ਼ੂਗਰ। 240 ਬਲੱਡ ਤੋਂ ਉੱਪਰ ਜੇ ਵੱਧ ਜਾਵੇ, ਤਾਂ ਦਿਮਾਗ ਦੀ ਨਾੜੀ ਫਟ ਜਾਂਦੀ ਹੈ। 240 ਬਲੱਡ ਸ਼ੂਗਰ ਦੇ ਵਿਚ ਜੇ ਜ਼ਖਮ ਹੋ ਜਾਏ, ਕਦੇ ਰਾਜ਼ੀ ਨਹੀਂ ਹੁੰਦਾ ਮੁੜ ਕੇ। ਸਰੀਰ ਗਲਣਾ ਸ਼ੁਰੂ ਹੋ ਜਾਂਦਾ ਹੈ। ਪਹਿਲੇ ਮਹੀਨੇ

'ਚ ਜਾ ਕੇ ਉਹਨੇ ਡਾਕਟਰ ਨੂੰ ਦਿਖਾਇਆ, ਵੀਹ ਦਿਨ ਬਾਅਦ ਉਹਦੀਆਂ ਅੱਖਾਂ 'ਚ ਜੋਤੀ ਆ ਗਈ। ਖੁਲ੍ਹ ਗਈ ਅੱਖ, ਪੀ.ਜੀ.ਆਈ ਗਈ, ਜਾ ਕੇ ਕਾਰਡ ਦਿਖਾਇਆ।

ਡਾ. ਕਹਿਣ ਲੱਗੇ ਕਿ ਤੇਰਾ ਤਾਂ ਬਲੱਡ ਪਰੈਸ਼ਰ ਵੀ ਠੀਕ ਹੋ ਗਿਆ, ਬਲੱਡ ਸ਼ੂਗਰ ਵੀ ਠੀਕ ਹੋ ਗਈ। ਦਵਾਈ ਕੀ ਲਈ ਹੈ ਤੂੰ?

ਉਹ ਕਹਿੰਦੀ ਦਵਾਈ ਤਾਂ ਕੋਈ ਨਹੀਂ ਲਈ, ਲੰਗਰ ਦੇ ਪ੍ਰਸ਼ਾਦੇ ਛਕਦੀ ਸੀ, ਰੋਜ਼ ਪਾਠਾਂ ਦਾ ਭੋਗ ਪੈਂਦਾ ਹੈ, ਕੜਾਹ ਪ੍ਰਸ਼ਾਦ ਮਿਲਦਾ ਹੈ। ਪ੍ਰਸ਼ਾਦਿਆਂ ਤੋਂ ਬਾਅਦ ਗੁੜ ਵੀ ਵੰਡਦੇ ਨੇ, ਗਰਮੀ ਦਾ ਮਹੀਨਾ ਸੀ। ਉਹ ਕਹਿੰਦਾ, ਬੀਬੀ! ਇਹ ਤਾਂ ਸਭ ਸ਼ੂਗਰ ਕਰਨ ਵਾਲੀਆਂ ਨੇ। ਕਹਿੰਦੇ, ਉਥੇ ਕੋਈ ਸ਼ੂਗਰ ਨਹੀਂ ਹੋਈ। ਮੈਂ ਸੱਚ ਬੋਲਦੀ ਹਾਂ। ਪੱਥਰੀ ਸੀ ਉਹਦੇ ਗੁਰਦੇ 'ਚ, ਨੌਂ ਮਹੀਨੇ ਤੋਂ ਬਾਅਦ ਪੱਥਰੀ ਨਿਕਲ ਗਈ ਤਿੰਨ ਟੁਕੜੇ ਹੋ ਕੇ। ਕਾਗਜ਼ ਚੁੱਕ ਕੇ ਲਿਆਈ ਮੇਰੇ ਕੋਲ, ਮੈਂ ਅਮਰੀਕਾ ਨੂੰ ਜਾ ਰਿਹਾ ਸੀ। ਕਹਿੰਦੀ, ਵੀਰ ਜੀ! ਆਹ ਦੇਖਿਓ। ਵੀਰ ਜੀ ਕਹਿੰਦੀ ਸੀ ਮੈਨੂੰ।

ਮੈਂ ਕਿਹਾ, ਕੀ ਹੈ?

ਕਹਿੰਦੀ, ਆਹ ਪੱਥਰੀ ਨਿਕਲ ਗਈ।

ਮੈਂ ਕਿਹਾ, ਫੇਰ ਤਾਂ ਬਹੁਤ ਵਧੀਆ ਹੋ ਗਿਆ, ਹੁਣ ਕਿੰਨੀਆਂ ਕੁ ਬੀਮਾਰੀਆਂ ਰਹਿ ਗਈਆਂ?

ਕਹਿੰਦੀ, ਹੁਣ ਇੱਕ ਤਾਂ ਮੇਰੀ ਅੱਖ ਬੰਦ ਰਹਿ ਗਈ ਖੱਬੀ। ਇੱਕ ਮੇਰੇ ਪੇਟ ਵਿਚ ਰਸੌਲੀ ਹੈ, ਇੱਕ ਮੇਰੇ ਰੀੜ ਦੀ ਹੱਡੀ 'ਚ crack ਆਇਆ ਹੋਇਆ ਹੈ। ਡਾਕਟਰ ਕਹਿੰਦੇ, ਤੈਨੂੰ ਅਧਰੰਗ ਹੋ ਜਾਏਗਾ। ਮੈਂ ਕਿਹਾ, ਤੂੰ ਤੱਕੜੀ ਹੋ ਕੇ ਲੱਗੀ ਰਹਿ। ਜਦੋਂ ਮੈਂ ਆਇਆ ਵਾਪਸ ਜਨਵਰੀ 'ਚ। ਉਹ ਕਹਿੰਦੀ, ਵੀਰ ਜੀ ਅੱਖ ਦੇ ਵਿਚ ਰੌਸ਼ਨੀ ਤਾਂ ਆਈ ਨਹੀਂ ਹੈ। ਮੈਂ ਹੁਣ ਕਾਣੀ ਜਾਵਾਂਗੀ। ਮੈਂ ਕਿਹਾ, ਨਹੀਂ ਹੁਣ ਚਾਰ ਮਹੀਨੇ ਹੋਰ ਰਹਿ। ਜਨਵਰੀ ਦੇ ਮਹੀਨੇ ਉਹਦੀ ਦੂਜੀ ਅੱਖ ਖੁਲ੍ਹ ਗਈ। ਬੜੀਆਂ ਖੁਸ਼ੀਆਂ ਹੋ ਗਈਆਂ। ਡਾਕਟਰ ਕਹਿੰਦੇ ਸੀ ਤੇਰੀ ਅੱਖ ਖੁਲ੍ਹ ਹੀ ਨਹੀਂ ਸਕਦੀ, ਪਿਚਕ ਗਈਆਂ ਨਾੜਾਂ। ਇਹ ਅੱਖ ਤੋਂ ਨਹੀਂ ਦਿਸਣਾ। ਉਸ ਤੋਂ ਬਾਅਦ ਉਹਨੇ ਜਾ ਕੇ ਰਸੌਲੀ ਦਿਖਾਈ, ਰਸੌਲੀ ਹੈ ਹੀ ਨਹੀਂ। ਰੀੜ ਦੀ ਹੱਡੀ ਦਾ ਐਕਸਰੇ ਕਰਾਇਆ, ਉਹ crack ਵੀ ਨਹੀਂ ਰਿਹਾ। ਫੇਰ ਕਾਹਲੀ ਪੈ ਗਈ ਉਹ। ਮੈਂ ਕਿਹਾ, ਬੀਬੀ! ਚਾਰ ਮਹੀਨੇ ਰਹਿ। ਦੋ ਮਹੀਨੇ ਮੁਸ਼ਕਲ ਨਾਲ ਰਹੀ। ਚੌਦਾਂ ਮਹੀਨੇ ਦੇ ਅੰਦਰ ਰਾਜ਼ੀ ਹੋ ਕੇ ਗਈ।

ਫੇਰ ਅਜੀਬ ਗੱਲ ਇਹ ਵੀ ਸੀ ਕਿ ਐਨਕ ਦਾ ਸਾਢੇ ਤਿੰਨ ਨੰਬਰ ਲੱਗਿਆ ਹੋਇਆ ਸੀ, ਜਦੋਂ ਅੱਖਾਂ ਬੰਦ ਹੋਈਆਂ ਤੇ ਮਹਾਰਾਜ ਜੀ ਨੇ ਜਦੋਂ ਅੱਖਾਂ ਦਿੱਤੀਆਂ, ਐਨਕ ਲੱਗੀ ਹੀ ਨਹੀਂ।

ਸੋ ਮਹਾਰਾਜ ਕਹਿੰਦੇ, ਪ੍ਰੇਮੀਓ! ਇਸ ਗੱਲ ਦੇ ਉੱਤੇ ਸ਼ੱਕ ਨਾ ਕਰਿਓ। ਇਹ ਤਾਂ ਜੇ ਨਾਮ ਦੀ ਅਉਖਦ ਕੋਈ ਖਾ ਲਏ, ਉਹਦੇ ਇੱਕ ਰੋਗ ਨਹੀਂ, ਸਾਰੇ ਦੁੱਖਾਂ ਦਾ ਖਾਤਮਾ ਹੋ ਜਾਇਆ ਕਰਦਾ ਹੈ –

***ਸਰਬ ਰੋਗ ਕਾ ਅਉਖਦੁ ਨਾਮੁ ॥***
***ਕਲਿਆਣ ਰੂਪ ਮੰਗਲ ਗੁਣ ਗਾਮ ॥ ਅੰਗ – 274***

ਸੋ ਜਦੋਂ ਐਡੀ ਚੀਜ਼ ਸਾਡੇ ਕੋਲ ਪਈ ਹੈ –

***ਨਾਨਕ ਕੈ ਘਰਿ ਕੇਵਲ ਨਾਮੁ ॥ ਅੰਗ – 1136***

ਗੁਰੂ ਨਾਨਕ ਦੇ ਘਰ ਕੇਵਲ ਨਾਮ ਦੀ ਦੁਕਾਨ ਖੁਲ੍ਹੀ ਹੋਈ ਹੈ। 1430 ਪੰਨੇ ਵਿਚ ਨਾਮ ਦੀ ਸੋਝੀ ਪੈਂਦੀ ਹੈ। ਫੇਰ ਜੇ ਅਸੀਂ ਨਾਮ ਦੀ ਦਾਰੂ ਲੈਂਦੇ ਨਹੀਂ, ਫੇਰ ਤਾਂ ਬੜੀ ਔਖੀ ਗੱਲ ਹੈ। ਕਹਿੰਦੇ, ਜੀ ਫੇਰ ਨਾਮ ਦੀ ਦਾਰੂ ਮਿਲਦੀ ਕਿਥੋਂ ਹੈ।

ਮਹਾਰਾਜ ਫੁਰਮਾਨ ਕਰਦੇ ਨੇ ਕਿ –

***ਜਿਸੁ ਵਖਰ ਕਉ ਲੈਨਿ ਤੂ ਆਇਆ ॥***
***ਰਾਮ ਨਾਮੁ ਸੰਤਨ ਘਰਿ ਪਾਇਆ ॥ ਅੰਗ – 283***

ਗੁਰੂ ਕੋਲ ਹੈ ਨਾਮ। ਹੋਰ ਕਿਤੋਂ ਨਹੀਂ ਇਹ ਨਾਮ ਮਿਲਦਾ।

***ਧਾਰਨਾ – ਨਾਮ ਪੂਰਿਆਂ ਗੁਰਾਂ ਤੋਂ ਮਿਲਦੈ,***
***ਸਿਧ ਸਾਧਕ ਫਿਰਦੇ ਟੋਲ੍ਹਦੇ।***

ਮਹਾਰਾਜ ਫੁਰਮਾਨ ਕਰਦੇ ਨੇ ਕਿ ਇਹ ਨਾਮ ਜਦੋਂ ਤੋਂ ਸੰਸਾਰ ਬਣਿਆ ਹੈ, ਉਸ ਵੇਲੇ ਤੋਂ ਹੀ ਇਹਦੀ ਖੋਜ ਸ਼ੁਰੂ ਹੋਈ-ਹੋਈ ਹੈ। ਇਹਨੂੰ ਹੀ ਅੰਮ੍ਰਿਤ ਕਹਿੰਦੇ ਨੇ –

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ***
***ਅੰਮ੍ਰਿਤੁ ਗੁਰਮਤਿ ਪਾਏ ਰਾਮ ॥***
***ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ***
***ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥ ਅੰਗ – 538***

ਸੋ ਇਹ ਜਿਹੜੀ ਚੀਜ਼ ਹੈ ਇਹਨੂੰ ਦੇਵਤੇ ਵੀ ਖੋਜਦੇ ਨੇ, ਨਾਮ ਮਿਲਿਆ ਨਹੀਂ ਕਿਸੇ ਨੂੰ।

***ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ***
***ਸੁ ਅੰਮ੍ਰਿਤੁ ਗੁਰ ਤੇ ਪਾਇਆ ॥ ਅੰਗ – 918***

ਸਮਰੱਥ ਗੁਰੂ ਤੋਂ ਮਿਲਦਾ ਹੈ। ਸਮਰੱਥ ਗੁਰੂ ਦੀ ਨਿਸ਼ਾਨੀ ਵੀ ਹੁੰਦੀ ਹੈ ਕੋਈ? ਕਹਿੰਦੇ, ਸਮਰੱਥ ਗੁਰੂ ਜਿਹੜਾ ਹੈ –

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।***
***ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।***
***ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।***

***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।***

***ਭਾਈ ਗੁਰਦਾਸ ਜੀ, ਵਾਰ 34/1***

ਉਸ ਵੇਲੇ ਵਾਪਸ ਆ ਗਿਆ ਮਹਾਂਪੁਰਸ਼ਾਂ ਦੇ ਕੋਲ, ਮਹਾਂਪੁਰਸ਼ ਕਹਿੰਦੇ ਕਿ ਇਹ ਲਿੱਦ ਅੱਜ ਲੈ ਜਾ, ਨਹੀਂ ਤਾਂ ਫੇਰ ਵੱਧ ਜਾਣੀ ਹੈ।

ਕੱਲ੍ਹ ਨੂੰ ਜਦੋਂ ਆਵੇਂਗਾ, ਇਹ ਇੱਕ ਉਂਜਲ ਨਹੀਂ ਹੋਣਾ, ਲੱਖ ਉਂਜਲ ਹੋਣਾ ਹੈ।

ਕਹਿਣ ਲੱਗਿਆ, ਮਹਾਰਾਜ! ਮੈਂ ਲਿੱਦ ਖਾਵਾਂਗਾ ਕਿਵੇਂ, ਕਹਿੰਦੇ ਤੂੰ ਇਹਨੂੰ ਜਾਲ ਲੈ, ਜਾਲ ਕੇ ਕੱਪੜਛਾਣ ਕਰ ਲੈ। ਚੂਰਣ ਦੇ ਵਿਚ ਮਿਲਾ ਲੈ, ਰੋਟੀ ਤੋਂ ਬਾਅਦ ਹੌਲੀ-ਹੌਲੀ ਖਾਈ ਜਾਹ, ਵੱਡਾ ਮਰਤਬਾਨ ਬਣਾ ਲੈ ਤੇ ਇਹ ਖਾਧੀ ਵੀ ਜਾਊ ਤੇ ਤੈਨੂੰ ਪਤਾ ਵੀ ਨਹੀਂ ਲੱਗਣਾ। ਉਸ ਵੇਲੇ ਏਸ ਨੇ ਇਵੇਂ ਜਿਵੇਂ ਕਰਕੇ ਜਦੋਂ ਚੂਰਣ ਬਣਾਇਆ, ਮਹਾਤਮਾ ਕਹਿਣ ਲੱਗੇ ਕਿ ਦੇਖ, ਅਸੀਂ ਤੇਰੇ ਤੋਂ ਮੰਗ ਕੇ ਲਿਆਏ ਸੀ, ਹੁਣ ਤੂੰ ਸਾਡੇ ਤੋਂ ਭਿੱਖਿਆ 'ਚ ਮੰਗ। ਉਸ ਵੇਲੇ ਇਹਨੇ ਪੱਲਾ ਅੱਡਿਆ, ਕਹਿੰਦਾ ਮਹਾਰਾਜ! ਮੇਰੇ ਪੱਲੇ 'ਚ ਭਿੱਖਿਆ ਪਾਓ। ਉਸ ਵੇਲੇ ਮਹਾਤਮਾ ਨੇ ਉਂਜਲ ਭਰ ਕੇ ਪਾ ਦਿਤੀ। ਜਦੋਂ ਘਰ ਆ ਕੇ ਇਸ ਤਰ੍ਹਾਂ ਕੀਤਾ, ਜਦੋਂ ਰੋਟੀ ਤੋਂ ਬਾਅਦ ਇਹ ਖਾਂਦਾ ਹੈ ਰੋਜ਼ ਚੂਰਣ ਦੀਆਂ ਗੋਲੀਆਂ ਇਹਨੂੰ ਪਤਾ ਹੈ ਕਿ ਇਹਦੇ ਵਿਚ ਲਿੱਦ ਹੈ, ਮਹਾਰਾਜ ਕਹਿੰਦੇ ਦੇਖੋ, ਐਡਾ ਵੱਡਾ ਰਾਜਾ -

***ਅਜੈ ਸੁ ਰੋਵੈ ਭੀਖਿਆ ਖਾਇ ॥ ਅੰਗ - 953***

ਜਦੋਂ ਭਿੱਖਿਆ ਮੰਗ ਕੇ ਖਾਣੀ ਪਈ ਲਿੱਦ ਦੀ, ਉਹ ਰੋਂਦਾ ਹੈ। ਸੋ ਮਹਾਰਾਜ ਕਹਿਣ ਲੱਗੇ, ਵੈਦ ਜੀ! ਦੇਖੋ, ਨਿੰਦਿਆ ਕਿੱਡੀ ਮਾੜੀ ਚੀਜ਼ ਹੈ। ਬੇਗਾਨੇ ਜਿਹੜੇ ਅਵਗੁਣ ਨੇ ਮੂੰਹ ਦੇ ਨਾਲ ਸਾਫ ਕਰਦਾ ਹੈ, ਜਿਹੜਾ ਮਲਮੂਤਰ ਹੈ, ਕਰਮਚਾਰੀ ਝਾੜੂ ਦੇ ਨਾਲ ਉਹਦੀ ਮਲਮੂਤਰ ਚੁੱਕਦਾ ਹੈ ਪਰ ਨਿੰਦਕ ਜਿਹੜਾ ਹੈ ਇਹ ਮੂੰਹ ਨਾਲ ਸਫਾਈ ਕਰਦਾ ਹੈ। ਇਸ ਕਰਕੇ -

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥ ਅੰਗ - 755***

ਅਰ ਉਹ ਕਿਸੇ ਥਾਂ ਨਹੀਂ ਪਹੁੰਚਦਾ -

***ਪਹੁਚਿ ਨ ਸਾਕੈ ਕਾਹੂ ਬਾਤੈ ਆਗੈ ਠਉਰ ਨ ਪਾਇਆ ॥***

***ਅੰਗ - 380***

ਫੇਰ ਮਹਾਰਾਜ ਕਹਿਣ ਲੱਗੇ, ਦੇਖੋ ਵੈਦ ਜੀ, ਦੂਸਰਾ ਰੋਗ ਹੋਇਆ ਕਰਦਾ ਹੈ ਈਰਖਾ ਦਾ। ਆਦਮੀ ਨੂੰ ਪਤਾ ਨਹੀਂ ਕਿ ਮੈਂ ਕਿਸੇ ਨਾਲ ਈਰਖਾ ਕਰਦਾ ਹਾਂ। ਕਰਮ ਕਰਦਾ ਹੈ, ਧਰਮ ਕਰਦਾ ਹੈ, ਦਾਨ ਕਰਦਾ ਹੈ। ਤੀਰਥ ਯਾਤਰਾ ਕਰਦਾ ਹੈ, ਸ਼ੁਭ ਕੰਮ ਕਰਦਾ ਹੈ। ਨਾਲ ਈਰਖਾ ਕਰਦਾ ਹੈ ਤੇ ਉਹਦਾ ਫਲ ਕੀ ਹੁੰਦਾ ਹੈ ਕਿ ਜਿੰਨੇ ਨੇਕ ਕਰਮ ਕੀਤੇ ਹੋਏ, ਈਰਖਾ ਵਾਲੇ ਨੇ ਉਹ ਸਾਰੇ ਸੁਆਹ ਬਣੀ ਜਾਂਦੇ ਨੇ ਨਾਲ ਦੀ

ਨਾਲ। ਮਹਾਰਾਜ ਫੁਰਮਾਨ ਕਰਦੇ ਨੇ ਕਿ –

***ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਕਾ ਕਦੇ ਨ ਹੋਵੀ ਭਲਾ ॥***
***ਅੰਗ – 308***

ਇਹ ਐਡੀ ਵੱਡੀ ਬੀਮਾਰੀ ਹੈ, ਵੱਡੇ-ਵੱਡੇ ਸੋਝੀਵਾਨਾਂ ਨੂੰ ਗਿਆਨੀ ਨੂੰ, ਧਿਆਨੀਆਂ ਨੂੰ, ਸਭ ਨੂੰ ਲੱਗ ਜਾਂਦੀ ਹੈ ਕਿਉਂਕਿ ਇੱਕ ਬੰਦਾ ਦੂਜੇ ਨਾਲ ਈਰਖਾ ਕਰਦਾ ਹੈ, ਹਮ ਪੇਸ਼ਾ ਬੰਦਾ। ਉਹਦਾ ਨਤੀਜਾ ਕੀ ਹੁੰਦਾ ਹੈ – ***'ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਕਾ ਕਦੇ ਨ ਹੋਵੀ ਭਲਾ ॥'*** ਜਦੋਂ ਭਲਾ ਹੀ ਨਹੀਂ ਹੁੰਦਾ ਦੇਖੋ ਕਿੱਡਾ ਵੱਡਾ ਰੋਗ ਹੈ। ਏਸੇ ਤਰ੍ਹਾਂ ਚੁਗਲੀ ਦਾ ਰੋਗ ਹੈ। ਤ੍ਰਿਸ਼ਨਾ ਦਾ ਰੋਗ ਹੈ –

***ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥***
***ਅੰਗ – 919***

ਬਹੁਤ ਚੰਗੀ ਤਰ੍ਹਾਂ ਮਹਾਰਾਜ ਨੇ ਸਮਝਾ ਕੇ ਜਦੋਂ ਦੱਸਿਆ ਉਸ ਵੇਲੇ ਵੈਦ ਨੇ ਚਰਨ ਫੜ ਲਏ। ਕਹਿਣ ਲੱਗੇ, ਮਹਾਰਾਜ! ਬਿਮਾਰੀਆਂ ਤਾਂ ਤੁਸੀਂ ਦੱਸ ਦਿਤੀਆਂ ਤੇ ਕ੍ਰਿਪਾ ਕਰਕੇ ਦਵਾਈ ਵੀ ਦੱਸੋ। ਮਹਾਰਾਜ ਕਹਿੰਦੇ, ਦਵਾਈ ਇੱਕੋ ਹੀ ਹੈ ਸਾਰੀ ਬਿਮਾਰੀਆਂ ਦੀ, ਚਾਹੇ ਸਰੀਰਕ ਬਿਮਾਰੀਆਂ ਹੋਣ, ਚਾਹੇ ਮਾਨਸਿਕ ਹੋਣ, ਚਾਹੇ ਬਿਮਾਰੀਆਂ ਭਾਈਚਾਰਕ ਹੋਣ, ਚਾਹੇ ਰਾਜਸੀ ਹੋਣ, ਚਾਹੇ ਆਰਥਕ ਹੋਣ, ਕੋਈ ਬਿਮਾਰੀ ਹੋਵੇ, ਇਨ੍ਹਾਂ ਸਾਰਿਆਂ ਦਾ ਇੱਕ ਇਲਾਜ ਧਿਆਨ ਦੇ ਨਾਲ ਪੜ੍ਹੋ ਤੇ ਹਿਰਦੇ 'ਚ ਵਸਾਓ –

***ਧਾਰਨਾ – ਤੇਰੇ ਸਾਰਿਆਂ ਦੁੱਖਾਂ ਦੀ ਹੈ ਦਾਰੂ,***
***ਇੱਕੋ ਨਾਮ ਵਾਹਿਗੁਰੂ ਦੀ।***

ਕਿੱਡਾ ਵੱਡਾ ਨੁਸਖਾ ਗੁਰੂ ਮਹਾਰਾਜ ਨੇ ਦੱਸਿਆ, ਨਾ ਡਾਕਟਰਾਂ ਦੀ ਲੋੜ ਨਾ ਪੈਸੇ ਖਰਚਣ ਦੀ ਲੋੜ, ਆਉਂਦਾ ਵਿਸ਼ਵਾਸ਼ ਏਸ ਗੱਲ ਦੇ ਉੱਤੇ? ਕਿੰਨੇ ਬੈਠੇ ਹਾਂ ਆਪਾਂ? ਹਿਰਦੇ 'ਚ ਆਉਂਦੀ ਹੈ ਇਹ ਗੱਲ? ਨਾਮ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ। ਜੇ ਦਵਾਈ ਨਾਲ ਇਲਾਜ ਕਰਾਂਗੇ, ਉਹਦੇ ਨਾਲ ਸਰੀਰਕ ਬਿਮਾਰੀਆਂ ਦਾ ਇਲਾਜ ਹੋ ਜਾਂਦਾ ਹੈ, ਮਨ ਦੀਆਂ ਦਾ ਨਹੀਂ ਹੁੰਦਾ। ਕਿਸੇ ਨੂੰ ਚਿੰਤਾ ਲੱਗੀ ਹੋਵੇ, ਕਿਹੜੀ ਦਵਾਈ ਹੈ? ਇੱਕ ਬੰਦੇ ਨੂੰ ਗੁੱਸਾ ਆਉਂਦਾ ਹੈ? ਹੈ ਡਾਕਟਰਾਂ ਕੋਲ ਕੋਈ ਦਵਾਈ? ਸਾਰੀਆਂ ਬਿਮਾਰੀਆਂ ਚਾਹੇ ਸਰੀਰਕ ਨੇ, ਚਾਹੇ ਮਨ ਦੀਆਂ ਨੇ, ਚਾਹੇ ਉਹ ਕੋਈ ਨੇ ਸਾਰੀਆਂ ਦਾ ਇੱਕੋ ਇਲਾਜ 'ਪ੍ਰਮੇਸ਼੍ਵਰ ਦਾ ਨਾਮ' ਹੈ। ਆਪ ਨੇ ਫੁਰਮਾਨ ਕੀਤਾ ਹੈ –

***ਈਧਣੁ ਕੀਤੋਮੂ ਘਣਾ ਭੋਰੀ ਦਿਤੀਮੁ ਭਾਹਿ ॥ ਅੰਗ – 707***

ਕਰੋੜ ਮਣ ਲੱਕੜੀਆਂ ਇਕੱਠੀਆਂ ਕਰ ਲਈਆਂ ਤੇ ਉਹਨੂੰ ਇੱਕ ਚੰਗਿਆੜਾ ਅੱਗ ਦਾ ਦੇ ਦਿਤਾ। ਉਹਦੇ ਨਾਲ ਕੀ ਹੋਏਗਾ, ਸਾਰੀਆਂ ਲੱਕੜੀਆਂ ਜਲ ਜਾਣਗੀਆਂ।

***ਮਨਿ ਵਸੰਦੜੋ ਸਚੁ ਸਹੁ ਨਾਨਕ ਹਭੇ ਡੁਖੜੇ ਉਲਾਹਿ ॥***
***ਅੰਗ – 707***

ਜਦੋਂ ਮਨ 'ਚ ਵਾਹਿਗੁਰੂ ਵਸ ਜਾਵੇ, ਧਿਆਨ ਰੱਖੋ ਮਨ 'ਚ, ਹੋਰ ਚੀਜ਼ 'ਤੇ ਨਹੀਂ। ਹਿਰਦੇ 'ਚ ਵਾਹਿਗੁਰੂ ਵਸ ਜਾਵੇ ਤੇ ਉਸ ਵੇਲੇ ਸਾਰੇ ਦੁੱਖਾਂ ਦਾ ਇਲਾਜ ਹੋ ਜਾਏਗਾ। ਮਹਾਰਾਜ ਫੁਰਮਾਨ–

***ਲਲਾ ਲਾਵਉ ਅਉਖਧ ਜਾਹੂ ॥***
***ਦੂਖ ਦਰਦ ਤਿਹ ਮਿਟਹਿ ਖਿਨਾਹੂ ॥*** ***ਅੰਗ - 259***

ਇੱਕ ਅੱਖ ਦੇ ਝਮਕੇ ਜਿੰਨੇ ਚਿਰ 'ਚ ਉਹਦਾ ਦੁੱਖ 'ਤੇ ਦਰਦ ਖਤਮ ਹੋ ਜਾਂਦਾ ਹੈ। ਜਿਨ੍ਹਾਂ ਦੇ ਮਨ ਵਿਚ ਸ਼ੌਂਕ ਹੈ ਦਵਾਈ ਨੋਟ ਕਰ ਲਓ। ਇਹ ਕੋਈ ਐਵੇਂ ਗੱਲਾਂ ਨਹੀਂ ਹੈਗੀਆਂ, ਸਾਧਸੰਗਤ ਜੀ! ਇਹ ਬਿਲਕੁਲ ਪ੍ਰਤਿਆਈਆਂ ਹੋਈਆਂ ਗੱਲਾਂ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜਿਹੜੀ ਹੈ, ਉਹ ਕੋਈ ਲਾਰੇ ਨਹੀਂ ਲਾਉਂਦੀ, ਕਵਿਤਾ ਨਹੀਂ ਹੈ, ਸਤਿ 'ਤੇ ਆਧਾਰਤ ਹੈ। ਜੋ ਕੁਛ ਫੁਰਮਾਨ ਕਰਦੇ ਹਾਂ, ਉਵੇਂ ਜਿਵੇਂ ਹੈ –

***ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥*** ***ਅੰਗ - 259***

ਹੁਣ ਫੇਰ ਧਿਆਨ ਦੇਵੋ। ਕਹਿੰਦੇ, ਨਾਮ ਦੀ ਜਿਹੜੀ ਦਵਾਈ ਹੈ, ਰਿਦੇ ਵਿਚ ਹਿੱਤ ਪੈ ਜਾਵੇ, ਜਿਵੇਂ ਬਾਲ-ਬੱਚੇ ਦਾ ਪਿਆਰ ਹੁੰਦਾ ਹੈ। ਪੈਸੇ ਦਾ ਪਿਆਰ ਹੁੰਦਾ ਹੈ, ਆਪਣੀ ਇੱਜ਼ਤ ਦਾ ਪਿਆਰ ਹੈ, ਆਹ ਨਾਮ ਦੇ ਨਾਲ ਜੇ ਪਿਆਰ ਪੈ ਜਾਵੇ, ਤਾਂ –

***ਤਾਹਿ ਰੋਗੁ ਸੁਪਨੈ ਨਹੀ ਆਵੈ ॥*** ***ਅੰਗ - 259***

ਉਹ ਸੁਪਨੇ ਵਿਚ ਵੀ ਬੀਮਾਰ ਨਹੀਂ ਹੋਏਗਾ।

***ਹਰਿ ਅਉਖਧੁ ਸਭ ਘਟ ਹੈ ਭਾਈ ॥*** ***ਅੰਗ - 259***

ਮਹਾਰਾਜ ਕਹਿੰਦੇ, ਦਵਾਈ ਬਜ਼ਾਰ 'ਚੋਂ ਨਹੀਂ ਲਿਆਉਣੀ। ਇਹ ਅੰਦਰ ਪਈ ਹੈ, ਇਹਨੂੰ ਨਾਮ ਦੀ ਦਵਾਈ ਕਹਿੰਦੇ ਨੇ। ਕਿੱਥੇ ਪਈ ਹੈ? ਮਹਾਰਾਜ ਕਹਿੰਦੇ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥*** ***ਅੰਗ - 293***

ਆਹ ਦੇਹ ਦੇ ਵਿਚ ਹੈ ਸਾਰਿਆਂ ਦੇ। ਜਿੱਥੇ ਇਹ ਦਵਾਈ ਪਈ ਹੈ ਉਥੇ ਦੀ ਨਿਸ਼ਾਨੀ ਦਸਦੇ ਨੇ –

***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥*** ***ਅੰਗ - 293***

ਉਥੇ ਫੁਰਨਾ ਨਹੀਂ ਕੋਈ ਵੀ ਤੇ ਨਾਲ ਉਥੇ ਅਨਹਦ ਨਾਦ ਵੱਜਦੇ ਨੇ। ਆਹ ਧਿਆਨ ਦਿਓ। ਕਹਿੰਦੇ, ਅੰਦਰ ਵਾਜੇ ਵੀ ਵੱਜਦੇ ਨੇ। ਮਹਾਰਾਜ ਕਹਿੰਦੇ, ਹਾਂ ਭਾਈ! –

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥***
***ਅੰਗ - 954***

ਨੌਂ ਤਾਂ ਤੇਰੇ ਦਰਵਾਜ਼ੇ ਖੁੱਲ੍ਹੇ ਨੇ, ਅੱਖਾਂ ਦੋ, ਕੰਨ ਦੋ, ਮੂੰਹ, ਨਾਸਾਂ, ਮਲਮੂਤਰ ਦੇ ਇੰਦਰੇ ਇਹ ਤਾਂ ਹੈਗੇ ਖੁਲ੍ਹੇ। ਇੱਕ ਦਰਵਾਜ਼ਾ ਜਿਹੜਾ ਬੰਦ

ਪਿਆ ਹੈ, ਜਿਹਦੇ ਵੱਲ ਤੂੰ ਝਾਕਦਾ ਹੀ ਨਹੀਂ ਕਦੇ, ਦੇਖਦਾ ਹੀ ਨਹੀਂ ਹੈ। ਉਥੇ ਪਈ ਹੈ ਇਹ। ਕਹਿੰਦੇ, ਉਥੇ ਕੋਈ ਫੁਰਨਾ ਨਹੀਂ ਆਉਂਦਾ -

***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥ ਅੰਗ - 954***

ਕਹਿੰਦੇ ਉਹ ਬਜਰ ਕਪਾਟ ਲੱਗੇ ਹੋਏ ਨੇ, ਉਹ ਖੁੱਲ੍ਹਦੇ ਨਹੀਂ। ਉਹ ਖੁਲ੍ਹਦੇ ਨੇ ਗੁਰੂ ਤੋਂ ਸ਼ਬਦ ਲੈ ਕੇ। ਪੰਜ ਪਿਆਰਿਆਂ ਤੋਂ ਪਹਿਲਾਂ ਸ਼ਬਦ ਲਓ, ਫੇਰ ਉਹਦੀ ਕਰੋ ਕਮਾਈ। ਮਹਾਂਪੁਰਸ਼ਾਂ ਨਾਲ ਮਿਲ ਕੇ ਵਿਧੀ ਦੇ ਨਾਲ ਕਰੋ। ਵਿਧੀ ਤੋਂ ਬਗੈਰ ਕੋਈ ਵੀ ਗੱਲ ਦੁਨੀਆਂ 'ਚ ਨਹੀਂ ਬਣਦੀ। ਜਦੋਂ ਵਿਧੀ ਦੇ ਨਾਲ ਕਮਾਈ ਕਰੋਂਗੇ, ਦਰਵਾਜ਼ਾ ਖੁਲ੍ਹ ਜਾਏਗਾ। ਜਦੋਂ ਦਰਵਾਜ਼ਾ ਖੁਲ੍ਹ ਗਿਆ, ਸਭ ਦੇ ਅੰਦਰ ਹੈ, ਇਸ ਤਰ੍ਹਾਂ ਨਾ ਕਹੋ ਕਿ ਸਾਡੇ ਅੰਦਰ ਨਹੀਂ ਹੈ। ਸਭ ਦੇ ਅੰਦਰ ਹੈ। ਉਥੇ ਫੇਰ ਨਿਸ਼ਾਨੀ ਵੀ ਹੈ ਕੋਈ? ਕਹਿੰਦੇ -

***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥***
***ਅੰਗ - 954***

ਉਥੇ ਅਨਹਦ ਵਾਜੇ ਵਜਦੇ ਨੇ। ਪੰਜ ਸ਼ਬਦ ਵੱਜਦੇ ਨੇ। ਪੰਜਾਂ ਤੋਂ ਵੀ ਵੱਧ ਵੱਜਦੇ ਨੇ -

***ਤਿਥੈ ਨਾਦ ਬਿਨੋਦ ਕੋਡ ਅਨੰਦੁ ॥ ਅੰਗ - 7***

ਮਹਾਰਾਜ ਕਹਿੰਦੇ, ਬੇਅੰਤ ਵੱਜਦੇ ਨੇ ਉਥੇ ਵਾਜੇ। ਉਹ ਅੰਦਰ ਹੈ ਸਾਡੇ ਚੀਜ਼ ਪਈ। ਜਿੱਥੇ ਨਾਮ ਦੀ ਦਵਾਈ ਪਈ ਹੈ, ਕੱਢ ਲਓ ਜਿਹਨੇ ਕੱਢਣੀ ਹੈ। ਕੋਈ ਵੀ ਤੋਟਾ ਨਹੀਂ ਰਹੇਗਾ-

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ - 649***

ਜਿਹੜਾ ਉਹ ਦਵਾਈ ਭਾਲ ਲਏਗਾ, ਨਉਨਿਧੀਆਂ ਅਠਾਰ੍ਹਾਂ ਸਿੱਧੀਆਂ ਮਿੰਨਤਾਂ ਕਰਨਗੀਆਂ ਕਿ ਸਾਡੇ ਤੋਂ ਕੰਮ ਲੈ ਲੈ -

***ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ***
***ਜਿਨ ਹਰਿ ਕਾ ਨਾਮੁ ਪਿਆਰਾ ॥ ਅੰਗ - 638***

ਸਾਰੇ ਕੰਮ ਆਪੇ ਹੀ ਹੋਣਗੇ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਅਸੀਂ ਇਹ ਦਵਾਈ ਕੱਢਾਂਗੇ ਅੰਦਰੋਂ, ਮਹਾਰਾਜ ਕਹਿੰਦੇ ਉਥੇ ਹੋਰ ਵੀ ਨਿਸ਼ਾਨੀ ਹੈ -

***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥***
***ਅੰਗ - 954***

Devotion (ਪਿਆਰ ਤੇ ਸਮਰਪਣ) ਦੇ ਨਾਲ, ਭਗਤੀ ਦੇ ਨਾਲ, ਨੌਂ ਤਰ੍ਹਾਂ ਦੀ ਭਗਤੀ ਹੈ, ਦਸਵੀਂ ਹੁੰਦੀ ਹੈ ਪ੍ਰੇਮਾ ਭਗਤੀ। ਗਿਆਰ੍ਹਵੀਂ ਹੁੰਦੀ ਹੈ ਪਰਾ ਭਗਤੀ, ਬਾਰ੍ਹਵੀਂ ਹੁੰਦੀ ਹੈ ਅਪਰਾ ਭਗਤੀ। ਇਹ ਭਗਤੀ ਕਰਨ ਦੇ ਨਾਲ ਅੰਦਰ ਪ੍ਰਕਾਸ਼ ਹੋ ਜਾਂਦਾ ਹੈ ਕਰੋੜਾਂ ਸੂਰਜਾਂ ਦਾ। ਉਹਦੇ 'ਚ ਫੇਰ ਰੱਬ ਦਿੱਸਣ ਲੱਗ ਜਾਂਦਾ ਹੈ -

*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥*

*ਅੰਗ - 954*

*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥ ਅੰਗ - 947*

ਹੁਣ ਇੱਥੇ ਤੱਕ ਗੱਲ ਸਮਝ ਲਓ, ਕਿਉਂਕਿ ਗੱਲ ਮੈਂ ਔਖੀ ਲੈ ਲਈ ਥੋੜ੍ਹੀ ਜਿਹੀ, ਬਹੁਤ ਸਾਦੇ ਤੋਂ ਸਾਦੇ ਅੱਖਰਾਂ 'ਚ ਦੱਸਣ ਦਾ ਮੈਂ ਯਤਨ ਕਰਦਾ ਹਾਂ। ਸਮਝੋ ਇਸ ਗੱਲ ਨੂੰ ਕਿ ਦਵਾਈ ਪਈ ਹੈ ਅੰਦਰ। ਮਹਾਰਾਜ ਕਹਿੰਦੇ, ਜੇ ਦਵਾਈ ਲੱਭ ਜਾਵੇ, ਇਹਦੇ ਨਾਲ ਪਿਆਰ ਪੈ ਜਾਵੇ -

*ਹਰਿ ਅਉਖਧੁ ਸਭ ਘਟ ਹੈ ਭਾਈ ॥ ਅੰਗ - 259*

ਸਭ ਦੇ ਅੰਦਰ ਹੈ, ਪਰ ਨਾਲ ਸ਼ਰਤ ਲਾ ਦਿਤੀ ਮਹਾਰਾਜ ਨੇ ਕਿ ਪੂਰੇ ਗੁਰੂ ਤੋਂ ਬਗੈਰ ਇਹਦੀ ਵਿਧੀ ਦਾ ਨਹੀਂ ਪਤਾ ਲਗਦਾ -

*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥ ਅੰਗ - 259*

ਹੁਣ ਜਿੰਨਾਂ ਚਿਰ ਵਿਧੀ ਦਾ ਪਤਾ ਨਹੀਂ ਲਗਦਾ। ਓਨਾਂ ਚਿਰ ਦਵਾਈ ਕਿਵੇਂ ਅਸਰ ਕਰੇ। ਵੈਦ ਕੋਲ ਜਾਓ। ਉਹ ਕਹੇਗਾ ਕਿ ਆਹ ਚੀਜ਼ ਨਹੀਂ ਖਾਣੀ, ਆਹ ਨਹੀਂ ਖਾਣੀ, ਖੱਟਾ ਨਹੀਂ ਖਾਣਾ, ਆਚਾਰ ਨਹੀਂ ਖਾਣਾ। ਤਲੀ ਹੋਈ ਚੀਜ਼ ਨਹੀਂ ਖਾਣੀ, ਤਾਂ ਤੇਰਾ ਰੋਗ ਹਟੇਗਾ। ਉਹਨੂੰ ਵਿਧੀ ਕਹਿੰਦੇ ਨੇ, ਸੰਜਮ ਕਹਿੰਦੇ ਨੇ -

*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥ ਅੰਗ - 259*

ਹੁਣ ਕਈ ਪ੍ਰੇਮੀਆਂ ਦੇ ਮਨ 'ਚ ਹੋਣਾ ਹੈ ਕਿ ਇਹ ਤਾਂ ਬਾਬਾ ਜੀ ਨੇ ਬੁਝਾਰਤ ਪਾ ਦਿਤੀ। ਹੁਣ ਅਸੀਂ ਸੰਜਮ ਕਿੱਥੋਂ ਪੁੱਛੀਏ ਜਾ ਕੇ, ਵਿਧੀ ਕਿੱਥੋਂ ਪੁੱਛੀਏ? ਕੋਈ ਹੈ ਥਾਉਂ ਜਿੱਥੋਂ ਵਿਧੀ ਪਤਾ ਲੱਗੇ। ਸੋ ਗੁਰੂ ਗ੍ਰੰਥ ਸਾਹਿਬ ਮਹਾਰਾਜ 'ਚ ਐਸੇ ਬਚਨ ਆਉਂਦੇ ਨੇ ਜਿੱਥੇ ਵਿਧੀ ਵੀ ਲਿਖੀ ਹੋਈ ਹੈ। ਉਹ ਤਕਰੀਬਨ ਜੇ ਆਪਣੀ ਆਮ ਬੋਲੀ 'ਚ ਦੱਸਣਾ ਹੋਵੇ, ਤਾਂ ਉਹ ਇਹ ਹੈ ਕਿ ਨੋਟ ਕਰੀ ਜਾਓ। ਜਿਹੜੇ ਪੱਥ ਰੱਖਣੇ ਨੇ ਉਹ ਨੇ - ਹਿੰਸਾ ਨਹੀਂ ਕਰਨੀ, ਪੰਜ ਤਰ੍ਹਾਂ ਦੀ ਹਿੰਸਾ ਹੁੰਦੀ ਹੈ। ਹਿੰਸਾ ਕਹਿੰਦੇ ਨੇ, ਦੂਸਰੇ ਨੂੰ ਮਾਰ ਦੇਣਾ, ਨੁਕਸਾਨ ਕਰ ਦੇਣਾ, ਦੁਖੀ ਕਰ ਦੇਣਾ। ਪਹਿਲੀ ਹਿੰਸਾ ਹੁੰਦੀ ਹੈ - ਸਰੀਰਕ ਹਿੰਸਾ। ਡੰਡਾ ਮਾਰਨਾ ਸਿਰ 'ਚ, ਤਲਵਾਰ ਮਾਰਨੀ, ਗੋਲੀ ਮਾਰ ਦੇਣੀ, ਬੰਦਾ ਮਰ ਜਾਣਾ। ਦੂਸਰੀ ਹਿੰਸਾ ਹੁੰਦੀ ਹੈ - ਮਿਹਣਾ ਦੇ ਦੇਣਾ, ਜ਼ੁਬਾਨ ਦੇ ਨਾਲ ਕੌੜਾ ਬਚਨ ਕਰ ਦੇਣਾ। ਕੌੜੇ ਬਚਨ ਨੂੰ ਮਹਾਰਾਜ ਨੇ ਫੁਰਮਾਨ ਕਰਿਆ ਹੈ -

*ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥*

*ਅੰਗ - 1384*

ਦੇਖੀਂ ਕਿਸੇ ਦਾ ਦਿਲ ਨਾ ਤੋੜੀਂ ਜੇ ਰੱਬ ਨੂੰ ਮਿਲਣਾ ਹੈ -

*ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥*
*ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥ ਅੰਗ - 1384*

ਦੇਖੀਂ ਫਿੱਕਾ ਨਾ ਬੋਲੀਂ ਪ੍ਰੇਮੀਆਂ! ਸਭ ਦੇ ਅੰਦਰ ਵਾਹਿਗੁਰੂ ਵਸਦਾ ਹੈ। ਜੇ ਤੂੰ ਰੱਬ ਨੂੰ ਮਿਲਣਾ ਹੈ ਤਾਂ ਦਿਲ ਨਾ ਕਿਸੇ ਦਾ ਤੋੜੀਂ –

***ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥***

***ਅੰਗ – 473***

ਜਿਹੜਾ ਫਿੱਕਾ ਬੋਲਦਾ ਹੈ, ਉਹਨੂੰ ਸਜ਼ਾ ਕੀ ਮਿਲਦੀ ਹੈ, ਦਰਗਾਹ 'ਚੋਂ ਕੱਢ ਕੇ ਬਾਹਰ ਮਾਰਦੇ ਨੇ। ਫਿੱਕੇ ਨਾਲ ਕੀ ਹੁੰਦਾ ਹੈ, ਦਿਲ ਟੁੱਟਦਾ ਹੈ। ਮਿਹਣਾ ਮਾਰਨਾ। ਆਦਮੀ ਜ਼ਖਮ ਭੁੱਲ ਜਾਂਦਾ ਹੈ ਸੋਟੀ ਦਾ ਲੱਗਿਆ ਹੋਇਆ, ਬਰਛਾ ਲੱਗਿਆ ਭੁੱਲ ਜਾਂਦਾ ਹੈ, ਪਰ ਬੋਲੀ ਮਾਰੀ ਹੋਈ ਨਹੀਂ ਜ਼ਿੰਦਗੀ ਭਰ ਭੁੱਲਦਾ। ਤੀਸਰਾ ਹੋਇਆ ਕਰਦਾ ਹੈ ਕਿ ਮਨ ਦੇ ਨਾਲ ਦੂਸਰੇ ਦਾ ਬੁਰਾ ਚਿਤਵੀ ਜਾਣਾ ਕਿ ਇਹਦੇ ਮੁੰਡੇ ਨੂੰ ਇਸ ਤਰ੍ਹਾਂ ਹੋ ਜਾਏ, ਇਨ੍ਹਾਂ ਦੇ ਘਰ ਇਸ ਤਰ੍ਹਾਂ ਹੋ ਜਾਏ, ਇਨ੍ਹਾਂ 'ਤੇ ਛਾਪਾ ਪੈ ਜਾਏ, ਇਹੋ ਜਿਹੀਆਂ ਮਾੜੀਆਂ ਗੱਲਾਂ ਚਿਤਵਣੀਆਂ। ਇਹਦਾ ਇਲਾਜ ਮਹਾਰਾਜ ਨੇ ਰੋਜ਼ ਦੱਸਿਆ ਹੈ ਕਿ ਦੇਖਿਓ, ਮਨ ਦੇ ਨਾਲ ਬੁਰਾ ਨਾ ਚਿਤਵਣਾ। ਜਦੋਂ ਸੂਰਜ ਛਿਪਦਾ ਹੈ, ਦੋਵੇਂ ਵੇਲੇ ਮਿਲਦੇ ਨੇ ਸੱਚੇ ਦਿਲੋਂ ਕਿਹਾ ਕਰੋ –

***ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ।***

ਸਾਰਿਆਂ ਦਾ ਭਲਾ ਮੰਗੋਗੇ, ਆਪਣਾ ਵੀ ਭਲਾ ਹੋਏਗਾ। 'ਕਰ ਭਲਾ ਹੋ ਭਲਾ।' ਚੌਥਾ ਹੋਇਆ ਕਰਦਾ ਹੈ ਬੁੱਧੀ ਦੇ ਨਾਲ। ਇੱਕ ਬੰਦਾ ਹੁਸ਼ਿਆਰ ਹੁੰਦਾ ਹੈ, ਉਹ ਹੁਸ਼ਿਆਰੀ ਦੇ ਨਾਲ ਦੂਸਰੇ ਦਾ ਨੁਕਸਾਨ ਕਰਦਾ ਹੈ। ਕਿਸੇ ਦਾ ਮੁੰਡਾ ਵਿਗਾੜ ਦਿਤਾ, ਕਿਸੇ ਨੂੰ ਗਲਤ ਰਾਏ ਦੇ ਦਿਤੀ, ਕਿਸੇ ਦਾ ਕਾਰੋਬਾਰ ਖਰਾਬ ਕਰਾ ਦਿਤਾ। ਇਹ ਬੁੱਧੀ ਦੀ ਹਿੰਸਾ ਹੋਇਆ ਕਰਦੀ ਹੈ। ਪੰਜਵੀਂ ਹੋਇਆ ਕਰਦੀ ਹੈ ਆਦਮੀ 'ਚ ਸ਼ਕਤੀ ਹੋਵੇ, ਸ਼ਕਤੀ ਦੇ ਨਾਲ ਕੋਈ ਚਿਲ੍ਹਾ ਕੱਢ ਕੇ ਕਿਸੇ ਦਾ ਨੁਕਸਾਨ ਕਰ ਦੇਣਾ। ਸੋ ਇਹ 'ਸੰਜਮ' ਹੈ ਭਾਈ, ਜਿਹੜੀ ਮੈਂ ਦਵਾਈ ਦੱਸ ਰਿਹਾ ਹਾਂ। ਦੂਸਰਾ ਹੈਗਾ ਸੱਚ ਬੋਲਣਾ। ਸੱਚ ਦੇ ਉਤੇ ਇੱਕ ਪ੍ਰਤੀਬਿੰਬ ਹੈ, ਮਹਾਂਪੁਰਸ਼ਾਂ ਦਾ, ਮੁੱਢ ਤੋਂ ਹੀ ਆਉਂਦਾ ਹੈ। ਉਹ ਇਹ ਆਉਂਦਾ ਹੈ ਕਿ ਐਸਾ ਸੱਚ ਨਾ ਬੋਲੋ, ਜਿਹੜਾ ਬੋਲਣ ਦੇ ਨਾਲ ਕਿਸੇ ਦੀ ਜਾਨ ਚਲੀ ਜਾਵੇ। ਉਥੇ ਚੁੱਪ ਕਰ ਜਾਓ। ਉਥੇ ਨਾ ਬੋਲੋ ਉਥੇ ਨੁਕਸਾਨ ਹੋ ਜਾਏ, ਸੱਚ ਪਾਪ ਬਣ ਜਾਏਗਾ। ਬਾਕੀ ਸਾਰੀ ਜ਼ਿੰਦਗੀ ਦੇ ਅੰਦਰ ਸੱਚ ਦਾ ਉਚਾਰਨ ਕਰਨਾ ਹੈ, ਲਾਰਾ ਨਹੀਂ ਲਾਉਣਾ, ਗਲਤ ਗੱਲਾਂ ਨਹੀਂ ਕਰਨੀਆਂ।

ਤੀਸਰਾ ਹੋਇਆ ਕਰਦਾ ਹੈ ਚੋਰੀ, ਮਨ ਦੀ ਤੇ ਤਨ ਦੀ ਤੇ ਸਰੀਰਕ ਰੂਪ ਦੇ ਅੰਦਰ ਚੋਰੀ ਕਰਨੀ। ਕਿਸੇ ਦਾ ਧਨ ਚੋਰੀ ਕਰ ਲੈਣਾ, ਕਿਸੇ ਦਾ ਲੇਖ ਚੋਰੀ ਕਰ ਲੈਣਾ, ਕਿਸੇ ਦੀ ਵਿਦਿਆ ਨੂੰ ਆਪ ਨੋਟ ਕਰਕੇ ਦੂਜੇ ਨਾਲ ਜਾ ਕੇ ਬੋਲਣ ਲੱਗ ਜਾਣਾ। ਇਹ ਮਨ ਦੇ ਚੋਰ ਹੋਇਆ ਕਰਦੇ ਨੇ। ਚੌਥਾ ਹੋਇਆ ਕਰਦਾ ਕਿ –

***ਏਕਾ ਨਾਰੀ ਸਦਾ ਜਤੀ।***
***ਪਰ ਨਾਰੀ ਧੀ ਭੈਣ ਪਛਾਣੈ।***

ਇੱਕ ਆਪਣੀ ਇਸਤ੍ਰੀ ਤੋਂ ਬਗੈਰ, ਬਾਕੀ ਸਾਰਿਆਂ ਵੱਡਿਆਂ ਨੂੰ ਮਾਤਾ, ਬਰਾਬਰ ਦੀਆਂ ਨੂੰ ਭੈਣਾਂ, ਛੋਟੀਆਂ ਨੂੰ ਬੱਚੀਆਂ ਸਮਝਣਾ। ਪੰਜਵਾਂ ਹੋਇਆ ਕਰਦਾ ਹੈ ਦੁਖ ਆ ਜਾਵੇ, ਸੁੱਖ ਆ ਜਾਵੇ, ਕਾਹਲੇ ਨਹੀਂ ਪੈਣਾ, ਧੀਰਜ ਰੱਖਣੀ। ਉਸ ਵੇਲੇ ਬੁਖਲਾਉਣਾ ਨਹੀਂ ਹੈ, ਕਿਸੇ ਦੇ ਗਲ ਨਹੀਂ ਪੈਣਾ, ਧੀਰਜ ਵਿਚ ਰਹਿਣਾ। ਛੇਵਾਂ ਹੋਇਆ ਕਰਦਾ ਹੈ, ਕੋਈ ਆਪਣਾ ਵਿਗਾੜ ਗਿਆ, ਉਹਦੇ 'ਤੇ ਖਿਮਾ ਕਰ ਦੇਣੀ।

ਇੱਕ ਵਾਰੀ ਮਹਾਰਾਜਾ ਰਣਜੀਤ ਸਿੰਘ ਜਾਂਦੇ ਨੇ, ਚੇਤ ਦਾ ਮਹੀਨਾ ਹੈ ਬੱਚੇ ਬੇਰੀ ਤੋਂ ਬੇਰ ਝਾੜ੍ਹਦੇ ਨੇ, ਇੱਟਾਂ ਮਾਰ-ਮਾਰ ਕੇ, ਵਿਚਾਲੇ ਕੰਧ ਹੈ, ਉਨ੍ਹਾਂ ਨੂੰ ਨਹੀਂ ਪਤਾ ਕਿ ਬਾਹਰ ਕੌਣ ਜਾ ਰਿਹਾ ਹੈ। ਇੱਕ ਬੱਚੇ ਨੇ ਇੱਟ ਮਾਰੀ ਉਹ ਜਾ ਕੇ ਮਹਾਰਾਜਾ ਰਣਜੀਤ ਸਿੰਘ ਦੇ ਮੋਢੇ 'ਤੇ ਲੱਗੀ। ਉਸ ਵੇਲੇ ਜਿਹੜੇ ਅੰਗਰਖਸ਼ਕ ਸੀ ਉਹ ਘਬਰਾ ਗਏ। ਇੱਕ ਦਮ ਉਹ ਦੌੜ ਕੇ ਆਏ। ਮਹਾਰਾਜ ਨੇ ਕਿਹਾ ਮਾਰਿਓ ਨਾ, ਕੁਛ ਨਾ ਕਹਿਓ। ਇੱਕ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ। ਇੱਕ ਰਾਜਾ ਦੁਨੀਆਂ 'ਚ ਇਤਿਹਾਸ 'ਚ ਐਸਾ ਹੋਇਆ ਹੈ, ਮਹਾਰਾਜਾ ਰਣਜੀਤ ਸਿੰਘ ਜਿਸਦਾ ਨਾਉਂ ਹੈ ਕਿ ਇਹਨੇ ਸਾਰੀ ਜ਼ਿੰਦਗੀ 'ਚ ਇੱਕ ਵੀ ਬੰਦੇ ਨੂੰ ਫਾਂਸੀ ਨਹੀਂ ਦਿਤੀ। ਕਿਹੋ ਜਿਹਾ ਮਾੜਾ ਸਮਾਂ ਸੀ, ਕਿੰਨੇ ਯੁੱਧ ਜੰਗ ਹੁੰਦੇ ਸੀ, ਲੇਕਿਨ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸਾਰੇ ਜੀਵਨ 'ਚ ਕਿਸੇ ਨੂੰ ਫਾਂਸੀ ਦੀ ਸਜ਼ਾ ਨਹੀਂ ਦਿਤੀ। ਰੋਟੀ ਖਾਣ ਜੋਗਾ ਛੱਡ ਦਿੱਤਾ ਉਹਨੂੰ। ਮਾਰਿਆ ਨਹੀਂ ਕੋਈ ਵੀ, ਇਹ ਰਿਕਾਰਡ ਹੈ। ਅੰਗਰੇਜ਼ ਵੀ ਲਿਖਦਾ ਹੈ ਕਿ ਇੱਕ ਰਣਜੀਤ ਸਿੰਘ ਹੈ ਜਿਹਨੇ ਰਾਜਾ ਹੁੰਦੇ ਹੋਏ ਵੀ ਕਿਸੇ ਬੰਦੇ ਨੂੰ ਨਹੀਂ ਮਾਰਿਆ। ਇੱਕ ਵੀ ਬੰਦਾ ਉਹਦੇ ਰਾਜ 'ਚ ਮਾਰਿਆ ਨਹੀਂ ਗਿਆ। ਸਮਝਾ ਕੇ ਕੋਲ ਰੱਖ ਲਿਆ, ਮਿੱਤਰ ਬਣਾ ਕੇ ਰੱਖ ਲਿਆ। ਸੋ ਜਦੋਂ ਇਹ ਗਏ, ਕੋਈ ਹੋਰ ਹੁੰਦਾ ਤਲਵਾਰ ਨਾਲ ਗਲ ਵੱਢ ਦਿੰਦੇ ਮੁੰਡਿਆਂ ਦਾ, ਮੁੰਡੇ ਫੜ ਲਿਆਂਦੇ। ਮਹਾਰਾਜਾ ਬੜੇ ਧੀਰਜ ਦੇ ਨਾਲ, ਗੁੱਸੇ ਨਹੀਂ ਹੋਇਆ, ਕਹਿਣ ਲੱਗਿਆ, ਕਾਕਾ! ਤੁਸੀਂ ਮੇਰੇ ਇੱਟ ਮਾਰੀ, ਮੈਂ ਤੁਹਾਡਾ ਕੁਛ ਵਿਗਾੜਿਆ ਹੈ? ਉਹ ਡਰੇ ਹੋਏ ਨੇ ਬੱਚੇ।

ਕਹਿੰਦਾ ਨਾ, ਡਰੋ ਨਾ।

ਬੇਟਾ! ਮੈਂ ਤਾਂ ਸਿਰਫ ਤੁਹਾਨੂੰ ਐਨੀਓ ਗੱਲ ਪੁੱਛਦਾ ਹਾਂ ਕਿ ਤੁਸੀਂ ਮੇਰੇ ਇੱਟ ਕਿਉਂ ਮਾਰੀ?

ਦੱਸੋ, ਜੇ ਮੈਂ ਕੁਛ ਵਿਗਾੜਿਆ ਹੈ ਤਾਂ ਮੈਂ ਠੀਕ ਕਰ ਦਿੰਦਾ ਹਾਂ।

ਕਿੱਡਾ ਚੰਗਾ ਰਾਜਾ ਸੀ ਸਾਧਸੰਗਤ ਜੀ! ਦਿਲਾਂ 'ਚ ਵੜ ਗਿਆ ਸੀ ਬੰਦਿਆਂ ਦੇ।

ਮੈਨੂੰ ਇੱਕ ਯੂ.ਪੀ. ਠਾਣੇਦਾਰ ਮਿਲਿਆ, ਮੇਰੀ ਕਾਰ 'ਚ ਜਾ ਰਿਹਾ ਸੀ, ਬਰੇਲੀ ਨੂੰ। ਉਹ ਕਹਿੰਦਾ, ਮੈਨੂੰ ਸਿੰਘ ਬੜੇ ਚੰਗੇ ਲਗਦੇ ਨੇ।

ਮੈਂ ਕਿਹਾ ਕੀ ਗੱਲ?

ਕਹਿੰਦਾ, ਮੇਰਾ ਜਿਹੜਾ ਪੜਦਾਦਾ ਸੀ, ਉਹ ਮਹਾਰਾਜਾ ਰਣਜੀਤ ਸਿੰਘ ਦਾ ਜਰਨੈਲ ਸੀ।

ਕਹਿੰਦਾ, ਸਾਡੇ ਘਰ ਇੱਕ ਡਾਇਰੀ ਪਈ ਹੈ ਉਹਦੇ 'ਚ ਉਹਨੇ ਲਿਖਿਆ ਹੈ ਕਿ ਮੈਂ ਮਹਾਰਾਜਾ ਰਣਜੀਤ ਸਿੰਘ ਦਾ ਜਰਨੈਲ ਹੀ ਨਹੀਂ ਸੀ, ਮੈਂ ਉਹਦਾ ਮੁਰੀਦ ਵੀ ਸੀਗਾ। ਉਹਨੂੰ ਦਿਲੋਂ ਚਾਹੁੰਦਾ ਸੀ। ਉਹਦੇ 'ਚ ਇਹ ਲਿਖਦਾ ਹੈ ਕਿ ਕਾਲ ਪੈ ਗਿਆ, ਮਹਾਰਾਜ ਨੇ ਦਰਵਾਜ਼ੇ ਖੋਲ੍ਹ ਦਿਤੇ, ਅਨਾਜ ਦੇ ਕਿ ਚੁੱਕ ਲਓ ਕਿ ਜਿਸ ਤੋਂ ਚੁੱਕ ਹੁੰਦਾ ਹੈ, ਇੱਕ ਪੰਡ ਲੈ ਜਾਓ। ਕਹਿੰਦਾ, ਇੱਕ ਬਿਰਦ ਬੰਦਾ ਕੱਪੜਾ ਲੈ ਕੇ ਆਇਆ, ਉਹਨੇ ਦਾਣੇ ਐਨੇ ਪਾ ਲਏ ਜਿਹੜੇ ਉਸ ਤੋਂ ਚੁੱਕੇ ਨਹੀਂ ਸੀ ਜਾਂਦੇ। ਨਾਲ ਉਹਦਾ ਪੋਤਾ ਸੀ ਉਹ ਛੋਟਾ ਸੀ। ਸਰਦਾਰ ਲਹਿਣਾ ਸਿੰਘ ਨੇ ਸਟੋਰ ਬੰਦ ਕਰ ਦਿਤਾ ਤੇ ਕਹਿਣ ਲੱਗੇ ਕਿ ਬਾਬਾ! ਲੈ ਜਾ। ਕਹਿੰਦਾ, ਮੈਂ ਬਾਅਦ 'ਚ ਲੈ ਜਾਊਂਗਾ, ਤੁਸੀਂ ਸਟੋਰ ਬੰਦ ਕਰ ਦਿਓ। ਬਾਹਰ ਕਢਾ ਦਿਓ। ਬਾਹਰ ਕਢਾ ਦਿਤੀ ਕਣਕ।

ਕਹਿੰਦਾ, ਸਾਡੀ ਫਿਰਦੀ ਸੀ ਗਾਰਦ। ਅਸੀਂ ਦੇਖਿਆ ਕਿ ਇਹ ਬੂੜਾ ਹੈਗਾ, ਤੇ ਬਹੁਤੀ ਕਣਕ ਪਾਈ ਬੈਠਾ ਹੈ ਇਸ ਤੋਂ ਚੁੱਕ ਨਹੀਂ ਹੁੰਦੀ। ਕਹਿੰਦਾ ਅਸੀਂ ਉਥੋਂ ਘੋੜਿਆਂ 'ਤੇ ਤੁਰੇ, ਸ਼ਹਿਰ ਵਿਚ ਗਸ਼ਤ ਲਾਉਂਦੇ ਸੀ ਤੇ ਐਨੇ ਨੂੰ ਮਹਾਰਾਜਾ ਰਣਜੀਤ ਸਿੰਘ ਆਇਆ, ਕਹਿਣ ਲੱਗਿਆ ਬਾਬਾ! ਤੂੰ ਇੱਥੇ ਬੈਠਾ ਹੈਂ। ਕਹਿੰਦਾ, ਸਰਦਾਰਾ! ਪੰਡ ਭਾਰੀ ਹੈ, ਲਾਲਚ 'ਚ ਆ ਗਿਆ ਮੈਂ।

ਘਰ ਮੇਰਾ ਹੈ ਲਾਹੌਰ ਦੇ ਦੂਜੇ ਪਾਸੇ। ਚੁੱਕ ਨਹੀਂ ਮੇਰੇ ਤੋਂ ਹੁੰਦੀ। ਕਹਿੰਦਾ, ਲਿਆ ਪੰਡ ਬੰਨਾਂ, ਪੰਡ ਬੰਨਾ ਲਈ ਤੇ ਚੁੱਕ ਲਈ। ਗਰਮੀ-ਗਰਮੀ ਹੋ ਗਿਆ ਮਹਾਰਾਜ, ਭਾਰੀ ਪੰਡ ਤੇ ਜਦੋਂ ਘਰ ਦੇ ਕੋਲ ਪਹੁੰਚਿਆ ਤਾਂ ਬਜ਼ੁਰਗ ਕਹਿਣ ਲੱਗਿਆ, ਸਰਦਾਰ ਜੀ! ਇੱਕ ਗੱਲ ਮੇਰੀ ਤੁਸੀਂ ਮੰਨੋ, ਮੈਂ ਬੜਾ ਧੰਨਵਾਦੀ ਹੋਵਾਂਗਾ।

ਕਹਿੰਦੇ, ਕੀ?

ਕਹਿੰਦਾ, ਮੈਨੂੰ ਕਦੇ ਸਰਕਾਰ ਦੇ ਦਰਸ਼ਨ ਕਰਾਓ। ਮੈਂ ਕਦੇ ਮਹਾਰਾਜੇ ਦੇ ਦਰਸ਼ਨ ਨਹੀਂ ਕਰੇ।

ਉਹ ਕਹਿੰਦੇ, ਬਾਬਾ! ਕੋਈ ਨਹੀਂ ਕਦੇ ਨਾ ਕਦੇ ਹੋ ਹੀ ਜਾਣਗੇ।

ਐਨੇ ਨੂੰ ਉਹਦਾ ਘਰ ਆ ਗਿਆ, ਪੰਡ ਰੱਖ ਦਿਤੀ ਉਸਦੀ। ਜਦੋਂ ਮਹਾਰਾਜਾ ਰਣਜੀਤ ਸਿੰਘ ਘਰ 'ਚੋਂ ਨਿਕਲਿਆ ਪੰਡ ਰੱਖ ਕੇ। ਕਹਿੰਦੇ, ਓਨੇ ਨੂੰ ਅਸੀਂ ਉਥੇ ਪਹੁੰਚ ਗਏ। ਅਸੀਂ ਦੇਖਿਆ ਕਿ ਇਹ ਤਾਂ ਮਹਾਰਾਜ ਸਾਹਿਬ ਫਿਰਦੇ ਨੇ। ਭੇਸ ਬਦਲਾਇਆ ਹੋਇਆ ਹੈ ਇਨ੍ਹਾਂ ਨੇ। ਤੰਬਾ ਪਾਇਆ ਹੋਇਆ ਹੈ, ਮੰਡਾਸਾ ਬੰਨਿਆ ਹੋਇਆ ਹੈ। ਅਸੀਂ ਘੋੜਿਆ ਤੋਂ ਇਕ ਦਮ ਉੱਤਰ ਕੇ ਸਲਾਮੀ ਦਿਤੀ।

ਉਹ ਬਾਬਾ ਕੁਛ ਦਹਿਲ ਗਿਆ ਕਿ ਇਹ ਤਾਂ ਕੋਈ ਵੱਡਾ ਅਫਸਰ ਹੈ।

ਕਹਿੰਦੇ, ਮੈਂ ਹੌਲੀ ਦੇ ਕੇ ਪੁਛਿਆ ਕਿ ਇਹ ਕੌਣ ਹੈ?

ਕਹਿੰਦੇ, ਇਹ ਤਾਂ ਮਹਾਰਾਜਾ ਰਣਜੀਤ ਸਿੰਘ ਨੇ।

ਕਹਿੰਦੇ, ਬਿਰਦ ਰੋ ਕੇ, ਡੱਡਿਆ ਕੇ ਚਰਨਾਂ 'ਤੇ ਗਿਰ ਗਿਆ।

ਕਹਿੰਦਾ, ਮਹਾਰਾਜ! ਤੂੰ ਐਨਾ ਚੰਗਾ ਇੱਕ ਗਰੀਬ ਦੇ ਵਾਸਤੇ ਪੰਡ ਚੁੱਕੀਂ ਆ ਗਿਆ।

ਉਹ ਡਾਇਰੀ 'ਚ ਲਿਖਿਆ ਹੋਇਆ ਹੈ ਕਿ ਜਦੋਂ ਇਹ ਗੱਲ ਮੈਂ ਬਾਬੇ ਤੋਂ ਸੁਣੀ ਸਾਰੀ, ਉਸ ਵੇਲੇ ਮੈਂ ਅੱਲਾ ਤਾਲਾ ਨੂੰ ਦੁਆ ਕਰੀ ਕਿ ਹੇ ਅੱਲਾਹ ਤਾਲਾ! ਮੇਰਾ ਜਿਹੜਾ ਸਰੀਰ ਹੈ ਏਸ ਰਾਜੇ ਦੀ ਸੇਵਾ 'ਚ ਲੱਗ ਜਾਵੇ। ਮੈਂ ਨੱਠਾਂ ਨਾ ਕਦੇ ਯੁੱਧ 'ਚੋਂ।

ਕਹਿੰਦਾ, ਉਹ ਡਾਇਰੀ ਜਦ ਮੈਂ ਪੜ੍ਹੀ, ਮੇਰੇ ਮਨ 'ਚ ਬੜਾ ਪਿਆਰ ਆਇਆ ਰਾਜੇ ਦਾ।

ਸੋ ਇਸ ਤਰ੍ਹਾਂ ਦੇ ਨਾਲ ਬੱਚਿਆਂ ਨੂੰ ਕਹਿਣ ਲੱਗਿਆ ਕਿ ਤੁਸੀਂ ਇੱਟ ਮਾਰੀ ਹੈ?

ਕਹਿੰਦੇ, ਅਸੀਂ ਤਾਂ ਬੇਰੀ ਦੇ ਮਾਰੀ ਹੈ।

ਕਹਿੰਦਾ, ਬੇਰੀ ਤੁਹਾਨੂੰ ਕੀ ਦਿੰਦੀ ਹੈ? ਕਹਿੰਦੇ, ਮਹਾਰਾਜ! ਬੇਰ ਗਿਰ ਪੈਂਦੇ ਨੇ ਅਸੀਂ ਖਾ ਲੈਂਦੇ ਹਾ। ਉਸ ਵੇਲੇ ਜਿਹੜਾ ਨਾਲ ਉਨ੍ਹਾਂ ਦਾ ਪ੍ਰਾਈਵੇਟ ਸੈਕਟਰੀ ਸੀ, ਉਹਨੂੰ ਬੁਲਾਇਆ। ਕਹਿੰਦੇ ਕਿ ਮੈਨੂੰ ਕੀ ਦੇਣਾ ਚਾਹੀਦਾ ਹੈ, ਮੇਰੇ ਇੱਟ ਮਾਰੀ ਹੈ।

ਕਹਿੰਦੇ, ਮਹਾਰਾਜ! ਅਸੀਂ ਤਾਂ ਕੁਛ ਨਹੀਂ ਕਹਿ ਸਕਦੇ।

ਕਹਿੰਦਾ ਚੰਗਾ। ਰਾਜੇ ਨੂੰ ਵੀ ਤਾਂ ਝੜਨਾ ਚਾਹੀਦਾ ਹੈ। ਬੁਰਹਾਨਪੁਰ ਤੇ ਬੁੱਢਣ ਪਿੰਡ ਦੋਵੇਂ ਇਸ ਮੁੰਡੇ ਨੂੰ ਜਗੀਰ ਦੇ ਵਿੱਚ ਲਿਖ ਦਿਓ।

ਸਾਧਸੰਗਤ ਜੀ! ਐਨੀ ਕਿਸੇ 'ਚ ਖਿਮਾ ਹੋ ਸਕਦੀ ਹੈ, ਐਨੀ ਧੀਰਜ ਕਿਸੇ ਬੰਦੇ 'ਚ ਹੋ ਸਕਦੀ ਹੈ? ਸੋ ਇਹ ਰਹਿਤ ਸੰਜਮ ਹੈ ਕਿ ਖਿਮਾ ਹੋਣੀ ਚਾਹੀਦੀ ਹੈ ਆਦਮੀ ਦੇ ਮਨ 'ਚ। ਸੱਤਵੀਂ ਹੁੰਦੀ ਹੈ, ਨਿਮਰਤਾ।

ਮੈਂ ਸੰਜਮ ਦਸਦਾ ਹਾਂ, ਪੱਥ ਦਸਦਾ ਹਾਂ ਕਿ ਨਾਮ ਦੀ ਦਾਰੂ ਕਿਵੇਂ ਲਗਦੀ ਹੈ। ਸੱਤਵੀਂ ਨਿਮਰਤਾ ਹੋਣੀ ਚਾਹੀਦੀ ਹੈ, ਹੰਕਾਰ ਨਹੀਂ ਹੋਣਾ ਚਾਹੀਦਾ। ਅੱਠਵਾਂ ਦਇਆ ਹੋਣੀ ਚਾਹੀਦੀ ਹੈ, ਨੌਵਾਂ ਕੋਮਲ ਹਿਰਦਾ ਹੋਣਾ ਚਾਹੀਦਾ ਹੈ, ਦੂਜੇ ਦਾ ਦੁੱਖ ਦੇਖ ਕੇ ਆਪਣੀਆਂ ਅੱਖਾਂ 'ਚ ਪਾਣੀ ਆ ਜਾਣਾ। ਦਸਵਾਂ ਖਾਣ ਪੀਣ ਦੀ ਪਵਿੱਤਰਤਾ ਹੋਣੀ ਚਾਹੀਦੀ ਹੈ, ਸਰੀਰ ਦੀ ਪਵਿੱਤਰਤਾ, ਵਸਤਰਾਂ ਦੀ ਪਵਿੱਤਰਤਾ, ਬਚਨ ਦੀ ਪਵਿੱਤਰਤਾ, ਮਨ

ਦੀ ਪਵਿੱਤਰਤਾ, ਬੁੱਧੀ ਦੀ ਪਵਿੱਤਰਤਾ, ਗਿਆਰ੍ਹਵਾਂ ਇਹਦੇ 'ਚ ਤਪ ਹੋਣਾ ਚਾਹੀਦਾ ਹੈ। ਬਾਰ੍ਹਵਾਂ ਸੇਵਾ ਦਾ ਭਾਵ ਹੋਣਾ ਚਾਹੀਦਾ ਹੈ, ਤੇਰ੍ਹਵਾਂ ਹਰ ਵਕਤ ਇੰਦਰੀਆਂ 'ਤੇ ਪਹਿਰਾ ਹੋਵੇ -

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਅੰਗ - 274***

ਅੱਖਾਂ ਕਦੇ ਵੀ ਬੇਗਾਨਾ ਰੂਪ ਨਾ ਤੱਕਣ।

***ਕਰਨ ਨ ਸੁਨੈ ਕਾਹੂ ਕੀ ਨਿੰਦਾ ॥ ਅੰਗ - 274***

ਜਿਹੜੇ ਕੰਨ ਨੇ ਇਹ ਕਿਸੇ ਦੀ ਨਿੰਦਿਆ ਨਾ ਸੁਣਨ। ਏਸੇ ਤਰ੍ਹਾਂ ਸਾਰੀਆਂ ਇੰਦਰੀਆਂ, ਹੱਥ ਮਾੜੇ ਕੰਮ ਨਾ ਕਰਨ, ਪੈਰ ਮਾੜੇ ਥਾਉਂ ਤੁਰ ਕੇ ਨਾ ਜਾਣ। ਚੌਦਵਾਂ ਸੰਤੋਖ ਹੋਣਾ ਚਾਹੀਦਾ ਹੈ 'ਯਥਾ ਲਾਭ ਸੰਤੁਸ਼ਟੇ'। ਮਿਹਨਤ ਕਰੋ ਜੀਅ ਭਰਕੇ, ਜੋ ਕੁਛ ਆ ਗਿਆ ਉਸ 'ਤੇ ਸੰਤੁਸ਼ਟ ਰਹਿਣਾ। ਫੇਰ ਅੱਖਾਂ 'ਤੇ ਸੰਤੋਖ, ਮਨ 'ਤੇ ਸੰਤੋਖ, ਬੋਲਣ 'ਤੇ ਸੰਤੋਖ। ਪੰਦਰਵਾਂ ਬੁੱਧ ਵਿਚ ਪੱਕਾ ਨਿਹਚਾ ਗੁਰੂ ਦਾ ਹੋਣਾ ਚਾਹੀਦਾ ਹੈ ਕਿ ਗੁਰੂ ਮੇਰੇ ਨਾਲ ਹੈ -

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥***
***ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥ ਅੰਗ - 394***
***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ ਅੰਗ - 677***

ਸੌਲਵਾਂ ਦਾਨ ਦੀ ਬਿਰਤੀ ਹੋਣੀ ਚਾਹੀਦੀ ਹੈ। ਜੇ ਥੋੜ੍ਹਾ ਹੈ ਥੋੜ੍ਹੇ 'ਚੋਂ ਦਾਨ ਕਰੋ, ਬਹੁਤਾ ਹੈ ਬਹੁਤ 'ਚੋਂ ਕਰੋ। ਗੁਰੂ ਦਾ ਦਸਵੰਧ ਜ਼ਰੂਰ ਕੱਢੋ। ਜਿਹੜਾ ਕਿਸਾਨ ਇਕ ਸੌ ਰੁਪਈਏ ਦੀ ਬੱਚਤ ਪਿੱਛੇ ਇੱਕ ਰੁਪਈਆ ਗੁਰੂ ਦਾ ਕੱਢੇ। ਇਹਦਾ ਦਸਵੰਧ ਬਣ ਜਾਂਦਾ ਹੈ ਫੇਰ। ਜਿਹੜਾ ਦੁਕਾਨਦਾਰ ਹੈ, ਜੇ 35% ਨਫਾ ਲੈਂਦਾ ਹੈ ਤਾਂ ਢਾਈ ਰੁਪਈਏ ਕੱਢੇ। ਜੇ 25 ਲੈਂਦਾ ਹੈ ਤਾਂ ਡੇਢ ਕੱਢੇ ਸੌ ਰੁਪਈਏ ਦੀ ਬੱਚਤ 'ਤੇ। ਗੋਲਕ ਲਾ ਕੇ ਰੱਖੇ ਤੇ ਪੈਸਾ ਗੁਰੂ ਦਾ ਪਾਈ ਜਾਵੇ।

ਸਤਾਰਵਾਂ ਹੁੰਦਾ ਹੈ ਕਿ ਜੋ ਗੁਰੂ ਗ੍ਰੰਥ ਸਾਹਿਬ ਦੇ ਬਚਨ ਨੇ ਉਨ੍ਹਾਂ ਨੂੰ ਹਿਰਦੇ 'ਚ ਧਾਰਨ ਕਰਨਾ, ਪੱਕੀ ਤਰ੍ਹਾਂ ਨਾਲ ਮੰਨਣਾ ਸ਼ੁਰੂ ਕਰ ਦੇਣਾ।

ਅਠਾਰਵਾਂ ਹੁੰਦਾ ਹੈ ਜਿਵੇਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕਹਿੰਦੀ ਹੈ, ਉਸ ਤਰ੍ਹਾਂ ਦਾ ਜੀਵਨ ਬਣਾ ਲੈਣਾ। ਉਨੀਵਾਂ ਹੁੰਦਾ ਹੈ ਨਿਤਨੇਮ 'ਚ ਪੂਰੇ ਰਹਿਣਾ। ਵੀਹਵਾਂ ਹੁੰਦਾ ਹੈ ਭੁੱਖੇ ਨੂੰ ਪ੍ਰਸ਼ਾਦਾ, ਗੁਰੂ ਘਰ 'ਚ ਅੰਨ੍ਹ ਦੇਣਾ। ਉਥੇ ਪ੍ਰਸ਼ਾਦੇ ਬਣਦੇ ਨੇ, ਲੰਗਰ ਚਲਦਾ ਹੈ, ਲੰਗਰ 'ਚ ਆਪੇ ਹੀ ਚਲਿਆ ਜਾਂਦਾ।

ਇੱਕੀਵਾਂ ਹੁੰਦਾ ਹੈ, ਆਪਣੇ ਆਪ ਨੂੰ ਨੀਵਾਂ ਸਮਝਣਾ, ਹੰਕਾਰੀ ਨਾ ਹੋਣਾ ਤੇ ਨੀਵਾਂ ਸਮਝ ਕੇ ਕਿਸੇ ਦੀ ਨਿੰਦਿਆਂ ਨਹੀਂ ਕਰਨੀ, ਚੁਗਲੀ ਨਹੀਂ ਕਰਨੀ, ਈਰਖਾ ਨਹੀਂ ਕਰਨੀ। ਸੋ ਇਹ ਪੱਥ ਨੇ।

ਆਹ ਸਾਰੇ ਪੱਥ ਰੱਖ ਲਓ, ਕੋਈ ਦੁਨੀਆਂ ਦੀ ਬੀਮਾਰੀ ਆਦਮੀ ਦੇ ਨੇੜੇ ਨਹੀਂ ਰਹੇਗੀ। ਸੋ ਮਹਾਰਾਜ ਕਹਿੰਦੇ –

***ਹਰਿ ਅਉਖਧੁ ਸਭ ਘਟ ਹੈ ਭਾਈ ॥***
***ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥***
***ਗੁਰਿ ਪੂਰੈ ਸੰਜਮੁ ਕਰਿ ਦੀਆ ॥***
***ਨਾਨਕ ਤਉ ਫਿਰਿ ਦੂਖ ਨ ਥੀਆ ॥*** ***ਅੰਗ – 259***

ਜਿੰਨਾਂ ਚਿਰ ਗੱਲ ਨਹੀਂ ਮੰਨਦੇ, ਓਨਾਂ ਚਿਰ ਵਿਧੀ ਨਹੀਂ ਹੁੰਦੀ। ਜਦੋਂ ਗੁਰੂ ਨੇ ਸੰਜਮ ਦਸ ਦਿਤਾ। ਪੱਥ ਦਸ ਦਿਤਾ, ਫੇਰ ਦੁੱਖ ਨਹੀਂ ਹੋਇਆ ਕਰਦਾ।

***ਨਾਮੁ ਅਉਖਧੁ ਮੋ ਕਉ ਸਾਧੂ ਦੀਆ ॥***
***ਕਿਲਬਿਖ ਕਾਟੇ ਨਿਰਮਲੁ ਥੀਆ ॥***
***ਅਨਦੁ ਭਇਆ ਨਿਕਸੀ ਸਭ ਪੀਰਾ***
***ਸਗਲ ਬਿਨਾਸੇ ਦਰਦਾ ਜੀਉ ॥***

***ਅੰਗ – 101***

ਸਾਰੇ ਦਰਦਾਂ ਦਾ ਖਾਤਮਾ ਹੋ ਗਿਆ।

ਕਈ ਪ੍ਰੇਮੀਆਂ ਦੇ ਮਨ ਵਿਚ ਸ਼ੱਕ ਹੁੰਦਾ ਹੈ ਕਿ ਇਹ ਜਿਹੜੀ ਗੱਲ ਬਾਬਾ ਜੀ ਕਰੀ ਜਾਂਦਾ ਹੈ, ਕੀ ਇਹ ਸੱਚ ਵੀ ਹੈ।

ਮੈਂ ਤੁਹਾਨੂੰ ਇੱਕ ਮਿਸਾਲ ਦੇਣੀ ਹੈ, ਹਜ਼ਾਰਾਂ ਮਿਸਾਲਾਂ 'ਚੋਂ। ਸਿਰਫ ਸਰੀਰਕ ਬਿਮਾਰੀ ਦੀ। ਸਾਡੇ ਕੋਲ ਇੱਕ ਬੀਬੀ ਆਈ, ਮੋਹਾਲੀ ਦੀ। ਸੂਬੇਦਾਰ ਦੇ ਘਰੋਂ ਸੀ, ਪੜ੍ਹੀ ਲਿਖੀ ਸੀ। ਉਹਦੀਆਂ ਅੱਖਾਂ ਬੰਦ ਹੋ ਗਈਆਂ ਦੋਵੇਂ, ਬੜੀ ਕਰਦੀ ਰਹੀ ਕਿ ਮੇਰੀਆ ਅੱਖਾਂ ਬੰਦ ਹੋ ਗਈਆਂ।

ਮੈਂ ਕਿਹਾ, ਬੀਬੀ! ਹੋਰ ਵੀ ਕੋਈ ਬੀਮਾਰੀ ਹੈ?

ਕਹਿੰਦੀ, ਪੁੱਛੋ ਹੀ ਨਾ।

ਮੇਰਾ ਤਾਂ ਸਰੀਰ ਹੈ ਹੀ ਬਿਮਾਰੀਆਂ ਦਾ। ਮੈਂ ਕਿਹਾ ਚੰਗਾ, ਤੂੰ ਇਸ ਤਰ੍ਹਾਂ ਕਰ, ਇੱਕ ਗੁਰੂ ਘਰ ਦੀ ਸੇਵਾ ਕਰ ਤੇ ਜਪੁਜੀ ਸਾਹਿਬ ਦੇ ਪਾਠ ਕਰ। ਜੇ ਬਾਬਾ ਜੀ ਕਹਿੰਦਾ ਹੈ ਤਾਂ ਉਹ ਕਿਸੇ ਭਰੋਸੇ 'ਤੇ ਹੀ ਕਹਿੰਦਾ ਹੈ, ਕਿਸੇ ਦਾ ਹੋ ਕੇ। ਆਪਣੇ ਵਲੋਂ ਨਹੀਂ ਕਹਿੰਦਾ। ਵਿਸ਼ਵਾਸ਼ ਹੈ ਕਿ ਬਾਣੀ ਪੜ੍ਹਨ ਨਾਲ ਕੋਈ ਬਿਮਾਰੀ ਨਹੀਂ ਰਹਿ ਸਕਦੀ। ਵੱਡੇ-ਵੱਡੇ ਤੋਂ ਵੱਡਾ ਦੁੱਖ ਤੇ ਸੰਕਟ ਦੂਰ ਹੋ ਜਾਂਦਾ ਹੈ। ਜਿੱਥੇ ਕਿਸੇ ਬੰਦੇ ਦਾ ਹੱਥ ਨਾ ਪਹੁੰਚੇ, ਉਥੇ ਬਾਣੀ ਦਾ ਹੱਥ ਪਹੁੰਚਦਾ ਹੈ। ਦੱਸ ਦਿਤਾ ਉਹਨੂੰ।

ਰਤਵਾੜਾ ਸਾਹਿਬ ਆ ਗਈ, ਇੱਕ ਸਾਲ ਲੰਘ ਗਿਆ। ਪਹਿਲੇ ਮਹੀਨੇ ਦੇ ਅੰਦਰ ਉਸਨੂੰ 240 ਬਲੱਡ ਪਰੈਸ਼ਰ, 240 ਬਲੱਡ ਸ਼ੂਗਰ। 240 ਬਲੱਡ ਤੋਂ ਉੱਪਰ ਜੇ ਵੱਧ ਜਾਵੇ, ਤਾਂ ਦਿਮਾਗ ਦੀ ਨਾੜੀ ਫਟ ਜਾਂਦੀ ਹੈ। 240 ਬਲੱਡ ਸ਼ੂਗਰ ਦੇ ਵਿਚ ਜੇ ਜ਼ਖਮ ਹੋ ਜਾਏ, ਕਦੇ ਰਾਜ਼ੀ ਨਹੀਂ ਹੁੰਦਾ ਮੁੜ ਕੇ। ਸਰੀਰ ਗਲਣਾ ਸ਼ੁਰੂ ਹੋ ਜਾਂਦਾ ਹੈ। ਪਹਿਲੇ ਮਹੀਨੇ

'ਚ ਜਾ ਕੇ ਉਹਨੇ ਡਾਕਟਰ ਨੂੰ ਦਿਖਾਇਆ, ਵੀਹ ਦਿਨ ਬਾਅਦ ਉਹਦੀਆਂ ਅੱਖਾਂ 'ਚ ਜੋਤੀ ਆ ਗਈ। ਖੁਲ੍ਹ ਗਈ ਅੱਖ, ਪੀ.ਜੀ.ਆਈ ਗਈ, ਜਾ ਕੇ ਕਾਰਡ ਦਿਖਾਇਆ।

ਡਾ. ਕਹਿਣ ਲੱਗੇ ਕਿ ਤੇਰਾ ਤਾਂ ਬਲੱਡ ਪਰੈਸ਼ਰ ਵੀ ਠੀਕ ਹੋ ਗਿਆ, ਬਲੱਡ ਸ਼ੂਗਰ ਵੀ ਠੀਕ ਹੋ ਗਈ। ਦਵਾਈ ਕੀ ਲਈ ਹੈ ਤੂੰ?

ਉਹ ਕਹਿੰਦੀ ਦਵਾਈ ਤਾਂ ਕੋਈ ਨਹੀਂ ਲਈ, ਲੰਗਰ ਦੇ ਪ੍ਰਸ਼ਾਦੇ ਛਕਦੀ ਸੀ, ਰੋਜ਼ ਪਾਠਾਂ ਦਾ ਭੋਗ ਪੈਂਦਾ ਹੈ, ਕੜਾਹ ਪ੍ਰਸ਼ਾਦ ਮਿਲਦਾ ਹੈ। ਪ੍ਰਸ਼ਾਦਿਆਂ ਤੋਂ ਬਾਅਦ ਗੁੜ ਵੀ ਵੰਡਦੇ ਨੇ, ਗਰਮੀ ਦਾ ਮਹੀਨਾ ਸੀ। ਉਹ ਕਹਿੰਦਾ, ਬੀਬੀ! ਇਹ ਤਾਂ ਸਭ ਸ਼ੂਗਰ ਕਰਨ ਵਾਲੀਆਂ ਨੇ। ਕਹਿੰਦੇ, ਉਥੇ ਕੋਈ ਸ਼ੂਗਰ ਨਹੀਂ ਹੋਈ। ਮੈਂ ਸੱਚ ਬੋਲਦੀ ਹਾਂ। ਪੱਥਰੀ ਸੀ ਉਹਦੇ ਗੁਰਦੇ 'ਚ, ਨੌਂ ਮਹੀਨੇ ਤੋਂ ਬਾਅਦ ਪੱਥਰੀ ਨਿਕਲ ਗਈ ਤਿੰਨ ਟੁਕੜੇ ਹੋ ਕੇ। ਕਾਗਜ਼ ਚੁੱਕ ਕੇ ਲਿਆਈ ਮੇਰੇ ਕੋਲ, ਮੈਂ ਅਮਰੀਕਾ ਨੂੰ ਜਾ ਰਿਹਾ ਸੀ। ਕਹਿੰਦੀ, ਵੀਰ ਜੀ! ਆਹ ਦੇਖਿਓ। ਵੀਰ ਜੀ ਕਹਿੰਦੀ ਸੀ ਮੈਨੂੰ।

ਮੈਂ ਕਿਹਾ, ਕੀ ਹੈ?

ਕਹਿੰਦੀ, ਆਹ ਪੱਥਰੀ ਨਿਕਲ ਗਈ।

ਮੈਂ ਕਿਹਾ, ਫੇਰ ਤਾਂ ਬਹੁਤ ਵਧੀਆ ਹੋ ਗਿਆ, ਹੁਣ ਕਿੰਨੀਆਂ ਕੁ ਬੀਮਾਰੀਆਂ ਰਹਿ ਗਈਆਂ?

ਕਹਿੰਦੀ, ਹੁਣ ਇੱਕ ਤਾਂ ਮੇਰੀ ਅੱਖ ਬੰਦ ਰਹਿ ਗਈ ਖੱਬੀ। ਇੱਕ ਮੇਰੇ ਪੇਟ ਵਿਚ ਰਸੌਲੀ ਹੈ, ਇੱਕ ਮੇਰੇ ਰੀੜ ਦੀ ਹੱਡੀ 'ਚ ਕਰੈਕ ਆਇਆ ਹੋਇਆ ਹੈ। ਡਾਕਟਰ ਕਹਿੰਦੇ, ਤੈਨੂੰ ਅਧਰੰਗ ਹੋ ਜਾਏਗਾ। ਮੈਂ ਕਿਹਾ, ਤੂੰ ਤੱਕੜੀ ਹੋ ਕੇ ਲੱਗੀ ਰਹਿ। ਜਦੋਂ ਮੈਂ ਆਇਆ ਵਾਪਸ ਜਨਵਰੀ 'ਚ। ਉਹ ਕਹਿੰਦੀ, ਵੀਰ ਜੀ ਅੱਖ ਦੇ ਵਿਚ ਰੌਸ਼ਨੀ ਤਾਂ ਆਈ ਨਹੀਂ ਹੈ। ਮੈਂ ਹੁਣ ਕਾਣੀ ਜਾਵਾਂਗੀ। ਮੈਂ ਕਿਹਾ, ਨਹੀਂ ਹੁਣ ਚਾਰ ਮਹੀਨੇ ਹੋਰ ਰਹਿ। ਜਨਵਰੀ ਦੇ ਮਹੀਨੇ ਉਹਦੀ ਦੂਜੀ ਅੱਖ ਖੁਲ੍ਹ ਗਈ। ਬੜੀਆਂ ਖੁਸ਼ੀਆਂ ਹੋ ਗਈਆਂ। ਡਾਕਟਰ ਕਹਿੰਦੇ ਸੀ ਤੇਰੀ ਅੱਖ ਖੁਲ੍ਹ ਹੀ ਨਹੀਂ ਸਕਦੀ, ਪਿਚਕ ਗਈਆਂ ਨਾੜਾਂ। ਇਹ ਅੱਖ ਤੋਂ ਨਹੀਂ ਦਿਸਣਾ। ਉਸ ਤੋਂ ਬਾਅਦ ਉਹਨੇ ਜਾ ਕੇ ਰਸੌਲੀ ਦਿਖਾਈ, ਰਸੌਲੀ ਹੈ ਹੀ ਨਹੀਂ। ਰੀੜ ਦੀ ਹੱਡੀ ਦਾ ਐਕਸਰੇ ਕਰਾਇਆ, ਉਹ crack ਵੀ ਨਹੀਂ ਰਿਹਾ। ਫੇਰ ਕਾਹਲੀ ਪੈ ਗਈ ਉਹ। ਮੈਂ ਕਿਹਾ, ਬੀਬੀ! ਚਾਰ ਮਹੀਨੇ ਰਹਿ। ਦੋ ਮਹੀਨੇ ਮੁਸ਼ਕਲ ਨਾਲ ਰਹੀ। ਚੌਦਾਂ ਮਹੀਨੇ ਦੇ ਅੰਦਰ ਰਾਜ਼ੀ ਹੋ ਕੇ ਗਈ।

ਫੇਰ ਅਜੀਬ ਗੱਲ ਇਹ ਵੀ ਸੀ ਕਿ ਐਨਕ ਦਾ ਸਾਢੇ ਤਿੰਨ ਨੰਬਰ ਲੱਗਿਆ ਹੋਇਆ ਸੀ, ਜਦੋਂ ਅੱਖਾਂ ਬੰਦ ਹੋਈਆਂ ਤੇ ਮਹਾਰਾਜ ਜੀ ਨੇ ਜਦੋਂ ਅੱਖਾਂ ਦਿੱਤੀਆਂ, ਐਨਕ ਲੱਗੀ ਹੀ ਨਹੀਂ।

ਸੋ ਮਹਾਰਾਜ ਕਹਿੰਦੇ, ਪ੍ਰੇਮੀਓ! ਇਸ ਗੱਲ ਦੇ ਉੱਤੇ ਸ਼ੱਕ ਨਾ ਕਰਿਓ। ਇਹ ਤਾਂ ਜੇ ਨਾਮ ਦੀ ਅਉਖਦ ਕੋਈ ਖਾ ਲਏ, ਉਹਦੇ ਇੱਕ ਰੋਗ ਨਹੀਂ, ਸਾਰੇ ਦੁੱਖਾਂ ਦਾ ਖਾਤਮਾ ਹੋ ਜਾਇਆ ਕਰਦਾ ਹੈ -

***ਸਰਬ ਰੋਗ ਕਾ ਅਉਖਦੁ ਨਾਮੁ ॥***
***ਕਲਿਆਣ ਰੂਪ ਮੰਗਲ ਗੁਣ ਗਾਮ ॥ ਅੰਗ - 274***

ਸੋ ਜਦੋਂ ਐਡੀ ਚੀਜ਼ ਸਾਡੇ ਕੋਲ ਪਈ ਹੈ -

***ਨਾਨਕ ਕੈ ਘਰਿ ਕੇਵਲ ਨਾਮੁ ॥ ਅੰਗ - 1136***

ਗੁਰੂ ਨਾਨਕ ਦੇ ਘਰ ਕੇਵਲ ਨਾਮ ਦੀ ਦੁਕਾਨ ਖੁਲ੍ਹੀ ਹੋਈ ਹੈ। 1430 ਪੰਨੇ ਵਿਚ ਨਾਮ ਦੀ ਸੋਝੀ ਪੈਂਦੀ ਹੈ। ਫੇਰ ਜੇ ਅਸੀਂ ਨਾਮ ਦੀ ਦਾਰੂ ਲੈਂਦੇ ਨਹੀਂ, ਫੇਰ ਤਾਂ ਬੜੀ ਔਖੀ ਗੱਲ ਹੈ। ਕਹਿੰਦੇ, ਜੀ ਫੇਰ ਨਾਮ ਦੀ ਦਾਰੂ ਮਿਲਦੀ ਕਿਥੋਂ ਹੈ।

ਮਹਾਰਾਜ ਫੁਰਮਾਨ ਕਰਦੇ ਨੇ ਕਿ -

***ਜਿਸੁ ਵਖਰ ਕਉ ਲੈਨਿ ਤੂ ਆਇਆ ॥***
***ਰਾਮ ਨਾਮੁ ਸੰਤਨ ਘਰਿ ਪਾਇਆ ॥ ਅੰਗ - 283***

ਗੁਰੂ ਕੋਲ ਹੈ ਨਾਮ। ਹੋਰ ਕਿਤੋਂ ਨਹੀਂ ਇਹ ਨਾਮ ਮਿਲਦਾ।

***ਧਾਰਨਾ - ਨਾਮ ਪੂਰਿਆਂ ਗੁਰਾਂ ਤੋਂ ਮਿਲਦੈ,***
***ਸਿਧ ਸਾਧਕ ਫਿਰਦੇ ਟੋਲ੍ਹਦੇ।***

ਮਹਾਰਾਜ ਫੁਰਮਾਨ ਕਰਦੇ ਨੇ ਕਿ ਇਹ ਨਾਮ ਜਦੋਂ ਤੋਂ ਸੰਸਾਰ ਬਣਿਆ ਹੈ, ਉਸ ਵੇਲੇ ਤੋਂ ਹੀ ਇਹਦੀ ਖੋਜ ਸ਼ੁਰੂ ਹੋਈ-ਹੋਈ ਹੈ। ਇਹਨੂੰ ਹੀ ਅੰਮ੍ਰਿਤ ਕਹਿੰਦੇ ਨੇ -

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ***
***ਅੰਮ੍ਰਿਤੁ ਗੁਰਮਤਿ ਪਾਏ ਰਾਮ ॥***
***ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ***
***ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥ ਅੰਗ - 538***

ਸੋ ਇਹ ਜਿਹੜੀ ਚੀਜ਼ ਹੈ ਇਹਨੂੰ ਦੇਵਤੇ ਵੀ ਖੋਜਦੇ ਨੇ, ਨਾਮ ਮਿਲਿਆ ਨਹੀਂ ਕਿਸੇ ਨੂੰ।

***ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ***
***ਸੁ ਅੰਮ੍ਰਿਤੁ ਗੁਰ ਤੇ ਪਾਇਆ ॥ ਅੰਗ - 918***

ਪ੍ਰਮੇਸ਼ਰ ਦਾ ਨਾਮ ਸਮਰੱਥ ਗੁਰੂ ਤੋਂ ਮਿਲਦਾ ਹੈ। ਸਮਰੱਥ ਗੁਰੂ ਦੀ ਨਿਸ਼ਾਨੀ ਵੀ ਹੁੰਦੀ ਹੈ ਕੋਈ? ਕਹਿੰਦੇ, ਸਮਰੱਥ ਗੁਰੂ ਜਿਹੜਾ ਹੈ -

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।***
***ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।***
***ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।***

***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।***

***ਭਾਈ ਗੁਰਦਾਸ ਜੀ, ਵਾਰ 34/1***

ਹੋਰ ਨਿਸ਼ਾਨੀ ਵੀ ਹੈ ਜਿਹੜੀ ਸਾਡੀ ਸਮਝ ਵਿਚ ਆ ਜਾਵੇ। ਮਹਾਰਾਜ ਕਹਿੰਦੇ, ਉਹ ਵੀ ਸਮਝਣਾ ਚਾਹੁੰਦਾ ਹੈਂ ਤਾਂ ਅਸੀਂ ਦਸ ਦਿੰਦੇ ਹਾਂ।

ਉਹ ਨਿਸ਼ਾਨੀ ਇਹ ਹੈ ਕਿ ਆਹ ਜਿਹੜਾ ਤੇਰਾ ਸਰੀਰ ਹੈ, ਇਹਦੀ ਬਣਤਰ ਬਹੁਤ ਅਜੀਬ ਹੈ, ਇਹਦੇ ਦੋ ਸੌ ਪੰਦਰਾਂ ਅਰਬ ਸੈੱਲ ਲੱਗਿਆ ਹੋਇਆ ਹੈ। ਬਹੱਤਰ ਕਰੋੜ, ਬਹੱਤਰ ਲੱਖ, ਬਹੱਤਰ ਹਜ਼ਾਰ, ਦੋ ਸੌ ਇਹਦੇ ਵਿਚ ਖ਼ੂਨ ਚੱਲਣ ਵਾਲੀਆਂ ਨਾੜੀਆਂ ਨੇ। ਨੌਂ ਇਹਦੇ ਦਰਵਾਜ਼ੇ ਨੇ। ਇੱਕ ਇਹਦੇ ਵਿਚ ਦਸਵਾਂ ਦਰਵਾਜ਼ਾ ਹੈ, ਜਿਹਨੂੰ ਨਿੱਜ ਘਰ ਕਹਿੰਦੇ ਨੇ, ਥਿਰ ਘਰ ਕਹਿੰਦੇ ਨੇ -

***ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥***

***ਅੰਗ - 201***

ਸੋ ਘਰ ਕਹਿੰਦੇ ਨੇ -

***ਸੋ ਘਰੁ ਗੁਰਿ ਨਾਨਕ ਕਉ ਦੀਆ ॥*** ***ਅੰਗ - 186***

ਉਹ ਹੈ ਕਿੱਥੇ? ਕਬੀਰ ਸਾਹਿਬ ਦਸਦੇ ਨੇ -

***ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ ॥***

***ਅੰਗ - 1372***

ਗੰਗ ਤੇ ਜਮੁਨ, ਇੜਾ ਤੇ ਪਿੰਗਲਾ ਦੇ ਵਿਚਾਲੇ ਸੁਖਮਨਾ ਨਾੜੀ ਦੇ ਸਿਰੇ 'ਤੇ ਇਹ ਘਰ ਹੈ -

***ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ ॥***

***ਅੰਗ - 1372***

ਕਹਿੰਦੇ ਉਥੇ ਅਸੀਂ ਰਹਿੰਦੇ ਹਾਂ -

ਮੁਨੀ ਵਗੈਰਾ, ਸਾਧੂ ਵਗੈਰਾ ਖੋਜਦੇ ਫਿਰਦੇ ਨੇ। ਕਿਸੇ ਨੂੰ ਇਹ ਘਰ ਲੱਭਦਾ ਨਹੀਂ। ਏਸ ਘਰ ਨੂੰ ਜਿਹੜਾ ਦਿਖਾ ਦੇਵੇ -

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥***

***ਅੰਗ - 1291***

ਜਿਹੜਾ ਦਿਖਾ ਦੇਵੇ ਉਹ ਸਤਿਗੁਰੂ ਹੁੰਦਾ ਹੈ। ਕਹਿੰਦੇ, ਉਥੇ ਨਿਸ਼ਾਨੀ ਵੀ ਹੈ?

ਐਵੇਂ ਹੀ ਕਹਿ ਦੇਵੇ ਕਿ ਤੈਨੂੰ ਘਰ ਦਿਸ ਗਿਆ। ਕਹਿੰਦੇ, ਉਥੇ ਨਿਸ਼ਾਨੀ ਹੈ -

***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥***
***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥***
***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥***

*ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥*
*ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥*
*ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ ॥*
*ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥*

*ਅੰਗ - 1291*

ਜਿਹੜਾ ਇਹ ਘਰ ਦਿਖਾ ਦੇਵੇ ਉਹ ਕਹਿੰਦੇ ਸਤਿਗੁਰੂ ਹੁੰਦਾ ਹੈ। ਓਸ ਗੁਰੂ ਕੋਲ ਨਾਮ ਹੋਇਆ ਕਰਦਾ ਹੈ -

*ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ॥*
*ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥*

*ਅੰਗ - 40*

ਸਤਿਗੁਰੂ ਦੀ ਸੇਵਾ ਕਰਕੇ ਮਿਲਦਾ ਹੈ। ਗੁਰੂ ਘਰ 'ਚ ਕਿਵੇਂ ਮਿਲਦਾ ਹੈ? ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਦੇ ਅੰਦਰ, ਪੰਜ ਕਰਨੀ ਕਮਾਈ, ਗੁਰੂ ਦੇ ਪਿਆਰੇ; ਦੁਨੀਆਂ ਦੇ ਪਿਆਰੇ ਨਹੀਂ, ਪੈਸੇ ਦੇ ਪਿਆਰੇ, ਪ੍ਰਭਤਾ ਦੇ ਪਿਆਰੇ ਨਹੀਂ, ਜਿਹੜੇ ਗੁਰੂ ਦੇ ਪਿਆਰੇ ਨੇ -

*ਰਤੇ ਸੇਈ ਜਿ ਮੁਖੁ ਨ ਮੋੜੰਨਿ੍ ਜਿਨ੍ਹੀ ਸਿਞਾਤਾ ਸਾਈ ॥*

*ਅੰਗ - 1425*

ਉਹ ਆਪਣੇ ਸ਼ੁਭ ਜੀਵਨ ਤੋਂ ਮੁਖ ਨਹੀਂ ਮੋੜਿਆ ਕਰਦੇ। ਗੁਰੂ ਦੇ ਹੁਕਮ ਵਿਚ ਰਹਿੰਦੇ ਨੇ। ਗੁਰਬਾਣੀ ਦੇ ਹੁਕਮ ਦੇ ਮੁਤਾਬਿਕ ਆਪਣੇ ਜੀਵਨ ਬਤੀਤ ਕਰਦੇ ਨੇ। ਉਹ ਜਿਹੜੇ ਪੰਜ ਨੇ ਜਦੋਂ ਇਕੱਠੇ ਹੋ ਜਾਣ, ਗੁਰੂ ਗ੍ਰੰਥ ਸਾਹਿਬ ਦੇ ਤਾਬੇ ਅਰਦਾਸ ਕਰਨ, ਆਪਣਾ ਆਪ ਗੁਰੂ ਦੇ ਚਰਨਾਂ 'ਚ ਸੌਂਪ ਦੇਣ, ਫੇਰ ਗੁਰੂ ਉਨ੍ਹਾਂ ਦੇ ਸਰੀਰ 'ਚ ਪ੍ਰਵੇਸ਼ ਕਰ ਜਾਂਦਾ ਹੈ। ਪ੍ਰਵੇਸ਼ ਕਰਕੇ ਫੇਰ ਉਹ ਪੰਜ ਬਾਣੀਆਂ ਪੜ੍ਹ ਕੇ ਅੰਮ੍ਰਿਤ ਦਾ ਬਾਟਾ ਤਿਆਰ ਕਰਦੇ ਨੇ। ਫੇਰ ਇਕੱਠੇ ਹੋ ਕੇ ਅੰਮ੍ਰਿਤ ਛਕਾਉਣ ਤੋਂ ਬਾਅਦ ਕਹਿੰਦੇ ਨੇ ਕਿ ਬੋਲ ਵਾਹਿਗੁਰੂ-ਵਾਹਿਗੁਰੂ। ਪੰਜ ਵਾਰੀ ਬੋਲਦੇ ਨੇ। ਉਹ ਫੇਰ ਹਿਰਦੇ 'ਚ ਚਲਿਆ ਹੈ। ਜੜ੍ਹ ਫੜ ਲੈਂਦਾ ਹੈ ਸ਼ਬਦ। ਫੇਰ ਉਹ ਸ਼ਬਦ ਦੀ ਕਮਾਈ ਤੋਂ ਲੈ ਕੇ ਪ੍ਰਾਪਤੀ ਤੱਕ ਜਿੰਨਾਂ ਸਬੰਧ ਹੈ, ਸਾਰੇ ਨੂੰ ਨਾਮ ਕਹਿੰਦੇ ਨੇ। ਸੋ ਇਹ ਨਾਮ ਪੂਰੇ ਸਤਿਗੁਰੂ ਕੋਲ ਹੈ -

*ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥*
*ਧੰਨੁ ਵਡਭਾਗੀ ਵਡ ਭਾਗੀਆ ਜੋ ਆਇ ਮਿਲੇ ਗੁਰ ਪਾਸਿ ॥*

*ਅੰਗ - 40*

ਵੱਡੇ ਭਾਗਾਂ ਵਾਲੇ ਨੇ ਜਿਹੜੇ ਗੁਰੂ ਕੋਲ ਆ ਗਏ -

*ਸਤਿਗੁਰੁ ਪੁਰਖੁ ਅੰਮ੍ਰਿਤ ਸਰੁ ਵਡਭਾਗੀ ਨਾਵਹਿ ਆਇ ॥*

*ਅੰਗ - 40*

ਵੱਡੇ ਭਾਗਾਂ ਵਾਲੇ ਨਾਹੁੰਦੇ ਨੇ। ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਚ -

*ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਇ ॥*

*ਅੰਗ - 40*

ਉਥੇ ਫੇਰ ਸਾਰੇ ਜਨਮਾਂ-ਜਨਮਾਂਤਰਾਂ ਦੀ ਮੈਲ ਉਤਰਦੀ ਹੈ, ਬਾਣੀ ਦੇ ਨਾਲ। ਫੇਰ ਨਾਮ ਦ੍ਰਿੜ੍ਹ ਹੋ ਜਾਂਦਾ ਹੈ ਅੰਦਰ -

***ਜਨ ਨਾਨਕ ਉਤਮ ਪਦੁ ਪਾਇਆ ਸਤਿਗੁਰ ਕੀ ਲਿਵ ਲਾਇ ॥***
***ਅੰਗ - 40***

ਜਿਹਨੂੰ ਇਹ ਨਾਮ ਨਹੀਂ ਪ੍ਰਾਪਤ ਹੁੰਦਾ, ਮਹਾਰਾਜ ਕਹਿੰਦੇ ਉਹਦਾ ਕੋਈ ਸੰਸਾਰ 'ਤੇ ਆਉਣ ਦਾ ਫਾਇਦਾ ਹੈ? ਐਡੀ ਵੱਡੀ ਸਹੂਲੀਅਤ, 83 ਲੱਖ 99 ਹਜ਼ਾਰ 999 ਜਨਮ ਲੰਘਣ ਤੋਂ ਬਾਅਦ ਸਾਨੂੰ ਪ੍ਰਾਪਤ ਹੋਇਆ ਮੌਕਾ। ਇਸ ਮੌਕੇ ਨੂੰ ਜਿਹਨੇ ਅਜਾਈਂ ਗਵਾ ਦਿਤਾ। ਉਹ ਕਹਿੰਦੇ ਉਹਦੇ ਆਉਣ ਦਾ ਕੋਈ ਫਾਇਦਾ ਨਹੀਂ ਸੀ। ਕਿਉਂਕਿ ਇੱਥੇ ਸੰਸਾਰ 'ਚ ਆ ਕੇ ਉਹਨੇ ਪਾਪ ਬੀਜੇ, ਈਰਖਾ ਬੀਜੀ, ਨਿੰਦਿਆ ਬੀਜੀ, ਚੁਗਲੀਆਂ ਬੀਜੀਆਂ, ਲਾਲਚ ਬੀਜਿਆ, ਕ੍ਰੋਧ ਬੀਜਿਆ, ਕਾਮ ਬੀਜਿਆ, ਹੰਕਾਰ ਬੀਜਿਆ, ਫਲ ਕੀ ਹੋਏਗਾ। ਦਰਗਾਹ 'ਚ ਜਾ ਕੇ ਫੇਰ-

***ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥***
***ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥***
***ਅੰਗ - 1425***

ਉਹਨੇ ਤਾਂ ਸਗੋਂ ਸਜ਼ਾ ਹੋਰ ਸਹੇੜ ਲਈ। ਕਹਿੰਦੇ, ਉਹਦੇ ਆਉਣ ਦਾ ਕੋਈ ਫਾਇਦਾ ਨਹੀਂ ਸੀ -

***ਧਾਰਨਾ - ਕਾਹਨੂੰ ਜੰਮਣਾ ਸੀ ਭਗਤੀ ਤੋਂ ਹੀਣਿਆ ਓਏ,***
***ਕਾਹਨੂੰ ਜੰਮਣਾ।***
***ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ ॥***
***ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥***
***ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥***
***ਅੰਗ - 450***

ਮਹਾਰਾਜ ਕਹਿੰਦੇ, ਇੱਕ ਗੱਲ ਦੱਸ ਦੇ ਤੂੰ। ਬਈ ਨਾਮ ਤੋਂ ਬਗੈਰ ਤੇਰੀ ਜ਼ਿੰਦਗੀ ਕਾਹਦੇ ਵਾਸਤੇ ਆਈ ਹੈ। ਆਪ ਦਾ ਫੁਰਮਾਨ ਹੈ ਕਿ -

***ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥***
***ਬਿਧਵਾ ਕਸ ਨ ਭਈ ਮਹਤਾਰੀ ॥ ਅੰਗ - 328***

ਜੇ ਨਾਮ ਜਪਣ ਵਾਲਾ ਪੁੱਤਰ ਨਹੀਂ ਸੀ ਪੈਦਾ ਕਰਨਾ ਤਾਂ ਮਾਂ ਵਿਧਵਾ ਹੋ ਜਾਂਦੀ, ਪਾਪ ਕਰਨ ਵਾਲਾ ਤਾਂ ਨਾ ਪੈਦਾ ਕਰਦੀ। ਸੰਸਾਰ ਨੂੰ ਵੀ ਦੁਖੀ ਕਰਦਾ ਹੈ ਤੇ ਆਪ ਵੀ ਦੁਖੀ ਹੁੰਦਾ ਹੈ।

ਹੁਣ ਵੱਤ ਲੱਗੀ ਹੋਈ ਹੈ, ਜਿਹੜਾ ਵੱਤ ਲੱਗੀ 'ਤੇ ਫਸਲ ਨਹੀਂ ਬੀਜਦਾ, ਉਹ ਖਾਏਗਾ ਕੀ। ਵੱਤ ਲੱਗੀ ਹੈ ਨਾਮ ਬੀਜਣ ਦੀ। ਮਨਮੁਖਾ ਨੂੰ ਸਜ਼ਾ ਕਿਹੋ ਜਿਹੀ ਮਿਲਦੀ ਹੈ ਮਹਾਰਾਜ ਫੁਰਮਾਨ ਕਰਦੇ ਨੇ -

***ਜਿਨਾ ਸਤਿਗੁਰੁ ਪੁਰਖੁ ਨ ਭੇਟਿਓ ਸੇ ਭਾਗਹੀਣ ਵਸਿ ਕਾਲ ॥***
***ਅੰਗ - 40***

ਕਾਲ ਦੇ ਵਸ 'ਚ ਭਾਗਾਂ ਤੋਂ ਹੀਣੇ।

*ਓਇ ਫਿਰਿ ਫਿਰਿ ਜੋਨਿ ਭਵਾਈਅਹਿ*
*ਵਿਚਿ ਵਿਸਟਾ ਕਰਿ ਵਿਕਰਾਲ ॥* *ਅੰਗ - 40*

ਮੁੜ-ਮੁੜ ਕੇ ਜੂਨੀਆਂ 'ਚ ਆਉਂਦੇ ਨੇ। ਸੁੱਟੇ ਕਿੱਥੇ ਜਾਂਦੇ ਨੇ? ਬਦ-ਸ਼ਕਲ ਕਰਕੇ ਵਿਸ਼ਟਾ 'ਚ ਸੁੱਟ ਦਿਤੇ ਜਾਂਦੇ ਨੇ।

*ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ ॥*
*ਅੰਗ - 40*

ਜਿਨ੍ਹਾਂ ਦੇ ਅੰਦਰ ਕ੍ਰੋਧ ਚੰਡਾਲ ਵਸ ਗਿਆ। ਸੋ ਇਹ ਨਾਮ -

*ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥*
*ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥*
*ਅੰਗ - 650*

ਸੋ ਐਸਾ ਨਾਮ ਜਿਹੜਾ ਸਾਰੇ ਦੁੱਖਾਂ ਦੀ ਦਾਰੂ ਹੈ, ਫੇਰ ਭਾਈ ਉਹਦਾ ਮੁੱਲ ਕਿੰਨਾ ਹੈ? ਮਹਾਰਾਜ ਕਹਿੰਦੇ, ਦੇਖੋ ਮੁੱਲ ਤਾਂ ਦੇ ਨਹੀਂ ਸਕਦਾ ਕੋਈ -

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥*
*ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਰਾਮ ਨਾਮੁ ਹਿਰਦੇ ਮਹਿ ਤੋਲਿ ॥* *ਅੰਗ - 283*

ਇਹ ਖੇਪ ਲੱਦ ਕੇ ਸੰਤਾਂ ਦੇ ਨਾਲ, ਗੁਰਮੁਖਾਂ ਦੇ ਨਾਲ, ਸੰਗਤ 'ਚ ਰਹਿ ਕੇ ਚੱਲ ਨਹੀਂ ਤਾਂ ਚੋਰ ਲੁੱਟ ਲੈਣਗੇ ਇਕੱਲੇ ਨੂੰ -

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ*
*ਕੋਇ ਨ ਸੁਣੈ ਪੂਕਾਰਾ ॥* *ਅੰਗ - 600*

ਨਹੀਂ ਤਾਂ ਚੋਰ ਲੁੱਟ ਲੈਣਗੇ। ਸੰਤਾਂ ਦੇ ਨਾਲ, ਗੁਰਮੁਖਾਂ ਦੀ ਸੰਗਤ 'ਚ ਰਹਿ, ਇਕੱਲਾ ਨਾ ਚੱਲ, ਇਕੱਲੇ ਨੂੰ ਲੁੱਟ ਲੈਣਗੇ-

*ਲਾਦਿ ਖੇਪ ਸੰਤਹ ਸੰਗਿ ਚਾਲੁ ॥*
*ਅਵਰ ਤਿਆਗਿ ਬਿਖਿਆ ਜੰਜਾਲ ॥*
*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥* *ਅੰਗ - 283*

ਪਰ ਮਹਾਰਾਜ ਕਹਿੰਦੇ ਐਨਾ ਦੱਸਣ ਦੇ ਬਾਵਜੂਦ ਵੀ ਕੋਈ-ਕੋਈ ਵਿਰਲਾ ਬੰਦਾ ਹੈ ਜਿਹਨੂੰ ਇਹ ਸੋਝੀ ਪੈਂਦੀ ਹੈ। ਬਾਕੀ ਤਾਂ ਖੋਟੇ ਵਪਾਰ ਕਰਦੇ ਨੇ। ਖੋਟੇ ਵਣਜਾਂ ਦੇ ਵਿਚ ਆਪਣਾ ਜੀਵਨ ਬਰਬਾਦ ਕਰ ਦਿੰਦੇ ਨੇ -

*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥* *ਅੰਗ - 283*

ਸੋ ਇਹ ਜਿਹੜਾ ਨਾਮ ਦਾ ਵਪਾਰ ਹੈ, ਕੋਈ ਵਿਰਲਾ-ਵਿਰਲਾ

ਵਪਾਰਦਾ ਹੈ ਕਿਉਂਕਿ ਇਹਦੀ ਕੀਮਤ ਤੋਂ ਜਾਣੂੰ ਨਹੀਂ ਹੈ, ਇਸ ਤਰ੍ਹਾਂ ਦੇ ਨਾਲ ਮਹਾਰਾਜ ਨੇ ਫੁਰਮਾਨ ਕਰਿਆ ਹੈ -

***ਧਾਰਨਾ - ਨਾਮ ਅਮੋਲਕ ਜੀ, ਮੇਰੇ ਸਾਹਿਬ ਦਾ।***

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥***

***ਅੰਗ - 81***

ਮਰਦਾਨਾ ਕਹਿਣ ਲੱਗਿਆ, ਹੇ ਗੁਰੂ ਨਾਨਕ ਪਾਤਸ਼ਾਹ! ਮੈਂ ਜਿੱਥੇ ਵੀ ਤੁਹਾਡੇ ਨਾਲ ਜਾਂਦਾ ਹਾਂ, ਜਿੱਥੇ ਤੱਕ ਗਿਆ ਹਾਂ। ਤੁਸੀਂ ਇੱਕੋ ਗੱਲ ਕਰਦੇ ਓਂ ਨਾਮ ਦੀ। ਇਹ ਸੰਸਾਰ ਐਨਾ ਤੁਸੀਂ ਤਰੀਕਿਆਂ ਦੇ ਨਾਲ ਦਸਦੇ ਓਂ, ਕਿਉਂ ਨਹੀਂ ਸਮਝਦਾ? ਮਹਾਰਜ ਕਹਿੰਦੇ, ਮਰਦਾਨਿਆਂ! ਇਨ੍ਹਾਂ ਨੂੰ ਕਦਰ ਨਹੀਂ ਇਸ ਚੀਜ਼ ਦੀ, ਸਮਝਣ 'ਚ ਨਹੀਂ ਆਉਂਦੇ। ਫੇਰ ਮਰਦਾਨੇ ਨੇ ਦੂਹਰੀ ਵਾਰੀ ਪੁੱਛਿਆ ਕਿ ਤੁਸੀਂ ਤਾਂ ਬਹੁਤ ਸਮਝਾਉਂਦੇ ਓਂ? ਮਹਾਰਾਜ ਕਹਿੰਦੇ, ਸਮਝਾਉਂਦੇ ਹਾਂ ਪਰ ਸੰਸਾਰ ਨਹੀਂ ਸਮਝਦਾ ਹੁੰਦਾ। ਤੀਜੀ ਵਾਰੀ ਫੇਰ ਕਿਹਾ ਉਹਨੇ ਕਿ ਮਹਾਰਾਜ! ਇਸ ਤੋਂ ਜ਼ਿਆਦਾ ਸਮਝਾ ਨਹੀਂ ਸਕਦਾ, ਖੋਲ੍ਹ-ਖੋਲ੍ਹ ਕੇ। ਮਹਾਰਾਜ ਕਹਿੰਦੇ, ਮਰਦਾਨਿਆਂ! ਤੈਨੂੰ ਅਸੀਂ ਪ੍ਰਤੱਖ ਤੌਰ 'ਤੇ ਦਸਾਂਗੇ ਇਹ ਗੱਲ। ਚੱਲ ਤੂੰ।

ਚਲਦੇ-ਚਲਦੇ ਅੱਜ ਆਪ ਬਿਸ਼ੰਭਰਪੁਰ ਦੇ ਨੇੜੇ ਆ ਗਏ ਜਿਹਨੂੰ ਪਟਨਾ ਕਹਿੰਦੇ ਨੇ। ਪਹਿਲਾਂ ਇਹਦਾ ਨਾਉਂ ਪਾਟਲੀਪੁੱਤਰ ਹੁੰਦਾ ਸੀ। ਬੜੇ ਨਾਉਂ ਰਹੇ ਨੇ ਪਟਨੇ ਦੇ। ਬੋਧੀਆਂ ਵੇਲੇ ਹੋਰ ਨਾਉਂ ਸੀ, ਚੰਦਰਗੁਪਤ ਵੇਲੇ ਹੋਰ ਨਾਉਂ ਸੀ। ਉਸ ਤੋਂ ਪਹਿਲਾ ਇਹਦਾ ਹੋਰ ਨਾਉਂ ਸੀ। ਬੜਾ ਪੁਰਾਣਾ ਸ਼ਹਿਰ ਹੈ। ਅੱਜਕੱਲ੍ਹ ਇਹਨੂੰ ਪਟਨਾ ਕਹਿੰਦੇ ਨੇ। ਮਰਦਾਨਾ ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ ਕਿੰਨੇ ਦਿਨ ਹੋ ਗਏ ਅੰਨ ਜਲ ਛਕਿਆਂ ਨੂੰ, ਆਪ ਉਜਾੜਾਂ ਦੇ ਵਿਚ ਤੁਰੇ ਫਿਰਦੇ ਓਂ। ਮੈਂ ਤਾਂ ਚੜ੍ਹਾਈ ਕਰ ਜਾਊਂਗਾ।

ਮਹਾਰਾਜ ਕਹਿੰਦੇ, ਮਰਦਾਨਿਆਂ! ਔਹ ਦੇਖ ਸਾਮ੍ਹਣੇ ਸ਼ਹਿਰ ਆ ਗਿਆ। ਦਿਸਦੀਆਂ ਨੇ ਮੰਮਟੀਆਂ। ਕਹਿੰਦਾ, ਹਾਂ ਮਹਾਰਾਜ। ਕਹਿੰਦੇ ਤੂੰ ਓਥੇ ਜਾ ਕੇ ਪ੍ਰਸ਼ਾਦਾ ਛਕ ਆਈਂ। ਹੱਸ ਪਿਆ, ਮਰਦਾਨਾ ਕਹਿੰਦਾ, ਸੱਚੇ ਪਾਤਸ਼ਾਹ! ਤੁਸੀਂ ਇਸ ਤਰ੍ਹਾਂ ਕਰਦੇ ਓਂ ਗੱਲ, ਜਿਵੇਂ ਉਥੇ ਸ਼ੇਤਰ ਖੁੱਲ੍ਹੇ ਹੁੰਦੇ, ਲੰਗਰ ਚਲਦੇ ਹੁੰਦੇ ਨੇ ਕਿ ਜਾ ਕੇ ਪੰਗਤ 'ਚ ਬਹਿ ਜਾਵਾਂਗਾ, ਪ੍ਰਸ਼ਾਦਾ ਛਕਾ ਦਏਗਾ ਕੋਈ।

ਕਹਿੰਦੇ, ਹੋਰ ਕੀ ਕਰਦਾ ਹੁੰਦਾ ਹੈਂ?

ਕਹਿੰਦਾ, ਮਹਾਰਾਜ! ਮੈਂ ਜਦੋਂ ਆਪ ਦੇ ਨਾਲ ਰਲਿਆ ਹਾਂ, ਮੈਨੂੰ ਇੱਕ ਵਿਦਿਆ ਹੋਰ ਆ ਗਈ ਹੈ। ਇੱਕ ਤਾਂ ਰਾਗ ਦੀ ਹੈ, ਇੱਕ ਵਿਦਿਆ ਹੋਰ ਆ ਗਈ ਹੈ, ਕਹਿੰਦੇ ਉਹ ਕਿਹੜੀ ਆ ਗਈ। ਕਹਿੰਦੇ, ਮੈਂ ਮੱਥੇ ਪੜ੍ਹ ਲੈਂਦਾ ਹਾਂ। ਖਿੜਿਆ ਹੋਇਆ ਮੱਥਾ ਹੋਵੇ, ਚਿਹਰਾ ਹੰਸੂ-ਹੰਸੂ ਕਰਦਾ ਹੋਵੇ, ਉਹਨੂੰ ਮੈਂ ਬੁਲਾਉਂਦਾ ਹੁੰਦਾ ਹਾਂ, ਉਹਨੂੰ ਮੈਂ ਸਤਿ ਕਰਤਾਰ ਕਹਿੰਦਾ ਹਾਂ। ਕਹਿੰਦਾ,

ਜਿਹਦਾ ਮੱਥਾ ਸੜਿਆ ਹੋਵੇ, ਘੂਰੀਆਂ ਵੱਟੀਆਂ ਹੋਈਆਂ, ਅੱਖਾਂ ਅੱਡ-ਅੱਡ ਕੇ ਝਾਕਦਾ ਹੈ, ਨਫਰਤ ਨਾਲ ਦੇਖਦਾ ਹੈ ਉਸ ਨੂੰ ਨਹੀਂ ਮੈਂ ਬੁਲਾਉਂਦਾ, ਮੈਨੂੰ ਪਤਾ ਹੈ ਕਿ ਇਹ ਬੰਦਾ ਐਵੇਂ ਹੀ ਹੈ।

ਕਹਿੰਦੇ, ਮਰਦਾਨਿਆਂ! ਜੇ ਨਾ ਇਹੋ ਜਿਹਾ ਮਿਲੇ?

ਫੇਰ, ਮਹਾਰਾਜ! ਜਾਈਦਾ ਹੈ, ਬੀਬੀਆਂ ਨੂੰ ਕਹੀਦਾ ਹੈ ਕਿ ਪ੍ਰਸ਼ਾਦਾ ਛਕਣਾ ਹੈ।

ਉਹ ਕਹਿੰਦੀਆਂ ਨੇ, ਕਿਹੜਾ ਕੰਮ ਕਰਿਆ ਹੈ ਸਾਡਾ, ਪ੍ਰਸ਼ਾਦਾ ਛਕਣ ਆ ਗਿਆ ਹੱਟਾ ਕੱਟਾ। ਕੋਈ ਕਹਿੰਦਾ ਚੋਰ ਹੈ। ਮਹਾਰਾਜ! ਕਿਸੇ ਦੇ ਮਨ 'ਚ ਰਹਿਮ ਪੈਂਦਾ ਹੈ, ਕੋਈ ਦੇ ਦਿੰਦਾ ਹੈ ਪ੍ਰਸ਼ਾਦਾ ਫੇਰ ਛਕ ਲਈਦਾ ਹੈ।

ਮਹਾਰਾਜ ਕਹਿੰਦੇ, ਮਰਦਾਨਿਆਂ! ਨਿਰੰਕਾਰ ਦੇ ਹੋਈਏ ਚਾਕਰ, ਤੇ ਸੰਸਾਰ ਦੇ ਅੱਗੇ ਹੱਥ ਅੱਡਣਾ ਹੈ।

ਕਹਿੰਦੇ ਮਹਾਰਾਜ! ਹੋਰ ਕੀ ਕਰਾਂ।

ਮਹਾਰਾਜ ਨੇ ਚਰਨ ਆਪਣਾ ਖੜਾਂਵ ਤੋਂ ਬਾਹਰ ਕੱਢਿਆ, ਅਗੂੰਠਾ ਜ਼ਮੀਨ 'ਚ ਮਾਰਿਆ, ਉਹਦੇ ਵਿਚੋਂ ਇੱਕ ਲਾਲ ਵੱਟੀ ਕੱਢ ਕੇ ਕਹਿੰਦੇ ਆਹ ਚੁੱਕ ਲੈ। ਬੇਕੀਮਤੀ ਲਾਲ ਹੈ, ਇਹਦਾ ਮੁੱਲ ਵੀ ਪੁੱਛ ਆਈਂ।

ਮਰਦਾਨਾ ਲੈ ਕੇ ਚਲਦਾ ਹੈ, ਸਬਜ਼ੀ ਫਰੋਸ਼ ਦੇ ਆ ਗਿਆ।

ਕਹਿਣ ਲੱਗਿਆ, ਭਾਈ! ਮੈਂ ਸਬਜ਼ੀ ਲੈਣੀ ਹੈ, ਫਲ ਲੈਣੇ ਨੇ ਤੇ ਮੇਰਾ ਸਵਾ ਸੇਰ ਆਹਾਰ ਹੈ। ਆਹ ਲੈ, ਲੈ ਨਾਲੇ ਮੈਨੂੰ ਇਹਦਾ ਮੁੱਲ ਦਸ ਤੇ ਨਾਲੇ ਦੇ ਦੇ। ਉਹ ਕਹਿੰਦਾ, ਭਾਈ! ਆਹ ਕੀ ਵੱਟੀ ਜਿਹੀ ਮੇਰੇ ਹੱਥ 'ਚ ਫੜਾ ਦਿਤੀ। ਕਹਿੰਦਾ, ਲਾਲ ਹੈ? ਕਹਿੰਦਾ ਲਾਲ, ਦਿਮਾਗ ਕਾਇਮ ਹੈ ਤੇਰਾ?

ਕਹਿੰਦਾ, ਇਹ ਮੈਨੂੰ ਦੇ ਦੇ, ਦੂਜੀਆਂ ਵੱਟੀਆਂ ਨਾਲੋਂ ਸੋਹਣੀ ਹੈ ਅੱਧ ਸੇਰ, ਦੋ ਮੂਲੀਆਂ ਲੈ ਲੈ।

ਮਰਦਾਨੇ ਨੇ ਲਾਲ ਵਾਪਸ ਲੈ ਲਿਆ।

ਫੇਰ ਇਵੇਂ ਜਿਵੇਂ ਜਾਂਦਾ ਹੈ ਹਲਵਾਈ ਦੇ। ਹਲਵਾਈ ਅੱਧ ਸੇਰ ਮਠਿਆਈ ਦਿੰਦਾ ਹੈ। ਬਜਾਜ ਦੇ ਗਿਆ ਦੋ ਗਜ਼ ਕੱਪੜਾ ਦਿੰਦਾ ਹੈ। ਜੌਹਰੀ ਕੋਲ ਗਿਆ ਦੱਸ ਰੁਪਏ ਦੇਵੇ।

ਇਹਨੇ ਕਿਹਾ ਕਿ ਕੋਈ ਵੱਡਾ ਜੌਹਰੀ ਹੈ?

ਉਥੇ ਕਹਿੰਦੇ, ਰਹਿੰਦਾ ਹੈ, ਔਹ ਚੁਬਾਰੇ ਵਾਲਾ। ਬਿਲਡਿੰਗਾਂ ਬਣੀਆਂ ਹੋਈਆਂ ਸੀ। ਉਥੇ ਜਾ ਕੇ ਆਵਾਜ਼ ਦਿੰਦਾ ਹੈ, ਨੌਕਰ ਹੇਠਾਂ ਆਉਂਦਾ ਹੈ, ਮਰਦਾਨੇ ਨੂੰ ਲੈ ਕੇ ਉਪਰ ਚਲਿਆ ਜਾਂਦਾ ਹੈ। ਜਾ ਕੇ ਲਾਲ ਦਿਖਾ ਦਿੰਦਾ

ਹੈ। ਕਹਿਣ ਲੱਗਿਆ ਕਿ ਸ਼ਾਹ ਜੀ! ਆਹ ਦੱਸਿਓ ਕਿੰਨੇ ਦਾ ਹੈ। ਦੇਖਦੇ ਸਾਰ ਉਹਦਾ ਸਾਹ ਜਿਹੜਾ ਹੈ, ਛਾਤੀ ਸੀ ਫੁੱਲਣੀ ਸ਼ੁਰੂ ਹੋ ਗਈ। ਅੰਦਰ ਨੂੰ ਗਿਆ ਸਾਹ ਮੁੜਦਾ ਹੀ ਨਹੀਂ, ਐਨੀ ਖੁਸ਼ੀ ਚੜ੍ਹੀ। ਹੈਰਾਨ ਹੋ ਗਿਆ ਮਰਦਾਨਾ ਚਿਹਰਾ ਦੇਖ ਕੇ ਕਿ ਇਹਨੂੰ ਕਾਹਦੀ ਖੁਸ਼ੀ ਚੜ੍ਹ ਗਈ।

ਨੌਕਰ ਨੂੰ ਕਹਿਣ ਲੱਗਿਆ, ਬੇਟਾ ਅਧਰੱਕਾ! ਤਿਜੌਰੀ ਖੋਲ੍ਹ ਤੇ ਸੌ ਰੁਪਿਆ ਲਿਆ। ਕਹਿੰਦੇ, ਆਹ ਦੇਖ ਇਹਦੇ ਉਤੇ ਲਿਖਿਆ ਹੋਇਆ ਹੈ ਕਿ ਜਿਹੜਾ ਇਸ ਲਾਲ ਨੂੰ ਦੇਖੇ, ਸੌ ਰੁਪਏ ਦਰਸ਼ਨ ਭੇਟ ਦੇਵੇ।

ਇਹ ਵਿਦਿਆ ਉਹ ਨਹੀਂ ਹੈ, ਇਹ ਵਿਦਿਆ ਗੁਪਤ ਹੈ, ਸਾਡੇ ਉਸਤਾਦਾਂ ਦੀ ਪੜ੍ਹਾਈ ਹੋਈ, ਉਹ ਲਿਖਿਆ ਹੋਇਆ ਹੈ। ਉਸ ਵੇਲੇ ਸੌ ਰੁਪਿਆ ਕੱਢਿਆ ਤੇ ਉਹਨੂੰ ਦਿੱਤਾ।

ਮਰਦਾਨਾ ਹੈਰਾਨ ਹੋਈ ਜਾਂਦਾ ਹੈ। ਮਰਦਾਨੇ ਦੀ ਹੈਰਾਨਗੀ ਦੇਖ ਕੇ ਕਹਿਣ ਲੱਗਿਆ, ਭਾਈ ਮਰਦਾਨਾ! ਇਹ ਤੇਰਾ ਹੈ? ਕਹਿੰਦਾ ਨਹੀਂ। ਕਹਿੰਦਾ, ਅਸੀਂ ਮੁੱਲ ਨਹੀਂ ਲੈ ਰਹੇ ਅਸੀਂ ਤਾਂ ਦਰਸ਼ਨੀ ਭੇਟ ਦੇ ਰਹੇ ਹਾਂ। ਮੁੱਲ ਤਾਂ ਇਹਦਾ ਹੈ ਨਹੀਂ ਕੋਈ। ਨੌਂ-ਦਸ ਜੌਹਰੀ ਇਕੱਠੇ ਹੋਵਾਂਗੇ, ਬੋਰਡ ਬੈਠੇਗਾ, ਲੱਖ ਪਾ ਦਿਤਾ, ਕਰੋੜ ਕਹਿ ਦਿਤਾ ਕਰੋੜ ਹੋਏਗਾ। ਬੇਮੁੱਲਾ ਲਾਲ ਹੈ। ਮਰਦਾਨਾ ਲੈ ਕੇ ਗੁਰੂ ਨਾਨਕ ਪਾਤਸ਼ਾਹ ਕੋਲ ਆ ਜਾਂਦਾ ਹੈ, ਇਹਨੇ ਪ੍ਰਸ਼ਾਦ ਪਾਣੀ ਤਿਆਰ ਕਰਿਆ ਤੇ ਇਹ ਵੀ ਗੁਰੂ ਨਾਨਕ ਪਾਤਸ਼ਾਹ ਕੋਲ ਪਹੁੰਚ ਜਾਂਦਾ ਹੈ। ਇਸ ਤੋਂ ਪਹਿਲਾਂ ਮਰਦਾਨਾ ਪਹੁੰਚਦਾ ਹੈ। ਮਰਦਾਨਾ ਕਹਿੰਦਾ, ਸੱਚੇ ਪਾਤਸ਼ਾਹ! ਮੈਂ ਤਾਂ ਹੈਰਾਨ ਹੋ ਗਿਆ ਕਿ ਇਹਦੀਆਂ ਦੋ ਮੂਲੀਆਂ ਮਿਲਦੀਆਂ ਸੀ, ਇੱਕ ਮੈਨੂੰ ਅੱਧ ਸੇਰ ਮਠਿਆਈ ਦੇਵੇ, ਇੱਕ ਦੋ ਗਜ਼ ਕੱਪੜਾ ਦੇਵੇ, ਇੱਕ ਜੌਹਰੀ ਦਸ ਰੁਪਏ ਦੇਵੇ। ਕਹਿੰਦੇ, ਆਹ ਦੇਖੋ, ਸੌ ਰੁਪਿਆ ਦਰਸ਼ਨ ਭੇਟ ਦਿਤੀ ਹੈ, ਨਾਲੇ ਕਹਿੰਦੇ ਕਿ ਇਹ ਬੇਮੁੱਲਾ ਹੈ।

ਕਹਿੰਦੇ, ਮਰਦਾਨਿਆਂ! ਇਹਦੇ 'ਚ ਹੈਰਾਨੀ ਦੀ ਕੀ ਗੱਲ ਹੈ?

ਤੂੰ ਉਨ੍ਹਾਂ ਨੂੰ ਦੱਸ ਦੇਣਾ ਸੀ?

ਕਹਿੰਦਾ, ਮਹਾਰਾਜ ਮੈਂ ਬਥੇਰਾ ਦੱਸਿਆ, ਉਹ ਤਾਂ ਮੈਨੂੰ ਕਮਲਾ ਕਹਿਣ ਲੱਗ ਗਏ।

ਕਹਿੰਦੇ, ਮਰਦਾਨਿਆਂ! ਕੀਮਤੀ ਚੀਜ਼ਾਂ ਦੀ ਕਦਰ, ਕਦਰਦਾਨਾਂ ਤੋਂ ਬਗੈਰ ਨਹੀਂ ਪਿਆ ਕਰਦੀ। ਇਹ ਸਬਜ਼ੀ ਫਿਰੋਸ਼ ਕੀ ਜਾਣਦਾ ਹੈ, ਲਾਲਾਂ ਦੇ ਮੁੱਲ ਨੂੰ, ਭਾਅ ਨੂੰ। ਹਲਵਾਈ ਨੂੰ ਕੀ ਪਤਾ ਹੈ ਕਿ ਲਾਲ ਕੀ ਹੁੰਦੇ ਨੇ। ਉਹ ਤਾਂ ਪਾਸਕੂ ਸਮਝ ਕੇ ਤੱਕੜੀ ਨਾਲ ਬੰਨਣਾ ਚਾਹੁੰਦਾ ਸੀ। ਕੱਪੜੇ ਵਾਲੇ ਨੂੰ ਕੀ ਪਤਾ ਹੈ ਲਾਲ ਦਾ। ਲਾਲ ਦਾ ਪਤਾ ਤਾਂ ਜੌਹਰੀ ਨੂੰ ਹੁੰਦਾ ਹੈ। ਜਿਸ ਤਰ੍ਹਾਂ ਲਾਲ ਦੀ ਮਹਿਮਾ ਨੂੰ ਜੌਹਰੀ ਜਾਣਦਾ ਹੈ, ਇਸੇ ਤਰ੍ਹਾਂ ਨਾਮ ਦੀ ਜੋ ਮਹਿਮਾ ਹੈ ਉਹਨੂੰ ਸੰਸਾਰ ਨਹੀਂ ਜਾਣਦਾ। ਸੰਸਾਰ ਕੋਲ ਮਹਿਮਾ ਹੈ ਪੁੱਤਰਾਂ ਦੀ। ਪੁੱਤਰ ਨਹੀਂ ਹੁੰਦਾ, ਪੁੱਤਰ ਦੀ ਮਹਿਮਾ ਦਾ

ਪਤਾ ਹੈ। ਕਿਸੇ ਦਾ ਕਾਰੋਬਾਰ ਨਹੀਂ ਚਲਦਾ ਉਹਨੂੰ ਪਤਾ ਹੈ ਕਿ ਮੇਰੇ ਵੀਹ ਟਰੱਕ ਹੋ ਜਾਣ। ਮੇਰੀਆਂ ਐਨੀਆਂ ਦੁਕਾਨਾਂ ਬਣ ਜਾਣ, ਮੇਰੀਆਂ ਐਨੀਆਂ ਕੋਠੀਆਂ ਬਣ ਜਾਣ, ਕਹਿੰਦੇ ਇਹ ਨਾਮ ਦੀ ਮਹਿਮਾ ਨੂੰ ਜਾਣਦਾ ਹੀ ਨਹੀਂ ਹੈ। ਜਿਸ ਤਰ੍ਹਾਂ ਦੇ ਨਾਲ ਪੂਰੇ ਜੌਹਰੀ ਲਾਲਾਂ ਦੀ ਮਹਿਮਾ ਨੂੰ ਜਾਣਦੇ ਨੇ ਇਸੇ ਤਰ੍ਹਾਂ ਜਿਹੜੇ ਬੰਦਗੀ ਵਾਲੇ ਮਹਾਂਪੁਰਸ਼ ਨੇ, ਉਨ੍ਹਾਂ ਦੇ ਹਿਰਦੇ 'ਚ ਇਹਦੀ ਮਹਿਮਾ ਵਸਦੀ ਹੈ।

***ਧਾਰਨਾ – ਮਹਿਮਾ ਹਰਿ ਨਾਮ ਦੀ ਸੰਤਾਂ ਦੇ ਹਿਰਦੇ ਵਸਦੀ।***

***ਨਾਮ ਕੀ ਮਹਿਮਾ ਸੰਤ ਰਿਦ ਵਸੈ ॥***
***ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥***
***ਸੰਤ ਕਾ ਸੰਗੁ ਵਡਭਾਗੀ ਪਾਈਐ ॥***
***ਸੰਤ ਕੀ ਸੇਵਾ ਨਾਮੁ ਧਿਆਈਐ ॥ ਅੰਗ – 265***

ਕਹਿੰਦੇ, ਮਰਦਾਨਿਆਂ! ਜਿਵੇਂ ਜੌਹਰੀਆਂ ਨੂੰ ਪਤਾ ਹੁੰਦਾ ਹੈ ਲਾਲਾਂ ਦਾ ਇਵੇਂ ਜਿਵੇਂ ਨਾਮ ਜਪਣ ਵਾਲਿਆਂ ਨੂੰ, ਸਾਧੂਆਂ ਨੂੰ, ਬੰਦਗੀ ਵਾਲਿਆਂ ਨੂੰ ਪਤਾ ਹੁੰਦਾ ਹੈ ਕਿ ਨਾਮ ਦੇ ਵਿਚ ਕੀ ਬਰਕਤਾਂ ਨੇ।

ਕਹਿੰਦੇ, ਨਾਮਦੇਵ! ਇੱਕ ਗਰੀਬ ਆਦਮੀ ਹੈ। ਚੰਦੇ ਛਾਪਿਆ ਕਰਦਾ ਸੀ, ਤਾਂ ਗੁਜ਼ਾਰਾ ਹੋਇਆ ਕਰਦਾ ਸੀ। ਲੇਕਿਨ ਜਦੋਂ ਉਸ ਨੇ ਮਹਿਮਾ ਜਾਨਣ ਤੋਂ ਬਾਅਦ ਨਾਮ ਜਪਿਆ, ਫੇਰ ਉਹ ਗਰੀਬ ਆਦਮੀ ਕਿੱਡਾ ਹੋ ਗਿਆ, ਹਿੰਦੋਸਤਾਨ ਦਾ ਚੱਕਰਵਰਤੀ ਬਾਦਸ਼ਾਹ, ਸਲੇਮਸ਼ਾਹ, ਨਾਮਦੇਵ ਨੂੰ ਮੂੰਹ ਵਿਚ ਘਾਹ ਲੈ ਕੇ, ਗਲ 'ਚ ਪੱਲਾ ਪਾ ਕੇ ਮਿਲਦਾ ਹੈ ਕਿ

***ਬਖਸੀ ਹਿੰਦੂ ਮੈ ਤੇਰੀ ਗਾਇ ॥ ਅੰਗ – 1166***

ਇਸ ਤਰ੍ਹਾਂ ਕਹਿੰਦਾ ਹੈ ਕਿ ਏ ਹਿੰਦੂ! ਤੂੰ ਮੈਨੂੰ ਬਖਸ਼ ਦੇ, ਮੈਂ ਤੇਰੀ ਕਾਲੀ ਗਊ ਹਾਂ। ਹਜ਼ਾਰਾਂ ਲੱਖਾਂ ਮੁਰੱਬਾ, ਮੀਲਾਂ ਦਾ ਬਾਦਸ਼ਾਹ, ਲੱਖਾਂ ਫੌਜਾਂ ਦਾ ਮਾਲਕ, ਇੱਕ ਸਾਧੂ ਦੇ ਅੱਗੇ ਗਲ 'ਚ ਪੱਲਾ ਪਾ ਕੇ ਮੂੰਹ 'ਚ ਘਾਹ ਲੈ ਬਖਸ਼ਾ ਰਿਹਾ ਹੈ ਕਿ ਮੇਰੇ ਤੋਂ ਭੁੱਲ ਹੋ ਗਈ। ਤੈਨੂੰ ਮੈਂ ਕਹਿ ਦਿਤਾ ਕਿ ਮਰੀ ਹੋਈ ਗਊ ਜੀਉਂਦੀ ਕਰ ਦੇ। ਕਹਿੰਦੇ, ਕਿੱਡੀ ਵੱਡੀ ਮਹਿਮਾ ਹੈ, ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਨਾਮ ਜਪ ਕੇ ਲੱਖਾਂ ਦਾ ਹੋ ਗਿਆ,***
***ਨਾਮਾ ਅੱਧੀ ਦਮੜੀ ਦਾ।***

***ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥***
***ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥ ਅੰਗ – 487***

ਪਤਾ ਲੱਗਿਆ ਨਾਮ ਦੀ ਮਹਿਮਾ ਦਾ। ਅੱਧੀ ਦਮੜੀ ਦਾ ਗਰੀਬ ਬੰਦਾ ਲੱਖਾਂ ਦਾ ਹੋ ਗਿਆ। ਬਾਦਸ਼ਾਹ ਖੜ੍ਹਾ ਹੈ ਗਲ 'ਚ ਪੱਲਾ ਪਾਈਂ –

***ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥***
***ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥***

***ਅੰਗ – 487***

ਐਡਾ ਵੱਡਾ ਹੋਇਆ ਕਬੀਰ, ਡੇਢ ਸੌ ਸਾਲ ਦੀ ਉਮਰ ਸੀ ਕਬੀਰ ਸਾਹਿਬ ਦੀ ਤੇ ਸਾਢੇ ਸੱਤ ਕਰੋੜ ਬੰਦੇ ਦਾ ਉਧਾਰ ਕਰਿਆ ਹੈ। ਕਹਿੰਦੇ, ਇੱਕ ਗਰੀਬ ਜੁਲਾਹਾ ਸੀ। ਬਾਦਸ਼ਾਹਾਂ ਨੂੰ ਕੋਈ ਨਹੀਂ ਜਾਣਦਾ, ਕਬੀਰ ਨੂੰ ਕੋਈ ਵੀ ਨਹੀਂ ਭੁੱਲਿਆ ਹੋਇਆ। ਬੱਚਾ-ਬੱਚਾ ਕਬੀਰ ਨੂੰ ਜਾਣਦਾ ਹੈ, ਕਿੱਡਾ ਪ੍ਰਤਾਪ ਹੈ ਨਾਮ ਦਾ। ਕਹਿੰਦੇ, ਮਰਦਾਨਿਆਂ! ਨਾਮ ਦੀ ਮਹਿਮਾ ਨੂੰ ਸਾਧੂ ਜਾਣਦੇ ਨੇ। ਸੰਸਾਰ ਨਹੀਂ ਜਾਣਦਾ। ਕਬੀਰ ਸਾਹਿਬ ਬਾਹਰ ਗਏ ਹੋਏ ਨੇ। ਕਬੀਰ ਸਾਹਿਬ ਦੀ ਗੈਰਹਾਜ਼ਰੀ ਦੇ ਅੰਦਰ ਇੱਕ ਰਾਜਾ ਆ ਗਿਆ। ਉਹਦਾ ਸਰੀਰ ਸਾਰਾ ਫਿੱਟਿਆ ਪਿਆ ਹੈ ਕੋਹੜ ਦੇ ਨਾਲ ਬਦਬੂ ਮਾਰ ਰਹੀ ਹੈ। ਚਮੜਾ ਜਲ ਰਿਹਾ ਹੈ, ਬਥੇਰੇ ਲੇਪ ਕਰੇ ਹੋਏ ਨੇ, ਦਵਾਈਆਂ ਬੜੀਆਂ ਹਕੀਮਾਂ ਨੇ ਖਲਾਈਆਂ, ਕੁਛ ਨਾ ਬਣਿਆ। ਅਖੀਰ ਕਬੀਰ ਸਾਹਿਬ ਦੇ ਕੋਲ ਆ ਗਏ। ਘਰ ਆ ਕੇ ਆਵਾਜ਼ ਦਿਤੀ, ਮਾਤਾ ਲੋਈ ਬਾਹਰ ਨਿਕਲੇ। ਕਹਿੰਦਾ ਮੈਂ ਤਾਂ ਭਗਤ ਜੀ ਨੂੰ ਮਿਲਣਾ ਸੀ। ਕਹਿੰਦੇ, ਉਹ ਤਾਂ ਬਾਹਰ ਗਏ ਹੋਏ ਨੇ ਉਹ ਤਾਂ ਕਈ ਦਿਨ 'ਚ ਆਉਣਗੇ।

ਕਹਿਣ ਲੱਗਿਆ, ਮੈਂ ਤਾਂ ਬਹੁਤ ਦੁਖੀ ਹਾਂ ਬਹੁਤ ਦੂਰ ਤੋਂ ਆਸ ਕਰਕੇ ਆਇਆ ਹਾਂ।

ਕਹਿੰਦੇ, ਤੁਹਾਨੂੰ ਦੁਖ ਕੀ ਹੈ?

ਕਹਿਣ ਲੱਗਿਆ, ਮੇਰਾ ਸਰੀਰ ਕੋਹੜ ਨਾਲ ਗਲ ਰਿਹਾ ਹੈ। ਬਹੁਤ ਦੁਖੀ ਹੋ ਗਿਆ।

ਤਰਸ ਆ ਗਿਆ ਮਾਤਾ ਦੇ ਦਿਲ ਵਿਚ। ਕਹਿਣ ਲੱਗੀ, ਅੱਛਾ, ਬੈਠ ਜਾਹ ਇੱਥੇ। ਸਾਮ੍ਹਣੇ ਬਹਿ ਗਿਆ। ਕਹਿਣ ਲੱਗੀ, ਕਹੁ ਰਾਮ। ਕਹਿੰਦਾ ਰਾਮ। ਕਹਿੰਦੀ ਫੇਰ ਕਹੁ ਰਾਮ। ਦੂਜੀ ਵਾਰੀ ਫੇਰ ਕਹਾ ਦਿਤਾ। ਤੀਜੀ ਵਾਰੀ ਫੇਰ ਕਹਿ ਦਿਤਾ ਕਹੁ ਰਾਮ। ਤਿੰਨ ਵਾਰੀ ਕਹਾ ਦਿਤਾ, ਕਹਿੰਦੀ ਜਾਹ ਜਾ ਕੇ ਇਸ਼ਨਾਨ ਕਰ ਲੈ।

ਘਰ ਚਲਿਆ ਗਿਆ, ਰਾਮ ਦੀ ਦਵਾਈ ਦਾ ਅਸਰ ਹੋ ਗਿਆ। ਅਸਰ ਹੋਣ ਦੇ ਨਾਲ ਸਰੀਰ ਰਾਜ਼ੀ ਹੋ ਗਿਆ। ਸਾਰੇ ਸ਼ਹਿਰ ਦੇ ਵਿਚ ਚਰਚਾ ਫੈਲ ਗਈ। ਕਹਿਣ ਲੱਗੇ, ਭਗਤ ਜੀ ਤਾਂ ਸੀਗੇ ਹੀ, ਲੇਕਿਨ ਦੇਖੋ ਮਾਤਾ ਜੀ ਕਿੰਨੀਆਂ ਸ਼ਕਤੀਆਂ ਵਾਲੇ ਨੇ ਤੇ ਸਿਰਫ ਤਿੰਨ ਵਾਰੀ ਰਾਮ ਕਹਾਇਆ ਹੈ, ਤਿੰਨ ਵਾਰੀ ਕਹਾਉਣ ਦੇ ਨਾਲ ਰੋਗ ਹਟ ਗਿਆ। ਸਾਰੀ ਕਾਸ਼ੀ ਦੇ ਵਿਚ ਗੱਲ ਫੈਲ ਗਈ। ਜਦੋਂ ਕਬੀਰ ਸਾਹਿਬ ਆਏ ਦੋ ਕੁ ਦਿਨ ਤੋਂ ਬਾਅਦ। ਕਬੀਰ ਸਾਹਿਬ ਦੇ ਦਰਸ਼ਨ ਕਰਦੀ ਹੈ ਸੰਗਤ, ਨਮਸਕਾਰ ਕਰਦੀ ਹੈ ਤੇ ਨਾਲ ਕਹਿੰਦੇ ਨੇ ਕਿ ਮਹਾਰਾਜ! ਧੰਨ ਮਾਤਾ ਲੋਈ! ਧੰਨ ਮਾਤਾ ਲੋਈ। 15-20 ਜਣਿਆਂ ਤੋਂ ਸੁਣਿਆ, ਕਹਿਣ ਲੱਗੇ ਕਿ ਲੋਈ ਨੇ ਕਿਹੜਾ ਕੰਮ ਕਰ ਦਿਤਾ ਕਿ ਧੰਨ-ਧੰਨ ਹੋਣ ਲੱਗ ਗਈ। ਉਸ ਵੇਲੇ ਇੱਕ ਆਪਣੇ ਭਗਤ ਤੋਂ ਪੁਛਿਆ ਕਿ ਕੀ ਗੱਲ ਹੈ? ਕਹਿਣ ਲੱਗੇ, ਮਹਾਰਾਜ! ਇੱਥੇ ਤਾਂ ਰੌਲਾ ਪਿਆ ਹੋਇਆ ਹੈ, ਸਿਰਫ ਤਿੰਨ

ਵਾਰੀ ਰਾਮ-ਰਾਮ-ਰਾਮ ਕਹਾਇਆ ਹੈ। ਇੱਕ ਰਾਜਾ ਆਇਆ ਸੀ, ਉਹਦਾ ਕੋਹੜ ਨਾਲ ਸਰੀਰ ਭਰਿਆ ਪਿਆ ਸੀ ਤੇ ਦੁਖੀ ਹੋ ਰਿਹਾ ਸੀ। ਬਿਲਕੁਲ ਨਵਾਂ ਨਰੋਆ, ਕੰਚਨ ਵਰਗਾ ਹੋ ਗਿਆ।

ਕਹਿਣ ਲੱਗੇ, ਮਹਾਰਾਜ! ਦੁਨੀਆ ਨੇ ਪਹਿਲਾਂ ਵੀ ਦੇਖਿਆ ਸੀ। ਬਡਰੂਪ ਹੋਇਆ ਹੋਇਆ। ਬਾਅਦ 'ਚ ਦੇਖਿਆ, ਸੁੰਦਰ ਦੇਹੀ ਨਿਕਲੀ ਹੋਈ ਹੈ।

ਕਹਿੰਦੇ, ਤਿੰਨ ਵਾਰੀ ਕਹਾਇਆ?

ਕਹਿੰਦੇ, ਹਾਂ ਜੀ।

ਉਸ ਵੇਲੇ ਕਬੀਰ ਸਾਹਿਬ ਦੇ ਮੱਥੇ 'ਚ ਤਿਉੜੀ ਪੈ ਗਈ, ਘਰ ਆ ਗਏ, ਮਾਤਾ ਜੀ ਅੱਗੇ ਵਧ ਕੇ ਨਮਸ਼ਕਾਰ ਕਰਨ ਲੱਗੇ, ਉਹ ਖੜ੍ਹੇ ਨੇ। ਅੱਗੇ ਜਾ ਕੇ ਮੰਜੇ 'ਤੇ ਬੈਠ ਗਏ, ਫੇਰ ਕਾਹਲੀ-ਕਾਹਲੀ ਗਏ ਤੇ ਉਨ੍ਹਾਂ ਦੇ ਗਲ ਦਾ ਪਰਨਾ ਫੜਨ ਦੀ ਕੋਸ਼ਿਸ਼ ਕਰੀ, ਚਿਪੀ ਫੜਨ ਲੱਗੇ। ਖੂੰਡੀ ਫੜਨ ਲੱਗੇ ਉਨ੍ਹਾਂ ਨੇ ਆਪੇ ਹੀ ਰੱਖ ਦਿਤੀ। ਜਦੋਂ ਉਹ ਨੇੜੇ ਆ ਕੇ ਨਮਸ਼ਕਾਰ ਕਰਨ ਲੱਗੀ, ਉਨ੍ਹਾਂ ਨੇ ਪਿੱਠ ਕਰ ਲਈ, ਪਿੱਠ ਕਰੀ ਤਾਂ ਹੈਰਾਨ ਹੋਈ। ਦੂਜੇ ਪਾਸੇ ਗਈ ਉਨ੍ਹਾਂ ਨੇ ਇੱਧਰ ਪਿੱਠ ਕਰ ਲਈ। ਅੱਜ ਪਹਿਲਾ ਦਿਨ ਸੀ ਕਿ ਕਬੀਰ ਸਾਹਿਬ ਨਰਾਜ਼ ਹੋਏ। ਕਹਿਣ ਲੱਗੀ, ਹੈਂ। ਉਸ ਵੇਲੇ ਬੇਨਤੀ ਕਰਦੀ ਹੈ -

***ਕਰਵਤੁ ਭਲਾ ਨ ਕਰਵਟ ਤੇਰੀ ॥ ਅੰਗ - 484***

ਆਰੇ ਨਾਲ ਚੀਰ ਦਿਓ ਕਹਿੰਦੀ ਮੈਨੂੰ।

***ਲਾਗੁ ਗਲੇ ਸੁਨੁ ਬਿਨਤੀ ਮੇਰੀ ॥ ਅੰਗ - 484***

ਕਹਿੰਦੇ, ਤੇਰੀ ਪਿੱਠ ਨਹੀਂ ਮੈਂ ਸਹਿ ਸਕਦੀ। ਤੁਸੀਂ ਮੇਰੀ ਬੇਨਤੀ ਸੁਣੋ।

***ਹਉ ਵਾਰੀ ਮੁਖੁ ਫੇਰਿ ਪਿਆਰੇ ॥***
***ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ ॥ ਅੰਗ - 484***

ਮੈਨੂੰ ਕਿਉਂ ਪਿੱਠ ਦੇ ਕੇ ਮਾਰਦੇ ਓਂ। ਤੁਸੀਂ ਮੇਰਾ ਸਰੀਰ ਚੀਰ ਕੇ ਦੇਖ ਲਓ, ਮੈਂ ਸੀ ਵੀ ਨਹੀਂ ਕਹਿਣੀ।

***ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ ॥ ਅੰਗ - 484***

ਜੇ ਮੇਰਾ ਸਰੀਰ ਗਿਰ ਵੀ ਗਿਆ ਦੋ ਫਾੜ ਹੋ ਕੇ, ਤਾਂ ਵੀ ਮੇਰੇ ਮਨ ਵਿਚ ਬੁਰਾ ਨਹੀਂ ਆਉਣਾ, ਪਿਆਰ ਨਹੀਂ ਟੁੱਟਣਾ।

***ਹਮ ਤੁਮ ਬੀਚੁ ਭਇਓ ਨਹੀ ਕੋਈ ॥ ਅੰਗ - 484***

ਤੁਹਾਡੇ ਤੇ ਮੇਰੇ ਵਿਚ ਕੋਈ ਆ ਨਹੀਂ ਗਿਆ -

***ਤੁਮਹਿ ਸੁ ਕੰਤ ਨਾਰਿ ਹਮ ਸੋਈ ॥ ਅੰਗ - 484***

ਤੁਸੀਂ ਪਰਸੋਂ-ਚੌਥੇ ਚੰਗੇ ਭਲੇ ਗਏ ਓਂ, ਓਹੀ ਮੈਂ ਤੁਹਾਡੀ ਇਸਤ੍ਰੀ

ਹਾਂ ਤੇ ਮੇਰੇ ਨਾਲ ਐਨੀ ਨਰਾਜ਼ਗੀ? ਕ੍ਰਿਪਾ ਕਰੋ, ਮੁੱਖ ਖੋਲ੍ਹੋ ਤੇ ਉਚਾਰਨ ਕਰਕੇ ਮੈਨੂੰ ਦੱਸੋ ਕਿ ਮੇਰੀ ਭੁੱਲ ਹੋਏਗੀ, ਮੈਂ ਖਿਮਾ ਮੰਗ ਲਵਾਂਗੀ। ਇਸ ਤਰ੍ਹਾਂ ਚੁੱਪ ਨਾ ਕਰੋ। ਉਸ ਵੇਲੇ ਕਬੀਰ ਸਾਹਿਬ ਕਹਿਣ ਲੱਗੇ -

***ਕਹਤੁ ਕਬੀਰੁ ਸੁਨਹੁ ਰੇ ਲੋਈ ॥***
***ਅਬ ਤੁਮਰੀ ਪਰਤੀਤਿ ਨ ਹੋਈ ॥*** ***ਅੰਗ - 484***

ਕਹਿਣ ਲੱਗੇ, ਮੈਂ ਨਰਾਜ਼ ਹੋਵਾਂ ਨਾ। ਮੈਨੂੰ ਤੇਰੀ ਬੜੀ ਪ੍ਰਤੀਤ ਸੀ। ਤੂੰ ਸਾਧੂਆਂ ਮਹਾਂਪੁਰਸ਼ਾਂ ਦੀ ਸੰਗਤ ਕੀਤੀ। ਸੇਵਾ ਕੀਤੀ, ਵਸਤਰ ਧੋਂਦੀ ਰਹੀ, ਝਾੜੂ ਦਿੰਦੀ ਰਹੀ, ਬਰਤਨ ਮਾਂਜਦੀ ਰਹੀ ਤੇ ਪ੍ਰਸ਼ਾਦੇ ਬਣਾ-ਬਣਾ ਕੇ ਦਿੰਦੀ ਰਹੀ ਤੇ ਫੇਰ ਤੂੰ ਇਸ ਤੋਂ ਇਲਾਵਾ ਸਤਿਸੰਗ ਸਾਰੇ ਸੁਣਦੀ ਰਹੀ। ਮਹਾਂਪੁਰਸ਼ਾਂ ਦੇ ਬਚਨ ਸੁਣੇ, ਤੈਨੂੰ ਪਤਾ ਹੀ ਨਹੀਂ ਲੱਗਿਆ ਕਿ ਨਾਮ ਦੀ ਕੀਮਤ ਕੀ ਹੁੰਦੀ ਹੈ। ਤਿੰਨ ਵਾਰੀ ਰਾਮ ਕਿਉਂ ਕਹਾਇਆ? ਉਸ ਵੇਲੇ ਬੜੀ ਅਧੀਨਗੀ ਦੇ ਨਾਲ ਦੋਵੇਂ ਹੱਥ ਬੰਨ੍ਹ ਕੇ ਬੇਨਤੀ ਕਰੀ, ਕਹਿੰਦੀ ਮਹਾਰਾਜ! ਮੈਨੂੰ ਆਗਿਆ ਹੈ ਮੈਂ ਕੁਛ ਬੇਨਤੀ ਕਰਾਂ? ਕਹਿੰਦੇ, ਜੋ ਮੇਰੀ ਨਰਾਜ਼ਗੀ ਹੈ ਉਸਨੂੰ ਪਹਿਲਾਂ ਸੁਣ ਲੈ।

***ਧਾਰਨਾ - ਲੋਈਏ ਰਾਮ ਪਿਆਰੀਏ, ਤੈਂ ਸਵੱਲੜਾ ਲਾਇਆ।***
***ਤਿੰਨ ਵਾਰੀ ਰਾਮ ਕਹਾ ਕੇ ਰੋਗੀ ਦਾ ਰੋਗ ਹਟਾਇਆ।***

ਕਹਿਣ ਲੱਗੇ, ਮੇਰੀ ਨਰਾਜ਼ਗੀ ਦਾ ਕਾਰਨ ਕੋਈ ਦੁਨਿਆਵੀ ਨਹੀਂ ਹੈ ਕਿ ਤੂੰ ਕੋਈ ਘਰ ਲੁਟਾ ਦਿਤਾ ਜਾਂ ਕੋਈ ਹੋਰ ਚੀਜ਼ ਕਰ ਦਿਤੀ। ਤੂੰ ਰਾਮ ਐਨਾ ਸਵੱਲਾ ਲਾ ਦਿਤਾ, ਤਿੰਨ ਵਾਰੀ ਕਹਾਇਆ? ਉਸ ਵੇਲੇ ਕਹਿਣ ਲੱਗੀ, ਮਹਾਰਾਜ! ਮੈਨੂੰ ਇਜਾਜ਼ਤ ਦਿਓ, ਮੈਂ ਵੀ ਬੇਨਤੀ ਕਰਨੀ ਹੈ। ਕਹਿੰਦੇ, ਦੱਸ ਕੀ ਕਹਿਣਾ ਹੈ।

ਕਹਿੰਦੀ ਮਹਾਰਾਜ! ਪਾਪਾਂ ਦਾ ਫਲ ਬੀਮਾਰੀ ਹੋਇਆ ਕਰਦੀ ਹੈ।

***ਖਸਮੁ ਵਿਸਾਰਿ ਕੀਏ ਰਸ ਭੋਗ ॥***
***ਤਾਂ ਤਨਿ ਉਠਿ ਖਲੋਏ ਰੋਗ ॥*** ***ਅੰਗ - 1256***

ਜਿਹੜਾ ਰੱਬ ਨੂੰ ਭੁੱਲੇਗਾ ਉਹ ਬੀਮਾਰ ਹੋਏਗਾ। ਬਹੁਤੇ ਸੁਆਦ, ਤੜਕੇ ਲਾ ਲਾ ਖਾਏਗਾ ਰੋਗੀ ਹੋ ਜਾਏਗਾ ਬੰਦਾ। ਸੋ ਮਹਾਰਾਜ -

***ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥*** ***ਅੰਗ - 1195***

ਕਰੋੜਾਂ ਪਾਪਾਂ ਦਾ ਨਾਸ਼ ਕਰਨ ਵਾਲਾ ਪ੍ਰਮੇਸ਼ਰ ਦਾ ਨਾਮ, ਪਹਿਲੀ ਵਾਰੀ ਮੈਂ ਰਾਮ ਕਹਾਇਆ ਕਿ ਇਹਦੇ ਪਾਪ ਖਤਮ ਹੋ ਜਾਣ। ਦੂਸਰੀ ਵਾਰੀ ਮੈਂ ਰਾਮ ਕਹਾਇਆ ਕਿ ਇਹਦਾ ਰੋਗ ਖਤਮ ਹੋ ਜਾਏ -

***ਸਰਬ ਰੋਗ ਕਾ ਅਉਖਦੁ ਨਾਮੁ ॥*** ***ਅੰਗ - 274***

ਤੀਸਰੀ ਵਾਰੀ ਮੈਂ ਰਾਮ ਇਹਨੂੰ ਮੰਤਰ ਦਿਤਾ ਕਿ ਮੁੜ ਕੇ ਨਾ ਕਿਤੇ ਪਾਪਾਂ 'ਚ ਪ੍ਰਵਿਰਤ ਹੋ ਜਾਏ ਤੇ ਇਹਦਾ ਭਲਾ ਵੀ ਹੋ ਜਾਏ ਦਰਗਾਹ 'ਚ ਜਾ ਕੇ। ਉਸ ਵੇਲੇ ਕਬੀਰ ਸਾਹਿਬ ਪ੍ਰਸੰਨ ਹੋਏ। ਮਹਾਰਾਜ ਕਹਿਣ ਲੱਗੇ, ਦੇਖ ਮਰਦਾਨਿਆਂ! ਜਿਨ੍ਹਾਂ ਨੂੰ ਕਦਰ ਹੈ, ਦੋ ਵਾਰੀ ਵਾਧੂ

ਰਾਮ ਕਹਾਉਣ 'ਤੇ ਨਰਾਜ਼ ਹੋ ਗਏ। ਸੰਸਾਰ ਨੂੰ ਨਹੀਂ ਏਸ ਗੱਲ ਦੀ ਕਦਰ। ਸੋ ਇਹ ਜਿਹੜਾ ਨਾਮ ਹੈ ਇਹ ਫੇਰ ਮਹਿੰਗਾ ਕਿੰਨਾ ਹੈ ਸਾਧਸੰਗਤ ਜੀ। ਆਹ ਵੀ ਵਿਚਾਰ ਕਰੋ। ਜਿਹੜਾ ਐਵੇਂ ਕਹੀ ਜਾਂਦਾ ਹੈ ਨਾ, ਆ ਜਾਓ ਅੰਮ੍ਰਿਤ ਛਕ ਲਓ। ਕਦਰ ਨਹੀਂ ਹੋਇਆ ਕਰਦੀ। ਕਦਰ ਨਾ ਹੋਣ ਕਰਕੇ ਸਸਤੀ ਚੀਜ਼ ਮਿਲ ਜਾਵੇ –

***ਵਿਣੁ ਗਾਹਕ ਗੁਣ ਵੇਚੀਐ ਤਉ ਗੁਣੁ ਸਹਘੋ ਜਾਇ ॥***
***ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ ॥***

***ਅੰਗ – 1086***

***ਕਬੀਰਾ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ ॥***
***ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ ॥*** ***ਅੰਗ – 1372***

ਉਹਨੇ ਤਾਂ ਫੇਰ ਅੰਮ੍ਰਿਤ ਛਕ ਕੇ ਸ਼ਰਾਬਾਂ ਪੀਣੀਆਂ ਹੀ ਨੇ। ਤੋੜਨਾ ਹੀ ਹੈ ਅੰਮ੍ਰਿਤ। ਉਸ ਨੇ ਤਾਂ ਫੇਰ ਗਿਰਨਾ ਹੀ ਹੈ, ਬੇਮੁਖ ਹੋਣਾ ਹੀ ਹੈ ਸਾਧਸੰਗਤ ਜੀ, ਕਿਉਂਕਿ ਪਰਖ ਕੇ ਨਹੀਂ ਉਹਨੇ ਨਾਮ ਲਿਆ। ਮੇਰੀ ਤਾਂ ਇਹੀ ਬੇਨਤੀ ਹੁੰਦੀ ਹੈ ਕਿ ਅੰਮ੍ਰਿਤ ਛਕਾਉਣ ਤੋਂ, ਨਾਮ ਦੇਣ ਤੋਂ ਪਹਿਲਾਂ ਪਰਖੋ ਬੰਦਾ ਨਾਮ ਲੈਣ ਦੇ ਕਾਬਲ ਵੀ ਹੈ ਕਿ ਨਹੀਂ। ਕਿਉਂਕਿ ਇਤਿਹਾਸ ਵਿਚ ਐਸੇ ਜ਼ਿਕਰ ਆਉਂਦੇ ਨੇ। ਨਾਮ ਦੇ ਵਾਸਤੇ ਮਹਾਰਾਜ ਕਹਿੰਦੇ ਪਹਿਲਾਂ ਜੇ ਤੂੰ ਸਾਡੇ ਕੋਲੋਂ ਆ ਕੇ ਨਾਮ ਲੈਣਾ ਹੈ ਤਾਂ ਸਾਡੀ ਸ਼ਰਤ ਸੁਣ ਲੈ –

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥***

***ਅੰਗ – 1102***

ਦੁਆਬੇ ਦੇ ਅੰਦਰ ਇੱਕ ਪ੍ਰੇਮੀ ਹੋਇਆ ਹੈ ਜੋ ਇਤਿਹਾਸ ਦੇ ਅੰਦਰ ਬਹੁਤ ਵੱਡਾ ਮਹਾਂਪੁਰਸ਼ ਗਿਣਿਆ ਗਿਆ ਹੈ। ਸਾਧਾਰਣ ਜ਼ਿੰਦਗੀ ਸੀ ਓਸਦੀ। ਭਾਈ ਤੀਰਥਾ ਉਹਦਾ ਨਾਮ ਸੀ, ਜਿਹਨੂੰ ਬਾਅਦ ਵਿਚ ਭਾਈ ਮੰਝ ਕਹਿੰਦੇ ਨੇ। ਇਹਦੇ ਪਿਛਲੇ ਜਨਮ ਦੇ ਸੰਸਕਾਰ ਬਹੁਤ ਪ੍ਰਬਲ ਸੀ ਪਰ ਅਜੇ ਸਮਾਂ ਨਹੀਂ ਸੀ ਆਇਆ। ਜਿਸ ਪਿੰਡ ਦੇ ਵਿਚ ਇਹਦਾ ਜਨਮ ਹੋਇਆ, ਪਿੰਡ ਦੇ ਸਾਰੇ ਹੀ ਲੋਕ ਸਰਵਰ ਪੀਰ ਨੂੰ ਮੰਨਦੇ ਸੀ, ਕਬਰਾਂ ਨੂੰ ਮੱਥੇ ਟੇਕਦੇ ਸੀ। ਇਹ ਵੱਡਾ ਚੌਧਰੀ ਸੀ, ਜ਼ਮੀਨ ਜਾਇਦਾਦ, ਘੋੜੇ, ਮੱਝਾਂ-ਗਾਈਆਂ ਬੇਅੰਤ ਸੀ ਇਹਦੇ ਕੋਲ, ਸੁਭਾਅ ਦਾ ਬੜਾ ਮਿੱਠਾ ਸੀ, ਮਿਲਣਸਾਰ ਸੀ। ਚੌਧਰੀ ਹੋਣ ਕਰਕੇ ਇਸਨੂੰ ਉਨ੍ਹਾਂ ਨੇ ਖੂੰਡੀ ਦੇ ਦਿਤੀ, ਖੂੰਡੀ ਤੇ ਚਮੜਾ ਜਿਹਾ। ਮੁਖੀ ਬਣਾ ਦਿਤਾ ਉਥੇ ਦਾ। ਮੁਖੀ ਬਣਾਇਆ ਤਾਂ ਇਹ ਸੰਗ ਲੈ ਕੇ ਨਾਲੇ ਤਾਂ ਖੇਲ੍ਹ ਪਾਇਆ ਕਰਦਾ ਸੀ, ਨਾਲੇ ਘਰ ਵਿਚ ਏਸਨੇ ਮੁਕਾਮ ਬਣਾ ਲਿਆ, ਦੀਵੇ ਜਾਲਦਾ ਸੀ ਵੀਰਵਾਰ ਨੂੰ ਤੇ ਨਾਲ ਉਥੇ ਜਾ ਕੇ ਸਿਜਦੇ ਕਰਦਾ ਸੀ। ਭਰਾਈਆਂ ਦਾ ਜੂਠਾ ਜੋ ਰੋਟ ਹੁੰਦਾ ਉਹ ਵੰਡਦੇ ਨੇ ਭਰਾਈ। ਰੋਟ ਪਕਾਉਂਦੇ ਨੇ ਸਵਾ ਮਣ ਦਾ ਫੇਰ ਜਦੋਂ ਇਹ ਭੋਗ ਲਾਉਂਦੇ ਨੇ, ਆਪਾਂ ਤਾਂ ਕ੍ਰਿਪਾਨ ਨੂੰ ਲਵਾਉਂਦੇ ਹਾਂ,

ਉਹ ਫੇਰ ਜਿਹੜਾ ਢੋਲ ਵਜਾਉਂਦਾ ਹੈ ਭਰਾਈ, ਉਹ ਇੱਕ ਚੱਕ ਵੱਢਦਾ ਹੈ ਉਹਦੇ ਵਿਚ, ਜਦੋਂ ਭੋਗ ਲੱਗ ਗਿਆ ਫੇਰ ਜੂਠਾ ਦਿੰਦੇ ਨੇ। ਐਸੇ ਸੰਸਕਾਰ ਹੋਣ ਕਰਕੇ ਕੋਈ ਰਾਹ ਨਹੀਂ ਸੀ ਲੱਭਦਾ।

ਇਹ ਸੰਗ ਲਈਂ ਜਾਂਦਾ-ਜਾਂਦਾ ਦਰਬਾਰ ਸਾਹਿਬ ਪਹੁੰਚ ਗਿਆ। ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਦੀ ਸੰਗਤ 'ਚ ਚਲਿਆ ਗਿਆ ਉਥੇ ਜਿਸ ਤਰ੍ਹਾਂ ਦੇ ਬਚਨ ਆਪਾਂ ਕਰੇ ਨੇ, ਐਸੇ ਬਚਨ ਜਦੋਂ ਇਹਨੇ ਸਰਵਣ ਕਰੇ ਤਾਂ ਇਹਦੇ ਪਿਛਲੇ ਸਾਰੇ ਸੁੱਤੇ ਪਏ ਸੰਸਕਾਰ ਇੱਕ ਦਮ ਖੜ੍ਹੇ ਹੋ ਗਏ। ਇਹਦਾ ਮਨ ਮੰਨ ਗਿਆ। ਮਨ ਮੰਨ ਕੇ ਇੱਕ ਦਮ ਗੁਰੂ ਮਹਾਰਾਜ ਦੀ ਹਜ਼ੂਰੀ 'ਚ ਆ ਗਿਆ ਤੇ ਗੁਰੂ ਮਹਾਰਾਜ ਕਹਿਣ ਲੱਗੇ, ਦੇਖ ਪ੍ਰੇਮੀਆਂ! ਇਹ ਜਨਮ ਤਾਂ ਅਮੋਲਕ ਹੈ ਇਹ ਬਾਰ-ਬਾਰ ਨਹੀਂ ਮਿਲਣਾ -

***ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥ ਜਿਉ***
***ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ॥***

***ਅੰਗ - 1366***

ਦਸ ਤੂੰ ਕੀ ਕਹਿਣ ਚਾਹੁੰਦਾ ਹੈਂ? ਕਹਿਣ ਲੱਗਿਆ, ਮਹਾਰਾਜ! ਮੈਨੂੰ ਤੁਸੀਂ ਨਾਮ ਦੀ ਦਾਤ ਦਿਓ। ਮਹਾਰਾਜ ਕਹਿੰਦੇ, ਕੀ ਕੰਮ ਕਰਦਾ ਹੁੰਦਾ ਹੈਂ? ਐਡੀ ਉਮਰ ਹੋ ਗਈ, ਪਹਿਲਾਂ ਨਹੀਂ ਤੂੰ ਸਤਿਸੰਗ ਸੁਣਿਆ?

ਕਹਿੰਦਾ, ਸੱਚੇ ਪਾਤਸ਼ਾਹ! ਮੈਂ ਤਾਂ ਆਪਣੀ ਜ਼ਿੰਦਗੀ 'ਚ ਅੱਜ ਪਹਿਲਾ ਸਤਿਸੰਗ ਸੁਣਿਆ ਹੈ। ਹੈਰਾਨ ਹਾਂ ਮੈਂ ਇਸ ਗੱਲ ਦੇ ਉੱਤੇ ਕਿ ਕਬਰਾਂ ਨੂੰ ਮੰਨਣ ਵਾਲਾ, ਪੀਰ ਨੂੰ ਮੰਨਣ ਵਾਲਾ, ਉਨ੍ਹਾਂ ਦਾ ਮੁਖੀ ਹੁੰਦਾ ਹੋਇਆ। ਇੱਕੋ ਸਤਿਸੰਗ ਸੁਣਿਆ ਹੈ, ਉਹਦੇ ਨਾਲ ਹੀ ਜੀਵਨ 'ਚ ਪਰਿਵਰਤਨ ਆ ਗਿਆ ਕਿਉਂਕਿ ਮੰਨ ਗਿਆ। ਮਹਾਰਾਜ ਕਹਿੰਦੇ ਨੇ -

***ਮੰਨੇ ਕੀ ਗਤਿ ਕਹੀ ਨ ਜਾਇ ॥***
***ਜੇ ਕੋ ਕਹੈ ਪਿਛੈ ਪਛੁਤਾਇ ॥***
***ਕਾਗਦਿ ਕਲਮ ਨ ਲਿਖਣਹਾਰੁ ॥***
***ਮੰਨੇ ਕਾ ਬਹਿ ਕਰਨਿ ਵੀਚਾਰੁ ॥***
***ਐਸਾ ਨਾਮੁ ਨਿਰੰਜਨੁ ਹੋਇ ॥***
***ਜੇ ਕੋ ਮੰਨਿ ਜਾਣੈ ਮਨਿ ਕੋਇ ॥*** ***ਅੰਗ - 3***

ਨਾਮ ਦੀ ਮਹਿਮਾ ਨੂੰ ਮੰਨ ਲਿਆ ਏਸ ਨੇ, ਮੰਨਣ ਦੇ ਨਾਲ ਸੰਗ ਛੱਡ ਦਿਤਾ ਤੇ ਕਿਹਾ ਕਿ ਤੁਸੀਂ ਤਾਂ ਜਾਉ ਜਿੱਥੇ ਜਾਣਾ ਹੈ। ਮੈਂ ਤਾਂ ਜਿੱਥੇ ਆਉਣ ਸੀ ਆ ਗਿਆ। ਬਥੇਰਾ ਸਮਝਾਇਆ ਉਨ੍ਹਾਂ ਨਾਲਦਿਆਂ ਨੇ ਕਿ ਤੂੰ ਕਿਹੜੇ ਭੁਲੇਖੇ 'ਚ ਪੈ ਗਿਆ, ਰਾਮ ਕਿਸੇ ਨੇ ਦੇਖਿਆ ਹੈ? ਅਸੀਂ ਵੀ ਸੁਣਿਆ ਹੈ, ਸਾਡੇ 'ਤੇ ਨਹੀਂ ਅਸਰ ਹੋਇਆ, ਤੇਰੇ 'ਤੇ ਕਿਉਂ ਹੋ ਗਿਆ? ਇਹਦੇ ਪਿਛਲੇ ਸੰਸਕਾਰ ਐਡੇ ਜ਼ਬਰਦਸਤ ਸੀ ਕਿ ਇੱਕ ਦਮ ਇਹਦੇ ਅੰਦਰ ਲਹਿਰਾਂ ਉੱਠਣੀਆਂ ਸ਼ੁਰੂ ਹੋ ਗਈਆਂ। ਗੁਰੂ ਮਹਾਰਾਜ ਜੀ ਦੇ ਚਰਨਾਂ 'ਚ ਖੜ੍ਹਾ ਹੈ, ਗਲ 'ਚ ਪੱਲਾ ਪਾਇਆ ਹੋਇਆ, ਹੱਥ ਜੋੜੇ

ਹੋਏ ਨੇ, ਨੇਤਰਾਂ 'ਚੋਂ ਜਲ ਜਾਂਦਾ ਹੈ। ਪਾਤਸ਼ਾਹ! ਮੇਰਾ ਜਨਮ ਜਿਹੜਾ ਬੀਤਣਾ ਸੀ ਬੀਤ ਗਿਆ, ਹੁਣ ਨਾ ਮੈਨੂੰ ਵਿਛੋੜੋ, ਹੁਣ ਮੈਨੂੰ ਨਾਮ ਦੀ ਦਾਤ ਦਿਓ।

ਮਹਾਰਾਜ ਕਹਿੰਦੇ, ਕੀ ਕਰਦਾ ਹੁੰਦਾ ਹੈਂ? ਸੱਚ-ਸੱਚ ਦੱਸ। ਕਹਿੰਦਾ, ਮਹਾਰਾਜ! ਸਾਡੇ ਨੇੜੇ ਤੇੜੇ ਕੋਈ ਸਿੱਖ ਨਹੀਂ ਹੈ ਪਿੰਡਾਂ 'ਚ, ਅਸੀਂ ਤਾਂ ਸਿੱਖ ਨੂੰ ਬਹੁਤ ਬੁਰਾ ਗਿਣਦੇ ਹਾਂ। ਜੇ ਪਤਾ ਲੱਗ ਜਾਏ ਕਿ ਇਹ ਗੁਰੂ ਦਾ ਸਿੱਖ ਹੈ, ਕੋਈ ਨਹੀਂ ਉਹਦੇ ਨਾਲ ਵਰਤਦਾ। ਅਸੀਂ ਮੰਨਦੇ ਹਾਂ ਪੀਰ ਨੂੰ। ਮੇਰੇ ਘਰ ਦੇ ਅੰਦਰ ਮੁਕਾਮ ਹੈ। ਉਥੇ ਵੀਰਵਾਰ ਨੂੰ ਇਕੱਠ ਹੁੰਦਾ ਹੈ, ਮੈਂ ਖੇਲ੍ਹ ਪਾਉਂਦਾ ਹਾਂ ਤੇ ਬਾਕੀ ਦੀਵਾ ਮੈਂ ਰੋਜ਼ ਜਲਾਉਂਦਾ ਹਾਂ, ਉਥੇ ਜਦ ਅਸੀਂ ਜਾਂਦੇ ਹਾਂ ਕਬਰ ਨੂੰ ਮੱਥਾ ਟੇਕਦੇ ਹਾਂ।

ਮਹਾਰਾਜ ਕਹਿੰਦੇ, ਤੂੰ ਤਾਂ ਬੜਾ ਮਾੜਾ ਕੰਮ ਕਰਦਾ ਹੈਂ?

ਕਹਿਣ ਲੱਗਿਆ, ਮਹਾਰਾਜ! ਆਪ ਜੀ ਦੇ ਬਚਨ ਸੁਣ ਕੇ ਮੈਨੂੰ ਵੀ ਬਹੁਤ ਗਿਲਾਨੀ ਹੋਈ ਹੈ ਕਿ ਮੈਂ ਹਿੰਦੂ ਦਾ ਜਨਮ ਪ੍ਰਾਪਤ ਕਰਕੇ ਇੱਕ ਕਬਰ ਨੂੰ ਮੰਨਦਾ ਹਾਂ ਤੇ ਉਨ੍ਹਾਂ ਦੀ ਰਹੁਰੀਤ ਕਰਦਾ ਹਾਂ। ਮਹਾਰਾਜ ਕਹਿੰਦੇ ਦੇਖ, ਤੂੰ ਹੈਂ ਚੌਧਰੀ। ਤੂੰ ਹੈਂ ਮੁਖੀ। ਤੇਰੇ ਤੋਂ ਭਜਨ ਨਹੀਂ ਹੋਣਾ, ਤੈਨੂੰ ਬੜੀਆਂ ਤਕਲੀਫਾਂ ਆਉਣਗੀਆਂ। ਚੰਗਾ ਇਹ ਹੈ ਕਿ ਤੂੰ ਕੱਚੇ ਨਾਲ ਹੀ ਨਿਭਾ ਦੇ, ਕਹਿੰਦਾ ਨਹੀਂ ਮਹਾਰਾਜ! ਕਿੰਨੀ ਵੀ ਤਕਲੀਫ ਆ ਜਾਏ, ਚਾਹੇ ਮੇਰਾ ਸਿਰ ਚਲਿਆ ਜਾਵੇ ਮੈਂ ਤਾਂ ਵੀ ਨਹੀਂ ਪਿੱਛੇ ਹਟਣਾ।

ਮਹਾਰਾਜ ਕਹਿੰਦੇ, ਫੇਰ ਤੇਰੇ ਘਰ ਵਿਚ ਤਾਂ ਬਣਾਇਆ ਹੋਇਆ ਮੁਕਾਮ, ਉਹਦੀ ਕਬਰ ਤੇ ਸਾਡਾ ਫੁਰਮਾਨ ਇਸ ਤੋਂ ਵਿਪਰੀਤ ਇਸ ਤਰ੍ਹਾਂ ਨਾਲ ਹੈ -

***ਧਾਰਨਾ - ਭੁੱਲ ਕੇ ਵੀ ਮੰਨਣਾ ਨਹੀਂ***
***ਮੜ੍ਹੀਆਂ ਤੇ ਕਬਰਾਂ ਤਾਈਂ।***

***ਜਾਗਤ ਜੋਤਿ ਜਪੈ ਨਿਸ ਬਾਸੁਰ***
***ਏਕ ਬਿਨਾਂ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ***
***ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।***
***ਤੀਰਥ ਦਾਨ ਦਇਆ ਤਪ ਸੰਜਮ,***
***ਏਕ ਬਿਨਾ ਨਹਿ ਏਕ ਪਛਾਨੈ॥***
***ਪੂਰਨ ਜੋਤ ਜਗੈ ਘਟ ਮੈ***
***ਤਬ ਖਾਲਸ ਤਾਹਿ ਨਖਾਲਸ ਜਾਨੈ॥***

ਦੇਖ ਭਾਈ ਤੀਰਥੇ! ਤੂੰ ਮੰਗਦਾ ਹੈਂ 'ਨਾਮ' ਨਾਮ ਨਹੀਂ ਮਿਲਣਾ ਕਿਉਂਕਿ ਤੂੰ ਕਬਰ ਨੂੰ ਮੱਥੇ ਟੇਕਦਾ ਹੈਂ, ਤੇਰੇ ਘਰ ਵਿਚ ਮੁਕਾਮ ਬਣਿਆ ਹੋਇਆ ਹੈ। ਜੇ ਤੂੰ ਢਾਹੇਂਗਾ ਤਾਂ ਤੇਰਾ ਭਾਈਚਾਰਾ ਤੇਰੇ ਖਿਲਾਫ ਹੋ

ਜਾਏਗਾ ਤੇ ਜੇ ਤੂੰ ਰੱਖ ਲਏਂਗਾ ਤਾਂ ਅਸੀਂ 'ਨਾਮ' ਨਹੀਂ ਦੇਣਾ, ਨਾਮ ਚੱਲਣਾ ਨਹੀਂ ਹੈ। ਇਸ ਕਰਕੇ ਚੰਗਾ ਇਹ ਹੈ ਕਿ ਤੂੰ ਸਿੱਖੀ ਧਾਰਨ ਨਾ ਕਰ, ਸਿੱਖੀ ਕੋਈ ਸੁਖਾਲੀ ਚੀਜ਼ ਨਹੀਂ, ਬਹੁਤ ਔਖੀ ਚੀਜ਼ ਹੈ। ਬਾਰ-ਬਾਰ ਗੁਰੂ ਮਹਾਰਾਜ ਸਮਝਾਉਂਦੇ ਨੇ। ਕਹਿੰਦੇ, ਬਹੁਤ ਤਕਲੀਫਾਂ ਆ ਜਾਣਗੀਆਂ ਤੈਨੂੰ। ਜਦੋਂ ਫੇਰ ਬੇਨਤੀ ਕਰਦਾ ਹੈ ਸੀਸ ਨਹੀਂ ਚੁੱਕਦਾ ਚਰਨਾਂ ਤੋਂ ਕਿ ਮਹਾਰਾਜ ਸੱਚੇ ਪਾਤਸ਼ਾਹ! ਹੁਣ ਨਾ ਮੈਨੂੰ ਵਾਪਸ ਕਰੋ। ਮਹਾਰਾਜ ਕਹਿੰਦੇ ਕਿ ਦੇਖ, ਪਹਿਲਾਂ ਸਾਡੇ ਬਚਨ ਸੁਣ ਲੈ, ਜੇ ਤੇਰਾ ਮਨ ਮੰਨਿਆ ਤਾਂ ਤੂੰ ਸਿੱਖੀ ਧਾਰਨ ਕਰ ਲਈਂ ਜੇ ਨਾ ਮੰਨਿਆ, ਫੇਰ ਨਾ ਕਰੀਂ, ਤੈਨੂੰ ਅਸੀਂ ਪਹਿਲਾਂ ਦਸ ਦਿੰਦੇ ਹਾਂ ਕਿ ਸਿੱਖੀ ਕੋਈ ਸੁਖਾਲੀ ਜਿਹੀ ਚੀਜ਼ ਨਹੀਂ ਹੈ। ਉਹ ਬਹੁਤ ਔਖੀ ਚੀਜ਼ ਹੈ, ਸਿਰ ਤੋਂ ਪਰ੍ਹੇ ਡੇਰਾ ਹੈ ਇਹਦਾ, ਉਸ ਵੇਲੇ ਬੇਨਤੀ ਕਰੀ ਕਿ ਸੱਚੇ ਪਾਤਸ਼ਾਹ ਕ੍ਰਿਪਾ ਕਰਕੇ ਮੈਨੂੰ ਰਹਿਤਾਂ ਤਾਂ ਦਸ ਦਿਓ। ਮੈਨੂੰ ਇਹ ਤਾਂ ਦਸ ਦਿਓ ਕਿ ਕਿਸ ਤਰ੍ਹਾਂ ਦੇ ਨਾਲ ਮੈਨੂੰ ਨਾਮ ਮਿਲ ਸਕਦਾ ਹੈ, ਆਪ ਨੇ ਫੁਰਮਾਨ ਕਰਿਆ ਕਿ ਦੇਖੋ, ਕੀਮਤੀ ਚੀਜ਼ ਉਸ ਥਾਂ 'ਤੇ ਮਿਲਿਆ ਕਰਦੀ ਹੈ, ਜਿੱਥੇ ਕਦਰਦਾਨ ਹੋਵੇ, ਕੀਮਤ ਦੇਣ ਵਾਲਾ ਹੋਵੇ, ਜਿੱਥੇ ਕੀਮਤ ਦੇਣ ਵਾਲਾ ਨਹੀਂ ਹੈ, ਉਥੇ ਜਿਹੜੀ ਕੀਮਤੀ ਚੀਜ਼ ਹੈ ਉਹ ਬੰਦ ਹੀ ਰੱਖਣੀ ਚਾਹੀਦੀ ਹੈ, ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਜਿੱਥੇ ਮਿਲੇ ਨਾ ਸੌਦਾਗਰ ਪੂਰਾ***
***ਗੱਠੜੀ ਨਾ ਖੋਲ੍ਹੀ ਨਾਮ ਦੀ।***

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ ॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥***

***ਅੰਗ - 1365***

***ਕਬੀਰਾ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ ॥***
***ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ ॥ ਅੰਗ - 1372***

ਦੇਖ ਭਾਈ ਪ੍ਰੇਮੀਆਂ! ਨਾਮ ਦਾ ਸੌਦਾ ਐਨਾ ਸੁਖਾਲਾ ਨਹੀਂ ਹੈ ਜਿੱਥੇ ਪਾਰਖੂ ਨਾ ਹੋਵੇ ਉਥੇ ਇਹ ਦਿਤਾ ਨਹੀਂ ਜਾਂਦਾ। ਬੇਨਤੀ ਕਰਦਾ ਹੈ ਕਿ ਸੱਚੇ ਪਾਤਸ਼ਾਹ! ਆਪ ਕ੍ਰਿਪਾ ਕਰਕੇ ਜੋ-ਜੋ ਬਚਨ ਕਰੋਂਗੇ, ਮੈਂ ਉਹ ਕਮਾਉਣ ਦਾ ਯਤਨ ਕਰਾਂਗਾ। ਉਸ ਵੇਲੇ ਮਹਾਰਾਜ ਜੀ ਨੂੰ ਦਇਆ ਆ ਗਈ। ਕਹਿੰਦੇ, ਦੇਖ ਪ੍ਰੇਮੀਆਂ! ਜਿਹੜੀ ਸਭ ਤੋਂ ਪਹਿਲੀ ਚੀਜ਼ ਜਿਹੜੀ ਨਾਮ ਦੇ ਮਾਮਲੇ 'ਚ ਹੈ ਉਹ ਹੈ ਪ੍ਰਤੀਤ, ਵਾਹਿਗੁਰੂ 'ਤੇ ਪ੍ਰਤੀਤ, ਗੁਰੂ ਤੇ ਪ੍ਰਤੀਤ, ਨਾਮ 'ਤੇ ਪ੍ਰਤੀਤ। ਵਾਹਿਗੁਰੂ 'ਤੇ ਪ੍ਰਤੀਤ ਇਹ ਹੈ ਕਿ ਉਹ ਹਰ ਵਕਤ ਮੇਰੇ ਨਾਲ ਉਹ ਹਰ ਵਕਤ ਰਹਿੰਦਾ ਹੈ, ਅੰਦਰ ਬਾਹਰ ਜਿੱਧਰ ਮੈਂ ਦੇਖਦਾ ਹਾਂ ਉਹਦੀ ਹੀ ਜੋਤੀ ਹੈ -

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨਾ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥***

***ਅਕਾਲ ਉਸਤਤਿ***

ਦੂਜੀ ਪ੍ਰਤੀਤ ਇਹ ਹੁੰਦੀ ਹੈ ਕਿ ਮੇਰਾ ਗੁਰੂ ਜਿਹੜਾ ਹੈ ਉਹ ਸਮਰੱਥ ਹੈ –

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥*

*ਅੰਗ – 442*

ਗੁਰੂ ਤੇ ਗੋਬਿੰਦ ਵਿਚ, ਵਾਹਿਗੁਰੂ ਤੇ ਗੁਰੂ ਵਿਚ ਕੋਈ ਭੇਤ ਨਾ ਜਾਣੋ। ਤੀਸਰੀ ਪ੍ਰਤੀਤ ਇਹ ਹੈ ਕਿ ਜੋ ਨਾਮ ਹੈ ਇਹਦੀ ਮਹਿਮਾ ਦੇ ਉਤੇ ਪ੍ਰਤੀਤ ਹੋਣੀ ਚਾਹੀਦੀ ਹੈ, ਜਿਹਦੇ ਮਨ ਵਿਚ ਪ੍ਰਤੀਤ ਹੋਏਗੀ, ਗੁਰੂ ਦੀ ਪ੍ਰਤੀਤ ਹੋਏਗੀ, ਨਾਮ ਦੀ ਪ੍ਰਤੀਤ ਹੋਏਗੀ ਉਹਦਾ ਨਾਮ ਚੱਲੇਗਾ, ਦੂਸਰੇ ਦਾ ਨਹੀਂ ਚੱਲ ਸਕਦਾ ਕਦੇ ਵੀ –

*ਧਾਰਨਾ – ਗੁਰ ਕੀ ਪ੍ਰਤੀਤ ਜੀ,*
*ਜਿਸ ਦੇ ਮਨ ਵਿਚ ਹੈ ਭਾਈ।*
*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥* *ਅੰਗ – 283*

ਪਹਿਲੀ ਚੀਜ਼ ਜਿਸ ਤਰ੍ਹਾਂ ਮਕਾਨ ਬਣਾਉਣਾ ਹੈ, ਉਹਦੀ ਬੁਨਿਆਦ ਹੋਇਆ ਕਰਦੀ ਹੈ। ਜੇ ਰੱਬ ਦੇ ਰਸਤੇ 'ਤੇ ਤੁਰਨਾ ਚਾਹੁੰਦਾ ਹੈਂ ਤਾਂ ਪਹਿਲੀ ਬੁਨਿਆਦ ਭਰੋਸਾ ਹੁੰਦਾ ਹੈ, ਪ੍ਰਤੀਤ, ਯਕੀਨ, ਵਿਸ਼ਵਾਸ਼। ਜੇ ਭਰੋਸਾ ਨਹੀਂ ਹੈ ਤਾਂ ਪ੍ਰਮੇਸ਼ਰ ਦਾ ਨਾਮ ਨਹੀਂ ਚਲਦਾ। ਭਰੋਸਾ ਵੀ ਬਹੁਤ ਜ਼ਿਆਦਾ ਹੋਵੇ, ਅੰਨ੍ਹਾ ਵਿਸ਼ਵਾਸ਼ ਹੋਵੇ ਗੁਰੂ ਦੇ ਉਤੇ। ਜੋ ਕੁਛ ਗੁਰੂ ਕਹਿੰਦੇ ਨੇ ਉਹਨੂੰ ਸਤਿ ਕਰਕੇ ਮੰਨੇ ਤੇ ਪ੍ਰਤੀਤ ਹੋਣੀ ਕਿ ਮੇਰਾ ਗੁਰੂ ਤਾਂ ਆਪ ਪ੍ਰਮੇਸ਼ਰ ਹੈ –

*ਗੁਰੁ ਪਰਮੇਸਰੁ ਏਕੋ ਜਾਣੁ ॥* *ਅੰਗ – 864*

ਕਹਿੰਦੇ ਜਦੋਂ ਗੁਰੂ ਨੂੰ ਪ੍ਰਮੇਸ਼ਰ ਮੰਨੇਗਾ, ਉਹਦੇ ਬਚਨ ਦੇ ਉਤੇ ਭਰੋਸਾ ਹੋਏਗਾ। ਪ੍ਰਤੀਤ ਦੀ ਲੋੜ ਹੈ। ਕਹਿਣ ਲੱਗੇ, ਦੇਖ ਇੱਕ ਸਾਧਾਰਣ ਬੰਦਾ ਤੇਰੇ ਵਰਗਾ ਹੀ, ਖੇਤੀ ਕਰਨ ਵਾਲਾ, ਅਣਜਾਣ ਨੌਜਵਾਨ, ਜਿਹਨੂੰ ਕੋਈ ਗਿਆਨ ਨਹੀਂ, ਸਤਿਸੰਗ ਸੁਣਿਆ ਕਰਦਾ ਸੀ, ਜਿਵੇਂ ਤੇਰੇ ਮਨ 'ਚ ਸ਼ੌਕ ਜਾਗ ਪਿਆ ਇਸੇ ਤਰ੍ਹਾਂ ਉਹਦੇ ਮਨ 'ਚ ਸ਼ੌਂਕ ਜਾਗਿਆ, ਲੇਕਿਨ ਉਹਨੂੰ ਗੁਰੂ ਪੂਰਾ ਨਾ ਮਿਲਿਆ।

ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ, ਇੱਕ ਕੋਈ ਬ੍ਰਾਹਮਣ ਸੀਗਾ ਤੇ ਉਹ ਉਪਾਸ਼ਨਾ ਕਰਿਆ ਕਰਦਾ ਸੀ ਬਾਹਰ ਜਾ ਕੇ, ਰੋਹੀ ਦਾ ਟੋਭਾ ਸੀ ਉਹਦੇ ਕੰਢੇ 'ਤੇ ਬੈਠ ਗਏ। ਉਥੇ ਭੋਗ ਲਵਾਉਂਦਾ ਸੀ ਮੂਰਤੀਆਂ ਨੂੰ, ਹੋਰ ਬੜਾ ਕੁਛ ਕਰਦਾ ਸੀ। ਚੁੰਗੜਮਾਟਾ ਮਾਰ ਲੈਂਦਾ ਸੀ, ਇਹਦਾ ਨਾਉਂ ਸੀ ਧੰਨਾ। ਇਹਨੇ ਚੋਰੀਂ ਦੇਖ ਲਿਆ। ਦੇਖ ਕੇ ਇਹਦੇ ਮਨ 'ਚ ਸ਼ੌਂਕ ਜਾਗਿਆ ਕਿ ਮੈਂ ਵੀ ਪੁੱਛਾਂ ਭਗਤੀ ਕਿਵੇਂ ਕਰੀਦੀ ਹੈ। ਹੋਰ ਤਾਂ ਕੋਈ ਮੈਨੂੰ ਲੱਭਦਾ ਨਹੀਂ। ਭਾਈ ਗੁਰਦਾਸ ਜੀ ਲਿਖਦੇ ਨੇ–

***ਬਾਮ੍ਹਣੁ ਪੂਜੈ ਦੇਵਤੇ ਧੰਨਾ ਗਊ ਚਰਾਵਣ ਆਵੈ।***

***ਭਾਈ ਗੁਰਦਾਸ ਜੀ, ਵਾਰ 10/13***

ਉਹ ਰੋਜ਼ ਗਊਆਂ ਚਾਰਨ ਜਾਂਦਾ ਹੈ ਤੇ ਪੰਡਤ ਦੇਵਤੇ ਪੂਜਦਾ ਹੈ –

***ਧੰਨੈ ਡਿਠਾ ਚਲਿਤੁ ਏਹੁ ਪੁਛੇ ਬਾਮ੍ਹਣੁ ਆਖਿ ਸੁਣਾਵੈ।***

***ਭਾਈ ਗੁਰਦਾਸ ਜੀ, ਵਾਰ 10/13***

ਉਹਨੇ ਜਿਸ ਵਕਤ ਇਹ ਗੱਲ ਦੇਖੀ, ਤਾਂ ਉਸਨੇ ਕਿਹਾ ਦਾਦਾ! ਤੂੰ ਇਹ ਕੀ ਕਰਦਾ ਹੈਂ?

ਕਹਿਣ ਲੱਗਿਆ, ਮੈਂ ਉਪਾਸ਼ਨਾ, ਦੇਵਤਿਆਂ ਦੀ ਭਗਤੀ ਕਰਦਾ ਹਾਂ।

ਕਹਿਣ ਲੱਗਿਆ, ਮੈਨੂੰ ਵੀ ਬੜਾ ਸ਼ੌਂਕ ਹੈ ਭਗਤੀ ਦਾ, ਮੈਂ ਸਤਿਸੰਗ ਬੜੇ ਸੁਣੇ ਨੇ ਤੇ ਮੈਂ ਕਬੀਰ ਦੇ ਬਚਨ ਸੁਣੇ ਨੇ। ਨਾਮਦੇਵ ਦੇ ਬਾਰੇ ਸੁਣਿਆ ਹੈ। ਮੈਂ ਹੋਰ ਭਗਤਾਂ ਦੇ ਬਾਰੇ ਸੁਣਿਆ ਹੈ, ਰਵਿਦਾਸ ਜੀ ਬਾਰੇ ਸੁਣਿਆ ਹੈ, ਸੈਣ ਦੇ ਬਾਰੇ ਸੁਣਿਆ ਹੈ ਤੇ ਮੇਰੇ ਮਨ ਵਿਚ ਬੜਾ ਖਿਆਲ ਆਉਂਦਾ ਹੈ ਕਿ ਮੈਨੂੰ ਵੀ ਕੋਈ ਦਸ ਦੇਵੇ ਕਿ ਭਗਤੀ ਕਿਵੇਂ ਕਰੀਦੀ ਹੈ। ਪਹਿਲਾਂ ਤਾਂ ਪੰਡਤ ਜੀ ਇਹ ਦੱਸੋ ਕਿ ਭਗਤੀ ਕਰਨ ਦਾ ਫਾਇਦਾ ਕੀ ਹੋਇਆ ਕਰਦਾ ਹੈ। ਉਹ ਕਹਿਣ ਲੱਗਿਆ, ਧੰਨਿਆਂ! ਭਗਤੀ ਦਾ ਫਾਇਦਾ ਪੁੱਛਦਾ ਹੈਂ। ਦੇਖ, ਆਦਮੀ ਦੀਆਂ ਸਾਰੀ ਜ਼ਿੰਦਗੀ ਵਾਸ਼ਨਾ ਨਹੀਂ ਮੁੱਕਦੀਆਂ, ਆਹ ਚੀਜ਼ ਚਾਹੀਦੀ ਹੈ, ਔਹ ਮਿਲ ਜਾਏ, ਆਹ ਮਿਲ ਜਾਏ, ਕਹਿੰਦੇ ਇਹ ਪੂਰੀਆਂ ਨਹੀਂ ਹੁੰਦੀਆਂ। ਜੇ ਭਗਤੀ ਕਰੇ ਤਾਂ ਇਹ ਸਾਰੀਆਂ ਪੂਰੀਆਂ ਹੋ ਜਾਂਦੀਆਂ ਨੇ –

***ਧਾਰਨਾ – ਇੱਛਾ ਹੋਣ ਸਭੇ ਤੇਰੀਆਂ ਪੂਰੀਆਂ,***
***ਸਤਿਨਾਮ ਜਪ ਕੇ ਵਾਹਿਗੁਰੂ।***

ਕਹਿਣ ਲੱਗੇ, ਧੰਨਿਆਂ –

***ਠਾਕੁਰ ਦੀ ਸੇਵਾ ਕਰੈ ਜੋ ਇਛੈ ਸੋਈ ਫਲੁ ਪਾਵੈ।***

***ਭਾਈ ਗੁਰਦਾਸ ਜੀ, ਵਾਰ 10/13***

ਜਿਹੜੀ ਵੀ ਇਛਿਆ ਹੋਏਗੀ, ਉਹ ਫਲ ਮਿਲ ਜਾਂਦਾ ਹੈ।

***ਪ੍ਰਭ ਕੈ ਸਿਮਰਨਿ ਪੂਰਨ ਆਸਾ।***

ਉਸ ਵੇਲੇ ਕਹਿਣ ਲੱਗਿਆ, ਦਾਦਾ ਜੀ! ਫੇਰ ਮੈਨੂੰ ਵੀ ਇੱਕ ਦੇ ਦਿਓ ਤੇ ਮੈਂ ਵੀ ਇਸੇ ਤਰ੍ਹਾਂ ਕਰਾਂਗਾ।

ਕਹਿਣ ਲੱਗਿਆ, ਧੰਨਿਆਂ! ਤੂੰ ਤਾਂ ਅਣਜਾਣ ਬੰਦਾ ਹੈਂ, ਇਹ ਐਵੇਂ ਥੋੜ੍ਹਾ ਮਿਲਦੇ ਨੇ, ਕੋਈ ਕੀਮਤ ਦੇਣੀ ਚਾਹੀਦੀ ਹੈ। ਧੰਨੇ ਦੇ ਮਨ 'ਚ ਖਿਆਲ ਆ ਗਿਆ ਕਿ ਠੀਕ ਹੈ ਗੱਲ। ਜਿਹੜੀ ਸਾਰਿਆਂ ਨਾਲੋਂ ਵੱਧ ਦੁੱਧ ਦੇਣ ਵਾਲੀ ਕਪਲ ਗਊ ਸੀ, ਉਹ ਪੰਡਤ ਜੀ ਦੇ ਜਾ ਕੇ ਘਰ

ਬੰਨ੍ਹ ਆਇਆ। ਕਹਿੰਦਾ, ਲਓ ਪੰਡਤ ਜੀ! ਕਪਲ ਗਊ ਜਿਹੜੀ ਹੈ ਸਭ ਤੋਂ ਜ਼ਿਆਦਾ ਦੁੱਧ ਦੇਣ ਵਾਲੀ ਮੇਰੇ ਵਗ ਦੇ ਅੰਦਰ ਹੈ, ਉਹ ਮੈਂ ਤੁਹਾਡੇ ਕਿੱਲ੍ਹੇ 'ਤੇ ਬੰਨ੍ਹ ਆਇਆ ਤੇ ਮੈਂ ਪੱਠੇ ਵੀ ਦੋਵੇਂ ਟਾਈਮ ਉਥੇ ਜਾ ਕੇ ਪਾਇਆ ਕਰਾਂਗਾ। ਕ੍ਰਿਪਾ ਕਰੋ ਮੇਰੇ 'ਤੇ। ਉਹ ਫੇਰ ਟਾਲ ਨਾ ਸਕਿਆ। ਉਸ ਵੇਲੇ –

***ਧੰਨਾ ਕਰਦਾ ਜੋਦੜੀ ਮੈ ਭਿ ਦੇਹ ਇਕ ਜੇ ਤੁਧੁ ਭਾਵੈ।***
***ਪਥਰੁ ਇਕ ਲਪੇਟਿ ਕਰਿ ਦੇ ਧੰਨੈ ਨੋ ਗੈਲ ਛੁਡਾਵੈ।***

***ਭਾਈ ਗੁਰਦਾਸ ਜੀ, ਵਾਰ 10/13***

ਕਹਿੰਦਾ, ਲੈ ਧੰਨਿਆਂ! ਮੈਂ ਵੱਡਾ ਠਾਕੁਰ ਤੈਨੂੰ ਦਿੰਦਾ ਹਾਂ, ਇੱਕ ਪੱਥਰ ਹੋਰ ਚੁੱਕ ਲਿਆ। ਕਹਿੰਦਾ, ਇਹਦੀ ਸੇਵਾ ਕਰੀ, ਇਹਦਾ ਇਸ਼ਨਾਨ ਕਰਾਈਂ, ਫੇਰ ਉਸ 'ਤੇ ਬਾਅਦ ਭੋਗ ਲਵਾਈਂ। ਆਹ ਜਿਵੇਂ ਮੈਂ ਦੁੱਧ ਪਿਲਾਉਂਦਾ ਹਾਂ, ਇਸ ਤਰ੍ਹਾਂ ਖਲਾਈਂ, ਰੋਟੀ ਖਲਾਈਂ ਤੂੰ। ਸਿੱਧਾ ਬੰਦਾ ਸੀ, ਪ੍ਰਤੀਤ 100% ਸੀ, ਸ਼ੱਕ ਭੋਰਾ ਜਿੰਨਾ ਨਹੀਂ ਸੀ, ਚਲਾਕ ਨਹੀਂ ਸੀ, ਮਨ 'ਚ ਤਰਕ ਨਹੀਂ ਸੀ ਕਿ ਹੈਂ ਇਹ ਰੋਟੀ ਖਾ ਲਏਗਾ, ਇਹਦੇ ਤਾਂ ਮੂੰਹ ਹੀ ਨਹੀਂ ਹੈ। ਅਸੀਂ ਤਾਂ ਇਹੀ ਕਹਿ ਦੇਈਏ ਕਿ ਇਹ ਕਿੱਥੇ ਰੋਟੀ ਖਾ ਲਏਗਾ। ਬੜਾ ਚਾਉ ਚੜ੍ਹਿਆ, ਛੇਤੀ-ਛੇਤੀ ਡੰਗਰਾਂ ਨੂੰ ਚੁਗਾ ਕੇ, ਸਿਰ 'ਤੇ ਚੁੱਕੀਂ ਫਿਰਦਾ ਹੈ, ਧਰਤੀ 'ਤੇ ਨਹੀਂ ਲਾਹੁੰਦਾ ਕਿ ਇਹ ਤਾਂ ਮੈਨੂੰ ਠਾਕੁਰ ਜੀ ਮਿਲ ਗਏ। ਹੁਣ ਮੈਂ ਪੂਜਾ ਕਰਾਂਗਾ, ਮੈਂ ਵੀ ਨਾਮਦੇਵ 'ਤੇ ਕਬੀਰ ਵਾਂਗਣ ਭਗਤੀ ਕਰਾਂਗਾ। ਚਾਉ ਹੈ ਮਨ ਦੇ ਅੰਦਰ, ਬਹੁਤ ਖਿੱਚ ਪਈ ਹੋਈ ਹੈ –

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।***
***ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।***

***ਡਾ. ਭਾਈ ਵੀਰ ਸਿੰਘ ਜੀ***

ਘਰ ਚਲਿਆ ਗਿਆ, ਛੇਤੀ-ਛੇਤੀ ਕੰਮ ਮੁਕਾਇਆ। ਸੋਹਣਾ ਥਾਂ ਦੇਖ ਕੇ ਉਥੇ ਪੱਥਰ ਟਿਕਾ ਦਿਤਾ, ਉਸ ਤੋਂ ਬਾਅਦ ਸਵੇਰੇ ਹੀ ਉਠਿਆ ਅੰਮ੍ਰਿਤ ਵੇਲੇ, ਇਸ਼ਨਾਨ ਕਰਾਇਆ, ਆਪ ਵੀ ਇਸ਼ਨਾਨ ਕਰਿਆ। ਦੁੱਧ ਰਿੜਕਿਆ ਹੋਰ ਸਾਰੇ ਕੰਮ ਕਰੇ, ਧਾਰਾਂ ਚੋਈਆਂ, ਦੁੱਧ ਵਗੈਰਾ ਗਰਮ ਕਰਿਆ, ਫੇਰ ਜਦੋਂ ਰੋਟੀ ਦਾ ਵੇਲਾ ਹੋਇਆ ਫੇਰ ਮਿੱਸੇ ਪ੍ਰਸ਼ਾਦੇ ਲਾਹੇ ਉਹਨੇ। ਗੰਢੇ ਦੇ ਨਾਲ, ਦਹੀਂ ਨਾਲ ਹੈ, ਮੱਖਣ ਉਤੇ ਰੱਖ ਲਿਆ, ਉਸ ਤੋਂ ਬਾਅਦ ਚੌਂਕੀ ਦੇ ਉਤੇ ਉਹ ਪੱਥਰ ਰੱਖ ਕੇ ਉਹਦੇ ਸਾਮ੍ਹਣੇ ਥਾਲੀ ਲਾ ਕੇ ਰੱਖ ਦਿਤੀ। ਕਹਿੰਦਾ, ਲਓ ਮਹਾਰਾਜ! ਤੁਸੀਂ ਹੁਣ ਛਕੋ ਪ੍ਰਸ਼ਾਦੇ। ਪਰਦਾ ਕਰ ਦਿਤਾ ਉਹਨੇ। 100% ਵਿਸ਼ਵਾਸ਼ ਹੈ ਕਿ ਇਹ ਪ੍ਰਸ਼ਾਦਾ ਛਕਣਗੇ। ਥੋੜ੍ਹੀ ਦੇਰ ਤੋਂ ਬਾਅਦ ਦੇਖਦਾ ਹੈ ਕਿ ਕੁਛ ਨਹੀਂ ਹੋਇਆ। ਫੇਰ ਪਰਦਾ ਕਰ ਦਿਤਾ ਕਿ ਅਜੇ ਇਨ੍ਹਾਂ ਨੂੰ ਭੁੱਖ ਨਹੀਂ ਲੱਗੀ ਹੋਣੀ।

ਕਰਦੇ-ਕਰਦੇ ਸਮਾਂ ਲੰਘ ਜਾਂਦਾ ਹੈ ਘੰਟਾ, ਦੋ ਘੰਟੇ ਲੰਘ ਗਏ। ਪ੍ਰਸ਼ਾਦਿਆਂ ਨੂੰ ਹੱਥ ਲਾਇਆ, ਕਹਿੰਦਾ, ਧੰਨਿਆ! ਇਹ ਤਾਂ ਬੇਹੇ ਹੋ ਗਏ, ਜਾ ਕੇ ਫੇਰ ਲਾਹੁੰਦਾ ਹੈ। ਤਾਜ਼ੇ-ਤਾਜ਼ੇ ਲਿਆ ਕੇ ਫੇਰ ਰੱਖ ਦਿਤੇ। ਕੱਪੜਾ ਕਰ ਦਿੰਦਾ ਹੈ, ਫੇਰ ਦੇਖਣ ਲੱਗ ਜਾਂਦਾ ਹੈ। ਦੁਪਹਿਰਾ ਹੋ ਗਿਆ, ਡੰਗਰ ਕਿਲਿਆਂ ਦੇ ਦੁਆਲੇ ਗੇੜੇ ਦਿੰਦੇ ਨੇ। ਰੰਭ ਰਹੇ ਨੇ, ਮੱਝਾਂ ਰਿੰਗ ਰਹੀਆਂ ਨੇ। ਉਸ ਵੇਲੇ ਮਨ 'ਚ ਖਿਆਲ ਆਉਂਦਾ ਹੈ ਕਿ ਬੜੀ ਦੇਰ ਪ੍ਰਸ਼ਾਦਾ ਛਕਣ ਨੂੰ ਲਾ ਦਿਤੀ, ਲਗਦਾ ਮੇਰੇ ਤੋਂ ਪੁੱਛਣਾ ਰਹਿ ਗਿਆ ਕਿ ਕੀ ਛਕਾਈਦਾ ਹੈ। ਕਹਿੰਦਾ, ਜੇ ਮੈਂ ਪੁੱਛ ਵੀ ਲੈਂਦਾ, ਮੈਨੂੰ ਉਨ੍ਹਾਂ ਵਰਗੇ ਪ੍ਰਸ਼ਾਦੇ ਨਹੀਂ ਸੀ ਬਣਾਉਣੇ ਆਉਣੇ। ਮੈਂ ਤਾਂ ਜਿਹੋ ਜਿਹੀ ਆਪ ਖਾਂਦਾ ਹਾਂ, ਉਹੋ ਜਿਹੇ ਬਣਾ ਦਿਤੇ। ਉਸ ਵੇਲੇ ਜਦੋਂ ਮਜਬੂਰ ਹੋ ਗਿਆ, ਜਦੋਂ ਆਦਮੀ ਕੋਲ ਬਲ ਹਾਰ ਜਾਵੇ, ਫੇਰ ਆਦਮੀ ਕੋਲ ਰੋਣ ਵਾਲਾ ਪਿਆਰ ਇੱਕ ਬਚਦਾ ਹੈ, ਹੋਰ ਕੋਈ ਨਹੀਂ ਬਚਦਾ। ਉਸ ਵੇਲੇ ਸ਼ਰਨਾਗਤ ਹੋ ਗਿਆ। ਹੇ ਪ੍ਰਭੂ! ਮੈਂ ਭੁੱਲਿਆ ਹੋਇਆ ਬੱਚਾ ਹਾਂ। ਮੈਨੂੰ ਨਹੀਂ ਪਤਾ ਕਿ ਤੂੰ ਕਿਹੋ ਜਿਹੇ ਪ੍ਰਸ਼ਾਦੇ ਛਕਦਾ ਹੈਂ ਤੇ ਮੇਰੇ ਨਾਲ ਤੂੰ ਨਰਾਜ਼ ਨਾ ਹੋ। ਕ੍ਰਿਪਾ ਕਰ ਅੱਜ ਛਕ ਲੈ। ਫੇਰ ਮੈਨੂੰ ਦਸ ਦੇਈਂ, ਮੈਂ ਉਵੇਂ ਦੇ ਲਾਹੁੰਣ ਦੀ ਕੋਸ਼ਿਸ਼ ਕਰਾਂਗਾ। ਉਸ ਵੇਲੇ ਬਾਰ-ਬਾਰ ਬੇਨਤੀਆਂ ਕਰਦਾ ਹੈ ਇਸ ਤਰ੍ਹਾਂ ਨਾਲ ਬੇਨਤੀਆਂ ਕਰਦਾ ਹੈ -

*ਧਾਰਨਾ - ਹੱਥ ਜੋੜ ਓ ਕਰੇ ਬੇਨਤੀ,*
*ਪੈਰੀਂ ਪੈ ਪੈ ਬਹੁਤ ਮਨਾਵੇ।*

*ਠਾਕੁਰ ਨੋ ਨ੍ਹਾਵਾਲਿਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।*

*ਭਾਈ ਗੁਰਦਾਸ ਜੀ, ਵਾਰ 10/13*

ਲੱਸੀ ਲੈ ਆਂਦੀ ਤੇ ਰੋਟੀ ਲੈ ਆਂਦੀ -

*ਹਥਿ ਜੋੜਿ ਮਿੰਨਤਾਂ ਕਰੈ ਪੈਰੀਂ ਪੈ ਪੈ ਬਹੁਤੁ ਮਨਾਵੈ।*

*ਭਾਈ ਗੁਰਦਾਸ ਜੀ, ਵਾਰ 10/13*

ਸਮਾਂ ਲੰਘਦਾ ਗਿਆ, ਰੋ ਰਿਹਾ ਹੈ, ਮਿੰਨਤਾਂ ਕਰਦਾ ਹੈ। ਦਿਲੋਂ ਮਿੰਨਤਾਂ ਕਰਦਾ ਹੈ ਕਿ ਹੇ ਪ੍ਰਭੂ! ਅੱਜ ਛੱਕ ਲਓ। ਅਖੀਰ ਉਹਨੇ ਕਿਹਾ ਕਿ -

*ਹਉਂ ਭੀ ਮੁਹੁ ਨ ਜੁਠਾਲਸਾਂ ਤੂ ਰੁਠਾ ਮੈ ਕਿਹੁ ਨ ਸੁਖਾਵੈ।*

*ਭਾਈ ਗੁਰਦਾਸ ਜੀ, ਵਾਰ 10/13*

ਜੇ ਤੂੰ ਰੁੱਸ ਗਿਆ, ਫੇਰ ਮੈਨੂੰ ਵੀ ਕੋਈ ਗੱਲ ਚੰਗੀ ਨਹੀਂ ਲਗਦੀ। ਮੈਂ ਵੀ ਰੋਟੀ ਨਹੀਂ ਖਾਣੀ, ਜਦੋਂ ਤੱਕ ਤੂੰ ਨਹੀਂ ਖਾਂਦਾ।

ਹੁਣ ਇਸ ਗੱਲ ਦੇ ਅੰਦਰ ਵਿਚਾਰ ਕਰਨ ਵਾਲੀ ਹੈ, ਭੋਰਾ ਜਿੰਨਾਂ ਵੀ ਖਿਆਲ ਨਹੀਂ ਆਇਆ ਐਨੇ ਚਿਰ 'ਚ ਕਿ ਇਹਨੇ ਰੋਟੀ ਨਹੀਂ ਖਾਣੀ। ਪੂਰਾ ਨਿਸ਼ਚਾ ਹੈ ਕਿ ਇਹ ਪ੍ਰਸ਼ਾਦਾ ਛਕੇ। ਮੈਂ ਇਸ ਵਕਤ ਪ੍ਰਤੀਤ ਦੀ ਗੱਲ ਕਰ ਰਿਹਾ ਹਾਂ, ਭਰੋਸੇ ਦੀ। ਜਦੋਂ ਪੂਰਾ ਭਰੋਸਾ ਹੈ, ਭੋਰਾ ਜਿੰਨੀ ਵੀ ਕਮੀ ਨਹੀਂ ਆਈ ਤੇ ਦਿਨ ਦੇ ਦੋ ਵੱਜ ਗਏ। ਉਸ

ਵੇਲੇ ਕੀ ਦੇਖਦਾ ਹੈ ਕਿ ਪੱਥਰ ਵਗੈਰਾ ਉਥੇ ਹੈ ਹੀ ਨਹੀਂ। ਉਥੇ ਪ੍ਰਭੂ ਬੈਠੇ ਨੇ। ਕਹਿੰਦੇ, ਲਿਆ ਧੰਨਿਆਂ! ਪ੍ਰਸ਼ਾਦਾ ਛਕੀਏ। ਬੜਾ ਪ੍ਰਸੰਨ ਹੋ ਗਿਆ। ਕਿੰਨਾ ਪ੍ਰਸੰਨ ਹੋ ਗਿਆ, ਉਹਦਾ ਕੋਈ ਅੰਦਾਜ਼ਾ ਨਹੀਂ ਲਾ ਸਕਦਾ। ਉਸ ਵੇਲੇ ਉਹਨੇ ਚੌਂਕੀ ਦੇ ਉਤੇ ਥਾਲ ਰੱਖਿਆ ਹੋਇਆ ਸੀ, ਉਪਰੋਂ ਕੱਪੜਾ ਲਾਹ ਦਿਤਾ। ਉਸ ਵੇਲੇ ਹੱਥ ਲਗਦਾ ਨਜ਼ਰ ਆਉਂਦਾ ਹੈ ਪ੍ਰਸ਼ਾਦਿਆਂ ਨੂੰ, ਕਈ ਵਾਰੀ ਦੇ ਪਕਾਏ ਹੋਏ ਨੇ, ਜਦੋਂ ਛੇਤੀ-ਛੇਤੀ ਮੁਕਦੇ ਨੇ, ਕਹਿੰਦਾ ਇਹ ਤਾਂ ਬਹੁਤ ਛੇਤੀ ਖਾਂਦੇ ਨੇ। ਲੱਸੀ ਪਾਈ ਜਾਂਦਾ, ਪ੍ਰਸ਼ਾਦਾ ਰੱਖੀ ਜਾਂਦਾ ਹੈ, ਉਹ ਮੁੱਕ ਜਾਂਦੇ ਨੇ। ਜਦੋਂ ਚਾਰ-ਪੰਜ ਕੁ ਰਹਿ ਗਏ ਉਤੇ ਹੱਥ ਰੱਖ ਦਿਤਾ ਇਹਨੇ।

ਉਹ ਕਹਿੰਦੇ, ਕੀ ਗੱਲ ਹੱਥ ਰੱਖਦਾ ਹੈਂ?

ਇਹ ਕਹਿੰਦਾ ਕਿ ਮੈਂ ਵੀ ਤੁਹਾਡੇ ਨਾਲ ਦਾ ਹੀ ਭੁੱਖਾ ਹਾਂ। ਮੈਨੂੰ ਵੀ ਅੱਜ ਖਾ ਲੈਣ ਦਿਓ। ਪ੍ਰਸੰਨ ਹੋ ਗਏ ਉਸ ਵੇਲੇ। ਮਹਾਰਾਜ ਲਿਖਦੇ ਨੇ ਕਿ -

***ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥ ਅੰਗ - 488***

ਵੱਡਿਆਂ ਭਾਗਾਂ ਵਾਲਾ ਜਿਹਨੂੰ ਰੱਬ ਪ੍ਰਤੱਖ ਹੋ ਕੇ ਮਿਲ ਗਿਆ।

***ਧਾਰਨਾ - ਰੋਟੀ ਖਾ ਲਈ ਹੈ ਧੰਨੇ ਦੀ ਆ ਕੇ,***
***ਰੱਬ ਪ੍ਰਤੱਖ ਹੋ ਗਿਆ।***

***ਗੋਸਾਈ ਪਰਤਖਿ ਹੋਇ ਰੋਟੀ ਖਾਇ ਛਾਹਿ ਮੁਹਿ ਲਾਵੈ।***
***ਭਾਈ ਗੁਰਦਾਸ ਜੀ, ਵਾਰ 10/13***

ਨਾਲੇ ਲੱਸੀ ਛਕਦਾ ਹੈ, ਨਾਲੇ ਪ੍ਰਸ਼ਾਦੇ।

***ਭੋਲਾ ਭਾਉ ਗੋਬਿੰਦੁ ਮਿਲਾਵੈ॥***
***ਭਾਈ ਗੁਰਦਾਸ ਜੀ, ਵਾਰ 10/13***

ਕਹਿੰਦੇ, ਅੱਜ ਵੀ ਮਿਲ ਸਕਦਾ ਹੈ?

ਐਸਾ ਇੱਕ ਇਤਿਹਾਸ 'ਚ ਜ਼ਿਕਰ ਆਉਂਦਾ ਹੈ ਕਿਉਂਕਿ ਗੁਰੂ ਘਰ ਦੇ ਅੰਦਰ ਅਸੀਂ ਨਿਰਗੁਨ ਦੀ ਉਪਾਸ਼ਨਾ ਕਰਦੇ ਹਾਂ। ਕਦੇ ਐਸੇ ਖਹਿੜੇ ਨਹੀਂ ਪੈਂਦੇ ਕਿ ਰੱਬ ਨੂੰ ਕਹੀਏ ਕਿ ਸਰੀਰ ਧਾਰ ਕੇ ਦਰਸ਼ਨ ਦੇ। ਲੇਕਿਨ ਐਸੇ ਵੀ ਮਹਾਤਮਾ ਹੋਏ ਨੇ, ਜਿਹੜੇ ਇਸ ਤਰ੍ਹਾਂ ਦੇ ਨਾਲ ਸੁਣ ਕੇ ਉਨ੍ਹਾਂ ਨੇ ਕਿਹਾ ਕਿ ਫੇਰ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਸ਼ਾਦਾ ਛਕਾਈਏ। ਬਾਬਾ ਨੰਦ ਸਿੰਘ ਜੀ ਤੇ ਬਾਬਾ ਜਵੰਦ ਸਿੰਘ ਜੀ ਇਹ ਦੋਹਾਂ ਨੇ ਕਿਹਾ ਕਿ ਜੇ ਧੰਨੇ ਨੇ ਪ੍ਰਸ਼ਾਦਾ ਛਕਾ ਦਿਤਾ ਤਾਂ ਅਸੀਂ ਵੀ ਛਕਾ ਦੇਈਏ। ਐਸਾ ਲਿਖਿਆ ਹੈ ਇਤਿਹਾਸ ਦੇ ਅੰਦਰ ਕਿ ਉਹ ਪ੍ਰਸ਼ਾਦਾ ਲੈ ਕੇ ਅੱਗੇ ਬੈਠ ਗਏ, ਬਾਰ-ਬਾਰ ਬੇਨਤੀਆਂ ਕਰਦੇ ਨੇ, ਪਹਿਲਾ ਦਿਨ ਲੰਘ ਗਿਆ, ਚੌਵੀਂ ਘੰਟੇ। ਫੇਰ ਪ੍ਰਸ਼ਾਦਾ ਤਿਆਰ ਕਰਿਆ, ਭੋਰਾ ਜਿੰਨਾਂ ਵੀ ਮਨ 'ਚ ਨਹੀਂ ਆਇਆ ਕਿ ਨਹੀਂ ਖਾਣਗੇ। ਆਪ ਵੀ ਨਹੀਂ ਖਾਧਾ। ਦੂਸਰਾ ਦਿਨ ਫੇਰ ਹੋ ਗਿਆ। ਫੇਰ ਵੀ ਨਾ ਖਾਧਾ। ਤੀਸਰਾ ਦਿਨ ਜਦੋਂ ਹੋਇਆ, ਤਾਂ ਉਸ

ਵੇਲੇ ਨਿਗ੍ਹਾ ਜਾਂਦੀ ਹੈ ਗੁਰੂ ਗ੍ਰੰਥ ਸਾਹਿਬ ਨਜ਼ਰ ਨਹੀਂ ਆਉਂਦੇ, ਗੁਰੂ ਨਾਨਕ ਸਾਹਿਬ ਬੈਠੇ ਨੇ। ਕਹਿੰਦੇ ਲਿਆਓ ਪ੍ਰਸ਼ਾਦਾ ਛਕ ਲਈਏ।

ਐਸਾ ਕ੍ਰਿਸ਼ਮਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਹੋਇਆ ਸੀ। ਉਨ੍ਹਾਂ ਨੇ ਹਠ ਕਰਿਆ ਕਿ ਮੈਂ ਜੋ 'ਨਾਮ' ਹੈ ਗੁਰੂ ਗ੍ਰੰਥ ਸਾਹਿਬ ਜੀ ਤੋਂ ਲੈਣਾ ਹੈ ਤੇ ਉਨ੍ਹਾਂ ਨੂੰ ਕੀ ਨਜ਼ਰ ਆਇਆ, ਲਾਈਟ ਹੀ ਲਾਈਟ, ਗੁਰੂ ਗ੍ਰੰਥ ਸਾਹਿਬ ਜੀ ਨਜ਼ਰ ਨਹੀਂ ਆਉਂਦੇ, ਤੇ ਲਾਈਟ ਦੇ ਉਤੇ 'ਵਾਹਿਗੁਰੂ' ਲਿਖਿਆ ਹੋਇਆ ਹੈ। ਜਦੋਂ ਗੁਰਦੁਆਰੇ ਦੀਆਂ ਕੰਧਾਂ ਵਲ ਦੇਖਿਆ ਤਾਂ ਸਭ ਥਾਂ ਵਾਹਿਗੁਰੂ ਹੀ ਵਾਹਿਗੁਰੂ ਲਿਖਿਆ ਹੋਇਆ ਹੈ। ਅਸਮਾਨ ਦੇਖਿਆ ਉਹਦੇ ਵਿਚ ਵੀ ਵਾਹਿਗੁਰੂ। ਫੇਰ ਤਸੱਲੀ ਹੋਈ ਕਿ ਮੈਨੂੰ ਗੁਰੂ ਘਰ ਦਾ ਨਾਮ ਮਿਲ ਗਿਆ।

ਸੋ ਜਦੋਂ ਪ੍ਰਸ਼ਾਦੇ ਛਕ ਹਟੇ ਮਹਾਰਾਜ, ਕਹਿਣ ਲੱਗੇ, ਦੱਸੋ ਕੀ ਚਾਹੀਦਾ ਹੈ?

ਉਸ ਵੇਲੇ ਪਹਿਲਾਂ ਸੰਤ ਜਵੰਦ ਸਿੰਘ ਬੋਲੇ, ਤੀਸਰੇ ਦਿਨ ਦੋ ਦਿਨ ਭੁੱਖੇ ਰਹੇ, ਕਹਿਣ ਲੱਗੇ, ਮੈਨੂੰ ਦਾਤ ਦਿਓ ਮੈਂ ਕੀਰਤਨ ਕਰਾਂ। ਮਹਾਰਾਜ ਕਹਿੰਦੇ, ਕਰੇਂਗਾ ਭਾਈ ਕੀਰਤਨ। ਬਾਬਾ ਨੰਦ ਸਿੰਘ ਜੀ ਨੂੰ ਪੁੱਛਿਆ ਕਿ ਮਹਾਰਾਜ! ਤੂੰ ਵੀ ਦਸ ਭਾਈ ਕੀ ਚਾਹੀਦਾ ਹੈ।

ਉਹ ਕਹਿੰਦੇ, ਸੱਚੇ ਪਾਤਸ਼ਾਹ ਮੈਂ ਤਾਂ ਐਨਾ ਹੀ ਕਹਿੰਦਾ ਹਾਂ ਕਿ ਬਈ ਜਦੋਂ ਮੈਂ ਪ੍ਰਸ਼ਾਦਾ ਲੈ ਕੇ ਆਵਾਂ, ਤੁਸੀਂ ਪ੍ਰਗਟ ਹੋ ਕੇ ਪ੍ਰਸ਼ਾਦਾ ਛਕ ਲਿਆ ਕਰੋ। ਕਹਿੰਦੇ, ਠੀਕ ਹੈ ਅਸੀਂ ਪ੍ਰਸ਼ਾਦਾ ਛਕ ਲਿਆ ਕਰਾਂਗੇ।

ਇਹ ਦੋਵੇਂ ਗੱਲਾਂ ਇਤਿਹਾਸ 'ਚ ਲਿਖੀਆਂ ਹੋਈਆਂ ਨੇ। ਸੋ ਸੰਤ ਜਵੰਦ ਸਿੰਘ ਬਹੁਤ ਸੋਹਣਾ ਕੀਰਤਨ ਕਰਿਆ ਕਰਦੇ ਸੀ। ਉਹ ਦੱਸਿਆ ਕਰਦੇ ਸੀ ਕਿ ਮੈਂ ਗੁਰੂ ਨਾਨਕ ਤੋਂ ਦਾਤ ਕੀਰਤਨ ਦੀ ਮੰਗ ਲਈ ਤੇ ਨੰਦ ਸਿੰਘ ਉਨ੍ਹਾਂ ਨੇ ਪ੍ਰਸ਼ਾਦਾ ਛਕਾਣ ਦੀ ਮੰਗ ਲਈ ਕਿ ਪ੍ਰਸ਼ਾਦਾ ਛਕ ਲਿਆ ਕਰੋ।

ਸੋ ਗੁਰੂ ਕਿਤੇ ਨਹੀਂ ਗਿਆ ਹੋਇਆ -

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥***
***ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ ॥*** ***ਅੰਗ - 394***

ਸਿਰਫ ਪਰਤੀਤ ਦੀ ਲੋੜ ਹੈ, ਸਾਡੇ 'ਚ ਪਰਤੀਤ ਦਾ ਘਾਟਾ ਹੋਣ ਕਰਕੇ ਅਸੀਂ ਡੋਲਦੇ ਹਾਂ। ਸੋ ਮਹਾਰਾਜ ਕਹਿਣ ਲੱਗੇ, ਭਾਈ ਮੰਝ ਪਹਿਲਾਂ ਆਦਮੀ ਦੇ ਅੰਦਰ ਗੁਣ ਜਿਹੜਾ ਮੁੱਲ ਦੇਣਾ ਹੈ, ਉਹ ਹੋਇਆ ਕਰਦਾ ਹੈ ਪ੍ਰਤੀਤ।

ਦੂਸਰਾ ਮੁੱਲ ਇਹ ਹੈ ਕਿ ਰੱਬ ਦੀ ਰਜ਼ਾ 'ਚ ਰਾਜ਼ੀ ਰਹਿਣਾ, ਦੁੱਖ ਆਵੇ ਸੁੱਖ ਆਵੇ, ਖਿੜੇ ਮੱਥੇ ਮੰਨਣਾ।

ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਪੁੱਛਿਆ ਇਕ ਗੁਰਸਿੱਖ ਨੇ

ਜਿਹਦਾ ਨਾਂ ਗੁਰਮੁਖ ਸੀ ਕਿ ਸੱਚੇ ਪਾਤਸ਼ਾਹ! ਕੋਈ ਐਸਾ ਗੁਰਸਿੱਖ ਵੀ ਹੈ ਜਿਹੜਾ ਰਜ਼ਾ ਵਿਚ ਰਾਜ਼ੀ ਰਹਿੰਦਾ ਹੋਵੇ।

ਕਹਿੰਦੇ, ਬੇਅੰਤ ਨੇ।

ਕਹਿੰਦਾ, ਮਹਾਰਾਜ! ਕਿਸੇ ਦੇ ਦਰਸ਼ਨ ਕਰਾਓ।

ਕਹਿਣ ਲੱਗੇ ਕਿ ਇਸ ਤਰ੍ਹਾਂ ਕਰੋ, ਗੁਜਰਾਤ ਚਲੇ ਜਾਓ ਚਾਰ ਦਿਨ ਦੇ ਅੰਦਰ-ਅੰਦਰ। ਉਥੇ ਭਾਈ ਭਿਖਾਰੀ ਨੂੰ ਮਿਲੋ ਜਾ ਕੇ।

ਗੁਜਰਾਤ ਸ਼ਹਿਰ ਚਲੇ ਗਏ। ਭਾਈ ਭਿਖਾਰੀ ਉਸ ਸ਼ਹਿਰ ਦਾ ਅਮੀਰ ਆਦਮੀ ਸੀ। ਬਹੁਤ ਧਨ ਵਾਲਾ ਧਨੀ ਬੰਦਾ। ਉਹਦਾ ਘਰ ਪੁੱਛ ਕੇ ਜਦੋਂ ਗਏ ਤਾਂ ਘਰ ਵਿਚ ਬੜੀਆਂ ਖੁਸ਼ੀਆਂ ਹੋ ਰਹੀਆਂ ਨੇ, ਗੀਤ ਗਾਏ ਜਾ ਰਹੇ ਨੇ, ਢੋਲਕ ਵੱਜ ਰਹੀ ਹੈ। ਕੋਈ ਖੁਸ਼ੀਆਂ ਦਾ ਸਮਾਗਮ ਹੋ ਰਿਹਾ ਹੈ ਤੇ ਪੁੱਛਿਆ ਕਿ ਭਾਈ ਭਿਖਾਰੀ ਕਿੱਥੇ ਨੇ? ਕਹਿੰਦੇ, ਆਹ ਬੈਠਕ ਵਿਚ ਨੇ, ਬੈਠਕ ਵਿਚ ਵੜੇ, ਬਹੁਤ ਸਜੀ ਹੋਈ ਬੈਠਕ, ਗਲੀਚੇ ਵਿਛੇ ਹੋਏ ਤੇ ਭਾਈ ਭਿਖਾਰੀ ਹੇਠਾਂ ਬੈਠੇ ਇੱਕ ਤੱਪੜ ਸਿਉਂ ਰਹੇ ਨੇ। ਹੈਰਾਨ ਹੋ ਗਿਆ, ਕ੍ਰਿਆ ਸਮਝ 'ਚ ਨਹੀਂ ਆਈ। ਆਪਸ ਵਿਚ ਜਦੋਂ ਬਚਨ ਹੋਇਆ ਤਾਂ ਬੜਾ ਸਤਿਕਾਰ ਕੀਤਾ। ਬਚਨ ਕੋਈ ਨਹੀਂ ਕਰਿਆ। ਉਸ ਤੋਂ ਬਾਅਦ ਕੀ ਦੇਖਦਾ ਹੈ, ਮੰਜੇ ਦੇ ਹੇਠ ਇਕ ਪੂਲਾ ਪਿਆ ਹੈ, ਇਕ ਸੀੜ੍ਹੀ ਪਈ ਹੈ ਜਿਹਦੇ 'ਤੇ ਮੁਰਦੇ ਨੂੰ ਪਾ ਕੇ ਲਿਜਾਂਦੇ ਨੇ। ਇੱਕ ਕੋਰਾ ਘੜਾ ਪਿਆ ਹੈ। ਚੁੱਪ ਕਰ ਰਿਹਾ ਹੈ ਤੇ ਭਾਈ ਭਿਖਾਰੀ ਜੀ ਕਹਿਣ ਲੱਗੇ, ਗੁਰਮੁਖ ਜੀ! ਕੱਲ੍ਹ ਨੂੰ ਕਾਕੇ ਦੀ ਸ਼ਾਦੀ ਹੈ ਤੁਸੀਂ ਜਾਇਓ ਨਾ।

ਦੂਸਰੇ ਦਿਨ ਵਿਆਹ ਚਲੇ ਗਏ, ਲੜਕੇ ਨੂੰ ਵਿਆਹਿਆ, ਜਦੋਂ ਵਾਪਸ ਘਰ ਦੇ ਕੋਲ ਆਏ, ਉਥੇ ਮਾਂ ਦਰਵਾਜ਼ੇ ਦੇ ਅੱਗੇ ਖੜ੍ਹੀ ਹੈ। ਪਾਣੀ ਵਾਰਨ ਵਾਸਤੇ, ਭੈਣਾਂ ਨੇ ਰਾਹ ਰੋਕਿਆ ਹੋਇਆ ਹੈ, ਰਿਸ਼ਤੇਦਾਰ ਖੜ੍ਹੇ ਨੇ, ਆਪਣੀਆਂ-ਆਪਣੀਆਂ ਮੰਗਾਂ ਲਈ ਤੇ ਜਿਸ ਵਕਤ ਬਰਾਤ ਆ ਗਈ, ਭਾਈ ਭਿਖਾਰੀ ਉਤਰ ਆਏ, ਉਸ ਵੇਲੇ ਦੇਖਦੇ ਨੇ ਕਿ ਲੜਕਾ ਨਹੀਂ ਉਤਰਿਆ। ਪੁੱਛਿਆ ਕਿ ਲੜਕਾ ਨਹੀਂ ਉਤਰਿਆ, ਕਹਿੰਦੇ ਉਹ ਤਾਂ ਚੜ੍ਹਾਈ ਕਰ ਗਿਆ। ਐਨੀ ਗੱਲ ਦੀ ਦੇਰ ਨੇ ਪਰ੍ਹੇ ਮਾਰਿਆ ਭਾਂਡਾ ਵਗਾਹ ਕੇ, ਭੈਣਾਂ ਚੀਕਾਂ ਮਾਰਨ ਲੱਗ ਗਈਆਂ। ਸਾਰੇ ਘਰ 'ਚ ਕੁਰਹਾਮ ਮੱਚ ਗਿਆ। ਵਿਆਹ ਵਾਲੇ ਕੱਪੜੇ ਲਾਹ ਕੇ ਦੂਜੇ ਪਾ ਲਏ। ਸੋਗ ਫੈਲ ਗਿਆ ਘਰ 'ਚ। ਉਸ ਵੇਲੇ ਭਾਈ ਭਿਖਾਰੀ ਤੱਪੜ ਕੱਢ ਲਿਆਏ ਅੰਦਰੋਂ ਜਾ ਕੇ, ਤੱਪੜ ਵਿਛਾ ਦਿਤਾ, ਸਾਰੀ ਬਰਾਤ ਉਹਦੇ ਉਤੇ ਬੈਠ ਗਈ। ਸਮਝ ਆਈ ਭਾਈ ਗੁਰਮੁਖ ਨੂੰ ਕਿ ਇਹ ਤਾਂਹੀ ਸਿਉਂਦਾ ਸੀ। ਨਹੀਂ ਤਾਂ ਤੱਪੜ ਸਿਉਣ ਦਾ ਕੀ ਮਤਲਬ ਸੀ ਇੱਥੇ। ਉਸ ਵੇਲੇ ਭਾਈ ਭਿਖਾਰੀ ਨੇ ਕਿਹਾ ਕਿ ਸੂਰਜ ਛਿਪਦਾ ਜਾਂਦਾ ਹੈ ਜਲਦੀ ਕਰੋ, ਸਸਕਾਰ ਕਰਕੇ ਵਾਪਸ ਆ ਗਏ।

ਕਹਿਣ ਲੱਗੇ, ਭਾਈ ਗੁਰਮੁਖ ਸਿੰਘ ਨੂੰ ਕਿ ਆ ਜਾਓ, ਆਪਾਂ

ਰਹਿਰਾਸ ਸਾਹਿਬ ਦਾ ਪਾਠ ਕਰੀਏ। ਚੌਂਕੜਾ ਮਾਰ ਕੇ ਬੈਠ ਕੇ, ਗੁਰੂ ਅਰਜਨ ਪਾਤਸ਼ਾਹ ਦੇ ਚਰਨਾਂ 'ਚ ਧਿਆਨ ਲਾ ਕੇ ਬਹੁਤ ਪਿਆਰ ਦੇ ਨਾਲ ਰਹਿਰਾਸ ਸਾਹਿਬ ਦਾ ਪਾਠ ਕਰਿਆ, ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ! ਜੋ ਤੇਰਾ ਭਾਣਾ ਹੈ, ਇਹ ਮਿੱਠਾ ਲੱਗੇ ਸਾਨੂੰ, ਪ੍ਰਵਾਨ ਹੋਵੇ। ਉਸ ਵੇਲੇ ਜਦੋਂ ਵਿਹਲੇ ਹੋ ਗਏ, ਦੂਸਰਾ ਦਿਨ ਆ ਗਿਆ ਤਾਂ ਭਾਈ ਗੁਰਮੁਖ ਦੇ ਮਨ ਵਿਚ ਆਇਆ ਕਿ ਇਹਨੂੰ ਪਤਾ ਸੀ, ਉਸ ਵੇਲੇ ਗੱਲ ਕਰਨ ਲੱਗਿਆ ਕਿ ਭਾਈ ਭਿਖਾਰੀ ਜੀ! ਮੈਨੂੰ ਇਸ ਤਰ੍ਹਾਂ ਲਗਦਾ ਹੈ ਕਿ ਅਰਥੀ ਵੀ ਉਥੇ ਪਈ ਹੈ ਤੇ ਬਾਕੀ ਘੜਾ ਪਿਆ ਹੈ ਤੇ ਪੂਲਾ ਪਿਆ, ਤੱਪੜ ਤੁਸੀਂ ਸੰਵਾਰਿਆ ਹੈ, ਕੀ ਤੁਹਾਨੂੰ ਪਤਾ ਸੀ ਕਿ ਤੁਹਾਡੇ ਲੜਕੇ ਨੇ ਚੜ੍ਹਾਈ ਕਰ ਜਾਣਾ ਹੈ?

ਕਹਿੰਦੇ, ਹਾਂ ਸਾਨੂੰ ਪਤਾ ਸੀ।

ਕਹਿੰਦੇ, ਫੇਰ ਇਸ ਦੀ ਸ਼ਾਦੀ ਕਿਉਂ ਕਰੀ?

ਕਹਿੰਦੇ, ਸ਼ਾਦੀ ਹੋ ਕੇ ਹੀ ਇਹਨੇ ਚੜ੍ਹਾਈ ਕਰਨਾ ਸੀ।

ਕਹਿਣ ਲੱਗੇ, ਫੇਰ ਤੁਸੀਂ ਪੰਜਵੇਂ ਪਾਤਸ਼ਾਹ ਤੋਂ ਉਮਰ ਮੰਗ ਲੈਣੀ ਸੀ। ਕਹਿਣ ਲੱਗੇ, ਭਾਈ ਗੁਰਮੁਖ ਜੀ, ਗੁਰੂ ਮਹਾਰਾਜ ਰਜਾ 'ਚ ਰਾਜ਼ੀ ਰਹਿਣ ਦਾ ਸਬਕ ਪੜ੍ਹਾਉਂਦੇ ਨੇ।

ਸੋ ਜੇ ਮੈਂ ਉਮਰ ਵੀ ਮੰਗ ਲੈਂਦਾ ਫੇਰ ਵੀ ਤਾਂ ਇਹਨੇ ਜਾਣਾ ਹੀ ਸੀਗਾ, ਕੱਚੀ ਚੀਜ਼ ਕੀ ਮੰਗਣੀ ਹੈ। ਇਸੇ ਤਰ੍ਹਾਂ ਨਾਲ ਜਾਣਾ ਹੈ।

ਉਸ ਵੇਲੇ ਕਹਿਣ ਲੱਗੇ ਕਿ ਤੁਹਾਨੂੰ ਤਾਂ ਗਿਆਨ ਹੈ ਕਿ ਜਾਣਾ ਸੀ, ਉਹ ਲੜਕੀ ਜਿਹੜੀ ਵਿਆਹੀ ਹੈ ਉਹਦਾ ਕੀ ਹਾਲ ਹੋਏਗਾ? ਕਹਿੰਦੇ, ਉਹਨੂੰ ਵੀ ਪਤਾ ਹੈ ਕਿ ਇਹਨੇ ਜਾਣਾ ਸੀ। ਕਹਿੰਦੇ, ਤੁਸੀਂ ਜਾ ਕੇ ਪੁੱਛ ਲਓ।

ਜਿਸ ਵਕਤ ਭਾਈ ਗੁਰਮੁਖ ਲੜਕੀ ਦੇ ਕੋਲ ਗਿਆ, ਕਹਿਣ ਲੱਗਿਆ, ਬੇਟਾ! ਬੜਾ ਅਫਸੋਸ ਹੋਇਆ ਤੇਰਾ ਪਤੀ ਚੜ੍ਹਾਈ ਕਰ ਗਿਆ। ਉਸ ਵੇਲੇ ਕਹਿਣ ਲੱਗੀ ਪਿਤਾ ਜੀ! ਇਨ੍ਹਾਂ ਨੇ ਜਾਣਾ ਹੀ ਸੀ।

ਕਹਿੰਦੇ, ਤੈਨੂੰ ਪਤਾ ਹੈ?

ਕਹਿੰਦੀ ਹਾਂ।

ਕਹਿੰਦੇ, ਕਿਵੇਂ ਪਤਾ ਹੈ?

ਕਹਿਣ ਲੱਗੀ, ਮੈਂ ਪਿਛਲੇ ਜਨਮ 'ਚ ਇੱਕ ਰਾਜੇ ਦੀ ਲੜਕੀ ਸੀ, ਮੈਂ ਬਹੁਤ ਤਪ ਕਰਿਆ, ਮੇਰੇ ਨੇਤਰਾਂ 'ਚ ਐਨਾ ਤੇਜ ਆ ਗਿਆ ਕਿ ਕੋਈ ਬੰਦਾ ਮੇਰੇ ਸਾਮ੍ਹਣੇ ਝਾਕ ਨਹੀਂ ਸੀ ਸਕਦਾ। ਮੈਂ ਆਪਣੇ ਪਿਤਾ ਨੂੰ ਕਿਹਾ ਕਿ ਪਿਤਾ ਜੀ! ਸੁਅੰਬਰ ਰਚਾਓ, ਮੈਂ ਉਸ ਨਾਲ ਸ਼ਾਦੀ ਕਰਾਂਗੀ, ਜਿਹਨੂੰ ਦੇਖ ਕੇ ਮੇਰੀਆਂ ਅੱਖਾਂ ਨੀਵੀਆਂ ਪੈ ਜਾਣ। ਜਦੋਂ ਮੈਂ ਫੁੱਲਾਂ ਦੀ

ਮਾਲਾ ਲੈ ਕੇ ਘੁੰਮੀ। ਕੋਈ ਰਾਜਕੁਮਾਰ ਨਹੀਂ ਸੀ ਐਸਾ, ਜਿਹਦੇ ਵਲ ਮੈਂ ਦੇਖਾਂ ਉਹ ਨੀਵੀਂ ਪਾ ਲੈਂਦਾ ਸੀ। ਪਿਤਾ ਨੂੰ ਪਤਾ ਲੱਗ ਗਿਆ, ਉਸ ਤੋਂ ਬਾਅਦ ਅਸੀਂ ਤੀਰਥ ਯਾਤਰਾ ਕਰੀ। ਇੱਕ 22 ਸਾਲ ਦਾ ਬ੍ਰਹਮਚਾਰੀ ਮਹਾਤਮਾ, ਉਹਦੇ ਜਦੋਂ ਮੈਂ ਦਰਸ਼ਨ ਕਰੇ, ਐਡਾ ਤੇਜ਼ 'ਤੇ ਜਲਾਲ ਉਹਦੇ ਨੇਤਰਾਂ ਅੰਦਰ ਕਿ ਇੱਕ ਦਮ ਮੇਰੀਆਂ ਅੱਖਾਂ ਨੀਵੀਆਂ ਪੈ ਗਈਆਂ।

ਪਿਤਾ ਕਹਿਣ ਲੱਗੇ, ਇਹ ਕੀ ਹੋਇਆ?

ਕਹਿੰਦੀ, ਮੈਂ ਕਿਹਾ ਕਿ ਇਹ ਮੇਰਾ ਪਤੀ ਹੈ। ਸ਼ਾਦੀ ਵਾਸਤੇ ਕਿਹਾ। ਉਹ ਕਹਿੰਦਾ ਮੈਂ ਤਾਂ ਹੈਗਾ ਬ੍ਰਹਮਚਾਰੀ। ਮੈਂ ਨਹੀਂ ਸ਼ਾਦੀ ਕਰਨੀ। ਮੈਂ ਪਿਤਾ ਨੂੰ ਕਿਹਾ ਕਿ ਮੈਨੂੰ ਇੱਥੇ ਹੀ ਛੱਡ ਜਾਓ। ਉਹਦੀ ਮੈਂ ਬਹੁਤ ਸੇਵਾ ਕਰੀ। ਦਿਨ-ਰਾਤ ਸੇਵਾ ਕਰਦੀ ਰਹੀ। ਇੱਕ ਦਿਨ ਪ੍ਰਸੰਨ ਹੋ ਗਿਆ। ਕਹਿਣ ਲੱਗਿਆ ਕਿ ਤੂੰ ਕੀ ਚਾਹੁੰਦੀ ਹੈ?

ਕਹਿਣ ਲੱਗੀ ਕਿ ਮੈਂ ਤੇਰੇ ਨਾਲ ਸ਼ਾਦੀ ਕਰਾਉਣਾ ਚਾਹੁੰਦੀ ਹਾਂ।

ਕਹਿੰਦਾ, ਇਹ ਜਨਮ 'ਚ ਤਾਂ ਹੋਣੀ ਨਹੀਂ, ਅਗਲੇ ਜਨਮ 'ਚ ਹੋਏਗੀ।

ਸਬੰਧ ਆਪਣਾ ਕੋਈ ਨਹੀਂ ਹੋਣਾ, ਸਿਰਫ ਮੈਂ ਤੇਰੇ ਨਾਲ ਸ਼ਾਦੀ ਕਰਾਉਣੀ ਹੈ।

ਕਹਿੰਦੀ, ਮੈਨੂੰ ਮਨਜ਼ੂਰ ਹੈ, ਬੱਸ ਮੈਨੂੰ ਇਹ ਹੈ ਕਿ ਮੈਂ ਤੇਰੀ ਪਤਨੀ ਬਣ ਜਾਵਾਂ।

ਕਹਿਣ ਲੱਗੀ, ਮੈਨੂੰ ਇਸ ਜਨਮ ਵਿਚ ਪੂਰਾ ਗਿਆਨ ਸੀ ਕਿ ਮੇਰੀ ਸ਼ਾਦੀ ਹੋਣੀ ਹੈ ਉਹਦੇ ਨਾਲ ਤੇ ਸ਼ਾਦੀ ਹੁੰਦੇ ਸਾਰ ਉਹਨੇ ਚੜ੍ਹਾਈ ਕਰ ਜਾਣਾ ਹੈ। ਸੋ ਪਿਤਾ ਜੀ, ਜਦ ਮੈਨੂੰ ਪਤਾ ਹੈ ਤਾਂ ਹੁਣ ਮੈਂ ਕਾਹਦਾ ਅਫਸੋਸ ਕਰਾਂ। ਉਹ ਕਿਹੜਾ ਮਰਿਆ ਹੈ, ਮਰਦਾ ਤਾਂ ਸਰੀਰ ਹੁੰਦਾ ਹੈ, ਆਤਮਾ ਤਾਂ ਅਮਰ ਹੁੰਦਾ ਹੈ। ਮੈਂ ਫੇਰ ਜਾ ਕੇ ਇਹਦੇ ਨਾਲ ਦਰਗਾਹ 'ਚ ਜਾ ਕੇ ਇੱਕਠੇ ਹੋ ਜਾਣਾ ਹੈ, ਮੈਨੂੰ ਬੜਾ ਮਾਣ ਹੈ।

ਆਹ ਜਦੋਂ ਗੱਲ ਸੁਣੀ ਉਸ ਵੇਲੇ ਭਾਈ ਗੁਰਮੁਖ ਭਾਈ ਭਿਖਾਰੀ ਕੋਲ ਆ ਗਏ। ਕਹਿਣ ਲੱਗੇ, ਭਾਈ ਗੁਰਮੁਖ ਜੀ! ਇਹ ਬੜੀ ਔਖੀ ਖੇਡ ਹੈ। ਭਾਈ ਭਿਖਾਰੀ ਕਹਿਣ ਲੱਗੇ, ਪ੍ਰੇਮੀਆਂ! ਇਹ ਦੁਖ, ਸੁਖ, ਜਿੰਨਾ ਕੁਛ ਵੀ ਆਉਂਦਾ ਹੈ ਇਹ ਪ੍ਰਮੇਸ਼ਰ ਵਲੋਂ ਹੀ ਆਉਂਦਾ ਹੈ, ਜਦੋਂ ਉਹਦੇ ਵਲੋਂ ਆਉਂਦਾ ਹੈ ਫੇਰ ਸਾਨੂੰ ਖੁਸ਼ੀ ਨਾਲ ਮੰਨ ਲੈਣਾ ਚਾਹੀਦਾ ਹੈ -

***ਕੇਤਿਆ ਦੂਖ ਭੂਖ ਸਦ ਮਾਰ ॥***
***ਏਹਿ ਭਿ ਦਾਤਿ ਤੇਰੀ ਦਾਤਾਰ ॥*** ***ਅੰਗ - 5***

ਕੌਣ ਹੈ ਦੁਨੀਆਂ ਦੇ ਅੰਦਰ ਜਿਹੜਾ ਦੁੱਖ ਨੂੰ ਦਾਤ ਕਹੇ। ਕੋਈ

ਵਿਰਲਾ ਹੈ, ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਦੁਖ ਸੁਖ ਤੇਰੇ ਭਾਣੇ ਹੋਵੇ,*
*ਕਿਸ ਥੈ ਜਾਇ ਰੂਆਈਐ ਜੀ।*

*ਸੁਖੁ ਦੂਖੁ ਤੇਰੀ ਆਗਿਆ ਪਿਆਰੇ ਦੂਜੀ ਨਾਹੀ ਜਾਇ ॥ 3 ॥*
*ਜੋ ਤੂੰ ਕਰਾਵਹਿ ਸੋ ਕਰੀ ਪਿਆਰੇ*
*ਅਵਰੁ ਕਿਛੁ ਕਰਣੁ ਨ ਜਾਇ ॥*

***ਅੰਗ - 432***

*ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ ॥*
*ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਆਕਾਸਿ ਜੀਉ ॥*
*ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ ॥*

***ਅੰਗ - 762***

ਕਹਿਣ ਲੱਗੇ, ਜਿਹੜਾ ਭਾਣਾ ਭਾਉਂਦਾ ਹੈ ਜਿਹਨੂੰ ਸੰਸਾਰ ਦੇ ਅੰਦਰ ਸੁੱਖ ਉਸੇ ਨੂੰ ਪ੍ਰਾਪਤ ਹੁੰਦਾ ਹੈ -

*ਧਾਰਨਾ - ਓਹੀਓ ਸੁੱਖ ਪਾਉਂਦੇ ਨੇ,*
*ਭਾਣੇ ਨੂੰ ਮੰਨਦੇ ਜਿਹੜੇ।*

*ਜੋ ਤੁਧੁ ਕਰਣਾ ਸੋ ਕਰਿ ਪਾਇ॥ਆ ॥*
*ਭਾਣੇ ਵਿਚਿ ਕੋ ਵਿਰਲਾ ਆਇਆ ॥*
*ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ ॥ 1 ॥*
*ਗੁਰਮੁਖਿ ਤੇਰਾ ਭਾਣਾ ਭਾਵੈ ॥*
*ਸਹਜੇ ਹੀ ਸੁਖੁ ਸਚੁ ਕਮਾਵੈ ॥*
*ਭਾਣੇ ਨੋ ਲੋਚੈ ਬਹੁਤੇਰੀ ਆਪਣਾ ਭਾਣਾ ਆਪਿ ਮਨਾਇਦਾ ॥ 2 ॥*
*ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ ॥*
*ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ ॥*
*ਭਾਣੇ ਵਿਚਿ ਵਡੀ ਵਡਿਆਈ ਭਾਣਾ ਕਿਸਹਿ ਕਰਾਇਦਾ ॥*

***ਅੰਗ - 1064***

ਇੱਕ ਰਾਜਾ ਸ਼ਿਕਾਰ ਖੇਲ੍ਹਣ ਜਾ ਰਿਹਾ ਹੈ, ਨਾਲ ਵਜ਼ੀਰ ਹੈ। ਜਾਂਦੇ-ਜਾਂਦੇ ਰਸਤੇ 'ਚ ਉਹਦੀ ਉਂਗਲੀ ਕੱਟੀ ਗਈ।

ਕਹਿਣ ਲੱਗਿਆ, "ਵਜ਼ੀਰ ਸਾਹਿਬ! ਮੇਰੀ ਉਂਗਲੀ ਕੱਟੀ ਗਈ।"

ਵਜ਼ੀਰ ਨੇ ਕਿਹਾ ਕਿ ਭਲਾ ਹੋਇਆ।

ਬੜਾ ਨਰਾਜ਼ ਹੋਇਆ, ਉਸੇ ਵੇਲੇ ਕਹਿਣ ਲੱਗਿਆ ਕਿ ਮੇਰੀਆਂ ਅੱਖਾਂ ਤੋਂ ਪਰ੍ਹੇ ਹਟ ਜਾ। ਖਬਰਦਾਰ ਜੇ ਮੇਰੇ ਨਾਲ ਆਇਆ। ਉਸ ਵੇਲੇ ਵਜ਼ੀਰ ਪਾਸੇ ਹਟ ਗਿਆ ਕਿ ਇਹਨੂੰ ਫੇਰ ਸਮਝਾਂਵਾਂਗੇ। ਇਹ ਰਾਜਾ ਸ਼ਿਕਾਰ ਦੇ ਮਗਰ ਲੱਗਿਆ ਹੋਇਆ ਸੀ, ਘੋੜਾ ਬਹੁਤ ਤੇਜ਼ ਨਠਾਇਆ, ਸਾਥ ਤੋਂ ਵਿਛੜ ਗਿਆ ਅੱਗੇ ਗਿਆ ਤਾਂ ਸ਼ਿਕਾਰ ਗੁੰਮ ਹੋ ਗਿਆ, ਉਥੇ ਟੋਲ੍ਹਦਾ ਫਿਰਦਾ ਹੈ, ਉਥੇ ਬੰਦੇ ਆ ਗਏ, ਉਨ੍ਹਾਂ ਨੇ ਆ ਕੇ ਫੜ ਲਿਆ।

ਫੜ ਕੇ ਲਿਆ ਕੇ ਕਹਿੰਦੇ ਸਾਨੂੰ ਬੰਦਾ ਨਹੀਂ ਸੀ ਮਿਲਦਾ, ਅੱਜ ਬਲੀ ਇਹਦੀ ਦੇਣੀ ਹੈ। ਬਥੇਰਾ ਕਿਹਾ ਕਿ ਮੈਂ ਰਾਜਾ ਹਾਂ। ਕਹਿੰਦੇ, ਕੁਛ ਵੀ ਹੋਵੇਂ, ਬਹੁਤ ਵਧੀਆ ਹੈ, ਤੇਰੀ ਬਲੀ ਦੇਵਾਂਗੇ। ਬਲੀ ਦੇਣ ਵਾਸਤੇ ਲੈ ਜਾਂਦੇ ਨੇ। ਕਹਿੰਦੇ ਕਿ ਅੰਗ ਦੇਖੋ। ਜਦੋਂ ਅੰਗ ਦੇਖੇ ਤਾਂ ਚੀਚੀ ਕੱਟੀ ਹੋਈ, ਕਹਿੰਦੇ ਇਹਨੂੰ ਛੱਡ ਦਿਓ ਭਾਈ ਇਹਦੇ ਅੰਗ ਸਾਬਤ ਨਹੀਂ ਹੈਗੇ। ਓਸ ਵੇਲੇ ਰਾਜੇ ਨੂੰ ਸਮਝ ਪਈ, ਵਜ਼ੀਰ ਨੂੰ ਯਾਦ ਕਰਿਆ ਕਿ ਵਜ਼ੀਰ ਨੇ ਕਿਹਾ ਸੀ ਭਲਾ ਹੋਵੇ। ਵਜ਼ੀਰ ਨੂੰ ਟੋਲ੍ਹ ਲਿਆ, ਸਾਰੀ ਗੱਲ ਦੱਸੀ, ਕਹਿਣ ਲੱਗਿਆ, ਵਜ਼ੀਰ ਸਾਹਿਬ! ਜੇ ਮੇਰੀ ਉਂਗਲੀ ਕੱਟਦੀ, ਤਾਂ ਮੈਂ ਅੱਜ ਮਾਰਿਆ ਗਿਆ ਸੀ ਬਲੀ ਦਿਤੀ ਜਾਣੀ ਸੀ ਮੇਰੀ। ਕਹਿਣ ਲੱਗੇ, ਮਹਾਰਾਜ! ਜੇ ਤੁਹਾਡੀ ਉਂਗਲੀ ਨਾ ਕੱਟਦੀ ਤੇ ਮੈਂ ਨਾ ਕਹਿੰਦਾ ਕਿ ਭਲਾ ਹੋਵੇ ਤੇ ਤੁਸੀਂ ਮੈਨੂੰ ਨਾ ਨਠਾਉਂਦੇ, ਤਾਂ ਮੈਂ ਮਰ ਗਿਆ ਸੀ ਤੁਹਾਡੀ ਥਾਉਂ 'ਤੇ ਕਿਉਂਕਿ ਮੈਂ ਤੁਹਾਡੇ ਨਾਲ ਰਹਿਣਾ ਸੀ। ਭਾਣਾ ਠੀਕ ਹੀ ਰਿਹਾ, ਵਾਹਿਗੁਰੂ ਨੂੰ ਜਿਹੜੀ ਭਾਉਂਦੀ ਹੈ ਉਹ ਠੀਕ ਹੀ ਹੋਇਆ ਕਰਦੀ ਹੈ।

ਮਹਾਰਾਜ ਕਹਿਣ ਲੱਗੇ, ਦੇਖ ਭਾਈ ਮੰਝ! ਦੂਸਰਾ ਮੁੱਲ ਹੈ ਇਹ। ਰਜ਼ਾ ਮੰਨਣੀ, ਦੁੱਖ ਆ ਜਾਵੇ, ਸੁੱਖ ਆ ਜਾਵੇ।

ਤੀਸਰਾ ਹੋਇਆ ਕਰਦਾ ਹੈ ਵਾਸ਼ਨਾ ਦਾ ਪਿਆਰ। ਚੌਥਾ ਹੋਇਆ ਕਰਦਾ ਹੈ ਆਪਣੀ ਪ੍ਰਭਤਾ ਦਾ ਪਿਆਰ। ਪੰਜਵਾਂ ਹੋਇਆ ਕਰਦਾ ਹੈ ਨਿੰਦਿਆ ਤੇ ਉਸਤਤਿ ਨੂੰ ਸਮਾਨ ਜਾਨਣਾ। ਛੇਵਾਂ ਹੋਇਆ ਕਰਦਾ ਹੈ ਗੁਰੂ ਅਰਪਣ ਆਪਣਾ ਆਪਾ ਕਰ ਦੇਣਾ ਕਿ ਮੈਂ ਕੁਛ ਨਹੀਂ, ਤੂੰ ਹੀ ਹੈਂ। ਸੱਤਵਾਂ ਹੋਇਆ ਕਰਦਾ ਹੈ ਮੰਤਰ 'ਤੇ ਭਰੋਸਾ, ਅੱਠਵਾਂ ਹੋਇਆ ਕਰਦਾ ਸੇਵਾ ਦੀ ਲਗਨ, ਨੌਂਵਾਂ ਹੋਇਆ ਕਰਦਾ ਹੈ ਸ਼ੁਭ ਗੁਣ ਧਾਰਨੇ। ਦਸਵਾਂ ਹੋਇਆ ਕਰਦਾ ਹੈ ਅਭਿਮਾਨ ਛੱਡਣਾ। ਗਿਆਰ੍ਹਵਾਂ ਹੋਇਆ ਕਰਦਾ ਹੈ ਦ੍ਰਿੜ੍ਹਤਾ ਦੇ ਨਾਲ ਭਜਨ 'ਚ ਲੱਗ ਜਾਣਾ। ਬਾਰ੍ਹਵਾਂ ਹੋਇਆ ਕਰਦਾ ਹੈ ਨਾਮ ਦੀ ਕਮਾਈ ਨੂੰ ਗਲਤ ਨਾ ਵਰਤਣਾ ਆਪਣੇ ਸੁੱਖ ਵਾਸਤੇ। ਕਹਿੰਦੇ ਇਸ ਤਰ੍ਹਾਂ ਭਾਈ ਮੂੱਲ ਦੇਣੇ ਪੈਂਦੇ ਨੇ ਪ੍ਰੇਮੀਆਂ। ਸੋਚ ਲੈ, ਜੇ ਤੇਰਾ ਮਨ ਮੰਨਦਾ ਹੈ ਤਾਂ ਸਾਡੇ ਕੋਲ ਆ ਜਾ। ਪਹਿਲਾਂ ਜਾਹ, ਘਰ ਜਾ ਕੇ ਮੁਕਾਮ ਢਾਹ ਕੇ ਆ। ਉਸੇ ਵੇਲੇ ਤੁਰ ਪੈਂਦਾ ਹੈ ਕਹਿੰਦਾ ਮਹਾਰਾਜ! ਇਹ ਗੁਣ ਜਿਹੜੇ ਆਪ ਨੇ ਦੱਸੇ ਨੇ, ਇਸ ਤੋਂ ਵੀ ਜ਼ਿਆਦਾ ਜੇ ਤੁਸੀਂ ਮੇਰਾ ਸਿਰ ਵੀ ਲੈਣਾ ਚਾਹੋ, ਤਾਂ ਮੈਂ ਉਹ ਵੀ ਦੇਣ ਨੂੰ ਤਿਆਰ ਹਾਂ ਕਿਉਂਕਿ ਐਡਾ ਸਸਤਾ ਸੌਦਾ ਜੇ ਸਿਰ ਦਿਤੇ 'ਤੇ ਵੀ 'ਨਾਮ' ਮਿਲ ਜਾਵੇ। ਘਰ ਨੂੰ ਚਲਿਆ ਜਾਂਦਾ ਹੈ ਮੁਕਾਮ ਢਾਹੁੰਣ ਵਾਸਤੇ। ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ, ਮੈਂ ਇੱਥੇ ਹੀ ਸਮਾਪਤ ਕਰਦਾ ਹਾਂ। ਮਹਾਰਾਜ ਜੀ ਨੇ ਕ੍ਰਿਪਾ ਕਰੀ ਤਾਂ ਅਗਲੀ ਵੀਚਾਰ ਅਗਲੇ ਦੀਵਾਨ ਹੋਵੇਗੀ। ਕਿਉਂਕਿ ਸਿਧਾਂਤ ਹੁੰਦੇ ਨੇ ਸਾਧਸੰਗਤ ਜੀ! ਕਹਾਣੀ ਨਹੀਂ ਹੁੰਦੀ। ਇਹਦੇ ਵਿਚ ਸਿਧਾਂਤ ਨੇ ਵੱਡੇ-ਵੱਡੇ। ਇਹਨੂੰ ਵਿਹਲੇ ਬੈਠ ਕੇ ਵਿਚਾਰਿਓ ਕਿ ਕਿਸ ਤਰ੍ਹਾਂ ਦੇ ਨਾਲ ਨਾਮ ਚਲਦਾ ਹੈ, ਕੀ ਮੁੱਲ ਦੇਣੇ ਪੈਂਦੇ ਨੇ। ਹੁਣ ਸਾਰੇ ਪ੍ਰੇਮੀ ਗੁਰਸਤੋਤਰ 'ਚ ਬੋਲੋ।

ਅਰਦਾਸ, ਹੁਕਮਨਾਮਾ।

# 11

## ਭਾਈ ਮੰਝ, ਭਾਗ - 2

### (ਵਿਸ਼ੇਸ਼ ਬਚਨ-ਸਰਬ ਰੋਗ ਕਾ ਅਉਖਦੁ ਨਾਮੁ )

*ਸ਼ਾਨ...........................................................।*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥*
*ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ ॥*
*ਸੁਹੇਲਾ ਕਹਨੁ ਕਹਾਵਨੁ ॥ ਤੇਰਾ ਬਿਖਮੁ ਭਾਵਨੁ ॥ ਰਹਾਉ ॥*
*ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ ॥*
*ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ ॥ 2 ॥*
*ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ ॥*
*ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥ 3 ॥*
*ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥*
*ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥ ਅੰਗ - 52*

*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ।*

***ਕੰਨੀ ਸੁਣੀਏਂ ਗੁਰਾਂ ਦੀ ਬਾਣੀ,***
***ਜਿਹਭਾ ਨਾਲ ਨਾਮ ਜਪੀਏ।***

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥ ਅੰਗ - 26***

ਆਪ ਸਾਰੇ ਦੂਰ-ਦਰਾਜ਼ ਤੋਂ ਕਾਰੋਬਾਰ ਛੱਡ ਕੇ ਗੁਰੂ ਦੇ ਦਰਬਾਰ ਪਹੁੰਚੇ ਓਂ, ਧਿਆਨ ਦੇ ਨਾਲ ਚਿੱਤ ਬਿਰਤੀਆਂ ਇਕਾਗਰ ਕਰੋ, ਜੋ ਕੁਛ ਬਚਨ ਬੇਨਤੀ ਕੀਤੇ ਜਾਂਦੇ ਨੇ, ਉਹਨੂੰ ਸੁਣ ਕੇ ਹਿਰਦੇ 'ਚ ਧਾਰਨ ਕਰੋ। ਕੱਲ੍ਹ ਆਪ ਨੇ ਸਾਰਿਆਂ ਨੇ ਸਰਵਣ ਕੀਤਾ ਸੀ, ਬਹੁਤ ਲੰਮੀਆਂ ਚੌੜੀਆਂ ਵਿਚਾਰਾਂ ਕਰੀਆਂ ਸੀ। ਸੰਖੇਪ ਦੇ ਅੰਦਰ ਇਹ ਹੈ ਕਿ ਇੱਕ ਪ੍ਰੇਮੀ ਆਉਂਦਾ ਹੈ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਦੇ ਪਾਸ, ਉਸ ਬੰਦੇ ਨੂੰ ਸਿੱਖੀ ਦਾ ਪਤਾ ਨਹੀਂ ਪਰ ਉਹਦੇ ਪਿਛਲੇ ਜਨਮ ਦੇ ਸੰਸਕਾਰ ਬਹੁਤ ਪ੍ਰਬਲ ਨੇ। ਪ੍ਰਬਲ ਹੋਣ ਕਰਕੇ ਉਹਦੇ ਮਨ ਵਿਚ ਰਹਿੰਦਾ ਹੈ ਕਿ ਕੋਈ ਰਾਹ ਮਿਲ ਜਾਵੇ, ਕੋਈ ਘਾਟ ਮਹਿਸੂਸ ਹੁੰਦੀ ਹੈ ਅੰਦਰ। ਉਸ ਘਾਟ ਨੂੰ ਭਰਨ ਦਾ ਯਤਨ ਕਰਦਾ ਹੈ। ਇਲਾਕੇ ਦਾ ਬੜਾ ਭਾਰਾ ਚੌਧਰੀ ਹੈ, ਬਹੁਤ ਸਾਰੇ ਪਿੰਡ ਉਸਨੂੰ ਮੰਨਦੇ ਨੇ। ਲੇਕਿਨ ਉਹ ਸਰਵਰ ਨੂੰ ਮੰਨਣ ਵਾਲਾ, ਕਬਰ ਨੂੰ ਮੰਨਦਾ ਹੈ ਤੇ ਫੇਰ ਉਥੇ ਜਾ ਕੇ ਬਾਜੀ ਪਾਉਂਦਾ ਹੈ, ਖੇਲ੍ਹ ਪਾਉਂਦਾ ਹੈ। ਲੋਹਾ ਆਪਣੀ ਪਿੱਠ 'ਤੇ ਮਾਰਦਾ ਹੈ। ਮਸਤਾਨਾ ਜਿਹਾ ਹੋ ਜਾਂਦਾ ਹੈ। ਗੁਰੂ ਮਹਾਰਾਜ ਗੁਰੂ ਪੰਜਵੇਂ ਪਾਤਸ਼ਾਹ ਦੇ ਪਾਸ ਆ ਕੇ ਉਸਨੇ ਜਦੋਂ ਗੁਰੂ ਮਹਾਰਾਜ ਦਾ ਕੀਰਤਨ ਸਰਵਣ ਕੀਤਾ, ਬਚਨ ਸਰਵਣ ਕੀਤੇ ਤਾਂ ਉਹਦੇ ਹਿਰਦੇ ਦੇ ਉਪਰ ਸੱਟ ਪਈ। ਇੱਕ ਬਾਣ ਲੱਗਿਆ ਉਹਦੇ ਹਿਰਦੇ 'ਤੇ। ਬਹੁਤੇ ਬਚਨ ਨਹੀਂ ਸੁਣੇ, ਅਸੀਂ ਤਾਂ ਦੀਵਾਨ ਸੁਣੀ ਜਾਂਦੇ ਹਾਂ, ਬਾਰ-ਬਾਰ ਸੁਣੀ ਜਾਂਦੇ ਹਾਂ, ਕਦੇ ਕਿਸੇ ਮਹਾਤਮਾ ਦਾ ਕਦੇ ਕਿਸੇ ਦਾ। ਪਰ ਕੋਈ ਹੀ ਹੈ ਜਿਹਦੇ ਹਿਰਦੇ 'ਚ ਛੇਕ ਪੈਂਦਾ ਹੈ। ਉਹ ਪ੍ਰੇਮੀ ਐਸਾ ਸੀ ਕਿ ਉਹਨੇ ਬਚਨ ਸਰਵਣ ਕੀਤੇ, ਸੁਣਦੇ ਸਾਰ ਹਿਰਦੇ ਵਿਚ ਛੇਕ ਪੈ ਗਿਆ ਤੇ ਸੰਗ ਦੇ ਨਾਲ ਜਾ ਰਿਹਾ ਹੈ ਤੇ ਜਾਂਦੇ-ਜਾਂਦੇ ਸੰਗ ਨੂੰ ਕਹਿਣ ਲੱਗਿਆ ਕਿ ਲਓ ਭਾਈ ਆਹ ਆਪਣੀਆਂ ਚੀਜ਼ਾਂ ਸਾਂਭੋ, ਮੈਂ ਤਾਂ ਜਿੱਥੇ ਆਉਣਾ ਸੀ ਆ ਗਿਆ। ਉਹਨੂੰ ਸਮਝਾਉਂਦੇ ਨੇ ਕਿ ਭਾਈ ਤੀਰਥੇ! ਤੂੰ ਚੌਧਰੀ ਹੈਂ ਸਾਰੇ ਇਲਾਕੇ ਦਾ, ਵੱਡਾ ਆਦਮੀ ਹੈਂ ਤੇ ਜੇ ਤੂੰ ਹੀ ਪੀਰ ਨੂੰ ਨਰਾਜ਼ ਕਰ ਲਿਆ ਤਾਂ ਫੇਰ ਸਾਡਾ ਕੀ ਹਾਲ ਹੋਏਗਾ। ਕਹਿਣ ਲੱਗਿਆ, ਮੈਨੂੰ ਪੀਰਾਂ ਦਾ ਪੀਰ ਮਿਲ ਗਿਆ, ਵੱਡਾ ਪੀਰ ਮਿਲ ਗਿਆ ਮੈਨੂੰ, ਮੈਨੂੰ ਹੁਣ ਹੋਰ ਕਿਸੇ ਪੀਰ ਦੀ ਲੋੜ ਨਹੀਂ ਹੈ। ਸੋ ਗੁਰੂ ਮਹਾਰਾਜ ਦੇ ਪਾਸ ਆ ਕੇ ਬੇਨਤੀ ਕਰਦਾ ਹੈ ਕਿ ਸੱਚੇ ਪਾਤਸ਼ਾਹ! ਮੈਨੂੰ ਨਾਮ ਦੀ ਦਾਤ ਦਿਓ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਪ੍ਰੇਮੀਆਂ! ਨਾਮ ਐਨੀ ਸਸਤੀ ਚੀਜ਼ ਨਹੀਂ। ਇਹ ਆਪਾਂ ਸਾਰੀ ਵਿਚਾਰ ਕਰੀ ਹੈ, ਕਿਉਂਕਿ -

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥ ਅੰਗ - 81***

ਨਾਮ ਤਾਂ ਸਾਰੀ ਦੁਨੀਆਂ ਲੈ ਲੈਂਦੀ ਹੈ ਪਰ ਸਿਰੇ ਕਿਸੇ-ਕਿਸੇ ਦਾ

ਲਗਦਾ ਹੈ। ਕਾਰਨ ਕੀ ਹੈ ਕਿ ਸਿਰੇ ਨਾਮ ਕਿਉਂ ਨਹੀਂ ਲਗਦਾ ਪਹਿਲਾਂ ਤਾਂ ਇਹ ਹੈ ਕਿ ਸਾਡੇ ਮਨ ਵਿਚ ਰੁਚੀ ਨਹੀਂ ਹੁੰਦੀ। ਅਸੀਂ ਚਾਹੁੰਦੇ ਨਹੀਂ ਹਾਂ ਕਿ ਅਸੀਂ ਸੰਸਾਰ ਤੋਂ ਪਾਰ ਹੋ ਜਾਈਏ। ਪਸ਼ੂ ਬਿਰਤੀ 'ਚ ਅਸੀਂ ਰਹਿੰਦੇ ਹਾਂ, ਅਜੇ ਮਨੁੱਖ ਬਿਰਤੀ ਨਹੀਂ ਸਾਡੇ ਅੰਦਰ ਜਾਗੀ। ਮਨੁੱਖ ਬਿਰਤੀ ਤੋਂ ਬਾਅਦ ਫੇਰ ਦੇਵਤਾ ਬਿਰਤੀ ਜਾਗਣੀ। ਅਜੇ ਅਸੀਂ ਬਹੁਤ ਹੇਠਾਂ ਤੁਰੇ ਫਿਰਦੇ ਹਾਂ। ਏਸ ਕਰਕੇ ਸਾਡਾ ਨਾਮ ਨਹੀਂ ਚਲਦਾ, ਅੰਮ੍ਰਿਤ ਅਸੀਂ ਛਕ ਲੈਂਦੇ ਹਾਂ। ਪੰਜ ਪਿਆਰੇ ਨਾਮ ਦੇ ਦਿੰਦੇ ਨੇ ਲੇਕਿਨ ਗੱਲ ਉਥੇ ਦੀ ਉਥੇ ਰਹਿ ਜਾਂਦੀ ਹੈ। ਅਸੀਂ ਕਿਸੇ ਕਿਨਾਰੇ ਨਹੀਂ ਲਗਦੇ। ਬੜੀ ਮਾੜੀ ਹਾਲਤ ਹੋ ਰਹੀ ਹੈ। ਬੜੀ ਮੁਸ਼ਕਲ ਦੇ ਨਾਲ ਸਾਨੂੰ ਆਹ ਮਾਨਸ ਸਰੀਰ ਪ੍ਰਾਪਤ ਹੋਇਆ ਪਰ ਦੇਖਦਿਆਂ-ਦੇਖਦਿਆਂ ਸਭ ਦਾ ਲੰਘਦਾ ਤੁਰਿਆ ਜਾਂਦਾ ਹੈ, ਫੇਰ ਮੁੜ ਕੇ ਸਮਾਂ ਹੱਥ ਨਹੀਂ ਆਉਂਦਾ। ਗੁਰੂ ਮਹਾਰਾਜ ਕਹਿੰਦੇ ਪ੍ਰੇਮੀਓਂ! ਧਿਆਨ ਦੇਵੋ, ਥੋੜ੍ਹਾ ਧਿਆਨ ਦੇਵੋ। ਬਹੁਤ ਕੀਮਤੀ ਚੀਜ਼ ਤੁਹਾਡੇ ਹੱਥ 'ਚੋਂ ਲੰਘਦੀ ਜਾਂਦੀ ਹੈ। ਰੋਜ਼ 24 ਹਜ਼ਾਰ ਸਵਾਸ ਤੁਹਾਡਾ ਖਤਮ ਹੋ ਜਾਂਦਾ ਹੈ। ਸਵਾਸ ਮੁੱਕਦੇ ਜਾਂਦੇ ਨੇ ਤੇ ਕੋਡੀਆਂ ਦੇ ਭਾਅ ਤੁਹਾਡਾ ਜਨਮ ਲੰਘਦਾ ਜਾਂਦਾ ਹੈ ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਤੇਰਾ ਜਨਮ ਅਮੋਲਕ ਹੀਰਾ,***
***ਕੋਡੀਆਂ ਦੇ ਭਾਅ ਜਾਂਵਦਾ।***

***ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥***
***ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥ ਅੰਗ - 156***

ਕੌਣ ਸਿਆਣਾ ਬੰਦਾ ਹੈ ਜਿਹੜਾ ਹੀਰੇ ਨੂੰ ਕੌਡੀਆਂ ਦੇ ਭਾਅ ਵੇਚ ਦੇਵੇ। ਸੋ ਇਸ ਤਰ੍ਹਾਂ ਦੇ ਨਾਲ ਸਾਡਾ ਜਨਮ ਲੰਘਦਾ ਤੁਰਿਆ ਜਾਂਦਾ ਹੈ ਸਾਧਸੰਗਤ ਜੀ! ਉਹ ਪ੍ਰੇਮੀ ਐਸਾ ਨਹੀਂ ਸੀ ਉਹਨੇ ਗੁਰੂ ਦੀ ਬਾਣੀ ਸਰਵਣ ਕੀਤੀ, ਪਿਛਲੇ ਸੰਸਕਾਰਾਂ ਨੇ ਹੁਲਾਰਾ ਮਾਰਿਆ। ਗੁਰੂ ਮਹਾਰਾਜ ਦੇ ਚਰਨਾਂ 'ਚ ਪੇਸ਼ ਹੋ ਕੇ ਬੇਨਤੀ ਕਰਦਾ ਹੈ ਕਿ ਪਾਤਸ਼ਾਹ! ਕ੍ਰਿਪਾ ਕਰੋ ਮੇਰੇ 'ਤੇ। ਮੈਨੂੰ ਨਾਮ ਦੀ ਦਾਤ ਦੇਵੋ, ਸਿੱਖੀ ਦੀ ਦਾਤ ਦੇਵੋ। ਮਹਾਰਾਜ ਕਹਿਣ ਲੱਗੇ, ਪ੍ਰੇਮੀਆਂ! ਕੀ ਕਰਦਾ ਹੁੰਦਾ ਹੈਂ? ਹੁਣ ਤੱਕ ਕੀ ਕਰਿਆ ਹੈ? ਤੇਰੀ ਤਾਂ ਅੱਧੀ ਉਮਰ ਲੰਘ ਚੁੱਕੀ ਹੈ, ਕਹਿਣ ਲੱਗਿਆ, ਮਹਾਰਾਜ! ਮੈਂ ਇੱਕ ਪੀਰ ਨੂੰ ਮੰਨਦਾ ਸੀ ਤੇ ਮੈਂ ਉਹਦਾ ਮੁਰੀਦ ਬਣਿਆ ਹੋਇਆ ਸੀ। ਮੈਂ ਇਲਾਕੇ ਦਾ ਚੌਧਰੀ ਵੀ ਹਾਂ ਮਹਾਰਾਜ ਤੇ ਮੈਂ ਸੰਗ ਲੈ ਕੇ ਜਾਇਆ ਕਰਦਾ ਹਾਂ। ਮਹਾਰਾਜ ਕਹਿੰਦੇ, ਪ੍ਰੇਮੀਆਂ! ਤੂੰ ਤਾਂ ਫੇਰ ਸਿੱਖੀ ਧਾਰਨ ਨਹੀਂ ਕਰ ਸਕਦਾ। ਸਿੱਖੀ ਧਾਰਨ ਕਰਨੀ ਬਹੁਤ ਔਖੀ ਹੈ ਤੇ ਅਸੀਂ ਤੈਨੂੰ ਸਲਾਹ ਦਿੰਦੇ ਹਾਂ ਕਿ ਤੂੰ ਉਸੇ ਹਾਲਤ 'ਚ ਰਹਿ, ਸਿੱਖੀ ਧਾਰਨ ਕਰਨੀ ਬਹੁਤ ਔਖੀ ਹੈ।

ਕਹਿਣ ਲੱਗਿਆ, "ਸੱਚੇ ਪਾਤਸ਼ਾਹ ਜੇ ਸਿਰ ਦੇਣ ਤੋਂ ਬਾਅਦ ਵੀ ਮੈਨੂੰ ਸਿੱਖੀ ਮਿਲ ਜਾਵੇ ਤਾਂ ਵੀ ਸਸਤੀ ਹੈ। ਕਿਉਂਕਿ ਮੈਂ ਇਰਾਦਾ ਕਰ ਲਿਆ। ਇਸ ਤਰ੍ਹਾਂ ਦੇ ਨਾਲ ਮਹਾਰਾਜ ਫੁਰਮਾਨ ਕਰਦੇ ਨੇ -

***ਧਾਰਨਾ - ਜੀਉਂਦੇ ਮਰ ਜਾਵਣਾ,***
***ਸਿੱਖੀ ਕਮਾਉਣੀ ਔਖੀ।***

ਮਹਾਰਾਜ ਕਹਿਣ ਲੱਗੇ, ਪ੍ਰੇਮੀਆਂ! ਸਿੱਖੀ ਐਨੀ ਸੁਖਾਲੀ ਨਹੀਂ ਹੈ। ਬਹੁਤ ਔਖੀ ਚੀਜ਼ ਹੈ -

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥***

***ਅੰਗ - 1102***

ਪਹਿਲਾਂ ਮਰਨਾ ਕਬੂਲ ਕਰਨਾ ਪੈਣਾ ਹੈ, ਸਰੀਰਕ ਤੌਰ 'ਤੇ ਨਹੀਂ ਅਸੀਂ ਮਾਰਦੇ, ਤੇਰੇ ਅੰਦਰ ਜਿਹੜੀ ਹਉਮੈ ਹੈ, ਜਿਹੜਾ ਮੈਂ ਬਣਿਆ ਹੋਇਆ ਹੈ, ਇਹ ਤੇਰੇ 'ਚ ਨਹੀਂ ਰਹਿਣੀ। ਇਹ ਕਬੂਲ ਕਰ ਲੈ, ਪਹਿਲਾਂ ਮੈਂ ਨੂੰ ਮਾਰਨਾ। ਫੇਰ ਸਿੱਖੀ ਮਿਲ ਜਾਏਗੀ -

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ,***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***

ਸਬਰ ਵਾਲਾ ਹੋਵੇ, ਸ਼ਹੀਦ ਹੋਵੇ ਤੇ ਸਾਧਕ ਹੋਵੇ, ਸਿਦਕ ਵਾਲਾ ਹੋਵੇ, ਸਬਰ ਕਿੰਨਾ ਹੁੰਦਾ ਹੈ, ਧਿਆਨ ਦੇ ਨਾਲ ਸੁਣਿਓ। ਕਿੰਨਾ ਸਿੱਖ ਨੂੰ ਸਬਰ ਚਾਹੀਦਾ ਹੈ।

ਇੱਕ ਵਾਰੀ ਇਹ ਸਵਾਲ ਹੋਇਆ, ਈਰਾਨ ਦੇ ਬਾਦਸ਼ਾਹ ਦੀ ਕਚਹਿਰੀ 'ਚ ਕਿ ਸਬਰ ਦਾ ਤੇ ਸ਼ੁਕਰ ਦਾ ਕੀ ਮਾਇਨਾ ਹੈ। ਵੱਡੇ-ਵੱਡੇ ਉਲਮਾ, ਵਿਦਵਾਨ ਬੈਠੇ ਸੀ ਤੇ ਉਨ੍ਹਾਂ ਨੇ ਏਸ ਗੱਲ ਦਾ ਜਵਾਬ ਦਿਤਾ। ਬਾਦਸ਼ਾਹ ਕਹਿਣ ਲੱਗਿਆ ਕਿ ਮੇਰੀ ਤਸੱਲੀ ਨਹੀਂ ਹੋਈ, ਤੁਹਾਡੇ ਜਵਾਬ ਦੇ ਨਾਲ। ਇੱਕ ਕੋਈ ਸੂਝਵਾਨ ਬੰਦਾ ਸੀ ਉਹ ਕਹਿਣ ਲੱਗਿਆ, ਮਹਾਰਾਜ! ਇਹ ਕਿਸੇ ਮਹਾਤਮਾ ਤੋਂ ਇਹਦਾ ਜਵਾਬ ਪੁੱਛੋ। ਮੌਲਵੀਆਂ ਨੂੰ, ਕਾਜ਼ੀਆਂ ਨੂੰ ਇਨ੍ਹਾਂ ਗੱਲਾਂ ਦਾ ਪਤਾ ਨਹੀਂ ਹੋਇਆ ਕਰਦਾ। ਆਲਮ ਇਹ ਗੱਲ ਨਹੀਂ ਜਾਣਦੇ। ਇਹ ਕੋਈ ਅਨੁਭਵੀ ਮਹਾਂਪੁਰਸ਼ ਦਸ ਸਕਦਾ ਹੈ।

ਕਹਿਣ ਲੱਗੇ, ਮਹਾਂਪੁਰਸ਼ ਮੈਂ ਕਿੱਥੇ ਟੋਲ੍ਹਾਂ?

ਕਹਿੰਦੇ, ਔਰੰਗਜ਼ੇਬ ਏਸ ਵੇਲੇ ਹਿੰਦੋਸਤਾਨ 'ਚ ਰਾਜ ਕਰਦਾ ਹੈ, ਦਿੱਲੀ ਦੇ ਅੰਦਰ ਇੱਕ ਫਕੀਰ ਰਹਿੰਦਾ ਹੈ ਜਿਸਦਾ ਨਾਮ ਸਰਮੱਦ ਹੈ। ਉਹ ਬ੍ਰਹਮਗਿਆਨੀ ਹੈ, ਆਰਫ ਹੈ, ਚੌਥੇ ਪਦ 'ਚ ਰਹਿਣ ਵਾਲਾ ਹੈ ਤੇ ਉਹਦੇ ਕੋਲ ਜਾ ਕੇ ਸਵਾਲ ਕੀਤਾ ਜਾਵੇ ਤੇ ਉਹ ਜਵਾਬ ਦੇ ਦੇਵੇਗਾ। ਆਪਣੇ ਵਜ਼ੀਰ ਨੂੰ ਭੇਜ ਦਿਤਾ, ਔਰੰਗਜ਼ੇਬ ਤੋਂ ਆ ਕੇ ਇਜਾਜ਼ਤ ਲਈ। ਉਸ ਵੇਲੇ ਸੁਰਮੱਦ ਜਿਹੜਾ ਸੀ ਉਹ ਜੇਲ੍ਹ ਖਾਨੇ 'ਚ ਬੰਦ ਸੀ। ਇਜਾਜ਼ਤ ਲੈ ਕੇ ਉਥੇ ਪਹੁੰਚਦਾ ਹੈ, ਜਿੱਥੇ ਬੰਦ ਸੀਗਾ, ਸੈੱਲ ਦੇ ਅੰਦਰ ਬੰਦ ਸੀ, ਆਵਾਜ਼ ਦਿਤੀ ਕਿ ਫਕੀਰ ਸਾਂਈਂ ਆਪ ਆਪਣੇ ਦਰਸ਼ਨ ਦੀਦਾਰੇ ਦੇਵੋ, ਮੈਂ ਈਰਾਨ ਤੋਂ ਆਇਆ ਹਾਂ। ਸਰਮੱਦ ਬਗੈਰ ਕੱਪੜਿਆਂ ਤੋਂ, ਕੱਪੜੇ ਵੀ ਉਸਦੇ ਲਾਹੇ ਹੋਏ ਨੇ, ਨਗਨ ਅਵਸਥਾ 'ਚ ਸਾਮ੍ਹਣੇ ਆ ਗਿਆ।

ਕਹਿਣ ਲੱਗਿਆ ਕਿ ਕੀ ਗੱਲ ਹੈ?

ਕਹਿਣ ਲੱਗਿਆ, ਮੈਨੂੰ ਬਾਦਸ਼ਾਹ ਈਰਾਨ ਨੇ ਭੇਜਿਆ ਹੈ ਤੇ ਮੈਨੂੰ ਸਬਰ ਤੇ ਸ਼ੁਕਰ ਦੇ ਮਾਇਅਨੇ ਆਪ ਤੋਂ ਪੁੱਛਣੇ ਨੇ, ਕ੍ਰਿਪਾ ਕਰਕੇ ਆਪ ਸਬਰ ਤੇ ਸ਼ੁਕਰ ਦਾ ਮਾਇਨਾ ਦਸ ਦਿਓ।

ਉਸ ਵੇਲੇ ਸਰਮੱਦ ਕਹਿਣ ਲੱਗਿਆ, ਬੜੀ ਦੇਰ ਹੋ ਗਈ ਮੈਨੂੰ ਨ੍ਹਾਤੇ ਨੂੰ, ਤੂੰ ਕੱਲ੍ਹ ਨੂੰ ਇੱਕ ਮੱਸ਼ਕ ਪਾਣੀ ਦੀ ਲਿਆਈਂ ਤੇ ਫੇਰ ਮੈਂ ਤੈਨੂੰ ਦੱਸਾਂਗਾ। ਦੂਸਰੇ ਦਿਨ ਇਸੇ ਤਰ੍ਹਾਂ ਕੀਤਾ, ਜਦੋਂ ਪਹੁੰਚਦਾ ਹੈ, ਦਰਵਾਜ਼ਿਆਂ ਨੂੰ ਤਾਲੇ ਲੱਗੇ ਹੋਏ ਨੇ। ਸਰਮੱਦ ਫਕੀਰ ਨੂੰ ਆਵਾਜ਼ ਦਿਤੀ, ਕਹਿਣ ਲੱਗੇ, ਫਕੀਰ ਸਾਂਈਂ! ਮਸ਼ਕ ਹਾਜ਼ਰ ਹੈ ਪਰ ਤਾਲੇ ਲੱਗੇ ਹੋਏ ਨੇ। ਇੱਕ ਹੱਥ ਮਾਰਿਆ, ਸਾਰੇ ਤਾਲੇ ਖੋਲ੍ਹ ਦਿਤੇ, ਤਾਲੇ ਟੁੱਟ-ਟੁੱਟ ਕੇ ਗਿਰ ਗਏ, ਦਰਵਾਜ਼ੇ ਸਾਰੇ ਆਪੇ ਖੁੱਲ੍ਹ ਗਏ।

ਕਹਿੰਦੇ, ਅੰਦਰ ਆ ਜਾ।

ਅੰਦਰ ਚਲਿਆ ਗਿਆ, ਮਸ਼ਕ ਦੇ ਨਾਲ ਇਸ਼ਨਾਨ ਕਰਿਆ। ਕੱਪੜਾ ਤੇੜ ਪਾਇਆ, ਉਸ ਤੋਂ ਬਾਅਦ ਅਜੇ ਬੈਠਾ ਹੀ ਕਿ ਐਨੇ ਨੂੰ ਜਲਾਦ ਆ ਗਿਆ। ਉਸ ਨੇ ਕੋਰੜੇ ਮਾਰਨੇ ਸ਼ੁਰੂ ਕਰੇ। ਇਹ ਜਿਹੜਾ ਸੁਰਮੱਦ ਸੀ ਉੱਪਰ ਨੂੰ ਹੱਥ ਕਰਕੇ ਉਂਗਲੀ ਹਿਲਾਈ ਜਾਂਦਾ ਹੈ, ਸਮਝ 'ਚ ਨਾ ਆਈ ਕਿ ਕੀ ਕਰਦਾ ਹੈ, ਪੰਜਾਹ ਕੋਰੜੇ ਮਾਰ ਕੇ ਜਲਾਦ ਥੱਕ ਗਿਆ, ਦਮ ਲੈਣ ਲੱਗ ਗਿਆ।

ਆਪ ਕਹਿਣ ਲੱਗੇ, ਵਜ਼ੀਰ ਸਾਹਿਬ! ਕੁਛ ਸਮਝ 'ਚ ਆਇਆ?

ਕਹਿੰਦੇ, ਨਾ ਮਹਾਰਾਜ! ਮੇਰੇ ਸਮਝ 'ਚ ਨਹੀਂ ਆਇਆ।

ਕਹਿੰਦੇ, ਮੈਂ ਤੈਨੂੰ 'ਸਬਰ' ਦਾ ਮਤਲਬ ਦਸ ਰਿਹਾ ਹਾਂ ਕਿ ਸਬਰ ਕੀਹਨੂੰ ਕਹਿੰਦੇ ਨੇ।

ਕਹਿਣ ਲੱਗਿਆ, ਮੇਰੀ ਤਾਂ ਸਮਝ 'ਚ ਨਹੀਂ ਆਇਆ।

ਕਹਿੰਦੇ, ਹੁਣ ਆ ਜਾਏਗਾ।

ਐਨੇ ਨੂੰ ਜਲਾਦ ਫੇਰ ਕੋਰੜੇ ਮਾਰਨ ਲੱਗਿਆ, ਆਪ ਨੇ ਵਜ਼ੀਰ ਦੇ ਅੰਦਰਲੇ ਨੇਤਰ ਖੋਲ੍ਹ ਦਿਤੇ, ਕੀ ਦੇਖਦਾ ਹੈ ਕਿ ਅਸਮਾਨ ਦੇ ਅੰਦਰ ਬੇਅੰਤ ਸ਼ਕਤੀਆਂ ਨੇ, ਬੇਨਤੀਆਂ ਕਰਦੀਆਂ ਨੇ ਕਿ ਫਕੀਰ ਸਾਂਈਂ! ਸਾਨੂੰ ਹੁਕਮ ਦੇ, ਅਸੀਂ ਏਸ ਬਾਦਸ਼ਾਹ ਦਾ ਰਾਜ ਗਰਕ ਕਰ ਦੇਈਏ। ਦਿੱਲੀ ਗਰਕ ਕਰ ਦੇਈਏ, ਲਾਹੌਰ ਗਰਕ ਕਰ ਦੇਈਏ। ਉਹ ਉਂਗਲੀ ਮਾਰਦੇ ਨੇ, ਜਦੋਂ ਪੰਜਾਹ ਕੋਰੜੇ ਹੋਰ ਲੱਗ ਚੁੱਕੇ, ਕਹਿਣ ਲੱਗੇ, ਅਰਥ ਸਮਝ 'ਚ ਆਏ?

ਕਹਿੰਦੇ, ਨਹੀਂ।

ਕਹਿੰਦੇ, ਹੁਣ ਤਾਂ ਮੈਂ ਤੈਨੂੰ ਪ੍ਰਤੱਖ ਦਿਖਾ ਦਿਤਾ। ਦੇਖ, ਐਨੀਆਂ

ਸ਼ਕਤੀਆਂ ਦਾ ਮਾਲਕ ਹਾਂ। ਜੇ ਇੱਕ ਫੁਰਨਾ ਕਰ ਦਿਤਾ ਤੇ ਦਿੱਲੀ ਹੁਣੇ ਗਰਕ ਹੋ ਜਾਏਗੀ। ਐਨੀ ਤਾਕਤ ਦਾ ਮਾਲਕ ਹੁੰਦਾ ਹੋਇਆ ਕੋਰੜੇ ਆਮ ਸਾਧਾਰਣ ਬੰਦਿਆਂ ਵਾਂਗੂੰ ਖਾ ਰਿਹਾ ਹੈ। ਕਹਿੰਦੇ, ਇਹਨੂੰ ਸਬਰ ਕਹਿੰਦੇ ਨੇ, ਸਬਰ ਦਾ ਸਬਕ ਬ੍ਰਹਮਗਿਆਨੀ ਤੋਂ ਬਗੈਰ ਕੋਈ ਨਹੀਂ ਪਕਾ ਸਕਦਾ।

ਗੁਰੂ ਪੰਜਵੇਂ ਪਾਤਸ਼ਾਹ ਨੂੰ ਜਦੋਂ ਤੱਤੀਆਂ ਤਵੀਆਂ 'ਤੇ ਬਿਠਾਇਆ ਗਿਆ, ਉਸ ਵੇਲੇ ਭਾਈ ਜੇਠਾ ਤੇ ਪੰਜ ਸਿੰਘ ਸਾਮ੍ਹਣੇ ਕੈਦ ਨੇ, ਉਸ ਵੇਲੇ ਭਾਈ ਪ੍ਰਾਣੇ ਦੇ ਮਨ ਵਿਚ ਆਈ ਕਿ ਗੁਰੂ ਮਹਾਰਾਜ ਨੂੰ ਤੱਤੀ ਤਵੀ 'ਤੇ ਬਿਠਾ ਰਹੇ ਨੇ, ਕਿਉਂ ਨਾ ਮੈਂ ਸ਼ਹਿਰ ਗਰਕ ਕਰ ਦੇਵਾਂ। ਦੋਵੇਂ ਬਾਹਾਂ ਉਪਰ ਖੜ੍ਹੀਆਂ ਕਰ ਲਈਆਂ। ਉੱਚੀ ਦੇ ਕੇ ਜਦੋਂ ਆਵਾਜ਼ ਦੇਣ ਲੱਗੇ ਤਾਂ ਮਹਾਰਾਜ ਜੀ ਨੇ ਉਧਰੋਂ ਆਵਾਜ਼ ਦੇ ਦਿਤੀ ਕਿ ਠਹਿਰ ਸਿੱਖਾ ਕੀ ਕਰਨ ਲੱਗਿਆ ਹੈਂ?

ਕੀ ਕਰਦਾ ਹੈ?

ਭਾਈ ਪ੍ਰਾਣਾਂ ਜੀ ਕਹਿਣ ਲੱਗੇ ਕਿ ਮਹਾਰਾਜ! ਮੇਰੇ ਤੋਂ ਦੇਖਿਆ ਨਹੀਂ ਜਾਂਦਾ। ਤੁਸੀਂ ਏਸ ਹਾਲਤ ਵਿਚ ਤੇ ਮੈਂ ਇਹ ਸ਼ਹਿਰ ਗਰਕ ਕਰ ਦੇਣਾ ਹੈ। ਦਿੱਲੀ ਵੀ ਗਰਕ ਕਰ ਦੇਣਾ ਹੈ।

ਮਹਾਰਾਜ ਕਹਿੰਦੇ, ਫੇਰ ਕੀ ਅਸੀਂ ਨਹੀਂ ਕਰ ਸਕਦੇ ਇਹ? ਵਾਹਿਗੁਰੂ ਦਾ ਭਾਣਾ ਮੰਨ, ਵਾਹਿਗੁਰੂ ਦੀ ਰਜ਼ਾ ਮੰਨ। ਸਾਰੀਆਂ ਸ਼ਕਤੀਆਂ ਹੁੰਦੇ ਹੋਏ, ਫੇਰ ਰਜ਼ਾ ਵਿਚ ਰਹਿਣਾ ਇਹਨੂੰ ਸਬਰ ਕਹਿੰਦੇ ਨੇ।

ਐਨੇ ਨੂੰ ਸਰਮੱਦ ਦੇ ਖਾਣ ਵਾਸਤੇ ਆ ਗਿਆ, ਕੋਈ ਚੀਜ਼ ਨਹੀਂ, ਪਾਣੀ ਹੈ ਸਿਰਫ ਉਹਦੇ ਵਿਚ ਨਮਕ ਪਾਇਆ ਹੋਇਆ ਹੈ ਬਹੁਤ ਜ਼ਿਆਦਾ। ਕੌੜਾ ਪਾਣੀ ਬਣਾਇਆ ਹੋਇਆ ਹੈ ਤੇ ਪੀਣ ਤੋਂ ਬਾਅਦ ਸੁਰਮੱਦ ਸ਼ੁਕਰ ਕਰਦਾ ਹੈ ਕਿ ਹੇ ਅੱਲਾਹ ਤਾਲਾ! ਤੇਰਾ ਸ਼ੁਕਰ ਹੈ, ਤੂੰ ਮੈਨੂੰ ਪਾਣੀ ਤਾਂ ਭੇਜਿਆ।

ਕਹਿੰਦੇ, ਸਮਝਿਆ ਅਰਥ?

ਕਹਿੰਦਾ, ਨਾ।

ਅੱਖ ਖੋਲ੍ਹ ਦਿਤੀ, ਕੀ ਦੇਖਦਾ ਹੈ ਬੇਅੰਤ ਅਸਮਾਨੀ ਖਾਣੇ ਮਿੰਨਤਾਂ ਕਰ ਰਹੇ ਨੇ ਕਿ ਫਕੀਰ ਸਾਂਈਂ! ਆਹ ਤੁਸੀਂ ਖਾ ਲਓ। ਇਹ ਖੁਦਾਵੰਦ ਵਲੋਂ ਆਏ ਨੇ ਆਪ ਕੋਲ। ਕਹਿੰਦਾ, ਨਹੀਂ, ਜਿਹੜਾ ਰਿਜ਼ਕ ਮੈਨੂੰ ਭੇਜਿਆ ਹੈ ਮਨੁੱਖ ਦੇ ਰਾਹੀਂ, ਓਹੀ ਖਾਣਾ ਹੈ।

ਕਹਿੰਦੇ, ਇਹ ਸ਼ੁਕਰ ਹੁੰਦਾ, ਜਿਹੋ ਜਿਹਾ ਮਿਲ ਗਿਆ ਉਹਨੂੰ ਸ਼ੁਕਰ ਕਰਨਾ।

ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਕਹਿਣ ਲੱਗੇ, ਭਾਈ ਮੰਝ! ਪਹਿਲਾ ਸਬਕ ਸਬਰ ਦਾ ਹੋਇਆ ਕਰਦਾ ਹੈ, ਸਾਰੀਆਂ ਤਾਕਤਾਂ ਹੁੰਦੇ ਹੋਏ ਤਾਕਤ

ਨਾ ਦਿਖਾਉਣੀ ਤੇ ਤਸੀਹੇ ਝੱਲ ਲੈਣੇ, ਬਦ-ਦੁਆ ਨਹੀਂ ਦੇਣੀ, ਬੁਰਾ ਨਹੀਂ ਕਹਿਣਾ। ਇਹ ਨਹੀਂ ਕਹਿਣਾ ਕਿ ਹੇ ਵਾਹਿਗੁਰੂ! ਇਹਦਾ ਬੇੜਾ ਗਰਕ ਕਰ ਦੇ। ਕਹਿਣਾ ਕੀ ਹੈ -

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਕਾ ਭਲਾ।***

ਇਹਦਾ ਵੀ ਭਲਾ ਕਰ ਵਾਹਿਗੁਰੂ। ਭੁੱਲਿਆ ਹੋਇਆ ਬੰਦਾ ਹੈ, ਕ੍ਰਿਪਾ ਕਰ ਮੈਂ ਅਰਦਾਸ ਕਰਦਾ ਹਾਂ, ਇਹਦੀ ਮੱਤ ਵਿਚ ਪ੍ਰਕਾਸ਼ ਆਵੇ, ਚਾਨਣਾ ਆਵੇ। ਇਹ ਐਸੇ ਮਾੜੇ ਕੰਮ ਨਾ ਕਰੇ, ਐਨੇ ਤਸੀਹੇ ਨਾ ਦੇਣ। ਕਹਿੰਦੇ, ਇਹ ਸਬਕ ਪੁਗਾਉਣਾ ਪੈਂਦਾ ਹੈ ਭਾਈ। ਸਾਬਰ, ਸਿਦਕ ਦੇ ਅੰਦਰ ਤੇ ਸ਼ਹੀਦ ਬਣਨਾ ਪੈਂਦਾ ਹੈ -

***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***

***ਭਾਈ ਗੁਰਦਾਸ ਜੀ, ਵਾਰ 3/18***

ਫੇਰ ਗੁਲਾਮ ਬਣਨਾ ਪੈਂਦਾ ਹੈ। ਗੁਲਾਮ ਦੀ ਕੋਈ ਆਵਾਜ਼ ਨਹੀਂ ਹੋਇਆ ਕਰਦੀ। ਕੁਛ ਕਰ ਲਓ ਉਹਨੂੰ, ਗੁਲਾਮ ਵਾਂਗੂੰ ਬਣਨਾ ਪੈਂਦਾ ਹੈ, ਤਾਂ ਜਾ ਕੇ ਪ੍ਰਵਾਨ ਪੈਂਦੀ ਹੈ ਸਿੱਖੀ, ਜੇ ਆਪਣੀ ਮਰਜ਼ੀ ਵਿਚ ਰੱਖੇ ਫੇਰ ਸਿੱਖੀ ਨਹੀਂ ਪ੍ਰਵਾਨ ਹੋਇਆ ਕਰਦੀ -

***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***

***ਭਾਈ ਗੁਰਦਾਸ ਜੀ, ਵਾਰ 3/18***

ਜਿੱਥੇ ਕੰਮ 'ਤੇ ਲਾ ਦਿਤਾ ਉਥੇ ਹੀ ਲੱਗ ਜਾਣਾ। ਉਹਨੇ ਨਹੀਂ ਕਹਿਣਾ ਮੈਂ ਤਾਂ ਹੁਣੇ ਹੀ ਡਿਊਟੀ ਦਿੰਦਾ ਆਇਆ ਹਾਂ। ਮੈਂ ਹੁਣ ਓਧਰ ਕਰਦਾ ਆਇਆ ਹਾਂ। ਕਹਿੰਦੇ ਮਰਨਾ ਪੈਂਦਾ ਹੈ। ਜਿਉਂਦਿਆਂ ਦਾ ਥਾਉਂ ਨਹੀਂ ਹੈ ਰੂਹਾਨੀਅਤ।

ਇੱਕ ਵਾਰੀ ਇੱਕ ਮਹਾਤਮਾ ਪਟਿਆਲੇ ਦੇ ਰਾਜ ਵਿਚ ਰਿਹਾ ਕਰਦੇ ਸੀ। ਉਥੇ ਇੱਕ ਡਾਕੂ ਸੀਗਾ ਜਿਸਦਾ ਨਾਮ ਸੁਰਜਨਦਾਸ ਸੀ। ਡਾਕਾ ਮਾਰ ਕੇ ਆਉਂਦਾ ਹੈ ਤਾਂ ਅੱਗੇ ਆ ਕੇ ਉਹਨੂੰ ਦੇਰ ਲੱਗ ਗਈ, ਸਾਥੀਆਂ ਤੋਂ ਅੱਡ ਹੋ ਗਿਆ ਤੇ ਪੁਲਿਸ ਆ ਗਈ। ਜਦੋਂ ਪੁਲਿਸ ਨੇੜੇ ਆਈ ਨੱਠ ਕੇ ਜਾ ਕੇ ਸੰਤਾਂ ਦੀ ਕੁਟੀਆ 'ਚ ਵੜ ਗਿਆ। ਕਹਿੰਦਾ, ਮਹਾਰਾਜ! ਮੈਨੂੰ ਹੁਣ ਰੱਖ ਲਓ। ਕ੍ਰਿਪਾ ਕਰੋ ਮੇਰੇ ਉਪਰ। ਮਹਾਤਮਾ ਕਹਿੰਦੇ, ਕੀ ਕੰਮ ਹੈ?

ਕਹਿੰਦਾ, ਮੈਂ ਮਹਾਰਾਜ! ਡਾਕਾ ਮਾਰਿਆ ਹੈ? ਮੇਰੇ ਮਗਰ ਪੁਲਿਸ ਆ ਰਹੀ ਹੈ, ਮੇਰਾ ਬੁਰਾ ਹਾਲ ਕਰ ਦਏਗੀ।

ਨਾਭੇ ਦੀ ਪੁਲਿਸ ਸੀ।

ਸੰਤ ਕਹਿੰਦੇ, ਹੋਰ ਤਾਂ ਸਾਡੇ ਕੋਲ ਕੁਛ ਨਹੀਂ ਹੈ, ਆਹ ਮਾਲਾ ਚੁੱਕ ਲੈ ਇੱਥੇ ਬੈਠਾ ਰਾਮ-ਰਾਮ ਕਰੀ ਜਾਹ। ਉਸੇ ਤਰ੍ਹਾਂ ਕਰ ਲਿਆ, ਚੌਂਕੜਾ ਮਾਰ ਲਿਆ, ਮਾਲਾ ਫੜ ਲਈ, ਰਾਮ-ਰਾਮ ਕਰੀ ਜਾਂਦਾ ਹੈ। ਪੁਲਿਸ ਆ

ਗਈ, ਪੈੜੂਆ ਕਹਿੰਦਾ, ਪੈੜ ਇੱਥੇ ਆਈ ਹੈ। ਪੁਲਿਸ ਦੇਖਦੀ ਹੈ ਕਿ ਇਥੇ ਤਾਂ ਬੰਦਾ ਹੀ ਕੋਈ ਨਹੀਂ, ਆਹ ਸਾਧ ਜਿਹਾ ਬੈਠਾ ਹੈ, ਇੱਕ ਮਹਾਤਮਾ ਹੈਗੇ। ਪੁਲਿਸ ਚਲੀ ਜਾਂਦੀ ਹੈ।

ਮਹਾਤਮਾ ਕਹਿੰਦੇ, ਪ੍ਰੇਮੀਆਂ! ਇਹੋ ਜਿਹੇ ਮਾੜੇ ਕੰਮ ਕਰਦਾ ਹੈਂ? ਤੈਨੂੰ ਪਤਾ ਨਹੀਂ, ਦਰਗਾਹ 'ਚ ਜਾ ਕੇ ਲੇਖੇ ਦੇਣੇ ਪੈਣਗੇ। ਬੇਨਤੀਆਂ ਕਰਨ ਲੱਗ ਗਿਆ, ਕਹਿੰਦਾ, ਮਹਾਰਾਜ ਕ੍ਰਿਪਾ ਕਰੋ ਮੇਰੇ 'ਤੇ। ਮੈਨੂੰ ਕਿਸੇ ਰਸਤੇ ਪਾਓ, ਦ੍ਰਿਸ਼ਟੀ ਹੋ ਗਈ -

***ਸਾਧ ਕੈ ਸੰਗਿ ਨਹੀ ਕਛੁ ਘਾਲ ॥***
***ਦਰਸਨੁ ਭੇਟਤ ਹੋਤ ਨਿਹਾਲ ॥*** ***ਅੰਗ - 272***

ਪੂਰੇ ਮਹਾਂਪੁਰਸ਼ਾਂ ਦੇ ਦਰਸ਼ਨ ਕਰੇ, ਦਰਸ਼ਨ ਕਰਨ ਦੇ ਨਾਲ ਬੁੱਧੀ ਵਿਚ ਪ੍ਰਕਾਸ਼ ਆਇਆ। ਉਹ ਕਹਿਣ ਲੱਗੇ ਕਿ ਸਾਡੇ ਕੋਲ ਤਾਂ ਨਹੀਂ ਰਹਿ ਸਕਦਾ। ਇੱਕ ਬ੍ਰਹਮਗਿਆਨੀ ਮਹਾਂਪੁਰਸ਼ਾਂ ਦੀ ਦਸ ਪਾਉਂਦੇ ਹਾਂ। ਛੀਂਟਾਂ ਵਾਲੇ, ਧੂਰੀ ਦੇ ਉਪਰਲੇ ਪਾਸੇ ਰਹਿੰਦੇ ਨੇ, ਉਨ੍ਹਾਂ ਮਹਾਤਮਾ ਦੇ ਕੋਲ ਤੂੰ ਚਲਿਆ ਜਾਹ। ਇਜਾਜ਼ਤ ਲਈ ਤੇ ਉਨ੍ਹਾਂ ਕੋਲ ਚਲਿਆ ਗਿਆ। ਉਹ ਕਹਿੰਦੇ, ਦੇਖ ਭਾਈ ਸਾਡੇ ਕੋਲ ਰਹਿ ਤਾਂ ਸਹੀ, ਪਰ ਜਿਹੜਾ ਸਾਡਾ ਲਾਂਗਰੀ ਹੈ ਤੇ ਇੱਥੇ ਸਿੰਘ ਨੇ ਇਨ੍ਹਾਂ ਨੇ ਰਹਿਣ ਨਹੀਂ ਦੇਣਾ, ਸਾਡੇ ਚੇਲਿਆਂ ਨੇ। ਇਹ ਕਿਸੇ ਨੂੰ ਨਹੀਂ ਰਹਿਣ ਦਿੰਦੇ, ਜੇ ਤਾਂ ਇਨ੍ਹਾਂ 'ਚ ਰਲ ਗਿਆ ਫੇਰ ਤਾਂ ਠੀਕ ਹੈ। ਸਾਰੀ ਗੱਲ ਦੱਸੀ, ਕਹਿੰਦੇ ਦੇਖ, ਤੂੰ ਰਿਹਾ ਹੋਇਆ ਹੈਂ ਡਾਕੂ, ਜੇ ਤੈਨੂੰ ਗੁੱਸਾ ਆ ਗਿਆ, ਸੋਟਾ ਮਾਰਿਆਂ ਇਨ੍ਹਾਂ ਦੇ ਸਿਰ 'ਚ ਮਰ ਜਾਣਗੇ।

ਕਹਿੰਦਾ, ਨਾ ਮਹਾਰਾਜ! ਮੈਂ ਤਾਂ ਮਰ ਕੇ ਆਇਆ ਹਾਂ ਤੁਹਾਡੇ ਕੋਲ। ਸਰਦਾਰ ਬਣ ਕੇ ਨਹੀਂ ਆਇਆ, ਮਜ਼ਬੂਤ ਬਣ ਕੇ ਨਹੀਂ ਆਇਆ।

ਮਹਾਤਮਾ ਨੇ ਕਿਹਾ, ਚੰਗਾ ਫੇਰ ਸੇਵਾ ਕਰਿਆ ਕਰ। ਨਾਮ ਦੀ ਦਾਤ ਦੇ ਦਿਤੀ, ਸੇਵਾ ਕਰਦਾ ਹੈ ਦਿਨ ਰਾਤ। ਮਹਾਤਮਾ ਦੀ ਨਿਗ੍ਹਾ 'ਚ ਚੜ੍ਹ ਗਿਆ, ਜਦੋਂ ਨਿਗ੍ਹਾ ਚੜ੍ਹਿਆ ਉਸ ਵੇਲੇ ਈਰਖਾ ਹੋ ਗਈ ਨਾਲਦਿਆਂ ਨੂੰ ਕਿ ਇਹ ਤਾਂ ਮੂਹਰੇ ਆ ਗਿਆ, ਕੱਲ੍ਹ ਦਾ ਬੰਦਾ। ਉਸ ਵੇਲੇ ਉਨ੍ਹਾਂ ਨੇ ਕਿਹਾ ਕਿ ਇਹਨੂੰ ਨਠਾਓ। ਉਹਦੀ ਰੋਟੀ 'ਚ ਬੂਰਾ ਪਾ ਕੇ ਪਕਾਉਣ ਲੱਗ ਗਿਆ। ਤਿੰਨ ਸਾਲ ਲੰਘ ਗਏ ਉਸ ਨੇ ਕੁਛ ਨਾ ਕਿਹਾ। ਬੂਰੇ ਵਾਲੀ ਰੋਟੀ ਖਾਂਦਾ ਰਿਹਾ। ਸੇਵਾ ਕਰੀ ਜਾਇਆ ਕਰੇ, ਦਿਨ ਰਾਤ। ਉਸ ਤੋਂ ਬਾਅਦ ਉਨ੍ਹਾਂ ਨੇ ਨਮਕ ਪਾ ਦੇਣਾ, ਚੁੱਕ ਕੇ ਮੁੱਠੀ ਭਰ ਕੇ ਨਮਕ ਪਾ ਦੇਣਾ। ਨਮਕ ਵਾਲੀ ਰੋਟੀ ਦੇਖੀ, ਦਾਲ ਦੇਖੀ ਉਸ ਨੇ, ਪਾਣੀ ਵਿਚ ਰੋਟੀ ਪਾ ਦੇਣੀ ਤੇ ਲਾ-ਲਾ ਕੇ ਮਾੜੀ ਮੋਟੀ ਰੋਟੀ ਖਾ ਲੈਣੀ। ਤਿੰਨ ਸਾਲ ਫੇਰ ਲੰਘ ਗਏ। ਤੀਸਰੇ ਸਾਲ ਫੇਰ ਉਨ੍ਹਾਂ ਨੇ ਕਿਹਾ ਕਿ ਇਹ ਨਹੀਂ ਜਾਂਦਾ। ਉਨ੍ਹਾਂ ਨੇ ਵਾਲ ਲਿਆਂਦੇ, ਵਾਲ ਬਰੀਕ ਕਰੇ ਉਹਦੀ ਰੋਟੀ 'ਚ ਪਾ ਦਿਆ ਕਰਨ। ਉਹ ਰੋਟੀ ਸੁਕਾ ਲਿਆ ਕਰ, ਸੁਕਾਉਣ ਤੋਂ ਬਾਅਦ ਉਹਨੂੰ ਰਗੜ

ਲਿਆ ਕਰੇ, ਫੇਰ ਕਪੜਛਾਣ ਕਰਕੇ ਪਾਣੀ 'ਚ ਘੋਲ ਕੇ ਅੰਨ੍ਹ ਪੀ ਲਿਆ ਕਰੇ, ਮਹਾਤਮਾ ਨੂੰ ਨਹੀਂ ਦੱਸਿਆ, ਉਨ੍ਹਾਂ ਨੂੰ ਨਹੀਂ ਕਿਹਾ। ਤਿੰਨ ਸਾਲ ਲੰਘ ਗਏ, ਕਮਜ਼ੋਰ ਹੋ ਗਿਆ ਬਹੁਤ। ਭੱਰਾ ਲਈ ਆਉਂਦਾ ਹੈ ਅੱਜ, ਸਿਰ ਦੇ ਉਤੇ ਭੱਰਾ ਚੁੱਕਿਆ ਹੋਇਆ ਹੈ ਲੱਕੜੀਆਂ ਦਾ, ਨਾਲਾ ਲੰਘਣ ਲੱਗਿਆ।

ਆਪਣੇ ਇਲਾਕੇ ਦਾ ਹੀ ਹੋਇਆ ਹੈ, ਦੂਰ ਦਾ ਨਹੀਂ ਹੋਇਆ ਮਹਾਤਮਾ, ਜਿਹਦੀ ਮੈਂ ਗੱਲ ਕਰਦਾ ਹਾਂ। ਸਾਡੇ ਪਿੰਡਾਂ ਤੋਂ ਨਾਲਾ ਜਾਂਦਾ ਹੈ, ਉਹਨੂੰ ਲੰਘਣ ਲੱਗਿਆ, ਲੰਘ ਕੇ ਗਿਰ ਗਿਆ, ਵਿਚਾਰੇ 'ਚ ਜ਼ੋਰ ਨਾ ਰਿਹਾ। ਅਖੀਰ ਮਨ ਵਿਚ ਆਇਆ ਕਿ ਮਹਾਂਪੁਰਸ਼ੋ! ਹੁਣ ਤਾਂ ਪਤਾ ਨਹੀਂ ਮੇਰੇ 'ਚ ਕਿੰਨੇ ਦਿਨ ਦੀ ਜ਼ਿੰਦਗਾਨੀ ਬਾਕੀ ਰਹਿੰਦੀ ਹੈ, ਅਜੇ ਤੱਕ ਮੈਨੂੰ ਕੁਛ ਮਿਲਿਆ ਨਹੀਂ ਹੈ। ਉਹ ਮਨਾਂ! ਤੇਰੀ ਭਗਤੀ, ਤੇਰੀ ਸੇਵਾ ਅਜੇ ਥਾਂ ਨਹੀਂ ਪਈ ਤੇ ਕਾਲ ਤੈਨੂੰ ਨੇੜੇ-ਨੇੜੇ ਨਜ਼ਰ ਆਉਂਦਾ ਹੈ। ਉਸ ਵੇਲੇ ਮਹਾਤਮਾ ਨੇ ਅੰਦਰਲੀ ਗੱਲ ਜਾਣ ਕੇ ਆਪ ਆਪਣੀ ਗੱਦੀ ਛੱਡ ਕੇ ਤੁਰ ਪਏ। ਉਸ ਰਸਤੇ ਜਿੱਧਰਲੇ ਪਾਸੋਂ ਇਹ ਮਹਾਤਮਾ ਆ ਰਿਹਾ ਸੀ। ਸੇਵਾਦਾਰ ਆ ਰਿਹਾ ਸੀ, ਨਾਲ ਸੇਵਾਦਾਰ ਲੈ ਲਏ, ਰਸਤੇ 'ਚ ਆ ਕੇ ਕਹਿਣ ਲੱਗੇ, ਇਹਦਾ ਭੱਰਾ ਫੜੋ, ਲੱਕੜੀਆਂ ਦਾ। ਭੱਰਾ ਫੜਿਆ, ਨਾਲ ਲੈ ਆਏ, ਚਿੱਠੀਆਂ ਪਾ ਦਿਤੀਆਂ ਸਾਰਿਆਂ ਨੂੰ ਕਿ ਫਲਾਣੇ ਦਿਨ ਅਸੀਂ ਬੜਾ ਭਾਰਾ ਇਕੱਠ ਕਰ ਰਹੇ ਹਾਂ। ਸਾਰੇ ਮਹਾਤਮਾ ਆਓ। ਉਸ ਵੇਲੇ ਸੁਰਜਨ ਦਾਸ ਨੂੰ ਇਸ਼ਨਾਨ ਕਰਾ ਕੇ ਪੁੱਛਿਆ ਕਿ ਸੁਰਜਨ ਦਾਸ! ਤੂੰ ਇਸ ਤਰ੍ਹਾਂ ਕਰ ਜਦੋਂ ਤੂੰ ਨਾਲਾ ਟੱਪਣ ਲੱਗਿਆ ਸੀ ਤਾਂ ਤੂੰ ਕੀ ਕਿਹਾ ਸੀ? ਸੱਚੋ ਸੱਚ ਦੱਸ?

ਕਹਿੰਦਾ, ਮਹਾਰਾਜ! ਤੁਹਾਨੂੰ ਸਭ ਪਤਾ ਹੈ, ਹੋ ਸਕਦਾ ਹੈ ਕਿ ਦੱਸਣ ਵੇਲੇ ਮੈਂ ਕੋਈ ਅੱਖਰ ਘੱਟ ਵੱਧ ਲਾ ਦੇਵਾਂ। ਕਹਿਣ ਲੱਗੇ, ਠੀਕ ਹੈ ਤੂੰ ਬਿਲਕੁਲ ਮੁਰਦਾ ਹੋ ਕੇ ਇੱਥੇ ਰਹਿ, ਮੈਨੂੰ ਪਤਾ ਹੈ ਕਿ ਤੈਨੂੰ ਬੂਰੇ ਦੀਆਂ ਰੋਟੀਆਂ ਦਿੰਦੇ ਰਹੇ ਨੇ। ਮੈਨੂੰ ਪਤਾ ਹੈ ਕਿ ਤੇਰੇ ਦਾਲ ਪਾਣੀ 'ਚ ਬਹੁਤ ਨਮਕ ਪਾਉਂਦੇ ਰਹੇ ਨੇ। ਇਹ ਵੀ ਮੈਨੂੰ ਪਤਾ ਹੈ ਕਿ ਤਿੰਨ ਸਾਲ ਤੋਂ ਤੂੰ ਵਾਲਾਂ ਵਾਲੀਆਂ ਰੋਟੀਆਂ ਖਾਂਦਾ ਹੈਂ। ਤੂੰ ਸੱਚਮੁੱਚ ਮੁਰਦਾ ਹੋਇਆ ਹੈਂ ਏਸ ਕਰਕੇ ਤੈਨੂੰ ਹੁਣ ਨਵੀਂ ਜ਼ਿੰਦਗੀ ਦਿੰਦੇ ਹਾਂ। ਕ੍ਰਿਪਾ ਕਰੀ, ਬੁੱਕਲ 'ਚ ਲੈ ਲਿਆ, ਬ੍ਰਹਮਗਿਆਨ ਕਰਾ ਦਿਤਾ। ਬਜਰ ਕਪਾਟ ਖੋਲ੍ਹ ਦਿਤੇ, ਸ਼ਕਤੀਆਂ ਸਾਰੀਆਂ ਉਹਦੇ ਹਵਾਲੇ ਕਰ ਦਿਤੀਆਂ ਤੇ ਆਪਣੇ ਬਰਾਬਰ ਤਖਤ-ਪੋਸ਼ ਦੇ ਉਤੇ ਬਿਠਾ ਲਿਆ। ਕਹਿੰਦੇ, ਲਓ ਭਾਈ, ਮੇਰੀ ਥਾਂ ਦੇ ਉਤੇ ਇਹਨੂੰ ਸਮਝਿਓ, ਅਸੀਂ ਹੁਣ ਸਰੀਰ ਛੱਡ ਦੇਣਾ ਹੈ ਕੱਲ੍ਹ ਨੂੰ। ਦੂਸਰੇ ਦਿਨ ਮਹਾਤਮਾ ਨੇ ਸਰੀਰ ਛੱਡ ਦਿਤਾ ਤੇ ਉਹ ਬਹੁਤ ਉੱਚ ਕੋਟੀ ਦੇ ਮਹਾਤਮਾ ਹੋਏ, ਛੀਂਟਾਂ ਵਾਲੇ ਕਿਹਾ ਕਰਦੇ ਸੀ, ਨਾਭੇ ਰਾਜ ਦੇ ਅੰਦਰ। ਸੋ ਇਹ -

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***

***(ਭਾਈ ਗੁਰਦਾਸ ਜੀ, ਵਾਰ 3/18)***

ਮਹਾਰਾਜ ਕਹਿਣ ਲੱਗੇ, ਭਾਈ ਮੰਝ! ਇਸ ਤਰ੍ਹਾਂ ਮਰਨਾ ਪੈਣਾ ਹੈ, ਜੇ ਤਾਂ ਸਿੱਖੀ ਕਬੂਲ ਹੈ ਤੈਨੂੰ ਤਾਂ ਦੇਖ ਲੈ –

***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***

***(ਭਾਈ ਗੁਰਦਾਸ ਜੀ, ਵਾਰ 3/18)***

ਗੁਲਾਮ ਦਾ ਕੋਈ ਹੱਕ ਨਹੀਂ ਹੁੰਦਾ, ਜਦੋਂ ਕਹਿ ਦਿਓ ਸੌਂ ਜਾ, ਸੌਂ ਜਾਏਗਾ। ਜਦੋਂ ਕਹਿ ਦਿਓ ਉੱਠ, ਉੱਠ ਖੜ੍ਹੇਗਾ। ਕਹਿੰਦੇ, ਗੁਲਾਮ ਬਣਨਾ ਪੈਣਾ ਹੈ।

***ਨਾ ਤਿਸੁ ਭੁਖ ਨ ਨੀਂਦ ਨ ਖਾਣਾ ਸੋਵਣਾ,***
***ਪੀਹਣਿ ਹੋਇ ਜਦੀਦ ਪਾਣੀ ਢੋਵਣਾ।***

***(ਭਾਈ ਗੁਰਦਾਸ ਜੀ, ਵਾਰ 3/18)***

ਇਸ ਤਰ੍ਹਾਂ ਦੇ ਨਾਲ –

***ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ। (ਭਾਈ ਗੁਰਦਾਸ ਜੀ, ਵਾਰ 3/18)***

ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ, ਫੇਰ ਜਾ ਕੇ ਸਿੱਖੀ ਪ੍ਰਾਪਤ ਹੁੰਦੀ ਹੈ। ਫੇਰ ਈਦ ਦੇ ਚੰਦਰਮਾ ਵਾਂਗੂੰ ਪ੍ਰਗਟ ਹੋ ਜਾਇਆ ਕਰਦਾ ਹੈ। ਸੋ ਦੇਖ ਲੈ, ਜੇ ਤੂੰ ਇਹ ਸਿੱਖੀ ਨਿਭਾ ਸਕਦਾ ਹੈ। ਪਹਿਲਾਂ ਆਪਣੇ ਘਰ ਜਾਹ, ਜਾ ਕੇ ਮੁਕਾਮ ਢਾਹ ਕੇ ਆ, ਕਬਰ ਢਾਹ ਕੇ ਆ। ਉਸੇ ਵੇਲੇ ਘਰ ਨੂੰ ਚਲਿਆ ਗਿਆ, ਘਰਵਾਲੀ ਪਤੀਵਰਤਾ ਇਸਤ੍ਰੀ ਸੀ, ਬੱਚੇ ਆਗਿਆਕਾਰੀ ਸੀ ਤੇ ਜਾ ਕੇ ਕਹਿਣ ਲੱਗੇ, ਤੁਸੀਂ ਮੁੜ ਆਏ। ਕਹਿਣ ਲੱਗੇ, ਮੈਂ ਜਿੱਥੇ ਜਾਣਾ ਸੀ ਚਲਿਆ ਗਿਆ। ਮੈਂ ਤਾਂ ਗੁਰੂ ਦੀ ਸਿੱਖੀ ਧਾਰਨ ਕਰ ਲਈ ਕਿਉਂਕਿ ਬਾਕੀ ਚੀਜ਼ਾਂ ਸਭ ਖੋਟੀਆਂ ਨੇ, ਖਰੀ ਚੀਜ਼ ਜੇ ਕੋਈ ਦੁਨੀਆ 'ਚ ਹੈ ਤਾਂ ਗੁਰੂ ਦੀ ਸਿੱਖੀ ਹੈ। ਸੋ ਮੈਂ ਤਾਂ ਜਿੱਥੇ ਜਾਣਾ ਸੀ ਚਲਿਆ ਗਿਆ। ਕਹੀ ਚੁੱਕ ਲਈ।

ਕਹਿੰਦੇ, ਹੁਣ ਕੀ ਕਰਨ ਲੱਗਿਆ ਹੈਂ।

ਕਹਿਣ ਲੱਗਿਆ, ਇਹ ਪੀਰ ਦਾ ਮੁਕਾਮ ਢਾਹ ਦੇਣਾ ਹੈ, ਕਿਉਂਕਿ ਅਜੇ ਮੈਨੂੰ ਗੁਰੂ ਨੇ ਕਬੂਲਿਆ ਨਹੀਂ, ਕਿਉਂਕਿ ਇੱਕ ਪਾਸੇ ਹੋ ਜਾ, ਦੋ ਪਾਸੀਂ ਨਹੀਂ ਗੱਲ ਚੱਲਣੀ।

ਸਾਡਾ ਵੀ ਇਹੀ ਹਾਲ ਹੈ, ਵਿਚੇ ਤਾਂ ਅੰਮ੍ਰਿਤ ਛਕ ਲੈਂਦੇ ਹਾਂ, ਮੇਰੇ ਕੋਲ ਆਉਂਦੇ ਨੇ ਬੰਦੇ, ਗੱਲਾਂ ਸੁਣਦਾ ਹਾਂ ਮੈਂ ਉਨ੍ਹਾਂ ਦੀਆਂ ਕਿ ਜੀ ਫਲਾਣੇ ਥਾਂ ਵੀ ਗਏ ਸੀ, ਵਡਭਾਗ ਸਿੰਘ ਦੇ ਡੇਰੇ ਵੀ ਗਏ ਸੀ। ਮੈਂ ਕਿਹਾ ਕਮਾਲ ਕਰੀ।

ਇੱਕ ਪਾਸੇ ਤੁਸੀਂ ਗੁਰੂ ਨਾਨਕ ਸਾਹਿਬ ਦੀ ਸਿੱਖੀ ਧਾਰਨ ਕਰੀ ਹੈ। ਇੱਕ ਪਾਸੇ ਤੁਸੀਂ ਭੂਤਾਂ ਪ੍ਰੇਤਾਂ ਨੂੰ ਮੱਥਾ ਟੇਕਣ ਆਉਂਦੇ ਓਂ। ਕਹਿੰਦੇ ਜੀ, ਤੰਗ ਕਰਦੀਆਂ ਨੇ ਰੂਹਾਂ, ਸਾਡੇ ਕੰਮ ਵਿਗਾੜਦੀਆਂ ਨੇ, ਮੈਂ ਕਿਹਾ ਤੁਹਾਡਾ ਨਿਹਚਾ ਹੀ ਨਹੀਂ ਹੈ, ਗੁਰੂ ਨਾਨਕ ਸਾਹਿਬ 'ਤੇ ਜਿਹਦਾ ਨਿਹਚਾ

ਹੋਵੇ, 100%, ਗੁਰੂ ਕਿਉਂ ਦੂਰ ਗਿਆ ਹੋਇਆ ਹੈ, ਨਾਲ ਰਹਿੰਦਾ ਹੈ ਸਾਡੇ।

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥*
*ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥* **ਅੰਗ - 394**

ਸਾਰੇ ਸ਼ਹੀਦ ਸਿੰਘ ਨਾਲ ਰਹਿੰਦੇ ਨੇ, ਸਾਰੇ ਗੁਰੂ ਨਾਲ ਰਹਿੰਦੇ ਨੇ, ਸਾਰੇ ਮਹਾਤਮਾ ਨਾਲ ਰਹਿੰਦੇ ਨੇ, ਉਸ ਬੰਦੇ ਦੇ ਜਿਹਦੇ ਹਿਰਦੇ ਦੇ ਅੰਦਰੋਂ ਮੈਲ ਖਤਮ ਹੋ ਗਈ। ਜਿਹਦਾ ਪੱਕਾ ਭਰੋਸਾ ਗੁਰੂ ਦੇ ਉੱਤੇ ਹੋ ਗਿਆ। ਸਾਡੇ ਭਰੋਸੇ ਦੀ ਕਮੀ ਹੋਣ ਕਰਕੇ, ਅਸੀਂ ਸਿੱਖੀ ਦੇ ਵਿਚ ਨਹੀਂ ਆਉਂਦੇ। ਕ੍ਰਿਪਾਨ ਤਾਂ ਪਾ ਲਈ, ਫੇਰ ਡਾਵਾਂਡੋਲ ਰਹਿੰਦੇ ਹਾਂ, ਕੋਈ ਵਿਰਲਾ ਹੈ ਜਿਹੜਾ ਗੁਰੂ ਨਾਨਕ ਨੂੰ ਹਿਰਦੇ 'ਚ ਵਸਾਉਂਦਾ ਹੈ। ਵਸਾ ਕੇ ਦੇਖ ਲਓ, ਕੋਈ ਕਹਿੰਦਾ ਹੈ ਜੀ, ਮੇਰੇ 'ਚ ਹਵਾ ਆਉਂਦੀ ਹੈ। ਮੈਂ ਕਿਹਾ, ਅਸੀਂ ਜੰਤਰੀ ਮੰਤਰੀ ਨਹੀਂ ਭਾਈ, ਇੱਕ ਗੱਲ ਮੈਂ ਤੈਨੂੰ ਦਸ ਦਿੰਦਾ ਹਾਂ, ਤੂੰ 'ਜਪੁਜੀ ਸਾਹਿਬ' ਦਾ ਪਾਠ ਹਿਰਦੇ ਨਾਲ ਕਰ, ਹਵਾ ਨੱਠ ਜਾਏਗੀ, ਹਵਾ ਦੀ ਕੀ ਤਾਕਤ ਹੈ, ਜਪੁਜੀ ਸਾਹਿਬ ਕੋਲ ਆਵੇ। ਉਹ ਨਿਹਚਾ ਡਾਵਾਂਡੋਲ ਹੋਣ ਕਰਕੇ ਇਹ ਗੱਲਾਂ ਹੁੰਦੀਆਂ ਨੇ। ਜੇ ਨਿਹਚਾ ਡਾਵਾਂਡੋਲ ਨਾ ਹੋਵੇ, ਸਿੱਖ ਨੂੰ ਕੋਈ ਤਕਲੀਫ ਹੀ ਨਹੀਂ ਆਉਂਦੀ -

*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥* **ਅੰਗ - 262**

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਜਿਸ ਵਕਤ ਫੁਰਮਾਨ ਕੀਤਾ ਕਿ ਪ੍ਰੇਮੀਆਂ! ਸਿੱਖ ਇਸ ਤਰ੍ਹਾਂ ਬਣੀਦਾ ਹੈ -

*ਦਰ ਦਰਵੇਸੁ ਰਸੀਦੁ ਪਿਰਮ ਰਸ ਭੌਵਣਾ।*

ਬਈ ਤੂੰ ਜਾਹ, ਪਹਿਲਾਂ ਫੈਸਲਾ ਕਰਕੇ ਆ। ਉਸ ਵੇਲੇ ਜਦੋਂ ਮੁਕਾਮ ਢਾਹੁੰਣ ਲੱਗਿਆ, ਲੋਕਾਂ ਨੂੰ ਪਤਾ ਲੱਗ ਗਿਆ ਕਿ ਲੈ, ਹੁਣ ਆਪਣੇ ਉੱਤੇ ਕਹਿਰ ਪਊ ਪੀਰ ਦਾ। ਭਾਈ ਤੀਰਥੇ ਨੇ ਸਿੱਖੀ ਧਾਰਨ ਕਰ ਲਈ। ਬੜਾ ਮਾੜਾ ਕੰਮ ਕਰਿਆ, ਭਟਕ ਗਿਆ ਰਸਤੇ ਤੋਂ ਤੇ ਪੀਰ ਨੇ ਨਰਾਜ਼ ਹੋ ਜਾਣਾ ਹੈ, ਪਿੰਡ ਨੂੰ ਗਰਕ ਕਰ ਦਏਗਾ ਪੀਰ। ਕਈ ਬੰਦੇ ਜਾਂਦੇ ਨੇ, ਬਾਂਹਾਂ ਫੜਦੇ ਨੇ, ਕਹਿੰਦੇ, ਭਾਈ ਤੀਰਥੇ! ਨਾ ਕਰ। ਚੌਧਰੀ! ਇਹ ਗੱਲ ਨਾ ਕਰ, ਪਿੰਡ ਗਰਕ ਹੋ ਜਾਏਗਾ। ਕਹਿੰਦਾ, ਹਟ ਜਾਓ ਪਰ੍ਹੇ, ਮੇਰੇ ਕੋਲ ਨਾ ਕੋਈ ਆਓ। ਢਾਹ ਕੇ ਇੱਟਾਂ ਬਾਹਰ ਕੱਢ ਦਿਤੀਆਂ। ਸਾਫ ਕਰ ਦਿਤਾ ਤੇ ਗੁਰੂ ਮਹਾਰਾਜ ਕੋਲ ਆ ਗਿਆ। ਆ ਕੇ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਜੋ ਆਪ ਦਾ ਹੁਕਮ ਸੀ, ਉਹਦੇ ਮੁਤਾਬਿਕ ਮੈਂ ਕਰ ਆਇਆ। ਮਹਾਰਾਜ ਕਹਿੰਦੇ, ਦੇਖ, ਪ੍ਰੇਮੀਆਂ! ਅਜੇ ਵੀ ਅਸੀਂ ਤੈਨੂੰ ਸਲਾਹ ਦਿੰਦੇ ਹਾਂ। ਤੇਰਾ ਸਾਰਾ ਭਾਈਚਾਰਾ ਜਿੰਨਾਂ ਵੀ ਹੈ, ਤੇਰਾ ਬਾਈਕਾਟ ਕਰ ਦਏਗਾ। ਤੇਰੀ ਜਾਇਦਾਦ ਖੋਹ ਲੈਣਗੇ, ਤੇਰੇ ਪਸ਼ੂ ਮਰ ਜਾਣਗੇ। ਹੱਦ ਤੋਂ ਜ਼ਿਆਦਾ ਤਕਲੀਫਾਂ ਆਉਣਗੀਆਂ। ਚੰਗਾ ਇਹ ਹੈ ਕਿ ਤੂੰ ਉਥੇ ਹੀ ਰਹਿ ਤੇ ਦੁਨੀਆਂਦਾਰੀ 'ਚ ਤਾਂ ਸੁਖੀ ਰਹੇਂਗਾ, ਸਿੱਖੀ ਧਾਰਨ ਕਰਕੇ ਤੈਨੂੰ ਔਖ ਹੋ ਜਾਏਗੀ। ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ -

*ਸੁਨਿਕੈ ਸ਼੍ਰੀ ਅਰਜਨ ਫੁਰਮਾਯਹੁ।*
*ਅਪਨ ਪੀਰ ਤੈਂ ਤੁਰਕ ਬਨਾਯਹੁ।*
*ਸਰਵਰ ਕੇ ਮੁਰੀਦ ਤੁਮ ਰਹੇ।*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1815***

ਸਿੱਖੀ ਨਹੀਂ ਪ੍ਰੇਮੀਆਂ ਮਿਲਣੀ ਕਿਉਂਕਿ ਤੂੰ ਤਾਂ ਪੀਰ ਦਾ ਮੁਰੀਦ ਰਿਹਾ ਹੈਂ।

*ਖੰਡੇਧਾਰ ਚਲਹਿ ਨਹਿਂ ਗਿਰੇ।*

ਖੰਡੇ ਤੋਂ ਤਿੱਖੀ ਵਾਲ ਤੋਂ ਨਿੱਕੀ। ਇਹਦੇ ਉਤੇ ਚੱਲੇ ਤੇ ਗਿਰੇ ਨਾ –

*ਸੂਖਮ ਅਧਿਕ ਕੇਸ ਤੇ ਪਰੇ।*

ਕੇਸ (ਵਾਲ) ਤੋਂ ਵੀ ਸੂਖਮ ਹੈ।

*ਨਹੀਂ ਕਮਾਇ ਸਕਹੁਗੇ ਤਾਂਹੀ।*

ਤੂੰ ਇਹ ਕਮਾ ਨਹੀਂ ਸਕੇਂਗਾ।

*ਪ੍ਰਾਨਨ ਕੋ ਪਲਟੋ ਜਿਸੁ ਮਾਂਹੀ।*

ਸੋ ਇਸ ਤਰ੍ਹਾਂ ਦੇ ਨਾਲ ਆਪ ਸਮਝਾਉਂਦੇ ਨੇ ਕਿ ਪ੍ਰੇਮੀਆਂ! ਤੂੰ ਸਿੱਖੀ ਦੇ ਖਿਆਲ ਛੱਡ ਦੇ। ਦੋ ਪਾਸੇ ਨਾ ਰਹਿ, ਇੱਕ ਪਾਸੇ ਰਹਿਣਾ ਪਏਗਾ। ਉਸ ਵੇਲੇ ਕਹਿਣ ਲੱਗਿਆ ਕਿ ਮਹਾਰਾਜ! ਮੈਂ ਕਬਰ ਢਾਹ ਆਇਆ ਹਾਂ। ਮੈਂ ਆਪ ਦੇ ਚਰਨਾਂ ਵਿਚ ਹਾਂ। ਕਹਿੰਦੇ, ਫੇਰ।

*ਅਰੁ ਜਬਿ ਸਿੱਖ ਹਮਾਰੋ ਹੋਵਹਿਂ।*

ਜਦੋਂ ਤੂੰ ਸਾਡਾ ਸਿੱਖ ਬਣ ਗਿਆ, ਫੇਰ ਤੇਰੀ ਨਿੰਦਿਆ ਹੋਏਗੀ। ਇਕੱਲੇ-ਇਕੱਲੇ ਜੀਵ ਦੇ ਜ਼ੁਬਾਨ ਦੇ ਉਤੇ ਤੇਰੀ ਨਿੰਦਿਆ ਹੋਏਗੀ।

*ਅਪਜਸ ਲਹੈਂ ਸਕਲ ਧਨ ਖੋਵਹਿਂ॥*

ਮਹਾਰਾਜ ਨੇ ਹੋਰ ਬਚਨ ਕਰ ਦਿਤਾ ਕਿ ਜਿੰਨਾਂ ਤੇਰੇ ਕੋਲ ਧਨ ਹੈ, ਸਾਰਾ ਜਾਂਦਾ ਰਹੇਗਾ, ਪਸ਼ੂ ਮਰ ਜਾਣਗੇ, ਘੋੜੇ ਮਰ ਜਾਣਗੇ। ਜ਼ਮੀਨ ਖਤਮ ਹੋ ਜਾਏਗੀ, ਤੈਨੂੰ ਫੜ ਕੇ ਬਾਹਰ ਕੱਢ ਦੇਣਗੇ –

*ਅਰੁ ਜਬਿ ਸਿੱਖ ਹਮਾਰੋ ਹੋਵਹਿਂ।*
*ਅਪਜਸ ਲਹੈਂ-ਸਕਲ ਧਨ ਖੋਵਹਿਂ।*
*ਕੁਲ ਕੇ ਲੋਕ ਕਰਹਿਂ ਉਪਹਾਸ।*

ਤੈਨੂੰ ਤੁਰੇ ਜਾਂਦੇ ਨੂੰ ਲੋਕ ਮਿਹਣੇ ਮਾਰ-ਮਾਰ ਕੇ ਹਾਸਾ ਕਰਨਗੇ, ਖਿੱਲੀ ਉਡਾਉਣਗੇ। ਜਦੋਂ ਤੇਰਾ ਸਭ ਕੁਛ ਜਾਂਦਾ ਰਹੇਗਾ, ਆਹ ਦੇਖ ਲਓ ਕਹਿੰਦੇ, ਸਿੱਖ ਬਣ ਕੇ ਕੀ ਖੱਟਿਆ ਹੈ ਇਹਨੇ। ਕਈ ਪ੍ਰੇਮੀ ਮੇਰੇ ਕੋਲ ਆਉਂਦੇ ਕਿ ਜੀ ਜਦੋਂ ਅਸੀਂ ਜਪੁਜੀ ਸਾਹਿਬ ਦਾ ਪਾਠ ਕਰਦੇ ਹਾਂ, ਸਾਡਾ ਨੁਕਸਾਨ ਹੋਣ ਲਗ ਜਾਂਦਾ ਹੈ। ਕਹਿੰਦੇ ਨੇ ਕਿ ਜੀ ਮੈਂ ਜਦੋਂ ਦਾ ਨਿਤਨੇਮ ਕਰਨ ਲੱਗਿਆਂ ਓਦੋਂ ਦਾ ਮੇਰਾ ਨੁਕਸਾਨ ਹੋਣ ਲੱਗ ਗਿਆ। ਮੈਂ ਕਿਹਾ, ਤੈਨੂੰ ਕੀਹਨੇ ਕਿਹਾ ਸੀ ਅੰਮ੍ਰਿਤ ਛਕਣ ਨੂੰ, ਤੇਰੇ ਮਨ ਦੇ ਵਿਚ ਜਦ

ਵਿਸ਼ਵਾਸ਼ ਹੀ ਨਹੀਂ ਆਇਆ। ਤੈਨੂੰ ਫੜ ਕੇ ਕਿਸੇ ਨੇ ਅੰਮ੍ਰਿਤ ਛਕਾ ਕੇ ਸਿੱਖ ਬਣਾ ਦਿਤਾ। ਪ੍ਰੇਮੀਆਂ! ਪਹਿਲਾਂ ਨਿਹਚਾ ਲਿਆ ਗੁਰੂ ਨਾਨਕ 'ਤੇ –

***ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥***
***ਅੰਗ – 750***

ਗੁਰੂ ਨਾਨਕ ਤੋਂ ਵੱਡਾ ਕੋਈ ਨਹੀਂ ਹੈ। 'ਜਪੁਜੀ ਸਾਹਿਬ' ਤੋਂ ਵੱਡਾ ਦੁਨੀਆਂ ਦਾ ਕੋਈ ਮੰਤਰ ਨਹੀਂ ਹੈ। ਪੜ੍ਹ ਤਾਂ ਸਹੀ ਭਰੋਸੇ ਨਾਲ।

ਫੇਰ ਆਉਂਦੇ ਨੇ ਥੋੜ੍ਹੇ ਦਿਨ ਤੋਂ ਬਾਅਦ, ਕਹਿੰਦੇ ਬਾਬਾ ਜੀ, ਜਿਸ ਦਿਨ ਦਾ ਤੁਸੀਂ ਕਿਹਾ ਹੈ ਉਸ ਦਿਨ ਦਾ ਠੀਕ ਹੋ ਗਿਆ।

ਮੈਂ ਕਿਹਾ, ਮੇਰੇ ਕਹਿਣ 'ਤੇ ਨਹੀਂ ਠੀਕ ਹੋਇਆ, ਤੇਰਾ ਨਿਹਚਾ ਬੱਝ ਗਿਆ ਗੁਰੂ ਦੇ ਉਤੇ। ਸੋ ਲੋਕਾਂ ਦੇ ਮਨ 'ਚ ਖਿਆਲ ਆਉਂਦਾ ਹੈ ਕਿ ਮੇਰਾ ਨੁਕਸਾਨ ਹੋ ਗਿਆ। ਮਹਾਰਾਜ ਕਹਿੰਦੇ, ਫੇਰ ਤੇਰਾ ਨੁਕਸਾਨ ਹੋ ਜਾਣਾ ਹੈ।

***ਕੁਲ ਕੇ ਲੋਕ ਕਰਹਿਂ ਉਪਹਾਸ।***
***ਨਹੀਂ ਬੈਠਿਬੇ ਦੇਹਿਂ ਨਿਜ ਪਾਸ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1815***

ਤੈਨੂੰ ਕੋਲ ਨਹੀਂ ਕਿਸੇ ਨੇ ਬੈਠਣ ਦੇਣਾ।

***ਏਤੀ ਬਾਤ ਸਹੋ ਮਨ ਲਾਇ।***
***ਤੌ ਹਮਰੋ ਸਿਖ ਹੂਜਹਿ ਆਇ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1815***

ਜੇ ਤੂੰ ਐਨੀ ਗੱਲ ਮਨ ਲਾ ਕੇ ਸਹਿ ਸਕਦਾ ਹੈਂ, ਤਾਂ ਤੂੰ ਸਾਡੀ ਸਿੱਖੀ ਧਾਰਨ ਕਰ ਲੈ। ਜੇ ਨਹੀਂ ਮਨਜ਼ੂਰ –

***ਨਾਂਹਿ ਤ ਸੇਵਹੁ ਪੀਰ ਮੁਕਾਮੂ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1815***

ਨਹੀਂ ਤਾਂ ਜਾ ਕੇ ਪੀਰ ਦੇ ਮੁਕਾਮ ਦੀ ਜਾ ਕੇ ਸੇਵਾ ਕਰੀ ਜਾਹ।

***ਸਿੱਖੀ ਕੋ ਲੀਜਹਿ ਨਹਿਂ ਨਾਮੂ।***
***ਰਾਖਹੁ ਧਨੁ ਕੁਲ ਕੀ ਵਡਿਆਈ।***
***ਸਿੱਖੀ ਧਰਿ ਕਯੋਂ ਲੇ ਦੁਖ ਪਾਈ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1815***

ਕਿਉਂ ਦੁੱਖਾਂ ਨੂੰ ਮੁੱਲ ਲੈ ਰਿਹਾ ਹੈਂ ਫੇਰ ਸਿੱਖੀ ਧਾਰਨ ਕਰਕੇ। ਆਪਣਾ ਧਨ ਵੀ ਰੱਖ, ਮੱਝਾਂ ਵੀ ਰੱਖ, ਬਲਦ ਵੀ ਰੱਖ, ਜਾਇਦਾਦ ਵੀ ਰੱਖ।

ਇਸ ਤਰ੍ਹਾਂ ਦੇ ਜਦੋਂ ਬਚਨ ਕਰੇ, ਮਹਾਰਾਜ ਕਹਿੰਦੇ, ਫੇਰ ਪ੍ਰੇਮੀਆਂ ਸਿੱਖੀ ਔਖੀ ਹੈ, ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਜੀਉਂਦੇ ਮਰ ਜਾਵਣਾ,***

***ਸਿੱਖੀ ਕਮਾਉਣੀ ਔਖੀ।***

***ਜਉ ਤਉ ਪ੍ਰੇਮ ਖੇਲਣ ਕਾ ਚਾਉ ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ ॥***
***ਇਤੁ ਮਾਰਗਿ ਪੈਰੁ ਧਰੀਜੈ ॥*** ***ਅੰਗ - 1412***

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥***
***ਅੰਗ - 1102***

ਕਹਿਣ ਲੱਗੇ, ਪ੍ਰੇਮੀਆਂ! ਐਨੀ ਸੁਖਾਲੀ ਚੀਜ਼ ਨਹੀਂ ਜਿੰਨੀ ਤੂੰ ਸਮਝਦਾ ਹੈਂ। ***'ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*** ' ਜਦੋਂ ਐਨਾ ਬਚਨ ਗੁਰੂ ਮਹਾਰਾਜ ਦਾ ਸੁਣਿਆ, ਗਲ 'ਚ ਪੱਲਾ ਪਾ ਕੇ ਖੜ੍ਹਾ ਹੈ, ਨੇਤਰਾਂ ਦੇ ਵਿਚੋਂ ਜਲ ਜਾ ਰਿਹਾ ਹੈ। ਬੋਲ ਨਹੀਂ ਹੁੰਦਾ, ਉਸ ਵੇਲੇ ਬੜਾ ਧਿਆਨ ਲਾ ਕੇ ਤੇ ਜ਼ੋਰ ਲਾ ਕੇ ਬੋਲਦਾ ਹੈ, ਤੇ ਇਸ ਤਰ੍ਹਾਂ ਮਹਾਰਾਜ ਕੋਲ ਬੇਨਤੀ ਕਰਦਾ ਹੈ-

***ਧਾਰਨਾ - ਮੈਨੂੰ ਦੇਵੋ, ਚਰਨਾਂ ਦਾ ਆਸਰਾ,***
***ਹੋਰ ਸਾਰੇ ਦੁਆਰੇ ਛੱਡ 'ਤੇ।***

ਸਾਧਸੰਗਤ ਜੀ! ਆਪ ਸਾਰੇ ਏਸ ਪਵਿੱਤਰ ਭੂਮੀ 'ਤੇ ਬਿਰਾਜਮਾਨ ਹੋਂ, ਜਿਸ ਥਾਂ ਦੇ ਕਣ-ਕਣ ਦੇ ਉਤੇ ਗੁਰੂ ਦਸ਼ਮੇਸ਼ ਪਿਤਾ ਦੇ ਘੋੜੇ ਦੀਆਂ ਟਾਪਾਂ ਲੱਗੀਆਂ ਹੋਈਆਂ ਨੇ, ਗੁਰੂ ਮਹਾਰਾਜ ਦੀ ਦ੍ਰਿਸ਼ਟੀ ਪਈ ਹੋਈ ਹੈ। ਪਿਆਰ ਲਿਆਓ ਗੁਰੂ ਦਸ਼ਮੇਸ਼ ਪਿਤਾ ਦਾ, ਮਨ ਦੇ ਅੰਦਰ ਤਸਵੀਰ ਲਿਆਓ ਜਦੋਂ ਚਮਕੌਰ ਦੇ ਅੰਦਰ ਯੁੱਧ ਹੋ ਰਿਹਾ ਸੀ ਤੇ ਸਾਰੇ ਨਿਮਰ ਭਾਵ ਨਾਲ, ਗੁਰੂ ਮਹਾਰਾਜ ਦੇ ਚਰਨਾਂ 'ਚ ਹਿਰਦੇ ਦੇ ਨਾਲ ਪ੍ਰਾਰਥਨਾ ਕਰੋ -

***ਧਾਰਨਾ - ਮੈਨੂੰ ਦੇਵੋ, ਚਰਨਾਂ ਦਾ ਆਸਰਾ,***
***ਹੋਰ ਸਾਰੇ ਦੁਆਰੇ ਛੱਡ 'ਤੇ।***
***ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥***
***ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥***
***ਦੋਹਰਾ***

ਪਾਤਸ਼ਾਹ! ਹੁਣ ਮੇਰੇ ਵਾਸਤੇ ਸੰਸਾਰ 'ਚ ਤੇਰੇ ਚਰਨਾਂ ਤੋਂ ਬਗੈਰ ਕੋਈ ਥਾਂ ਨਹੀਂ, ਕ੍ਰਿਪਾ ਕਰੋ, ਮੈਨੂੰ ਵਾਪਸ ਨਾ ਭੇਜੋ ਤੇ ਇਸ ਤਰ੍ਹਾਂ ਦੇ ਨਾਲ ਲਿਖਿਆ ਹੈ -

***ਨੰਮ੍ਰਿ ਹੋਇ ਇਵ ਬਿਨੈ ਸੁਨਾਇਵ।*** ***(ਓਹੀ)***

ਅਤਿ ਨਿਮਰ ਹੋ ਕੇ, ਗਰੀਬ ਹੋ ਕੇ ਇਸ ਤਰ੍ਹਾਂ ਦੇ ਨਾਲ ਬੇਨਤੀ ਕਰਦਾ ਹੈ -

***ਪ੍ਰੇਮ ਅਧਿਕ ਲੋਚਨ ਜਲ ਛਾਇਵ।*** ***(ਓਹੀ)***

ਅੱਖਾਂ 'ਚੋਂ ਧਾਰਾਂ ਚੱਲ ਰਹੀਆਂ ਨੇ ਪਾਣੀ ਦੀਆਂ।

***ਪ੍ਰਭੂ ਜੀ ਆਏ ਸ਼ਰਣਿ ਤੁਮਾਰੀ।***
***ਦਿਹੁ ਸਿੱਖੀ ਹਮ ਲਖਿ ਅਧਿਕਾਰੀ।*** ***(ਓਹੀ)***

ਹੇ ਪਾਤਸ਼ਾਹ! ਮੈਨੂੰ ਸਿੱਖੀ ਦੀ ਦਾਤ ਦੇ। ਮੁਕਾਮ ਢਾਹ ਕੇ ਗੁਰੂ ਮਹਾਰਾਜ ਨੂੰ ਆ ਕੇ ਕਿਹਾ, ਕਹਿਣ ਲੱਗਿਆ, ਸੱਚੇ ਪਾਤਸ਼ਾਹ! ਹੁਣ ਮੈਨੂੰ ਸਿੱਖੀ ਦੀ ਦਾਤ ਦਿਓ, ਮਹਾਰਾਜ ਪ੍ਰਸੰਨ ਹੋ ਗਏ ਕਿ ਸੱਚਮੁੱਚ ਇਹ ਅਧਿਕਾਰੀ ਜਗਿਆਸੂ ਆਇਆ ਹੈ। ਕਹਿਣ ਲੱਗੇ, ਦੇਖ ਭਾਈ ਪ੍ਰੇਮੀਆਂ! ਤੂੰ ਸਿੱਖੀ ਧਾਰਨ ਕਰਨੀ ਹੈ ਤੇ ਨਾਮ ਜਪਣਾ ਹੈ। ਕੱਲ੍ਹ ਮੈਂ ਬੇਨਤੀ ਕੀਤੀ ਸੀ ਕਿ ਨਾਮ ਜਪਣ ਵਾਸਤੇ ਪਹਿਲਾਂ ਸਾਰਿਆਂ ਨਾਲੋਂ ਪ੍ਰਤੀਤ ਦੀ ਲੋੜ ਹੁੰਦੀ ਹੈ। ਜਿਹੋ ਜਿਹੀ ਧੰਨੇ ਨੇ ਪ੍ਰਤੀਤ ਕਰੀ ਸੀ। ਦੂਸਰੀ ਹੁੰਦੀ ਹੈ ਕਿ ਰਜ਼ਾ ਵਿਚ ਰਾਜ਼ੀ ਰਹਿਣਾ। ਜਿਵੇਂ ਭਾਈ ਭਿਖਾਰੀ ਦਾ ਲੜਕਾ ਚੜ੍ਹਾਈ ਕਰ ਗਿਆ। ਰਜ਼ਾ ਵਿਚ ਰਾਜ਼ੀ ਰਿਹਾ। ਤੀਸਰਾ ਹੋਇਆ ਕਰਦਾ ਹੈ – ਗੁਰੂ ਦੇ ਉਤੇ ਭਰੋਸਾ। ਚਾਰ ਕਿਸਮ ਦਾ ਭਰੋਸਾ ਹੋਇਆ ਕਰਦਾ ਹੈ ਗੁਰੂ 'ਤੇ।

ਗੁਰੂ ਅੰਗਦ ਸਾਹਿਬ ਮਹਾਰਾਜ ਨੇ ਪੁੱਛਿਆ ਗੁਰਸਿੱਖਾਂ ਨੂੰ ਕਿ ਕਿਉਂ ਭਾਈ ਬਾਲਾ! ਤੂੰ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਜਿੱਥੇ ਤੱਕ ਧਰਤੀ ਸੀ, ਸਾਰੇ ਗਿਆ ਹੈਂ। ਕੀ ਸਮਝਦਾ ਰਿਹਾ ਤੂੰ ਗੁਰੂ ਨਾਨਕ ਪਾਤਸ਼ਾਹ ਨੂੰ?

ਕਹਿੰਦਾ, ਮਹਾਰਾਜ ਉਹ ਤਾਂ ਪੂਰਨ ਸੰਤ ਸੀਗੇ।

ਮਹਾਰਾਜ ਕਹਿੰਦੇ, ਚੰਗਾ ਭਾਈ! ਤੂੰ ਸੰਤ ਹੋਇਆ।

ਗੁਰੂ ਅੰਗਦ ਸਾਹਿਬ ਨੇ ਬਾਬਾ ਬੁੱਢਾ ਜੀ ਨੂੰ ਪੁੱਛਿਆ ਕਿ ਤੁਸੀਂ ਕੀ ਸਮਝਦੇ ਰਹੇ, ਕਹਿੰਦੇ ਮਹਾਰਾਜ! ਉਹ ਤਾਂ ਪੂਰਨ ਬ੍ਰਹਮਗਿਆਨੀ ਸੀ।

ਕਹਿੰਦੇ, ਤੂੰ ਬ੍ਰਹਮਗਿਆਨੀ ਹੋਇਆ ਭਾਈ।

***ਏ ਮਨ ਜੈਸਾ ਸੇਵਹਿ ਤੈਸਾ ਹੋਵਹਿ.......॥ ਅੰਗ – 755***

ਜਿਹੋ ਜਿਹਾ ਕਰਕੇ ਸੇਵਹੁ ਓਹੋ ਜਿਹੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਸਾਰਿਆਂ ਨੇ ਪੁੱਛਿਆ ਕਿ ਹੇ ਗੁਰੂ ਅੰਗਦ ਸਾਹਿਬ ਮਹਾਰਾਜ, ਆਪ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ। ਮਹਾਰਾਜ ਦੇ ਨੇਤਰਾਂ 'ਚੋਂ ਜਲ ਆ ਗਿਆ, ਕਹਿਣ ਲੱਗੇ, ਸਾਧਸੰਗਤ ਜੀ! ਉਹ ਤਾਂ –

***ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥***
***ਅੰਗ – 1395***

ਉਹ ਤਾਂ ਪਾਰਬ੍ਰਹਮ ਪ੍ਰਮੇਸ਼ਰ, ਗੁਰ ਪ੍ਰਮੇਸ਼ਰ ਹੋ ਕੇ ਸੰਸਾਰ 'ਚ ਆਏ ਸੀ। ਸਾਰਿਆਂ ਨੇ ਨਮਸ਼ਕਾਰ ਕਰ ਦਿਤੀ ਕਿ ਪਾਤਸ਼ਾਹ! ਤੁਸੀਂ ਤਾਂਹੀ ਪ੍ਰਮੇਸ਼ਰ ਬਣ ਗਏ। ਚਾਰ ਨਿਹਚੇ ਹੁੰਦੇ ਨੇ ਆਮ, ਪਹਿਲਾ ਹੁੰਦਾ ਹੈ, ਮੇਰਾ ਜਿਹੜਾ ਗੁਰੂ ਹੈ ਇਹ ਬਹੁਤ ਸੋਹਣਾ ਸੰਤ ਹੈ, ਦੂਸਰਾ ਹੋਇਆ

ਕਰਦਾ ਹੈ ਸਾਰੇ ਸੰਤਾਂ ਤੋਂ ਚੰਗਾ ਸੰਤ ਹੈ। ਤੀਸਰਾ ਹੋਇਆ ਕਰਦਾ ਹੈ ਕਿ ਮੇਰਾ ਗੁਰੂ ਰੱਬ ਵਰਗਾ ਹੈ, ਚੌਥਾ ਨਿਹਚਾ ਹੋਇਆ ਕਰਦਾ ਹੈ ਮੇਰਾ ਤਾਂ ਜਿਹੜਾ ਗੁਰੂ ਹੈ ਉਹ ਆਪ ਪ੍ਰਮੇਸ਼ਰ ਹੈ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥*

***ਅੰਗ - 442***

ਐਡਾ ਭਰੋਸਾ ਜਿਸਦਾ ਗੁਰੂ 'ਤੇ ਹੁੰਦਾ ਹੈ ਉਹਦਾ ਨਾਮ ਚੱਲਿਆ ਕਰਦਾ ਹੈ, ਦੂਸਰੇ ਦਾ ਨਹੀਂ ਚੱਲਿਆ ਕਰਦਾ। ਸੋ ਪੰਜਵਾਂ ਹੋਇਆ ਕਰਦਾ ਹੈ ਪ੍ਰਤਿਸ਼ਟਾ ਮਾਣ, ਮਾਣ ਦਾ ਤਿਆਗ ਕਰ ਦੇਣਾ, ਬਿਲਕੁਲ ਮਾਣ ਵਿਚ ਨਹੀਂ ਆਉਣਾ, ਪਹਿਲੇ ਮਹਾਤਮਾ ਛੁੱਪ ਜਾਇਆ ਕਰਦੇ ਸੀ, ਕੋਈ ਕਿਤੇ-ਕੋਈ ਕਿਤੇ ਜਾ ਕੇ, ਜਦੋਂ ਮਾਨਤਾ ਵੱਧ ਜਾਂਦੀ ਸੀ।

ਇੱਕ ਵਾਰੀ ਭਰਥਰੀ ਤੇ ਗੋਪੀਚੰਦ, ਬਹੁਤ ਮਾਨਤਾ ਵਧ ਗਈ ਇਨ੍ਹਾਂ ਦੀ। ਇਹ ਦੱਖਣ ਵਿਚ ਚਲੇ ਗਏ, ਜਿੱਥੇ ਕੋਈ ਨਹੀਂ ਸੀ ਜਾਣਦਾ। ਉਥੇ ਇੱਕ ਮਾਈ ਦੇ ਘਰ ਵਿਚ ਬੈਠ ਗਏ, ਕਹਿੰਦੇ, ਮਾਈ! ਅਸੀਂ ਭਜਨ ਕਰਨਾ ਹੈ, ਸਾਨੂੰ ਥਾਂ ਦੇ ਦੇ। ਪਰ ਇੱਕ ਗੱਲ ਹੈ ਸਾਡੀ ਗੱਲ ਨਾ ਬਾਹਰ ਕਰੀਂ। ਅੰਦਰ ਚਲੇ ਗਏ, ਕੋਠੜੀ ਦਾ ਦਰਵਾਜ਼ਾ ਬੰਦ ਕਰ ਲਿਆ, ਸਮਾਧੀ ਲਾ ਲਈ। ਕਿੰਨੇ ਮਹੀਨੇ ਨਾ ਸਮਾਧੀ ਖੋਲ੍ਹੀ।

ਮਾਈ ਨੇ ਇੱਕ ਦਿਨ ਪੜੋਸਣ ਨੂੰ ਕਿਹਾ ਕਿ ਮੇਰੇ ਘਰ ਵਿਚ ਇੱਕ ਮਹਾਤਮਾ ਰਹਿ ਰਹੇ ਨੇ। ਮੈਂ ਤਾਂ ਹੈਰਾਨ ਹਾਂ ਤਿੰਨ-ਤਿੰਨ ਮਹੀਨੇ ਸਮਾਧੀ ਲਾ ਕੇ ਖੋਲ੍ਹਦੇ ਨਹੀਂ। ਮਾਈ ਨੇ ਅਗਲੀ ਨੂੰ ਦਸ ਦਿਤਾ, ਅਗਲੀ ਨੇ ਉਸ ਤੋਂ ਅਗਲੀ ਬੀਬੀ ਨੂੰ। ਸਾਰੇ ਸ਼ਹਿਰ 'ਚ ਗੱਲ ਫੈਲ ਗਈ, ਰਾਜੇ ਤੱਕ ਗੱਲ ਪਹੁੰਚ ਗਈ ਕਿ ਕੋਈ ਪੂਰਨ ਮਹਾਤਮਾ ਇਸ ਸ਼ਹਿਰ 'ਚ ਆਏ ਹੋਏ ਨੇ। ਰਾਜਾ ਕਹਿਣ ਲੱਗਿਆ ਕਿ ਦਰਸ਼ਨ ਕਰਦੇ ਹਾਂ ਚੱਲ ਕੇ। ਵਜ਼ੀਰ ਕਹਿਣ ਲੱਗਿਆ ਕਿ ਹਜ਼ੂਰ! ਮੈਨੂੰ ਵੀ ਨਾਲ ਲੈ ਕੇ ਚੱਲੋ। ਫੌਜ ਦਾ ਜਰਨੈਲ ਕਹਿੰਦਾ ਕਿ ਮੈਨੂੰ ਵੀ ਲੈ ਚੱਲੋ। ਪੁਲਿਸ ਜਰਨੈਲ ਕਹਿੰਦਾ ਮੈਨੂੰ। ਉਨ੍ਹਾਂ ਤੋਂ ਫੇਰ ਛੋਟੇ ਵੀ ਕਹਿਣ ਲੱਗੇ। ਇਸ ਤਰ੍ਹਾਂ ਕਰਦੇ-ਕਰਦੇ ਵੱਡਾ ਜਲੂਸ ਬਣ ਗਿਆ। ਬੈਂਡ-ਵਾਜਾ ਲਈ ਜਾਂਦੇ ਨੇ। ਜਦੋਂ ਮਾਈ ਦੇ ਘਰ ਮੂਹਰੇ ਆਏ। ਤਾਂ ਉਸ ਵੇਲੇ ਗੋਪੀਚੰਦ ਕਹਿਣ ਲੱਗਿਆ, ਮਾਈ! ਆਹ ਕੀ ਕਰ ਦਿਤਾ ਤੂੰ, ਆਹ ਕੀ ਆ ਰਿਹਾ ਹੈ। ਕਹਿਣ ਲੱਗੀ, ਮਹਾਰਾਜ! ਇੱਥੇ ਦਾ ਰਾਜਾ ਜਿਹੜਾ ਹੈ ਏਸ ਸ਼ਹਿਰ ਦਾ, ਉਹ ਤੁਹਾਡੇ ਦਰਸ਼ਨ ਕਰਨ ਆ ਰਿਹਾ ਹੈ, ਸਾਰੀ ਪਬਲਿਕ ਦਰਸ਼ਨ ਕਰ ਲਵੇ। ਕਹਿੰਦਾ, ਗੋਪੀਚੰਦ! ਇਹ ਤਾਂ ਭਰਿੰਡਾਂ ਆ ਰਹੀਆਂ ਨੇ ਹੁਣ ਕੀ ਕਰੀਏ? ਦੰਦੀਈਏ ਆ ਗਏ, ਦੰਦੀਆਂ ਵੱਢਣਗੇ। ਆਪਾਂ ਤਾਂ ਨੱਠ ਕੇ ਆਏ ਸੀ, ਛੱਡ ਕੇ ਸਭ ਕੁਛ। ਆਹ ਮਾਈ ਨੇ ਫੇਰ ਚਮੇੜ ਦਿਤੇ ਸਾਡੇ ਦੁਆਲੇ, ਕਹਿੰਦੇ ਆਪਾਂ ਡਰਾਮਾਂ ਕਰਦੇ ਹਾਂ। ਜਦੋਂ ਰਾਜਾ ਨੇੜੇ ਆ ਗਿਆ। ਉਹਨੇ

ਮੋਤੀਆਂ ਦਾ ਹਾਰ ਹੱਥ 'ਚ ਲੈ ਲਿਆ, ਜਦੋਂ ਨੇੜੇ ਆ ਗਿਆ, ਉਸ ਵੇਲੇ ਗੋਪੀਚੰਦ ਕਹਿੰਦਾ, ਅੱਜ ਮੈਂ ਜਾਊਂਗਾ ਮੰਗਣ ਵਾਸਤੇ।

ਉਹ ਕਹਿੰਦਾ ਕਿ ਨਹੀਂ ਮੈਂ ਜਾਣਾ ਹੈ।

ਕਹਿੰਦਾ ਨਹੀਂ, ਮੈਂ ਜਾਣਾ ਹੈ।

ਕਹਿੰਦਾ, ਕਿਉਂ ਜਾਣਾ ਹੈ ਤੂੰ?

ਕਹਿੰਦਾ, ਕੱਲ੍ਹ ਤੂੰ ਲੱਡੂ ਖਾ ਆਇਆ ਸੀ, ਮੈਨੂੰ ਲਿਆ ਕੇ ਹੀ ਨਹੀਂ ਦਿਤੇ।

ਉਹ ਕਹਿੰਦਾ, ਤੈਨੂੰ ਕਿਵੇਂ ਪਤਾ ਹੈ?

ਕਹਿੰਦਾ, ਤੇਰੀ ਦਾੜ੍ਹੀ 'ਚ ਲੱਗਿਆ ਹੋਇਆ ਸੀ।

ਉਹ ਕਹਿੰਦਾ, ਤੂੰ ਵੀ ਪਰਸੋਂ ਖੀਰ ਖਾਧੀ ਸੀ, ਮੈਨੂੰ ਲਿਆ ਕੇ ਨਹੀਂ ਦਿਤੀ। ਉਹ ਕਹਿੰਦਾ ਮੈਂ ਜਾਣਾ ਹੈ, ਦੂਜਾ ਕਹਿੰਦਾ ਮੈਂ।

ਦੋਵੇਂ ਜੱਫਮ-ਜੱਫੀ ਹੋ ਗਏ। ਰਾਜਾ ਖੜ੍ਹਾ ਦੇਖਦਾ ਹੈ, ਕਹਿੰਦਾ, ਆਹ ਕਾਹਦੇ ਸਾਧ ਨੇ। ਇਹ ਤਾਂ ਲੱਡੂਆਂ ਤੇ ਖੀਰ ਤੋਂ ਹੀ ਅਗਾਂਹਾਂ ਨਹੀਂ ਲੰਘੇ। ਵਾਪਸ ਮੁੜ ਗਏ, ਕਹਿੰਦਾ ਐਵੇਂ ਗਲਤ ਗੱਲ ਹੈ, ਕੁਛ ਨਹੀਂ ਹੈ।

ਸ਼ੁਕਰ ਕਰਿਆ ਗੋਪੀ ਤੇ ਭਰਥਰੀ ਨੇ, ਮੱਥੇ ਟੇਕਦੇ ਨੇ ਕਿ ਵੱਡਾ ਦੰਦੀਈਆ ਆ ਰਿਹਾ ਸੀ ਅਸੀਂ ਤਾਂ ਖਾ ਲਏ ਇਹਨੇ। ਇਹਨੂੰ ਕਹਿੰਦੇ ਨੇ, ਪ੍ਰਤਿਸ਼ਠਾ, ਮਾਨਤਾ। ਜਦੋਂ ਸੰਤਾਂ ਦੀ ਮਾਨਤਾ ਬਹੁਤੀ ਵਧ ਜਾਵੇ, ਜਿਹੜੇ ਸਹੀ ਮਹਾਤਮਾ ਹੁੰਦੇ ਨੇ, ਕਈ ਵਾਰੀ ਨਿੰਦਿਆ ਕਰਾ ਲੈਂਦੇ ਨੇ ਆਪ ਦੀ। ਉਲਟਾ ਕੰਮ ਕਰ ਦਿੰਦੇ ਨੇ ਕਿ ਸਾਰੇ ਹੀ ਨਿੰਦਿਆ ਕਰਨ ਲਗ ਜਾਣ। ਕਬੀਰ ਸਾਹਿਬ ਵੀ ਨਿੰਦਿਆ ਕਰਾਉਂਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਪ੍ਰਤਿਸ਼ਿਠਾ ਦਾ ਤਿਆਗ ਕਰਨਾ। ਛੇਵਾਂ ਹੋਇਆ ਕਰਦਾ ਹੈ, ਨਿੰਦਿਆ ਤੇ ਉਸਤਤ ਨੂੰ ਬਰਾਬਰ ਜਾਨਣਾ। ਚਾਹੇ ਸਾਰੇ ਨਿੰਦਿਆ ਕਰੀ ਜਾਓ, ਚਾਹੇ ਸਾਰੇ ਵਡਿਆਈ ਕਰੀ ਜਾਓ। ਇਨ੍ਹਾਂ ਦੋਹਾਂ ਨੂੰ ਬਰਾਬਰ ਜਾਨਣਾ। ਨਿੰਦਿਆ ਵਾਲੇ ਨੂੰ ਮਾੜਾ ਨਹੀਂ ਕਹਿਣਾ, ਉਸਤਤ ਵਾਲੇ ਨੂੰ ਕੋਈ ਬਹੁਤਾ ਮਾਣ ਨਹੀਂ ਦੇਣਾ।

ਨਾਮਦੇਵ ਜੀ ਦੇ ਪਾਸ ਇੱਕ ਸੇਠ ਨੇ ਬੱਚਾ ਪੜ੍ਹਨ ਲਾ ਦਿਤਾ। ਬੱਚਾ ਗਹਿਣਾ ਪਾ ਕੇ ਆ ਗਿਆ। ਜਦੋਂ ਵਾਪਸ ਜਾਣ ਲੱਗਿਆ ਤਾਂ ਨਾਮਦੇਵ ਜੀ ਨੇ ਉਹਦੇ ਗਹਿਣੇ ਲਾਹ ਲਏ। ਪੋਟਲੀ ਬੰਨ੍ਹ ਕੇ ਰੱਖ ਲਈ। ਜਦੋਂ ਬੱਚਾ ਘਰ ਆਇਆ ਤਾਂ ਮਾਂ ਨੇ ਪੁੱਛਿਆ ਕਿ ਤੇਰੇ ਗਹਿਣੇ ਕਿਧਰ ਗਏ। ਉਹ ਕਹਿੰਦਾ, ਭਗਤ ਨੇ ਲਾਹ ਲਏ। ਉਸੇ ਵੇਲੇ ਗੁਆਂਢਣ ਕੋਲ ਗਈ ਕਿ ਦੇਖ, ਭੈਣ! ਭਗਤ-ਭਗਤ ਕਰਦੇ ਨੇ, ਨਾਮਦੇਵ ਤਾਂ ਠੱਗ ਨਿਕਲਿਆ। ਮੇਰੇ ਪੁੱਤਰ ਦੇ ਗਹਿਣੇ ਪਾਏ ਹੋਏ ਸੀ ਸਾਰੇ ਲਾਹ ਲਏ। ਉਹ ਕਹਿੰਦੀ, ਤੂੰ ਮੰਗ ਲੈ। ਕਹਿੰਦੀ, ਲੈ ਕੋਈ ਦਿੰਦਾ ਹੈ, ਜਿਹਨੇ ਲਾਹ

ਹੀ ਲਏ ਉਹਨੇ ਕਦ ਮੰਨਣਾ ਹੈ। ਉਹ ਅਗਲੇ ਘਰ 'ਚ ਗਈ, ਜਾ ਕੇ ਕਹਿੰਦੀ, ਦੇਖੋ ਨਾਮਦੇਵ ਜੀ ਦਾ ਪਾਜ ਉੱਘੜ ਗਿਆ। ਆਹ ਫਲਾਣੀ ਦੇ ਬੱਚੇ ਦੇ ਸਾਰੇ ਗਹਿਣੇ ਲਾਹ ਲਏ। ਜਿਉਂ ਗੱਲ ਚੱਲੀ, ਸ਼ਾਮ ਤੱਕ ਸਾਰੇ ਸ਼ਹਿਰ 'ਚ ਫੈਲ ਗਈ।

ਸੇਠ ਆਇਆ, ਕਹਿੰਦੀ ਤੂੰ ਚੰਗਾ ਚੋਰ ਕੋਲ ਪੜ੍ਹਨ ਲਾਇਆ ਹੈ। ਉਹ ਤਾਂ ਠੱਗ ਹੈ, ਗਹਿਣੇ ਲਾਹ ਲਏ ਉਹਨੇ ਮੇਰੇ ਬੱਚੇ ਦੇ।

ਉਹ ਕਹਿੰਦਾ, ਕੋਈ ਨਾ, ਨਾਮਦੇਵ ਨੇ ਕਿਹੜਾ ਨੱਠ ਜਾਣਾ ਹੈ, ਮੈਂ ਸਵੇਰੇ ਪੁੱਛ ਲਵਾਂਗਾ।

ਜਦੋਂ ਸਵੇਰੇ ਬੱਚੇ ਨੂੰ ਲੈ ਕੇ ਜਾਂਦਾ ਹੈ ਤੇ ਦੂਰੋਂ ਹੀ ਨਾਮਦੇਵ ਜੀ ਬੋਲੇ, ਸੇਠ ਜੀ! ਜੇ ਬੱਚਾ ਪੜ੍ਹਾਉਣਾ ਹੈ ਤਾਂ ਗਹਿਣੇ ਪਾ ਕੇ ਨਾ ਭੇਜਿਓ ਸਾਡੇ ਕੋਲ। ਆਹ ਚੁੱਕੋ ਪੋਟਲੀ ਆਪਣੀ। ਕੋਈ ਰਾਹ 'ਚ ਚੁੱਕ ਲੈ ਜਾਂਦਾ, ਗਲ ਘੁੱਟ ਦੇਂਦਾ, ਤਾਂ ਕਿੰਨਾ ਮਾੜਾ ਹੁੰਦਾ।

ਸੇਠ ਵਾਪਸ ਆ ਗਿਆ, ਘਰਵਾਲੀ ਨੂੰ ਕਹਿਣ ਲੱਗਿਆ ਆ ਕੇ ਕਿ ਕਮਲੀਏ! ਨਾਮਦੇਵ ਜੀ ਨੇ ਤਾਂ ਆਪਣੇ ਬੱਚੇ ਦੀ ਜਾਨ ਬਚਾਈ ਹੈ। ਗਹਿਣੇ ਇਸ ਲਈ ਲਾਹ ਕੇ ਰੱਖ ਲਏ ਸੀ। ਉਹ ਉਸੇ ਵੇਲੇ ਗਈ ਗੁਆਂਢਣ ਕੋਲ ਕਿ ਭੈਣ! ਐਵੇਂ ਮੇਰੇ ਤੋਂ ਕਹਿ ਹੋ ਗਿਆ, ਉਹਨੇ ਤਾਂ ਮੇਰੇ ਬੱਚੇ ਦੀ ਜਾਨ ਬਚਾਈ ਹੈ। ਜਿਉਂ ਸਾਰੇ ਸ਼ਹਿਰ ਵਿਚ ਫੇਰ ਗੱਲ ਫੈਲੀ, ਨਾਮਦੇਵ ਜੀ ਦੀ ਉਸਤਤ ਹੀ ਉਸਤਤ ਹੋਣ ਲੱਗ ਗਈ। ਨਾਮਦੇਵ ਜੀ ਬੈਠੇ ਨੇ, ਕੋਲ ਸੁਆਹ ਦਾ ਢੇਰ ਹੈ। ਕਿਸੇ ਪ੍ਰੇਮੀ ਨੇ ਕਿਹਾ ਕਿ ਭਗਤ ਜੀ! ਕੱਲ੍ਹ ਤਾਂ ਤੁਹਾਡੀ ਬੜੀ ਨਿੰਦਿਆ ਹੋਈ, ਅੱਜ ਤੁਹਾਡੀ ਉਸਤਤ ਹੋ ਰਹੀ ਹੈ। ਉਨ੍ਹਾਂ ਨੇ ਇੱਕ ਮੁੱਠੀ ਸੱਜੇ ਹੱਥ 'ਚ ਭਰ ਲਈ, ਇੱਕ ਖੱਬੇ 'ਚ ਭਰ ਲਈ, ਸੱਜੇ ਖੱਬੇ ਸੁੱਟ ਦਿਤੀ, ਕਹਿੰਦੇ ਆਹ ਤਾਂ ਉਸਤਤ ਕਰਨ ਵਾਲਿਆਂ ਦੇ ਸਿਰ 'ਚ, ਆਹ ਨਿੰਦਿਆਂ ਕਰਨ ਵਾਲਿਆਂ ਦੇ ਸਿਰ 'ਚ। ਆਪਾਂ ਤਾਂ ਦੋਹਾਂ ਤੋਂ ਬਰੀ ਹਾਂ। ਸੋ ਉਸਤਤ ਤੇ ਨਿੰਦਿਆ ਵਾਲਾ ਬੰਦਾ ਨਾਮ ਨਹੀਂ ਜਪ ਸਕਿਆ ਕਰਦਾ। ਉਸ ਤੋਂ ਬਾਅਦ ਮਹਾਰਾਜ ਕਹਿਣ ਲੱਗੇ ਕਿ ਆਪਣਾ ਆਪ, ਸਰਬੰਸ ਗੁਰੂ ਦੇ ਅਰਪਣ ਕਰਨਾ ਪੈਣਾ ਹੈ –

***ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥***
***ਗੁਰ ਕੀ ਆਗਿਆ ਮਨ ਮਹਿ ਸਹੈ ॥***
***ਆਪਸ ਕਉ ਕਰਿ ਕਛੁ ਨ ਜਨਾਵੈ ॥***
***ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥***
***ਮਨੁ ਬੇਚੈ ਸਤਿਗੁਰ ਕੈ ਪਾਸਿ ॥***
***ਤਿਸੁ ਸੇਵਕ ਕੇ ਕਾਰਜ ਰਾਸਿ ॥***
***ਸੇਵਾ ਕਰਤ ਹੋਇ ਨਿਹਕਾਮੀ ॥***
***ਤਿਸ ਕਉ ਹੋਤ ਪਰਾਪਤਿ ਸੁਆਮੀ ॥*** ***ਅੰਗ – 286***

ਕਹਿੰਦੇ, ਆਪਣਾ ਆਪ ਗੁਰੂ ਦੇ ਸਮਰਪਣ ਕਰਨਾ ਪੈਂਦਾ ਹੈ। ਅਗਲਾ ਹੈ ਕਿ ਨਾਮ ਦੇ ਉਤੇ ਭਰੋਸਾ ਹੋਣਾ ਚਾਹੀਦਾ ਹੈ, ਕਈ ਪ੍ਰੇਮੀ ਕਹਿੰਦੇ ਨੇ

ਕਿ ਪੰਜ ਪਿਆਰਿਆਂ ਨੇ ਤਾਂ ਨਾਮ ਦੇ ਦਿਤਾ। ਉਨ੍ਹਾਂ ਨੂੰ ਕਹਿੰਦੇ ਨੇ ਕਿ ਫਲਾਣੇ ਥਾਂ 'ਤੇ ਨਾਮ ਅਸਲੀ ਮਿਲਦਾ ਹੈ, ਤੁਸੀਂ ਜਾਣਦੇ ਓਂ ਸਾਰੇ ਕਿ ਸਾਡੇ ਨਾਲ ਚੱਲ ਉਥੇ ਨਾਮ ਦਿੰਦੇ ਨੇ, ਤੈਨੂੰ ਨਾਮ ਦਿਵਾ ਲਿਆਈਏ। ਜੇ ਨਾਮ ਦੀ ਗੱਲ ਕਰੋ ਕਿ ਮੈਨੂੰ ਪੰਜ ਪਿਆਰਿਆਂ ਨੇ ਦੇ ਦਿਤਾ, ਕਹਿੰਦੇ ਨੇ ਤੈਨੂੰ ਭਜਨ ਦਿਵਾ ਲਿਆਈਏ, ਭਜਨ ਨਹੀਂ ਮਿਲਿਆ। ਗਲਤ ਗੱਲ ਕਰਦੇ ਨੇ ਧੋਖੇ ਦੇ ਵਿਚ ਪਾਉਂਦੇ ਨੇ।

ਜਿੰਨੇ ਵੀ ਪ੍ਰਮੇਸ਼ਰ ਦੇ ਨਾਮ ਨੇ ਸਭ ਪਾਰ ਕਰਨ ਨੂੰ ਸਮਰੱਥ ਨੇ। ਸੋ ਉਸ ਨਾਮ ਦੇ ਉਤੇ ਪੂਰਾ ਭਰੋਸਾ ਹੋਣਾ, ਫੇਰ ਡੋਲਣਾ ਨਹੀਂ ਕਿ ਵਾਹਿਗੁਰੂ-ਵਾਹਿਗੁਰੂ ਕਹਾਂ ਕਿ ਮੈਂ ਕੋਈ ਹੋਰ ਨਾਮ ਨਾਲ ਲਾ ਲਵਾਂ। ਬਹੁਤ ਦੁਨੀਆਂ ਡੋਲਦੀ ਹੈ, ਵੱਡੇ-ਵੱਡੇ ਡੋਲਦੇ ਮੈਂ ਦੇਖੇ ਨੇ। ਤੁਰ ਪੈਂਦੇ ਨੇ ਕਿ ਫਲਾਣੇ ਸੰਤਾਂ ਕੋਲ, ਫਲਾਣੇ ਗੁਰੂ ਕੋਲ ਨਾਮ ਮਿਲਦਾ ਹੈ, ਉਥੋਂ ਲਈਏ, ਉਥੇ ਅਸਲੀ ਨਾਮ ਹੈ ਉਨ੍ਹਾਂ ਕੋਲ। ਸੋ ਨਾਮ ਦੇ ਉਤੇ ਪੂਰਾ ਭਰੋਸਾ ਰੱਖਣਾ, ਫੇਰ ਸੇਵਾ ਦੀ ਲਗਨ।

ਦਸਵਾਂ ਹੁੰਦਾ ਹੈ ਸ਼ੁਭ ਗੁਣ ਧਾਰਨ ਕਰਨੇ, ਮਾੜੇ ਔਗੁਣਾਂ ਨੂੰ ਛੱਡ ਦੇਣਾ। ਗਿਆਰ੍ਹਵਾਂ ਹੁੰਦਾ ਹੈ ਕਿ ਅਭਿਆਸ ਲਈ ਲਗਨ ਰੱਖਣੀ। ਅੰਮ੍ਰਿਤ ਵੇਲੇ ਜਾਗਣਾ, ਇਸ਼ਨਾਨ ਕਰਨਾ। ਕੋਈ ਸਵਾਸ ਬਿਰਥਾ ਨਾ ਜਾਣ ਦੇਣਾ। ਬਾਰ੍ਹਵਾਂ ਹੋਇਆ ਕਰਦਾ ਹੈ, ਅਭਿਮਾਨ ਦਾ ਤਿਆਗ, ਮਾਣ ਨਹੀਂ ਰੱਖਣਾ, ਜੇ ਮਾਣ ਰਹਿ ਗਿਆ, ਤਾਂ ਸਿੱਖੀ ਨਹੀਂ ਪ੍ਰਾਪਤ ਹੁੰਦੀ ਸਾਧਸੰਗਤ ਜੀ। ਮਾਣ ਵਾਲਾ ਚੇਲਾ ਕਦੇ ਨਹੀਂ ਰਹੇਗਾ। ਉਹਦੇ ਮਨ 'ਚ ਹਮੇਸ਼ਾ ਵਿਰੋਧਤਾ ਰਹੇਗੀ ਕਿ ਮੈਨੂੰ ਸੰਤਾਂ ਨੇ ਇਸ ਤਰ੍ਹਾਂ ਕਹਿ ਦਿਤਾ।

ਇੱਕ ਮਹਾਤਮਾ ਸੀ ਉਨ੍ਹਾਂ ਕੋਲ ਇੱਕ ਚੌਧਰੀ ਆਇਆ, ਬਹੁਤ ਵੱਡਾ ਇਲਾਕੇ ਦਾ। ਕਹਿਣ ਲੱਗਿਆ, ਮਹਾਰਾਜ! ਮੈਨੂੰ ਚੇਲਾ ਬਣਾ ਲਓ।

ਉਹ ਕਹਿੰਦੇ, ਚੇਲਾ? ਵਿਚ ਹੀ ਰਹਿ, ਚੇਲਾ ਬਣ ਕੇ ਕੀ ਲੈਣਾ ਹੈ?

ਕਹਿੰਦਾ, ਨਹੀਂ ਮਹਾਰਾਜ! ਤੁਹਾਨੂੰ ਪਤਾ ਨਹੀਂ ਮੈਂ ਤਾਂ ਬੜਾ ਚੌਧਰੀ ਹਾਂ, ਸੌ ਪਿੰਡ ਦੇ ਵਿਚ ਮੇਰੀ ਵਾਕਫੀ ਹੈ। ਜੇ ਮੈਂ ਤੁਹਾਡਾ ਚੇਲਾ ਬਣ ਗਿਆ, ਇਥੇ ਭੰਡਾਰੇ ਭਰ ਜਾਣਗੇ, ਕੱਪੜਿਆਂ ਨਾਲ, ਦਾਣਿਆ ਨਾਲ। ਨਾਲੇ ਤੁਹਾਨੂੰ ਪਤਾ ਹੈ ਕਿ ਕਿੱਡਾ ਮੇਲਾ ਲੱਗ ਜਾਊ ਮੇਰੇ ਇਕੱਲੇ ਨਾਲ।

ਮਹਾਤਮਾ ਨੂੰ ਜਦ ਬਾਰ-ਬਾਰ ਕਹਿੰਦਾ ਹੈ, ਤਾਂ ਮਹਾਤਮਾ ਨੇ ਸੋਚਿਆ ਕਿ ਇਹ ਅਭਿਮਾਨੀ ਬੰਦਾ ਹੈ, ਇਹ ਬਾਅਦ 'ਚ ਤੰਗ ਕਰੇਗਾ।

ਮਹਾਤਮਾ ਕਹਿੰਦੇ, ਚੰਗਾ ਆ ਜਾ ਫੇਰ, ਕਹਿੰਦੇ ਔਹ ਲੋਹੇ ਦਾ ਸਰੀਆ ਲਿਆ ਚੁੱਕ ਕੇ। ਸਰੀਆਂ ਲਿਆਂਦਾ ਕੋਲੋਂ ਪਾਰਸ ਕੱਢ ਲਿਆ। ਉਹਦੇ ਉੱਤੇ ਘਸਾ ਦਿਤਾ, ਕਹਿੰਦੇ ਬਜ਼ਾਰ 'ਚ ਪੁੱਛ ਕੇ ਆ ਕੀ ਹੈ। ਬਜ਼ਾਰ ਗਿਆ ਤਾਂ ਕਹਿੰਦੇ ਜੀ ਇਹ ਤਾਂ ਸੋਨਾ ਹੈ। ਕਹਿੰਦੇ, ਪੁੱਛ ਲਿਆ ਚੰਗੀ ਤਰ੍ਹਾਂ?

ਕਹਿੰਦਾ, ਜੀ ਹਾਂ।

ਕਹਿੰਦੇ, ਦੇਖ ਪਾਰਸ ਨੇ ਸੋਨਾ ਬਣਾ ਦਿਤਾ, ਔਹ ਗਾਗਰ ਲਿਆ ਲੋਹੇ ਦੀ ਚੁੱਕ ਕੇ, ਐਨੇ ਨੂੰ ਪਾਰਸ ਦੇ ਉਤੇ ਇੱਕ ਹਲਕਾ ਜਿਹਾ ਕਾਗਜ਼ ਵੇੜ ਦਿਤਾ। ਕਹਿੰਦੇ, ਇਹਨੂੰ ਵਿਚ ਰੱਖ ਦੇ, ਇਹ ਸੋਨੇ ਦੀ ਬਣ ਜਾਏਗੀ, ਜਦੋਂ ਆਪਾਂ ਨੂੰ ਲੋੜ ਪਵੇਗੀ, ਫੇਰ ਆਪਾਂ ਕੰਮ ਲੈ ਲਵਾਂਗੇ ਇਸ ਤੋਂ।

ਰੱਖ ਆਇਆ, ਸੇਵਾ ਕਰਦਾ ਹੈ, ਦੂਜੇ ਸੇਵਾਦਾਰਾਂ ਨਾਲ ਲੜਦਾ ਹੈ, ਗੱਲ-ਗੱਲ 'ਤੇ ਕਹਿੰਦਾ ਹੈ ਕਿ ਤੁਹਾਨੂੰ ਪਤਾ ਹੈ ਕਿ ਮੈਂ ਚੌਧਰੀ ਹੋ ਕੇ ਭਾਂਡੇ ਮਾਂਜਦਾ ਹਾਂ। ਮੈਂ ਕਿੱਡਾ ਚੌਧਰੀ ਹਾਂ ਪਾਣੀ ਢੋਂਦਾ ਹਾਂ, ਮੈਂ ਕਿੱਡਾ ਚੌਧਰੀ ਹੋ ਕੇ ਝਾੜੂ ਦੇਂਦਾ ਹਾਂ, ਸੇਵਾ ਕਰਦਾ ਹਾਂ। ਬਾਰ੍ਹਾਂ ਸਾਲ ਲੰਘ ਗਏ, ਇੱਕ ਦਿਨ ਕਹਿਣ ਲੱਗਿਆ ਕਿ ਸੰਤ ਜੀ! ਮੈਂ ਤੁਹਾਡੀ ਕਥਾ ਸੁਣਦਾ ਹੁੰਦਾ ਹਾਂ, ਬਈ ਜਦੋਂ ਨਾਮ ਹਿਰਦੇ 'ਚ ਵਸ ਜਾਵੇ ਤਾਂ ਪਰਮ ਸ਼ਾਂਤ ਹੋ ਜਾਈਦਾ ਹੈ, ਮੇਰਾ ਤਾਂ ਕੱਖ ਨਹੀਂ ਬਣਿਆ, ਮੈਂ ਤਾਂ ਓਹੋ ਜਿਹਾ ਹੀ ਹਾਂ ਜਿਹੋ ਜਿਹਾ ਆਇਆ ਸੀ।

ਕਹਿੰਦੇ, ਤੇਰੇ 'ਚ ਕੋਈ ਨੁਕਸ ਹੋਣਾ ਹੈ?

ਕਹਿੰਦਾ, ਮੇਰੇ 'ਚ ਤਾਂ ਕੋਈ ਨੁਕਸ ਨਹੀਂ ਹੈ, ਤੁਹਾਡੇ 'ਚ ਨੁਕਸ ਹੋਣਾ ਹੈ, ਤੁਸੀਂ ਕੱਚੇ ਸੰਤ ਹੋ, ਮੇਰਾ ਕੁਛ ਨਹੀਂ ਬਣਾਇਆ।

ਮਹਾਤਮਾ ਨੇ ਕਿਹਾ ਕਿ ਔਹ ਗਾਗਰ ਲਿਆ ਚੁੱਕ ਕੇ, ਚਾਬੀ ਦੇ ਦਿਤੀ, ਪੇਟੀ ਖੋਲ੍ਹੀ ਤਾਂ ਗਾਗਰ ਲਿਆਇਆ, ਦੂਰੋਂ ਹੀ ਕਹਿਣ ਲੱਗ ਗਿਆ ਕਿ ਲਓ ਸੰਤ ਜੀ, ਤੁਸੀਂ ਵੀ ਝੂਠੇ ਤੇ ਤੁਹਾਡਾ ਪਾਰਸ ਵੀ ਝੂਠਾ। ਆਹ ਦੇਖੋ, ਬਾਰ੍ਹਾਂ ਸਾਲ ਤੋਂ ਬਾਅਦ ਸੋਨੇ ਦੀ ਨਹੀਂ ਬਣੀ।

ਕਹਿੰਦੇ, ਉਰੇ ਲਿਆ ਸਾਡੇ ਕੋਲ। ਨੇੜੇ ਆ ਗਿਆ।

ਕਹਿੰਦੇ ਪਾਰਸ ਕੱਢ।

ਵਿਚੋਂ ਪਾਰਸ ਕਢਿਆ।

ਕਹਿੰਦੇ ਦੇਖ ਕੋਈ ਚੀਜ਼ ਤਾਂ ਨਹੀਂ ਇਹਦੇ ਉਤੇ, ਕਹਿੰਦੇ ਪਤਲਾ ਜਿਹਾ ਕਾਗਜ਼ ਹੈ।

ਕਹਿੰਦੇ, ਉਹ ਲਾਹ ਦੇ।

ਕਹਿੰਦੇ, ਹੁਣ ਲਾ ਇਹਨੂੰ।

ਜਦੋਂ ਲਾਇਆ ਤਾਂ ਸੋਨੇ ਦੀ ਬਣ ਗਈ।

ਕਹਿੰਦਾ, ਸੰਤ ਜੀ ਤੁਹਾਡਾ ਪਾਰਸ ਤਾਂ ਸਹੀ ਹੈ। ਪਰ ਤੁਸੀਂ ਨਹੀਂ ਸਹੀ।

ਉਹ ਕਹਿੰਦੇ, ਪ੍ਰੇਮੀਆਂ! ਜਿਵੇਂ ਪਾਰਸ ਦੇ ਉਤੇ ਪਤਲਾ ਕਾਗਜ਼ ਸੀ, ਏਸੇ ਤਰ੍ਹਾਂ ਤੇਰੇ ਮਨ ਦੇ ਵਿਚ ਹਰ ਵਕਤ ਅਭਿਮਾਨ ਰਹਿੰਦਾ ਹੈ ਕਿ ਮੈਂ

ਚੌਧਰੀ ਹਾਂ। ਅਜੇ ਭੁੱਲਿਆ ਨਹੀਂ ਬਾਰ੍ਹਾਂ ਸਾਲ ਬਾਅਦ।

ਸਾਧਸੰਗਤ ਜੀ! ਮਾਣ ਤੇ ਅਪਮਾਨ, ਅਭਿਮਾਨ ਹੋਵੇ ਜਿਸ ਥਾਂ ਦੇ ਉਤੇ ਉਥੇ ਨਾਮ ਨਹੀਂ ਚੱਲਿਆ ਕਰਦਾ।

ਸੋ ਇਸੇ ਤਰ੍ਹਾਂ ਦੇ ਨਾਲ ਮਹਾਰਾਜ ਕਹਿਣ ਲੱਗੇ ਕਿ ਤੇਰ੍ਹਵੀਂ ਰਹਿਤ ਹੁੰਦੀ ਹੈ ਬੁਰੇ ਖਿਆਲਾਂ ਦਾ ਤਿਆਗ ਕਰ ਦੇਣਾ। ਕੋਈ ਬੁਰਾ ਖਿਆਲ ਉੱਠਣ ਹੀ ਨਹੀਂ ਦੇਣਾ।

ਚੌਦਵੀਂ ਹੋਇਆ ਕਰਦੀ ਹੈ ਸਤਿਸੰਗ ਦੀ ਲਗਨ। ਜਿਥੇ ਵੀ ਸਤਿਸੰਗ ਹੋਵੇ –

***ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥***
***ਅੰਗ – 72***

ਉਸ ਥਾਂ 'ਤੇ ਤੂੰ ਚੱਲ ਕੇ ਜਾਇਆ ਕਰ, ਸੇਵਾ ਕਰਿਆ ਕਰ। ਤਾਂ ਨਾਮ ਚਲਦਾ ਹੈ। ਐਨੇ ਉਪਦੇਸ਼ ਦੇਣ ਤੋਂ ਬਾਅਦ, ਮਹਾਰਾਜ ਜੀ ਨੇ ਸਾਵਧਾਨ ਕਰਕੇ ਵਾਹਿਗੁਰੂ ਮੰਤਰ ਦੇ ਦਿਤਾ। ਤਰੀਕਾ ਦਸ ਦਿਤਾ। ਦਿਨਾਂ 'ਚ ਹੀ ਚੜ੍ਹ ਗਿਆ। ਸਾਧਸੰਗਤ ਜੀ।

ਪਹਿਲਾਂ ਰਸਨਾ ਦੇ ਨਾਲ ਨਾਮ ਜਪਦਾ ਹੈ, ਮਾਲਾ ਦੇ ਨਾਲ ਜਪਦਾ ਹੈ। ਫੇਰ ਰਸਨਾ ਨਾਲ ਜਪਣ ਲੱਗ ਗਿਆ। ਸਵਾਸ ਨਾਲ ਜਪਣ ਲੱਗ ਗਿਆ, ਮਧਮਾ ਬਾਣੀ 'ਚ ਜਪਣ ਲੱਗ ਗਿਆ, ਪਸੰਤੀ ਬਾਣੀ 'ਚ, ਫੇਰ ਪਰਾ ਬਾਣੀ 'ਚ ਨਾਮ ਜਪਣ ਲੱਗ ਗਿਆ। ਆਗਿਆ ਚੱਕਰ 'ਚ ਜਪਣ ਲੱਗ ਗਿਆ, ਤ੍ਰਿਕੁਟੀ 'ਚ ਜਪਣ ਲੱਗ ਗਿਆ, ਅਖੀਰ ਬਿਰਤੀ ਉਥੇ ਪਹੁੰਚ ਗਈ ਜਿਹਨੂੰ ਦਸਵਾਂ ਦੁਆਰ ਕਹਿੰਦੇ ਨੇ। ਜਦੋਂ ਦਸਵੇਂ ਦੁਆਰ 'ਚ ਬਿਰਤੀ ਪਹੁੰਚਦੀ ਹੈ। ਕੱਲ੍ਹ ਮੈਂ ਬੇਨਤੀ ਕਰੀ ਸੀ ਕਿ ਉਸ ਵੇਲੇ ਉਹਦੀ ਅਵਸਥਾ ਹੋਰ ਹੋ ਜਾਇਆ ਕਰਦੀ ਹੈ।

***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥***
***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥ਅੰਗ – 954***

ਗੁਰੂ ਮਹਾਰਾਜ ਨੇ ਦ੍ਰਿਸ਼ਟੀ ਕਰ ਦਿਤੀ। ਸਹਿਜ ਦੀ ਸਮਾਧ ਲੱਗ ਗਈ, ਜਿਹਦੀ ਸਹਿਜ ਸਮਾਧ ਲੱਗ ਜਾਵੇ, ਮਹਾਰਾਜ ਕਹਿੰਦੇ, ਹੋਰ ਕੁਛ ਦੱਸਣ ਦੀ ਗੱਲ ਨਹੀਂ ਰਹਿੰਦੀ। ਓਹੀ ਜਾਣਦਾ ਹੁੰਦਾ ਹੈ –

***ਧਾਰਨਾ – ਸਹਿਜ ਸਮਾਧ ਲਗੀ ਲਿਵਅੰਤਰ,***
***ਸੋ ਰਸ ਸੋਈ ਜਾਨੈ।***
***ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ ॥***
***ਅੰਗ – 106***

ਸਮਝਣ ਵਾਸਤੇ ਬੜੀ ਇਕਾਂਤ, ਤਵੱਜੋ ਦੀ ਲੋੜ ਹੈ ਤਾਂ ਸਮਝ ਪੈਂਦੀ ਹੈ।

ਪੰਜ ਕਿਸਮ ਦੀਆਂ ਸਮਾਧੀਆਂ ਹੁੰਦੀਆਂ ਨੇ। ਸਾਰਿਆਂ ਨਾਲੋਂ ਸ਼੍ਰੋਮਣੀ ਸਮਾਧੀ ਜਿਹੜੀ ਹੁੰਦੀ ਹੈ, ਉਹ ਸਹਿਜ ਸਮਾਧ ਹੋਇਆ ਕਰਦੀ ਹੈ –

***ਸਭੇ ਸੁਖ ਭਏ ਪ੍ਰਭ ਤੁਠੇ ॥ ਗੁਰ ਪੂਰੇ ਕੇ ਚਰਣ ਮਨਿ ਵੁਠੇ ॥***
***ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ ॥***
***ਅੰਗ - 106***

ਸੋ ਇਸ ਤਰ੍ਹਾਂ ਜਦੋਂ ਪੂਰਾ ਹੋ ਗਿਆ, ਮਹਾਰਾਜ ਨੇ ਦੇਖ ਲਿਆ ਕਿ ਬਿਰਤੀ ਇਹਦੀ ਉਤੇ ਚੜ੍ਹ ਗਈ, ਕਹਿਣ ਲੱਗੇ, ਭਾਈ ਮੰਝ! ਹੁਣ ਤੂੰ ਘਰ ਜਾ, ਆਪਣਾ ਕਾਰੋਬਾਰ ਕਰ, ਪਰ ਦੇਖ ਅਜੇ ਵੀ ਅਸੀਂ ਤੈਨੂੰ ਕਹਿੰਦੇ ਹਾਂ, ਤੈਨੂੰ ਬਹੁਤ ਤਕਲੀਫਾਂ ਆਉਣਗੀਆਂ। ਘਰ ਬਾਰ ਤੇਰਾ ਜਾਂਦਾ ਰਹੇਗਾ, ਪਸ਼ੂ ਮਰ ਜਾਣਗੇ, ਤੇਰੀ ਜ਼ਮੀਨ ਜਾਇਦਾਦ ਜਾਂਦੀ ਰਹੇਗੀ। ਪਿੰਡੋਂ ਕੱਢ ਦੇਣਗੇ। ਦੇਖ ਲੈ, ਜੇ ਸਿੱਖੀ ਧਾਰਨ ਕਰਨੀ ਹੈ, ਅਜੇ ਵੀ ਤੇਰਾ ਕੱਖ ਨਹੀਂ ਵਿਗੜਿਆ, ਜਾ ਕੇ ਫੇਰ ਬਣਾ ਲੈ ਆਪਣਾ ਮਕਾਨ।

ਨੇਤਰਾਂ 'ਚ ਜਲ ਆ ਗਿਆ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਮੈਨੂੰ ਚਰਨਾਂ ਨਾਲੋਂ ਨਾ ਤੋੜੋ।

ਕਹਿੰਦੇ, ਚੰਗਾ ਤੇਰੀ ਮਰਜ਼ੀ, ਜਾਹ ਫੇਰ ਤੂੰ। ਘਰ ਆ ਜਾਂਦਾ ਹੈ। ਕੋਈ ਵੀ ਬੰਦਾ ਨਹੀਂ ਬੋਲਦਾ ਉਹਦੇ ਨਾਲ। ਸਰੀਕਾ ਭਾਈਚਾਰਾ, ਜਿਨ੍ਹਾਂ ਦਾ ਭਲਾ ਕਰਦਾ ਸੀ, ਜਿਨ੍ਹਾਂ ਨੂੰ ਕਈ ਵਾਰੀ ਦਾਣੇ ਖਾਣ ਨੂੰ ਦਿੰਦਾ ਸੀ, ਮਾਮਲੇ ਭਰਦਾ ਸੀ, ਸਰਕਾਰੀ ਖਰਚ ਭਰਦਾ ਸੀ, ਇੱਕ ਵੀ ਬੰਦਾ ਨਾ ਆਇਆ, ਕਹਿਣ ਲੱਗੇ, ਇਹਨੇ ਤਾਂ ਸਿੱਖੀ ਧਾਰਨ ਕਰ ਲਈ। ਦੂਜੇ ਦਿਨ ਕੀ ਹੋਇਆ, ਸਭ ਤੋਂ ਚੰਗਾ ਘੋੜਾ ਜਿਹੜਾ ਸੀ, ਜਿਹਨੂੰ ਦੂਰ-ਦੂਰ ਤੱਕ ਲੋਕ ਕਹਿੰਦੇ ਸੀ ਕਿ ਇਹੋ ਜਿਹਾ ਘੋੜਾ ਨਹੀਂ ਕਿਸੇ ਕੋਲ, ਜਿਹੋ ਜਿਹਾ ਭਾਈ ਤੀਰਥੇ ਕੋਲ ਹੈ। ਉਹ ਘੋੜਾ ਖੜ੍ਹਾ-ਖੜ੍ਹਾ ਹੀ ਮਰ ਗਿਆ, ਉਸੇ ਵੇਲੇ ਪਿੰਡ 'ਚ ਗੱਲ ਘੁੰਮ ਗਈ। ਕਹਿੰਦੇ, ਲਓ ਬਈ ਪੀਰ ਹੋ ਗਿਆ ਨਰਾਜ਼ ਤੇ ਦੇਖਿਆ ਮਾਰ ਦਿਤਾ ਪਹਿਲੇ ਦਿਨ ਹੀ ਘੋੜਾ। ਦੂਜੇ ਦਿਨ ਮੱਝ ਮਰ ਗਈ ਸਭ ਤੋਂ ਚੰਗੀ। ਤੀਜੇ ਦਿਨ ਦੂਜੀ ਮੱਝ ਮਰ ਗਈ। ਚੌਥੇ ਦਿਨ ਜੋੜੀ ਮਰ ਗਈ। ਸਾਰੇ ਹੀ ਡੰਗਰ ਮਰ ਗਏ ਜਿੰਨੇ ਸੀਗੇ। ਇੱਕ ਵੀ ਡੰਗਰ ਨਾ ਬਚਿਆ। ਘਰਵਾਲੀ ਕਹਿਣ ਲੱਗੀ ਕਿ ਪੀਰ ਨਰਾਜ਼ ਹੋ ਗਿਆ, ਆਪਣੇ 'ਤੇ। ਕਹਿਣ ਲੱਗਿਆ, ਨਾ ਭੋਲੀਏ! ਗੁਰੂ ਤੋਂ ਅਗਾਹਾਂ ਨਹੀਂ ਕੋਈ ਹੋਇਆ ਕਰਦਾ। ਗੁਰੂ ਮਹਾਰਾਜ ਦਾ ਨਾਮ, ਗੁਰੂ ਮਹਾਰਾਜ ਦਾ ਪਿਆਰ ਆਪਣੇ ਕੋਲ ਰਹਿ ਜਾਏ, ਸਭ ਕੁਛ ਆਪਣੇ ਕੋਲ ਰਹਿ ਜਾਏਗਾ। ਲਿਖਦੇ ਨੇ ਕਿ -

***ਗੁਰ ਕੋ ਕਹਯੋ ਹੋਨਿ ਪੁਨ ਲਾਗਯੋ।***
***ਸਰਬ ਸਮਾਜ ਨਾਸ਼ ਹ੍ਵੈ ਭਾਗਯੋ।***
***ਤੁਰੰਗ, ਮਹਿਖ, ਧਨ ਭਯੋ ਬਿਨਾਸ਼।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਪੰਨਾ 1817***

ਘੋੜੇ ਵੀ ਮਰ ਗਏ, ਮੱਝਾਂ ਵੀ ਮਰ ਗਈਆਂ, ਬਲਦ ਵੀ ਮਰ ਗਏ, ਸਾਰੇ ਧਨ ਦਾ ਨਾਸ਼ ਹੋ ਗਿਆ।

***ਲਗੇ ਸ਼ਰੀਕ ਕਰਨ ਉਪਹਾਸ।*** ***- ਓਹੀ***

ਹਾਸਾ ਕਰਦੇ ਨੇ ਕਿ ਲੈ ਸਿੱਖੀ ਧਾਰਨ ਕਰੀਂ ਫਿਰਦਾ ਹੈ। ਇਲਾਕੇ ਦੀ ਮੀਟਿੰਗ ਬੁਲਾ ਲਈ ਉਨ੍ਹਾਂ ਨੇ। ਇਕੱਠੇ ਹੋ ਗਏ। ਕਹਿਣ ਲੱਗੇ, ਦੇਖੋ ਬਈ ਪੀਰ ਹੋ ਗਿਆ ਨਰਾਜ਼। ਇਹਨੇ ਧਾਰੀ ਹੈ ਸਿੱਖੀ ਤੇ ਹੁਣ ਇਹ ਕਰੋ ਕਿ ਜੇ ਬਚਣਾ ਹੈ ਤਾਂ ਇਹਨੂੰ ਪਿੰਡ 'ਚੋਂ ਕੱਢ ਦੇਈਏ ਆਪਾਂ। ਸਾਰਿਆਂ ਨੇ ਮਤਾ ਪਾਸ ਕਰ ਲਿਆ ਕਿ ਜ਼ਮੀਨ ਖੋਹ ਕੇ ਵੰਡ ਲਓ ਇਹਦੀ ਤੇ ਇਹਨੂੰ ਕੱਢ ਦਿਓ। ਕੋਈ ਚੀਜ਼ ਨਾ ਚੁੱਕਣ ਦਿਓ, ਨਹੀਂ ਤਾਂ ਪੀਰ ਆਪਣੇ 'ਤੇ ਨਰਾਜ਼ ਹੋ ਜਾਏਗਾ। ਪੀਰ ਆਪਣੇ 'ਤੇ ਖੁਸ਼ ਤਾਂ ਹੋਏਗਾ ਜੇ ਇਹਨੂੰ ਧੱਕੇ ਮਾਰ ਕੇ ਕੱਢੀਏ। ਉਸ ਵੇਲੇ ਕਹਿੰਦੇ –

***ਛੀਨ ਲੀਨ ਗ੍ਰਿਹੁ, ਧਨ, ਸਿਰਦਾਰੀ।*** ***–ਓਹੀ***

ਸਰਦਾਰੀ ਵੀ ਖੋਹ ਲਈ, ਧਨ ਵੀ ਖੋਹ ਲਿਆ, ਘਰ ਵੀ ਖੋਹ ਲਿਆ –

***ਸਰਬ ਸ਼ਰੀਕਨਿ ਦੀਨ ਨਿਕਾਰੀ।*** ***– ਓਹੀ***

ਧੱਕੇ ਮਾਰ ਕੇ ਕੱਢ ਦਿਤਾ।

ਕਿਹੋ ਜਿਹੀ ਅਵਸਥਾ ਹੈ ਸਾਧਸੰਗਤ ਜੀ! ਆਪ ਸੋਚੋ ਕਿ ਜੇ ਇਹੋ ਜਿਹੀ ਗੱਲ ਸਾਡੇ ਨਾਲ ਹੋਵੇ ਤਾਂ ਅਸੀਂ ਕੀ ਸਿੱਖੀ ਧਾਰਨ ਕਰਾਂਗੇ? ਉਸੇ ਵੇਲੇ ਕਹਿ ਦੇਵਾਂਗੇ ਕਿ ਨਾ ਭਾਈ, ਇਹ ਤਾਂ ਬੜਾ ਔਖਾ ਕੰਮ ਹੈ। ਲੇਕਿਨ ਧੰਨ ਸੀ ਉਹ ਗੁਰਸਿੱਖ, ਸਭ ਕੁਛ ਹੋਣ ਤੋਂ ਬਾਅਦ ਇੱਕ ਵੀ ਉਲਾਂਭਾ ਨਹੀਂ ਗੁਰੂ ਮਹਾਰਾਜ ਨੂੰ ਦਿਤਾ। ਉਸ ਵੇਲੇ ਕੋਈ ਟਿਕਣ ਨਹੀਂ ਦਿੰਦਾ। ਜਿੱਧਰ ਜਾਂਦਾ ਹੈ ਕੋਈ ਪਾਣੀ ਨਹੀਂ ਪੀਣ ਦਿੰਦਾ, ਪਾਣੀ ਵੀ ਬੰਦ ਕਰ ਦਿਤਾ, ਉਨ੍ਹਾਂ ਦਿਨਾਂ 'ਚ ਹੁੱਕਾ ਪਾਣੀ ਬੰਦ ਕਰਨਾ ਕਹਿੰਦੇ ਹੁੰਦੇ ਸੀ ਕਿ ਨਾ ਪਾਣੀ ਪੀਣ ਦਿਓ, ਨਾ ਇਹਨੂੰ ਸਾਂਝਾ ਬੈਠਣ ਦਿਓ। ਜਿੱਥੇ ਬਹਿੰਦਾ ਹੈ, ਉਥੇ ਕੋਈ ਬੈਠਣ ਨਹੀਂ ਦਿੰਦਾ। ਜੇ ਕਿਸੇ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਦਾ ਹੈ, ਜਿਹੜੇ ਜਾਣੇ-ਪਛਾਣੇ ਸੀ ਉਹ ਪਰਲੇ ਪਾਸੇ ਨੂੰ ਮੂੰਹ ਕਰ ਲੈਂਦੇ ਸੀ। ਨਿੰਦਿਆ ਹੀ ਨਿੰਦਿਆ ਹੋ ਰਹੀ ਹੈ, ਉਸ ਵੇਲੇ ਅੰਤਰ ਧਿਆਨ ਹੋ ਕੇ ਹਿਰਦੇ ਦੇ ਅੰਦਰ ਇਸ ਤਰ੍ਹਾਂ ਦੇ ਵਿਚਾਰ ਪ੍ਰਗਟ ਕਰਦਾ ਹੈ, ਪੜ੍ਹੋ ਪਿਆਰ ਨਾਲ –

***ਧਾਰਨਾ – ਝੱਟ ਕਿੱਥੇ ਲੰਘਾਵਾਂ ਓ, ਮਾਲਕਾ***
***ਦੁਨੀਆਂ ਟਿਕਣ ਨਾ ਦੇਵੇ।***
***ਏਸ ਕਲੀਓ ਪੰਜ ਭੀਤਿਓ ਕਿਉ ਕਰਿ ਰਖਾਂ ਪਤਿ।***
***ਜੇ ਬੋਲਾਂ ਤਾਂ ਆਖੀਐ ਬੜ ਬੜ ਕਰੈ ਬਹੁਤ।***
***ਚੁਪ ਕਰਾਂ ਤਾਂ ਆਖੀਐ ਇਤ ਘਟਿ ਨਾਹੀ ਮਤਿ।***
***ਜੇ ਬਹਿ ਰਹਾਂ ਤਾਂ ਆਖੀਐ ਬੈਠਾ ਸਥਰ ਘਤ।***
***ਉਠ ਜਾਈ ਤਾਂ ਆਖੀਐ ਛਾਰੁ ਗਇਆ ਸਿਰ ਘਤਿ।***
***ਜੇ ਕਰਿ ਨਿਵਾਂ ਤਾਂ ਆਖੀਐ ਡਰਦਾ ਕਰੇ ਭਗਤ।***
***ਕਾਈ ਗਲੀ ਨ ਮੇਵਨੀ ਜਿਥੇ ਕਢਾਂ ਝ'ਤਿ।***
***ਏਥੈ ਓਥੈ ਨਾਨਕਾ ਕਰਤਾ ਰਖੈ ਪਤਿ।*** ***(ਜਨਮਸਾਖੀ)***

ਐਸੀ ਅਵਸਥਾ ਆ ਗਈ। ਕਿਸੇ ਤਰ੍ਹਾਂ ਵੀ ਰਹਿਮ ਦਾ ਕੋਈ

ਸਾਧਨ ਨਹੀਂ ਬਣਦਾ। ਅਖੀਰ ਏਸ ਨੇ ਘਰ ਦੇ ਵਿਚੋਂ ਇੱਕ ਖੁਰਪਾ ਚੁੱਕ ਲਿਆ ਨਾਲ। ਕੋਈ ਚੀਜ਼ ਨਹੀਂ ਚੁੱਕਣ ਦਿਤੀ, ਇੱਕ ਰੱਸਾ ਚੁੱਕ ਲਿਆ, ਇਸ ਤਰ੍ਹਾਂ ਦੇ ਨਾਲ ਹੌਲੀ-ਹੌਲੀ ਮੰਜ਼ਲ-ਦਰ-ਮੰਜ਼ਲ ਤੁਰਿਆ ਜਾ ਰਿਹਾ ਹੈ। ਪਿੱਛੇ ਮੁੜ-ਮੁੜ ਕੇ ਦੇਖਦਾ ਹੈ, ਬੱਚੇ ਵੀ ਦੇਖਦੇ ਨੇ, ਲੜਕੀ ਹੈ ਲੜਕੀ ਦੇਖਦੀ ਹੈ, ਘਰਵਾਲੀ ਦੇਖਦੀ ਹੈ। ਮਨ ਵਿਚ ਹਉਕੇ ਆਉਂਦੇ ਨੇ ਕਿ ਕਦੇ ਏਸ ਪਿੰਡ ਦੀ ਚੌਧਰ ਸੀ ਸਾਡੇ ਕੋਲ। ਸਾਰਾ ਪਿੰਡ ਆ ਕੇ ਪੈਂਦ ਬੈਠਿਆ ਕਰਦਾ ਸੀ। ਪੁੱਛ ਕੇ ਗੱਲ ਕਰਿਆ ਕਰਦੇ ਸੀ। ਅੱਜ ਕੀ ਹੋ ਗਿਆ ਇਨ੍ਹਾਂ ਲੋਕਾਂ ਨੂੰ। ਅਸੀਂ ਕੋਈ ਡਾਕਾ ਨਹੀਂ ਮਾਰਿਆ, ਕਿਸੇ ਦਾ ਨੁਕਸਾਨ ਨਹੀਂ ਕਰਿਆ, ਪ੍ਰਮੇਸ਼ਰ ਨੂੰ ਮੰਨਣਾ ਸ਼ੁਰੂ ਕਰ ਦਿਤਾ। ਐਡੇ ਸਖਤ ਹੋ ਗਏ ਇਹ ਕਿ ਕਿਸੇ ਦੇ ਦਿਲ 'ਚ ਭੋਰਾ ਜਿੰਨਾ ਵੀ ਰਹਿਮ ਨਹੀਂ ਆਉਂਦਾ। ਕੋਈ ਭੁੱਲ-ਭੁਲੇਖੇ ਨਾਲ ਹੀ ਪੁੱਛ ਲੈਂਦਾ ਕਿ ਭਾਈ, ਪਾਣੀ ਤਾਂ ਨਹੀਂ ਪੀਣਾ ਤੁਸੀਂ। ਭੁੱਖਿਆਂ-ਪਿਆਸਿਆਂ ਨੂੰ ਕੱਢ ਦਿਤਾ। ਇਹ ਅਵਸਥਾ ਸਾਧਸੰਗਤ ਜੀ, ਇਹਨੂੰ ਕਸਵੱਟੀ ਕਹਿੰਦੇ ਨੇ। ਇਹ ਇਮਤਿਹਾਨ ਹੋਇਆ ਕਰਦਾ ਹੈ ਜਿਵੇਂ ਪੜ੍ਹਨ ਵਾਲੇ ਬੱਚਿਆਂ ਦਾ ਇਮਤਿਹਾਨ ਹੁੰਦਾ ਹੈ, ਏਸੇ ਤਰ੍ਹਾਂ ਰੂਹਾਨੀ ਇਮਤਿਹਾਨ ਜਦੋਂ ਹੁੰਦਾ ਹੈ, ਇਹ ਬਹੁਤ ਕਰੜਾ ਹੋਇਆ ਕਰਦਾ ਹੈ। ਸਾਰੇ ਮਹਾਤਮਾ ਇਮਤਿਹਾਨ ਲੈਂਦੇ ਨੇ। ਗੁਰੂ ਅੰਗਦ ਸਾਹਿਬ ਦਾ ਇਮਤਿਹਾਨ ਗੁਰੂ ਨਾਨਕ ਪਾਤਸ਼ਾਹ ਨੇ ਲਿਆ। ਵੀਹ ਹਜ਼ਾਰ ਸਿੱਖ ਸੀਗਾ ਉਸ ਵੇਲੇ ਕਰਤਾਰਪੁਰ ਸਾਹਿਬ। ਮਹਾਰਾਜ ਨੇ ਹੁਕਮ ਕਰ ਦਿਤਾ ਕਿ ਲੰਗਰ ਇੱਕ ਡੰਗ ਚੱਲਿਆ ਕਰੇਗਾ। ਫੇਰ ਹੁਕਮ ਕਰ ਦਿਤਾ ਕਿ ਇੱਕ ਦਿਨ ਬੰਦ ਤੇ ਇੱਕ ਦਿਨ ਚੱਲਿਆ ਕਰੇਗਾ। ਫੇਰ ਕਹਿ ਦਿਤਾ ਕਿ ਦੋ ਦਿਨ ਲੰਗਰ ਮਸਤ ਰਿਹਾ ਕਰੇਗਾ। ਤੀਸਰੇ ਦਿਨ ਚੱਲੇਗਾ, ਝੜ ਗਏ ਸਾਰੇ ਕੱਚੇ-ਕੱਚੇ। ਪੰਜ ਕੁ ਸੌ ਰਹਿ ਗਿਆ।

ਮਹਾਰਾਜ ਕਹਿੰਦੇ ਕਣਕ ਬੀਜੋ। ਪੰਜ ਸੌ ਹੋਣ ਕਰਕੇ ਕਣਕ ਬੀਜਣੀ ਸ਼ੁਰੂ ਕਰ ਦਿਤੀ। ਬੇਅੰਤ ਕਣਕ ਬੀਜ ਦਿਤੀ ਸੈਂਕੜੇ ਏਕੜਾਂ ਦੇ ਵਿਚ। ਪੱਕ ਕੇ ਜਦੋਂ ਤਿਆਰ ਹੋਈ, ਮਹਾਰਾਜ ਕਹਿੰਦੇ, ਕਣਕ ਵੱਢੋ। ਕਣਕ ਵੱਢ ਲਈ, ਕਹਿੰਦੇ ਗਰ੍ਹੇ ਲਾ ਦਿਓ। ਜਦੋਂ ਗਰ੍ਹੇ ਲਾ ਦਿਤੇ। ਕਹਿੰਦੇ, ਅੱਗ ਲਾ ਦਿਓ। ਸਾਰੇ ਹੀ ਘਬਰਾ ਗਏ ਕਿ ਐਨੀ ਮਿਹਨਤ ਨਾਲ ਕਣਕ ਬੀਜੀ ਹੋਈ, ਅੱਗ ਦੇਈਏ, ਲੰਗਰ ਕਾਹਦੇ ਨਾਲ ਚੱਲੇਗਾ?

ਉਸ ਵੇਲੇ ਗੁਰੂ ਅੰਗਦ ਸਾਹਿਬ ਇਕੱਲੇ ਅੱਗੇ ਵਧੇ, ਜਾ ਕੇ ਅੱਗ ਲਾ ਦਿਤੀ ਕਿ ਮਾਲਕ ਦਾ ਹੁਕਮ ਹੈ। ਕਈਆਂ ਦੇ ਮਨ ਵਿਚ ਆ ਗਿਆ ਕਿ ਮਹਾਰਾਜ ਦੇ ਦਿਮਾਗ ਨੂੰ ਕੁਛ ਹੋ ਗਿਆ। ਹੋਰ ਚਲੇ ਗਏ, ਕੋਈ 20-25 ਰਹਿ ਗਏ। ਜਿਹੜਾ ਨੇੜੇ ਆਵੇ, ਮਹਾਰਾਜ ਘਸੁੰਨ ਮਾਰਨ ਉਹਦੇ। ਨੇੜੇ ਨਾ ਆਉਣ ਦੇਣ। ਜਦੋਂ ਨਾ ਨੱਠੇ। ਕਹਿੰਦੇ ਸਾਡੇ ਮਗਰ ਕਿਉਂ ਆਉਂਦੇ ਓਂ?

ਕਹਿੰਦੇ, ਕਿੱਥੇ ਜਾਈਏ ਮਹਾਰਾਜ! ਕੋਈ ਥਾਂ ਨਹੀਂ।

ਮਹਾਰਾਜ ਜੀ ਨੇ ਰੁਪਈਏ ਸੁੱਟਣੇ ਸ਼ੁਰੂ ਕਰ ਦਿਤੇ। ਉਨ੍ਹਾਂ ਨੇ ਚੁਗਣੇ ਸ਼ੁਰੂ ਕਰ ਦਿਤੇ। ਕਾਫੀ ਸਾਰੇ ਬੰਦੇ ਉਥੇ ਰਹੇ, ਜਿਹੜੇ ਫੇਰ ਮਗਰ ਚੱਲੇ,

ਮਹਾਰਾਜ ਨੇ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਨਹੀਂ ਗਏ? ਬੋਲਦੇ ਨਹੀਂ ਹਨ। ਮਹਾਰਾਜ ਕੁਤਕਾ ਮਾਰਦੇ ਨੇ, ਲੇਕਿਨ ਮੁੜੇ ਨਹੀਂ ਹਨ। ਮਹਾਰਾਜ ਨੇ ਫੇਰ ਮੋਹਰਾਂ ਸੁੱਟਣੀਆਂ ਸ਼ੁਰੂ ਕਰ ਦਿਤੀਆਂ ਸੋਨੇ ਦੀਆਂ। ਉਹ ਚੁੱਕ ਲਈਆਂ, ਹੀਰੇ ਸੁੱਟ ਦਿਤੇ, ਸਭ ਚੁੱਕ ਲਏ। ਥੋੜ੍ਹੇ ਜਿਹੇ ਰਹਿ ਗਏ। ਜਦੋਂ ਮਹਾਰਾਜ ਨੇ ਡੰਡਾ ਕੱਢ ਕੇ ਮਾਰਨਾ ਸ਼ੁਰੂ ਕਰਿਆ ਤਾਂ ਉਹ ਵੀ ਨੱਠ ਗਏ। ਕਹਿੰਦੇ ਸਾਡੇ ਪਿੱਛੇ ਕਿਉਂ ਆਉਂਦੇ ਓਂ?

ਗੁਰੂ ਅੰਗਦ ਸਾਹਿਬ ਤੇ ਬਾਬਾ ਬੁੱਢਾ ਜੀ ਦੋ ਰਹਿ ਗਏ, ਕਹਿੰਦੇ ਤੁਸੀਂ ਕਿਉਂ ਆਉਂਦੇ ਓਂ? ਕਹਿੰਦੇ, ਮਹਾਰਾਜ! ਜਿਨ੍ਹਾਂ ਦਾ ਕੋਈ ਥਾਉਂ ਸੀ ਉਹ ਸਭ ਚਲੇ ਗਏ। ਸਾਡਾ ਤਾਂ ਕੋਈ ਥਾਉਂ ਹੀ ਨਹੀਂ ਤੁਹਾਡੇ ਬਗੈਰ। ਅਸੀਂ ਜਾਈਏ ਕਿੱਥੇ? ਕਹਿੰਦੇ ਜੇ ਨਹੀਂ ਜਾਣਾ ਉਹ ਮੁਰਦਾ ਖਾਓ ਸਾਮ੍ਹਣੇ। ਕਹਿੰਦੇ ਦੇਖਦੇ ਕੀ ਓਂ?

ਉਸ ਵੇਲੇ ਗੁਰੂ ਅੰਗਦ ਸਾਹਿਬ ਕਾਹਲੀ-ਕਾਹਲੀ ਜਾਂਦੇ ਨੇ, ਬਾਬਾ ਬੁੱਢਾ ਜੀ ਪਿੱਛੇ-ਪਿੱਛੇ ਜਾਂਦੇ ਨੇ। ਥੋੜ੍ਹਾ ਜਿਹਾ ਉਰ੍ਹੇ ਖੜ੍ਹ ਗਏ ਬਾਬਾ ਜੀ। ਕਹਿੰਦੇ ਖਾਂਦੇ ਕਿਉਂ ਨਹੀਂ।

ਗੁਰੂ ਅੰਗਦ ਸਾਹਿਬ ਕਹਿਣ ਲੱਗੇ, ਪਾਤਸ਼ਾਹ! ਆਪ ਕ੍ਰਿਪਾ ਕਰਕੇ ਦੱਸੋ, ਕਿਧਰੋਂ ਖਾਈਏ?

ਕਹਿੰਦੇ ਸਿਰ ਵਲੋਂ ਖਾਓ।

ਬਾਬਾ ਜੀ ਖੜ੍ਹ ਗਏ, ਗੁਰੂ ਅੰਗਦ ਸਾਹਿਬ ਇੱਕ ਦਮ ਕੇਸਾਂ ਵਲ ਹੋ ਗਏ। ਇੱਕ ਨੰਬਰ ਤੋਂ ਬਾਬਾ ਜੀ ਪਿੱਛੇ ਰਹਿ ਗਏ। ਗੁਰੂ ਅੰਗਦ ਸਾਹਿਬ ਨੇ 100 ਹੀ ਨੰਬਰ ਲੈ ਲਏ। ਜਦੋਂ ਚੁੱਕਿਆ ਕੱਪੜਾ, ਨਾ ਉਥੇ ਕੋਈ ਮੁਰਦਾ, ਨਾ ਕੁਛ ਹੋਰ, ਸੁਗੰਧੀ ਆ ਰਹੀ ਹੈ ਤੇ ਤਿਆਵਲ ਦਾ ਪ੍ਰਸ਼ਾਦ ਪਿਆ ਹੈ। ਉਸ ਵੇਲੇ ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣਾ ਜੀ ਨੂੰ ਬੁੱਕਲ 'ਚ ਲੈ ਲਿਆ। ਕਹਿੰਦੇ, ਭਾਈ ਲਹਿਣਾ, ਨਿਹਾਲ! ਨਿਹਾਲ! ਨਿਹਾਲ। ਬ੍ਰਹਮਗਿਆਨ, ਸਾਰੀਆਂ ਸ਼ਕਤੀਆਂ ਦੇ ਭੰਡਾਰੇ, ਕਹਿੰਦੇ ਥਾਉਂ ਪੱਕ ਗਿਆ ਭਾਈ, ਹੁਣ ਅਸੀਂ ਇਹਦੇ ਵਿਚ ਨਿਵਾਸ ਕਰਾਂਗੇ। ਉਸ ਵੇਲੇ ਪਾਸ ਕਰੇ। ਕਹਿੰਦੇ, ਬਾਬਾ ਬੁੱਢਾ ਜੀ! ਤੁਸੀਂ ਵੀ 99 ਨੰਬਰ ਲਏ ਨੇ, ਤੁਸੀਂ ਵੀ ਨਿਰਾਸ਼ ਨਾ ਹੋਵੋ, ਤੁਸੀਂ ਗੁਰੂ ਦੇ ਮਸਤਕ 'ਤੇ ਤਿਲਕ ਲਾਇਆ ਕਰੋਂਗੇ। ਜਦੋਂ ਤੁਸੀਂ ਕਹਿ ਦਿਆ ਕਰੋਂਗੇ ਕਿ ਇਹ ਗੁਰੂ ਨੇ, ਉਸ ਵੇਲੇ ਸੰਗਤ ਮੱਥਿਆ ਟੇਕਿਆ ਕਰੇਗੀ।

ਸੋ ਇਹਨੂੰ ਕਸਵੱਟੀ ਕਹਿੰਦੇ ਨੇ। ਜਦੋਂ ਕਸਵੱਟੀ ਲਗਦੀ ਹੈ, ਢਿੱਲੇ-ਮੱਠੇ ਨਹੀਂ ਉਥੇ ਰਿਹਾ ਕਰਦੇ -

***ਧਾਰਨਾ - ਜਦੋਂ ਲਗਦੀ ਹੈ ਰਾਮ ਕਸੌਟੀ,***
***ਪਾਸ ਹੁੰਦੇ ਮਰਜੀਵੜੇ।***
***ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥***
***ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ ॥ ਅੰਗ - 948***

ਮਰਜੀਵੜਾ ਸਿੱਖ, ਪੰਜ ਕਿਸਮ ਦੀ ਸਿੱਖੀ ਹੋਇਆ ਕਰਦੀ ਹੈ ਤੇ ਜਿਹੜੀ ਅਸਲੀ ਸਿੱਖੀ ਹੈ, ਉਹ ਤਿੰਨ ਕਿਸਮ ਦੀ ਹੋਇਆ ਕਰਦੀ ਹੈ। ਪਹਿਲਾ ਸਿੱਖ ਹੋਇਆ ਕਰਦਾ ਹੈ, ਦੂਸਰਾ ਸਿਦਕੀ ਸਿੱਖ ਹੋਇਆ ਕਰਦਾ ਹੈ, ਤੀਸਰਾ ਮਰਜੀਵੜਾ ਸਿੱਖ ਹੋਇਆ ਕਰਦਾ ਹੈ। ਪੰਜ ਕਿਸਮ ਦੀ ਸਿੱਖੀ ਹੋਇਆ ਕਰਦੀ ਹੈ, ਭੇਖ ਦੀ ਸਿੱਖੀ, ਹਿਰਸ ਦੀ ਸਿੱਖੀ, ਦੇਖਾ-ਦੇਖੀ ਦੀ ਸਿੱਖੀ, ਭਾਵਨਾ ਦੀ ਸਿੱਖੀ, ਸਿਦਕ ਦੀ ਸਿੱਖੀ। ਸੋ ਤਿੰਨ ਕਿਸਮ ਦੇ ਮੁਰੀਦ ਹੁੰਦੇ ਨੇ - ਮੁਰੀਦ, ਮੁਰੀਦੇ-ਏ-ਸਾਦਕ, ਮੁਰੀਦ-ਏ-ਫਿਦਾਈ। ਮਰਜੀਵੜਾ ਪਾਸ ਹੁੰਦਾ ਹੈ, ਦੂਸਰਾ ਨਹੀਂ ਹੁੰਦਾ। ਸੋ ਜਦੋਂ ਇਹ ਕਸਵੱਟੀ ਲੱਗੀ, ਪਿੰਡ 'ਚੋਂ ਕੱਢ ਦਿਤੇ, ਉਸ ਵੇਲੇ ਘਰਵਾਲੀ ਦੇ ਮਨ ਵਿਚ ਥੋੜ੍ਹਾ ਖਿਆਲ ਆਇਆ। ਪਤੀਵਰਤਾ ਇਸਤ੍ਰੀ ਸੀ, ਲੜਨ ਵਾਲੀ ਨਹੀਂ ਸੀ ਭਾਈ ਮੰਝ ਨਾਲ ਕਿ ਲੜਾਈ ਕਰਦੀ। ਉਹ ਕਹਿੰਦੇ, ਠੀਕ ਹੈ, ਰਜ਼ਾ ਹੈ। ਗੁਰੂ ਧਾਰਨ ਕਰਿਆ ਹੈ ਇਨ੍ਹਾਂ ਨੂੰ ਸਭ ਕੁਝ ਪਤਾ ਹੈ। ਉਸ ਵੇਲੇ ਜਦੋਂ ਖਿਆਲ ਆਇਆ ਉਸਨੂੰ, ਭਾਈ ਮੰਝ ਜੀ ਦਾ ਹਿਰਦਾ ਸ਼ੁੱਧ ਹੋ ਚੁੱਕਿਆ, ਉਸ ਵੇਲੇ ਜਾਣ ਲਿਆ ਕਿ ਲੜਕੀ ਤੇ ਘਰਵਾਲੀ ਜਿਹੜੀ ਹੈ ਦੋਹਾਂ ਦੇ ਹਿਰਦੇ 'ਚ ਕੀ ਖਿਆਲ ਆ ਰਹੇ ਨੇ। ਕਹਿਣ ਲੱਗੇ ਕਿ ਭੋਲੀਓ! ਕਾਹਦਾ ਫਿਕਰ ਕਰਦੇ ਓਂ, ਰੋਟੀ ਦਾ? ਬਿਸ਼ੰਭਰ ਹੈ ਵਾਹਿਗੁਰੂ ਦਾ ਨਾਂ, ਬਿਸ਼ੰਭਰ ਕਹਿੰਦੇ ਨੇ ਸਾਰੇ ਊਨਿਆਂ ਨੂੰ ਭਰਨ ਵਾਲਾ ਹੈ। ਉਹ ਰੋਟੀ ਦਿੰਦਾ ਹੈ, ਰੋਟੀ ਹੋਰ ਕੋਈ ਨਹੀਂ ਦਿੰਦਾ। ਉਹ ਤਾਂ ਸਾਰਿਆਂ ਦੀ ਪਾਲਣਾ ਕਰਦਾ ਹੈ, ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਰੋਜ਼ੀ ਦਿੰਦਾ ਹੈ ਪੱਥਰ ਦੇ ਕੀੜੇ ਨੂੰ,***
***ਤੈਨੂੰ ਕਿਉਂ ਨਾ ਦੇਵੇ ਬੰਦਿਆ।***

ਕਹਿਣ ਲੱਗਿਆ, ਰੋਜ਼ੀ ਦੀ ਗੱਲ ਕਰਦੇ ਓਂ -

***ਨਾ ਕਰਿ ਚਿੰਤ ਚਿੰਤਾ ਹੈ ਕਰਤੇ ॥ ਅੰਗ - 1070***

ਚਿੰਤਾ ਨਾ ਕਰੋ। ਚਿੰਤਾ ਜਿਹਨੇ ਕਰਨੀ ਹੈ ਉਹ ਵਾਹਿਗੁਰੂ ਹੈ ਕਰਨ ਵਾਲਾ।

***ਕਿਆ ਤੂ ਸੋਚਹਿ ਕਿਆ ਤੂ ਚਿਤਵਹਿ***
***ਕਿਆ ਤੂੰ ਕਰਹਿ ਉਪਾਏ ॥***
***ਤਾ ਕਉ ਕਹਹੁ ਪਰਵਾਹ ਕਾਹੂ ਕੀ ਜਿਹ ਗੋਪਾਲ ਸਹਾਏ ॥***
***ਅੰਗ - 1266***

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ ॥***
***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ॥***
***ਅੰਗ - 10***

***ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ ॥***
***ਕਹੈ ਧੰਨਾ ਪੂਰਨ ਤਾਹੂ ਕੋ***
***ਮਤ ਰੇ ਜੀਅ ਡਰਾਂਹੀ ॥ ਅੰਗ - 488***

ਰੋਜ਼ੀ ਤਾਂ ਉਹ ਸਾਰਿਆਂ ਨੂੰ ਦਿੰਦਾ ਹੈ।

ਇੱਕ ਗੁਰਸਿੱਖ, ਗੁਰੂ ਦਸਵੇਂ ਪਾਤਸ਼ਾਹ ਦੇ ਪਾਸ ਸੰਗਰਾਂਦ ਨੂੰ ਆਇਆ ਕਰਦਾ ਸੀ। ਅਜੇ ਭੋਗ ਨਹੀਂ ਸੀ ਪੈਂਦਾ, ਪਹਿਲਾਂ ਹੀ ਮੱਥਾ ਟੇਕ ਕੇ ਤੁਰ ਜਾਣਾ। ਮਹਾਰਾਜ ਨੇ ਦੋ ਚਾਰ ਸੰਗਰਾਂਦਾਂ ਤੇ ਦੇਖਿਆ ਕਿ ਇਹ ਸਿੱਖ ਰਹਿੰਦਾ ਨਹੀਂ ਤੁਰ ਜਾਂਦਾ ਹੈ। ਸਿੱਖ ਨੂੰ ਬੁਲਾਇਆ ਤੇ ਪੁੱਛਿਆ ਕਿ ਗੁਰਸਿੱਖਾ! ਤੂੰ ਚਲਿਆ ਜਾਂਦਾ ਹੈਂ, ਕੀ ਗੱਲ ਹੈ?

ਕਹਿੰਦਾ ਸੱਚੇ ਪਾਤਸ਼ਾਹ! ਘਰ ਵਿਚ ਐਨੀ ਗਰੀਬੀ ਹੈ, ਜੇ ਇੱਕ ਡੰਗ ਕਮਾ ਕੇ ਨਾ ਲਿਆਵਾਂ, ਤਾਂ ਘਰ ਦਾ ਗੁਜ਼ਾਰਾ ਨਹੀਂ ਚਲਦਾ। ਮਹਾਰਾਜ ਕਹਿੰਦੇ, ਤੂੰ ਬਾਣੀ ਪੜ੍ਹਦਾ ਹੁੰਦਾ ਹੈਂ? ਕਹਿੰਦਾ, ਮਹਾਰਾਜ ਮੈਂ ਕਥਾ ਵੀ ਕਰਦਾ ਹੁੰਦਾ ਹਾਂ। ਕਹਿੰਦੇ, ਉਤੋਂ-ਉਤੋਂ ਹੀ ਕਰਦਾ ਹੈਂ ਕਿ ਅੰਦਰੋਂ ਵੀ ਕਰਦਾ ਹੈਂ? ਕਹਿੰਦਾ, ਸੱਚੇ ਪਾਤਸ਼ਾਹ! ਜਿਵੇਂ ਕਰਾਉਂਦੇ ਓਂ, ਓਵੇਂ ਹੀ ਕਰਦਾ ਹਾਂ। ਗੱਲਾਂ ਤਾਂ ਬਹੁਤ ਜਾਣਦੇ ਹੁੰਦੇ ਨੇ। ਕਹਿੰਦੇ, ਭਰੋਸਾ ਵੀ ਹੈ ਤੈਨੂੰ ਬਾਣੀ 'ਤੇ? ਕਹਿੰਦੇ, ਮਹਾਰਾਜ! ਤੁਸੀਂ ਆਪੇ ਜਾਣਦੇ ਓਂ?

ਕਹਿੰਦੇ, ਇਹਦਾ ਅਰਥ ਕੀ ਹੈ?

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ ॥***
***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ॥*** ***ਅੰਗ - 10***

ਕਹਿੰਦਾ, ਸੱਚੇ ਪਾਤਸ਼ਾਹ! ਤੁਸੀਂ ਸਰੀਰ ਦਿਤਾ ਹੈ, ਇਹਦੇ ਨਾਲ ਕੰਮ ਤਾਂ ਕਰਨਾ ਹੀ ਪੈਣਾ ਹੈ। ਕਹਿੰਦੇ, ਚੰਗਾ, ਸਾਡੀ ਚਿੱਠੀ ਲੈ ਜਾ। ਸੰਗਤ ਨੇ ਵਿਚੋਂ ਹੀ ਕਿਹਾ ਕਿ ਸੱਚੇ ਪਾਤਸ਼ਾਹ! ਸਾਡੇ ਪਿੰਡ ਕੋਈ ਭੇਜੋ ਗੁਰਸਿੱਖ ਜਿਹੜਾ ਕਥਾ ਜਾਣਦਾ ਹੋਵੇ। ਸਵੇਰੇ ਸ਼ਾਮ ਸਾਨੂੰ ਕਥਾ ਸੁਣਾ ਦਿਆ ਕਰੇ, ਸਾਰਾ ਪਿੰਡ ਗੁਰਸਿੱਖਾਂ ਦਾ ਹੈ। ਉਹ ਚਲੇ ਗਏ, ਮਹਾਰਾਜ ਕਹਿੰਦੇ ਭੇਜਾਂਗੇ। ਪਿੱਛੋਂ ਇਹਨੂੰ ਚਿੱਠੀ ਦੇ ਦਿਤੀ ਕਿ ਚਿੱਠੀ ਲੈ ਜਾ। ਚਿੱਠੀ ਲੈ ਕੇ ਚਲਿਆ ਗਿਆ, ਉਸ ਚਿੱਠੀ 'ਤੇ ਮਹਾਰਾਜ ਨੇ ਲਿਖ ਦਿਤਾ ਕਿ ਆਹ ਸਿੱਖ ਰੋਜ਼ ਕਥਾ ਕਰਿਆ ਕਰੇਗਾ, ਦੋ ਵੇਲੇ ਤੇ ਤੁਸੀਂ ਇਹਨੂੰ ਜਾਣ ਨਾ ਦਿਓ, ਕਰੜਾ ਪਹਿਰਾ ਰੱਖਿਓ, ਇਹਨੇ ਨੱਠ ਜਾਣਾ ਹੈ। ਉਨ੍ਹਾਂ ਨੇ ਦਸ ਦਿਤਾ ਕਿ ਮਹਾਰਾਜ ਨੇ ਇਸ ਤਰ੍ਹਾਂ ਲਿਖਿਆ ਹੈ। ਕਹਿੰਦਾ, ਚੰਗਾ ਮੇਰਾ ਟੱਬਰ ਮਾਰਨ ਲੱਗੇ ਨੇ ਮਹਾਰਾਜ।

ਸਿੱਖ ਤਾਂ ਮੈਂ ਬਣ ਗਿਆ, ਆਹ ਤਾਂ ਕਦੇ ਸੁਣਿਆ ਨਹੀਂ ਕਿ ਗੁਰੂ ਟੱਬਰ ਹੀ ਭੁੱਖਾ ਮਾਰ ਦੇਵੇ। ਕਹਿੰਦੇ ਭਾਈ ਕੁਛ ਕਹਿ ਹੁਣ ਨਹੀਂ ਅਸੀਂ ਜਾਣ ਦੇਣਾ। ਪਹਿਰਾ ਰੱਖਣ ਲੱਗ ਗਏ। ਪੜ੍ਹਿਆ ਲਿਖਿਆ ਸੀ, ਵਿਦਵਾਨ ਸੀ ਕਥਾ ਕਰਦਾ ਰਿਹਾ, ਜਦੋਂ ਛੇ ਮਹੀਨੇ ਲੰਘੇ, ਮਨ 'ਚ ਖਿਆਲ ਆਇਆ ਕਿ ਟੱਬਰ ਤਾਂ ਮੇਰਾ ਮਰ ਗਿਆ ਹੋਣਾ ਹੈ। ਉਸ ਵੇਲੇ ਓਧਰਲੇ ਪਿੰਡ ਵਾਲਿਆਂ ਨੇ ਦੇਖਿਆ ਦੋ ਕੁ ਦਿਨ ਕਿ ਸਿੱਖ ਤਾਂ ਚਲਿਆ ਗਿਆ ਸੇਵਾ ਕਰਨ, ਪਰਿਵਾਰ ਨੂੰ ਸਾਂਭੀਏ, ਦਾਣੇ ਇਕੱਠੇ ਕਰਕੇ

ਕੇ ਦੇ ਦਿਤੇ, ਦਾਲਾਂ ਇਕੱਠੀਆਂ ਕਰ ਦਿਤੀਆਂ, ਨਮਕ ਦੇ ਦਿਤਾ, ਦੁੱਧ ਦੇਣ ਲੱਗ ਗਏ ਨਾਲ ਦੇ ਪੜੌਸੀ। ਐਨੇ ਨੂੰ ਮਾਂ-ਧੀ ਨੇ ਸੋਚਿਆ, ਬੱਚਿਆਂ ਨੇ ਸੋਚਿਆ ਕਿ ਆਪਾਂ ਕੰਮ ਕਰ ਸਕਦੇ ਹਾਂ। ਦਾਨ 'ਤੇ ਕਿਉਂ ਪਲਣਾ ਹੈ। ਉਸ ਵੇਲੇ ਜਿਹੜੀ ਬੀਬੀ ਸੀ ਉਹ ਪਿੰਡ ਦਾ ਜਿਹੜਾ ਚੌਧਰੀ ਸੀ, ਉਹਦੇ ਕੋਲ ਗਈ ਕਹਿਣ ਲੱਗੀ ਕਿ ਬੀਬੀ! ਗੱਲ ਇਸ ਤਰ੍ਹਾਂ ਹੈ ਕਿ ਤੁਹਾਨੂੰ ਪਤਾ ਹੀ ਹੈ ਬਈ ਉਹ ਤਾਂ ਗੁਰੂ ਕਲਗੀਧਰ ਦੀ ਸੇਵਾ 'ਚ ਰਹਿ ਪਏ ਤੇ ਅਸੀਂ ਚਾਹੁੰਦੇ ਹਾਂ ਕਿ ਅਸੀਂ ਕੰਮ ਕਰੀਏ। ਕਹਿੰਦੀ, ਠੀਕ ਹੈ ਲੜਕੀ ਦੀ ਸ਼ਾਦੀ ਹੈ ਤੇ ਤੁਸੀਂ ਮੇਰੇ ਕੋਲ ਆ ਕੇ ਕੰਮ ਕਰਿਆ ਕਰੋ। ਪੀਹਣ ਸਵਾਰਨਾ ਹੈ, ਲਿਪਣਾ ਹੈ, ਕਪੜੇ ਧੋਣੇ ਹਨ, ਘਰ ਠੀਕ ਕਰਨਾ ਹੈ। ਕੰਮ ਕਰਨਾ ਸ਼ੁਰੂ ਕਰ ਦਿਤਾ, ਜਿਸ ਦਿਨ ਲਿਪਣ ਵਾਸਤੇ ਲੈਣ ਗਈਆਂ ਮਿੱਟੀ, ਲੜਕੀ ਪੁੱਟ ਰਹੀ ਹੈ, ਦੋ ਤਿੰਨ ਜਦੋਂ ਟੱਕ ਮਾਰੇ ਉਹ ਕਹਿੰਦੀ ਕੁਛ ਕਰੜਾ-ਕਰੜਾ ਹੈ ਹੇਠਾਂ, ਹੌਲੀ-ਹੌਲੀ ਕੱਢਿਆਂ ਤਾਂ ਇੱਕ ਗਾਗਰ ਮੋਹਰਾਂ ਦੀ ਭਰੀ ਹੋਈ ਹੈ, ਬੜੀ ਖੁਸ਼ੀ ਹੋਈ, ਚੁੱਕ ਕੇ ਲੈ ਆਈਆਂ, ਲਿਆ ਕੇ ਸਰਦਾਰਨੀ ਨੂੰ ਕਿਹਾ ਕਿ ਬੀਬੀ ਜੀ! ਆਹ ਲੱਭਿਆ ਹੈ ਸਾਨੂੰ। ਕਹਿੰਦੀ, ਦੇਖ ਭਾਈ, ਇਹਦੀ ਗੱਲ ਨਾ ਕਰੀਂ ਕਿਸੇ ਕੋਲ, ਧਨ ਹੈ ਚੋਰ ਆ ਜਾਂਦੇ ਨੇ ਤੂੰ ਇੰਝ ਕਰ, ਮੇਰੇ ਕੋਲ ਰੱਖ ਦੇ, ਮੈਂ ਇਹਨੂੰ ਸਹੀ ਖਰਚਾਗੀਂ, ਤੈਨੂੰ ਪਤਾ ਨਹੀਂ ਲੱਗਣਾ। ਉਹਨੇ ਜ਼ਮੀਨ ਲੈ ਦਿਤੀ, ਘਰ ਪਾ ਦਿਤਾ, ਚੁਬਾਰਾ ਪਾ ਦਿਤਾ। ਇਧਰ ਛੇ ਮਹੀਨੇ ਪੂਰੇ ਹੋ ਗਏ। ਮੱਝਾਂ, ਗਾਈਆਂ ਲੈ ਦਿਤੀਆਂ, ਖੂਹ ਲਾ ਦਿਤੇ। ਛੇ ਮਹੀਨੇ ਪੂਰੇ ਹੋਏ, ਸਿੱਖ ਕਹਿੰਦਾ ਹੁਣ ਤਾਂ ਮੇਰਾ ਟੱਬਰ ਮਰ ਗਿਆ ਹੋਣਾ ਹੈ। ਹੁਣ ਕੀ ਜਾਣਾ ਹੈ ਦਿਲ ਖਰਾਬ ਹੋਏਗਾ। ਉਹ ਗੁਰਸਿੱਖ ਕਹਿਣ ਲੱਗੇ, ਗੁਰਸਿੱਖਾ! ਗੁਰੂ ਦੀ ਲੀਲਾ ਤੂੰ ਨਹੀਂ ਜਾਣਦਾ, ਤੂੰ ਜਾਹ ਘਰ ਨੂੰ। ਘਰ ਨੂੰ ਆਉਂਦਾ ਹੈ, ਦੂਰੋਂ ਹੀ ਦੇਖ ਕੇ, ਜਿੱਥੇ ਉਹਦਾ ਕੱਚਾ ਘਰ ਸੀ, ਉਥੇ ਤਾਂ ਚੁਬਾਰੇ ਵਾਲਾ ਮਕਾਨ ਬਣਿਆ ਪਿਆ ਹੈ। ਕਹਿੰਦਾ ਲੈ ਬਈ, ਆਹ ਮੇਰਾ ਕਿਸੇ ਨੇ ਘਰ ਵੀ ਖੋਹ ਲਿਆ, ਪਤਾ ਨਹੀਂ ਗਰੀਬ ਕਿਧਰ ਮਾਰੇ ਹੋਣੇ ਨੇ ਧੱਕੇ ਦੇ ਕੇ। ਕਿੱਥੇ ਰੁਲਦੇ ਫਿਰਦੇ ਹੋਣੇ ਨੇ, ਮੰਗਦੇ ਫਿਰਦੇ ਹੋਣੇ ਨੇ।

ਜਦੋਂ ਘਰ ਦੇ ਨੇੜੇ ਆਇਆ, ਉਥੇ ਮੁੰਡਾ ਖੇਲ੍ਹਦਾ ਫਿਰਦਾ ਸੀ ਪੰਜਾ-ਛੇ ਸਾਲ ਦਾ, ਉਹਦਾ ਹੀ ਮੁੰਡਾ। ਉਹਨੇ ਦੇਖ ਲਿਆ ਕਿ ਬਾਪੂ ਤੁਰਿਆ ਆਉਂਦਾ ਹੈ ਉਹ ਨੱਠ ਕੇ ਪੌੜੀਆਂ ਚੜ੍ਹ ਗਿਆ ਤੇ ਅੰਦਰ ਉਹਦੀ ਮਾਂ ਬੈਠੀ ਸੀ, ਐਨੇ ਨੂੰ ਇਹ ਵੀ ਫਟਾਫਟ ਗਿਆ ਕਿ ਮੁੰਡੇ ਨੂੰ ਮੈਂ ਪੁੱਛਾਂ ਕਿ ਬਾਕੀ ਦਾ ਟੱਬਰ ਕਿੱਥੇ ਹੈ?

ਇਹ ਬਾਹਰਲੇ ਪਾਸੇ ਹੈ, ਮੁੰਡਾ ਅੰਦਰਲੇ ਪਾਸੇ ਚੁਬਾਰੇ 'ਤੇ ਚਲਿਆ ਗਿਆ, ਉੱਚੀ-ਉੱਚੀ ਹਾਕਾਂ ਮਾਰਦਾ ਹੈ ਕਿ ਬੇਬੇ-ਬੇਬੇ ਬਾਪੂ ਆਗਿਆ ਹੁਣ ਆਪਾਂ ਫੇਰ ਭੁੱਖੇ ਮਰਾਂਗੇ। ਇਹਨੇ ਸੁਣ ਲਿਆ। ਉਹਨੇ ਆਦਰ ਸਤਿਕਾਰ ਕਰਿਆ। ਕਹਿਣ ਲੱਗੀ, ਮਹਾਰਾਜ ਕੋਲ ਸੇਵਾ ਕਰੀ?

ਕਹਿੰਦਾ, ਕਾਹਨੂੰ ਕਰੀ ਮੈਂ ਮਹਾਰਾਜ ਕੋਲ। ਮੇਰੇ ਨਾਲ ਤਾਂ ਇਸ

ਤਰ੍ਹਾਂ ਕਰਿਆ ਮਹਾਰਾਜ ਨੇ। ਮਹਾਰਾਜ ਕੋਲ ਸੇਵਾ ਕਰ, ਸਾਡੇ ਜੋਗਾ ਤਾਂ ਬੇਅੰਤ ਮਹਾਰਾਜ ਨੇ ਦੇ ਦਿਤਾ।

ਜਦ ਮੁੜ ਕੇ ਗਿਆ ਮਹਾਰਾਜ ਕੋਲ, ਤਾਂ ਮਹਾਰਾਜ ਕਹਿੰਦੇ, ਕਿਉਂ ਪ੍ਰੇਮੀਆਂ! ਬਾਣੀ 'ਤੇ ਤੈਨੂੰ ਭਰੋਸਾ ਹੋਇਆ ਕਿ ਨਹੀਂ ਹੋਇਆ? ਕਹਿੰਦਾ, ਮਹਾਰਾਜ! ਹੁਣ ਹੋ ਗਿਆ, ਪਹਿਲਾਂ ਨਹੀਂ ਸੀਗਾ। ਪਹਿਲਾਂ ਤਾਂ ਮੈਂ ਪੜ੍ਹੀ ਜਾਂਦਾ ਸੀ – 'ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥ ' ਅੰਦਰ ਨਹੀਂ ਸੀ ਜਾਂਦੀ ਗੱਲ। ਸੋ ਕਹਿਣ ਲੱਗਿਆ, ਭਾਈ ਮੰਝ ਘਰਵਾਲੀ ਨੂੰ, ਕਹਿੰਦਾ ਤੂੰ ਫਿਕਰ ਕਿਉਂ ਕਰਦੀ ਹੈਂ? ਚਿੰਤਾ ਤਾਂ ਜਿਹੜੀ ਹੈ ਉਹ ਪ੍ਰਮੇਸ਼ਰ ਨੂੰ ਹੋਇਆ ਕਰਦੀ ਹੈ। ਬੰਦੇ ਦੇ ਕਰਨ ਦੀ ਚਿੰਤਾ ਨਹੀਂ ਹੋਇਆ ਕਰਦੀ। ਸੋ ਇਸ ਤਰ੍ਹਾਂ ਦਿਲਾਸਾ ਦਿੰਦਾ ਕਹਿਣ ਲੱਗਿਆ ਕਿ ਇਹ ਤਾਂ ਜਦੋਂ ਸਮਾਂ ਆਉਂਦਾ ਹੈ, ਉਹ ਸਾਰਿਆਂ 'ਤੇ ਆਉਂਦਾ ਹੈ, ਕਿਸੇ ਇੱਕ 'ਤੇ ਨਹੀਂ ਆਉਂਦਾ। ਵੱਡੇ-ਵੱਡਿਆਂ 'ਤੇ ਵੀ ਇਹ ਸਮੇਂ ਆਏ ਨੇ। ਉਸ ਵੇਲੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ, ਪੜ੍ਹੋ ਪਿਆਰ ਨਾਲ –

***ਧਾਰਨਾ – ਓਹੀਓ ਗੱਲ ਹੁੰਦੀ ਹੈ, ਭਾਉਂਦੀ ਜੋ ਪ੍ਰਭ ਜੀ ਤਾਂਈ।***

ਮਤਾ ਤਾਂ ਕਰਦਾ ਹੈ ਕਿ ਪੱਛਮ ਨੂੰ ਜਾਣਾ ਹੈ ਲੇਕਿਨ ਹਾਲਾਤ ਐਸੇ ਬਣਦੇ ਨੇ ਕਿ ਪੂਰਬ ਨੂੰ ਹੀ ਜਾਂਦੇ ਨੇ। ਕਿਸੇ ਦੇ ਹੱਥ ਵਿਚ ਨਹੀਂ ਸਾਧਸੰਗਤ ਜੀ।

***ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ ॥***
***ਖਿਨ ਮਹਿ ਥਾਪਿ ਉਥਾਪਨਹਾਰਾ ਆਪਨ ਹਾਥਿ ਮਤਾਤ ॥***
***ਅੰਗ – 496***

ਆਪਣੇ ਹੱਥ 'ਚ ਰੱਖੀ ਹੋਈ ਹੈ ਵਾਹਿਗੁਰੂ ਨੇ ਗੱਲ। ਕਿਸੇ ਦੇ ਹੱਥ 'ਚ ਨਹੀਂ ਦਿਤੀ।

***ਸਿਆਨਪ ਕਾਹੂ ਕਾਮਿ ਨ ਆਤ ॥ ਅੰਗ – 496***

ਮਹਾਰਾਜ ਕਹਿੰਦੇ ਸਿਆਣਪਾਂ ਤੁਹਾਡੀਆਂ ਕਿਸੇ ਕੰਮ ਨਹੀਂ ਆਉਂਣੀਆਂ।

***ਜੋ ਅਨਰੂਪਿਓ ਠਾਕੁਰਿ ਮੇਰੈ***
***ਹੋਇ ਰਹੀ ਉਹ ਬਾਤ ॥ ਅੰਗ – 496***

ਜਿਹੜੀ ਗੱਲ ਵਾਹਿਗੁਰੂ ਦੇ ਮਨ ਵਿਚ ਆ ਗਈ, ਓਹੀ ਗੱਲ ਹੋਣੀ ਹੈ।

***ਅਨਿਕ ਉਪਾਵ ਚਿਤਵੀਅਹਿ ਬਹੁਤੇਰੇ***
***ਸਾ ਹੋਵੈ ਜਿ ਬਾਤ ਹੋਵੈਨੀ ॥***
***ਅੰਗ – 800***

ਉਪਾਅ ਸੋਚਦਾ ਹੈ ਆਦਮੀ। ਮਹਾਰਾਜ ਕਹਿੰਦੇ, ਤੇਰੇ ਉਪਾਵਾਂ ਨੇ ਕੁਛ ਨਹੀਂ ਕਰਨਾ। ਗੱਲ ਤਾਂ ਉਹ ਹੋ ਹੀ ਜਾਣੀ ਹੈ, ਜਿਹੜੀ ਹੋਣੀ ਹੈ।

***ਅਪਨਾ ਭਲਾ ਸਭੁ ਕੋਈ ਬਾਛੈ***
***ਸੋ ਕਰੇ ਜਿ ਮੇਰੈ ਚਿਤਿ ਨ ਚਿਤੈਨੀ ॥*** ***ਅੰਗ - 800***

ਸਭ ਦੁਨੀਆਂ ਕਹਿੰਦੀ ਹੈ ਕਿ ਮੇਰਾ ਬੁਰਾ ਨਾ ਹੋਵੇ, ਮੇਰਾ ਨੁਕਸਾਨ ਨਾ ਹੋਵੇ, ਪਰ ਹੁੰਦਾ ਕੀ ਹੈ। ਉਲਟ ਹੋ ਜਾਂਦਾ ਹੈ। ਸੋ ਕਹਿਣ ਲੱਗੇ, ਬਈ ਓਹੀ ਗੱਲ ਹੋਇਆ ਕਰਦੀ ਹੈ। ਵੱਡਿਆਂ-ਵੱਡਿਆਂ ਤੋਂ ਹੁੰਦੀ ਹੈ, ਵੱਡਿਆਂ-ਵੱਡਿਆਂ ਨੇ ਕਰਕੇ ਦੇਖੀ ਹੈ।

ਇੱਕ ਵਾਰੀ ਰਾਜਾ ਜਨਕ ਤੁਰਿਆ ਜਾ ਰਿਹਾ ਹੈ, ਬੀਰ ਯਾਤਰਾ ਕਰ ਰਿਹਾ ਹੈ ਭੇਸ ਵਟਾ ਕੇ, ਕੀ ਦੇਖਦਾ ਹੈ ਕਿ ਅੱਗੇ ਇੱਕ ਬੀਬੀ ਮਰੀ ਪਈ ਹੈ। ਛੇ ਮਹੀਨੇ ਦਾ ਬੱਚਾ ਕਦੇ ਏਧਰਲਾ ਦੁੱਧ ਮੂੰਹ 'ਚ ਪਾਉਂਦਾ ਹੈ, ਕਦੇ ਓਧਰਲਾ। ਲੋਕ ਇਕੱਠੇ ਹੋਏ ਖੜ੍ਹੇ ਨੇ, ਇੱਕ ਲੜਕੀ ਗਾਗਰ ਲਈ ਜਾਂਦੀ ਹੈ, ਪਾਣੀ ਲੈਣ ਵਾਸਤੇ। ਉਹ ਥੋੜ੍ਹੀ ਦੇਰ ਰੁਕੀ ਫੇਰ ਖਿੜਖਿੜਾ ਕੇ ਹੱਸ ਪਈ। ਉਹਨੇ ਕਿਹਾ ਕਿ ਸਾਰੇ ਲੋਕਾਂ ਦੇ ਨੇਤਰਾਂ 'ਚੋਂ ਜਲ ਜਾਂਦਾ ਹੈ ਤੇ ਇਹ ਹੱਸਦੀ ਹੈ। ਪੁੱਛਣ ਲੱਗ ਗਿਆ, ਕਹਿੰਦਾ ਬੀਬਾ! ਤੂੰ ਕਿਉਂ ਹੱਸੀ?

ਕਹਿੰਦੀ, ਮੇਰੇ ਕੋਲ ਸਮਾਂ ਨਹੀਂ ਹੈ ਤੈਨੂੰ ਦੱਸਣ ਦਾ।

ਪਿੱਛੇ ਚਲ ਪਿਆ, ਕਹਿੰਦਾ ਮੈਂ ਰਾਜਾ ਜਨਕ ਹਾਂ, ਤੂੰ ਮੈਨੂੰ ਇਹ ਗੱਲ ਦੱਸ ਕਿ ਤੂੰ ਹੱਸੀ ਕਿਉਂ?

ਕਹਿੰਦੀ, ਭਾਵੀ ਨੂੰ ਦੇਖ ਕੇ ਹੱਸੀ ਹਾਂ। ਇਸੇ ਤਰ੍ਹਾਂ ਹੋਣਾ ਸੀ ਇਹਨੇ ਇੱਥੇ ਆ ਕੇ ਮਰਨਾ ਸੀ।

ਕਹਿੰਦੇ, ਤੂੰ ਖੜ੍ਹ ਕੇ ਕਿਉਂ ਨਹੀਂ ਗੱਲ ਕਰਦੀ?

ਕਹਿੰਦੀ, ਮੇਰੇ 'ਤੇ ਵੀ ਭਾਵੀ ਵਰਤਣ ਵਾਲੀ ਹੈ। ਮੈਂ ਪਾਣੀ ਲੈ ਕੇ ਜਾਣਾ ਹੈ, ਆਪਣੇ ਪਤੀ ਦਾ ਇਸ਼ਨਾਨ ਕਰਾਉਣਾ ਹੈ, ਉਸ ਤੋਂ ਬਾਅਦ ਮੈਂ ਅੰਦਰ ਦੁੱਧ ਲੈਣ ਜਾਣਾ ਹੈ ਤੇ ਮੇਰੇ 'ਤੇ ਛੱਤ ਗਿਰ ਪੈਣੀ ਹੈ, ਮੈਂ ਮਰ ਜਾਣਾ ਹੈ। ਤਾਂ ਮੈਨੂੰ ਕਾਹਲੀ ਹੈ, ਮੈਨੂੰ ਬੁਲਾਈਂ ਨਾ। ਮੈਂ ਪ੍ਰਮੇਸ਼ਰ ਵਲ ਆਪਣਾ ਮਨ ਦੇਣਾ ਹੈ। ਮੈਂ ਰਾਮ ਦੇ ਨਾਮ ਵਲ ਆਪਣਾ ਮਨ ਲਾਉਣਾ ਹੈ।

ਇਸ਼ਨਾਨ ਕਰਿਆ ਉਸਨੇ, ਪਾਣੀ ਲੈ ਕੇ ਤੁਰ ਪਈ। ਮਗਰ ਹੀ ਮਗਰ ਫੇਰ ਤੁਰ ਪਿਆ। ਘਰ ਚਲੀ ਗਈ ਉਹ, ਜਾ ਕੇ ਉਹਨੇ ਪਤੀ ਦਾ ਇਸ਼ਨਾਨ ਕਰਾਇਆ, ਕਹਿੰਦਾ ਦੁੱਧ ਲਿਆ। ਅੰਦਰ ਦੁੱਧ ਲੈਣ ਗਈ, ਦੜੰਮ ਦੇ ਕੇ ਛੱਤ ਗਿਰ ਗਈ, ਉਥੇ ਹੀ ਮਰ ਗਈ।

ਰਾਹ 'ਚ ਇੱਕ ਗੱਲ ਪੁੱਛੀ ਸੀ ਰਾਜੇ ਜਨਕ ਨੇ ਉਸਨੂੰ ਕਿ ਇਹ ਭਾਵੀ ਹਟ ਨਹੀਂ ਸਕਦੀ? ਜੇ ਮੈਂ ਤੈਨੂੰ ਜਾਣ ਨਾ ਦੇਵਾ। ਉਹ ਕਹਿੰਦੀ ਨਾ, ਇਹ ਤਾਂ ਗੱਲ ਹੋਣੀ ਹੀ ਹੋਣੀ ਹੈ, ਤੈਨੂੰ ਮੈਂ ਦਸਦੀ ਹਾਂ ਕਿ ਰਾਵਣ ਦੇ ਉਤੇ ਭਾਵੀ ਵਰਤਣ ਵਾਲੀ ਹੈ, ਉਹਦੀ ਲੜਕੀ ਨੇ ਜਿਹੜਾ ਉਨ੍ਹਾਂ ਦੇ

ਘਰ 'ਚ ਸਫਾਈ ਕਰਨ ਵਾਲਾ ਹੈ, ਉਹਦੇ ਲੜਕੇ ਨਾਲ ਸ਼ਾਦੀ ਕਰਾਉਣੀ ਹੈ ਜਾਂ ਉਹਨੂੰ ਕਹਿ ਦੇ ਹਟਾ ਲਵੇ।

ਰਾਜੇ ਜਨਕ ਨੇ ਜਦੋਂ ਸਭ ਕੁਛ ਅੱਖਾਂ ਨਾਲ ਦੇਖ ਲਿਆ, ਵਿਸ਼ਵਾਸ਼ ਹੋ ਗਿਆ। ਲੰਕਾ ਦੇ ਰਾਜੇ ਨੂੰ ਮਿਲਿਆ, ਉਹਨੇ ਪੁੱਛਿਆ ਕਿ ਕਿਵੇਂ ਆਇਆ ਹੈਂ ਰਾਜਨ! ਕਹਿੰਦੇ, ਮੈਂ ਆਹ ਗੱਲ ਅੱਖਾਂ ਨਾਲ ਦੇਖ ਕੇ ਆਇਆ ਹਾਂ ਤੇ ਉਹ ਲੜਕੀ ਨੇ ਮੈਨੂੰ ਇਸ ਤਰ੍ਹਾਂ ਦਸਿਆ ਹੈ ਕਿ ਤੇਰੇ ਘਰ ਓਲਾਦ ਆਉਣੀ ਹੈ ਲੜਕੀ ਤੇ ਉਹਦੀ ਸ਼ਾਦੀ ਤੇਰੇ ਘਰ ਜਿਹੜਾ ਸਫਾਈ ਕਰਦਾ ਹੈ, ਗੰਦ-ਮੰਦ ਚੁੱਕਦਾ ਹੈ, ਉਹਦੇ ਲੜਕੇ ਨਾਲ ਹੋਣੀ ਹੈ।

ਕਹਿੰਦਾ, ਇਹ ਕਦੇ ਹੋ ਸਕਦਾ ਹੈ?

ਕਹਿੰਦਾ, ਮੈਂ ਦਸ ਚੱਲਿਆ ਹਾਂ, ਤੂੰ ਹਟਾ ਲੈ।

ਉਸੇ ਵੇਲੇ ਉਹਨੇ ਅਵਾਹਨ ਕਰਿਆ, ਬ੍ਰਹਮਾ ਜੀ ਬੁਲਾ ਲਏ। ਦੇਵਤੇ ਬੁਲਾ ਲਏ।

ਕਹਿੰਦਾ, ਮੇਰੇ ਘਰ ਕਿਹੜੀ ਓਲਾਦ ਆ ਰਹੀ ਹੈ?

ਕਹਿੰਦੇ, ਲੜਕੀ।

ਕਹਿਣ ਲੱਗਿਆ, ਉਸ ਦਾ ਕਿਸ ਤਰ੍ਹਾਂ ਭਾਗ ਹੈ?

ਕਹਿੰਦੇ, ਭਾਗ ਵਾਲੀ ਹੋਵੇਗੀ, ਰਾਜੇ ਦੀ ਰਾਣੀ ਹੋਵੇਗੀ, ਬਹੁਤ ਸੁਖੀ ਹੋਵੇਗੀ।

ਕਹਿੰਦੇ, ਸ਼ਾਦੀ?

ਕਹਿੰਦੇ, ਸ਼ਾਦੀ ਤਾਂ ਤੇਰੇ ਘਰ 'ਚ ਜਿਹੜਾ ਸਫਾਈ ਕਰਦਾ ਹੈ ਜਮਾਂਦਾਰ, ਉਹਦੇ ਲੜਕੇ ਨਾਲ ਹੋਣੀ ਹੈ।

ਦੇਖੋ, ਕਿੱਡੀ ਵੱਡੀ ਗੱਲ ਹੈ, ਰਾਜਾ ਹੋਵੇ ਤੇ ਸਫਾਈ ਵਾਲਾ ਲੜਕਾ ਹੋਵੇ।

ਕਹਿੰਦਾ, ਇਹ ਗੱਲ ਹੋ ਨਹੀਂ ਸਕਦੀ।

ਉਹ ਕਹਿੰਦੇ, ਅਸੀਂ ਤਾਂ ਹਟਾ ਨਹੀਂ ਸਕਦੇ, ਤੇਰੇ 'ਚ ਜ਼ੋਰ ਹੈ ਤਾਂ ਹਟਾ ਲੈ।

ਕਹਿੰਦੇ, ਬਿਹੁ ਮਾਤਾ ਨੂੰ ਕਹਿ ਦੇਵੀਂ, ਜਦੋਂ ਮੱਥੇ 'ਚ ਲੇਖ ਲਿਖਣ ਲੱਗੇ।

ਲੜਕੀ ਹੋ ਗਈ, ਛੇਵੇਂ ਦਿਨ ਬਿਹੁ ਮਾਤਾ ਆਈ। ਜਦੋਂ ਅੰਦਰ ਜਾਣ ਲੱਗੀ ਕਹਿੰਦਾ, ਕੀ ਕਰਨਾ ਹੈ?

ਕਹਿੰਦੀ, ਮੈਂ ਲੇਖ ਲਿਖਣੇ ਨੇ।

ਕਹਿੰਦਾ, ਕੀ ਲਿਖਣੇ ਨੇ?

ਕਹਿੰਦੀ, ਇਹ ਨਹੀਂ ਮੈਨੂੰ ਪਤਾ, ਮੈਂ ਕਲਮ ਧਰਨੀ ਹੈ, ਲੇਖ ਲਿਖੇ ਜਾਣੇ ਨੇ।

ਜਾ ਕੇ ਕਲਮ ਮੱਥੇ 'ਤੇ ਧਰ ਦਿਤੀ -

***ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥***

***ਅੰਗ - 74***

ਆਪਣੇ ਸਭ ਦੇ ਮੱਥੇ 'ਤੇ ਜਿਹੜੀ ਕਲਮ ਛੇਵੇਂ ਦਿਨ ਰੱਖੀ ਹੈ ਮੱਥੇ 'ਤੇ, ਉਹ ਆਪਾਂ ਲਈਂ ਫਿਰਦੇ ਹਾਂ, ਸਾਂਭੀ ਫਿਰਦੇ ਹਾਂ। ਉਹਦੇ ਮੁਤਾਬਿਕ ਹੀ ਆਪਣਾ ਜੀਵਨ ਜਾ ਰਿਹਾ ਹੈ ਸਾਰਾ।

ਜਦੋਂ ਲਿਖ ਕੇ ਆ ਗਈ, ਕਹਿੰਦਾ ਕੀ ਲਿਖਿਆ ਹੈ?

ਕਹਿੰਦੀ, ਆਹ ਲਿਖਿਆ ਹੈ।

ਕਹਿੰਦਾ, ਸ਼ਾਦੀ?

ਕਹਿੰਦੀ, ਸ਼ਾਦੀ ਤਾਂ ਤੇਰੇ ਘਰ ਦੇ ਸਫਾਈ ਕਰਨ ਵਾਲੇ ਦੇ ਲੜਕੇ ਨਾਲ ਹੋਏਗੀ।

ਕਹਿੰਦਾ, ਇਹ ਲੇਖ ਕੱਟ ਦੇ।

ਕਹਿੰਦੀ, ਮੈਂ ਕੱਟ ਨਹੀਂ ਸਕਦੀ।

ਇਹ ਤਾਂ ਧੁਰ ਦਰਗਾਹ ਤੋਂ ਆਉਂਦੇ ਨੇ। ਕੋਈ ਨਹੀਂ ਕੱਟ ਸਕਦਾ।

ਕਿਸੇ ਦੇਵੀ ਦੇਵਤੇ 'ਚ, ਹੋਰ ਕਿਸੇ ਵਿਚ ਵੀ ਕੱਟਣ ਦੀ ਸਮਰੱਥਾ ਨਹੀਂ ਹੈ।

ਕਹਿੰਦਾ, ਕੋਈ ਤਾਂ ਹੈ?

ਕਹਿੰਦੀ, ਹੈ, ਪਰ ਇਹ ਮੌਜ ਹੋਇਆ ਕਰਦੀ ਹੈ ਮਹਾਤਮਾ ਦੀ, ਮਹਾਤਮਾ ਕੱਟ ਦਿੰਦੇ ਨੇ।

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥***

***ਅੰਗ - 1253***

ਦਰਗਾਹ ਵਿਚੋਂ ਲਿਖ ਦਿਤਾ ਕਿ ਇਹਦੇ ਕੋਈ ਪੁੱਤਰ ਨਹੀਂ ਹੋਏਗਾ। ਮਹਾਤਮਾ ਸੇਵਾ ਤੋਂ ਹੋ ਗਏ ਪ੍ਰਸੰਨ। ਕਹਿੰਦੇ, ਜਾਹ ਬੀਬੀ ਪੁੱਤਰਵੰਤੀ ਹੋ। ਹੈਰਾਨ ਹੁੰਦਾ ਹੈ ਕਿ ਮੇਰੇ ਤਾਂ ਦਰਗਾਹ ਨੇ ਲਿਖਿਆ ਹੈ ਪੁੱਤਰ ਨਹੀਂ ਹੋਣਾ।

***ਜਾ ਕਾ ਕਹਿਆ ਦਰਗਹ ਚਲੈ ॥***

ਦਰਗਾਹ ਦੇ ਲਿਖੇ ਹੋਏ ਲੇਖਾਂ ਨੂੰ ਮੇਟਣ ਦੀ ਸਮਰੱਥਾ ਰੱਖਦੇ ਨੇ ਮਹਾਤਮਾ।

ਕਹਿੰਦਾ, ਮਹਾਤਮਾ ਨੂੰ ਤਾਂ ਛੱਡ। ਮੈਂ ਮਿਟਾਵਾਂਗਾ ਇਹ ਲੇਖ।

ਉਸੇ ਵੇਲੇ ਹੁਕਮ ਦੇ ਦਿਤਾ ਕਿ ਉਹਦੇ ਲੜਕੇ ਨੂੰ ਲਿਆਓ ਮੇਰੇ ਕੋਲ ਫੜ ਕੇ। ਲੜਕਾ ਲਿਆਂਦਾ, ਜਲਾਦਾਂ ਦੇ ਹਵਾਲੇ ਕਰ ਦਿਤਾ ਕਿ ਇਹਦੇ ਟੁਕੜੇ-ਟੁਕੜੇ ਕਰਕੇ ਸਮੁੰਦਰ 'ਚ ਸੁੱਟ ਦਿਓ। ਵਜ਼ੀਰ ਕਹਿਣ ਲੱਗਿਆ ਕਿ ਮਹਾਰਾਜ! ਨਿੰਦਿਆ ਹੋਏਗੀ, ਸਾਰੀ ਪਰਜਾ ਵਿਗੜ ਜਾਏਗੀ। ਕੋਈ ਹੋਰ ਢੰਗ ਸੋਚੋ। ਅਖੀਰ ਕਹਿਣ ਲੱਗਿਆ ਕਿ ਇਹਨੂੰ ਜੰਗਲ 'ਚ ਸੁੱਟ ਆਓ। ਜੰਗਲ 'ਚ ਸੁੱਟ ਆਏ। ਜਿੱਥੇ ਕੋਈ ਨਹੀਂ ਸੀ ਜਾਂਦਾ।

ਇੱਕ ਮਹਾਤਮਾ ਆ ਗਏ, ਉਨ੍ਹਾਂ ਨੇ ਉਹਨੂੰ ਚੁੱਕ ਲਿਆ। ਚੁੱਕ ਕੇ 18 ਸਾਲ ਪੜ੍ਹਾਇਆ, ਅਠਾਰ੍ਹਵੇਂ ਸਾਲ ਬਾਅਦ ਕਹਿਣ ਲੱਗੇ ਕਿ ਕਾਕਾ! ਤੂੰ ਆਪਣੀ ਕਿਸਮਤ ਦਾ ਇੰਤਜ਼ਾਰ ਕਰ, ਤੇਰੀ ਕਿਸਮਤ 'ਚ ਰਾਜ ਲਿਖਿਆ ਹੋਇਆ ਹੈ। ਉਹ ਇੱਕ ਜਜ਼ੀਰੇ, ਟਾਪੂ 'ਚ ਚਲਿਆ ਗਿਆ, ਉਥੇ ਦਾ ਰਾਜਾ ਮਰ ਗਿਆ ਸੀ। ਉਨ੍ਹਾਂ ਨੇ ਕਿਹਾ ਸੀ ਕਿ ਜਿਹੜਾ ਸਵੇਰੇ ਸਭ ਤੋਂ ਪਹਿਲਾਂ ਆਏਗਾ, ਉਹਨੂੰ ਰਾਜ ਦੇਣਾ ਹੈ। ਇਹ ਸਭ ਤੋਂ ਪਹਿਲਾਂ ਗਿਆ, ਇਹਦੇ ਗਲ 'ਚ ਫੁੱਲਾਂ ਦੀਆਂ ਮਾਲਾਂ ਪੈ ਗਈਆਂ, ਤਖਤ 'ਤੇ ਬਿਠਾ ਦਿਤਾ। ਬਹੁਤ ਸੋਹਣਾ ਰਾਜ ਕਰਦਾ ਹੈ, ਦੂਰ-ਦੂਰ ਤੱਕ ਕੀਰਤੀ ਫੈਲ ਗਈ। ਓਧਰ ਰਾਵਣ ਨੇ ਬ੍ਰਾਹਮਣਾਂ ਨੂੰ ਬੁਲਾਇਆ, ਕਹਿਣ ਲੱਗਿਆ, ਜਾਓ ਮੇਰੀ ਲੜਕੀ ਦਾ ਰਿਸ਼ਤਾ ਕਰਕੇ ਆਓ। ਉਹ ਸਾਰੇ ਦੇਖਣ ਤੋਂ ਬਾਅਦ ਉਥੇ ਹੀ ਚਲੇ ਗਏ। ਜਾ ਕੇ ਰੁਪਈਆ ਦੇ ਆਏ, ਰਿਸ਼ਤਾ ਕਰ ਆਏ।

ਕਹਿੰਦੇ, ਕਿੱਥੇ ਕਰਿਆ ਹੈ?

ਕਹਿੰਦੇ, ਮਹਾਰਾਜ! ਉਸ ਥਾਂ ਕਰਿਆ ਹੈ। ਵਿਆਹ ਹੋ ਗਿਆ। ਸਾਰੇ ਦੇਵਤੇ ਬੁਲਾਏ ਏਸਨੇ। ਇਹ ਤਾਅਨਾ ਦੇ ਕੇ ਕਹਿਣ ਲੱਗਿਆ ਕਿ ਬ੍ਰਹਮਾ ਜੀ! ਤੁਸੀਂ ਤਾਂ ਲੇਖ ਨਹੀਂ ਬਦਲ ਸਕਦੇ ਸੀ, ਦੇਖੋ, ਮੈਂ ਬਦਲ ਕੇ ਦਿਖਾਏ ਨੇ।

ਕਹਿੰਦੇ, ਰਾਜਨ! ਕੋਈ ਨਿਸ਼ਾਨੀ ਹੈ ਉਸ ਲੜਕੇ ਦੀ, ਜਿਹਦੇ ਬਾਰੇ ਤੂੰ ਕਹਿੰਦਾ ਸੀ?

ਕਹਿੰਦਾ, ਹਾਂ ਉਹਦੀਆਂ ਪੈਰ ਦੀਆਂ ਚਾਰ ਉਂਗਲਾਂ ਵੱਢੀਆਂ ਸੀ।

ਕਹਿੰਦੇ, ਜੁਰਾਬ ਖੁਲ੍ਹਾ ਇਸ ਲੜਕੇ ਦੀ।

ਜਦੋਂ ਜੁਰਾਬ ਖੁਲਾਈ, ਚਾਰੇ ਉਂਗਲਾਂ ਵੱਢੀਆਂ ਹੋਈਆਂ।

ਕਹਿੰਦੇ, ਦੇਖ ਪ੍ਰੇਮੀਆਂ! ਰੱਬ ਦੀ ਲਿਖੀ ਹੋਈ ਨੂੰ ਕੋਈ ਮੋੜ ਨਹੀਂ ਸਕਦਾ। ***'ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ ॥ ਖਿਨ ਮਹਿ ਥਾਪਿ ਉਥਾਪਨਹਾਰਾ ਆਪਨ ਹਾਥਿ ਮਤਾਤ॥ ' (ਅੰਗ-496)***

ਸੋ ਇਸ ਤਰ੍ਹਾਂ ਦੇ ਨਾਲ ਭਾਈ ਮੰਝ ਸਮਝਾਉਂਦਾ ਹੈ ਘਰਵਾਲਿਆਂ ਨੂੰ। ਘਰਵਾਲੀ ਨੇ ਕਿਹਾ ਕਿ ਮੈਨੂੰ ਹੋਰ ਤਾਂ ਨਹੀਂ ਕਿਸੇ 'ਤੇ ਗੁੱਸਾ, ਤੁਹਾਡੇ ਛੋਟੇ ਭਰਾ, ਵੱਡੇ ਭਰਾ, ਭਤੀਜਿਆਂ ਦੇ ਉਤੇ ਮੈਨੂੰ ਗੁੱਸਾ ਹੈ, ਉਨ੍ਹਾਂ ਨੇ ਤਾਂ ਬੁਰੀ ਗੱਲ ਕਰੀ। ਬੁਰੇ ਹੀ ਨਿਕਲੇ ਅਖੀਰ 'ਤੇ।

ਉਹ ਕਹਿੰਦਾ, ਨਾ ਇਹ ਗੱਲ ਨਾ ਕਹੀਂ। ਗੁਰਸਿੱਖੀ 'ਚ ਜੇ ਬੁਰਾ ਕਹਿਣਾ ਹੈ -

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥***

***ਅੰਗ - 1364***

ਕਹਿੰਦੇ ਬੁਰਾ ਕੀਹਨੂੰ ਕਹਿਣਾ ਹੈ? ਨਾਹ ਕਿਸੇ ਨੂੰ ਬੁਰਾ ਨਹੀਂ ਕਹਿਣਾ -7

***ਧਾਰਨਾ - ਸਭਨਾਂ ਘਟਾਂ ਵਿਚ ਇੱਕੋ ਰਾਮ ਬੋਲਦੈ,***
***ਕੀਹਨੂੰ ਬੁਰਾ ਕਹੀਏ ਜਗ 'ਤੇ।***

***ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥***
***ਰਾਮ ਬਿਨਾ ਕੋ ਬੋਲੈ ਰੇ ॥***
***ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ ॥***

***ਅੰਗ - 988***

ਕਹਿੰਦੇ, ਬੁਰਾ ਕੀਹਨੂੰ ਕਹੀਏ, ਸਾਰਿਆਂ ਦੇ ਅੰਦਰ ਪ੍ਰਮੇਸ਼ਰ ਬੋਲਦਾ ਹੈ -

***ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥***
***ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥ 1 ॥***
***ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ ॥***
***ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ ॥***

***ਅੰਗ - 1302***

ਕਹਿਣ ਲੱਗੇ, ਬੁਰਾ ਨਹੀਂ ਕਹਿਣਾ, ਬੁਰਾ ਕੌਣ ਹੈ? ਆਪਾਂ ਹੀ ਬੁਰੇ ਹਾਂ। ਆਪਣੇ ਹੀ ਕਰਮ ਕੋਈ ਐਸੇ ਨੇ, ਜਿਹਦੇ ਕਰਕੇ ਆਪਾਂ ਨੂੰ ਦੂਜੇ ਬੁਰਾ ਸਮਝਦੇ ਨੇ। ਦੂਜਿਆਂ ਨੇ ਤਾਂ ਸਮਝਣਾ ਹੀ ਹੈ, ਠੀਕ ਕਹਿੰਦੇ ਨੇ, ਜਦ ਅਸੀਂ ਆਪ ਕਹਿੰਦੇ ਹਾਂ - ***'ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥*** ' ਬਾਕੀ ਹੈ ਸਭ ਵਾਹਿਗੁਰੂ ਦੀ ਨੇਤ ਹੈ ਇਥੇ ਸਾਰੇ ਅਮੀਰ ਨਹੀਂ ਹਨ, ਸਾਰੇ ਗਰੀਬ ਨਹੀਂ ਹਨ, ਇਹ ਤਾਂ ਜਿਵੇਂ ਉਹਨੂੰ ਭਾਉਂਦਾ ਹੈ ਇਸੇ ਤਰ੍ਹਾਂ ਹੈ -

***ਧਾਰਨਾ - ਪਿਆਰੇ ਇਕਨਾਂ ਨੂੰ ਪਲੰਘ ਨਿਵਾਰ ਦੇ,***
***ਇਕਨਾਂ ਨੂੰ ਹੈ ਨਾ ਗੋਦੜੀ।***

*ਕਾਹੂ ਦੀਨ੍ਹੇ ਪਾਟ ਪਟੰਬਰ ਕਾਹੂ ਪਲਘ ਨਿਵਾਰਾ ॥*
*ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ ॥ 1 ॥*
*ਅਹਿਰਖ ਵਾਦੁ ਨ ਕੀਜੈ ਰੇ ਮਨ ॥*
*ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ ॥ 1 ॥ ਰਹਾਉ ॥*
*ਕੁਮ੍ਹਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ ॥*
*ਕਾਹੂ ਮਹਿ ਮੋਤੀ ਮੁਕਤਾਹਲ ਕਾਹੂ ਬਿਆਧਿ ਲਗਾਈ ॥*
***ਅੰਗ – 479***

ਕਹਿਣ ਲੱਗਿਆ, ਤੁਸੀਂ ਇਹ ਚਿੰਤਾ ਨਾ ਕਰੋ। ਵਾਹਿਗੁਰੂ ਦੀ ਮਰਜ਼ੀ ਹੈ, ਕਿਸੇ ਨੂੰ ਗੋਦੜੀ ਨਹੀਂ ਮਿਲਦੀ, ਕਿਸੇ ਨੂੰ ਕੋਈ ਪਲੰਘ ਨਵਾਰਾਂ ਦੇ ਮਿਲਦੇ ਨੇ। ਕੋਈ ਆਰਾਮ ਨਾਲ ਸੌਂਦੇ ਨੇ, ਕੋਈ ਉਨ੍ਹਾਂ 'ਤੇ ਪਹਿਰੇ ਦਿੰਦੇ ਨੇ –

*ਇਕਿ ਬੈਸਾਇ ਰਖੇ ਗ੍ਰਿਹ ਅੰਤਰਿ ॥*
*ਇਕਿ ਪਠਾਏ ਦੇਸ ਦਿਸੰਤਰਿ ॥*
*ਇਕ ਹੀ ਕਉ ਘਾਸੁ ਇਕ ਹੀ ਕਉ ਰਾਜਾ*
*ਇਨ ਮਹਿ ਕਹੀਐ ਕਿਆ ਕੂੜਾ ॥* ***ਅੰਗ – 1081***

ਵਾਹਿਗੁਰੂ ਦੇ ਮੂਹਰੇ ਤਾਂ ਕਿਸੇ ਦਾ ਜ਼ੋਰ ਨਹੀਂ ਚਲਦਾ। ਸੋ ਇਸ ਤਰ੍ਹਾਂ ਦੇ ਨਾਲ ਹੌਲੀ-ਹੌਲੀ ਚਲਦੇ ਸ਼ਾਮ ਹੋ ਗਈ, ਪਿੰਡ ਆ ਗਿਆ। ਦੂਸਰੇ ਪਿੰਡ ਚਲੇ ਗਏ ਤੇ ਜਾ ਕੇ ਜਿਹੜਾ ਮੁਖੀ ਸੀ ਉਸ ਪਿੰਡ ਦਾ, ਉਨ੍ਹਾਂ ਦਿਨਾਂ 'ਚ ਚੌਧਰੀ ਕਿਹਾ ਕਰਦੇ ਸੀ ਉਸਨੂੰ ਮਿਲਦੇ ਨੇ, ਸਾਰੀ ਵਿਥਿਆ ਦਸੀ, ਮਨ ਵਿਚ ਤਰਸ ਆਇਆ, ਕਹਿਣ ਲੱਗਿਆ, ਪ੍ਰੇਮੀਆਂ! ਭਾਈ ਮੰਝ ਤੂੰ ਫਿਕਰ ਨਾ ਕਰ, ਸਾਡੇ ਪਿੰਡ ਤੋਂ ਜੋ ਸੇਵਾ ਹੋਏਗੀ, ਉਹ ਅਸੀਂ ਕਰਾਂਗੇ, ਤੂੰ ਗੁਰੂ ਦੀ ਸਿੱਖੀ ਪਾਲ। ਐਸ ਤਰ੍ਹਾਂ ਥਾਉਂ ਜਿੱਥੇ ਤੇਰਾ ਜੀਅ ਕਰਦਾ ਹੈ ਲੈ ਲੈ ਤੇ ਆਪਣਾ ਘਰ ਬਣਾ ਲੈ। ਸਰਕੜਾ ਵੱਢਿਆ ਦੂਸਰੇ ਦਿਨ, ਵੱਢ ਕੇ ਲਿਆ ਕੇ ਆਪਣੀ ਝੌਂਪੜੀ ਪਾਈ ਤੇ ਆਪਣੇ ਥੱਲੇ ਵਿਛਾਉਣ ਵਾਸਤੇ ਘਾਹ ਫੂਸ ਲੈ ਆਂਦਾ ਤੇ ਤਿੰਨੋ ਜਣੇ ਆਰਾਮ ਦੇ ਨਾਲ ਉਹਦੇ 'ਚ ਰਹਿਣ ਲੱਗ ਗਏ। ਦੂਸਰੇ ਦਿਨ ਤੋਂ ਘਾਹ ਲਿਆਇਆ ਕਰੇ ਵੱਢ ਕੇ, ਲਿਆ ਕੇ ਵੇਚ ਦਿਆ ਕਰੇ। ਚਾਰ ਪੈਸੇ ਦਾ ਘਾਹ। ਤਿੰਨ ਪੈਸੇ ਆਪਣੇ ਵਾਸਤੇ ਰੱਖ ਲਿਆ ਕਰੇ ਤੇ ਇੱਕ ਪੈਸਾ ਗੁਰੂ ਵਾਸਤੇ ਜਮ੍ਹਾਂ ਕਰ ਦਿਆ ਕਰੇ। ਫੇਰ ਵੀ ਕਿੱਡਾ ਸਿਦਕ ਹੈ, ਸਿਦਕ ਨਹੀਂ ਡੋਲ੍ਹਿਆ ਸਾਧਸੰਗਤ ਜੀ।

ਇਸ ਤਰ੍ਹਾਂ ਕਰਦੇ-ਕਰਦੇ ਜਦੋਂ ਦੋ ਤਿੰਨ ਮਹੀਨੇ ਲੰਘ ਗਏ, ਉਸ ਵੇਲੇ ਗੁਰੂ ਮਹਾਰਾਜ ਨੇ ਮੇਵੜੇ ਨੂੰ ਬੁਲਾਇਆ। ਕਹਿਣ ਲੱਗੇ, ਪ੍ਰੇਮੀਆਂ! ਫਲਾਣੇ ਪਿੰਡ ਦੇ ਅੰਦਰ ਭਾਈ ਮੰਝ ਨਾਮ ਦਾ ਸਿੱਖ ਰਹਿੰਦਾ ਹੈ, ਉਹਦੀ ਹਾਲਤ ਬਹੁਤ ਖਰਾਬ ਹੋਈ-ਹੋਈ ਹੈ। ਆਹ ਸਾਡਾ ਹੁਕਮਨਾਮਾ ਉਹਦੇ ਕੋਲ ਲੈ ਜਾ। ਹੁਕਮਨਾਮਾ ਲੈ ਕੇ ਚਲਦਾ ਹੈ ਤੇ ਜਦੋਂ ਭਾਈ ਮੰਝ ਦੇ ਕੋਲ ਪਹੁੰਚਦਾ ਹੈ, ਝੌਂਪੜੀ ਦੇ ਵਿਚ ਬੈਠੇ ਨੇ ਤਿੰਨੋ ਜਣੇ। ਉਸ ਵੇਲੇ ਜਦੋਂ ਪਤਾ ਲੱਗਿਆ ਉਨ੍ਹਾਂ ਨੂੰ ਕਿ ਅੰਮ੍ਰਿਤਸਰ ਤੋਂ ਆਇਆ ਹੈ, ਚਾਉ ਚੜ੍ਹ ਗਿਆ,

ਪੈਰ ਨਹੀਂ ਧਰਤੀ 'ਤੇ ਲਗਦਾ। ਬੋਲ ਨਹੀਂ ਹੁੰਦਾ, ਬਹੁਤ ਜ਼ਿਆਦਾ ਖੁਸ਼ੀਆਂ 'ਚ ਆ ਗਏ, ਖੁਸ਼ੀ ਦੇ ਹੰਝੂ ਚੱਲਣ ਲੱਗ ਗਏ ਕਿ ਅੱਜ ਗੁਰਸਿੱਖ ਦੇ ਦਰਸ਼ਨ ਹੋਏ ਨੇ। ਉਸ ਵੇਲੇ ਪੁੱਛਣ ਲੱਗ ਗਏ ਕਿ ਮਹਾਰਾਜ ਦਾ ਕੀ ਹਾਲ ਹੈ? ਕੀ ਕਰਦੇ ਹੁੰਦੇ ਨੇ, ਕੀ ਉਪਦੇਸ਼ ਦਿੰਦੇ ਨੇ? ਬਾਰ-ਬਾਰ ਪੁੱਛੀ ਜਾਂਦੇ ਨੇ। ਜਿਹਦੇ ਨਾਲ ਪਿਆਰ ਹੋਵੇ, ਜੇ ਉਹਦੀ ਗੱਲ ਕਰੋ ਤਾਂ ਉਹ ਵੀ ਪਿਆਰਾ ਲੱਗਿਆ ਕਰਦਾ ਹੈ।

ਅਮਰੀਕਾ ਬੱਚਾ ਰਹਿੰਦਾ ਹੋਵੇ ਕਿਸੇ ਦਾ, ਉਥੋਂ ਕੋਲੋਂ ਕੋਈ ਆਇਆ ਹੋਵੇ, ਉਹਦਾ ਹਾਲ-ਚਾਲ ਪੁੱਛੋ, ਇੱਕ ਵਾਰੀ ਦੱਸ ਦਏਗਾ ਕਿ ਆਹ ਹਾਲ ਹੈ। ਫੇਰ ਪੁੱਛ ਲਵਾਂਗੇ ਕਿ ਹੋਰ ਕੀ ਕਹਿੰਦਾ ਸੀ? ਫੇਰ ਪੁੱਛ ਲਵਾਂਗੇ ਕਿ ਹੋਰ ਕੀ ਕਹਿੰਦਾ ਸੀ। ਮਹਾਰਾਜ ਕਹਿੰਦੇ, ਉਹਦੀ ਸੇਵਾ ਕਿਵੇਂ ਕਰਨੀ ਚਾਹੀਦੀ ਹੈ। ਆਦਮੀ ਦਾ ਜੀਅ ਕਰਦਾ ਹੈ ਕਿ ਮੈਂ ਜੀਅ ਭਰਕੇ ਇਹਦੀ ਸੇਵਾ ਕਰਾਂ। ਇਸੇ ਤਰ੍ਹਾਂ ਗੁਰੂਆਂ ਦੀ ਜੋ ਗੱਲ ਸੁਣਾਉਂਦਾ ਹੈ। ਉਹਦੀ ਸੇਵਾ ਕੀ ਕਰਨੀ ਚਾਹੀਦੀ ਹੈ? ਉਹਦੇ ਬਾਰੇ ਮਹਾਰਾਜ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਸੀਸ ਵੱਢ ਕੇ ਬਣਾ ਦਿਆਂ ਮੂੜ੍ਹਾ,***
***ਗੱਲਾਂ ਜੋ ਸੁਣਾਵੇ ਤੇਰੀਆਂ।***

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥***
***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥***
***ਅੰਗ - 558***

ਕਿੰਨਾਂ ਪਿਆਰਾ ਲੱਗਿਆ, ਬਗੈਰ ਸਿਰ ਤੋਂ ਸੇਵਾ ਕਰਦਾ ਹੈ। ਮਜਨੂੰ ਲੈਲਾ ਨੂੰ ਪਿਆਰ ਕਰਦਾ ਸੀ। ਇੱਕ ਕਾਫਲਾ ਈਰਾਨ ਤੋਂ ਚੱਲਿਆ, ਜਦ ਹਿੰਦੋਸਤਾਨ 'ਚ ਆਇਆ ਤਾਂ ਇਹਨੂੰ ਪਤਾ ਲਗ ਗਿਆ ਕਿ ਉਥੋਂ ਆਇਆ ਹੈ, ਉਸੇ ਗਲੀ 'ਚੋਂ ਇੱਕ ਬੰਦਾ ਆਇਆ ਹੋਇਆ ਹੈ, ਉਹਦੇ ਨਾਲ ਗੱਲਾਂ ਕਰਦਾ, ਰੋਜ਼ ਓਹੀ ਗੱਲਾਂ ਪੁੱਛ ਲੈਂਦਾ, ਉਹਦਾ ਸਮਾਨ ਚੁੱਕੀਂ ਜਾਂਦਾ ਹੈ ਸਿਰ 'ਤੇ, ਉਹਨੂੰ ਮੌਜ ਬਣ ਗਈ ਕਿ ਮੈਂ ਤਾਂ ਚਾਰ ਗੱਲਾਂ ਹੀ ਕਰਨੀਆਂ ਨੇ, ਮੇਰਾ ਸਮਾਨ ਚੁੱਕ ਲੈਂਦਾ ਹੈ ਇਹ।

ਉਹ ਹੌਲੀ-ਹੌਲੀ ਗੱਲਾਂ ਕਰਦਾ ਹੈ, ਇਹ ਫੇਰ ਪੁੱਛ ਲੈਂਦਾ ਹੈ ਕਿ ਹੋਰ ਕੀ ਦੇਖਿਆ ਤੂੰ, ਹੋਰ ਕੀ ਹਾਲ ਸੀ ਉਸਦਾ। ਕਰਦਾ-ਕਰਦਾ ਦਿੱਲੀ ਪਹੁੰਚ ਗਿਆ, ਕਿਉਂਕਿ ਪਿਆਰੇ ਦੀ ਗੱਲ ਪੁੱਛਦਾ ਸੀ।

ਸੋ ਗੁਰੂ ਮਹਾਰਾਜ ਦਾ ਸਿੱਖ ਆਇਆ, ਚਾਉ ਚੜ੍ਹ ਗਿਆ ਕਿ ਅੱਜ ਸਿੱਖ ਦੇ ਦਰਸ਼ਨ ਹੋਏ। ਸਿੱਖ ਦੇ ਦਰਸ਼ਨ ਗੁਰੂ ਦੇ ਦਰਸ਼ਨ ਹੋਇਆ ਕਰਦੇ। ਉਨ੍ਹਾਂ ਦਿਨਾਂ 'ਚ ਸਿੱਖ ਕਰਨੀ ਕਮਾਈ ਵਾਲੇ ਹੋਇਆ ਕਰਦੇ ਸੀ। ਠੱਗੀਆਂ ਮਾਰਨ ਵਾਲੇ ਸਿੱਖ ਨਹੀਂ ਸੀ, ਝੂਠ ਬੋਲਣ ਵਾਲੇ, ਸ਼ਰਾਬਾਂ ਪੀਣ ਵਾਲੇ ਸਿੱਖ ਨਹੀਂ ਸੀ। ਗੱਲਾਂ ਕਰੀ ਗਏ ਉਸ ਤੋਂ ਬਾਅਦ ਇਹਨੇ ਯਥਾਸ਼ਕਤ ਪ੍ਰਸ਼ਾਦਾ ਛਕਾਇਆ, ਉਸ ਤੋਂ ਬਾਅਦ ਕਿਹਾ ਕਿ ਹੋਰ ਮਹਾਰਾਜ ਦਾ ਕੋਈ ਹੁਕਮ ਤਾਂ ਨਹੀਂ ਹੈ।

ਕਹਿੰਦੇ, ਭਾਈ ਮੰਝ! ਮੈਨੂੰ ਮਹਾਰਾਜ ਨੇ ਹੁਕਮਨਾਮਾ ਦਿਤਾ ਹੈ ਤੇ ਵੀਹ ਰੁਪਈਏ ਲੈ ਕੇ ਦੇਣ ਦਾ ਹੁਕਮ ਹੋਇਆ ਹੈ। ਉਨ੍ਹਾਂ ਦਿਨਾਂ 'ਚ ਵੀਹ ਰੁਪਈਏ, ਅੱਜ ਦੇ ਬਾਰ੍ਹਾਂ ਹਜ਼ਾਰ ਰੁਪਏ ਸੀ। ਬਾਰ੍ਹਾਂ ਹਜ਼ਾਰ ਰੁਪਏ ਦੇ ਕੇ ਚਿੱਠੀ ਲਓ।

ਉਹ ਗਰੀਬ ਮਜ਼ਦੂਰ, ਚਾਰ ਪੈਸੇ ਰੋਜ਼ ਦਿਹਾੜੀ ਦੇ ਬਚਦੇ ਨੇ, ਉਨ੍ਹਾਂ ਵਿਚ ਤਿੰਨ ਆਪ ਦੇ ਵਾਸਤੇ ਤੇ ਇੱਕ ਗੁਰੂ ਦੇ ਵਾਸਤੇ। ਪੈਸਾ ਕਿੱਥੋਂ ਆ ਗਿਆ। ਜਿਹੜਾ ਪਿਆ ਸੀ ਉਹ ਤਾਂ ਗੁਰੂ ਦਾ ਸੀ। ਆਪਣੇ ਕੋਲ ਤਾਂ ਹੈ ਨਹੀਂ ਸੀ। ਉਸ ਵੇਲੇ ਥੋੜ੍ਹੀ ਚਿੰਤਾ ਆਈ ਮਨ ਦੇ ਉਤੇ। ਘਰਵਾਲੀ ਦੇ ਨਾਲ ਗੱਲ ਕਰੀ, ਲੜਕੀ ਨੇ ਕਿਹਾ ਪਿਤਾ ਜੀ! ਘਬਰਾਓ ਨਾ ਮੇਰੀ ਲੇਬਰ ਗਹਿਣੇ ਕਰ ਦਿਓ। ਜਿਹਨੂੰ ਅੰਗ੍ਰੇਜ਼ੀ 'ਚ ਅੱਜਕਲ੍ਹ bounded labour (ਬੰਧੂਆਂ ਮਜ਼ਦੂਰੀ) ਕਹਿੰਦੇ ਨੇ, advance (ਅਗੇਤੀ) ਪੈਸਾ ਲੈ ਲੈਣਾ ਤੇ ਜਦੋਂ ਤੱਕ ਉਤਰਦਾ ਨਹੀਂ ਉਹਦਾ ਕੰਮ ਕਰਕੇ ਉਤਾਰਨਾ। ਲੜਕੀ ਨੇ ਖੁਸ਼ੀ ਨਾਲ ਕਹਿ ਦਿਤਾ। ਕੋਈ ਚੰਗਾ ਘਰ ਸੀ, ਇੱਜ਼ਤ ਵਾਲਾ, ਉਹਦੇ ਨਾਲ ਗੱਲ ਕਰੀ, ਉਹ ਕਹਿੰਦੇ ਠੀਕ ਹੈ, ਪੈਸੇ ਲੈ ਜਾਓ, ਲੜਕੀ ਸਾਡੇ ਘਰ ਕੰਮ ਕਰੇਗੀ। ਲੜਕੀ ਨੂੰ ਛੱਡ ਆਂਦਾ। ਚਿੱਠੀ ਲੈ ਲਈ।

ਲਿਖਿਆ ਹੋਇਆ ਸੀ ਭਾਈ ਮੰਝ! ਬੰਦਗੀ ਕਰੋ, ਨਾਮ ਜਪੋ, ਗੁਰੂ ਦੀਆਂ ਖੁਸ਼ੀਆਂ ਤੇਰੇ 'ਤੇ।

ਚਲਿਆ ਗਿਆ ਮੇਵੜਾ, ਦੋ ਮਹੀਨੇ ਫੇਰ ਲੰਘ ਗਏ। ਉਸ ਤੋਂ ਬਾਅਦ ਮਹਾਰਾਜ ਫੇਰ ਕਹਿਣ ਲੱਗੇ ਕਿ ਭਾਈ! ਜਿੱਥੇ ਤੂੰ ਅੱਗੇ ਗਿਆ ਉਥੇ ਫੇਰ ਜਾਹ, ਕਹਿੰਦੇ, ਉਹਨੂੰ ਫੇਰ ਹੁਕਮਨਾਮਾ ਦੇਣਾ ਹੈ। ਮੇਵੜਾ ਦੁਬਾਰਾ ਹੁਕਮਨਾਮਾ ਲੈ ਕੇ ਚਲਿਆ ਗਿਆ, ਉਸੇ ਤਰ੍ਹਾਂ ਭਾਈ ਮੰਝ ਨੇ ਆਦਰ ਤੇ ਸਤਿਕਾਰ ਕਰਿਆ। ਤਾਂ ਉਸ ਵੇਲੇ ਮਹਾਰਾਜ ਜੀ ਦੇ ਬਾਰੇ ਪੁੱਛਿਆ ਤੇ ਕਿਹਾ ਕੋਈ ਹੁਕਮ? ਤਾਂ ਕਹਿੰਦੇ ਹੁਕਮਨਾਮਾ ਫੇਰ ਆਇਆ ਹੈ, ਹੁਕਮ ਫੇਰ ਹੈ ਕਿ ਵੀਹ ਰੁਪਏ ਲੈ ਕੇ ਤੈਨੂੰ ਹੁਕਮ ਦੇਣਾ ਹੈ। ਉਸ ਵੇਲੇ ਘਰਵਾਲੀ ਕਹਿਣ ਲੱਗੀ, ਤੁਸੀਂ ਘਬਰਾਓ ਨਾ। ਲੜਕੀ ਦੀ ਮਿਹਨਤ ਅੱਗੇ ਗਹਿਣੇ ਕਰ ਦਿਤੀ, ਹੁਣ ਮੈਨੂੰ ਗਹਿਣੇ ਕਰ ਦਿਓ। ਦੋ-ਚਾਰ ਪੰਜ ਦੱਸ ਸਾਲ 'ਚ ਕਦੇ ਤਾਂ ਉਤਰਨਗੇ ਹੀ ਵੀਹ ਰੁਪਏ ਤੇ ਆਪਾਂ ਫੇਰ ਮਿਲ ਲਵਾਂਗੇ ਸਾਰਾ ਪਰਿਵਾਰ, ਲੜਕੀ ਵੀ ਆਪਾਂ ਨੂੰ ਮਿਲ ਜਾਏਗੀ, ਗੁਰੂ ਵਲੋਂ ਬੇਮੁਖ ਨਹੀਂ ਹੋਣਾ।

ਐਸੇ ਸਮੇਂ ਸਾਧਸੰਗਤ ਜੀ ਆਇਆ ਕਰਦੇ ਨੇ। ਤਰਕ ਹੋਇਆ ਕਰਦੀ ਹੈ, ਆਦਮੀ ਡੋਲ ਜਾਂਦਾ ਹੈ ਪਰ ਜਿਹੜਾ ਗੁਰੂ ਦਾ ਪਿਆਰਾ ਸਿੱਖ ਹੈ -

***ਰਤੇ ਸੇਈ ਜਿ ਮੁਖੁ ਨ ਮੋੜੰਨ੍ਹਿ ਜਿਨ੍ਹੀ ਸਿਞਾਤਾ ਸਾਈ ॥***

***ਅੰਗ - 1425***

ਕਹਿੰਦੇ, ਪਿਆਰ ਵਾਲੇ ਉਹ ਹੁੰਦੇ ਨੇ ਜਿਹੜੇ ਗੁਰੂ ਤੋਂ ਮੁੱਖ ਨਹੀਂ

ਮੋੜਦੇ। ਐਸ ਤਰ੍ਹਾਂ ਨਾਲ ਪੜ੍ਹ ਲਓ -

*ਧਾਰਨਾ - ਨਹੀਂਓ ਡੋਲਦਾ ਪਿਆਰਾ ਸਿੱਖ ਗੁਰਾਂ ਦਾ,*
*ਦੁਖਾਂ ਵਾਲੇ ਝੱਖੜ ਦੇਖ ਕੇ।*

*ਧਰਤੀ ਉਪਰਿ ਕੋਟਗੜ ਭੁਇਚਾਲ ਕੰਮੰਦੇ।*
*ਝਖੜਿ ਆਏ ਤਰੁਵਰਾ ਸਰਬਤ ਹਲੰਦੇ।*
*ਡਵਿ ਲਗੈ ਉਜਾੜਿ ਵਿਚਿ ਸਭ ਘਾਹ ਜਲੰਦੇ।*
*ਹੜ ਆਏ ਕਿਨਿ ਥੰਮੀਅਨਿ ਦਰੀਆਉ ਵਹੰਦੇ।*
*ਅੰਬਰਿ ਪਾਟੇ ਥਿਗਲੀ ਕੂੜਿਆਰ ਕਰੰਦੇ।*
*ਸਾਂਗੈ ਅੰਦਰਿ ਸਾਬਤੇ ਸੇ ਵਿਰਲੇ ਬੰਦੇ।*

*ਭਾਈ ਗੁਰਦਾਸ ਜੀ ਵਾਰ 35/21*

ਜਦੋਂ ਗੁਰੂ ਇਮਤਿਹਾਨ ਲਵੇ, ਸਾਂਗ ਪਲਟ ਲਵੇ, ਤਾਂ ਕੋਈ-ਕੋਈ ਹੈ ਜਿਹੜਾ ਲੰਘ ਸਕਦਾ ਹੈ।

ਐਸਾ ਮੌਕਾ ਹੈ ਕਿ ਚਿੱਠੀ ਫੇਰ ਆ ਗਈ। ਉਸ ਵੇਲੇ ਦੋਵੇਂ ਰਹਿ ਗਏ, ਘਰਵਾਲੀ ਕਹਿਣ ਲੱਗੀ ਕਿ ਹੁਣ ਤੁਸੀਂ ਘਬਰਾਓ ਨਾ। ਦੇਖੋ, ਗੁਰੂ ਨੂੰ ਮਨਾ ਲਓ, ਇਸ ਤਰ੍ਹਾਂ ਬੇਨਤੀ ਕਰਦੀ ਹੈ -

*ਧਾਰਨਾ - ਗੁਰਾਂ ਨੂੰ ਮਨਾ ਲਈਏ,*
*ਤਨ ਮਨ ਧਨ ਦੇ ਕੇ।*

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥*

*ਅੰਗ - 918*

ਤਨ ਵੀ ਦੇ ਦਿਤਾ, ਮਨ ਵੀ ਦੇ ਦਿਤਾ, ਧਨ ਵੀ ਦੇ ਦਿਤਾ, ਹੁਕਮ ਮੰਨਣ ਨਾਲ ਵਾਹਿਗੁਰੂ ਮਿਲ ਜਾਂਦਾ ਹੈ -

*ਜਿਨ ਕਉ ਪੂਰਬਿ ਲਿਖਿਆ ਤਿਨ ਕਾ ਸਖਾ ਗੋਵਿੰਦੁ ॥*
*ਤਨੁ ਮਨੁ ਧਨੁ ਅਰਪੀ ਸਭੋ ਸਗਲ ਵਾਰੀਐ ਇਹ ਜਿੰਦੁ ॥*

*ਅੰਗ - 47*

ਕਹਿੰਦੇ ਜਿੰਦ ਵੀ ਵਾਰ ਦਿਓ, ਤਨ ਵੀ ਦੇ ਦਿਓ, ਧਨ ਵੀ ਦੇ ਦਿਓ, ਮਨ ਵੀ ਦੇ ਦਿਓ -

*ਤਨੁ ਮਨੁ ਧਨੁ ਅਰਪਉ ਤਿਸੈ ਪ੍ਰਭੂ ਮਿਲਾਵੈ ਮੋਹਿ ॥*
*ਨਾਨਕ ਭ੍ਰਮ ਭਉ ਕਾਟੀਐ ਚੂਕੈ ਜਮ ਕੀ ਜੋਹ ॥*

*ਅੰਗ - 256*

ਸੋ ਇਸ ਤਰ੍ਹਾਂ ਦੇ ਨਾਲ ਘਰਵਾਲੀ ਕਹਿਣ ਲੱਗੀ ਕਿ ਮੇਰੀ ਮਜ਼ਦੂਰੀ ਵੀ ਗਹਿਣੇ ਕਰ ਦਿਓ। ਇਸੇ ਤਰ੍ਹਾਂ ਨਾਲ ਕੀਤਾ, ਵੀਹ ਰੁਪਏ ਲਿਆਂਦੇ ਤੇ ਦੇ ਦਿਤੇ। ਉਸ ਤੋਂ ਬਾਅਦ ਹੁਕਮਨਾਮਾ ਖੋਲ੍ਹਿਆ ਤੇ ਉਸ 'ਤੇ ਲਿਖਿਆ ਹੋਇਆ ਸੀ ਭਾਈ ਮੰਝ! ਹੁਣ ਤੁਸੀਂ ਸਾਡੇ ਕੋਲ ਆ ਜਾਓ ਤੇ ਆ ਕੇ ਇਥੇ ਸੇਵਾ ਕਰੋ। ਉਸੇ ਵੇਲੇ ਗੁਰਸਿੱਖ ਦੇ ਨਾਲ ਚੱਲ ਪੈਂਦੇ ਨੇ।

ਅੱਗੇ ਗਏ, ਦੀਵਾਨ ਲੱਗਿਆ ਹੋਇਆ ਹੈ, ਨਮਸ਼ਕਾਰ ਕੀਤੀ, ਉਸ ਵੇਲੇ ਗੁਰੂ ਮਹਾਰਾਜ ਨੇ ਦ੍ਰਿਸ਼ਟੀ ਨਹੀਂ ਕਰੀ, ਇਸ ਵਲ ਦੇਖਿਆ ਹੀ

ਨਹੀਂ ਹੈ। ਮਾੜਾ ਜਿਹਾ ਦੇਖਿਆ ਉਸ ਤੋਂ ਬਾਅਦ ਚੁੱਪ ਕਰ ਗਏ।

ਸਾਧਸੰਗਤ ਜੀ! ਕੋਈ ਮਾਣ ਵਾਲਾ ਹੋਵੇ, ਉਹਦੇ ਮਨ ਵਿਚ ਬੜਾ ਆਉਂਦਾ ਹੈ ਕਿ ਮੈਂ ਘਰ ਵੀ ਛੱਡ ਦਿਤਾ, ਲੜਕੀ ਵੀ ਗਹਿਣੇ ਪਾ ਦਿਤੀ, ਘਰਵਾਲੀ ਵੀ ਪਾ ਦਿਤੀ, ਮੈਨੂੰ ਤਾਂ ਗੁਰੂ ਸਾਹਿਬ ਨੇ ਬੁਲਾਇਆ ਹੀ ਨਹੀਂ ਨਾਲੇ ਗੁਰੂ ਸਾਹਿਬ ਨੇ ਹੁਕਮ ਦੇ ਕੇ ਬੁਲਾਇਆ ਹੈ। ਉਸ ਵੇਲੇ ਆਪ ਸੇਵਾ ਕਰਦਾ ਹੈ, ਦਿਨ ਰਾਤ ਸੇਵਾ ਕਰਦਾ ਹੈ। ਸੇਵਾ, ਸੇਵਾ ਕਰਨ 'ਚ ਫਰਕ ਹੋਇਆ ਕਰਦਾ ਹੈ। ਇੱਕ ਸੇਵਾ ਹੈ ਜਿਹੜੀ ਗੁਆਈ ਜਾਂਦੀ ਹੈ –

***ਮਤਿ ਥੋੜੀ ਸੇਵ ਗਵਾਈਐ ॥ ਅੰਗ – 468***

ਇੱਕ ਸੇਵਾ ਹੁੰਦੀ ਹੈ, ਜਿਹੜੀ ਨਿਰਮਾਣ ਹੋ ਕੇ ਕੀਤੀ ਜਾਂਦੀ ਹੈ –

***ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥***

***ਅੰਗ – 1247***

ਜਿਹੜੇ ਸੇਵਕ ਦੇ ਵਿਚ ਗੁੱਸਾ ਹੈ, ਆਪਣੀ ਰੜਕ ਰਹਿੰਦੀ ਹੈ ਜਿਹੜੇ ਸੇਵਕ 'ਚ ਕਿ ਮੈਨੂੰ ਫਲਾਣਾ ਇਹ ਕਹਿੰਦਾ ਹੈ, ਫਲਾਣਾ ਆਹ ਕਹਿੰਦਾ ਹੈ, ਉਹ ਸੇਵਕ ਨਹੀਂ ਹੁੰਦਾ, ਐਵੇਂ ਦਿਨ ਕੱਟਣ ਵਾਲਾ ਬੰਦਾ ਹੁੰਦਾ ਹੈ। ਸੇਵਕ ਤਾਂ ਮੁਰਦਾ ਹੁੰਦਾ ਹੈ–

***ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ ॥***

***ਅੰਗ – 1247***

ਜਿਹੜਾ ਗੁਰੂ ਦਾ ਭਾਣਾ ਮੰਨ ਲਏ ਤੇ ਹਰ ਵਕਤ ਸ਼ਬਦ ਵਾਹਿਗੁਰੂ ਮੰਤ੍ਰ ਹਿਰਦੇ 'ਚ ਧਾਰਨ ਕਰਕੇ ਰੱਖੇ। ਸੋ ਐਸਾ ਜੋ ਸੇਵਾ ਦਾ ਢੰਗ ਹੁੰਦਾ ਹੈ, ਉਹ ਸੇਵਾ ਥਾਂ ਪੈਂਦੀ ਹੈ। ਗੁਰੂ ਘਰ ਦੇ ਅੰਦਰ ਸੇਵਾ ਤੇ ਸਿਮਰਨ, ਸਿਮਰਨ ਵਾਹਿਗੁਰੂ ਨੂੰ ਯਾਦ ਰੱਖਣਾ, ਤਪ ਦੀ ਥਾਂ ਤੇ ਸੇਵਾ ਹੈ।

ਆਹ ਜਿਹੜੀਆਂ ਬੀਬੀਆਂ ਗਰਮੀਆਂ ਦੇ ਅੰਦਰ ਦੋ ਘੰਟੇ ਲੰਗਰ ਬਣਾ ਦਿੰਦੀਆਂ ਨੇ। ਇੱਕ ਸਾਧ ਸਵਾ ਮਹੀਨੇ ਬੈਠ ਕੇ ਚਾਰ ਧੂਣੀਆਂ ਲਾ ਕੇ ਧੁੱਪੇ ਬੈਠ ਕੇ ਤਪ ਕਰੇ, ਉਹ ਬੀਬੀ ਦੀ ਸੇਵਾ ਉਸ ਤੋਂ ਕਿਤੇ ਵੱਧ ਹੈ। ਉਹਨੂੰ ਗੁੱਸਾ ਆਉਣਾ ਹੈ, ਇਹਦੇ ਅੰਦਰ ਸ਼ੁਕਰਾਨਾ ਆਉਣਾ ਹੈ। ਇਹਨੂੰ ਬਰਕਤਾਂ ਪ੍ਰਾਪਤ ਹੋਣੀਆਂ ਨੇ। ਸੋ ਸੇਵਾ ਬਹੁਤ ਵੱਡੀ ਚੀਜ਼ ਮਹਾਰਾਜ ਨੇ ਫੁਰਮਾਨ ਕੀਤੀ ਹੈ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਦਰਬਾਰ ਲੱਗਿਆ ਹੋਇਆ ਹੈ, ਆਪ ਨੇ 'ਪਾਣੀ' ਦਾ ਸ਼ਬਦ ਆਖਿਆ। ਸੇਵਾਦਾਰ ਦੂਰ ਗਿਆ ਹੋਇਆ ਸੀ, ਇੱਕ ਅਮੀਰ ਲੜਕਾ ਪਾਣੀ ਲੈ ਆਉਂਦਾ ਹੈ, ਮਹਾਰਾਜ ਨੇ ਜਲ ਫੜਿਆ ਤੇ ਉਸ ਤੋਂ ਬਾਅਦ ਉਹਦੇ ਹੱਥਾਂ ਵਲ ਦੇਖਿਆ ਤੇ ਬਹੁਤ ਨਰਮ ਸਨ।

ਕਹਿੰਦੇ, ਬੇਟਾ! ਤੇਰੇ ਹੱਥ ਐਨੇ ਨਰਮ ਨੇ। ਕਹਿੰਦਾ, ਮਹਾਰਾਜ! ਮੈਂ ਇਨ੍ਹਾਂ ਹੱਥਾਂ ਨਾਲ ਕਦੇ ਕੋਈ ਕੰਮ ਨਹੀਂ ਕਰਿਆ। ਕਹਿੰਦੇ, ਕੰਮ ਤਾਂ ਨਹੀਂ ਕਰਿਆ, ਕਦੇ ਸਾਧਸੰਗਤ ਦੇ ਤੱਪੜ ਝਾੜੇ ਹੋਣ?

ਕਹਿੰਦਾ, ਨਾ ਮਹਾਰਾਜ। ਸਾਡੇ ਕੋਲ ਆਪ ਦੀ ਦਿਤੀ ਦੌਲਤ ਐਨੀ ਹੈ, ਨੌਕਰਾਂ ਨੂੰ ਕਹਿ ਦੇਈਦਾ ਹੈ, ਉਹ ਝਾੜ ਦਿੰਦੇ ਨੇ।

ਜਲ ਪਿਲਾਇਆ ਹੋਵੇ?

ਕਹਿੰਦਾ, ਨਹੀਂ ਮਹਾਰਾਜ।

ਬਰਤਨ ਮਾਂਜੇ ਹੋਣ?

ਕਹਿੰਦਾ, ਸੱਚੇ ਪਾਤਸ਼ਾਹ ਨਹੀਂ ਜੀ।

ਪੱਖਾ ਝੱਲਿਆ ਹੋਵੇ?

ਕਹਿੰਦਾ, ਨਹੀਂ ਮਹਾਰਾਜ।

ਉਸ ਵੇਲੇ ਮਹਾਰਾਜ ਕਹਿਣ ਲੱਗੇ, ਕੋਈ ਸੇਵਾ ਨਹੀਂ ਕਰੀ?

ਕਹਿੰਦਾ, ਮਹਾਰਾਜ! ਪਹਿਲਾ ਦਿਨ ਹੈ ਮੈਂ ਆਪ ਲਈ ਜਲ ਲਿਆਂਦਾ ਹੈ।

ਮਹਾਰਾਜ ਜੀ ਨੇ ਜਲ ਪਿੱਛੇ ਕਰਕੇ ਰੱਖ ਦਿਤਾ, ਤੇ ਡੁਲ੍ਹਾ ਦਿਤਾ।

ਸੰਗਤ ਦੇ ਮਨ 'ਚ ਖਿਆਲ ਹੋ ਗਿਆ ਕਿ ਮਹਾਰਾਜ ਨੇ ਜਲ ਕਿਉਂ ਨਹੀਂ ਪੀਤਾ। ਮਹਾਰਾਜ ਨੇ ਸਾਰਿਆਂ ਦੇ ਮਨ ਦੀ ਗੱਲ ਜਾਣ ਕੇ ਪੁੱਛਿਆ ਕਿ ਪ੍ਰੇਮੀਓਂ! ਕੀ ਸ਼ੰਕਾ ਪਿਆ?

ਇੱਕ ਗੁਰਸਿੱਖ ਖੜ੍ਹਾ ਹੋ ਕੇ ਕਹਿਣ ਲੱਗਿਆ, ਮਹਾਰਾਜ! ਆਪ ਨੇ ਜਲ ਮੰਗਾਇਆ ਸੀ ਤੇ ਪੀਤਾ ਕਿਉਂ ਨਹੀਂ। ਕਹਿੰਦੇ, ਤੁਹਾਡੇ 'ਚੋਂ ਕੋਈ ਪ੍ਰੇਮੀਓਂ ਐਸਾ ਹੈ ਜਿਹੜਾ ਮੁਰਦੇ ਦੇ ਨਾਲ ਛੋਹਿਆ ਹੋਇਆ ਪਾਣੀ ਪੀ ਲਵੇ। ਸਭ ਚੁੱਪ ਕਰ ਗਏ, ਹੁਣ ਤਾਂ ਧਰਮ ਹੀ ਭ੍ਰਿਸ਼ਟਿਆ ਗਿਆ। ਪਹਿਲੇ ਜ਼ਮਾਨਿਆਂ 'ਚ ਲੋਕ ਧਰਮੀ ਹੋਇਆ ਕਰਦੇ ਸੀ, ਮਰਿਯਾਦਾ ਹੋਇਆ ਕਰਦੀ ਸੀ, ਹੁਣ ਤਾਂ ਜਾਣਦਾ ਹੀ ਨਹੀਂ ਕੋਈ, ਮੁਰਦੇ ਦੇ ਕੋਲ ਬੈਠ ਕੇ ਹੀ ਰੋਟੀ ਖਾ ਲੈਣਗੇ। ਜੰਗਲੀ ਬਣ ਗਿਆ ਆਦਮੀ, ਬਘਿਆੜ ਬਣਿਆ ਹੋਇਆ ਹੈ। ਆਦਮੀ, ਆਦਮੀ ਨਹੀਂ ਰਿਹਾ। ਆਦਮੀ ਬਹੁਤ ਨੀਵਾਂ ਚਲਿਆ ਗਿਆ। ਇਹ ਅਰਦਾਸ ਕਰਿਆ ਕਰੋ, ਰੋਜ਼ ਅਰਦਾਸ ਕਰੋ ਜੇ ਬਚਣਾ ਹੈ –

***ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥***
***ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥***

***ਅੰਗ – 853***

ਰੋਜ਼ ਕਿਹਾ ਕਰੋ ਕਿ ਵਾਹਿਗੁਰੂ ਸੱਚੇ ਪਾਤਸ਼ਾਹ! ਅੱਗ ਲੱਗ ਗਈ। ਬਚਾ ਲੈ ਸੰਸਾਰ ਨੂੰ, ਦੁਖੀ ਹੋ ਗਿਆ। ਮਨੁੱਖ ਗਿਰ ਗਿਆ। ਜੰਗਲੀ ਜਾਨਵਰ ਬਣ ਗਿਆ। ਦੋ ਲੱਤਾਂ ਵਾਲਾ। ਉਨ੍ਹਾਂ ਦਿਨਾਂ 'ਚ ਮਰਿਯਾਦਾ ਸੀ, ਮਰਿਯਾਦਾ 'ਚ ਸੰਸਾਰ ਰਹਿੰਦਾ ਸੀ।

ਕਹਿਣ ਲੱਗੇ, ਸੱਚੇ ਪਾਤਸ਼ਾਹ! ਮੁਰਦੇ ਨਾਲ ਛੋਹਿਆ ਹੋਇਆ ਤਾਂ

ਇਕ ਪਾਸੇ ਰਿਹਾ, ਜੇ ਮੁਰਦੇ ਦੇ ਪਿੱਛੇ ਸ਼ਮਸ਼ਾਨ ਭੂਮੀ ਤੱਕ ਜਾਈਏ, ਜਦੋਂ ਤੱਕ ਪੰਜ ਇਸ਼ਨਾਨਾ ਜਾਂ ਇਸ਼ਨਾਨ ਕਰਕੇ ਕੱਪੜੇ ਨਹੀਂ ਬਦਲਦੇ, ਓਨੀਂ ਦੇਰ ਤੱਕ ਕੁਛ ਅੰਗੀਕਾਰ ਨਹੀਂ ਕਰੀਦਾ।

ਮਹਾਰਾਜ ਕਹਿੰਦੇ, ਫੇਰ ਅਸੀਂ ਕਿਵੇਂ ਮੁਰਦੇ ਦੇ ਨਾਲ ਛੋਹਾਇਆ ਪਾਣੀ ਪੀ ਲਈਏ?

ਕਹਿੰਦੇ, ਸੱਚੇ ਪਾਤਸ਼ਾਹ! ਇਹ ਤਾਂ ਅਮੀਰ ਦਾ ਲੜਕਾ ਹੈ, ਬਹੁਤ ਸੁੰਦਰ ਹੈ, ਜੀ ਕਰਦਾ ਹੈ ਦੇਖੀ ਜਾਓ, ਰੱਬ ਨੇ ਵਿਹਲੇ ਬੈਠ ਕੇ ਬਣਾਇਆ ਹੈ।

ਮਹਾਰਾਜ ਕਹਿੰਦੇ, ਤੁਹਾਨੂੰ ਗੁਰੂ ਦੀ ਬਾਣੀ ਭੁੱਲ ਗਈ ਪ੍ਰੇਮੀਓਂ! ਦੇਖੋ, ਜੇ ਹਿਰਦੇ 'ਚ ਪਿਆਰ ਹੋਵੇ ਤਾਂ ਉਹ ਸੇਵਾ ਕਰਿਆ ਕਰਦਾ ਹੈ। ਜਿਹੜਾ ਪਿਆਰ ਤੋਂ ਹੀਣਾ ਹੈ, ਉਹ ਕਦੇ ਸੇਵਾ ਨਹੀਂ ਕਰੇਗਾ। ਜਿਹਦੇ ਹਿਰਦੇ 'ਚ ਪਿਆਰ ਹੋਏਗਾ, ਉਹ ਸੇਵਾ ਕਰਦਾ ਹੈ।

ਗੁਰੂ ਨਾਨਕ ਨੇ ਕੀ ਕਿਹਾ ਹੈ ਪਿਆਰ ਤੋਂ ਹੀਣੇ ਨੂੰ? ਕਿਸੇ ਨੂੰ ਯਾਦ ਨਹੀਂ ਆ ਰਿਹਾ। ਬੇਨਤੀ ਕਰੀ ਕਿ ਪਾਤਸ਼ਾਹ! ਤੁਸੀਂ ਹੀ ਦਸੋ। ਉਸ ਵੇਲੇ ਮਹਾਰਾਜ ਨੇ ਫੁਰਮਾਨ ਕਰਿਆ –

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥***

***ਅੰਗ – 253***

ਕਹਿੰਦੇ, ਜਿਹੜਾ ਸੇਵਾ ਨਹੀਂ ਕਰਦਾ, ਕਿੰਨਾ ਹੀ ਸੁੰਦਰ, ਕਿੰਨਾ ਹੀ ਅਮੀਰ ਹੈ, ਉਹ ਤਾਂ ਕਹਿੰਦੇ ਮੁਰਦਾ ਹੋਇਆ ਕਰਦਾ ਹੈ। ਜੇ ਸੇਵਾ ਨਾ ਕਰੇ ਅਮੀਰ ਆਦਮੀ, ਮਹਾਂਪੁਰਸ਼ ਕਦੇ ਅਰਦਾਸ ਨਹੀਂ ਕਰਦੇ। ਦੁਨਿਆਵੀ ਲੋਕ ਤਾਂ ਕਰ ਦੇਣਗੇ, ਸੰਤ ਨਹੀਂ ਅਰਦਾਸ ਕਰਦੇ। ਸੰਤਾਂ ਦੀ ਅਰਦਾਸ ਹੁੰਦੀ ਹੈ –

***ਦਾਣਾ ਪਾਣੀ ਗੁਰੂ ਦਾ ਟਹਿਲ ਪਾਣੀ ਆਹ ਸਿੱਖਾਂ ਸੇਵਕਾਂ ਦੀ।***

ਉਨ੍ਹਾਂ ਦੀ ਨਹੀਂ ਕਰਦੇ, ਜੇ ਉਹ ਕਹਿਣ ਕਿ ਸਾਡੀ ਅਰਦਾਸ ਨਹੀਂ ਕਰੀ ਤੁਸੀਂ, ਤੁਸੀਂ ਸੇਵਾ ਨਹੀਂ ਕਰੀ। ਅਰਦਾਸ ਤਾਂ ਉਨ੍ਹਾਂ ਦੀ ਹੋਏਗੀ ਜਿਨ੍ਹਾਂ ਨੇ ਸੇਵਾ ਕਰੀ ਹੈ ਤੇ ਕਹਿਣ ਲੱਗੇ, ਭਾਈ ਗੁਰਦਾਸ ਜੀ ਨੇ ਕੀ ਫੁਰਮਾਇਆ ਹੈ ਉਹਦੇ ਵਾਸਤੇ, ਇਸ ਦੇ ਨਾਲ ਫੁਰਮਾਨ ਹੈ –

***ਧਾਰਨਾ – ਧਿਰਕਾਰ ਹੱਥਾਂ ਪੈਰਾਂ ਨੂੰ,***
***ਬਾਝ ਗੁਰਾਂ ਦੀ ਸੇਵਾ।***

***ਵਿਣੁ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ।***

***ਭਾਈ ਗੁਰਦਾਸ ਜੀ, ਵਾਰ 27/10***

ਬਗੈਰ ਸੇਵਾ ਤੋਂ ਸੌ ਵਾਰੀ ਫਿੱਟੇ ਮੂੰਹ ਕਹੋ, ਇੱਕ ਵਾਰੀ ਧਿਰਕਾਰ ਕਹਿ ਦਿਓ। ਕਹਿੰਦੇ, ਧਿਰਕਾਰ ਹੈ ਉਸਦਾ ਜੀਵਨ, ਜਿਹੜਾ ਸੇਵਾ ਨਹੀਂ ਕਰਦਾ, ਸੇਵਾ ਇੱਕ ਤਰ੍ਹਾਂ ਦੀ ਨਹੀਂ ਹੁੰਦੀ। ਪੋਥੀਆਂ ਲਿਖ ਕੇ ਦਿੰਦਾ ਹੈ

ਉਹ ਵੀ ਸੇਵਾ ਹੈ, ਮਾਸਟਰ ਪੜ੍ਹਾਉਂਦਾ ਹੈ ਬੱਚਿਆਂ ਨੂੰ ਉਹ ਵੀ ਸੇਵਾ ਹੈ। ਡਾਕਟਰ ਸੋਹਣੀ ਦਵਾਈ ਦਿੰਦਾ ਹੈ ਉਹ ਵੀ ਸੇਵਾ ਹੈ। ਹਾਕਮ ਇਨਸਾਫ ਕਰਦਾ ਹੈ ਉਹ ਜਨਤਾ ਦੀ ਸੇਵਾ ਹੈ। ਅਨੇਕ ਤਰ੍ਹਾਂ ਦੀ ਸੇਵਾ ਹੈ। ਸੰਗਤਾਂ ਦੀ ਸੇਵਾ, ਝਾੜੂ ਦੇਣੇ, ਦਰੀਆਂ ਸਾਫ ਕਰਨੀਆਂ, ਲੰਗਰ ਤਿਆਰ ਕਰਨੇ, ਜੂਠੇ ਭਾਂਡੇ ਮਾਂਜਣੇ, ਪੱਖੇ ਝੱਲਣੇ; ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ, ਜਿਹੜਾ ਸੇਵਾ ਹੀ ਨਹੀਂ ਕਰਦਾ। ਉਹਦੇ ਵਾਸਤੇ ਤਾਂ ਧਿਰਕਾਰ ਹੈ।

ਸੋ ਇਸ ਤਰ੍ਹਾਂ ਭਾਈ ਮੰਝ ਨੇ ਦਿਨ ਰਾਤ ਸੇਵਾ ਕਰੀ। ਕਈ ਮਹੀਨੇ ਲੰਘ ਗਏ, ਗੁਰੂ ਸਾਹਿਬ ਨੇ ਬੁਲਾਇਆ ਨਾ। ਹੁਣ ਫਰਕ ਦੇਖੀ ਜਾਓ, ਅਸੀਂ ਤਾਂ ਕਹਿਣਾ ਸੀ, ਲੈ ਗੁਰੂ ਸਾਹਿਬ ਨੇ ਸਭ ਕੁਛ ਬਰਬਾਦ ਕਰ ਦਿਤਾ ਤੇ ਮੈਨੂੰ ਬੁਲਵਾਇਆ ਨਹੀਂ। ਹਾਲੇ ਤੱਕ ਗੱਲ ਵੀ ਨਹੀਂ ਪੁੱਛੀ ਕਿ ਤੇਰੇ ਬਾਲ-ਬੱਚੇ ਕਿੱਥੇ ਨੇ। ਉਸੇ ਤਰ੍ਹਾਂ ਭਾਣੇ 'ਚ ਰਾਜ਼ੀ ਹੈ। ਅਖੀਰ ਮਹਾਰਾਜ ਨੇ ਇੱਕ ਦਿਨ ਪੁੱਛਿਆ ਕਹਿੰਦੇ, ਇੱਕ ਮੰਝ ਨਾਮ ਦਾ ਸਿੱਖ ਆਇਆ ਸੀ ਪਿਆਰਿਓ?

ਕਹਿੰਦੇ, ਹਾਂ ਜੀ ਮਹਾਰਾਜ।

ਮਹਾਰਾਜ ਨੇ ਪੁੱਛਿਆ ਕਿ ਉਹ ਪ੍ਰਸ਼ਾਦਾ ਕਿੱਥੋਂ ਛਕਦਾ ਹੈ?

ਕਹਿੰਦੇ, ਮਹਾਰਾਜ ਬਹੁਤ ਸੇਵਾ ਕਰਦਾ ਹੈ, ਸਵੇਰੇ ਹੀ ਲਗ ਜਾਂਦਾ ਹੈ, ਰਾਤ ਤੱਕ ਕਰਦਾ ਹੈ। ਬਾਲਣ ਲਿਆਉਂਦਾ ਹੈ।

ਕਹਿੰਦੇ, ਪ੍ਰਸ਼ਾਦਾ?

ਕਹਿੰਦੇ, ਉਹ ਤਾਂ ਲੰਗਰ 'ਚੋਂ ਛਕਦਾ ਹੈ, ਫੇਰ ਕਹਿੰਦੇ ਮਜ਼ੂਰੀ ਤਾਂ ਨਾਲ ਦੀ ਨਾਲ ਲਈ ਜਾਂਦਾ ਹੈ। ਉਹਦੀ ਸੇਵਾ ਕਾਹਦੀ ਹੋਈ? ਉਹਨੂੰ ਕਹਿ ਦਿਓ ਲੰਗਰ 'ਚੋਂ ਪ੍ਰਸ਼ਾਦਾ ਨਾ ਛਕੇ। ਹੁਕਮ ਦੇ ਦਿਤਾ, ਖਿੜੇ ਮੱਥੇ ਮੰਨਦੇ ਨੇ। ਦੋ ਭੱਰੇ ਲਿਆਉਣ ਲੱਗ ਗਿਆ ਲੱਕੜਾਂ ਦੇ।

ਭਾਈ ਗੁਰਦਾਸ ਜੀ ਨੇ, ਜਿਹੜੇ ਪੂਜਾ ਖਾਣ ਵਾਲੇ ਬੰਦੇ ਨੇ, ਜਿਹੜੇ ਸੇਵਾ ਨਹੀਂ ਕਰਦੇ। ਦੋ ਤਰ੍ਹਾਂ ਦੇ ਹੁੰਦੇ ਨੇ, ਇੱਕ ਤਰ੍ਹਾਂ ਦੇ ਉਹ ਹੁੰਦੇ ਨੇ, ਜਿਨ੍ਹਾਂ ਨੇ ਤਨ, ਮਨ, ਧਨ ਦਿਤਾ ਹੋਇਆ ਹੈ। ਦਿਨ ਰਾਤ ਸੇਵਾ ਕਰਦੇ ਨੇ, ਉਹ ਨਿਰਬਾਹ ਮਾਤਰ ਖਾਂਦੇ ਨੇ, ਲੰਗਰ 'ਚ। ਉਨ੍ਹਾਂ ਨੂੰ ਦੋਸ਼ ਨਹੀਂ ਲੱਗਿਆ ਕਰਦਾ।

ਇੱਕ ਉਹ ਹੁੰਦੇ ਨੇ ਜਿਹੜੇ ਲੰਗਰ ਦੀ ਝਾਕ ਰਖਦੇ ਨੇ ਕਿ ਅੱਜ ਲੰਗਰ ਤਿਆਰ ਹੋਣਾ ਹੈ, ਚੱਲੀਏ ਫਟਾਫਟ ਜਾਂ ਗੁਰਦੁਆਰੇ ਕੋਈ ਚੀਜ਼ ਬਣ ਰਹੀ ਹੈ, ਨੱਠ ਕੇ ਸਾਰਿਆਂ ਨੇ ਚਲੇ ਜਾਣਾ ਕਿ ਆਹ ਚੀਜ਼ ਬਣਦੀ ਹੈ ਅੱਜ ਚੱਲੀਏ। ਉਸ ਬਾਰੇ ਮਹਾਰਾਜ ਨੇ ਮਨ੍ਹਾਂ ਕਰਿਆ ਹੈ। ਭਾਈ ਗੁਰਦਾਸ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਕਿਤੇ ਖੰਡ ਦੇ ਭੁਲੇਖੇ ਜ਼ਹਿਰ ਖਾ ਲਈਂ ਨਾ,***
***ਧਾਨ ਬੁਰਾ ਪੂਜਾ ਦਾ।***

*ਜਿਉ ਮਰਿਜਾਦਾ ਹਿੰਦੂਆਂ ਗਊ ਮਾਸ ਅਖਾਜੁ।*
*ਮੁਸਲਮਾਣਾ ਸੂਅਰਹੁ ਸਊਗੰਦ ਵਿਆਜੁ।*
*ਸਹੁਰਾ ਘਰਿ ਜਾਵਾਈਐ ਪਾਣੀ ਮਦਰਾਜੁ।*
*ਸਹਾ ਨ ਖਾਈ ਚੂਹੜਾ ਮਾਇਆ ਮੁਹਤਾਜੁ।*
*ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ।*
*ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ।*

***ਭਾਈ ਗੁਰਦਾਸ ਜੀ, ਵਾਰ 35/12***

ਜਿਸ ਤਰ੍ਹਾਂ ਦੇ ਨਾਲ ਇਹ ਨਹੀਂ ਆਪਣੀ ਮਰਯਾਦਾ ਛੱਡਦੇ, ਇਸੇ ਤਰ੍ਹਾਂ ਸਿੱਖ ਵਾਸਤੇ ਧਰਮਸਾਲਾ ਦੀ ਜਿਹੜੀ ਪੂਜਾ ਖਾਣੀ ਹੈ, ਉਹ ਵਿਹੁ ਦੇ ਕੈਪਸੂਲ ਨੇ, ਖੰਡ ਦੇ ਵਿਚ ਵਲੇਟੇ ਹੋਏ। ਕਹਿੰਦੇ, ਪ੍ਰਸ਼ਾਦਾ ਨਾ ਛਕੇ।

ਉਸ ਵੇਲੇ ਸਾਧਸੰਗਤ ਜੀ! ਭਾਈ ਮੰਝ ਦੇ ਚਿੱਤ 'ਚ ਵਿਖਸ਼ੇਪਤਾ ਨਹੀਂ ਆਉਂਦੀ। ਸੁਣਾ ਦਿਤਾ ਹੁਕਮ, ਪੰਗਤ 'ਚ ਬੈਠੇ ਨੂੰ ਉਠਾਲ ਦਿਤਾ ਕਿ ਭਾਈ ਮੰਝ! ਤੈਨੂੰ ਹੁਕਮ ਨਹੀਂ ਹੈ ਪ੍ਰਸ਼ਾਦਾ ਛਕਣ ਦਾ। ਗੁੱਸੇ ਨਹੀਂ ਹੋਇਆ, ਉਸ ਵੇਲੇ ਕਹਿਣ ਲੱਗਿਆ ਕਿ ਸਤਿ ਬਚਨ। ਗੁਰੂ ਮਹਾਰਾਜ ਦਾ ਫੁਰਮਾਨ ਸਿਰ ਮੱਥੇ 'ਤੇ। ਗੁੱਸੇ ਨਹੀਂ ਹੋਇਆ ਕਰਦੇ ਸਾਧਸੰਗਤ ਜੀ! ਜਿਹੜੇ ਰਾਮ ਦੇ ਪਿਆਰੇ ਨੇ ਉਨ੍ਹਾਂ ਦੇ ਬਾਰੇ ਇਸ ਤਰ੍ਹਾਂ ਹੁਕਮ ਹੈ –

***ਧਾਰਨਾ – ਰਾਮ ਦੇ ਪਿਆਰੇ ਜੀ, ਭਾਣੇ ਵਿਚ ਰਾਜ਼ੀ ਰਹਿੰਦੇ।***

*ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ ॥*
*ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ ॥*
*ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ ॥*
*ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ ॥*

***ਅੰਗ – 474***

ਚੰਗੇ ਵਿਚ ਚੰਗਾ ਕਹੇ, ਮੰਦਾ ਹੋ ਜਾਵੇ ਤਾਂ ਮਾੜਾ ਕਹਿਣ ਸ਼ੁਰੂ ਕਰ ਦੇਵੇ, ਲੇਖੇ ਜਿਹੜਾ ਗੁਰੂਆਂ ਨਾਲ ਕਰਦਾ ਹੈ ਕਹਿੰਦੇ ਉਹ ਪਿਆਰਾ ਨਹੀਂ ਹੋਇਆ ਕਰਦਾ। ਉਹ ਤਾਂ ਕੋਈ ਹਿਸਾਬ ਕਿਤਾਬ ਵਾਲਾ ਬੰਦਾ ਹੁੰਦਾ। ਪਿਆਰ ਵਾਲਾ ਬੰਦਾ ਨਾ ਉਹਨੂੰ ਆਖੋ। ਸੋ ਉਸ ਵੇਲੇ ਸੀਸ 'ਤੇ ਹੁਕਮ ਮੰਨਿਆ, ਕਹਿਣ ਲੱਗੇ, ਠੀਕ ਹੈ। ਦੋ ਭੱਰੇ ਲਿਆਉਣੇ ਸ਼ੁਰੂ ਕਰ ਦਿਤੇ, ਇੱਕ ਬਜ਼ਾਰ 'ਚ ਦੇ ਦੇਣਾ, ਇੱਕ ਗੁਰੂ ਕੇ ਲੰਗਰ 'ਚ। ਜੇ ਨਾ ਲਿਆ ਹੋਣਾ ਤਾਂ ਉਸੇ ਤਰ੍ਹਾਂ ਭੁੱਖੇ-ਤਿਹਾਏ ਪੈ ਜਾਣਾ ਸ਼ੁਕਰ ਦੇ ਅੰਦਰ, ਬੰਦਗੀ ਕਰਨੀ।

ਹਰ ਬੰਦਾ ਐਸਾ ਨਹੀਂ ਹੋਇਆ ਕਰਦਾ। ਸਾਡਾ ਤੇ ਉਨ੍ਹਾਂ ਦਾ ਬਹੁਤ ਫਰਕ ਹੈ ਸਾਧਸੰਗਤ ਜੀ –

*ਗਲੰੀ ਅਸੀ ਚੰਗੀਆ ਆਚਾਰੀ ਬੁਰੀਆਹ ॥*
*ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥*
*ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥*
*ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥*

*ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥*
*ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ ॥*

*ਅੰਗ - 85*

ਗੱਲਾਂ ਨਾਲ ਅਸੀਂ ਉਨ੍ਹਾਂ ਗੁਰਸਿੱਖਾਂ ਦੀ ਰੀਸ ਕਰਦੇ ਹਾਂ। ਭੇਖ ਕਰਦੇ ਹਾਂ, ਉਨ੍ਹਾਂ ਵਰਗੇ ਬਣਨ ਵਾਸਤੇ ਬਾਹਰੋਂ-ਬਾਹਰੋਂ ਯਤਨ ਕਰਦੇ ਹਾਂ। ਉਨ੍ਹਾਂ ਦੀ ਰੀਸ ਕਿੱਥੋਂ ਕਰ ਲਵਾਂਗੇ। ਉਹ ਤਾਂ ਕੋਈ-ਕੋਈ ਵਿਰਲਾ-ਵਿਰਲਾ ਹੁੰਦਾ ਹੈ -

*ਧਾਰਨਾ - ਗੱਲਾਂ ਵਾਲੀ ਦੁਨੀਆਂ ਸਾਰੀ,*
*ਚਾਕਰ ਕੋਈ-ਕੋਈ ਹੈ।*
*ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥*
*ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥*
*ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥*
*ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥*

*ਅੰਗ - 474*

ਸਾਰੇ ਸੰਸਾਰ ਤੋਂ ਗੱਲਾਂ ਕਰਾ ਲਓ, ਮੈਂ ਇਸ ਤਰ੍ਹਾਂ ਸੇਵਾ ਕਰਦਾ ਹਾਂ, ਮੈਂ ਐਨੇ ਪਾਠ ਕਰਦਾ ਹਾਂ, ਮੈਂ ਔਹ ਕੰਮ ਕਰਿਆ, ਮੈਂ ਆਹ ਕੰਮ ਕਰਿਆ। ਪਰ ਚਾਕਰ ਕੋਈ-ਕੋਈ ਹੁੰਦਾ ਹੈ ਮਹਾਰਾਜ ਕਹਿੰਦੇ। ਜਿਹੜਾ ਆਪਣਾ-ਆਪ ਗੁਆ ਦੇਵੇ। ਚੰਗਾ ਕਹੇ ਕੋਈ ਮੰਦਾ ਕਹੇ, ਮਾਲਕ ਧੱਕੇ ਮਾਰੇ, ਕੱਢ ਦੇਵੇ। ਜਿਹੜਾ ਫੇਰ ਵੀ ਚਾਕਰੀ ਕਰੀ ਜਾਵੇ ਉਹ ਚਾਕਰ ਹੋਇਆ ਕਰਦਾ ਹੈ। ਡੰਡੇ ਖਾ ਕੇ ਵੀ ਜਿਹੜਾ ਖੁਸ਼ ਰਹੇ।

ਸੋ ਇਸੇ ਤਰ੍ਹਾਂ ਦੇ ਨਾਲ ਭਾਈ ਮੰਝ ਰਹੇ ਨੇ। ਅੱਜ ਆਪ ਚਾਰ ਵਜੇ ਭੱਰਾ ਲੈ ਕੇ ਚੱਲਦੇ ਨੇ। ਭਾਰੀ ਭੱਰਾ ਸਿਰ ਦੇ ਉੱਤੇ ਹੈ। ਕਾਲ੍ਹੀ ਬੋਲੀ ਹਨ੍ਹੇਰੀ ਆ ਗਈ, ਹੱਥ ਮਾਰਿਆ ਨਜ਼ਰ ਨਹੀਂ ਆਉਂਦਾ। ਉਸ ਵੇਲੇ ਆਪ ਚਲਦੇ-ਚਲਦੇ ਰਸਤਾ ਭੁੱਲ ਗਏ ਤੇ ਰਾਹ ਦੇ ਵਿਚ ਇੱਕ ਬੋੜ੍ਹਾ ਖੂਹ ਸੀ, ਮੌਣ ਹੈ ਨਹੀਂ ਸੀ, ਜਦੋਂ ਅਗਲਾ ਕਦਮ ਭਰਿਆ, ਦੜੰਮ ਦੇ ਕੇ ਖੂਹ 'ਚ ਗਿਰ ਗਏ। ਉਸੇ ਵੇਲੇ ਸੰਭਲਦੀ ਸਾਰ ਭੱਰਾ ਸਿਰ 'ਤੇ ਰੱਖ ਲਿਆ। ਇਧਰਲੇ ਪਾਸੇ ਗੁਰੂ ਮਹਾਰਾਜ ਸੰਗਤ ਦੇ ਨਾਲ ਬਚਨ ਕਰ ਰਹੇ ਨੇ। ਇੱਕ ਦਮ ਖੜ੍ਹੇ ਹੋ ਗਏ, ਖੜ੍ਹੇ ਹੀ ਨਹੀਂ ਹੋਏ, ਤਖਤ ਤੋਂ ਉਤਰ ਕੇ ਬਹੁਤ ਕਾਹਲੀ-ਕਾਹਲੀ ਜਿਸ ਤਰ੍ਹਾਂ ਕੋਈ ਦੌੜਦਾ ਹੁੰਦਾ ਹੈ, ਇਸ ਤਰ੍ਹਾਂ ਦੇ ਨਾਲ ਆਪ ਚਲਦੇ ਨੇ ਕਿਉਂਕਿ ਗੁਰੂ ਦਾ ਬਿਰਦ ਹੈ ਸਾਧਸੰਗਤ ਜੀ -

*ਧਾਰਨਾ - ਔਖੀ ਘੜੀ ਨਾ ਦੇਖਣ ਦੇਵੇ,*
*ਆਪਣਾ ਬਿਰਦ ਸੰਭਾਲਦੈ।*

ਗੁਰੂ ਭਾਵੇਂ ਬੁਲਾਵੇ ਚਾਹੇ ਨਾ ਬੁਲਾਵੇ। ਲੇਕਿਨ ਗੁਰੂ ਨੂੰ ਸਿੱਖ ਦਾ ਹਰ ਵਕਤ ਧਿਆਨ ਰਹਿੰਦਾ ਹੈ ਸਾਧਸੰਗਤ ਜੀ। ਸਭ ਤੋਂ ਜ਼ਿਆਦਾ ਜੇ ਕੋਈ ਪਿਆਰ ਕਰਦਾ ਹੈ ਤਾਂ ਗੁਰੂ ਸਿੱਖ ਨੂੰ ਪਿਆਰ ਕਰਦਾ ਹੈ। ਸੋ ਉਸੇ ਵੇਲੇ ਮਹਾਰਾਜ ਤਖਤ ਤੋਂ ਉੱਠ ਕੇ ਖੜ੍ਹੇ ਹੋ ਗਏ, ਨੰਗੇ ਪੈਰ ਦੌੜੇ ਜਾਂਦੇ ਨੇ। ਉਸ ਤਰ੍ਹਾਂ ਅਵਸਥਾ ਹੋ ਗਈ ਜਿਸ ਤਰ੍ਹਾਂ ਦੇ ਨਾਲ ਪੜ੍ਹਿਆ

ਜਾਂਦਾ ਹੈ -

***ਧਾਰਨਾ - ਹਰਿ ਜੀ ਛੱਡ ਕੇ ਸਿੰਘਾਸਨ ਆ ਗਏ,***
***ਭਗਤਾਂ ਦੇ ਰੱਖਣੇ ਨੂੰ।***

***ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥***
***ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥***
***ਅੰਗ - 403***

ਜਿੱਥੇ ਵੀ ਸਿੱਖ ਦਾ ਕੰਮ ਪੈ ਜਾਂਦਾ ਹੈ ਪਿਆਰੇ ਨਾਲ, ਉਸ ਵੇਲੇ ਹੌਲੀ-ਹੌਲੀ ਨਹੀਂ ਜਾਂਦਾ, ਧਾਅ ਕੇ ਜਾਂਦਾ ਹੈ ਜਿਵੇਂ ਹਮਲਾ ਕਰਨਾ ਹੁੰਦਾ ਹੈ।

ਨਕਸ਼ਾ ਲਿਆਓ ਅੱਖਾਂ ਦੇ ਅੱਗੇ, ਗੁਰੂ ਅਰਜਨ ਸਾਹਿਬ ਜੀ ਮਹਾਰਾਜ ਪੂਰੇ ਜ਼ੋਰ ਨਾਲ ਦੌੜੇ ਆ ਰਹੇ ਨੇ, ਨਾਲ ਆਵਾਜ਼ ਦਿੰਦੇ ਨੇ ਕਿ ਰੱਸੇ ਲੈ ਕੇ ਮੇਰੇ ਪਿੱਛੇ ਛੇਤੀ ਆਓ। ਇੱਕ ਸੇਵਾਦਾਰ ਜੋੜਾ ਚੁੱਕੀਂ ਜਾਂਦਾ ਹੈ ਕਿ ਮਹਾਰਾਜ! ਜੋੜਾ ਤਾਂ ਪਾ ਲਓ। ਨੰਗੇ ਪੈਰ ਕੰਢੇ ਚੁੱਭਦੇ ਨੇ, ਰੋੜੇ ਚੁੱਭਦੇ ਨੇ, ਪਰਵਾਹ ਨਹੀਂ, ਸਿੱਖ ਨੂੰ ਖੂਹ ਵਿਚੋਂ ਕੱਢਣ ਲਈ ਦੌੜੇ ਜਾ ਰਹੇ ਨੇ। ਇੱਕ ਸੇਵਾਦਾਰ ਘੋੜੇ 'ਤੇ ਕਾਠੀ ਪਾ ਕੇ ਘੋੜੇ ਦੇ ਨਾਲ ਨੱਠਿਆ ਆ ਰਿਹਾ ਹੈ ਕਿ ਮਹਾਰਾਜ! ਘੋੜੇ 'ਤੇ ਚੜ੍ਹ ਜਾਓ, ਕ੍ਰਿਪਾ ਕਰੋ।

ਜਾਂਦੇ ਕਿੱਥੇ ਨੇ? ਜੰਗਲ ਵਿਚ ਪਹੁੰਚ ਗਏ ਮਹਾਰਾਜ, ਇੱਕ ਬੋੜ੍ਹੇ ਖੂਹ ਦੇ ਕੰਢੇ ਜਾ ਕੇ ਰੁੱਕ ਗਏ, ਪਿੱਛੇ ਰਹਿ ਗਏ, ਅਜੇ ਵੀ ਹੇਠਾਂ ਨੂੰ ਝਾਤੀ ਨਹੀਂ ਮਾਰੀ ਮਹਾਰਾਜ ਨੇ। ਉਸ ਵੇਲੇ ਇਸ਼ਾਰੇ ਨਾਲ ਕਹਿਣ ਲੱਗੇ ਗੁਰਸਿੱਖਾਂ ਨੂੰ ਕਿ ਪੁੱਛੋ ਕੌਣ ਹੈ? ਪੁੱਛਿਆ, ਅੰਦਰੋਂ ਆਵਾਜ਼ ਆ ਰਹੀ ਹੈ ਸਤਿਨਾਮ ਵਾਹਿਗੁਰੂ ਦੀ, ਕਹਿੰਦੇ ਸਤਿਨਾਮ ਵਾਹਿਗੁਰੂ-ਸਤਿਨਾਮ ਵਾਹਿਗੁਰੂ।

ਕਹਿੰਦੇ ਕੌਣ ਹੈਂ ਭਾਈ ਤੂੰ?

ਕਹਿੰਦੇ, ਮੈਂ ਇੱਕ ਗਰੀਬੜਾ ਜਿਹਾ ਸਿੱਖ ਹਾਂ, ਗੁਰੂ ਅਰਜਨ ਪਾਤਸ਼ਾਹ ਦਾ।

ਕਹਿੰਦੇ, ਖੂਹ 'ਚ ਗਿਰ ਪਿਆ?

ਕਹਿੰਦੇ, ਹਾਂ ਜੀ।

ਕਹਿੰਦੇ, ਲੈ ਰੱਸੇ ਸੁੱਟਦੇ ਹਾਂ ਅਸੀਂ ਤੂੰ ਆ ਜਾ।

ਕਹਿੰਦੇ, ਦੇਖੋ, ਪ੍ਰੇਮੀਓ! ਜੇ ਮੈਨੂੰ ਕੱਢਣਾ ਹੈ ਤਾਂ ਬਾਲਣ ਅਜੇ ਸੁੱਕਾ ਹੈ ਮੇਰੇ ਸਿਰ ਦੇ ਉਤੇ, ਤੁਸੀਂ ਪਹਿਲਾਂ ਬਾਲਣ ਕੱਢੋ। ਇਹ ਨਹੀਂ ਹੈ ਕਿ ਬਾਲਣ ਨੂੰ ਥੱਲੇ ਦੇ ਦਿਤਾ। ਗਲ-ਗਲ ਪਾਣੀ ਆਇਆ ਹੋਇਆ ਹੈ, ਮੂੰਹ ਵਿਚ ਪੈਂਦਾ ਹੈ ਪਾਣੀ ਤੇ ਅੱਡੀਆਂ ਚੁੱਕੀਂ ਖੜ੍ਹੇ ਨੇ ਬਾਲਣ ਲੈ ਕੇ। ਇਹ ਨਹੀਂ ਕਿ ਭੱਰਾ ਥੱਲੇ ਰੱਖ ਕੇ ਉੱਤੇ ਖੜ੍ਹ ਜਾਈਏ। ਕਹਿੰਦੇ, ਪਹਿਲਾਂ ਬਾਲਣ ਕੱਢਿਆ ਗਿਆ।

ਬਾਲਣ ਕੱਢਿਆ ਗਿਆ ਤੇ ਦੂਜੇ ਰੱਸੇ ਦੇ ਨਾਲ ਭਾਈ ਮੰਝ ਨੂੰ ਜਦੋਂ

ਬਾਹਰ ਕੱਢਦੇ ਨੇ, ਹੈਰਾਨ ਹੋ ਗਿਆ ਕਿ ਇਹ ਤਾਂ ਗੁਰੂ ਮਹਾਰਾਜ ਖੜ੍ਹੇ ਨੇ। ਉਸ ਵੇਲੇ ਨਾਲੇ ਤਾਂ ਗੁਰੂ ਮਹਾਰਾਜ ਦੇ ਨੇਤਰਾਂ 'ਚੋਂ ਜਲ ਦੀ ਫੁਹਾਰ ਚਲ ਰਹੀ ਹੈ, ਸਿੱਖ ਦੀ ਕਰਨੀ ਦੇਖ ਕੇ; ਓਧਰ ਸਿੱਖ ਦੇ ਨੇਤਰਾਂ 'ਚੋਂ ਜਲ ਦੀ ਫੁਹਾਰ ਚੱਲ ਰਹੀ ਹੈ। ਉਸ ਵੇਲੇ ਗੁਰੂ ਮਹਾਰਾਜ ਅੱਗੇ ਵਧੇ, ਵਧ ਕੇ ਸਿੱਖ ਨੂੰ ਛਾਤੀ ਨਾਲ ਲਾ ਲਿਆ।

***ਧਾਰਨਾ – ਕੰਠ ਨਾਲ ਲਾ ਲਿਆ,***
***ਗੁਰਾਂ ਨੇ ਪਿਆਰੇ ਸਿੱਖ ਨੂੰ।***

ਵਧ ਕੇ ਛਾਤੀ ਨਾਲ ਲਾ ਲਿਆ ਸਿੱਖ ਨੂੰ। ਸਿੱਖਾ ਨਿਹਾਲ, ਨਿਹਾਲ, ਨਿਹਾਲ। ਹੰਝੂਆਂ ਦੀ ਝੜੀ ਲੱਗੀ ਹੋਈ ਹੈ, ਬੋਲਿਆ ਨਹੀਂ ਜਾਂਦਾ। ਉਸ ਵੇਲੇ ਗੁਰੂ ਮਹਾਰਾਜ ਨੇ ਅਗਲਾ ਬਚਨ ਕਰਿਆ–

***ਧਾਰਨਾ – ਮੰਗ ਪਿਆਰਿਆ! ਗੁਰੂ ਨਾਨਕ ਤੋਂ ਦਿਵਾ ਦੇਈਏ।***

ਗੁਰਸਿੱਖਾ! ਮੰਗ ਕੀ ਮੰਗਦਾ ਹੈਂ –

***ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥***

***ਅੰਗ – 681***

ਉਸ ਵੇਲੇ ਨੇਤਰਾਂ 'ਚੋਂ ਜਲ ਜਾ ਰਿਹਾ ਹੈ, ਬੋਲਿਆ ਨਹੀਂ ਜਾਂਦਾ। ਅਖੀਰ ਮਹਾਰਾਜ ਕਹਿੰਦੇ, ਬੋਲ ਪ੍ਰੇਮੀਆਂ! ਬੋਲ ਕੇ ਦੱਸ। ਕਹਿੰਦਾ, ਸੱਚੇ ਪਾਤਸ਼ਾਹ! ਕਿਸੇ ਦਾ ਮੁਹਤਾਜ ਨਾ ਹੋਵਾਂ। ਨਾਮ ਦਾਨ ਬਖਸ਼ੋ। ਕਹਿੰਦੇ, ਨਹੀਂ ਜਿਹੜੀ ਗੱਲ ਦਿਲ 'ਚ ਹੈ ਉਹ ਬੋਲ।

ਉਸ ਵੇਲੇ ਦੋਵੇਂ ਹੱਥ ਜੋੜ ਲਏ, ਕਹਿਣ ਲੱਗਿਆ, ਪਾਤਸ਼ਾਹ! ਕਲਜੁਗ ਆ ਗਿਆ। ਐਨੀ ਕਸਵੱਟੀ ਨਹੀਂ ਸਿੱਖਾਂ ਤੋਂ ਸਹਿ ਹੋਣੀ ਤੇ ਜੇ ਤੁਸੀਂ ਦਿਆਲ ਹੋਏ ਓਂ ਤਾਂ ਅਗਲੇ ਆਉਣ ਵਾਲੇ ਸਿੱਖਾਂ ਨੂੰ ਰਿਆਇਤੀ ਪਾਸ ਕਰੀ ਜਾਇਓ।

ਸਾਡੇ ਵਾਸਤੇ ਮੰਗਿਆ ਹੈ ਸਾਧਸੰਗਤ ਜੀ! ਕਿ ਇਨ੍ਹਾਂ ਤੋਂ ਰਹਿ ਨਹੀਂ ਹੋਣਾ ਪੂਰਾ, ਰਿਆਇਤੀ ਪਾਸ ਕਰਿਆ। ਉਸ ਵੇਲੇ ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਮੰਝ ਪਿਆਰਾ ਗੁਰੂ ਨੂੰ, ਗੁਰੂ ਮੰਝ ਪਿਆਰਾ।***
***ਮੰਝ ਗੁਰੂ ਕਾ ਬੋਹਿਥਾ, ਜਗ ਲੰਘਣਹਾਰਾ।***

ਕਹਿੰਦੇ ਜਾਹ, ਤੈਨੂੰ ਜਹਾਜ਼ ਬਣਾਇਆ, ਲੰਘਾ ਦੇ ਸਾਰੇ ਜਗ ਨੂੰ। ਕਹਿੰਦੇ, ਭਾਈ ਮੰਝ! ਸੋਨੇ ਨੂੰ ਜੇ ਤਾਅ ਨਾ ਦੇਈਏ, ਖੋਟ ਰਹਿ ਜਾਂਦੀ ਹੈ। ਜਾਹ, ਤੈਨੂੰ ਸਭ ਕੁਛ ਬਖਸ਼ਿਆ, ਰਿੱਧੀਆਂ–ਸਿੱਧੀਆਂ, ਬ੍ਰਹਮਗਿਆਨ, ਦਸਮ ਦੁਆਰ ਦਾ ਵਾਸਾ। ਜਾਹ, ਇਹ ਤੇਰੇ 'ਤੇ ਕਸਵੱਟੀ ਲੱਗੀ ਸੀ, ਸਭ ਚੀਜ਼ਾਂ ਤੈਨੂੰ ਮਿਲ ਜਾਣਗੀਆਂ। ਹੁਣ ਜਾ ਕੇ ਆਪ ਨਾਮ ਜਪ ਤੇ ਸੰਸਾਰ ਨੂੰ ਨਾਮ ਜਪਾਂ।

ਉਸੇ ਵੇਲੇ ਕੀ ਕੌਤਕ ਵਰਤਦਾ ਹੈ, ਜਿੱਥੇ ਲੜਕੀ ਸੀ, ਜਿਸ ਥਾਂ 'ਤੇ ਘਰਵਾਲੀ ਸੀ, ਲਈ ਆਉਂਦੇ ਨੇ ਨਾਲ ਮਾਫੀਆਂ ਮੰਗਦੇ ਨੇ ਕਿ ਭਾਈ ਮੰਝ! ਸਾਡੇ ਤੋਂ ਬੜੀ ਭੁੱਲ ਹੋਈ। ਤੂੰ ਤਾਂ ਗੁਰੂ ਦਾ ਪਿਆਰਾ ਸੀ, ਅਸੀਂ

ਤੇਰੀ ਲੜਕੀ ਤੋਂ ਕੰਮ ਕਰਾਇਆ, ਦੂਜਾ ਕਹਿੰਦਾ ਤੇਰੀ ਘਰਵਾਲੀ ਤੋਂ ਕੰਮ ਕਰਾਇਆ ਮਾਫ ਕਰ ਦੇ ਸਾਨੂੰ। ਪਿੰਡ ਇਕੱਠਾ ਹੋ ਕੇ ਆ ਗਿਆ, ਭਾਈ ਮੰਝ ਤੂੰ ਵਾਪਸ ਚੱਲ, ਬੁਰਾ ਹਾਲ ਹੋ ਗਿਆ ਤੇਰੀ ਗੈਰ-ਹਾਜ਼ਰੀ 'ਚ। ਸਾਨੂੰ ਹੁਣ ਭੁੱਲ ਦਾ ਪਤਾ ਲੱਗਿਆ ਹੈ। ਸਾਨੂੰ ਵੀ ਉਸ ਗੁਰੂ ਦੇ ਚਰਨ-ਸ਼ਰਨ 'ਚ ਲੈ ਜਾ, ਜਿਹੜੇ ਗੁਰੂ ਨੇ ਤੇਰੇ ਉੱਤੇ ਮਿਹਰ ਕਰੀ ਹੈ।

ਸੋ ਇਸ ਤਰ੍ਹਾਂ, ਮੰਝਕੀ ਦੇ ਵਿਚ, ਦੁਆਬੇ 'ਚ ਭਾਈ ਮੰਝ ਹੋਇਆ ਹੈ ਇੱਕ ਗੁਰਸਿੱਖ। ਸੋ ਉਸ ਦਾ ਜੀਵਨ ਆਪਾਂ ਵਿਚਾਰਿਆ ਹੈ। ਉਹਦੇ 'ਚ ਹੈ ਨਾਮ ਜਪਣਾ ਤੇ ਸੇਵਾ ਕਰਨੀ। ਨਾਮ ਜਪਣ ਦੇ ਨਾਲ ਦੁੱਖਾਂ ਦਾ ਖਾਤਮਾ ਹੁੰਦਾ ਹੈ ਤੇ ਸੇਵਾ ਕਰਨ ਦੇ ਨਾਲ ਇੱਥੇ ਵੀ ਵਡਿਆਈ ਤੇ ਦਰਗਾਹ ਵਿਚ ਵੀ ਵਡਿਆਈ।

***ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦੈ।***

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇੱਥੇ ਹੀ ਸਮਾਪਤੀ ਹੈ। ਸਾਰੇ ਪ੍ਰੇਮੀ ਅਨੰਦ ਸਾਹਿਬ, ਗੁਰਸਤੋਤਰ 'ਚ ਬੋਲੋ ਭਾਈ।

ਅਰਦਾਸ, ਹੁਕਮਨਾਮਾ।

# 12

## ਗੁਰੂ ਨਾਨਕ ਦੇਵ ਜੀ,
### ਭਾਈ ਮਾਹਲੋ, ਭਾਈ ਮਾਂਗੋ

*ਸ਼ਾਨ.........................................................।*
*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਈਂਧਨ ਤੇ ਬੈਸੰਤਰੁ ਭਾਗੈ ॥*
*ਮਾਟੀ ਕਉ ਜਲੁ ਦਹ ਦਿਸ ਤਿਆਗੈ ॥*
*ਊਪਰਿ ਚਰਨ ਤਲੈ ਆਕਾਸੁ ॥*
*ਘਟ ਮਹਿ ਸਿੰਧੁ ਕੀਓ ਪਰਗਾਸੁ ॥ 1 ॥*
*ਐਸਾ ਸੰਮ੍ਰਥੁ ਹਰਿ ਜੀਉ ਆਪਿ ॥*
*ਨਿਮਖ ਨ ਬਿਸਰੈ ਜੀਅ ਭਗਤਨ ਕੈ*
*ਆਠ ਪਹਰ ਮਨ ਤਾ ਕਉ ਜਾਪਿ ॥ 1 ॥ ਰਹਾਉ ॥*
*ਪ੍ਰਥਮੇ ਮਾਖਨੁ ਪਾਛੈ ਦੂਧੁ ॥*
*ਮੈਲੂ ਕੀਨੋ ਸਾਬੁਨੁ ਸੂਧੁ ॥*
*ਭੈ ਤੇ ਨਿਰਭਉ ਡਰਤਾ ਫਿਰੈ ॥*
*ਹੋਂਦੀ ਕਉ ਅਣਹੋਂਦੀ ਹਿਰੈ ॥ 2 ॥*
*ਦੇਹੀ ਗੁਪਤ ਬਿਦੇਹੀ ਦੀਸੈ ॥*

***ਸਗਲੇ ਸਾਜਿ ਕਰਤ ਜਗਦੀਸੈ ॥***
***ਠਗਣਹਾਰ ਅਣਠਗਦਾ ਠਾਗੈ ॥***
***ਬਿਨੁ ਵਖਰ ਫਿਰਿ ਫਿਰਿ ਉਠਿ ਲਾਗੈ ॥ 3 ॥***
***ਸੰਤ ਸਭਾ ਮਿਲਿ ਕਰਹੁ ਬਖਿਆਣ ॥***
***ਸਿੰਮ੍ਰਿਤਿ ਸਾਸਤ ਬੇਦ ਪੁਰਾਣ ॥***
***ਬ੍ਰਹਮ ਬੀਚਾਰੁ ਬੀਚਾਰੇ ਕੋਇ ॥***
***ਨਾਨਕ ਤਾ ਕੀ ਪਰਮ ਗਤਿ ਹੋਇ ॥ ਅੰਗ - 900***

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ। ਹਰੀ ਦਾ ਜਸ ਕਰ ਰਹੇ ਹੋਂ ਜੋ ਸਾਰੇ ਸਾਧਨਾਂ ਤੋਂ, ਕਲਜੁਗ ਦੇ ਅੰਦਰ ਸ਼੍ਰੋਮਣੀ ਸਾਧਨ ਹੈ। ਇਹਦੇ ਮੁਕਾਬਲੇ 'ਤੇ ਕੋਈ ਜਪ ਕੋਈ ਤਪ, ਕੋਈ ਤੀਰਥ ਯਾਤਰਾ, ਕੋਈ ਸਾਧਨ ਪਹੁੰਚ ਨਹੀਂ ਸਕਦਾ, ਏਸ ਗੱਲ ਦੀ ਆਪਾਂ ਵਿਚਾਰ ਕਰਨੀ ਹੈ। ਸੋ ਸ਼ਬਦ ਆਪ ਨੇ ਸੁਣਿਆ ਹੈ, ਵਿਚਾਰ ਬਹੁਤ ਗਹਿਰੀ ਹੈ ਇਹਦੀ। ਮਹਾਰਾਜ ਕਹਿੰਦੇ, ਜੇ ਇਸਦੀ ਵਿਚਾਰ ਕੋਈ ਕਰ ਲਵੇ -

***ਬ੍ਰਹਮ ਬੀਚਾਰੁ ਬੀਚਾਰੇ ਕੋਇ ॥***
***ਨਾਨਕ ਤਾ ਕੀ ਪਰਮ ਗਤਿ ਹੋਇ ॥ ਅੰਗ - 900***

ਅਸੀਂ ਸਾਰੇ ਆਪਣੀ ਪਰਮਗਤੀ ਚਾਹੁੰਦੇ ਹਾਂ। ਇਸ ਸੰਸਾਰ 'ਚ ਤਾਂ ਅਸੀਂ ਰਹਿਣਾ ਨਹੀਂ ਹੈ, ਇਹਦੇ ਵਿਚ ਤਾਂ ਅਸੀਂ ਥੋੜ੍ਹੀ ਦੇਰ ਵਾਸਤੇ ਆਏ ਹਾਂ। ਪਰ ਇੱਥੇ ਚਿੱਤ ਲਾ ਕੇ ਬੈਠ ਜਾਂਦੇ ਹਾਂ ਕਿ ਅਸੀਂ ਏਥੋਂ ਜਾਣਾ ਨਹੀਂ। ਇਹ ਥੋੜ੍ਹੀ ਜਿਹੀ ਦੇਰ ਦਾ ਸਾਡੇ ਠਹਿਰਨ ਦਾ ਥਾਂ ਹੈ। ਇਥੇ ਕੁਛ ਕਰਨ ਵਾਸਤੇ ਅਸੀਂ ਸੰਸਾਰ 'ਤੇ ਆਉਂਦੇ ਹਾਂ ਤੇ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਜੇ ਤੁਸੀਂ ਪਰਮਗਤੀ ਚਾਹੁੰਦੇ ਓਂ, ਜਿੱਥੇ ਤੁਸੀਂ ਜਾਣਾ ਹੈ ਸਰੀਰ ਛੱਡਣ ਤੋਂ ਬਾਅਦ, ਤਾਂ ਤੁਸੀਂ ਬ੍ਰਹਮ ਦੀ ਵਿਚਾਰ ਕਰੋ। ਸਾਡੇ ਵਾਸਤੇ ਇਹ ਚੀਜ਼ ਐਨੀ ਔਖੀ ਹੈ, ਜਿੰਨੀ ਕੋਈ ਸਾਡੇ ਸਾਮ੍ਹਣੇ ਆ ਕੇ ਅਰਬੀ 'ਚ ਗੱਲਾਂ ਕਰਨ ਲੱਗ ਜਾਵੇ, ਉਹ ਅਰਬੀ ਜ਼ੁਬਾਨ ਬੋਲਦਾ ਹੈ, ਸਾਡੀ ਸਮਝ 'ਚ ਨਹੀਂ ਆਉਂਦੀ, ਜਿਹਨੂੰ ਬ੍ਰਹਮ ਵਿਚਾਰ ਕਹਿੰਦੇ ਨੇ ਇਹ ਬਿਲਕੁਲ ਹੈ ਪੰਜਾਬੀ ਲੇਕਿਨ ਇਸ ਤਰ੍ਹਾਂ ਹੀ ਹੈ ਜਿਵੇਂ ਕੋਈ ਵਿਦੇਸ਼ੀ ਭਾਸ਼ਾ ਬੋਲੀ ਜਾ ਰਹੀ ਹੈ, ਜਿਹਦੇ ਨਾਲ ਸਾਡਾ ਵਾਹ ਅੱਜ ਤੱਕ ਨਹੀਂ ਪਿਆ। ਨਾ ਸਾਨੂੰ ਇਹਦਾ ਪਤਾ ਲਗਦਾ ਹੈ, ਨਾ ਪਤਾ ਲੱਗਣ ਦੇ ਨਾਲ ਸਾਡੀ ਗਤੀ ਨਹੀਂ ਹੁੰਦੀ, ਜਿੰਨਾਂ ਚਿਰ ਅਸੀਂ ਗੱਲ ਨਹੀਂ ਸਮਝਦੇ, ਓਨੀਂ ਦੇਰ ਤੱਕ ਅਸੀਂ ਚੜ੍ਹਾਈ ਨਹੀਂ ਕਰ ਸਕਦੇ, ਕਿਸੇ ਕਿਨਾਰੇ 'ਤੇ ਪਹੁੰਚ ਨਹੀਂ ਸਕਦੇ।

ਸੋ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਇਹਨੂੰ ਵਿਚਾਰੋ, ਸ਼ਬਦ ਸੀਗਾ - 'ਈਂਧਨ ਤੇ ਬੈਸੰਤਰੁ ਭਾਗੈ ॥' ਹੁਣ ਧਿਆਨ ਨਾਲ ਸਰਵਣ ਕਰਿਆ। ਕਹਿੰਦੇ ਈਂਧਨ ਜਿਹੜਾ ਹੈ ਇਸ ਤੋਂ ਅੱਗ ਕਦੇ ਵੀ ਨੱਠਿਆ ਨਹੀਂ ਕਰਦੀ। ਅੱਗ ਇਸਨੂੰ ਜਾਲ ਦਿਆ ਕਰਦੀ ਹੈ, ਜਿੱਥੇ ਈਂਧਨ ਆ ਜਾਵੇ, ਅੱਗ ਕਦੇ ਨਹੀਂ ਦੌੜਦੀ, ਅਜੇ ਈਂਧਨ ਤਾਂ ਦੌੜਦਾ ਹੈ ਅੱਗ ਤੋਂ

ਕਿ ਮੈਂ ਜਲ ਨਾ ਜਾਵਾਂ। ਅੱਗ ਨਹੀਂ ਦੌੜਦੀ। ਉਲਟੀ ਗੱਲ ਹੋ ਗਈ। 'ਮਾਟੀ ਕਉ ਜਲੁ ਦਹ ਦਿਸ ਤਿਆਗੈ ॥ ' ਜੇ ਮਿਟੀ ਹੋਵੇ, ਪਾਣੀ ਉਹਦੇ ਵਿਚ ਰਸ ਜਾਇਆ ਕਰਦਾ ਹੈ ਤੇ ਵਿਚੇ ਹੀ ਘੋਲ ਲੈਂਦਾ ਹੈ ਆਪਣੇ ਮਿੱਟੀ ਨੂੰ, ਲੇਕਿਨ ਕਦੇ ਇਹ ਨਹੀਂ ਦੇਖਿਆ ਕਿ ਮਿੱਟੀ ਤੋਂ ਪਾਣੀ ਦੌੜ ਜਾਵੇ, ਦੂਰ ਚਲਿਆ ਜਾਵੇ। 'ਊਪਰਿ ਚਰਨ ਤਲੈ ਆਕਾਸੁ ॥' ਹੇਠਾਂ ਆਕਾਸ਼ ਨਹੀਂ ਕਦੇ ਹੁੰਦਾ, ਪੈਰ ਉਪਰ ਨਹੀਂ ਕਦੇ ਹੋਇਆ ਕਰਦੇ। 'ਘਟ ਮਹਿ ਸਿੰਧੁ ਕੀਓ ਪਰਗਾਸੁ ॥ ਘੜੇ ਵਿਚ ਸਮੁੰਦਰ ਕਦੇ ਬੰਦ ਨਹੀਂ ਹੁੰਦਾ। ਹੁਣ ਚਾਰ ਗੱਲਾਂ ਮਹਾਰਾਜ ਨੇ ਕਹਿ ਦਿਤੀਆਂ। ਜਿਨ੍ਹਾਂ ਦੀ ਬਿਰਤੀ ਜਗਿਆਸੂ ਹੈ, ਖੋਜ ਵਾਲੇ ਪੁਰਸ਼ ਨੇ ਸੰਗਤ 'ਚ ਆਏ, ਉਹ ੳ, ਅ ਨੂੰ ਛੱਡ ਕੇ ਉਪਰਲੀ ਗੱਲ ਸਮਝਣ ਦਾ ਯਤਨ ਕਰੋ। ਇਹਨੂੰ ਹਿਰਦੇ 'ਚ ਵਸਾਓ। ਮਹਾਰਾਜ ਕਹਿੰਦੇ, ਦੇਖੋ, ਅੱਗ ਜਾਲ ਦਿੰਦੀ ਹੈ ਲੇਕਿਨ ਸਾਰੀ ਬਨਸਪਤ ਦੇ ਵਿਚ ਫੇਰ ਅੱਗ ਪਈ ਹੈ, ਉਹਨੂੰ ਜਾਲ ਨਹੀਂ ਰਹੀ।

***ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥***

***ਅੰਗ - 617***

ਤੇ ਇਹਨੂੰ ਜਾਲ ਨਹੀਂ ਸਕਦੀ। ਹਰੇਕ ਦਰਖਤ ਦੇ ਅੰਦਰ ਅੱਗ ਹੈ। ਧਰਤੀ ਤਿੰਨ ਹਿੱਸੇ ਘੱਟ ਹੈ ਸਮੁੰਦਰ ਤੋਂ, ਤਿੰਨ ਹਿੱਸੇ ਸਮੁੰਦਰ ਹੈ, ਚੌਥਾ ਹਿੱਸਾ ਧਰਤੀ ਹੈ। ਯਾਨੀ ਤਿੰਨ ਗੁਣਾਂ ਜ਼ਿਆਦਾ ਹੈ ਸਮੁੰਦਰ। ਸਮੁੰਦਰ ਧਰਤੀ ਨੂੰ ਖੋਰ ਨਹੀਂ ਰਿਹਾ ਤੇ ਇਸ ਤੋਂ ਦੂਰ ਰਹਿੰਦਾ ਹੈ। ***'ਊਪਰਿ ਚਰਨ ਤਲੈ ਆਕਾਸੁ ॥'*** ਚਰਨ ਉਪਰ ਹੈ ਤੇ ਆਕਾਸ਼ ਥੱਲੇ ਹੈ, ਜਿਵੇਂ ਦਰਖਤ ਹੈ ਇਹਦੀ ਜੜ੍ਹ ਥੱਲੇ ਹੈ ਤੇ ਬਾਕੀ ਸਾਰਾ ਫੈਲਾਓ ਉਤੇ ਹੈ। 'ਘਟ ਮਹਿ ਸਿੰਧੁ ਕੀਓ ਪਰਗਾਸੁ ॥' ਘੜੇ ਦੇ ਵਿਚ ਸਮੁੰਦਰ ਦਾ ਪ੍ਰਕਾਸ਼ ਹੋਇਆ ਹੈ, ਹੁਣ ਇਹਦੇ ਵਿਚੋਂ ਗੱਲ ਸਮਝੋ ਕਿ ਮਹਾਰਾਜ ਨੇ ਬਚਨ ਕੀ ਕਹਿ ਦਿਤਾ। ਬਚਨ ਇਹ ਕਿਹਾ ਹੈ ਕਿ ਜਿਵੇਂ ਬੈਸੰਤਰ ਹੈ - ਦਰਖਤਾਂ ਦੇ ਅੰਦਰ, ਇਸੇ ਤਰ੍ਹਾਂ ਵਾਹਿਗੁਰੂ ਤੁਹਾਡੇ ਹਰੇਕ ਦੇ ਅੰਦਰ ਹੈ। ਨਿਹਚੇ ਨਾਲ ਇਹ ਗੱਲ ਹਿਰਦੇ 'ਚ ਵਸਾਓ ਕਿ ਮੇਰੇ ਅੰਦਰ ਵਾਹਿਗੁਰੂ ਦੀ ਜੋਤ ਹੈ। ਜਦੋਂ ਤੱਕ ਉਹ ਜੋਤ ਪ੍ਰਗਟ ਨਹੀਂ ਹੁੰਦੀ, ਮੇਰਾ ਕੁਛ ਬਣਦਾ ਨਹੀਂ ਹੈ। ਜਦੋਂ ਜੋਤ ਅੰਦਰ ਪ੍ਰਗਟ ਹੋ ਗਈ, ਫੇਰ ਬਾਹਰ ਵੀ ਦਿਸਣ ਲੱਗ ਜਾਏਗੀ -

***ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥***

***ਅੰਗ - 684***

ਇਸੇ ਤਰ੍ਹਾਂ ਦੇ ਨਾਲ ਜੜ੍ਹ ਜੋ ਪ੍ਰਮੇਸ਼ਰ ਸਾਰਿਆਂ ਦੀ ਹੈ, ਆਦਿ ਹੈ, ਉਹਦਾ ਸਾਰੇ ਫੈਲਾਓ ਹੈ। ਫੈਲਾਓ ਵਲ ਤਾਂ ਅਸੀਂ ਦੇਖੀ ਜਾਂਦੇ ਹਾਂ, ਜੜ੍ਹ ਵੱਲ ਸਾਨੂੰ ਧਿਆਨ ਨਹੀਂ ਜਾਂਦਾ। ਜਿਹੜਾ ਵਾਹਿਗੁਰੂ ਜੀ ਸਮੁੰਦਰ ਰੂਪ ਹੈ, ਇਹ ਸਾਡੇ ਸਰੀਰ ਦੇ ਅੰਤਸ਼ਕਰਣ ਦੇ ਵਿਚ ਉਹ ਪਰੀਪੂਰਨ ਹੈ, ਇਸ ਤਰ੍ਹਾਂ ਨਹੀਂ ਕਿ ਵਾਹਿਗੁਰੂ ਥੋੜ੍ਹਾ ਜਿਹਾ ਹੈ।

ਇਕ ਮਿਸਾਲ ਨਾਲ ਗੱਲ ਸਮਝ ਆ ਜਾਏਗੀ। ਸੂਰਜ ਧਰਤੀ ਤੋਂ

ਹਜ਼ਾਰਾਂ ਗੁਣਾਂ ਵੱਡਾ ਹੈ, ਇੱਕ ਸ਼ੀਸ਼ਾ ਲੈ ਲਓ ਤੁਸੀਂ ਚਾਰ ਉਂਗਲ ਦਾ, ਧਰਤੀ ਦੇ ਮੁਕਾਬਲੇ 'ਤੇ ਇਹ ਖਰਬਾਂ ਗੁਣਾਂ ਛੋਟਾ ਹੈ, ਇਹਦੇ ਟੁਕੜੇ ਕਰ ਦਿਓ ਨਿੱਕੇ-ਨਿੱਕੇ, ਟੁਕੜੇ ਕਰਕੇ ਧੁੱਪ ਵਿਚ ਸੁੱਟ ਦਿਓ। ਫੇਰ ਟੁਕੜਾ ਚੁੱਕ ਕੇ ਦੇਖੋ ਕਿ ਉਹਦੇ ਵਿਚ ਪੂਰਾ ਹੀ ਸੂਰਜ ਨਜ਼ਰ ਆਉਂਦਾ ਹੈ ਜਿਹੜਾ ਧਰਤੀ ਤੋਂ ਹਜ਼ਾਰਾਂ ਗੁਣਾਂ ਵੱਡਾ ਹੈ, ਲੱਖਾਂ ਗੁਣਾਂ ਵੱਡਾ ਹੈ। ਉਹ ਇੱਕ ਸ਼ੀਸ਼ੇ ਦੇ ਟੁਕੜੇ ਵਿਚ ਪੂਰੇ ਦਾ ਪੂਰਾ ਨਜ਼ਰ ਆਉਂਦਾ ਹੈ। ਇਸੇ ਤਰ੍ਹਾਂ ਦੇ ਨਾਲ ਹਰ ਬੰਦੇ ਦੇ ਅੰਦਰ ਵਾਹਿਗੁਰੂ ਪੂਰੀ ਤਰ੍ਹਾਂ ਦੇ ਨਾਲ ਸਮਾਇਆ ਹੋਇਆ। ਐਹੋ ਜਿਹਾ ਸਮਰੱਥ ਹੈ ਜਿਹਦੀ ਖੇਲ੍ਹ ਨੂੰ ਜਾਣਿਆ ਨਹੀਂ ਜਾਂਦਾ। ***'ਐਸਾ ਸੰਮ੍ਰਥੁ ਹਰਿ ਜੀਉ ਆਪਿ ॥ ਨਿਮਖ ਨ ਬਿਸਰੈ ਜੀਅ ਭਗਤਨ ਕੈ ਆਠ ਪਹਰ ਮਨ ਤਾ ਕਉ ਜਾਪਿ ॥'*** ਜਿਹੜੇ ਬੰਦਗੀ ਕਰਨ ਵਾਲੇ ਨੇ, ਪਿਆਰ ਕਰਨ ਵਾਲੇ ਨੇ, ਅੱਖ ਦੇ ਝਮਕੇ ਜਿੰਨੇ ਚਿਰ ਵੀ ਪ੍ਰਮੇਸ਼ਰ ਨਹੀਂ ਉਨ੍ਹਾਂ ਨੂੰ ਭੁੱਲਦਾ – ***'ਆਠ ਪਹਰ ਮਨ ਤਾ ਕਉ ਜਾਪਿ ॥'*** ਮਹਾਰਾਜ ਸਾਨੂੰ ਕਹਿੰਦੇ ਨੇ ਕਿ ਪਿਆਰਿਓ! ਤੁਸੀਂ ਵੀ ਅੱਠੇ ਪਹਿਰ ਉਹਦਾ ਨਾਮ ਜਪਦੇ ਰਹੋ। ***'ਪ੍ਰਥਮੇ ਮਾਖਨੁ ਪਾਛੈ ਦੂਧੁ ॥'*** ਦੁੱਧ ਹਮੇਸ਼ਾ ਪਹਿਲਾਂ ਆਉਂਦਾ ਹੈ, ਮੱਖਣ ਹਮੇਸ਼ਾ ਪਿੱਛੋਂ ਆਉਂਦਾ ਹੈ, ਲੇਕਿਨ ਜਿਹੜਾ ਦੁੱਧ ਦਾ ਸਾਰ ਹੈ, ਤੱਤ ਹੈ ਉਹ ਮੱਖਣ ਹੈ। ਇਹ ਸਾਰੀ ਸ੍ਰਿਸ਼ਟੀ ਦਾ ਜਿਹੜਾ ਤੱਤ ਹੈ ਇਹ ਵਾਹਿਗੁਰੂ ਹੈ। ਜਿਹਨੂੰ ਪਰਮ ਤੱਤ ਕਹਿੰਦੇ ਨੇ। ਉਹ ਤੱਤ ਪਹਿਲਾਂ ਹੈ ਸ੍ਰਿਸ਼ਟੀ ਦਾ ਪਸਾਰਾ ਪਿੱਛੋਂ ਹੈ। ***'ਮੈਲੂ ਕੀਨੋ ਸਾਬੁਨੁ ਸੂਧੁ ॥'*** ਜਿਹੜਾ ਲਹੂ ਸੀ ਮਾਂ ਦਾ ਉਹਨੂੰ ਸ਼ੁੱਧ ਕਰਕੇ ਬੱਚੇ ਦੇ ਪੀਣ ਵਾਸਤੇ ਦੁੱਧ ਬਣਾ ਦਿਤਾ। 'ਭੈ ਤੇ ਨਿਰਭਉ ਡਰਤਾ ਫਿਰੈ ॥' ਜਿਹੜਾ ਸਾਡਾ ਸਰੂਪ ਹੈ, ਮੈਂ ਹੈ ਜਿਹੜਾ, ਤੁਸੀਂ ਵੀ ਕਹੋ ਆਪਣੇ ਆਪ ਨੂੰ ਕਿ ਮੈਂ, ਅਸੀਂ ਨਿਰਭਉ ਹਾਂ, ਕਿਉਂ? ਨਾ ਸਾਨੂੰ ਕੋਈ ਤਲਵਾਰ ਵੱਢ ਸਕਦੀ ਹੈ, ਨਾ ਪਾਣੀ ਡੋਬ ਸਕਦਾ ਹੈ, ਨਾ ਅੱਗ ਜਾਲ ਸਕਦੀ ਹੈ, ਨਾ ਹਵਾ ਉਡਾ ਸਕਦੀ ਹੈ, ਨਾ ਜਮਦੂਤ ਸਾਨੂੰ ਮਾਰ ਸਕਦਾ ਹੈ ਤੇ ਪ੍ਰਕ੍ਰਿਤੀ ਜਿਹੜੀ ਹੈ ਹਰ ਛਿਨ ਦੇ ਵਿਚ ਇਹਦਾ ਵਿਕਾਸ ਹੁੰਦਾ ਹੈ, ਵਿਨਾਸ਼ ਹੁੰਦਾ ਹੈ, ਇਹ ਭੈ ਤੋਂ ਜਿਹੜਾ ਨਿਰਭਉ ਹੈ, ਜੀਵ ਹੈ, ਉਹ ਡਰਦਾ ਫਿਰਦਾ ਹੈ। ***'ਹੋਂਦੀ ਕਉ ਅਣਹੋਂਦੀ ਹਿਰੈ ॥'*** ਜੀਵ ਤਾਂ ਹੈਗਾ ਅਸਲੀ, ਮਾਇਆ ਅਸਲੀ ਹੈ ਨਹੀਂ, ਮਾਇਆ ਤਾਂ ਇੱਕ ਭੁਲੇਖਾ ਹੈ, ਪਸਾਰਾ ਹੈ, illusion (ਭਰਮ) ਹੈ, ignorance (ਅਗਿਆਨਤਾ) ਹੈ। ਇਹ ਅਣਹੋਂਦੀ ਚੀਜ਼ ਨੇ ਜਿਵੇਂ ਅਮਰ ਵੇਲ ਹੁੰਦੀ ਹੈ, ਦਰਖਤ ਤਾਂ ਅਸਲੀ ਹੈ, ਵੇਲ ਉਤੇ ਐਵੇਂ ਹੀ ਪਈ ਹੋਈ ਹੈ। ਇਸ ਤਰ੍ਹਾਂ ਇਹ ਮਾਇਆ ਨੇ ਜੀਵ ਨੂੰ ਠੱਗ ਲਿਆ। 'ਦੇਹੀ ਗੁਪਤ ਬਿਦੇਹੀ ਦੀਸੈ ॥' ਜਿਹੜਾ ਤਾਂ ਹੈਗਾ ਅਸਲੀ ਦੇਹੀ ਵਾਲਾ ਜੀਵ ਆਤਮਾ, ਉਹ ਗੁਪਤ ਵਸਦਾ ਹੈ, ਜਿਹੜੀ ਮਾਇਆ ਹੈ, ਜਿਹਦਾ ਵਜੂਦ ਕੋਈ ਨਹੀਂ ਉਹ ਦਿਸਦੀ ਹੈ। ***'ਸਗਲੇ ਸਾਜਿ ਕਰਤ ਜਗਦੀਸੈ ॥'*** ਵਾਹਿਗੁਰੂ ਜੀ ਨੇ ਐਸਾ ਕੌਤਕ ਰਚ ਦਿਤਾ, ***'ਠਗਣਹਾਰ ਅਣਠਗਦਾ ਠਾਗੈ ॥'*** ਜਿਹਨੇ ਠੱਗਣਾ ਹੀ ਨਹੀਂ ਸੀਗਾ, ਮਾਇਆ ਜਿਹਦਾ ਵਜੂਦ ਹੀ ਨਹੀਂ ਹੈ, ਉਹ ਅਸਲੀ ਜੀਵ ਨੂੰ ਠੱਗ ਕੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ 'ਚ ਪਾ

ਕੇ ਹਉਮੈ 'ਚ ਪਾ ਕੇ, ਇਹਨੂੰ ਭੁਲਾ ਦਿੰਦੀ ਹੈ। ***'ਬਿਨੁ ਵਖਰ ਫਿਰਿ ਫਿਰਿ ਉਠਿ ਲਾਗੈ ॥'*** ਜਿੰਨਾਂ ਚਿਰ ਜੀਵ ਆਤਮਾ ਨੂੰ ਆਤਮ ਤੱਤ ਦਾ ਗਿਆਨ ਨਹੀਂ ਹੁੰਦਾ, ਓਨੀਂ ਦੇਰ ਤੱਕ ਇਹ ਬਾਰ-ਬਾਰ ਜੰਮਦਾ ਰਹਿੰਦਾ ਹੈ, ਮਰਦਾ ਰਹਿੰਦਾ ਹੈ। ਮਹਾਰਾਜ ਕਹਿੰਦੇ ਕਿ ਅਗਾਂਹਾਂ ਇਲਾਜ ਇਹ ਹੈ ਕਿ ***'ਸੰਤ ਸਭਾ ਮਿਲਿ ਕਰਹੁ ਬਖਿਆਣ ॥'*** ਤੁਸੀਂ ਵਿਚਾਰ ਕਰੋ ਸੰਤਾਂ ਦੀ ਸਭਾ 'ਚ ਆ ਕੇ ਏਸ ਗੱਲ ਦੀ। ***'ਸਿੰਮ੍ਰਿਤਿ ਸਾਸਤ ਬੇਦ ਪੁਰਾਣ ॥'*** ਸਾਰੀਆਂ ਚੀਜ਼ਾਂ, ਸਿਮ੍ਰਿਤੀਆਂ, ਵੇਦਾਂ, ਪੁਰਾਣਾਂ ਦੇ ਅੰਦਰ ਤੱਤ ਵਾਹਿਗੁਰੂ ਹੈ ਸਾਰਿਆਂ ਦੇ ਅੰਦਰ। ***'ਬ੍ਰਹਮ ਬੀਚਾਰੁ ਬੀਚਾਰੇ ਕੋਇ ॥ ਨਾਨਕ ਤਾ ਕੀ ਪਰਮ ਗਤਿ ਹੋਇ ॥'*** ਜਿਹੜਾ ਇਸ ਗੱਲ ਨੂੰ ਵਿਚਾਰ ਲੈਂਦਾ ਹੈ ਕੋਈ ਬੰਦਾ, ਮਹਾਰਾਜ ਕਹਿੰਦੇ 'ਕੋਈ' ਸਾਰੇ ਨਹੀਂ ਵਿਚਾਰਦੇ, ਸਾਰੇ ਤਾਂ ਅਸੀਂ ਰੁੜ੍ਹੇ ਜਾਂਦੇ ਹਾਂ ਅਸੀਂ ਮਾਇਆ ਦੇ ਅੰਦਰ। ਕੋਈ ਵਿਚਾਰਦਾ ਹੈ, ਜਿਹਨੇ ਵਿਚਾਰ ਲਿਆ ਉਹਦੀ ਪਰਮਗਤੀ ਹੋ ਜਾਏਗੀ। ਐਸੇ ਵਿਚਾਰ ਗੁਰੂ ਨਾਨਕ ਪਾਤਸ਼ਾਹ ਦੇ ਦਰਬਾਰ ਵਿਚ, ਸੰਗਤਾਂ ਬੈਠੀਆਂ, ਮਹਾਰਾਜ ਦੇ ਪਵਿੱਤਰ ਮੁਖਾਰਬਿੰਦ ਤੋਂ ਬੜੀ ਵਿਆਖਿਆ ਦੇ ਨਾਲ ਸਰਵਣ ਕਰ ਰਹੀਆਂ ਨੇ, ਕਰਤਾਰਪੁਰ ਦੇ ਅੰਦਰ ਤੇ ਉਸੇ ਦੀਵਾਨ ਦੇ ਵਿਚ, ਦੋ ਪ੍ਰੇਮੀ ਜਿਹੜੇ ਉਤਮ ਕਿਸਮ ਦੇ ਜਗਿਆਸੂ ਸੀ ਜਿਨ੍ਹਾਂ ਦੇ ਅੰਦਰ ਖੋਜ ਸੀ, ਜਿਨ੍ਹਾਂ ਨੇ ਕੋਈ ਰਸਤਾ ਲੱਭਣਾ ਸੀ, ਉਹ ਵੀ ਆ ਕੇ ਬੈਠੇ ਹੋਏ ਸੀ। ਗੱਲ ਤਾਂ ਉਨ੍ਹਾਂ ਨੇ ਸੁਣ ਲਈ ਸਾਰੀ ਕਿ ਵਾਹਿਗੁਰੂ ਸਾਡੇ ਅੰਦਰ ਹੈ, ਨਾਲ ਵਿਚਾਰ ਵੀ ਕਰਦੇ ਨੇ ਜੀਵ ਆਤਮਾ ਠੱਗਿਆ ਗਿਆ ਤੇ ਦੁਨੀਆਂ ਨੂੰ ਸਤਿ ਮੰਨ ਲਿਆ ਤੇ ਸਤਿ ਵਾਹਿਗੁਰੂ ਨੂੰ ਅੱਖਾਂ ਤੋਂ ਉਹਲੇ ਕਰ ਦਿਤਾ ਤੇ ਇਹਦਾ ਇਲਾਜ ਕੀ ਕਰਿਆ ਜਾਵੇ, ਜਦੋਂ ਦੀਵਾਨ ਦੀ ਸਮਾਪਤੀ ਹੋਈ, ਉਸ ਵੇਲੇ ਦੋਵੇਂ ਪ੍ਰੇਮੀ ਉੱਠੇ ਤੇ ਇੱਕ ਦਾ ਨਾਮ ਭਾਈ ਮਾਲੋ ਸੀ, ਇੱਕ ਦਾ ਨਾਮ ਭਾਈ ਮਾਂਗੋ ਸੀ। ਜਗਿਆਸੂ ਉੱਤਮ ਕਿਸਮ ਦੇ ਸੀ। ਬੜੇ ਥਾਵਾਂ 'ਤੇ ਫਿਰ ਚੁੱਕੇ ਸੀ। ਬੜੇ ਔਖੇ ਸਾਧਨ ਕਰ ਚੁੱਕੇ ਸੀ। ਕਿੰਨੇ-ਕਿੰਨੇ ਦਿਨ ਪ੍ਰਸ਼ਾਦਾ ਨਾ ਛਕਣਾ, ਕਿੰਨੇ-ਕਿੰਨੇ ਦਿਨ ਜਾਗਦੇ ਰਹਿਣਾ, ਕਿੰਨਾ-ਕਿੰਨਾ ਚਿਰ ਪਾਣੀ ਵਿਚ ਜਾਗਦੇ ਰਹਿਣਾ। ਤਕਲੀਫ ਵੀ ਸਹਿਣੀ, ਜਾਗਦੇ ਰਹਿਣਾ, ਹੋਰ ਅਨੇਕਾਂ ਕਿਸਮ ਦੇ ਸਾਧਨ ਕਰ ਚੁੱਕੇ ਸੀ ਆਪਣੇ ਆਪ। ਲੇਕਿਨ ਨਾ ਮਨ ਸ਼ਾਂਤ ਹੋਇਆ, ਨਾ ਕਿਸੇ ਕਿਨਾਰੇ 'ਤੇ ਪਹੁੰਚੇ, ਈਮਾਨਦਾਰ ਸੀ, ਕਈ ਬੰਦੇ ਤਾਂ ਪ੍ਰਾਪਤੀ ਹੋਵੇ ਨਾ ਹੋਵੇ ਕਹਿੰਦੇ ਸਾਨੂੰ ਮਿਲ ਗਿਆ ਸਭ ਕੁਛ। ਮਹਾਰਾਜ ਕਹਿੰਦੇ, ਜਿਹੜਾ ਇਹ ਕਹਿੰਦਾ ਹੈ ਕਿ ਮੈਂ ਜਾਣ ਲਿਆ, ਕਹਿੰਦੇ ਉਹ ਮੂਰਖ ਬੰਦਾ ਹੈ। ਕਹਿੰਦੇ ਸਾਰੇ ਨੇ -

***ਸਭ ਕਹਤੇ ਹੈ ਪਾਇਆ ॥*** ***ਅੰਗ - 71***

ਪਰ ਜਿਹੜਾ ਇਹ ਗੱਲ ਕਹਿੰਦਾ ਹੈ ਉਹ ਅਣਜਾਣ ਬੰਦਾ ਹੈ। ਕਿਉਂਕਿ ਵਾਹਿਗੁਰੂ ਜਾਨਣ ਵਾਲੀ ਚੀਜ਼ ਨਹੀਂ ਹੈ। ਜਦੋਂ ਅਸੀਂ ਕਿਸੇ ਚੀਜ਼ ਨੂੰ ਜਾਣਦੇ ਹਾਂ, ਜਾਨਣ ਵਾਲਾ ਹੋਰ ਹੁੰਦਾ ਹੈ, ਚੀਜ਼ ਜਾਣੀ ਹੋਈ ਹੋਰ ਹੁੰਦੀ ਹੈ। ਮਹਾਰਾਜ ਕਹਿੰਦੇ ਉਹ ਮੂਰਖ ਹੈ, ਕਿਉਂਕਿ ਗੱਲ ਦਾ

ਪਤਾ ਲੱਗਿਆ ਨਹੀਂ ਹੈ ਐਵੇਂ ਹੀ ਕਹਿੰਦਾ ਹੈ।

ਸੋ ਇਹ ਈਮਾਨਦਾਰੀ ਨਾਲ ਕਹਿੰਦੇ ਸੀ ਕਿ ਸਾਨੂੰ ਨਹੀਂ ਕੁਛ ਪਤਾ ਲੱਗਿਆ ਅਸੀਂ ਭਜਨ ਵੀ ਕਰਦੇ ਹਾਂ, ਤਪ ਵੀ ਕਰਦੇ ਹਾਂ, ਵਰਤ ਵੀ ਰੱਖਦੇ ਹਾਂ, ਚੰਦਰਾਇਣ ਵਰਤ ਵੀ ਰਖਦੇ ਹਾਂ, ਹੋਰ ਵਰਤ ਵੀ ਰਖਦੇ ਹਾਂ। ਤੀਰਥ ਯਾਤਰਾ ਵੀ ਕਰਦੇ ਹਾਂ, ਤੀਰਥਾਂ 'ਤੇ ਬੜੀ-ਬੜੀ ਦੇਰ ਤੱਕ ਰਹਿ ਆਏ ਹਾਂ, ਫੇਰ ਪਵਿੱਤਰ ਦਰਿਆਵਾਂ ਦਾ ਜਲ ਪੀਂਦੇ ਰਹੇ ਹਾਂ ਤੇ ਅੰਦਰ ਤਾਂ ਸਾਡੇ ਕੋਈ ਫਰਕ ਨਹੀਂ ਪਿਆ ਭੋਰਾ ਜਿੰਨਾਂ ਵੀ। ਇਹਦਾ ਮਤਲਬ ਹੈ ਕਿ ਸਾਡੀਆਂ ਤਾਰਾਂ ਸਹੀ ਨਹੀਂ ਹਨ, ਨੰਬਰ ਗਲਤ ਹੈ ਜਿਹੜਾ ਅਸੀਂ ਘੁੰਮਾਈ ਜਾਂਦੇ ਹਾਂ। ਨਹੀਂ ਤਾਂ ਸਹੀ ਨੰਬਰ ਜੇ ਟੈਲੀਫੋਨ ਦਾ ਘੁੰਮਾਓ, ਕੋਈ ਨਾ ਕੋਈ ਬੈੱਲ ਵੱਜ ਜਾਂਦੀ ਹੈ ਤੇ ਬੰਦਾ ਬੋਲ ਪੈਂਦਾ ਹੈ। ਇਹ ਕਿਤੇ ਗਲਤੀ ਹੈ। ਇਹ ਗੁਰੂ  ਦੇ ਦਰਬਾਰ ਵਿਚ ਆ ਕੇ, ਜਦ ਸਿੱਖੀ ਦਾ ਨਵਾਂ-ਨਵਾਂ ਪ੍ਰਕਾਸ਼ ਹੋ ਰਿਹਾ ਸੀ। ਬੜੀਆਂ ਧਾਰਨਾਵਾਂ, ਮਨ ਦੀਆਂ ਮੱਤਾਂ ਸੀ ਬੰਦਿਆਂ ਦੀਆਂ, ਕਿਉਂਕਿ ਅਨੇਕਾਂ ਸਾਧੂ ਸੰਤਾਂ ਨੂੰ ਮਿਲਦੇ ਸੀ, ਅਨੇਕਾਂ ਦਾ ਅਸਰ ਬੰਦਾ ਲੈਂਦਾ ਸੀ, ਗੁਰੂ ਨਾਨਕ ਪ੍ਰਕਾਸ਼ ਰੂਪ ਹੋ ਕੇ ਸੰਸਾਰ ਦੇ ਵਿਚ ਪ੍ਰਗਟੇ, ਸਤਿ ਦਾ ਰਾਹ ਦਰਸਾਉਣ ਵਾਸਤੇ। ਇਨ੍ਹਾਂ ਨੇ ਵੀ ਉਡਦੀ-ਉਡਦੀ ਗੱਲ ਸੁਣ ਲਈ ਕਿ ਇਸ ਵੇਲੇ ਜੇ ਕੋਈ ਲੰਘਾ ਸਕਦਾ ਹੈ ਤਾਂ ਕਰਤਾਰਪੁਰ ਵਿਚ ਬੈਠੇ ਗੁਰੂ ਨਾਨਕ ਪਾਤਸ਼ਾਹ ਨੇ ਜਿਹੜਾ ਨਿਰੋਲ ਸਤਿ ਦਾ ਉਪਦੇਸ਼ ਜੀਵ ਨੂੰ ਦੇ ਕੇ, ਜੀਵ ਨੂੰ ਜੀਵ ਬਿਰਤੀ 'ਚੋਂ ਕੱਢ ਕੇ  ਈਸ਼ ਬਿਰਤੀ ਦੇ ਵਿਚ ਰਲਾ ਦਿਤਾ।

ਉਸ ਵੇਲੇ ਆਪ ਦੋਹਾਂ ਨੇ ਗੁਰੂ ਨਾਨਕ ਪਾਤਸ਼ਾਹ ਦੇ ਹਾਜ਼ਰ ਹੋ ਕੇ ਬੇਨਤੀ ਦੇ ਰੂਪ ਵਿਚ, ਇਸ ਤਰ੍ਹਾਂ ਦੇ ਨਾਲ ਉਚਾਰਨ ਕੀਤਾ -

***ਧਾਰਨਾ - ਦੱਸੀਂ ਸਤਿਗੁਰ ਜੀ! ਭਵਸਾਗਰ ਕਿਵੇਂ ਤਰੀਏ।***

ਸਵਾਲ ਕਰਦੇ ਨੇ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ 'ਚ।

ਕਿਹੋ ਜਿਹਾ ਪਵਿੱਤਰ ਨਜ਼ਾਰਾ ਹੋਣਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਆਪ ਤਖਤ ਦੇ ਉਤੇ ਬਿਰਾਜਮਾਨ ਨੇ। ਬੇਅੰਤ ਸੰਗਤ ਬੈਠੀ ਹੈ ਤੇ ਆਪ ਦੇ ਮੁਖਾਰਬਿੰਦ ਤੋਂ ਬਚਨ ਹੋ ਰਹੇ ਨੇ ਤੇ ਉਸ ਵੇਲੇ ਦੋ ਜਗਿਆਸੂ ਉੱਠ ਕੇ ਖੜ੍ਹੇ ਹੋ ਬੇਨਤੀ ਕਰਦੇ ਨੇ, ਕਹਿੰਦੇ, ਹੇ ਪ੍ਰਭੂ! ਆਪ ਕ੍ਰਿਪਾ ਕਰਕੇ ਇਹ ਤਾਂ ਦੱਸੋ ਜਿਸ ਥਾਂ ਦੇ ਉਤੇ, ਜਿਸ ਥਾਂ 'ਤੇ ਜਿਸ ਦਰਵਾਜੇ ਦੇ ਉਤੇ, ਵਾਹਿਗੁਰੂ ਵਸਦਾ ਹੈ, ਉਸ ਦਰ ਦਾ ਕੀ ਨਾਂ ਹੈ, ਉਸ ਦਰ ਨੂੰ ਕੀ ਕਿਹਾ ਜਾਵੇ?

***ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ***
***ਦਰਾ ਭੀਤਰਿ ਦਰੁ ਕਵਨੁ ਲਹੈ ॥ ਅੰਗ - 877***

ਬੇਅੰਤ ਦਰ ਨੇ, ਉਨ੍ਹਾਂ ਦਰਾਂ ਦੇ ਵਿਚੋਂ ਜਿਹੜਾ ਪ੍ਰਮੇਸ਼ਰ ਦਾ ਦਰ ਹੈ ਉਹ ਕਿਸ ਤਰੀਕੇ ਨਾਲ ਲੱਭਿਆ ਜਾਵੇ? ਕਿਹੜਾ ਸਾਧਨ ਕਰਿਆ ਜਾਵੇ? ਕਿਹੜਾ ਦਰ ਟੋਲ੍ਹਿਆ ਜਾਵੇ ਤੇ ਕਿਹੜਾ ਮਹਾਤਮਾ ਮਿਲੇ, ਜਿਹੜਾ

ਇਨ੍ਹਾਂ ਦਰਾਂ ਦੇ ਵਿਚੋਂ ਸਾਨੂੰ ਦਰ ਦਸ ਦੇਵੇ। ਮਹਾਰਾਜ ਕਹਿਣ ਲੱਗੇ, ਦੇਖੋ ਪ੍ਰੇਮੀਓਂ! ਇਹ ਦਰ ਜਿਹੜੇ ਤੁਸੀਂ ਕਹਿੰਦੇ ਓਂ, ਇਨ੍ਹਾਂ ਸਾਰੇ ਦਰਾਂ ਦੇ ਵਿਚ ਹੀ ਵਾਹਿਗੁਰੂ ਦਾ ਦਰ ਹੈ। ਸਾਰੇ ਸਾਧਨਾਂ ਦੇ ਵਿਚ ਹੀ ਵਾਹਿਗੁਰੂ ਦਾ ਸਾਧਨ ਹੈ। ਸਾਰੇ ਮਹਾਤਮਾ ਦੇ ਵਿਚ ਹੀ ਵਾਹਿਗੁਰੂ ਨੂੰ ਮਿਲਾਉਣ ਵਾਲਾ ਮਹਾਤਮਾ ਹੋਇਆ ਕਰਦਾ ਹੈ –

***ਜਿਸੁ ਦਰ ਕਾਰਣਿ ਫਿਰਾ ਉਦਾਸੀ ਸੋ ਦਰੁ ਕੋਈ ਆਇ ਕਹੈ ॥***

***ਅੰਗ – 877***

ਹੇ ਪ੍ਰਭੂ! ਜਿਸ ਦਰ ਨੂੰ ਅਸੀਂ ਟੋਲ੍ਹਦੇ ਫਿਰਦੇ ਹਾਂ, ਸਾਡੀ ਅਰਦਾਸ ਹੈ, ਓਸ ਦਰ ਦਾ ਸਾਨੂੰ ਆ ਕੇ ਕੋਈ ਪਤਾ ਦੇ ਦੇਵੇ–

***ਕਿਨ ਬਿਧਿ ਸਾਗਰੁ ਤਰੀਐ ॥*** ***ਅੰਗ – 877***

ਕਹਿੰਦੇ, ਇਸ ਭਵਜਲ ਦੇ ਸਾਗਰ ਨੂੰ ਕਿਹੜੇ ਤਰੀਕੇ ਦਾ ਨਾਲ ਅਸੀਂ ਪਾਰ ਕਰੀਏ?

ਮਹਾਰਾਜ ਕਹਿੰਦੇ, ਜੀਉਂਦੇ ਮਰ ਜਾਓ, ਭਾਈ! ਫੇਰ ਤਰ ਜਾਈਦਾ ਹੈ। ਜੀਉਂਦੇ ਤੋਂ ਤਾਂ ਤਰਿਆ ਨਹੀਂ ਜਾਂਦਾ। ਜਦੋਂ ਆਦਮੀ ਪੁੱਠੀ ਤਾਰੀ ਤਰਦਾ ਹੈ ਜਿਹਨੂੰ ਆਉਂਦੀ ਹੈ ਤਾਰੀ ਤਰਨੀ, ਉਹ ਸਾਰਾ ਸਰੀਰ ਢਿੱਲਾ ਛੱਡ ਕੇ ਪਾਣੀ ਦੇ ਉਤੇ ਪੈ ਜਾਂਦਾ ਹੈ, ਮੁਰਦਾ ਬਣ ਜਾਂਦਾ ਹੈ ਤੇ ਉਸਨੂੰ ਪਾਣੀ ਨਹੀਂ ਡੋਬਿਆ ਕਰਦਾ, ਉਹ ਨਹੀਂ ਡੁੱਬਿਆ ਕਰਦਾ ਪਾਣੀ ਦੇ ਅੰਦਰ, ਮੁਰਦਾ ਜੇ ਸੱਚਮੁੱਚ ਮਰ ਜਾਵੇ, ਉਹ ਵੀ ਪਾਣੀ 'ਚ ਨਹੀਂ ਡੁੱਬਦਾ, ਉਹ ਤਰ ਆਉਂਦਾ ਹੈ ਇਸੇ ਤਰ੍ਹਾਂ ਜਿਹੜਾ ਪੁੱਠੀ ਤਾਰੀ ਤਰਦਾ ਹੈ ਉਹ ਵੀ ਨਹੀਂ ਡੁੱਬਿਆ ਕਰਦਾ।

ਕਹਿੰਦੇ, ਜੀਉਂਦੇ ਮਰ ਨਹੀਂ ਹੁੰਦਾ?

***ਜੀਵਤਿਆ ਨਹ ਮਰੀਐ ॥*** ***ਅੰਗ – 877***

ਬਹੁਤ ਔਖਾ ਹੈ ਜੀਉਂਦੇ ਮਰਨਾ, ਗੱਲ ਕਹਿਣੀ ਸੁਖਾਲੀ ਹੈ ਪਰ ਜੀਉਂਦੇ ਮਰਨਾ ਕੋਈ ਖੇਡ ਹੈ?

ਤੇ ਤੂੰ ਇਹ ਕਹਿੰਦਾ ਹੈਂ –

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥***

***ਅੰਗ – 1102***

ਤੂੰ ਇਹ ਕਹਿੰਦਾ ਹੈਂ ਕਿ ਪਹਿਲਾਂ ਮਰਨਾ ਕਬੂਲ ਲੈ। ਇਹ ਕਬੂਲਣਾ ਹੀ ਸਾਨੂੰ ਔਖਾ ਹੈ ਅਸੀਂ ਕਬੂਲ ਨਹੀਂ ਸਕਦੇ ਕਿਉਂਕਿ ਸਾਨੂੰ ਪਤਾ ਨਹੀਂ ਕਿ ਮਰਨਾ ਕੀ ਹੁੰਦਾ ਹੈ। ਮਰੇ ਬਗੈਰ ਇਹ ਤਰ ਨਹੀਂ ਹੁੰਦਾ। ਸੋ ਉਸ ਵੇਲੇ ਮਹਾਰਾਜ ਜੀ ਦਇਆ ਦੇ ਘਰ ਵਿਚ ਆਏ ਤੇ ਕਹਿਣ ਲੱਗੇ, ਪ੍ਰੇਮੀਓਂ! ਜਿਸ ਦਰਵਾਜ਼ੇ ਦੀ ਤੁਸੀਂ ਗੱਲ ਪੁੱਛਣ ਲੱਗੇ ਓਂ। ਉਹ ਤੁਹਾਨੂੰ ਦਸ ਦਿੰਦੇ ਹਾਂ ਤੇ ਜਿੱਥੇ ਤੁਸੀਂ ਪ੍ਰਮੇਸ਼੍ਵਰ ਦੇ ਨਾਲ ਭਵਜਲ ਪਾਰ ਕਰਨਾ ਹੈ, ਉਹਦਾ ਵੀ ਤੁਹਾਨੂੰ ਦਸ ਦਿੰਦੇ ਹਾਂ ਕਿ ਉਹ ਬਹੁਤ ਗਹਿਰੀ ਖਾਈ

ਹੈ ਤੇ ਉਹ ਜੀਉਂਦੇ-ਜੀਉਂਦੇ ਨਹੀਂ ਤਰੀ ਜਾਂਦੀ, ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਮਾਇਆ ਵਾਲੀ ਖਾਈ ਗਹਿਰੀ,***
***ਮਰ ਕੇ ਤਰੀ ਜਾਂਦੀ ਹੈ।***

ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਪ੍ਰੇਮੀਓ! ਵਾਹਿਗੁਰੂ ਤੇ ਸਾਡੇ ਵਿਚਾਲੇ ਜਿਹਨੂੰ ਭਵਜਲ ਕਹਿੰਦੇ ਨੇ, ਉਹ ਤ੍ਰਿਗੁਣ ਮਾਇਆ ਦਾ ਛੱਲਾਂ ਮਾਰਦਾ ਸਮੁੰਦਰ ਹੈ, ਕੋਈ ਬੰਦਾ ਇਹਦੇ ਵਿਚੋਂ ਜੀਉਂਦਾ-ਜੀਉਂਦਾ ਤਾਂ ਲੰਘ ਨਹੀਂ ਸਕਦਾ ਤੇ ਮਰਿਆ ਹੋਇਆ ਲੰਘ ਜਾਂਦਾ ਹੈ। ਮਰੀ ਹੋਈ ਚੀਜ਼ ਰੱਖ ਦਿਓ, ਪਾਣੀ ਡੋਬਦਾ ਹੀ ਨਹੀਂ, ਉਤੋਂ ਦੀ ਤਰੀ ਜਾਂਦਾ ਹੈ। ਇਸੇ ਤਰ੍ਹਾਂ ਜਿਹਨੇ ਆਪਣੇ ਆਪ ਨੂੰ ਮਾਰ ਲਿਆ, ਉਹ ਤਾਂ ਲੰਘ ਜਾਂਦਾ ਹੈ, ਜਿਹੜਾ ਮੈਂ ਵਿਚ ਹੈ ਕਿ ਮੈਂ ਜੀਉਂਦਾ ਹਾਂ, ਉਹ ਨਹੀਂ ਕਹਿੰਦੇ ਲੰਘ ਸਕਦਾ, ਉਹ ਇਸ ਰਸਤੇ ਦੇ ਵਿਚੋਂ ਜਾ ਨਹੀਂ ਸਕਦਾ। ਸੋ ਇਸ ਕਰਕੇ -

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥***

***ਅੰਗ - 1102***

ਮਰਨਾ ਕਬੂਲ ਕਰਨਾ ਪੈਣਾ ਹੈ, ਕਿਉਂਕਿ ਮਾਇਆ ਬਹੁਤ ਗਹਿਰੀ ਖਾਈ ਹੈ। ਇਹਦੇ 'ਚੋਂ ਲੰਘਿਆ ਨਹੀਂ ਜਾਂਦਾ।

ਇੱਕ ਵਾਰੀ ਕ੍ਰਿਸ਼ਨ ਮਹਾਰਾਜ ਬਚਨ ਕਰਦੇ ਨੇ, ਕਹਿਣ ਲੱਗੇ, ਅਰਜਨ! ਮੇਰੀ ਜੋ ਤ੍ਰਿਗੁਣ ਮਾਇਆ ਹੈ ਸੰਸਾਰ ਦੇ ਉਤੇ, ਉਹ ਅਤਰ ਹੈ, ਨਾ ਤਰਨ ਵਾਲੀ ਹੈ। ਸਾਰੇ ਸੰਸਾਰ ਨੂੰ ਉਸ ਨੇ ਭੁਲਾਇਆ ਹੋਇਆ ਹੈ, ਮੈਂ ਨਿਰੰਕਾਰ ਸਾਰਿਆਂ ਦੇ ਹਿਰਦੇ 'ਚ ਰਹਿੰਦਾ ਹਾਂ, ਨਾਲ ਰਹਿੰਦਾ ਹਾਂ, ਸਾਰੇ ਕੰਮ ਮੈਂ ਕਰਦਾ ਹਾਂ। ਮੈਂ ਇਸ ਜੀਵ ਨੂੰ ਸ਼ਕਤੀ ਦਿੰਦਾ ਹਾਂ। ਅੱਖਾਂ 'ਚੋਂ ਦੇਖਣ ਦੀ, ਕੰਨਾਂ 'ਚੋਂ ਸੁਣਨ ਦੀ, ਜ਼ੁਬਾਨ ਤੋਂ ਬੋਲਣ ਦੀ, ਲੇਕਿਨ ਮੈਨੂੰ ਇਹ ਭੁੱਲਿਆ ਰਹਿੰਦਾ ਹੈ, ਜਿਹੜੀ ਅਣਹੋਂਦੀ ਚੀਜ਼ ਮਾਇਆ ਹੈ, ਉਹਨੂੰ ਯਾਦ ਰੱਖਦਾ ਹੈ, ਉਹਦੇ ਵਿਚ ਗਲਤਾਨ ਰਹਿੰਦਾ ਹੈ।

ਕਹਿੰਦੇ, ਭੁੱਲ ਜਾਂਦਾ ਹੈ ਆਦਮੀ। ਅਰਜਨ ਕਹਿਣ ਲੱਗਿਆ ਕਿ ਮਹਾਰਾਜ! ਇਹ ਮਾਇਆ, ਮਾਇਆ ਤਾਂ ਮੈਂ ਸੁਣਦਾ ਹਾਂ, ਕ੍ਰਿਪਾ ਕਰਕੇ ਮੈਨੂੰ ਕਦੇ ਦਰਸ਼ਨ ਤਾਂ ਕਰਾਓ ਕਿ ਇਹ ਹੈ ਕੀ ਚੀਜ਼?

ਕਹਿੰਦੇ, ਅਰਜਨ! ਇਹ ਤ੍ਰਿਗੁਣ ਮਾਇਆ ਜਿਹੜੀ ਹੈ ਇਹਦੇ 'ਚ ਸਾਰਾ ਸੰਸਾਰ ਭੁੱਲ ਜਾਂਦਾ ਹੈ।

ਬਾਰ-ਬਾਰ ਕਿਹਾ, ਦੂਜੇ ਦਿਨ ਵੀ ਇਸਨੇ ਬੇਨਤੀ ਕਰੀ ਕਿ ਮਹਾਰਾਜ! ਮੈਨੂੰ ਮਾਇਆ ਤਾਂ ਦਿਖਾਓ ਕਿ ਕੀ ਹੁੰਦੀ ਹੈ?

ਕਹਿੰਦੇ, ਅਰਜਨ! ਤੂੰ ਆਪਣੇ ਆਪ ਨੂੰ ਭੁੱਲ ਜਾਏਂਗਾ।

ਕਹਿੰਦਾ, ਆ ਵੀ ਗੱਲ ਕਦੇ ਹੋ ਸਕਦੀ ਹੈ ਕਿ ਮੈਂ ਆਪਣੇ ਆਪ ਨੂੰ ਭੁੱਲ ਜਾਵਾਂ?

ਕਹਿੰਦੇ, ਹਾਂ ਮੇਰੀ ਮਾਇਆ ਦਾ ਵਜੂਦ ਕੋਈ ਨਹੀਂ, ਲੇਕਿਨ ਸੱਚਮੁੱਚ ਲਗਦੀ ਹੈ। ਸੱਚੀ ਲਗਦੀ ਹੈ ਤੇ ਹੈ ਕੋਈ ਚੀਜ਼ ਨਹੀਂ ਇਹ।

ਹੈ ਤਾਂ ਸਾਧਸੰਗਤ ਜੀ! ਸਾਰੇ ਨਿਰੰਕਾਰ, ਵਾਹਿਗੁਰੂ ਤੋਂ ਬਗੈਰ ਨਾ ਤਾਂ ਸੰਸਾਰ 'ਚ ਕੋਈ ਹੋਇਆ ਹੈ, ਨਾ ਕੋਈ ਹੈ, ਨਾ ਕੋਈ ਹੋਏਗਾ। ਆਹ ਤਾਂ ਹੈਗੀ ਅਸਲੀ ਗੱਲ –

***ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ***
***ਹਰਿ ਰੂਪੁ ਨਦਰੀ ਆਇਆ ॥*** ***ਅੰਗ – 922***

ਲੇਕਿਨ ਨਾ ਸਾਨੂੰ ਇਹ ਗੁਰੂ ਦਾ ਸ਼ਬਦ ਨਜ਼ਰ ਆਉਂਦਾ ਹੈ, ਨਾ ਗੁਰੂ ਦਾ ਸ਼ਬਦ ਸਾਡੇ ਹਿਰਦੇ 'ਚ ਕਾਟ ਕਰਦਾ ਹੈ, ਕਿਉਂਕਿ ਸਾਨੂੰ ਮੂਰਛਤ ਕਰ ਦਿਤਾ ਮਾਇਆ ਨੇ, ਭੁਲਾ ਦਿਤਾ। ਐਨਾ ਭੁੱਲ ਗਏ ਅਸੀਂ ਆਪਣੇ ਆਪ ਨੂੰ।

ਕ੍ਰਿਸ਼ਨ ਮਹਾਰਾਜ ਕਹਿੰਦੇ, ਅਰਜਨ! ਤੂੰ ਤਾਂ ਤੂੰ, ਹੋਰ ਵੀ ਜਿਹੜੇ ਦੇਵੀ ਦੇਵਤੇ ਬ੍ਰਹਮਾ, ਵਿਸ਼ਨੂੰ, ਮਹੇਸ਼; ਇਹ ਸਭ ਭੁੱਲੇ ਹੋਏ ਨੇ, ਮਾਇਆ ਐਨੀ ਪ੍ਰਬਲ ਹੈ।

ਕਹਿੰਦਾ, ਮਹਾਰਾਜ! ਮੈਨੂੰ ਦਿਖਾ ਦਿਓ।

ਕਹਿੰਦੇ, ਕੀ ਕਰੇਂਗਾ? ਤੂੰ ਆਪਣੇ ਆਪ ਨੂੰ ਭੁੱਲ ਜਾਏਂਗਾ, ਮੈਨੂੰ ਵੀ ਭੁੱਲ ਜਾਏਂਗਾ।

ਕਹਿੰਦਾ, ਨਹੀਂ ਭੁੱਲਦਾ।

ਕਹਿੰਦੇ, ਚੰਗਾ, ਦਾਤਨ ਕਰਨੀ ਹੈ ਪਾਣੀ ਲਿਆ।

ਕੋਲ ਹੀ ਸਰੋਵਰ ਸੀ ਉਹਦੇ ਵਿਚ ਜਾ ਕੇ, ਇੱਕ ਪੈਰ ਉਹਨੇ ਹੇਠਲੀ ਪੌੜੀ 'ਤੇ ਰੱਖ ਲਿਆ ਤੇ ਗੜਵੀ ਲੈ ਕੇ ਜਦੋਂ ਪਾਣੀ ਵਿਚ ਗੜਵੀ ਡੁਬੋਣ ਲੱਗਿਆ, ਉਸ ਤੋਂ ਪਹਿਲਾਂ-ਪਹਿਲਾਂ ਇਸ 'ਤੇ ਮਾਇਆ ਪੈ ਗਈ। ਸਾਰਾ ਦ੍ਰਿਸ਼ ਬਦਲ ਗਿਆ, ਤਿੰਨ ਸੌ ਸਾਲ, ਸਮਾਂ ਅੱਗੇ ਕਰ ਦਿਤਾ। ਜੰਗਲ ਬਣ ਗਿਆ ਭਿਆਨਕ, ਸ਼ੇਰ ਫਿਰਦੇ ਨੇ, ਚੀਤੇ ਫਿਰਦੇ ਨੇ, ਵੱਡੇ-ਵੱਡੇ ਅਜਗਰ, ਸਰਾਲਾਂ ਫਿਰਦੀਆਂ ਨੇ, ਸੱਪ ਫਿਰਦੇ ਨੇ, ਹਾਥੀ ਫਿਰ ਰਹੇ ਨੇ, ਹੋਰ ਬੇਅੰਤ ਜੰਗਲੀ ਜਾਨਵਰ ਫਿਰ ਰਹੇ ਨੇ। ਦੇਖ ਕੇ ਡਰ ਗਿਆ, ਕਹਿਣ ਲੱਗਿਆ, ਮਹਾਰਾਜ! ਤੁਸੀਂ ਕਿੱਥੇ ਚਲੇ ਗਏ। ਸੁੱਝਦਾ ਹੀ ਨਹੀਂ ਕਿ ਮੈਂ ਕਿੱਥੇ ਆ ਗਿਆ, ਕੋਈ ਪਤਾ ਨਹੀਂ, ਭੁੱਲ ਗਿਆ ਸਭ ਕੁਛ। ਰਾਤ ਪੈ ਗਈ, ਦਰਖਤਾਂ 'ਤੇ ਚੜ੍ਹ ਕੇ ਰਾਤ ਕੱਟਦਾ ਹੈ। ਦੂਜਾ ਦਿਨ ਹੋ ਗਿਆ। ਟੋਲ੍ਹਦਾ ਫਿਰਦਾ ਹੈ, ਹਾਕਾਂ ਮਾਰਦਾ ਹੈ, ਰੋਈ ਜਾਂਦਾ ਹੈ ਉੱਚੀ-ਉੱਚੀ। ਫੇਰ ਨਹੀਂ ਦਰਖਤ 'ਤੇ ਰਾਤ ਕੱਟੀ, ਤੀਜਾ ਦਿਨ ਆ ਗਿਆ। ਨਾ ਕੁਛ ਖਾਣ ਨੂੰ ਨਾ ਪੀਣ ਨੂੰ। ਬੁਰਾ ਹਾਲ ਹੋ ਗਿਆ, ਚੌਥੇ

ਦਿਨ ਜੰਗਲ ਤੋਂ ਬਾਹਰ ਨਿਕਲਿਆ, ਉਥੇ ਕੀ ਦੇਖਦਾ ਹੈ, ਕੋਈ ਪ੍ਰੇਮੀ ਨੇ ਕੰਮ ਕਰ ਰਹੇ ਨੇ, ਉਥੇ ਜਾ ਕੇ ਪੁੱਛਣ ਲੱਗਿਆ ਕਿ ਕ੍ਰਿਸ਼ਨ ਮਹਾਰਾਜ ਨਹੀਂ ਦੇਖੇ। ਉਹ ਇਹਦੇ ਮੂੰਹ ਵਲ ਦੇਖਣ ਲੱਗ ਗਏ ਸਾਰੇ। ਕਹਿੰਦਾ, ਕੀ ਦੇਖਦੇ ਹੋਂ ਤੁਸੀਂ, ਮੈਨੂੰ ਦਸਦੇ ਕਿਉਂ ਨਹੀਂ ਤੇ ਮੈਂ ਅਰਜਨ ਹਾਂ ਅਰਜਨ। ਉਹ ਹੋਰ ਹਸਣ ਲੱਗ ਪਏ, ਤਾਲੀ ਮਾਰ ਕੇ ਹੱਸ ਪਏ। ਬਲ ਇਹਦਾ ਕੋਈ ਚੱਲੇ ਨਾ। ਉਹ ਕਹਿੰਦੇ, ਕਿਸੇ ਪਾਗਲਖਾਨੇ 'ਚੋਂ ਤਾਂ ਨੱਠ ਕੇ ਤੂੰ ਨਹੀਂ ਆਇਆ। ਕ੍ਰਿਸ਼ਨ ਨੂੰ ਹੋਏ ਨੂੰ ਤਾਂ ਤਿੰਨ ਸੌ ਸਾਲ ਹੋ ਗਏ। ਅਰਜਨ ਨੂੰ ਹੋਏ ਨੂੰ ਤਿੰਨ ਸੌ ਸਾਲ ਹੋ ਗਏ। ਉਹ ਰਾਜ ਆਪਣੇ ਪੋਤੇ ਪ੍ਰੀਸ਼ਤ ਨੂੰ ਦੇਣ ਤੋਂ ਬਾਅਦ, ਉਹ ਤਾਂ ਪਹਾੜਾਂ ਵਿਚ, ਬਰਫ 'ਚ ਜਾ ਕੇ ਗਲ ਗਏ। ਤੂੰ ਅਰਜਨ ਕਿਧਰੋਂ ਬਚ ਕੇ ਆ ਗਿਆ। ਬੜੀ ਜਿੱਦ ਕਰਦਾ ਹੈ ਕਿ ਮੈਂ ਅਰਜਨ ਹਾਂ, ਮੇਰੇ ਕੋਲ ਹੁਣੇ ਕ੍ਰਿਸ਼ਨ ਖੜ੍ਹੇ ਸੀ ਤੇ ਅੱਜ ਤਿੰਨ, ਚਾਰ ਦਿਨ ਹੋ ਗਏ ਮੈਨੂੰ ਵਿਛੜੇ ਨੂੰ ਤੇ ਤੁਸੀਂ ਤਿੰਨ ਸੌ ਸਾਲ ਕਹਿੰਦੇ ਓਂ। ਕਹਿੰਦੇ, ਜੇ ਸਾਡਾ ਯਕੀਨ ਨਹੀਂ ਆਉਂਦਾ ਭਾਈ, ਤਾਂ ਸ਼ਹਿਰ ਚੱਲ। ਇਹ ਰਾਜਾ ਕ੍ਰਿਸ਼ਨ ਭਗਤ ਹੈ ਤੇ ਮਹਾਂਭਾਰਤ ਦੀ ਇਹਨੇ ਕਥਾ ਕਰਾਈ ਹੋਈ ਹੈ, ਮੰਦਰ ਵਿਚ। ਉਥੇ ਚੱਲ। ਉਥੇ ਲਿਜਾ ਕੇ ਬਿਠਾ ਦਿਤਾ, ਉਥੇ ਗੱਲ ਚਲ ਰਹੀ ਹੈ ਕਿ ਉਹਨਾਂ ਨੇ ਮਹਾਂਭਾਰਤ ਦਾ ਯੁੱਧ ਇਸ ਤਰ੍ਹਾਂ ਜਿੱਤਿਆ, ਰਾਜਸੂ ਯੱਗ ਕਰਿਆ, ਉਸ ਤੋਂ ਬਾਅਦ ਰਾਜ ਆਪਣੇ ਪੋਤੇ ਨੂੰ ਦੇ ਕੇ, ਪ੍ਰੀਸ਼ਤ ਨੂੰ, ਉਹ ਪਹਾੜਾਂ ਵਿਚ ਚਲੇ ਗਏ ਗਲਣ ਵਾਸਤੇ। ਸਾਰੀ ਕਥਾ ਰੋਜ਼ ਹੀ ਸੁਣਿਆ ਕਰੇ। ਕਹਿੰਦਾ, ਹੈਂ ਕਥਾ ਮੇਰੀ ਹੈ, ਇਹ ਗੱਲ ਕੀ ਹੋ ਗਈ, ਮੈਂ ਸੁੱਤਾ ਹਾਂ ਕਿ ਜਾਗਦਾ ਹਾਂ। ਸੁਪਨਾ ਆ ਰਿਹਾ ਹੈ ਮੈਨੂੰ, ਪੁੱਛਿਆ ਕਹਿੰਦਾ ਮੈਂ ਜਾਗਦਾ ਹਾਂ? ਕਹਿੰਦੇ, ਤੇਰਾ ਤਾਂ ਦਿਮਾਗ ਹਿੱਲਿਆ ਹੋਇਆ ਹੈ। ਪਾਗਲਖਾਨੇ 'ਚੋਂ ਆਇਆ ਹੈਂ ਨੱਠ ਕੇ।

ਇੱਕ ਤਾਂ ਤੂੰ ਕ੍ਰਿਸ਼ਨ-ਕ੍ਰਿਸ਼ਨ ਕਰੀ ਜਾਂਦਾ ਹੈਂ, ਇੱਕ ਆਪਣੇ ਆਪ ਨੂੰ ਅਰਜਨ ਕਹਿੰਦਾ ਹੈ, ਦੇਖ ਹੁਣ ਤਾਂ ਕਹਿ ਦਿਤਾ, ਇੱਥੇ ਦਾ ਰਾਜਾ ਜਿਹੜਾ ਹੈ ਉਹ ਕ੍ਰਿਸ਼ਨ ਭਗਤ ਹੈ, ਤੈਨੂੰ ਸਜ਼ਾ ਦੇ ਦਏਗਾ, ਤੈਨੂੰ ਕਾਲ ਕੋਠੜੀ 'ਚ ਬੰਦ ਕਰ ਦਏਗਾ, ਅੱਜ ਤੋਂ ਬਾਅਦ ਨਾ ਇਹ ਗੱਲਾਂ ਕਰੀਂ, ਤੂੰ ਆਪਣਾ ਨਾਉਂ ਪਰਦੇਸੀ ਰੱਖ ਲੈ ਜੇ ਹੋਰ ਨਹੀਂ ਕੋਈ ਆਉਂਦਾ।

ਕਹਿੰਦਾ, ਚੰਗਾ ਮੈਨੂੰ ਪਰਦੇਸੀ ਕਹਿ ਦਿਆ ਕਰੋ। ਸੋ ਆਪਣਾ ਨਾਂ ਵੀ ਭੁੱਲ ਗਿਆ।

ਉਸ ਤੋਂ ਬਾਅਦ ਕਥਾ ਸੁਣਦਾ ਰਿਹਾ, ਉਥੇ ਪਰਦੇਸੀ ਬਣ ਕੇ ਰਹਿੰਦਾ ਹੈ। ਰਾਜੇ ਨੇ ਦੇਖਿਆ ਕਿ ਤੀਰ ਅੰਦਾਜ਼ੀ ਦਾ ਬੜਾ ਮਾਹਰ ਹੈ। ਉਹਨੂੰ ਤੀਰ ਅੰਦਾਜ਼ੀ ਵਾਲੀਆਂ ਫੌਜਾਂ ਦਾ ਕਮਾਂਡਰ ਬਣਾ ਦਿਤਾ। ਆਪਣੀ ਲੜਕੀ ਦੀ ਸ਼ਾਦੀ ਕਰ ਦਿਤੀ ਤੇ ਉਸ ਵੇਲੇ ਸਾਰੇ ਕਰਮ ਧਰਮ ਭੁੱਲ ਗਿਆ। ਸਾਰਾ ਦਿਨ ਭੋਗਾਂ ਦੇ ਵਿਚ ਮਸਤ ਰਹਿੰਦਾ ਹੈ। ਜਿਹੜੀਆਂ ਚੀਜ਼ਾਂ ਨਹੀਂ ਖਾਣੀਆਂ ਸੀ ਉਹ ਖਾਣੀਆਂ ਸ਼ੁਰੂ ਕਰ ਦਿਤੀਆਂ। ਜਿਹੜੇ

ਕੰਮ ਨਹੀਂ ਕਰਨੇ ਸੀ ਉਹ ਸਾਰੇ ਕਰਨ ਲੱਗ ਗਿਆ। ਜਿਹੜੇ ਕੰਮ ਕਰਨ ਵਾਲੇ ਸੀ ਭਜਨ ਬੰਦਗੀ, ਉਹ ਸਭ ਕੁਛ ਛੱਡ ਦਿਤਾ। ਪੱਕਾ ਨਾਸਤਕ ਹੋ ਗਿਆ। ਜੇ ਕੋਈ ਕ੍ਰਿਸ਼ਨ ਦਾ ਨਾਉਂ ਲੈ ਦੇਵੇ, ਉਹਨੇ ਤਿਊੜੀ ਵੱਟ ਲੈਣੀ। ਕਹਿੰਦਾ, ਮੇਰੇ ਕੋਲ ਕ੍ਰਿਸ਼ਨ ਦਾ ਨਾਉਂ ਨਾ ਲਿਓ। ਕੀ ਸੀ ਕ੍ਰਿਸ਼ਨ? 16,108, ਰਾਣੀਆਂ ਸੀ ਉਹਦੇ। ਉਹਦਾ ਨਾਉਂ ਲੈਂਦਾ ਹੈਂ ਤੂੰ ਮੇਰੇ ਕੋਲ, ਨਿੰਦਿਆ ਕਰਨੀ ਸ਼ੁਰੂ ਕਰ ਦਿਤੀ ਇਸਨੇ। ਬਿਲਕੁਲ ਬੇਮੁਖ ਹੋ ਗਿਆ। ਬੜਾ ਸਮਾਂ ਲੰਘ ਗਿਆ। ਹਰ ਵਕਤ ਆਪਣੀ ਘਰਵਾਲੀ ਨਾਲ ਪਿਆਰ ਕਰੀ ਜਾਂਦਾ ਹੈ। ਡਿਊਟੀਆਂ ਵੀ ਘੱਟ ਦਿੰਦਾ ਹੈ, ਨਸ਼ਿਆਂ ਦੇ ਵਿਚ ਪ੍ਰਵਿਰਤ ਹੋ ਗਿਆ, ਰਾਜੇ ਨੇ ਬੜੀ ਤਾੜਨਾ ਕਈ ਵਾਰੀ ਕਰੀ ਕਿ ਤੂੰ ਇਹ ਮਾੜੇ ਕੰਮ ਕਰਦਾ ਹੈ, ਠੀਕ ਨਹੀਂ ਹੈਗੇ। ਤੂੰ ਭਗਤੀ ਨਹੀਂ ਕਰਦਾ, ਤੂੰ ਨਾਸਤਕ ਪੁਰਸ਼ ਹੈਂ। ਲੇਕਿਨ ਉਹਦੀ ਕਲਾ ਦੇਖ ਕੇ ਉਸ ਨੂੰ ਹਟਾਇਆ ਨਾ।

ਇੱਕ ਉਹਦੀ ਘਰਵਾਲੀ ਚੜ੍ਹਾਈ ਕਰ ਗਈ। ਹੁਣ ਇਹ ਕਹਿੰਦਾ ਕਿ ਮੈਂ ਇਹਦਾ ਸਸਕਾਰ ਨਹੀਂ ਹੋਣ ਦੇਣਾ। ਮੈਂ ਨਾਲ ਜਲਾਂਗਾ ਇਹਦੇ। ਬਥੇਰਾ ਸਮਝਾਉਂਦੇ ਨੇ, ਕਹਿੰਦਾ ਮੈਂ ਫੈਸਲਾ ਕਰ ਲਿਆ। ਪ੍ਰਤੱਗਿਆ ਕਰ ਲਈ, ਹੁਣ ਤਾਂ ਮੈਂ ਇਹਦੇ ਨਾਲ ਜਲਣਾ ਹੈ ਤੇ ਉਸ ਤੋਂ ਬਾਅਦ ਚਿਖਾ ਦੇ ਉਤੇ ਲੈ ਗਏ ਉਹਦੀ ਘਰਵਾਲੀ ਨੂੰ ਤੇ ਉਤੇ ਬੈਠਣ ਦੀ ਕੋਸ਼ਿਸ਼ ਕਰਦਾ ਹੈ। ਸਾਰੇ ਸਮਝਾਉਂਦੇ ਨੇ ਉਹਨੂੰ ਕਿ ਇਹ ਗੱਲ ਤਾਂ ਹੋਈ ਨਹੀਂ ਕਦੇ। ਇਸਤ੍ਰੀ ਦੇ ਨਾਲ ਕਦੇ ਉਹਦਾ ਪਤੀ ਤਾਂ ਜਲਿਆ ਹੀ ਨਹੀਂ ਹੈ। ਲੇਕਿਨ ਸਮਝਦਾ ਨਹੀਂ ਹੈ, ਏਧਰੋਂ ਕ੍ਰਿਸ਼ਨ ਮਹਾਰਾਜ ਨੇ ਊਧੋ ਨੂੰ ਭੇਜਿਆ ਕਿ ਜਾਹ, ਤੂੰ ਦੱਸ ਇਹਨੂੰ ਯਾਦ ਕਰਾ ਕਿ ਤੂੰ ਅਰਜਨ ਹੈਂ?

ਉਹ ਆ ਗਿਆ ਇਸ ਕੋਲ, ਕਹਿਣ ਲੱਗਿਆ ਕਿ ਤੂੰ ਮੈਨੂੰ ਪਛਾਣਦਾ ਹੈਂ?

ਕਹਿੰਦਾ, ਨਾ ਮੈਂ ਨਹੀਂ ਤੈਨੂੰ ਪਛਾਣਦਾ।

ਕਹਿੰਦਾ, ਮੈਂ ਊਧੋ ਹਾਂ।

ਕਹਿੰਦਾ, ਅੱਛਾ ਜਿਹੜਾ ਕ੍ਰਿਸ਼ਨ ਵੇਲੇ ਹੋਇਆ ਸੀ, ਤੂੰ ਪਾਗਲਖਾਨੇ 'ਚੋਂ ਆਇਆ ਹੈਂ, ਤਿੰਨ ਸੌ ਸਾਲ ਹੋ ਗਏ, ਊਧੋ ਨੂੰ ਤਾਂ ਮਰੇ ਨੂੰ। ਤੂੰ ਕਿੱਥੋਂ ਆ ਗਿਆ।

ਬਥੇਰਾ ਸਮਝਾਉਂਦਾ ਹੈ ਪਰ ਸਮਝਦਾ ਨਹੀਂ, ਕਹਿੰਦਾ ਮੇਰੇ ਕੋਲ ਨਾਉਂ ਨਾ ਲਈਂ ਕ੍ਰਿਸ਼ਨ ਦਾ। ਬਿਲਕੁਲ ਨਾਉਂ ਨਾ ਲਈਂ ਨਾ ਅਰਜਨ ਦਾ, ਨਾ ਕ੍ਰਿਸ਼ਨ ਦਾ। ਮੈਂ ਅਰਜਨ ਹੈ ਹੀ ਨਹੀਂ।

ਉਸ ਤੋਂ ਬਾਅਦ ਊਧੋ ਨੇ ਕ੍ਰਿਸ਼ਨ ਮਹਾਰਾਜ ਨੂੰ ਦੱਸਿਆ ਜਾ ਕੇ ਕਿ ਮਹਾਰਾਜ! ਉਹ ਤਾਂ ਐਨਾ ਭੁੱਲ ਗਿਆ, ਮੰਨਦਾ ਹੀ ਨਹੀਂ, ਮੈਂ ਬਥੇਰਾ ਕਿਹਾ ਕਿ ਤੂੰ ਅਰਜਨ ਹੈਂ। ਧਨੁਸ਼ਧਾਰੀ ਅਰਜਨ ਹੈਂ, ਤੂੰ ਕ੍ਰਿਸ਼ਨ ਮਹਾਰਾਜ ਨਾਲ ਜੰਗਲ 'ਚ ਆਇਆ ਸੀ, ਤੂੰ ਕਿਹਾ ਸੀ ਕਿ ਮੇਰੇ ਉਤੇ ਮਾਇਆ

ਪਾ ਦਿਓ। ਪਰ ਉਹ ਤਾਂ ਕੋਈ ਗੱਲ ਮੰਨਦਾ ਹੀ ਨਹੀਂ।

ਐਨੇ ਨੂੰ ਕ੍ਰਿਸ਼ਨ ਮਹਾਰਾਜ, ਆਪ ਚਲੇ ਗਏ। ਸਮਝਾਉਂਦੇ ਨੇ ਉਹਨੂੰ। ਲੇਕਿਨ ਸਮਝਦਾ ਨਹੀਂ। ਕਹਿੰਦਾ, ਕ੍ਰਿਸ਼ਨ ਤਾਂ ਤੂੰ ਨਕਲੀ ਆ ਗਿਆ ਕਿਤੋਂ, ਪਾਗਲਖਾਨੇ 'ਚੋਂ ਨੱਠ ਕੇ। ਕ੍ਰਿਸ਼ਨ ਨੂੰ ਤਾਂ ਤਿੰਨ ਸੌ ਸਾਲ ਹੋ ਗਏ। ਉਹ ਤਾਂ ਇਸ ਤਰ੍ਹਾਂ ਦੇ ਨਾਲ ਪ੍ਰਭਾਤ ਕਸ਼ੇਤਰ 'ਚ ਜਾ ਕੇ ਬਹਿ ਗਿਆ ਸੀ, ਤੇ ਬੱਧਕ ਨੇ ਬਾਣ ਮਾਰਿਆ ਸੀ, ਉਹ ਤਾਂ ਕਦੋਂ ਦਾ ਚੜ੍ਹਾਈ ਕਰ ਗਿਆ। ਤੂੰ ਕਿੱਧਰੋਂ ਆ ਗਿਆ ਉਹਦਾ ਰੂਪ ਬਣਾ ਕੇ। ਮੈਂ ਤੈਨੂੰ ਕੈਦ ਕਰਵਾ ਦੇਵਾਂਗਾ।

ਬੜਾ ਵਿਵਾਦ ਕਰਿਆ ਉਸਨੇ, ਮੰਨਿਆ ਨਾ। ਅਖੀਰ ਪੰਡਤ ਕਹਿਣ ਲੱਗਿਆ ਕਿ ਜੇ ਤੂੰ ਨਹੀਂ ਹਟਦਾ ਤਾਂ, ਤੂੰ ਪਹਿਲਾਂ ਇਸ਼ਨਾਨ ਤਾਂ ਕਰ ਆ। ਤੂੰ ਅੱਗ 'ਚ ਜਲਣਾ ਹੈ, ਇਸ਼ਨਾਨ ਕਰਕੇ, ਸ਼ੁੱਧ ਹੋ ਕੇ ਆ।

ਤੇ ਜਦੋਂ ਇਸ਼ਨਾਨ ਕਰਨ ਜਾਂਦਾ ਹੈ, ਕ੍ਰਿਸ਼ਨ ਮਹਾਰਾਜ ਉਥੇ ਨਾਲ ਹੀ ਜਾਂਦੇ ਨੇ ਕਹਿਣ ਲੱਗੇ, ਅਰਜਨ! ਤੂੰ ਅਜੇ ਵੀ ਸਮਝ ਜਾਹ, ਮੈਂ ਹੀ ਤੇਰੀ ਉਤੇ ਮਾਇਆ ਪਾਈ ਹੋਈ ਹੈ, ਤੂੰ ਮੈਨੂੰ ਕਿਹਾ ਸੀ ਕਿ ਮਾਇਆ ਪਾ ਦਿਓ। ਤੇ ਮੈਂ ਤੈਨੂੰ ਕਿਹਾ ਸੀ ਮੇਰੀ ਮਾਇਆ ਐਨੀ ਪ੍ਰਬਲ ਹੈ, ਤਰੀ ਨਹੀਂ ਜਾਂਦੀ – ਤ੍ਰਿਗੁਣ ਮਾਇਆ। ਇਹਦੇ 'ਚ ਤੂੰ ਤਾਂ ਤੂੰ, ਸਾਰੇ ਦੇਵੀ ਦੇਵਤੇ ਭੁੱਲੀਂ ਬੈਠੇ ਨੇ। ਸਾਰਾ ਸੰਸਾਰ ਭੁੱਲਿਆ ਬੈਠਾ ਹੈ। ਅਣਹੋਂਦੀ ਚੀਜ਼ ਜਿਹੜੀ ਹੈ ਉਹਨੂੰ ਹੋਈ, ਹੋਈ ਸਮਝਦਾ ਹੈ। ਮੈਂ ਤੇਰੇ 'ਤੇ ਮਾਇਆ ਪਾਈ ਹੈ ਤੂੰ ਹੋਸ਼ 'ਚ ਆ।

ਮੰਨਦਾ ਹੀ ਨਹੀਂ ਗੱਲ। ਅਖੀਰ ਕ੍ਰਿਸ਼ਨ ਮਹਾਰਾਜ ਨੇ ਹਲਕਾ ਜਿਹਾ ਥੱਪੜ ਮਾਰਿਆ ਮੂੰਹ 'ਤੇ ਮਾਇਆ ਲਾਹ ਲਈ। ਮਾਇਆ ਲਾਹੀ ਤਾਂ ਕੀ ਦੇਖਦਾ ਹੈ ਕਿ ਨਾ ਉਥੇ ਕੋਈ ਰਾਜਾ, ਨਾ ਕੋਈ ਚਿਖਾ, ਨਾ ਕੋਈ ਲੋਕ, ਰਥ ਖੜ੍ਹਾ ਹੈ ਕ੍ਰਿਸ਼ਨ ਮਹਾਰਾਜ ਦਾ ਤੇ ਇਹਨੇ ਇੱਕ ਪੈਰ ਤਲਾਬ 'ਚ ਰੱਖਿਆ ਹੋਇਆ ਹੈ, ਗੜਵੀ ਹੱਥ ਵਿਚ ਹੈ, ਕ੍ਰਿਸ਼ਨ ਕਹਿਣ ਲੱਗੇ, ਅਰਜਨ! ਮੈਂ ਦਾਤਨ ਕਰਨੀ ਹੈ ਭਾਈ, ਤੂੰ ਪਾਣੀ ਨੂੰ ਕਿਉਂ ਦੇਰ ਕਰ ਦਿਤੀ, ਕੀ ਸੋਚੀਂ ਜਾਂਦਾ ਹੈਂ ਖੜ੍ਹਾ?

ਪਾਣੀ ਲੈ ਆਇਆ, ਲੇਕਿਨ ਰੋ ਰਿਹਾ ਹੈ।

ਕਹਿੰਦੇ, ਰੋਂਦਾ ਕਿਉਂ ਹੈ?

ਕਹਿੰਦਾ, ਮੇਰੀ ਇਸਤ੍ਰੀ ਕਿੱਥੇ ਗਈ, ਮੇਰੇ ਬੱਚੇ ਕਿੱਥੇ ਗਏ?

ਉਹ ਕਹਿੰਦੇ, ਅਰਜਨ ਤੂੰ ਹੋਸ਼ 'ਚ ਆ, ਜਾਗ।

ਇਹ ਜਾਗ ਨਹੀਂ ਆਇਆ ਕਰਦੀ ਸਾਧਸੰਗਤ ਜੀ। ਸਾਨੂੰ ਵੀ ਨਹੀਂ ਆਉਂਦੀ। ਸਿਰਫ ਇਹ ਜਾਗ ਜਦ ਆਉਂਦੀ ਹੈ –

***ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥***
***ਮਿਟਿਓ ਅੰਧੇਰੁ ਮਿਲਤ ਹਰਿ***

***ਨਾਨਕ ਜਨਮ ਜਨਮ ਕੀ ਸੋਈ ਜਾਗੀ॥***

***ਅੰਗ - 204***

ਅਸੀਂ ਵੀ ਸੁੱਤੇ ਪਏ ਹਾਂ, ਸਾਰਾ ਸੰਸਾਰ ਸੁੱਤਾ ਪਿਆ ਹੈ। ਐਸਾ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਸਾਰਾ ਸੰਸਾਰ, ਵੱਡੇ-ਵੱਡੇ ਵਿਦਵਾਨ, ਵੱਡੇ-ਵੱਡੇ ਰਾਜੇ, ਕਥਾਕਾਰ, ਕੀਰਤਨ ਕਰਨ ਵਾਲੇ, ਸੁਣਨ ਵਾਲੇ ਸਭ ਸੁੱਤੇ ਪਏ ਨੇ, ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਸੌਂ ਗਿਆ ਸੰਸਾਰ ਜੀ,***
***ਮਾਇਆ ਦੀ ਨੀਂਦ ਗਾੜ੍ਹੀ।***

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥***

***ਅੰਗ - 920***

ਕਹਿੰਦੇ ਇੱਕ ਦੋ ਚਾਰ ਨਹੀਂ ਸੁੱਤੇ, ਸਾਰਾ ਸੰਸਾਰ ਸੌਂ ਗਿਆ। ਸੁੱਤਾ ਹੋਇਆ ਕਿੰਨਾ ਭੁੱਲ ਗਿਆ, ਵਾਹਿਗੁਰੂ ਹਰ ਵਕਤ ਇਹਦੇ ਨਾਲ ਰਹਿੰਦਾ ਹੈ -

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ 1 ॥***
***ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥***
***ਬਿਨਸਿ ਜਾਇ ਜੋ ਨਿਮਖ ਮਹਿ***
***ਸੋ ਅਲਪ ਸੁਖੁ ਭਨੀਐ ॥ ਰਹਾਉ ॥***
***ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥***
***ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥ ਅੰਗ - 677***

ਕਿਸੇ ਦੇ ਯਾਦ ਰਹਿੰਦਾ ਹੈ ਭਾਈ? ਕੋਈ ਬੰਦਾ ਹੈ ਜਿਹੜਾ ਇਹ ਕਹੇ ਕਿ ਹਾਂ, ਮੇਰੇ ਹਰ ਵਕਤ ਵਾਹਿਗੁਰੂ ਯਾਦ ਰਹਿੰਦਾ ਹੈ ਤੇ ਮੈਨੂੰ ਇਸ ਤਰ੍ਹਾਂ ਲਗਦਾ ਹੈ ਕਿ ਮੇਰੇ ਨਾਲ ਹੀ ਤੁਰਦਾ ਫਿਰਦਾ ਹੈ, ਮੇਰੇ ਨਾਲ ਹੀ ਪ੍ਰਸ਼ਾਦੇ ਛਕਦਾ ਹੈ, ਮੇਰੇ ਨਾਲ ਹੀ ਪੈਂਦਾ ਹੈ, ਮੇਰੇ ਨਾਲ ਹੀ ਜਾਗਦਾ ਹੈ ਤੇ ਮੇਰੇ ਨਾਲ ਹੀ ਹੈ ਹਰ ਵਕਤ। ਭੂਤ ਨੂੰ ਤਾਂ ਅਸੀਂ ਮੰਨ ਲਵਾਂਗੇ ਕਿ ਉਹਦਾ ਸਾਇਆ ਮੇਰੇ 'ਤੇ ਰਹਿੰਦਾ ਹੈ, ਵਾਹਿਗੁਰੂ ਨੂੰ ਨਹੀਂ ਮੰਨਦੇ। ਭੂਤ ਵਾਲਾ ਹੋਵੇ, ਦੁਹਾਈ ਮਚਾਈ ਜਾਂਦਾ ਹੈ ਕਿ ਜੀ ਮੇਰਾ ਸਿਰ ਭਾਰਾ ਹੈ ਜੀ ਮੇਰਾ ਆਹ ਹੋ ਗਿਆ, ਔਹ ਹੋ ਗਿਆ। ਆਹ ਸਰੀਰ ਕੰਮ ਕਿਉਂ ਕਰਦਾ ਹੈ, ਕਿਉਂਕਿ ਵਾਹਿਗੁਰੂ ਇਹਦੇ ਵਿਚ ਨਿਵਾਸ ਰੱਖਦਾ ਹੈ ਤਾਂ ਸਰੀਰ ਕੰਮ ਕਰਦਾ ਹੈ। ਉਹਨੂੰ ਭੁੱਲ ਕੇ ਕਹਿੰਦੇ ਹਾਂ ਕਿ ਮੈਂ ਕਰਾਉਂਦਾ ਹਾਂ ਸਰੀਰ ਤੋਂ ਕੰਮ। ਐਨੀ ਨੀਂਦ ਪੈ ਗਈ ਸਾਡੇ 'ਤੇ।

ਕ੍ਰਿਸ਼ਨ ਮਹਾਰਾਜ ਕਹਿੰਦੇ ਅਰਜਨ ਮੈਂ ਤੇਰੇ 'ਤੇ ਮਾਇਆ ਪਾਈ ਹੈ, ਹੋਸ਼ ਵਿਚ ਆ। ਬੜੀ ਮੁਸ਼ਕਲ ਦੇ ਨਾਲ ਹੋਸ਼ 'ਚ ਲਿਆਂਦਾ। ਪਾਣੀ ਲੈ ਆਇਆ, ਆ ਕੇ ਚਰਨਾਂ 'ਤੇ ਨਮਸ਼ਕਾਰ ਕਰੀ ਕਹਿੰਦਾ, ਹੇ ਪ੍ਰਭੂ! ਐਡੀ ਮਾਇਆ ਤੇਰੀ? ਮੈਂ ਤਾਂ ਬਿਲਕੁਲ ਹੀ ਭੁੱਲ ਗਿਆ ਸੀ 100%, ਕਹਿੰਦੇ, ਤੂੰ ਹੀ ਨਹੀਂ ਭੁੱਲਿਆ।

ਸਾਰਾ ਸੰਸਾਰ ਹੀ ਭੁੱਲਿਆ ਬੈਠਾ ਹੈ। ਜਿੰਨਾ ਵੀ ਸੰਸਾਰ ਹੈ, ਦੇਖ ਲਓ ਕਿੰਨੀ ਦੁਨੀਆਂ ਹੈ। ਹੈਗਾ ਇਹ ਜੀਵ ਆਤਮਾ, ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦਾ ਸਰੀਰ ਮੰਨੀ ਜਾਂਦਾ ਹੈ। ਸਰੀਰ ਦੀ ਮੈਂ ਨੂੰ ਮੈਂ ਕਹੀ ਜਾਂਦਾ ਹੈ। ਜਦ ਮੈਂ ਕਹਿੰਦਾ ਹੈ ਸਰੀਰ ਨੂੰ ਕਹਿੰਦਾ ਹੈ। ਮਹਾਰਾਜ ਕਹਿੰਦੇ, ਪ੍ਰੇਮੀਆਂ! ਭਾਈ ਮਾਲੋ, ਭਾਈ ਮਾਂਗੋ, ਆਹ ਜਿਹੜੀ ਮੈਂ ਹੈ ਇਹ ਮਰਨਾ ਕਬੂਲ ਕਰਨਾ ਪੈਣਾ ਹੈ ਕਿਉਂਕਿ ਜਿੰਨਾਂ ਚਿਰ ਮੈਂ ਤੁਹਾਡੀ ਹੈਗੀ, ਤੁਸੀਂ ਇੱਕ ਗਲਤ ਜਾਗ ਦੇ ਵਿਚ ਆਏ ਹੋਏ ਓਂ। ਗਲਤ ਹੋਂਦ ਵਿਚ ਓਂ। ਸੋ ਇਸ ਤਰ੍ਹਾਂ ਦੇ ਨਾਲ ਇਹ ਜਿੰਨਾਂ ਚਿਰ ਤੱਕ ਤੁਸੀਂ ਕਬੂਲਦੇ ਨਹੀਂ ਹੋਂ, ਓਨਾਂ ਚਿਰ ਅਗਾਂਹਾਂ ਨਹੀਂ ਚਲਣਾ।

ਜਿੰਨਾਂ ਚਿਰ ਮਰਦੇ ਨਹੀਂ ਹੋਂ, ਓਨੀਂ ਦੇਰ ਤੱਕ ਤਰਿਆ ਨਹੀਂ ਜਾਂਦਾ। ਮਰਿਆ ਹੋਇਆ ਤਰਦਾ ਹੈ, ਜੀਉਂਦਾ ਤਰ ਨਹੀਂ ਸਕਦਾ। ਇਹ ਹਉਮੈ ਜਿਹੜੀ ਹੈ ਤੁਹਾਨੂੰ ਜੰਮਣ ਮਰਨ ਦੇ ਚੱਕਰ 'ਚ ਪਾ ਕੇ ਰੱਖਦੀ ਹੈ –

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥ ਅੰਗ – 466***

ਸੋ ਕਹਿਣ ਲੱਗੇ, ਜਿਸ ਦਰ ਦੀ ਤੁਸੀਂ ਗੱਲ ਕਰੀ ਹੈ–

***ਜਿਸੁ ਦਰ ਕਾਰਣਿ ਫਿਰਾ ਉਦਾਸੀ ਸੋ ਦਰੁ ਕੋਈ ਆਇ ਕਹੈ ॥***
***ਅੰਗ – 877***

ਧਿਆਨ ਨਾਲ ਸੁਣੋ ਤੁਹਾਨੂੰ ਦਰਵਾਜ਼ਾ ਦਸਦੇ ਹਾਂ, ਜਿੱਥੇ ਵਾਹਿਗੁਰੂ ਰਹਿੰਦਾ ਹੈ, ਉਹਦਾ ਰਸਤਾ ਦਸਦੇ ਹਾਂ। ਕਹਿੰਦੇ, ਦਰਵਾਜ਼ਾ ਹੈ ਜਿਹੜਾ, ਵੱਡਾ ਡਾਟ ਹੈ, ਕਹਿੰਦੇ ਉਹ ਦੁੱਖਾਂ ਦਾ ਹੈ। ਨਾਉਂ ਹੀ ਦਰਵਾਜ਼ੇ ਦਾ ਦੁੱਖ ਦਰਵਾਜ਼ਾ ਹੈ, ਜਿਵੇਂ ਫਲਾਣਾ ਗੇਟ, ਫਲਾਣਾ ਗੇਟ, ਸਾਰੇ ਸ਼ਹਿਰਾਂ 'ਚ ਹੁੰਦੇ ਨੇ। ਆਹ ਪਟਿਆਲੇ ਵਾਲਾ ਗੇਟ ਹੈ ਜੀ, ਆਹ ਨਾਭੇ ਵਾਲਾ ਗੇਟ ਹੈ ਜੀ। ਚੰਡੀਗੜ੍ਹ 'ਚ ਨਹੀਂ ਹੈ, ਹੋਰ ਸਭ ਥਾਂ ਦਿੱਲੀ ਵਗੈਰਾ ਗੇਟ ਬਣੇ ਹੋਏ ਨੇ। ਕਹਿੰਦੇ ਇਹ ਜਿਹੜਾ ਵਾਹਿਗੁਰੂ ਦਾ ਦਰਵਾਜ਼ਾ ਹੈ, ਇਹਨੂੰ ਦੁੱਖ ਦਰਵਾਜ਼ਾ ਕਹਿੰਦੇ ਨੇ। ਇਹਦੇ ਪਹਿਰੇ ਦੇ ਉਤੇ ਬੈਠਾ ਹੈ, 'ਰੋਹੁ' ਕ੍ਰੋਧ ਬੈਠਾ ਹੈ, ਇਹਦੇ ਜਿਹੜੇ ਦਰਵਾਜ਼ੇ ਦੇ ਪਟ ਨੇ ਉਹ ਕਹਿੰਦੇ, ਆਸਾ ਤੇ ਅੰਦੇਸਾ ਦੇ ਨੇ –

***ਦੂਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ ॥***
***ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ***
***ਸਤ ਕੈ ਆਸਣਿ ਪੁਰਖੁ ਰਹੈ ॥ ਅੰਗ – 877***

ਉਸ ਤੋਂ ਅੱਗੇ ਐਨੀ ਡੂੰਘੀ, ਜਲ ਹਾਂਡੇ ਖਾਈ ਹੈ, ਵਿਸ਼ਿਆਂ–ਵਿਕਾਰਾਂ, ਭੋਗਾਂ ਦੀ ਭਰੀ ਹੋਈ –

ਵਿਸ਼ੇ ਵਿਕਾਰਾਂ ਦੇ ਪਾਣੀ ਰੂਪ, ਤ੍ਰਿਸ਼ਨਾ ਵਗੈਰਾ ਦੇ ਵਿਚ ਘਰ ਬੰਨ੍ਹਿਆ ਹੋਇਆ ਹੈ, ਇਨ੍ਹਾਂ ਤੋਂ ਨਿਰਲੇਪ ਅੰਦਰਲੇ ਪਾਸੇ ਵਾਹਿਗੁਰੂ ਰਹਿੰਦਾ ਹੈ। ਇਹਦੇ ਤੱਕ ਪਹੁੰਚੋ, ਕਹਿੰਦੇ ਜਿੰਨਾਂ ਚਿਰ ਤੁਸੀਂ ਦੁੱਖ ਨੂੰ ਸੁੱਖ ਕਰਕੇ

ਨਹੀਂ ਮੰਨਦੇ। ਓਨੀਂ ਤੱਕ ਦੁੱਖ ਨੂੰ ਦੁੱਖ ਕਹਿੰਦੇ ਓਂ, ਦੁੱਖ ਨਾਲ ਤੁਹਾਡਾ ਸਮਝੌਤਾ ਨਹੀਂ ਹੋ ਸਕਦਾ। ਜਦੋਂ -

***ਸਗਲੇ ਦੂਖ ਪਾਣੀ ਕਰਿ ਪੀਵਾ.........॥ ਅੰਗ - 147***

ਬਿਰਤੀ ਐਸੀ ਹੋ ਜਾਏਗੀ -

***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥***
***ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥***
***ਅੰਗ - 757***

ਜਦੋਂ ਤੱਕ ਤੁਸੀਂ ਇਸ ਗੱਲ ਨੂੰ ਮੰਨਦੇ ਨਹੀਂ ਹੋ -

***ਕੇਤਿਆ ਦੂਖ ਭੂਖ ਸਦ ਮਾਰ ॥***
***ਏਹਿ ਭਿ ਦਾਤਿ ਤੇਰੀ ਦਾਤਾਰ ॥ ਅੰਗ - 5***

ਦੁੱਖ ਵੀ ਦਾਤਾਰ ਦੀ ਦਾਤ ਹੁੰਦੀ ਹੈ ਤੇ ਪ੍ਰਮੇਸ਼ਰ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦਾ ਹੈ -

***ਧਾਰਨਾ - ਤੇਰੇ ਦੁੱਖਾਂ ਦੀ ਬਣੇਗੀ ਦਾਰੂ,***
***ਸੁੱਖ ਤੇਰੇ ਰੋਗ ਹੋਣਗੇ।***
***ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥***
***ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥***
***ਅੰਗ - 469***

ਦੁਨੀਆਂ ਦੇ ਅੰਦਰ, ਸਾਰੇ ਲੋਕ ਜੋ ਵੀ ਹਨ, ਚਾਹੇ ਜੀਵ ਹੈ, ਚਾਹੇ ਜੰਤੂ ਹੈ, ਚਾਹੇ ਮਨੁੱਖ ਹੈ, ਚਾਹੇ ਪਸ਼ੂ ਹੈ, ਚਾਹੇ ਪੰਛੀ ਹੈ, ਸਾਰੇ ਸੁੱਖ ਚਾਹੁੰਦੇ ਨੇ ਦੁੱਖ ਕੋਈ ਨਹੀਂ ਮੰਗਦਾ। ਲੇਕਿਨ ਫੇਰ ਦੁੱਖ ਆ ਜਾਂਦਾ ਹੈ, ਬਿਨਾਂ ਮੰਗੇ ਤੋਂ ਇਹ ਚੀਜ਼ ਆ ਜਾਂਦੀ ਹੈ।

ਇੱਕ ਵਾਰੀ ਦੁੱਖ ਨੂੰ ਕਿਸੇ ਨੇ ਸਵਾਲ ਕੀਤਾ, ਕਹਿੰਦੇ ਤੂੰ ਬਗੈਰ ਬੁਲਾਏ ਦਾ ਮਹਿਮਾਨ ਹੈਂ, ਤੈਨੂੰ ਕੋਈ ਨਹੀਂ ਦੁਨੀਆਂ 'ਚ ਚਾਹੁੰਦਾ, ਫੇਰ ਤੂੰ ਆ ਜਾਂਦਾ ਹੈਂ। ਬੜਾ ਢੀਠ ਹੈਂ। ਤੇਰਾ ਫਾਇਦਾ ਕੀ ਹੈ ਸੰਸਾਰ ਦੇ ਅੰਦਰ। ਸਭ ਚੀਜ਼ਾਂ ਦਾ ਫਾਇਦਾ ਹੈ, ਦੁੱਖ ਦਾ ਵੀ ਕੋਈ ਫਾਇਦਾ ਹੈ। ਉਹ ਕਹਿਣ ਲੱਗਿਆ, ਪ੍ਰੇਮੀਆਂ! ਜੇ ਮੈਂ ਨਾ ਹੋਵਾਂ, ਸੁੱਖ ਹੋਵੇ ਹੀ ਨਾ। ਸੁੱਖ ਨੂੰ ਮੈਂ ਜਨਮ ਦਿੰਦਾ ਹਾਂ।

ਕਿਸਾਨ ਖੇਤੀ ਕਰਦਾ ਹੈ, ਦਿਨ ਰਾਤ ਚਲਦਾ ਹੈ, ਬਿਜਲੀ ਆਉਂਦੀ ਨਹੀਂ ਦਿਨ ਵਿਚ, ਰਾਤਾਂ ਨੂੰ ਚਲਾਉਂਦਾ ਹੈ। ਧਾਨਾਂ ਦੇ ਖੇਤ ਨੇ ਸੱਪ ਸਰਰ-ਸਰਰ ਕਰਦੇ ਫਿਰਦੇ ਨੇ। ਪਾਣੀ ਦੀਂਹਦਾ ਨਹੀਂ ਹੈ, ਟੋਹ-ਟੋਹ ਕੇ ਪਾਣੀ ਲਾਉਂਦਾ ਹੈ। ਜਦੋਂ ਫਸਲ ਪੱਕ ਜਾਂਦੀ ਹੈ, ਧਾਨ ਆ ਜਾਂਦੇ ਨੇ ਘਰ ਵਿਚ ਚੌਲ ਆ ਗਏ, ਪੈਸਾ ਜੇਬ ਵਿਚ ਪੈ ਜਾਂਦਾ ਹੈ, ਫੇਰ ਖੁਸ਼ੀਆਂ ਆ ਜਾਂਦੀਆਂ ਨੇ। ਕਹਿੰਦਾ, ਜੇ ਉਹ ਨਾ ਦੁੱਖ ਕੱਟਦਾ, ਫੇਰ ਦੱਸ ਉਹਦੇ ਫਸਲ ਕਿੱਥੋਂ ਆਉਂਦੀ। ਬੱਚਾ ਪੜ੍ਹਦਾ ਹੈ, ਸਭ ਸੌਂ ਜਾਂਦੇ ਨੇ, ਇਕੱਲਾ ਬੈਠਾ ਪੜ੍ਹੀ ਜਾਂਦਾ ਹੈ। ਇਮਤਿਹਾਨ ਹੈ, ਯਾਦ ਕਰਦਾ ਹੈ ਤੇ ਜਦੋਂ ਪਾਸ

ਹੋ ਜਾਂਦਾ ਹੈ, ਵੱਡਾ ਆਫੀਸਰ ਲਗ ਜਾਂਦਾ ਹੈ ਤਾਂ ਕਹਿੰਦੇ ਕਾਹਤੋਂ ਲੱਗ ਗਿਆ ਕਿਉਂਕਿ ਮੈਂ ਉਹਦਾ ਸਾਥ ਦੇ ਰਿਹਾ ਸੀ। ਬਾਕੀ ਸਭ ਆਰਾਮ ਨਾਲ ਸੁੱਤੇ ਪਏ ਸੀ। ਉਹਨੂੰ ਮੈਂ ਜਗਾ ਕੇ ਰੱਖਦਾ ਸੀ। ਮਾਂ ਨੂੰ ਪ੍ਰਸੂਤ ਦੀਆਂ ਪੀੜਾਂ ਹੁੰਦੀਆਂ ਨੇ ਤੇ ਬੜਾ ਦੁੱਖ ਹੈ, ਬਹੁਤ ਜ਼ਿਆਦਾ ਸੁੱਖ ਹੋਇਆ ਕਰਦਾ ਹੈ, ਲੇਕਿਨ ਜਦੋਂ ਬੱਚਾ ਪੈਦਾ ਹੋ ਜਾਂਦਾ ਹੈ ਤੇ ਆਪਣੇ ਲਾਲ ਦਾ ਮੂੰਹ ਦੇਖਦੀ ਹੈ, ਸਾਰੇ ਦੁੱਖ ਭੁੱਲ ਜਾਂਦੀ ਹੈ, ਤੇ ਅੰਦਰ ਖੁਸ਼ੀ ਆ ਜਾਂਦੀ ਹੈ। ਉਸ ਦੁਖ ਤੋਂ ਬਾਅਦ ਮੈਂ ਖੁਸ਼ੀ ਲਿਆਂਦੀ। ਮੈਂ ਨਾ ਹੁੰਦਾ, ਖੁਸ਼ੀ ਕਿੱਥੋਂ ਆਉਂਦੀ। ਬੜਾ ਸਮਝਾਇਆ, ਕਹਿਣ ਲੱਗਿਆ, ਜੇ ਮੈਂ ਨਾ ਹੋਵਾਂ ਨਾ ਕੋਈ ਸਾਧੂ ਹੋਵੇ ਨਾ ਕੋਈ ਸੰਤ ਹੋਵੇ, ਕੁਛ ਨਾ ਹੋਵੇ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਨੂੰ ਪੁੱਛਿਆ ਕਿ ਸੱਚੇ ਪਾਤਸ਼ਾਹ! ਜੇ ਸਿੱਖ ਤੇਰਾ, ਦਾਤਾਂ ਲੈ ਕੇ, ਬਖਸ਼ਿਸ਼ਾਂ ਲੈ ਕੇ ਫੇਰ ਭੁੱਲ ਜਾਵੇ ਉਨ੍ਹਾਂ ਦੇ ਵਿਚ, ਫੇਰ ਵੀ ਇਲਾਜ ਹੈ ਕੋਈ ਉਹਨੂੰ ਵਾਪਸ ਬੁਲਾਉਣ ਦਾ। ਮਹਾਰਾਜ ਕਹਿੰਦੇ, ਫੇਰ ਅਸੀਂ ਦੁੱਖ ਦੀ ਜੰਜੀਰ ਪਾਇਆ ਕਰਦੇ ਹਾਂ। ਹਥਕੜੀ ਭੇਜਦੇ ਹੁੰਦੇ ਹਾਂ ਦੁੱਖਾਂ ਦੀ। ਜਦੋਂ ਦੁੱਖ ਦੀ ਜੰਜੀਰ ਹੱਥ 'ਚ ਪੈ ਗਈ, ਕਹਿੰਦੇ ਫੇਰ ਖਿੱਚ ਲੈਂਦੇ ਹੁੰਦੇ ਹਾਂ ਅਸੀਂ। ਇਹ ਹੁਣ ਸਾਡੇ ਵਲ ਲਿਆਉਣ ਵਾਸਤੇ ਦੁੱਖ ਸਾਡੀ ਹੱਥਕੜੀ ਹੈ। ਸੋ ਮਹਾਰਾਜ ਕਹਿੰਦੇ –

***ਦੂਖੁ ਦਾਰੂ ਸੁਖੁ ਰੋਗੁ ਭਇਆ..........॥ ਅੰਗ – 469***

ਸੋ ਦੁਖ ਨਾਲ ਜਦੋਂ ਸਮਝੌਤਾ ਕਰਦਾ ਹੈ, ਅੰਮ੍ਰਿਤ ਵੇਲੇ ਜਾਗਦਾ ਹੈ, ਬੰਦਗੀ ਕਰਦਾ ਹੈ, ਪਾਠ ਕਰਦਾ ਹੈ, ਸੇਵਾ ਕਰਦਾ ਹੈ। ਕਿੰਨਾਂ ਔਖਾ ਹੈ ਜੇਠ ਹਾੜ ਦੇ ਮਹੀਨੇ, ਲੋਹ ਤਪਦੀ ਹੋਵੇ ਤੇ ਬੀਬੀਆਂ, ਭਾਈ ਪ੍ਰਸ਼ਾਦੇ ਲਾਹ ਰਹੇ ਹੋਣ, ਸਬਜ਼ੀਆਂ ਬਣਾ ਰਹੇ ਹੋਣ, ਕਿੰਨਾ ਸੇਕ ਪੈ ਰਿਹਾ ਹੈ, ਲੇਕਿਨ ਉਹ ਜਿਹੜਾ ਦੁੱਖ ਹੈ ਉਹ ਸੁੱਖ ਨੂੰ ਜਨਮ ਦੇ ਰਿਹਾ ਹੈ। ਪ੍ਰਮੇਸ਼ਰ ਵਲ ਨੂੰ ਲਿਜਾ ਰਿਹਾ ਹੈ ਉਨ੍ਹਾਂ ਨੂੰ। ਪੈਰ-ਪੈਰ ਤੇ ਵਿਘਨਾਂ ਦਾ ਨਾਸ਼ ਕਰ ਰਿਹਾ ਹੈ। ਸੋ ਦੁੱਖ ਦੇ ਨਾਲ ਸਮਝੌਤਾ ਕੀਤਾ ਹੋਇਆ ਹੈ, ਨਹੀਂ ਤਾਂ ਕੌਣ ਬਹਿੰਦਾ ਹੈ ਤਪਦੀਆਂ ਤਵੀਆਂ ਦੇ ਨੇੜੇ। ਉਹ ਕਹਿੰਦੇ, ਜਦੋਂ ਦੁੱਖ ਨਾਲ ਸਮਝੌਤਾ ਕਰ ਲੈਂਦਾ ਹੈ, ਦੁੱਖ ਨੂੰ ਚੰਗਾ ਸਮਝਣ ਲਗ ਜਾਂਦਾ ਹੈ –

***ਕੇਤਿਆ ਦੂਖ ਭੂਖ ਸਦ ਮਾਰ ॥***
***ਏਹਿ ਭਿ ਦਾਤਿ ਤੇਰੀ ਦਾਤਾਰ ॥ ਅੰਗ – 5***

ਕਹਿੰਦੇ ਫੇਰ, ਇਹ ਦਰਵਾਜ਼ੇ ਦੇ ਉਤੇ ਖੜ੍ਹਾ ਹੋ ਜਾਂਦਾ ਹੈ, ਉਹ ਦੁੱਖ ਇਹਨੂੰ ਨਠਾਉਂਦਾ ਨਹੀਂ ਹੈ ਕਿ ਇਹ ਮੈਨੂੰ ਚੰਗਾ ਸਮਝਦਾ ਹੈ, ਮਾੜਾ ਨਹੀਂ ਸਮਝਦਾ। ਰਖਵਾਲਾ ਕਹਿੰਦੇ ਨੇ ਕਿ 'ਰੋਹੁ' ਹੈ। ਕ੍ਰੋਧ ਰਖਵਾਲਾ ਹੈ, ਕ੍ਰੋਧ ਅੰਧੇ ਕਰ ਦਿੰਦਾ ਹੈ ਅੱਖਾਂ ਵਾਲਿਆਂ ਨੂੰ। ਦਿਸਦਾ ਹੀ ਨਹੀਂ, ਕ੍ਰੋਧੀ ਬੰਦੇ ਨੂੰ ਤੁਛ ਤੇ ਬੋਲਾ ਕਰ ਦਿੰਦਾ ਹੈ ਕੰਨਾਂ ਵਾਲਿਆਂ ਨੂੰ। ਕ੍ਰੋਧ ਦੇ ਨਾਲ ਵੀ ਸਮਝੌਤਾ ਕਰਨਾ ਪੈਂਦਾ ਹੈ ਕਿ ਆਹ ਤਾਂ ਤੂੰ ਛੱਡ ਦੇ, ਮੈਂ ਤੈਨੂੰ ਮਾਰਦਾ ਨਹੀਂ ਹਾਂ, ਤੂੰ ਮੇਰਾ ਸਾਥ ਦੇ। ਜਿਸ ਦਿਨ ਮੈਂ ਨਿਤਨੇਮ ਨਾ ਕਰਿਆ, ਉਸ ਦਿਨ ਆਪਾਂ ਕ੍ਰੋਧ 'ਚ ਆਉਣਾ ਹੈ, ਉਸ ਦਿਨ ਪ੍ਰਸ਼ਾਦਾ ਨਹੀਂ ਛਕਣਾ ਕਿ ਅੱਜ ਮੈਂ ਨਿਤਨੇਮ ਨਹੀਂ ਕਰਿਆ, ਅੱਜ ਮਨ ਨੂੰ ਮੈਂ

ਸਜ਼ਾ ਦੇਵਾਂ। ਤੇਰੀ ਹਸਤੀ ਨਹੀਂ ਮਿਟਾਉਂਦਾ ਪਰ ਤੈਨੂੰ ਸਹੀ ਪਾਸੇ ਲਾਉਂਦਾ ਹਾਂ।

ਇੱਕ ਮਹਾਤਮਾ ਕਿਸੇ ਪ੍ਰੇਮੀ ਦੇ ਘਰ ਠਹਿਰੇ ਹੋਏ ਨੇ, ਸਰਦੀ ਦਾ ਮਹੀਨਾ ਹੈ। ਰਾਤ ਨੂੰ ਉਸ ਨੇ ਦੇਖਿਆ ਕਿ ਇਹ ਸੌਂਦੇ ਤਾਂ ਘੱਟ ਹੀ ਨੇ। ਫਟਾਫਟ ਉੱਠ ਕੇ ਬਹਿ ਜਾਂਦੇ ਨੇ, ਨਹਾ ਲੈਂਦੇ ਨੇ ਤੇ ਮਨ ਵਿਚ ਆਇਆ ਕਿ ਇਨ੍ਹਾਂ ਨੂੰ ਪਾਲਾ ਲਗਦਾ ਹੈ ਤਾਂ ਉੱਠਦੇ ਨੇ। ਉਹਨੇ ਇੱਕ ਵਧੀਆ ਰੇਸ਼ਮ ਦੀ ਰਜਾਈ ਬਣਾ ਕੇ ਸੰਤਾਂ ਨੂੰ ਲਿਆ ਦਿਤੀ ਕਹਿੰਦਾ ਲਓ ਮਹਾਰਾਜ, ਤੁਸੀਂ ਇਸ ਰਜਾਈ 'ਚ ਪੈਣਾ। ਮਹਾਤਮਾ ਰਜਾਈ 'ਚ ਪੈ ਗਏ। ਪਏ ਹੋਏ ਹੁਣ ਰਜਾਈ ਦਾ ਨਿੱਘ ਆ ਗਿਆ। ਉੱਠਣ ਨੂੰ ਜੀਅ ਨਾ ਕਰਿਆ, ਦਿਨ ਚੜ੍ਹ ਗਿਆ। ਦਿਨ ਚੜ੍ਹਿਆ ਤੇ ਉਹਨੇ ਦੇਖਿਆ ਤੇ ਮਨ ਨਾਲ ਲੜਨਾ ਸ਼ੁਰੂ ਕਰ ਦਿਤਾ। ਕ੍ਰੋਧ ਆ ਗਿਆ ਉਸਨੂੰ ਹੱਦ ਤੋਂ ਜ਼ਿਆਦਾ। ਕਹਿੰਦਾ, ਅੱਜ ਤੈਨੂੰ ਮੈਂ ਸਜ਼ਾ ਦੇ ਕੇ ਛੱਡਾਂਗਾ। ਕਹਿਣ ਲੱਗਿਆ ਕਿ ਪ੍ਰੇਮੀਆਂ! ਨਾਹੁੰਣ ਨੂੰ ਕੋਈ ਥਾਉਂ ਹੈ? ਕਹਿੰਦਾ, ਮਹਾਰਾਜ ਰੋਜ਼ ਇਸ਼ਨਾਨ ਕਰਦੇ ਓਂ। ਕਹਿੰਦੇ, ਨਹੀਂ ਖੁੱਲ੍ਹਾ ਪਾਣੀ ਚਾਹੀਦਾ ਹੈ। ਕਹਿੰਦਾ ਆਪਣੀ ਕੁੰਡ ਹੈ। ਕਹਿੰਦਾ ਨਾ, ਜਿਹਦੇ 'ਚ ਮੈਂ ਬਹਿ ਜਾਵਾਂ।

ਕਹਿੰਦਾ ਜੀ, ਉਹ ਤਾਂ ਫੇਰ ਟੋਭਾ ਹੀ ਹੈ, ਹੈ ਤਾਂ ਸੁੱਚਾ ਪਰ ਹੈ ਟੋਭਾ ਹੀ। ਕੰਢਾ ਪੱਕਾ ਹੈ ਉਰਲਾ। ਕਹਿੰਦੇ ਚੱਲ, ਉਥੇ ਚੱਲੀਏ।

ਰਜਾਈ ਲੈ ਕੇ ਚਲੇ ਗਏ ਤੇ ਪਾਣੀ 'ਚ ਵੜ ਗਏ। ਉਹ ਪ੍ਰੇਮੀ ਕਹੇ ਕਿ ਮਹਾਰਾਜ! ਰਜਾਈ ਮੈਨੂੰ ਫੜਾ ਦਿਓ।

ਕਹਿੰਦੇ, ਰਜਾਈ ਦੀ ਹੀ ਤਾਂ ਸਾਰੀ ਲੜਾਈ ਹੈ, ਇਹਨੇ ਹੀ ਪਾਇਆ ਹੈ ਸਾਰਾ ਝਗੜਾ। ਨਹੀਂ ਮੈਂ ਤਾਂ ਨਲਕੇ 'ਤੇ ਹੀ ਨਾਹੁੰਣਾ ਸੀ। ਪਾਣੀ 'ਚ ਬਹਿ ਗਿਆ ਸਣੇ ਰਜਾਈ। ਨਾਲੇ ਕਹੀ ਜਾਏ ਹੁਣ ਦੱਸ, ਹੁਣ ਦੱਸ, ਸਰਦੀ-ਸਰਦੀ ਤੈਨੂੰ ਨਾ ਸਜ਼ਾ ਦਿਤੀ ਤਾਂ ਦੇਖੀ। ਕ੍ਰੋਧ ਕਰਿਆ ਉਹਨੇ ਬੜਾ ਜ਼ਬਰਦਸਤ, ਕਰਿਆ ਕੀਹਦੇ ਉਤੇ, ਮਨ 'ਤੇ ਕਰਿਆ। ਸਾਰਾ ਸਿਆਲ ਠੁਰ-ਠੁਰ ਕਰਦਾ ਰਿਹਾ ਕਰੇ, ਨਾਲੇ ਦੰਦ ਵੱਜਿਆ ਕਰਨ, ਨਾਲੇ ਕਿਹਾ ਕਰਨ ਕਿ ਆ ਗਿਆ ਸੁਆਦ ਰਜਾਈ ਦਾ?

ਰਜਾਈ ਗਿੱਲੀ ਹੀ ਉਤੇ ਰੱਖੀ, ਰਾਤ ਨੂੰ ਵੀ ਗਿੱਲੀ, ਦਿਨੇ ਵੀ ਗਿੱਲੀ।

ਸੋ ਕਹਿੰਦੇ, ਕ੍ਰੋਧ ਨੂੰ ਕਿ ਮੈਂ ਤੈਨੂੰ ਮਾਰਦਾ ਨਹੀਂ ਹਾਂ। ਮੈਂ ਤੇਰਾ ਸਾਥੀ ਹੋ ਜਾਊਂਗਾ ਤੇ ਆਪਾਂ ਕ੍ਰੋਧ ਕਰਾਂਗੇ ਕਿ ਨਿਤਨੇਮ ਨਹੀਂ ਕਰਿਆ, ਨਹੀਂ ਪ੍ਰਸ਼ਾਦਾ ਛਕਣਾ, ਮਾੜਾ ਕੰਮ ਕਰ ਲਿਆ, ਆਪੇ ਹੀ ਸਜ਼ਾ ਦੇ ਦੇਣੀ ਹੈ ਆਪਣੇ ਆਪ ਨੂੰ। ਆਪਣੇ ਆਪ 'ਤੇ ਹੀ ਕ੍ਰੋਧ ਕਰ ਲੈਣਾ ਕਿ ਮੈਂ ਤੈਨੂੰ ਹੁਣ ਸਜ਼ਾ ਦੇਵਾਂਗਾ।

ਉਹ ਕ੍ਰੋਧ ਜਿਹੜਾ ਹੈ ਉਹ ਕੰਮ ਕਰਦਾ ਹੈ, ਉਹ ਦਰਵਾਜ਼ਾ ਖੋਲ੍ਹ ਦਿੰਦਾ ਹੈ ਫੇਰ। ਕਹਿੰਦੇ - ***'ਰੋਹੁ ਰਖਵਾਲਾ'*** ਜਦ ਰਖਵਾਲਾ ਹੀ ਆਪਣਾ

ਬਣ ਗਿਆ ਫੇਰ ਦਰਵਾਜ਼ੇ ਜਿਹੜੇ ਨੇ –

*................ਆਸਾ ਅੰਦੇਸਾ ਦੁਇ ਪਟ ਜੜੇ ॥*

*ਅੰਗ – 877*

ਆਸਾਵਾਂ ਜਿਹਨੂੰ ਵਾਸ਼ਨਾਵਾਂ ਕਹਿੰਦੇ ਨੇ ਤੇ ਅੰਦੇਸਾ ਫਿਕਰ ਕਿ ਇਸ ਤਰ੍ਹਾਂ ਨਾ ਹੋ ਜਾਵੇ, ਆਹ ਨਾ ਹੋ ਜਾਵੇ, ਇਹਦੇ ਨਾਲ ਕੀ ਹੁੰਦਾ ਹੈ? ਆਦਮੀ ਹੁਕਮ ਦੇ ਵਿਚ ਨਹੀਂ ਚੱਲ ਸਕਦਾ – ਅੰਦੇਸੇ 'ਚ ਪੈ ਕੇ।

ਆਸ ਵੀ ਹੁਕਮ ਤੋਂ ਬਾਹਰ ਰੱਖਦੀ ਹੈ, ਅੰਦੇਸਾ ਵੀ ਹੁਕਮ ਤੋਂ ਬਾਹਰ ਰੱਖਦਾ ਹੈ। ਆਦਮੀ ਦਾ ਦਿਮਾਗ ਕੰਮ ਕਰਦਾ ਹੈ ਕਿ ਮੈਂ ਜੇ ਇਸ ਤਰ੍ਹਾਂ ਕਰ ਲਿਆ ਤਾਂ ਇਸ ਹੋ ਜਾਏਗਾ। ਮੈਂ ਕਰਿਆ ਹੈ ਇਹ ਠੀਕ ਬੰਦਾ, ਫਲਾਣਾ ਕੰਮ ਮੈਂ ਕਰਿਆ ਹੈ। ਮਹਾਰਾਜ ਕਹਿੰਦੇ, ਤੂੰ ਕੀ ਕਰ ਸਕਦਾ ਹੈਂ ਭਾਈ। ਤੇਰੇ ਹੱਥ ਹੋਵੇ ਤਾਂ ਤੂੰ ਰਾਜਾ ਨਹੀਂ ਬਣ ਜਾਂਦਾ? ਇਹ ਤਾਂ ਪ੍ਰਮੇਸ਼ਰ ਦਾ ਹੁਕਮ ਚੱਲ ਰਿਹਾ ਹੈ –

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ਅੰਗ – 1*

ਸਭ ਕੁਛ ਪ੍ਰਮੇਸ਼ਰ ਦੇ ਪ੍ਰਬੰਧ ਵਿਚ ਹੋ ਰਿਹਾ ਹੈ –

*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਅੰਗ – 1*

ਤੂੰ ਆਸਾ ਤੇ ਅੰਦੇਸਾ ਕਿਹੜੀ ਗੱਲ ਦਾ ਕਰਦਾ ਹੈਂ। ਜਿੰਨਾਂ ਚਿਰ ਹੁਕਮ ਨਹੀਂ ਬੁੱਝਦਾ। ਓਨੀਂ ਦੇਰ ਤੱਕ ਆਸਾ ਤੇ ਅੰਦੇਸਾ ਨੂੰ ਪਾਰ ਨਹੀਂ ਕਰ ਸਕਦਾ ਆਦਮੀ। ਆਸਾਵਾਂ ਬਣੀਆਂ ਰਹਿਣਗੀਆਂ। ਅਸਲੀ ਗੱਲ ਹੁਕਮ ਦੀ ਹੈ। ਮਹਾਰਾਜ ਕਹਿੰਦੇ, ਸਾਰੇ ਸੰਸਾਰ 'ਤੇ ਪ੍ਰਮੇਸ਼ਰ ਦਾ ਹੁਕਮ ਚੱਲ ਰਿਹਾ ਹੈ। ਇਸ ਦੀਆਂ ਆਸਾ ਤੇ ਇਸ ਦੇ ਅੰਦੇਸੇ ਡਰ, ਸਾਰੇ ਫਜ਼ੂਲ ਨੇ। ਜਦੋਂ ਹੁਕਮ 'ਚ ਆ ਜਾਏਗਾ, ਫੇਰ ਦਰਵਾਜ਼ੇ ਦੋ ਖੁਲ੍ਹ ਜਾਣਗੇ, ਆਸਾ ਤੇ ਅੰਦੇਸਾ ਦੇ। ਹੁਣ ਅਗਾਂਹਾਂ ਕੀ ਰਹਿ ਗਿਆ –

*ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ*
*ਸਤ ਕੈ ਆਸਣਿ ਪੁਰਖੁ ਰਹੈ ॥ ਅੰਗ – 877*

ਵਿਸ਼ੇ-ਵਿਕਾਰਾਂ ਦੀ ਖਾਹੀ ਆ ਗਈ। ਬੜੀ ਔਖੀ ਹੈ ਵਿਸ਼ੇ ਵਿਕਾਰਾਂ ਦੀ ਖਾਹੀ ਤਰਨੀ। ਸਭ ਕੁਛ ਜਾਣਦੇ ਹਾਂ ਅਸੀਂ ਕਿ ਮਾੜੀਆਂ ਚੀਜ਼ਾਂ ਦਾ ਅਸਰ ਮਾੜਾ ਹੁੰਦਾ ਹੈ। ਲੇਕਿਨ ਫੇਰ-

*ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥*
*ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥ ਅੰਗ – 1376*

ਹੱਥ 'ਚ ਦੀਵਾ ਲੈ ਕੇ ਖੂਹ 'ਚ ਗਿਰਦਾ ਹੈ। ਜਾਣਦਾ ਸਭ ਕੁਛ ਹੈ ਸ਼ਰਾਬ ਪੀਣ ਵਾਲਾ ਕਿ ਮੇਰਾ ਸਰੀਰ ਖਰਾਬ ਹੋ ਜਾਏਗਾ। ਮੈਨੂੰ ਗਾਲ੍ਹਾਂ ਪੈਂਦੀਆਂ ਨੇ, ਘਰ 'ਚ ਬੱਚੇ ਮੈਨੂੰ ਚੰਗਾ ਨਹੀਂ ਸਮਝਦੇ। ਮੇਰੀ ਇੱਜ਼ਤ ਦਿਨੋ-ਦਿਨ ਘਟਦੀ ਜਾਂਦੀ ਹੈ, ਬੁਢਾਪੇ 'ਚ ਜਾ ਕੇ ਮੇਰੇ ਸੈਲਾਂ 'ਚ ਸ਼ਰਾਬ ਪੈ ਜਾਣੀ ਹੈ। ਮੇਰੇ ਹੱਥ ਵੀ, ਪੈਰ ਵੀ ਕੰਬਣਗੇ, ਸਰੀਰ ਦੇ ਵਿਚ ਨੁਕਸ ਪੈ ਜਾਏਗਾ। ਜੇ ਕਿਤੇ ਇਹਦਾ ਬੀਜ ਅੰਦਰ ਰਹਿ ਗਿਆ, ਅੰਸ ਰਹਿ

ਗਿਆ ਤਾਂ ਮੈਨੂੰ ਕੈਂਸਰ ਹੋ ਜਾਏਗਾ, ਸੈਲਾਂ 'ਚ ਪੈ ਕੇ, ਮੈਂ ਅਰੜਾ-ਅਰੜਾ ਕੇ ਜਾਨ ਦੇਵਾਂਗਾ। ਸਭ ਜਾਣਦਾ ਹੈ, ਲੇਕਿਨ ਜਦੋਂ ਬੋਤਲ ਆ ਜਾਂਦੀ ਹੈ ਸਾਮ੍ਹਣੇ। ਫੇਰ ਕਹਿੰਦਾ ਮੈਨੂੰ ਤਾਂ ਪਤਾ ਨਹੀਂ, ਕੋਈ ਭੂਤ ਪ੍ਰੇਤ ਹੈ ਮੇਰੇ ਅੰਦਰ, ਉਹ ਪਿਲਾ ਦਿੰਦਾ ਹੈ।

ਕਾਹਨੂੰ ਪਿਲਾਉਂਦਾ ਹੈ ਤੈਨੂੰ ਭੂਤ-ਪ੍ਰੇਤ, ਆਪੇ ਤੇਰਾ ਮਨ ਹੀ ਭੂਤ-ਪ੍ਰੇਤ ਹੈ। ਤੂੰ ਹੀਂ, ਭੂਤ ਪ੍ਰੇਤ ਨਾਲ ਰਲਿਆ ਹੋਇਆ ਹੈਂ, ਜੇ ਅੱਡ ਹੋ ਜਾਵੇਂ, ਇੱਕ ਦਿਨ ਪੀ ਲੈ। ਸਜ਼ਾ ਦੇ ਦੇ ਕਿ ਮੈਂ ਤਾਂ ਚਾਰ ਦਿਨ ਰੋਟੀ ਨਹੀਂ ਖਾਣੀ। ਦੇਖ, ਫੇਰ ਦੂਜੀ ਵਾਰੀ ਪੀਂਦਾ ਹੈਂ ਕਿ ਨਹੀਂ। ਕਰ ਲੈ ਕਿ ਮੈਂ ਲਟਕ ਜਾਣਾ ਹੈ ਪੁੱਠਾ, ਦੋ ਘੰਟੇ ਪੁੱਠਾ ਲਟਕ ਕੇ ਤੈਨੂੰ ਸਜ਼ਾ ਦੇਵਾਂਗਾ। ਫੇਰ ਦੇਖ ਤਾਂ ਦੁਬਾਰਾ ਪੀ ਲਏਂਗਾ ਕਿ ਨਹੀਂ ਪੀਵੇਂਗਾ। ਸਜ਼ਾ ਦੇ ਕੇ ਤਾਂ ਦੇਖ ਆਪਣੇ ਆਪ ਨੂੰ ਭੂਤ ਪ੍ਰੇਤ ਨੱਠ ਜਾਏਗਾ।

ਸੋ ਇਹ ਵਿਸ਼ੇ-ਵਿਕਾਰਾਂ ਦੀ ਖਾਈ ਤਰਨੀ ਬਹੁਤ ਔਖੀ ਹੈ। ਜਦੋਂ ਤੱਕ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ - 'ਪਾਣੀ ਘਰੁ ਬਾਧਿਆ' ਵਾਸ਼ਨਾਵਾਂ ਦਾ ਪਾਣੀ, ਉਹਨੂੰ ਤਰਨਾ ਔਖਾ ਹੈ ਤੇ ਜੇ ਇਹਨੂੰ ਤਰ ਜਾਵੇ ਤਾਂ 'ਸਤ ਕੈ ਆਸਣਿ ਪੁਰਖੁ ਰਹੈ ॥' ਫੇਰ ਸਤਿ ਦੇ ਆਸਣ ਦੇ ਉਤੇ ਵਾਹਿਗੁਰੂ ਦਾ ਨਿਵਾਸ ਹੈ।

ਸੋ ਮਹਾਰਾਜ ਕਹਿਣ ਲੱਗੇ ਕਿ ਭਾਈ ਨਾਮ ਜਪਿਆ ਕਰੋ। ਕਹਿਣ ਲੱਗੇ, ਮਹਾਰਾਜ! ਨਾਮ ਤਾਂ ਬੇਅੰਤ ਨੇ -

***ਕਿੰਤੇ ਨਾਮਾ ਅੰਤੁ ਨ ਜਾਣਿਆ ਤੁਮ ਸਰਿ ਨਾਹੀ ਅਵਰ ਹਰੇ ॥***

***ਅੰਗ - 877***

ਕਹਿੰਦੇ, ਨਾਮ ਤਾਂ ਠੀਕ ਹੈ ਸਾਰੇ ਹੀ ਪ੍ਰਮੇਸ਼ਰ ਦੇ ਨਾਂ ਹਨ, ਲੇਕਿਨ ਰੌਲਾ ਨਹੀਂ ਪਾਉਣਾ ਕਿ ਮੈਂ ਐਨਾ ਭਜਨ ਕਰਦਾ ਹਾਂ, ਮੈਂ ਐਨਾ ਤਪ ਕਰਦਾ ਹਾਂ, ਮੈਂ ਐਨਾ ਪਾਠ ਕਰਦਾ ਹਾਂ, ਮੈਂ 25 ਪਾਠ ਜਪੁਜੀ ਸਾਹਿਬ ਦੇ ਰੋਜ਼ ਕਰਦਾ ਹਾਂ, ਮੈਂ ਸੌ ਰੋਜ਼ ਕਰਦਾ ਹਾਂ। ਕਹਿੰਦੇ, ਨਾ ਪ੍ਰੇਮੀਆਂ! ਜੇ ਕੁਛ ਲੱਭ ਗਿਆ-

***ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਆਪਿ ਕਰੇ ॥***
***ਜਬ ਆਸਾ ਅੰਦੇਸਾ ਤਬ ਹੀ ਕਿਉ ਕਰਿ ਏਕੁ ਕਹੈ ॥***

***ਅੰਗ - 877***

ਜਿੰਨਾਂ ਚਿਰ ਆਸਾ ਤੇ ਅੰਦੇਸੇ ਵਿਚ ਹੈ, ਕਿਵੇਂ ਕਹਿ ਸਕਦਾ ਹੈ ਵਾਹਿਗੁਰੂ ਇੱਕੋ ਹੀ ਹੈ ਸਾਰੇ -

***ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੁ ਮਿਲੈ ॥***

***ਅੰਗ - 877***

ਜਦੋਂ ਆਸ਼ਾਵਾਂ ਛੱਡ ਕੇ ਹੁਕਮ ਵਿਚ ਆ ਜਾਏਗਾ। ਉਸ ਵੇਲੇ ਵਾਹਿਗੁਰੂ ਦਾ ਮਿਲਾਪ ਹੋਏਗਾ। ਗੋਰਖਨਾਥ ਨੇ ਪੁੱਛਿਆ, ਹੇ ਗੁਰੂ ਨਾਨਕ! ਇਹ ਦੁਨੀਆਂ ਦਾ ਜਿਹੜਾ ਝੂਠ ਹੈ, ਝੂਠ ਦੀ ਕੰਧ ਬਣੀ ਹੋਈ, ਇਹ

ਕਿਵੇਂ ਢਹੇਗੀ –

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਅੰਗ – 1***

ਕਿਵੇਂ ਸੱਚ ਦੇ ਨਾਲ ਮਿਲ ਕੇ ਸਚਿਆਰ ਹੋਈਏ? ਕਿਵੇਂ ਝੂਠ ਦੀ ਜਿਹੜੀ ਕੰਧ ਬਣੀ ਹੋਈ ਹੈ, ਮੈਂ ਤੂੰ ਬਣੇ ਹੋਏ ਹਾਂ, ਇਹ ਪਾਤਸ਼ਾਹ! ਟੁੱਟਦੀ ਕਿਵੇਂ ਹੈ? ਮਹਾਰਾਜ ਕਹਿੰਦੇ ਇਹਦਾ ਇਲਾਜ ਇੱਕੋ ਹੀ ਹੈ –

***ਧਾਰਨਾ – ਹੁਕਮ ਰਜਾਈ ਚਲਣਾ,***
***ਨਾਨਕ ਲਿਖਿਆ ਨਾਲਿ।***

ਕਹਿਣ ਲੱਗੇ, ਗੋਰਖਨਾਥ! ਇਹ ਸਾਰਾ ਸੰਸਾਰ ਹੁਕਮ ਵਿਚ ਚੱਲ ਰਿਹਾ ਹੈ ਤੇ ਇਹਦੇ ਨਾਲ ਸੁਰ ਰਲਾ ਦੇ, ਫੇਰ ਕਹਿੰਦੇ ਹਉਮੈ ਦੀ ਕੰਧ ਟੁੱਟ ਜਾਂਦੀ ਤੇ ਸਚਿਆਰੇ ਹੋ ਜਾਈਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ –

***ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੁ ਮਿਲੈ ॥***
***ਅੰਗ – 877***

ਕੰਮ ਕਰੇ ਸਾਰੇ, ਜਿੰਨੇ ਵੀ ਕਰ ਸਕਦਾ ਹੈ। ਲੇਕਿਨ ਆਸਾ ਦੇ ਵਿਚ ਨਿਰਾਸਾ ਰਹੇ, ਜੋ ਕੁਛ ਹੋਣਾ ਹੈ ਹੋ ਜਾਣਾ ਹੈ, ਓਹੀ ਪ੍ਰਵਾਨ ਹੈ, ਤਾਂ ਕਹਿੰਦੇ ਵਾਹਿਗੁਰੂ ਮਿਲਦਾ ਹੈ ਪਿਆਰਿਓ! –

***ਇਨ ਬਿਧਿ ਸਾਗਰੁ ਤਰੀਐ ॥***
***ਜੀਵਤਿਆ ਇਉ ਮਰੀਐ ॥ ਅੰਗ – 877***

ਕਹਿੰਦੇ, ਆਹ ਜਿਹੜੀਆਂ ਅਸੀਂ ਤੁਹਾਨੂੰ ਦੱਸੀਆਂ ਨੇ ਗੱਲਾਂ, ਇਨ੍ਹਾਂ ਦੇ ਨਾਲ ਫੇਰ ਸਾਗਰ ਤਰਿਆ ਜਾਂਦਾ ਹੈ ਤੇ ਫੇਰ ਜੀਉਂਦੇ ਇਸ ਤਰ੍ਹਾਂ ਮਰ ਹੋਇਆ ਕਰਦਾ ਹੈ। ਉਸ ਵੇਲੇ ਬੇਨਤੀ ਕੀਤੀ ਪਾਤਸ਼ਾਹ! ਆਪ ਨੇ ਬਹੁਤ ਵੱਡਾ ਉਪਦੇਸ਼ ਦਿਤਾ ਪਰ ਸਾਡੇ ਵਿਚ ਤਾਕਤ ਨਹੀਂ ਕੋਈ ਤਰੀਕਾ ਹੋਰ ਦੱਸੋ, ਸੁਖਾਲਾ, ਜਿਹਦੇ ਨਾਲ ਅਸੀਂ ਆਹ ਜਿਹੜੇ ਬਚਨ ਨੇ ਇਨ੍ਹਾਂ ਨੂੰ ਕਮਾਉਣ ਜੋਗੀ ਤਾਕਤ ਹਾਂਸਲ ਕਰ ਲਈਏ। ਕਿਉਂਕਿ ਸਾਡੀ ਤਾਕਤ ਨਹੀਂ ਹੈ ਕਿ ਅਸੀਂ ਸਮਝ ਲਈਏ ਕਿ ਵਾਹਿਗੁਰੂ ਸਾਰੇ ਪਰੀਪੂਰਨ ਹੈ। ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ ਪ੍ਰੇਮੀਓਂ! ਤੁਸੀਂ ਤਪ ਕਰਿਆ ਕਰੋ। ਕਹਿੰਦੇ, ਸੱਚੇ ਪਾਤਸ਼ਾਹ! ਤਪ ਕਰਿਆ ਕਰੀਏ?

ਕਹਿੰਦੇ, ਹਾਂ।

ਕਹਿੰਦੇ, ਬੇੜਾ ਬੰਨੋ, ਜਪ ਤੇ ਤਪ ਦਾ।

***ਧਾਰਨਾ – ਜਪ ਤਪ ਦਾ ਬਣਾ ਕੇ ਬੇੜਾ,***
***ਮਾਇਆ ਵਾਲਾ ਸਾਗਰ ਲੰਘਦਾ।***

ਕਹਿਣ ਲੱਗੇ, ਪਿਆਰਿਓ! ਭਾਈ ਮਾਹਲੋ! ਭਾਈ ਮਾਂਗੋ! ਤੁਸੀਂ ਇਸ ਤਰ੍ਹਾਂ ਕਰੋ, ਜਪ ਤੇ ਤਪ ਦਾ ਬੇੜਾ ਬਣਾ ਲਓ।

***ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ ॥ ਅੰਗ – 729***

ਕਹਿੰਦੇ, ਇਹਦੇ ਨਾਲ ਬਹੁਤ ਛੇਤੀ ਲੰਘ ਜਾਂਦਾ ਹੈ –

***ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ ॥*** ***ਅੰਗ – 729***

ਨਾ ਸਰਵਰ ਦਾ ਵਾਹ ਪੈਣਾ ਹੈ, ਨਾ ਛੱਲਾਂ ਦਿੰਦੇ ਸਰੋਵਰ ਦਾ ਤੇ ਨਾ ਕੋਈ ਮਾਇਆ ਦੇ ਉਛਾਲਿਆਂ ਦਾ ਖਤਰਾ ਹੋਣਾ ਹੈ, ਇਹੋ ਜਿਹਾ ਸੁਖਾਲਾ ਰਸਤਾ ਅਸੀਂ ਤੁਹਾਨੂੰ ਦਸ ਦਿੰਦੇ ਹਾਂ।

ਕਹਿੰਦੇ, ਸੱਚੇ ਪਾਤਸ਼ਾਹ! ਤਪ ਤਾਂ ਅਸੀਂ ਕਰਦੇ ਰਹੇ ਹਾਂ ਬਹੁਤ, ਭੁੱਖੇ ਬੈਠ-ਬੈਠ ਕੇ ਵੀ ਅਸੀਂ ਨਾਮ ਜਪਿਆ ਹੈ, ਪਾਲੇ 'ਚ ਬੈਠ-ਬੈਠ ਕੇ ਨਾਮ ਜਪਿਆ ਹੈ। ਨਾਮ ਤਾਂ ਨਹੀਂ ਜਪਿਆ ਅਸੀਂ ਪਾਲੇ 'ਚ ਬੈਠ ਕੇ ਮੰਤਰ ਦਾ ਜਾਪ ਕਰਦੇ ਰਹੇ ਹਾਂ। ਪਰ ਸਾਨੂੰ ਮਹਾਰਾਜ ਕੋਈ ਫਰਕ ਨਹੀਂ ਪਿਆ। ਮਹਾਰਾਜ ਕਹਿੰਦੇ, ਦੇਖੋ ਪ੍ਰੇਮੀਓ! ਤੁਸੀਂ ਰਾਜਸੀ ਤਪ ਕਰਿਆ ਕਰੋ ਤੇ ਸਾਂਤਕੀ ਤਪ ਕਰਿਆ ਕਰੋ।

ਕਹਿੰਦੇ, ਸੱਚੇ ਪਾਤਸ਼ਾਹ! ਸਾਨੂੰ ਤਾਂ ਭੇਤ ਹੀ ਨਹੀਂ ਹੈ ਕਿ ਤਾਮਸੀ ਤਪ ਕੀ ਹੁੰਦਾ ਹੈ, ਰਾਜਸੀ ਕੀ ਹੁੰਦਾ ਹੈ, ਸਾਂਤਕੀ ਤਪ ਕੀ ਹੁੰਦਾ ਹੈ? ਕ੍ਰਿਪਾ ਕਰੋ, ਆਪ ਹੀ ਇਸ ਗੱਲ ਦੇ ਉਤੇ ਪ੍ਰਕਾਸ਼ ਪਾਓ, ਤਾਂ ਕਿ ਸਾਨੂੰ ਰਾਹ ਲੱਭ ਜਾਵੇ। ਉਸ ਵੇਲੇ ਮਹਾਰਾਜ ਕਹਿਣ ਲੱਗੇ, ਦੇਖੋ! ਸੰਸਾਰ ਦੇ ਅੰਦਰ ਲੋਕ ਮਾਨਤਾ ਚਾਹੁੰਦੇ ਨੇ, ਹਰ ਬੰਦੇ ਦੇ ਮਨ ਵਿਚ ਖਿਆਲ ਆਉਂਦਾ ਹੈ ਕਿ ਮੈਨੂੰ ਸੰਸਾਰ ਮੰਨਣ ਲੱਗ ਜਾਵੇ ਤੇ ਮੇਰੀ ਵਾਹਵਾ-ਵਾਹਵਾ, ਮਹਿਮਾ ਹੋਵੇ। ਉਹਦੇ ਵਾਸਤੇ ਬੜੇ ਦਿਖਾਵੇ ਕਰਦਾ ਹੈ, ਬੜੇ ਔਖੇ ਕਰਮ ਕਰਦਾ ਹੈ, ਧੂਣੀਆਂ ਤਾਪਦਾ ਹੈ, ਚਾਰ ਧੂਣੀਆਂ ਲਾਈਆਂ ਹੋਈਆਂ ਨੇ, ਜੇਠ ਦਾ ਮਹੀਨਾ ਹੈ, ਧਰਤੀ ਤਪ ਰਹੀ ਹੈ, ਉਤੋਂ ਸੂਰਜ ਤਪ ਰਿਹਾ ਹੈ, ਬਾਹਰ ਬੈਠਾ ਹੈ, ਲਹੂ ਸੁੱਕ ਰਿਹਾ ਹੈ ਸਾਰਾ, ਸਰੀਰ ਸੁੱਕ ਕੇ ਪਿੰਜਰ ਬਣ ਰਿਹਾ ਹੈ ਕਹਿੰਦੇ, ਇਹ ਭਾਈ! ਤਾਮਸੀ ਤਪ ਹੈ। ਦੂਸਰਾ ਹੁੰਦਾ ਹੈ ਜਲ ਧਾਰੇ ਕਰਨੇ, ਬਹਿ ਜਾਣਾ ਪੋਹ ਦੇ ਮਹੀਨੇ ਤੇ ਉਪਰ ਇੱਕ ਚਾਟੀ ਰੱਖ ਲੈਣੀ ਘੋੜੀ ਬਣਾ ਕੇ। ਉਹਦੇ 'ਚ ਸੌ ਘੜਾ ਰਾਤ ਦਾ ਠਰਿਆ ਹੋਇਆ ਪਾਈ ਜਾਣਾ ਤੇ ਅੰਗੂਠੇ ਜਿੰਨੀ ਗਲੀ ਕਰਕੇ ਸਿਰ ਵਿਚ ਪਾਣੀ ਦੀ ਧਾਰ ਪਈ ਜਾਣੀ ਤੇ ਸੁੰਨ ਹੋ ਜਾਂਦਾ ਹੈ ਬੰਦਾ, ਉਸ ਤੋਂ ਬਾਅਦ ਉਹਨੂੰ ਚੁੱਕ ਲੈਂਦੇ ਨੇ।

ਬੜੇ ਸਾਲਾਂ ਦੀ ਗੱਲ ਹੈ ਜਦੋਂ ਮੈਂ ਇਥੇ ਹੁੰਦਾ ਸੀ ਆਹ ਜੀਤ ਸਿੰਘ ਜਿਹੜੇ ਕੰਮ ਕਰਦੇ ਨੇ ਇਥੇ। ਨਿਆਣਾ ਜਿਹਾ ਸੀ ਇਹ, ਮੇਰੇ ਕੋਲ ਆਇਆ।

ਕਹਿੰਦਾ, ''ਅੰਕਲ ਜੀ! ਸਾਡੇ ਇੱਕ ਬਹੁਤ ਵੱਡੇ ਮਹਾਤਮਾ ਆਏ ਹੋਏ ਨੇ, ਤੁਸੀਂ ਦਰਸ਼ਨ ਕਰੋ।''

ਆਹ ਪਲਸੋਰੇ ਦੀ ਗੱਲ ਹੈ।

ਮੈਂ ਕਿਹਾ, ਅੱਛਾ, ਕੀ ਗੱਲ।

ਕਹਿੰਦਾ, ''ਮੈਂ ਅੱਜਕੱਲ੍ਹ ਉਥੇ ਸੇਵਾ 'ਚ ਲੱਗਿਆ ਹੋਇਆ ਹਾਂ।''

ਮੈਂ ਕਿਹਾ, ਕੀ ਕਰਦਾ ਹੁੰਦਾ ਹੈਂ?

ਕਹਿੰਦਾ, ਮੈਂ ਘੜੇ ਪਾਉਂਦਾ ਹੁੰਦਾ ਹਾਂ ਪਾਣੀ ਦੇ। ਉਹ ਥੱਲੇ ਬੈਠਾ ਹੁੰਦਾ ਹੈ।

ਇਹੀ ਗੱਲਾਂ ਇਹ ਰੋਜ਼ ਕਰੀ ਜਾਵੇ। ਇੱਕ ਦਿਨ ਮੈਨੂੰ ਲੈ ਆਇਆ ਤੇ ਮੈਂ ਉਸ ਸੰਤ ਦੇ ਕੋਲ ਆਇਆ। ਬਹੁਤ ਦੁਨੀਆਂ, ਬੜਾ ਰੌਲਾ-ਗੌਲਾ, ਕਿਤੇ ਪ੍ਰਸ਼ਾਦੇ ਬਣ ਰਹੇ ਨੇ, ਕਿਤੇ ਤਿਆਰੀ ਹੋ ਰਹੀ ਹੈ, ਧੂਣੀਆਂ ਤਾਪ ਰਿਹਾ ਹੈ ਉਹ। ਧੂਣੀ ਲੱਗੀ ਹੋਈ ਹੈ, ਉਥੇ ਬੈਠਾ ਹੈ, ਉਥੇ ਗੱਲ ਚੱਲ ਪਈ ਮੇਰੇ ਨਾਲ, ਕਹਿੰਦਾ ਜੀ, ਇਸ ਤਰ੍ਹਾਂ ਮੈਂ ਜਲਧਾਰਾ ਕਰਦਾ ਹਾਂ। ਮੈਂ ਕਿਹਾ, ਬਹੁਤ ਦੇਰ ਲੱਗ ਜਾਂਦੀ ਹੈ, ਫੇਰ ਉਠ ਹੋ ਜਾਂਦਾ ਹੈ ਤੇਰੇ ਤੋਂ ਕਿ ਨਹੀਂ? ਕਹਿੰਦਾ, ਉੱਠ ਕਿੱਥੇ ਹੁੰਦਾ ਹੈ, ਸਾਰੇ ਹੱਡ ਸੁੰਨ ਹੋ ਜਾਂਦੇ ਨੇ। ਕਹਿਣ ਲੱਗਿਆ, ਬੜੀ ਦੇਰ ਲੱਗਦੀ ਹੈ ਸੌ ਘੜੇ ਨੂੰ ਲੰਘਣ ਨੂੰ, ਕਾਫੀ ਦੇਰ ਮੈਨੂੰ ਨਹੀਂ ਫੇਰ ਪਤਾ ਲਗਦਾ। ਮੈਂ ਕਿਹਾ ਫੇਰ?

ਕਹਿੰਦਾ ਫੇਰ ਮੈਨੂੰ ਚੁੱਕ ਕੇ ਗਰਮ-ਗਰਮ ਸੁਆਹ 'ਚ ਲਿਆ ਕੇ ਲੰਮਾ ਪਾ ਦਿੰਦੇ ਨੇ। ਉਤੇ ਪਾਈ ਜਾਂਦੇ ਨੇ ਕੁਛ ਸੁਆਹ ਮੇਰੇ। ਮੈਂ ਪਿਆ ਰਹਿੰਦਾ ਹਾਂ, ਹੌਲੀ-ਹੌਲੀ ਨਿੱਘ ਆਉਂਦਾ ਹੈ ਤੇ ਮੇਰਾ ਸਰੀਰ ਚਲਦਾ ਹੈ।

ਮੈਂ ਕਿਹਾ ਕਿ ਕੁਛ ਖਾਂਦਾ ਵੀ ਹੁੰਦਾ ਹੈਂ?

ਕਹਿੰਦਾ, ਮੈਂ ਬਾਰਾਂਸਿੰਘੇ ਤੇ ਸ਼ਿੰਗਰਫ ਦਾ ਕੁਸ਼ਤਾ ਬਣਾਇਆ ਹੋਇਆ ਹੈ। ਇਹ ਦੋ ਕੁਸ਼ਤੇ ਐਹੋ ਜਿਹਾ ਹੁੰਦੇ ਨੇ, ਜੇ ਬੰਦੇ ਨੂੰ ਸਰਦੀਆਂ ਵਿਚ ਦੇ ਦਿਓ, ਗਰਮੀ-ਗਰਮੀ ਹੋ ਜਾਂਦਾ ਹੈ, ਪਸੀਨਾ ਨਿਕਲਣ ਲੱਗ ਜਾਂਦਾ ਹੈ। ਜੇ ਪਾਣੀ 'ਚ ਨਾ ਬੈਠੇ ਤਾਂ ਸਰੀਰ ਫਟਣ ਲਗ ਜਾਂਦਾ ਹੈ। ਯਾਨਿ ਇਸ ਤਰ੍ਹਾਂ ਦੇ ਨਾਲ ਜਲ ਧਾਰੇ ਕਰਨੇ।

ਗੱਲ ਕੁਛ ਵੀ ਨਹੀਂ, ਲੋਕਾਂ ਦੀ ਵਾਹਵਾ-ਵਾਹਵਾ, ਓਹੀ ਕ੍ਰੋਧ, ਓਹੀ ਸਭ ਕੁਛ। ਰਿੱਧੀ-ਸਿੱਧੀ ਤਾਂ ਆ ਜਾਂਦੀ ਹੈ ਇਹਦੇ ਵਿਚ, ਸ਼ਕਤੀਆਂ ਤਾਂ ਆ ਜਾਂਦੀ ਹੈ, ਇਹਦੇ ਵਿਚ ਆਦਮੀ ਫਸ ਕੇ ਰਹਿ ਜਾਂਦਾ ਹੈ, ਅਗਾਹਾਂ ਰੱਬ ਨਹੀਂ ਚਲਦਾ।

ਕਈ ਸੰਤ ਨੇ ਰੋਪੜ ਤੋਂ ਚੱਲ ਪੈਂਦੇ ਨੇ ਜਿੰਨੇ ਪੁਲ ਆਉਂਦੇ ਨੇ, ਉਥੇ ਜਲ ਧਾਰੇ ਕਰਕੇ ਅਗਾਹਾਂ ਤੁਰ ਪੈਂਦੇ ਨੇ। ਲੋਕਾਂ 'ਚ ਜਾਣ ਪਛਾਣ ਵਧ ਜਾਂਦੀ ਹੈ ਕਿ ਬਹੁਤ ਵੱਡੇ ਸੰਤ ਨੇ, ਦੇਖੋ ਜੀ, ਕਿੰਨੀ ਤਪਸਿਆ ਕਰ ਰਹੇ ਨੇ। ਕਈ ਨੇ ਪੁੱਠਾ ਲਟਕ ਪੈਂਦੇ ਨੇ, ਦੋ-ਦੋ ਮਹੀਨੇ ਪੁੱਠਾ ਲਟਕ ਕੇ ਰਹਿੰਦੇ ਨੇ। ਰਾਤ ਨੂੰ ਲਾਹ ਦਿੰਦੇ ਨੇ, ਦਿਨ 'ਚ ਫੇਰ ਲਟਕਾ ਦਿੰਦੇ ਨੇ। ਆਉਂਦੇ-ਜਾਂਦੇ ਲੋਕ ਦੇਖਦੇ ਨੇ ਕਿ ਸੰਤ ਲਟਕ ਰਹੇ ਨੇ ਦਰਖਤ ਦੇ ਨਾਲ ਪੁੱਠਾ। ਕਈ ਉਪਰ ਨੂੰ ਬਾਹਾਂ ਕਰ ਲੈਂਦੇ ਨੇ, ਕਈ ਉਪਰ ਪੈਰ ਚੁੱਕ ਲੈਂਦੇ ਨੇ, ਮਹਾਰਾਜ ਕਹਿੰਦੇ, ਕਈ ਕੰਦ-ਮੂਲ ਹੀ ਖਾਂਦੇ ਨੇ, ਅੰਨ ਨੂੰ ਮੂੰਹ ਨਹੀਂ ਲਾਉਂਦੇ। ਕਈ ਭਰਮਣ ਕਰਦੇ ਨੇ ਸਾਰੇ ਭਾਰਤ ਵਰਸ਼ ਦਾ। ਕਈ ਚੰਦਰਾਇਣੀ ਵਰਤ ਰਖਦੇ ਨੇ। ਚੰਦ ਦੇ ਨਾਲ ਖਾਣਾ ਘਟਾਉਂਦੇ ਜਾਂਦੇ ਨੇ। ਪਹਿਲੀ

ਤਰੀਕ ਨੂੰ ਪੂਰਾ ਖਾਂਦੇ ਨੇ, ਦੋ ਨੂੰ ਇੱਕ ਬੁਰਕੀ ਘਟਾ ਦਿੰਦੇ ਨੇ, ਤਿੰਨ ਨੂੰ ਤਿੰਨ ਬੁਰਕੀਆਂ ਘਟਾ ਦਿੰਦੇ ਨੇ ਇਸ ਤਰ੍ਹਾਂ ਕਰਦੇ-ਕਰਦੇ ਪੰਦਰਵੇਂ ਦਿਨ ਥੱਲੇ ਚਲੇ ਜਾਂਦੇ, ਫੇਰ ਇੱਕ-ਇੱਕ ਦਿਨ ਵਧਾਉਣ ਲਗ ਜਾਂਦੇ ਨੇ। ਇਸਨੂੰ ਚੰਦਰਾਇਣ ਵਰਤ ਕਹਿੰਦੇ ਨੇ। ਇਸੇ ਤਰ੍ਹਾਂ ਨਾਲ ਹੋਰ ਅਨੇਕਾਂ ਦਾ ਸਾਧਨ ਕਰਦੇ ਨੇ। ਮਹਾਰਾਜ ਕਹਿੰਦੇ, ਦੇਖ ਪ੍ਰੇਮੀਆਂ! ਇਨ੍ਹਾਂ ਦੀ ਖੇਚਲ ਤਾਂ ਹੈਗੀ ਬਹੁਤੀ, ਪਰ ਫਲ ਬਿਲਕੁਲ ਹੀ ਥੋੜ੍ਹਾ ਹੈ। ਕਈਆਂ ਨੂੰ ਇਹ ਵਹਿਮ ਹੁੰਦਾ ਹੈ ਕਿ ਤੀਰਥ ਦੇ ਕੰਢੇ ਜਾ ਕੇ ਵਸ ਜਾਈਏ, ਉਥੇ ਉਹਦਾ ਹੀ ਪਾਣੀ ਪੀਈਏ, ਉਹਦੇ ਵਿਚ ਹੀ ਇਸ਼ਨਾਨ ਕਰੀਏ। ਕਹਿੰਦੇ, ਇਹਦੇ ਨਾਲ ਤਾਂ ਗੱਲ ਨਹੀਂ ਬਣਦੀ, ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਭਾਵੇਂ ਗੰਗਾ ਦੇ ਕਿਨਾਰੇ ਘਰ ਪਾ ਲੈ,***
***ਮੁਕਤੀ ਨਾ ਹੋਣੀ ਨਾਮ ਤੋਂ ਬਿਨਾਂ।***

***ਕਬੀਰ ਗੰਗਾ ਤੀਰ ਜੁ ਘਰੁ ਕਰਹਿ ਪੀਵਹਿ ਨਿਰਮਲ ਨੀਰੁ ॥***
***ਬਿਨੁ ਹਰਿ ਭਗਤਿ ਨ ਮੁਕਤਿ ਹੋਇ ਇਉ ਕਹਿ ਰਮੇ ਕਬੀਰ ॥***

***ਅੰਗ - 1367***

ਮਹਾਰਾਜ ਕਹਿਣ ਲੱਗੇ, ਭਾਈ ਮਾਂਗੋ ਤੇ ਭਾਈ ਮਾਹਲੋ, ਇਸ ਤਰ੍ਹਾਂ ਦੇ ਨਾਲ ਸੰਸਾਰ ਭੁੱਲ-ਭਲਾਈਆਂ 'ਚ ਪੈ ਕੇ, ਤਾਮਸੀ ਤਪ ਕਰਦਾ ਹੈ, ਗਲਤ ਧਾਰਨਾਵਾਂ ਨੇ ਤੇ ਨਾਮ ਤੋਂ ਬਗੈਰ ਕੋਈ ਗੱਲ ਬਣਿਆ ਨਹੀਂ ਕਰਦੀ। ਬਾਕੀ ਇਹ ਜਿਹੜਾ ਜਪ ਤਪ ਹੈ ਇਹਦੀ ਵੀ ਜੁਗਤ ਹੁੰਦੀ ਹੈ, ਜਿੰਨਾਂ ਚਿਰ ਜੁਗਤ ਨਾ ਆਵੇ, ਓਨੀਂ ਦੇਰ ਤੱਕ ਇਹ ਫਲ ਨਹੀਂ ਦਿਆ ਕਰਦੇ -

***ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥***
***ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥***

***ਅੰਗ - 56***

ਜੇ ਅੰਦਰ ਨਾਮ ਨਹੀਂ ਵਸਿਆ ਇਹ ਵੀ ਫਲ ਨਹੀਂ ਦਿਆ ਕਰਦੇ -

***ਕਿਆ ਜਪੁ ਕਿਆ ਤਪੁ ਸੰਜਮੋ ਕਿਆ ਬਰਤੁ ਕਿਆ ਇਸਨਾਨੁ ॥***
***ਜਬ ਲਗੁ ਜੁਗਤਿ ਨ ਜਾਨੀਐ ਭਾਉ ਭਗਤਿ ਭਗਵਾਨ ॥***

***ਅੰਗ - 337***

ਜੁਗਤੀ ਜਾਨਣ ਦੀ ਜ਼ਰੂਰਤ ਹੋਇਆ ਕਰਦੀ ਹੈ। ਸੋ ਨਾਮ ਤੋਂ ਬਗੈਰ ਕੋਈ ਚੀਜ਼ ਥਾਂ ਨਹੀਂ ਪਿਆ ਕਰਦੀ -

***ਧਾਰਨਾ - ਬਿਨਾਂ ਨਾਮ ਤੋਂ ਕਿਛੁ ਥਾਂਇ ਨਾ ਪੈਣਾ।***

***ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥***
***ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥***
***ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥***

*ਸਹੁ ਵੇ ਜੀਆ ਅਪਣਾ ਕੀਆ ॥*
*ਅੰਨੁ ਨ ਖਾਇਆ ਸਾਦੁ ਗਵਾਇਆ ॥*
*ਬਹੁ ਦੁਖੁ ਪਾਇਆ ਦੂਜਾ ਭਾਇਆ ॥*
*ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥*
*ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥*
*ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥*
*ਅਲੁ ਮਲੁ ਖਾਈ ਸਿਰਿ ਛਾਈ ਪਾਈ ॥*
*ਮੂਰਖਿ ਅੰਧੈ ਪਤਿ ਗਵਾਈ ॥*
*ਵਿਣੁ ਨਾਵੈ ਕਿਛੁ ਥਾਇ ਨ ਪਾਈ ॥*
*ਰਹੈ ਬੇਬਾਣੀ ਮੜੀ ਮਸਾਣੀ ॥*
*ਅੰਧੁ ਨ ਜਾਣੈ ਫਿਰਿ ਪਛੁਤਾਣੀ ॥*
*ਸਤਿਗੁਰੁ ਭੇਟੇ ਸੋ ਸੁਖੁ ਪਾਏ ॥*
*ਹਰਿ ਕਾ ਨਾਮੁ ਮੰਨਿ ਵਸਾਏ ॥*
*ਨਾਨਕ ਨਦਰਿ ਕਰੇ ਸੋ ਪਾਏ ॥*
*ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥*

*ਅੰਗ - 468*

ਕਹਿਣ ਲੱਗੇ, ਭਾਈ ਮਾਲੋ, ਆਹ ਕਰਮ ਜਿਹੜੇ ਅਸੀਂ ਦੱਸੇ ਨੇ, ਇਹ ਕਰਮ ਕਰੀ ਜਾਵੇ, ਇਹ ਸਾਰੇ ਤਾਮਸੀ ਕਰਮ ਨੇ, ਨਾਮ ਤੋਂ ਬਗੈਰ ਇਹ ਲੇਖੇ ਨਹੀਂ ਪਿਆ ਕਰਦੇ। ਸੋ ਇਸ ਕਰਕੇ ਤੁਸੀਂ ਇਹਨੂੰ ਛੱਡ ਕੇ ਰਾਜਸੀ ਤੇ ਸਾਂਤਕੀ ਤਪ ਕਰੋ। ਉਸ ਵੇਲੇ ਦੋਹਾਂ ਨੇ ਬੇਨਤੀ ਕੀਤੀ ਕਿ ਪਾਤਸ਼ਾਹ! ਠੀਕ ਹੈ ਸਾਡਾ ਮਨ ਮੰਨ ਗਿਆ ਏਸ ਗੱਲ ਦੇ ਉਤੇ, ਅਸੀਂ ਵੀ ਬੜੇ ਭੁਲੇਖੇ ਵਿਚ ਸੀ ਕਿ ਜਿਹੜੇ ਜ਼ਿਆਦਾ ਤਪਸਿਆ ਕਰਦੇ ਨੇ ਕਿ ਬੜੇ ਵੱਡੇ ਸੰਤ ਨੇ।

ਆਮ ਹੀ ਹੁੰਦਾ ਹੈ, ਕਹਿੰਦੇ ਨੇ ਕਿ ਜੀ ਉਹ ਤਾਂ ਸਾਰੀ ਰਾਤ ਹੀ ਜਾਗਦੇ ਰਹਿੰਦੇ ਨੇ। ਉਹ ਤਾਂ ਜੀ ਧੁੱਪੇ ਹੀ ਬੈਠੇ ਰਹਿੰਦੇ ਨੇ, ਕੱਪੜਾ ਹੀ ਨਹੀਂ ਲੈਂਦੇ, ਜੁੱਤੀ ਪਾਉਂਦਾ ਹੀ ਨਹੀਂ ਸੰਤ; ਆਹ ਸਾਡੀਆਂ ਸੰਤ ਦੀਆਂ ਖੂਬੀਆਂ ਨੇ। ਮਹਾਰਾਜ ਕਹਿੰਦੇ, ਨਾ -

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥* *ਅੰਗ - 319*

ਜੁੱਤੀਆਂ ਪਾਉਣ ਨਾਲ ਸੰਤ ਬਣਦਾ ਹੈ, ਲਾਹੁੰਣ ਨਾਲ ਬਣਦਾ ਹੈ, ਕਪੜੇ ਪਾਉਣ ਨਾ ਪਾਉਣ ਨਾਲ ਬਣਦਾ ਹੈ? ਬੜੇ ਭੁਲੇਖੇ ਨੇ। ਕਹਿੰਦੇ, ਇਹ ਤਪ ਹੈ ਭਾਈ, ਤਾਮਸੀ ਤਪ ਹੈ। ਰਾਜਸੀ ਨਹੀਂ ਹੈ, ਤੁਸੀਂ ਰਾਜਸੀ ਤਪ ਕਰੋ। ਉਸ ਵੇਲੇ ਦੋਹਾਂ ਨੇ ਬੇਨਤੀ ਕਰੀ ਕਿ ਪਾਤਸ਼ਾਹ! ਸਾਨੂੰ ਰਾਜਸੀ ਤਪ ਦੀ ਜੁਗਤ ਦੱਸੋ ਤੇ ਉਸ ਵੇਲੇ ਮਹਾਰਾਜ ਜੀ ਨੇ ਇਸ ਤਰ੍ਹਾਂ ਨਾਲ

ਫੁਰਮਾਨ ਕੀਤਾ –

*ਧਾਰਨਾ – ਸਾਧ ਪਿਆਰਿਆ! ਤੂੰ ਤਾਂ ਮਨ ਆਪਣੇ ਨੂੰ।*
*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥ ਅੰਗ – 342*
*ਗੋ ਤੇ ਮਨ ਜੁ ਇਕਾਗਰ ਕਰਨੋ।*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1125***

ਕਹਿੰਦੇ, ਜਿਹੜਾ ਮਨ ਨੂੰ ਸਧਾਉਣਾ ਹੈ, ਤਾਂ ਇਹ ਜਿਹੜਾ ਸਾਰਾ ਕੌਤਕ ਹੈ, ਇਹਨੂੰ ਕਹਿੰਦੇ ਰਾਜਸੀ ਤਪ ਕਹਿੰਦੇ ਨੇ। ਪੰਜੇ ਗਿਆਨ ਇੰਦ੍ਰੀਆਂ ਪੰਜੇ ਕਰ ਇੰਦ੍ਰੀਆਂ, ਮਨ, ਚਿਤ, ਬੁੱਧ ਇਨ੍ਹਾਂ ਨੂੰ ਇੱਕ ਥਾਂ ਦੇ ਉਤੇ ਕੇਂਦਰਤ ਕਰਨਾ, ਇਕਾਗਰ ਕਰਨਾ–

*ਕਥਾ ਕੀਰਤਨ ਮਹਿੰ ਪੁਨ ਧਰਨੋ।* *--ਓਹੀ*

ਹਰੀ ਦਾ ਜਸ ਹੋ ਰਿਹਾ ਹੈ, ਕਥਾ ਵੀ ਹੋ ਰਹੀ ਹੈ, ਨਾਲ ਕੀਰਤਨ ਵੀ ਹੋ ਰਿਹਾ ਹੈ। ਇਨ੍ਹਾਂ ਦੋਹਾਂ ਦੇ ਵਿਚ ਮਨ ਨੂੰ ਇਕਾਗਰ ਕਰਕੇ ਧਰਨਾ ਕਰਨਾ ਤੇ ਇਹਦੇ ਨਾਲ ਗੱਲ ਸਮਝਣੀ। ਸਮਝ ਕੇ ਹਿਰਦੇ ਵਿਚ ਧਾਰਨ ਕਰਨੀ ਤੇ ਗੁਰੂ ਦੀ ਆਗਿਆ ਸਤਿ–ਸਤਿ ਕਰਕੇ ਮੰਨਣੀ।

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥*

***ਅੰਗ – 669***

ਜਿਹਨੇ ਸਤਿ–ਸਤਿ ਕਰਕੇ ਮੰਨੀ, ਉਹਨੂੰ ਫਲ ਕਿੰਨਾ ਹੈ? –

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*

***ਅੰਗ – 546***

ਕਈ ਕਰੋੜ ਜਗਾਂ ਦਾ ਫਲ, ਸਹਿਜ ਸੁਭਾਅ ਹਰੀ ਦੀ ਸੰਗਤ 'ਚ ਆ ਕੇ ਮਿਲ ਜਾਏਗਾ। ਸੋ ਮਹਾਰਾਜ ਕਹਿੰਦੇ –

*ਰੁਚਿ ਯੁਤਿ ਗੁਨਨ ਗਾਵਣਾ ਸੁਣਨੋ।* *--ਓਹੀ*

ਰੁਚੀ ਧਾਰ ਕੇ ਵਾਹਿਗੁਰੂ ਦੇ ਗੁਣਾਂ ਨੂੰ ਗਾਉਣਾ ਤੇ ਉਨ੍ਹਾਂ ਦੀ ਕਥਾ ਨੂੰ ਸ੍ਰਵਣ ਕਰਨਾ –

*ਮਿਲਕੇ ਸਤਿਸੰਗਤਿ ਨਿਤ ਗੁਣਨੋ।* *--ਓਹੀ*

ਰੋਜ਼ ਮਿਲ ਕੇ ਪ੍ਰਮੇਸ਼ਰ ਦੇ ਪਿਆਰਿਆਂ ਦੇ ਨਾਲ ਰਲ ਕੇ ਸਤਿਸੰਗ ਕਰਨੀ। ਕਹਿੰਦੇ ਹੇ ਪ੍ਰੇਮੀਆਂ! ਤੈਨੂੰ ਅਸੀਂ ਰਾਜਸੀ ਤਪ ਦਿਤਾ ਹੈ। ਹੁਣ ਇਹਦੇ ਵਿਚ ਫਰਕ ਕੀ ਹੈ। ਤਾਮਸੀ ਤਪ 'ਚ ਦੇਖ ਲੈ ਕਿੰਨੀ ਖੇਚਲ ਹੈ, ਫਲ ਥੋੜ੍ਹਾ ਹੈ। ਜਿਹੜਾ ਰਾਜਸੀ ਤਪ ਹੈ ਇਹਦੇ ਵਿਚ ਖੇਚਲ ਬਿਲਕੁਲ ਹੀ ਥੋੜ੍ਹੀ ਹੈ ਲੇਕਿਨ, ਫਲ ਹਜ਼ਾਰਾਂ ਗੁਣਾਂ ਜ਼ਿਆਦਾ ਹੈ, ਕਰੋੜਾਂ ਜੱਗਾਂ ਦਾ

ਫਲ ਹੁੰਦਾ ਹੈ।

ਉਸ ਵੇਲੇ ਦੋਹਾਂ ਨੇ ਕਿਹਾ ਕਿ ਪਾਤਸ਼ਾਹ! ਕ੍ਰਿਪਾ ਕਰਕੇ ਸਾਡੀ ਬੇਨਤੀ ਨੂੰ ਸਰਵਣ ਕਰੋ। ਸਾਡੇ ਮਨ 'ਚ ਹੋ ਗਿਆ ਸ਼ੰਕਾ, ਅਸੀਂ ਦੂਰ ਤੋਂ ਆਏ ਹਾਂ ਜਗਿਆਸਾ ਧਾਰ ਕੇ ਤੇ ਜੇ ਸਾਡਾ ਸ਼ੰਕਾ ਨਵਿਰਤ ਨਾ ਹੋਇਆ ਤਾਂ ਤੁਹਾਡਾ ਬਚਨ ਸਾਡੇ ਅੰਦਰ ਨਹੀਂ ਜਾ ਰਿਹਾ। ਮਹਾਰਾਜ ਕਹਿੰਦੇ, ਦੱਸੋ ਸ਼ੰਕਾ ਤਾਂ ਦੱਸਣਾ ਚਾਹੀਦਾ ਹੈ, ਕਿਉਂਕਿ ਸ਼ੰਕਾ ਤਾਂ ਦੱਸਣਾ ਹੀ ਇਹ ਸਾਧਨ ਹੈ। ਵੈਰਾਗ ਹੋਣਾ ਚਾਹੀਦਾ ਹੈ, ਵਿਵੇਕ ਹੋਣਾ ਚਾਹੀਦਾ ਹੈ, ਖਟਸਮਤੀ ਹੋਣੀ ਚਾਹੀਦੀ ਹੈ, ਮੋਖਸ਼ ਇੱਛਾ ਹੋਣੀ ਚਾਹੀਦੀ ਹੈ। ਚਾਰ ਚੀਜ਼ਾਂ ਜਗਿਆਸੂ 'ਚ ਹੋਣੀਆਂ ਚਾਹੀਦੀਆਂ ਹਨ। ਵੈਰਾਗ ਹੋਵੇ ਪਹਿਲਾਂ ਮਾਇਆ ਨਾਲੋਂ, ਮਾਇਆ ਅਸਤਿ ਹੈ ਤੇ ਵਾਹਿਗੁਰੂ ਨਾਲ ਮਿਲਣਾ ਹੈ। ਇਹ ਚਾਰ ਦਿਨ ਦਾ ਚਮਤਕਾਰਾ ਹੈ ਇਹ ਲੰਘ ਜਾਣਾ ਹੈ, ਇਹ ਵੈਰਾਗ ਹੋਣਾ ਚਾਹੀਦਾ ਹੈ। ਦੂਸਰਾ ਵਿਵੇਕ ਹੋਣਾ ਚਾਹੀਦਾ ਹੈ, ਵਿਵੇਕ ਹੈ ਕਿ ਵਾਹਿਗੁਰੂ ਸਤਿ ਹੈ ਤੇ ਜਿੰਨਾਂ ਇਹ ਦ੍ਰਿਸ਼ਟਮਾਨ ਹੈ ਇਹ ਸਭ ਬਦਲਣ ਵਾਲਾ ਹੈ। ਇਹ ਥਿਰ ਨਹੀਂ ਰਹਿੰਦਾ, ਇਹਨੇ ਚਲੇ ਹੀ ਜਾਣਾ ਹੈ, ਇਸ ਗੱਲ ਦਾ ਪੱਕਾ ਨਿਸ਼ਚਾ ਹੋਵੇ, ਇਹਨੂੰ ਵਿਵੇਕ ਕਹਿੰਦੇ ਨੇ। ਤੀਸਰਾ ਹੋਇਆ ਕਰਦਾ ਹੈ ਖਟਸਮਤੀ।

***ਸ਼ਮ ਦਮ ਸ਼੍ਰਧਾ ਤੀਸਰੀ ਸਮਾਧਾਨ ਉਪਰਾਮ॥***
***ਛਠੀ ਤਿਤੀਕਸ਼ਾ ਜਾਨਿਏਂ ਭਿੰਨ ਭਿੰਨ ਯਹ ਨਾਮ॥***
***ਮਨ ਵਿਸ਼ਯਨ ਤੇ ਰੋਕ ਨੋਂ ਸ਼ਮ ਤਿਹਿੰ ਕਹਤ ਸੁਧੀਰ॥***
***ਇੰਦ੍ਰਯਗਣ ਕੋ ਰੋਕਨੋਂ ਦਮ ਭਾਖਤ ਬੁਧ ਵੀਰ॥***

***ਵਿਚਾਰ ਸਾਗਰ ਪੰਨਾ - 5***

ਕਹਿੰਦੇ, ਸਮ ਹੁੰਦਾ ਹੈ ਸਰੀਰ ਦੇ ਨਾਲ ਕੋਈ ਵੀ ਬੁਰਾ ਕੰਮ ਨਾ ਕਰਨਾ। ਮਨ ਦੇ ਵਿਚ ਸਾਰੇ ਗੁਣ ਧਾਰਨ ਕਰਨੇ, ਔਗੁਣ ਸਾਰੇ ਕੱਢ ਦੇਣੇ। ਜਿਸ ਤਰ੍ਹਾਂ ਦੇ ਨਾਲ ਧੀਰਜ ਹੈ, ਖਿਮਾ ਹੈ, ਸ਼ਾਂਤੀ ਹੈ, ਦਇਆ ਹੈ, ਅਹਿੰਸਾ ਹੈ, ਸਤਿ ਹੈ, ਸੰਤੋਖ ਹੈ, ਬ੍ਰਹਮਚਰੀਯ ਹੈ, ਮਿੱਠਾ ਬੋਲਣਾ ਹੈ, ਤਪ ਹੈ, ਦਾਨ ਹੈ, ਇਹ ਸਾਰੀਆਂ ਚੀਜ਼ਾਂ ਸਮ ਦਮ, ਇਹ ਵੀਹ ਹੁੰਦੀਆਂ ਨੇ ਤੇ ਇਨ੍ਹਾਂ ਨੂੰ ਸਮ, ਦਮ ਕਹਿੰਦੇ ਨੇ। ਤੀਜੀ ਹੁੰਦੀ ਹੈ ਸ਼ਰਧਾ, ਸਮਾਧਾਨ ਕਰਾ ਲੈਣਾ, ਕੋਈ ਸ਼ੰਕਾ ਪੈ ਗਿਆ। ਉਹਦਾ ਸਮਾਧਾਨ ਕਰਾ ਲੈਣਾ। ਗੁਰੂ ਦੇ ਬਚਨਾਂ ਨੂੰ ਜਾਨਣ ਦਾ ਯਤਨ ਕਰਨਾ ਕਿ ਮਹਾਰਾਜ ਕੀ ਕਹਿੰਦੇ ਨੇ ਆਪਣਾ ਖਰੜ ਗਿਆਨ ਨਹੀਂ ਲਾਉਣਾ। ਬਹੁਤੇ ਖਰੜ ਗਿਆਨ ਲਾਈ ਜਾਂਦੇ ਨੇ। ਐਵੇਂ ਹੀ ਲਾਈ ਜਾਣਗੇ, ਏਧਰਲੀਆਂ-ਓਧਰਲੀਆਂ ਗੱਲਾਂ ਲਾਈ ਜਾਣਗੇ। ਉਪਦੇਸ਼ ਦੇਣ ਵਾਲੇ ਵੀ, ਬਹਿਸ ਕਰਨ ਵਾਲੇ ਵੀ। ਕੋਈ ਦਲੀਲ ਨਹੀਂ ਹੋਇਆ ਕਰਦੀ। ਸੋ ਮਹਾਰਾਜ ਕਹਿੰਦੇ, ਸਮਾਧਾਨ ਤੇ ਉਪਰਾਮ। ਸਭ ਕਾਸੇ ਤੋਂ ਉਪਰਾਮ ਰਹਿਣਾ। ਤਤਿਕਸ਼ਾ ਹੋਇਆ ਕਰਦੀ ਹੈ ਸੇਵਾ ਕਰਨੀ।

ਕਿੰਨੀ ਸੇਵਾ ਕਰੀ ਹੈ ਇਥੇ ਸੰਗਤਾਂ ਨੇ। ਕਿੰਨੀ ਪਿੰਡਾਂ ਨੇ ਸੇਵਾ ਕਰੀ ਹੈ, ਕਿਵੇਂ ਰਾਸ਼ਨ ਇਕੱਠੇ ਕਰੇ ਨੇ, ਕਿਵੇਂ ਲਿਆ-ਲਿਆ ਇੱਥੇ ਛਕਾਉਂਦੇ ਰਹੇ ਨੇ। ਇਹਨੂੰ ਤਤਿਕਸ਼ਾ ਕਹਿੰਦੇ ਨੇ। ਕਹਿੰਦੇ ਨਾਉਂ ਵੱਖਰੇ-ਵੱਖਰੇ ਕਰਕੇ ਦੱਸੇ ਨੇ। ਇਹਨੂੰ ਖਟਸ਼ਮਤੀ ਕਹਿੰਦੇ ਨੇ, ਫੇਰ ਹੁੰਦੀ ਹੈ ਮੋਖਸ਼ ਇੱਛਾ। ਪੱਕਾ ਇਰਾਦਾ ਕਿ ਏਸ ਜਨਮ ਦੇ ਅੰਦਰ-ਅੰਦਰ ਮੈਂ ਪ੍ਰਮੇਸ਼ਰ ਨੂੰ ਮਿਲਣਾ ਹੈ। ਇਹ ਚਾਰ ਤਾਂ ਹੁੰਦੇ ਨੇ - ਬਹਿਰੰਗ ਸਾਧਨ। ਚਾਰ ਹੁੰਦੇ ਨੇ ਅੰਤਰੰਗ। ਸੁਣਨਾ, ਜਿਵੇਂ ਤੁਸੀਂ ਸੁਣ ਰਹੇ ਓਂ। ਫੇਰ ਇਹਨੂੰ 100% ਮੰਨਣਾ। ਫੇਰ ਇਹਦਾ ਤਜਰਬਾ ਕਰਨਾ। ਦੇਖਣਾ, ਇਹਨੂੰ ਨਿਧਿਆਸਣ ਕਹਿੰਦੇ ਨੇ। ਫੇਰ ਇਹਦੀ ਪ੍ਰਾਪਤੀ ਨੂੰ ਅਨੁਭਵ ਕਰਨਾ। ਜਿਹਨੂੰ ਤੱਤ-ਤੁਆਉਂ ਕਹਿੰਦੇ ਨੇ। ਆਪਣੇ ਸਰੂਪ ਨੂੰ ਜਾਨਣਾ।

ਮਹਾਰਾਜ ਕਹਿੰਦੇ, ਭਾਈ ਪ੍ਰੇਮੀਆਂ! ਇਹ ਜਿਹੜੇ ਸਾਧਨ ਨੇ ਇਹ ਬਹੁਤ ਵੱਡਾ ਫਲ ਦਿੰਦੇ ਨੇ। ਕਹਿੰਦੇ, ਮਹਾਰਾਜ! ਸਾਡੇ ਮਨ 'ਚ ਹੋ ਗਿਆ ਸੰਸਾ। ਰਿਸ਼ੀ-ਮੁਨੀ ਜਿੰਨੇ ਅਸੀਂ ਸੁਣੇ ਨੇ, ਵੱਡੇ-ਵੱਡੇ ਰਿਸ਼ੀ ਸੁਣੇ ਨੇ। ਵਿਸ਼ਵਾਮਿੱਤਰ ਸੁਣਿਆ ਹੈ, 58000 ਸਾਲ ਤਪਸਿਆ ਕਰਦਾ ਰਿਹਾ। ਸੀਰਿੰਗੀ ਰਿਸ਼ੀ ਸੁਣਿਆ ਹੈ, 88000 ਸਾਲ ਤਪਸਿਆ ਕਰੀ, ਮਹਾਰਾਜ ਕਹਿੰਦੇ ਫੇਰ ਭਾਈ, ਉਨ੍ਹਾਂ ਦਾ ਕ੍ਰੋਧ ਤਾਂ ਮਰਿਆ ਨਾ। ਵਿਸ਼ਵਾਮਿਤਰ ਨੇ ਵਸ਼ਿਸਟ ਜੀ ਦਾ ਸੌ ਪੁੱਤਰ ਮਾਰ ਦਿਤਾ ਸੀ ਸਿਰਫ ਏਸ ਗੱਲ ਦੇ ਉਤੇ ਕਿ ਜਦੋਂ ਉਹ ਸਸ਼ਤਰਧਾਰੀ ਹੋ ਕੇ ਆਉਂਦਾ ਸੀ, ਤਾਂ ਉਹਨੂੰ ਰਾਜ ਰਿਖੀ ਕਹਿ ਦਿੰਦੇ ਸੀ। ਇੱਕ ਦਿਨ ਵੈਸੇ ਹੀ ਆ ਗਿਆ, ਓਸ ਦਿਨ ਵਸ਼ਿਸਟ ਜੀ ਨੇ ਕਿਹਾ ਆਓ, ਬ੍ਰਹਮਰਿਖੀ ਜੀ। ਕਹਿੰਦੇ, ਜੇ ਇਹ ਗੱਲ ਪਹਿਲਾਂ ਹੀ ਕਹਿ ਦਿੰਦੇ, ਮੈਂ ਤੁਹਾਡਾ ਸੌ ਪੁੱਤਰ ਤਾਂ ਨਾ ਮਾਰਦਾ। ਕਿੰਨਾ ਕ੍ਰੋਧ ਸੀ, ਇੱਕ ਮਾੜੀ ਜਿਹੀ ਗੱਲ ਤੇ ਸੌ ਪੁੱਤਰ ਮਾਰਿਆ ਉਹਨੇ। ਸੌ ਦਿਨ ਮਾਰਦਾ ਰਿਹਾ। ਦੁਰਬਾਸਾ ਰਿਸ਼ੀ ਸੀ, ਤਪ ਕਰਿਆ, ਸਰਾਪ ਹੀ ਦਿਤੇ ਉਸਨੇ। ਮਹਾਰਾਜ ਕਹਿੰਦੇ, ਮਨ ਤਾਂ ਸ਼ਾਂਤ ਨਾ ਹੋਇਆ ਫੇਰ ਤਪ ਦੇ ਨਾਲ।

ਕਹਿੰਦੇ, ਸੱਚੇ ਪਾਤਸ਼ਾਹ! ਅਸੀਂ ਤਾਂ ਜਿਹੜੇ ਪ੍ਰਵਾਨ ਪੁਰਸ਼ ਨੇ, ਜਿਨ੍ਹਾਂ ਦਾ ਲੋਕ ਆਦਰ ਕਰਦੇ ਨੇ ਹੁਣ ਤੁਸੀਂ ਬਾਬੇ ਫਰੀਦ ਨੂੰ ਹੀ ਲੈ ਲਓ। ਉਨ੍ਹਾਂ ਨੇ ਕਿੰਨੀ ਤਪਸਿਆ ਕਰੀ, ਅਸੀਂ ਉਸ ਦੇ ਬਾਰੇ ਇਸ ਤਰ੍ਹਾਂ ਨਾਲ ਸ੍ਰਵਣ ਕਰਿਆ ਹੈ -

***ਧਾਰਨਾ - ਤਨ ਸੁੱਕ ਕੇ ਹੱਡਾਂ ਦੀ ਮੁੱਠੀ ਹੋ ਗਿਆ,***
***ਅਜੇ ਵੀ ਨਾ ਰੱਬ ਬਹੁੜਿਆ।***
***ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥***
***ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥ ਅੰਗ - 1382***

ਕਹਿੰਦੇ, ਪਾਤਸ਼ਾਹ! ਨੌਜਵਾਨ ਫਰੀਦ, ਸੋਹਣੇ ਸੁੰਦਰ ਸਰੀਰ ਵਾਲਾ, ਜਦੋਂ ਪ੍ਰਮੇਸ਼ਰ ਨੂੰ ਟੋਲ੍ਹਣ ਲੱਗਿਆ, ਉਸ ਵੇਲੇ ਕਿੰਨਾ ਭਿਆਨਕ ਤਪ ਕਰਿਆ ਉਸਨੇ ਕਿ ਸੁੱਕ ਕੇ ਕੇਵਲ ਹੱਡੀਆਂ ਦੀ ਮੁੱਠੀ ਰਹਿ ਗਿਆ, ਢਾਂਚਾ ਰਹਿ

ਗਿਆ। ਵਜ਼ਨ ਕੁਛ ਸੇਰਾਂ 'ਤੇ ਆ ਗਿਆ ਥੋੜ੍ਹੇ ਜਿਹੇ ਚਿਰਾ 'ਚ।

ਪਾਤਸ਼ਾਹ! ਉਹਨੇ ਤਪ ਕਰਿਆ। ਫੇਰ ਇਸ ਤੋਂ ਵੀ ਜ਼ਿਆਦਾ ਤਪ ਕਰਿਆ, ਛੇ ਮਹੀਨੇ ਹੋ ਗਏ, ਖੂਹ 'ਚ ਲਟਕਦੇ ਨੂੰ, ਪਿੰਜਰ ਜਿਹੇ ਨੂੰ ਲਿਆ ਕੇ, ਸੰਗਲ ਬੰਨ੍ਹ ਕੇ ਲਟਕਾ ਦਿੰਦੇ ਸੀ, ਅੱਧ ਮੁਰਦਾ ਜਿਹਾ ਹੋਇਆ-ਹੋਇਆ, ਕਾਵਾਂ ਨੇ ਆਉਣਾ, ਠੂੰਗਾਂ ਮਾਰਨੀਆਂ, ਤਲੀਆਂ ਦਾ ਸਾਰਾ ਮਾਸ ਖਾ ਗਏ ਕੱਢ-ਕੱਢ ਕੇ। ਅਖੀਰ ਸੁਣਿਆ ਕਿ ਇਥੇ ਤਕ ਨੌਬਤ ਪਹੁੰਚ ਗਈ ਓਸਦੀ ਕਿ ਉਨ੍ਹਾਂ ਨੇ ਕਿਹਾ ਕਿ ਮੁਰਦਾ ਹੈ ਇਹ ਚਲੋ ਚੰਗੀ ਤਰ੍ਹਾਂ ਨਿਰਣਾ ਕਰੀਏ, ਪਹਿਲਾਂ ਜਾ ਕੇ ਅੱਖ ਦੇ ਉਤੇ ਠੁੰਗ ਮਾਰਨ ਲੱਗੇ, ਜਦੋਂ ਅੱਖ ਦੇ ਉਤੇ ਠੁੰਗ ਮਾਰਨ ਲੱਗੇ, ਓਸ ਵੇਲੇ ਬਾਬੇ ਫਰੀਦ ਨੇ ਇਸ ਤਰ੍ਹਾਂ ਧੀਮੀ ਆਵਾਜ਼ ਵਿਚ ਕਾਂ ਨਾਲ ਗੱਲ ਕਰੀ -

***ਧਾਰਨਾ - ਓ ਕਾਗਾ! ਏਹ ਦੋਏ ਨੈਣਾਂ ਮਤ ਛੇੜਿਓ।***
***ਮੈਨੂੰ ਪਿਰ ਦੇਖਣ ਦੀ ਆਸ।***
***ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ॥***
***ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥***

***ਅੰਗ - 1382***

ਸੱਚੇ ਪਾਤਸ਼ਾਹ! ਐਡੇ ਵੱਡੇ-ਵੱਡੇ ਉੱਗਰ ਤਪ ਕੀਤੇ ਨੇ, ਫਰੀਦ ਸੁੱਕ ਗਿਆ ਕਾਵਾਂ ਨੇ ਮੁਰਦਾ ਸਮਝ ਕੇ ਠੁੰਗ ਮਾਰਨ ਦਾ ਯਤਨ ਕਰਿਆ ਤੇ ਐਸਾ ਅਸੀਂ ਸੁਣਿਆ ਹੈ ਸਾਧਸੰਗਤ 'ਚ ਆ ਕੇ ਉਹਨੇ ਬੇਨਤੀ ਕਰੀ ਉਨ੍ਹਾਂ ਨੂੰ ਕਿ ਮੇਰੀਆਂ ਅੱਖਾਂ ਨਾ ਛੇੜੋ। ਸੱਚੇ ਪਾਤਸ਼ਾਹ! ਐਡੇ ਵੱਡੇ-ਵੱਡੇ ਤਪਾਂ ਦਾ ਵੀ ਫਲ ਘੱਟ ਹੋਇਆ ਕਰਦਾ ਹੈ?

ਮਹਾਰਾਜ ਕਹਿੰਦੇ, ਦੇਖੋ ਪ੍ਰੇਮੀਓਂ! ਤਪ ਤਾਂ ਵੱਡੇ-ਵੱਡੇ ਹੋਏ ਨੇ।

ਮੌਂਕੁਰ ਰਿਸ਼ੀ ਨੇ ਤਪ ਕਰਿਆ ਤੇ ਉਹਨੇ ਐਨਾ ਤਪ ਕਰਿਆ ਕਿ ਚੀਰਾ ਆ ਗਿਆ ਉਹਦੀ ਉਂਗਲੀ ਨੂੰ ਤੇ ਉਹਦੇ ਵਿਚੋਂ ਹਰਾ ਪਾਣੀ ਨਿਕਲਣ ਲੱਗ ਗਿਆ। ਉਸ ਵੇਲੇ ਨੱਚਣਾ ਸ਼ੁਰੂ ਕਰ ਦਿਤਾ ਉਸਨੇ। ਕਿੰਨੇ ਦਿਨ ਨੱਚਦਾ ਰਿਹਾ, ਕਿੰਨੇ ਮਹੀਨੇ ਨੱਚਦਾ ਰਿਹਾ, ਸਾਰਾ ਬ੍ਰਹਿਮੰਡ ਨਾਲ ਨੱਚਣ ਲੱਗ ਗਿਆ, ਦੇਵਤਿਆਂ ਦਾ ਦੇਵ ਲੋਕ ਵੀ ਨੱਚਣ ਲੱਗ ਗਿਆ। ਉਸ ਵੇਲੇ ਸ਼ਿਵਜੀ ਨੂੰ ਗੱਲ ਕਹੀ ਕਿ ਮਹਾਰਾਜ! ਇਹ ਰਿਸ਼ੀ ਨੂੰ ਸ਼ਾਂਤ ਕਰੋ, ਸਭ ਦੁਨੀਆਂ ਇਸਨੂੰ ਜਾ-ਜਾ ਕੇ, ਕਹਿ ਕੇ ਹਟ ਗਈ ਹੈ, ਜੀਵ ਜੰਤੂ ਬਹੁਤ ਦੁਖੀ ਹੋ ਰਹੇ ਨੇ, ਧਰਤੀਆਂ ਡੋਲ੍ਹ ਰਹੀਆਂ ਨੇ ਸਾਰੀਆਂ। ਕ੍ਰਿਪਾ ਕਰੋ। ਉਸ ਵੇਲੇ ਸ਼ਿਵਜੀ ਮਹਾਰਾਜ ਗਏ ਜਾ ਕੇ ਕਹਿਣ ਲੱਗੇ, ਮੌਂਕੁਰ ਰਿਸ਼ੀ ਤੈਨੂੰ ਕਾਹਦੀ ਖੁਸ਼ੀ ਚੜ੍ਹ ਗਈ ਕਿ ਤੂੰ ਐਨਾ ਨੱਚੀ ਜਾਂਦਾ ਹੈਂ। ਕਹਿੰਦਾ, ਨੱਚਾਂ ਨਾ, ਆਹ ਦੇਖ ਮੇਰੇ ਸਰੀਰ ਦੇ ਅੰਦਰ ਖੂਨ ਨਹੀਂ ਰਿਹਾ, ਹਰਾ ਪਾਣੀ ਬਣ ਗਿਆ, ਐਨੀ ਮੈਂ ਤਪਸਿਆ ਕਰੀ ਹੈ, ਸ਼ਿਵ ਜੀ ਨੇ ਉਸੇ ਵੇਲੇ ਚਾਕੂ ਲਿਆ, ਕਹਿੰਦੇ, ਮਾਰ ਮੇਰੀ ਉਂਗਲੀ 'ਤੇ, ਜਦੋਂ ਉਂਗਲੀ ਕੱਟੀ ਪਾਣੀ ਵੀ ਨਾ ਨਿਕਲਿਆ, ਸੁਆਹ ਗਿਰੀ ਥੱਲੇ। ਕਹਿੰਦੇ, ਤੇਰੇ ਤਾਂ ਪਾਣੀ ਹੈਗਾ ਹੀ, ਮੇਰੇ ਸੁਆਹ ਹੈ। ਕਹਿੰਦੇ, ਲੇਕਿਨ ਇਹ ਤਪ

ਜਿਹੜੇ ਨੇ ਇਹ ਪ੍ਰਮੇਸ਼ਰ ਤੱਕ ਨਹੀਂ ਪਹੁੰਚਾ ਸਕਦੇ ਕਿਉਂਕਿ ਤਮੋ ਗੁਣੀ ਤਪ ਨੇ। ਕਹਿੰਦੇ, ਮਹਾਰਾਜ ਫੇਰ ਫਲ ਕਿਵੇਂ ਘੱਟ ਹੋਇਆ?

ਕਹਿੰਦੇ, ਲਓ ਤੁਹਾਨੂੰ ਸਮਝਾਉਂਦੇ ਹਾਂ। ਕਹਿੰਦੇ, ਇੱਕ ਹੈ ਲੱਕੜਹਾਰਾ, ਉਹ ਲੱਕੜੀਆਂ ਜੰਗਲ 'ਚੋਂ ਵੱਢਦਾ ਹੈ, ਜੰਗਲ 'ਚੋਂ ਠੇਕਾ ਲੈ ਲਿਆ, ਪਹਾੜ ਦੇ ਉੱਤੇ। ਸਵਾਰੀ ਕੋਈ ਜਾਂਦੀ ਨਹੀਂ ਉਥੇ, ਪਗਡੰਡੀਆਂ ਦੇ ਉਤੇ ਜਾ ਕੇ ਲੱਕੜੀਆਂ ਵੱਢਦਾ ਹੈ। ਲੱਕੜੀਆਂ ਨੂੰ ਚੁਕਾ-ਚੁਕਾ ਕੇ ਮੋਢਿਆਂ 'ਤੇ, ਰੋੜ੍ਹ-ਰੋੜ੍ਹ ਕੇ ਪਹਾੜ ਦੀਆਂ ਚੋਟੀਆਂ ਤੋਂ ਹੇਠਾਂ ਲਿਆਉਂਦਾ ਹੈ ਤੇ ਉਥੋਂ ਪਾਣੀ ਦਾ ਆਸਰਾ ਲੈ ਕੇ, ਮੈਦਾਨ ਵਿਚ ਲਿਆਉਂਦਾ ਹੈ। ਮੈਦਾਨ 'ਚੋਂ ਆ ਕੇ, ਪਾਣੀ ਵਿਚੋਂ ਕੱਢਦਾ ਹੈ, ਕੱਢ ਕੇ ਫੇਰ ਗੱਡੀਆਂ 'ਚ ਲੱਦਦਾ ਹੈ, ਫੇਰ ਸ਼ਹਿਰ 'ਚ ਲਿਆਉਂਦਾ ਹੈ ਤੇ ਫੇਰ ਉਥੇ ਵੇਚਦਾ ਹੈ। ਕਹਿੰਦੇ, ਉਹਦੀ ਖੇਚਲ ਹੱਦ ਤੋਂ ਜ਼ਿਆਦਾ ਹੈ, ਮੁਨਾਫਾ ਬਹੁਤ ਘੱਟ ਹੈ, ਇਹਦੇ ਮੁਕਾਬਲੇ ਤੇ ਇੱਕ ਬੰਦਾ ਕੱਪੜੇ ਦਾ ਵਪਾਰ ਕਰਦਾ ਹੈ, ਨਾਲ ਦੀ ਨਾਲ ਲਿਆਉਂਦਾ ਹੈ, ਆਰਾਮ ਦੇ ਨਾਲ ਬੈਠ ਕੇ ਵੇਚੀ ਜਾਂਦਾ ਹੈ। ਬੇਅੰਤ ਮੁਨਾਫਾ ਕੱਢ ਲੈਂਦਾ ਹੈ। ਲੱਕੜੀਆਂ ਵਾਲਾ ਉਥੇ ਹੀ ਰਹਿ ਜਾਂਦਾ ਹੈ, ਤੂੜੀ ਦਾ ਵਪਾਰੀ ਉਥੇ ਹੀ ਰਹਿ ਜਾਂਦਾ ਹੈ। ਮੱਝਾਂ-ਗਾਈਆਂ ਦਾ ਵਪਾਰੀ ਉਥੇ ਹੀ ਰਹਿ ਜਾਂਦਾ ਹੈ। ਖੇਚਲ ਹੱਦ ਤੋਂ ਜ਼ਿਆਦਾ ਹੈ, ਕਹਿੰਦੇ ਜਿਹੜਾ ਦੂਸਰਾ ਹੈ ਉਹ ਕਹਿੰਦੇ ਮਾੜਾ ਜਿਹਾ ਹੀ ਕੰਮ ਕਰਦਾ ਹੈ, ਕੱਪੜਾ ਵੇਚੀ ਜਾਂਦਾ ਹੈ, ਰਾਸ਼ਨ ਵੇਚੀ ਜਾਂਦਾ ਹੈ, ਉਹਦੇ ਨਾਲ ਮੁਨਾਫਾ ਉਹਨੂੰ ਬਹੁਤ ਹੋ ਜਾਂਦਾ ਹੈ। ਕਹਿੰਦੇ, ਇੱਕ ਵੱਡੇ ਸ਼ਹਿਰ ਦੇ ਵਿਚ ਜੌਹਰੀ ਹੈ, ਉਹ ਹੀਰੇ ਜਵਾਹਰਾਤ ਦਾ ਕੰਮ ਕਰਦਾ ਹੈ, ਇੱਕ ਹੀਰਾ ਉਹਦਾ ਵਿਕ ਜਾਵੇ ਉਹਦਾ ਦੋ ਮਹੀਨਿਆਂ ਤੋਂ ਬਾਅਦ, ਹਜ਼ਾਰਾਂ ਰੁਪਏ ਉਸਨੂੰ ਮੁਨਾਫਾ ਹੋ ਜਾਂਦਾ ਹੈ। ਉਹ ਕਿਤੇ ਦੁਕਾਨ 'ਤੇ ਨਹੀਂ ਬਹਿੰਦਾ, ਆਪਣੇ ਘਰ ਰਹਿੰਦਾ ਹੈ, ਟੈਲੀਫੋਨਾਂ ਤੇ ਗੱਲਾਂ ਹੁੰਦੀਆਂ ਨੇ, ਲੋਕ ਆ ਕੇ ਸਮਾਂ ਲੈਂਦੇ ਨੇ ਕਿ ਫਲਾਣੇ ਦਿਨ ਮੈਂ ਆਉਣਾ ਹੈ, ਗੱਲ ਕਰਨੀ ਹੈ, ਓਦਣ ਫੇਰ ਹੀਰੇ ਕੱਢ ਲੈਂਦਾ ਹੈ, ਦਿਖਾਉਂਦਾ ਹੈ ਉਨ੍ਹਾਂ ਨੂੰ, ਦੋ ਹੀਰੇ ਵੀ ਵਿਕ ਜਾਣ, ਸਾਲਾਂ ਦੀ ਰੋਟੀ ਕਮਾ ਲੈਂਦਾ ਹੈ। ਖੇਚਲ ਕਿੰਨੀ ਘੱਟ ਤੇ ਫਲ ਕਿੰਨਾ ਜ਼ਿਆਦਾ। ਕਹਿੰਦੇ, ਇਸੇ ਤਰ੍ਹਾਂ ਨਾਲ ਜਿਹੜਾ ਰਾਜਸੀ ਤਪ ਹੈ, ਉਹ ਤਾਮਸੀ ਤਪ ਨਾਲੋਂ ਬੇਅੰਤ ਫਲ ਦੇਣ ਵਾਲਾ ਹੋਇਆ ਕਰਦਾ ਹੈ। ਉਹਦੇ ਵਿਚ ਆਪਣੇ ਆਪ ਦੀ ਖੋਜ ਕਰਨੀ ਪੈਂਦੀ ਹੈ। ਮਨ ਦੀ ਵੀ ਖੋਜ ਕਰਨੀ ਪੈਂਦੀ ਹੈ, ਇੰਦ੍ਰੀਆਂ ਉਤੇ ਵੀ ਪਹਿਰਾ ਦੇਣਾ ਪੈਂਦਾ ਹੈ। ਇਹੀ ਗੱਲ ਬਾਬੇ ਫਰੀਦ ਨੂੰ ਫੁਰਮਾਨ ਹੋਈ ਸੀ –

***ਧਾਰਨਾ – ਪਿਆਰੇ ਜੰਗਲਾਂ ਦੇ ਵਿਚ ਕਾਹਨੂੰ ਢੂੰਡਦੈਂ,***
***ਖੋਜ ਮਨ ਆਪਣੇ ਨੂੰ।***
***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥***
***ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥***

***ਅੰਗ – 1378***

ਤਾਮਸੀ ਤਪ ਬਾਰੇ ਤੁਹਾਨੂੰ ਦਸ ਦਿਤਾ, ਰਾਜਸੀ ਤੇ ਜੋ ਸਾਂਤਕੀ

ਤਪ ਨੇ, ਉਹ ਹੁੰਦਾ ਹੈ ਕਿ ਆਪਣੀਆਂ ਇੰਦ੍ਰੀਆਂ ਨੂੰ ਟਿਕਾਉਣਾ ਤੇ ਆਪਣੇ ਮਨ ਦੀ ਖੋਜ ਕਰਨੀ। ਆਪਣੇ ਸਰੀਰ ਦੀ ਖੋਜ ਕਰਨੀ। ਕਹਿੰਦੇ, ਇਸ ਤਰ੍ਹਾਂ ਦੇ ਨਾਲ ਇੰਦ੍ਰੀਆਂ ਨੂੰ ਕਾਬੂ ਕਰਨਾ, ਮਨ ਨੂੰ ਸਹੀ ਰਸਤੇ 'ਤੇ ਪਾਉਣਾ ਕਾਬੂ ਕਰਕੇ ਤੇ ਫੇਰ ਸਹੀ ਰਸਤੇ ਦੇ ਉਤੇ ਚਲਾਉਣਾ। ਇਹ ਸਾਂਤਕੀ ਤਪ ਹੋਇਆ ਕਰਦਾ ਹੈ, ਅੱਖਾਂ ਨੂੰ ਕਾਬੂ ਕਰਨਾ।

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਅੰਗ - 274***
***ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ ॥ ਅੰਗ - 1362***

ਜਿਹੜੇ ਸਾਧਸੰਗਤ ਦੇ ਦਰਸ਼ਨ ਨਹੀਂ ਕਰਦੇ ਨੈਣ, ਕਹਿੰਦੇ ਬੰਦ ਕਰਾ ਲਓ ਉਨ੍ਹਾਂ ਨੂੰ।

ਸੋ ਕਹਿਣ ਲੱਗੇ ਕਿ ਇੱਕ ਮਿਸਾਲ ਨਾਲ ਦਸਦੇ ਹਾਂ ਕਿ ਕਿਸੇ ਮਹਾਤਮਾ ਦੇ ਕੋਲ ਕੋਈ ਜਗਿਆਸੂ ਆਇਆ, ਕਹਿੰਦਾ ਮਹਾਰਾਜ! ਮੈਂ ਪ੍ਰਮੇਸ਼ਰ ਨੂੰ ਮਿਲਣਾ ਚਾਹੁੰਦਾ ਹਾਂ। ਕਹਿੰਦੇ, ਪੁਰਾਣਾ ਥੇਹ ਖੋਜ ਲੈ ਇਹਦੇ ਵਿਚੋਂ ਜਿਹੜੀਆਂ ਚੀਜ਼ਾਂ ਤੇਰਾ ਸਾਥ ਦੇਣ ਵਾਲੀਆਂ ਨਿਕਲਣਗੀਆਂ ਉਨ੍ਹਾਂ ਨੂੰ ਰੱਖ ਲੈ, ਬਾਕੀਆਂ ਨੂੰ ਸੁੱਟ ਦੇ। ਉਹਨੇ ਖੋਜਣਾ ਸ਼ੁਰੂ ਕਰ ਦਿਤਾ। ਸਾਰਿਆਂ ਨਾਲੋਂ ਪਹਿਲਾਂ ਸਰੀਰ ਦੀ ਖੋਜ ਕਰੀ, ਨੇਤਰਾਂ ਦਾ ਦਰਵਾਜ਼ਾ ਦੇਖਿਆ, ਨੇਤਰਾਂ ਵਿਚ ਇੱਕ ਇਸਤ੍ਰੀ ਨਿਕਲੀ ਜਿਹਦਾ ਨਾਮ ਲੱਜਾ ਸੀ, ਬਹੁਤ ਸੁੰਦਰ ਇਸਤ੍ਰੀ। ਇਹਨੇ ਨਮਸ਼ਕਾਰ ਕਰੀ, ਖੋਜ ਕਰਨ ਵਾਲੇ। ਕਹਿੰਦਾ, ਬੀਬੀ! ਤੂੰ ਕੌਣ ਹੈਂ, ਤੇਰਾ ਕੀ ਨਾਉਂ ਹੈ?

ਕਹਿੰਦੀ, ਮੇਰਾ ਨਾਉਂ ਹੈ ਲੱਜਾ ਤੇ ਮੈਂ ਨੇਤਰਾਂ ਦੇ ਵਿਚ ਵਸਦੀ ਹਾਂ। ਜੇ ਨਾ ਮੈਂ ਇਹਦੇ ਵਿਚ ਵਸਾਂ ਤਾਂ ਇਹ ਨੇਤਰ ਗਲਤ ਹੋ ਜਾਂਦੇ ਨੇ ਤੇ ਮੇਰਾ ਵੈਰੀ ਹੈਗਾ ਕਾਮ। ਤੂੰ ਮੇਰੀ ਮਦਦ ਕਰ, ਮੇਰੇ ਨਾਲ (ਲੱਜਾ) ਰਲ ਕੇ ਕਾਮ ਨੂੰ ਜਿੱਤ ਲੈ। ਗੁਰਬਾਣੀ ਦੀ ਮਦਦ ਲੈ ਇਹਦੇ ਵਾਸਤੇ। ਸ਼ੁਭ ਖਿਆਲਾਂ ਦੀ ਮਦਦ ਲੈ, ਇਸ ਤਰ੍ਹਾਂ ਦੇ ਨਾਲ ਫੁਰਮਾਨ ਹੈ -

***ਧਾਰਨਾ - ਧ੍ਰਿਗ ਤੇਰੇ ਓ ਨੈਣ ਬੰਦਿਆ,***
***ਜਿਹੜੇ ਗੁਰਾਂ ਦੇ ਦਰਸ ਤੋਂ ਹੀਣੇ।***

***ਧ੍ਰਿਗੁ ਲੋਇਣ ਗੁਰ ਦਰਸ ਵਿਣੁ ਵੇਖੈ ਪਰ ਤਰਣੀ।***
***ਭਾਈ ਗੁਰਦਾਸ ਜੀ, ਵਾਰ 27/10***

ਬੇਗਾਨੇ ਰੂਪ ਦੇਖਦੇ ਨੇ, ਕਹਿੰਦੇ ਉਹ ਧਿਰਕਾਰਯੋਗ ਨੈਣ ਨੇ। ਲੱਜਾ ਕਹਿਣ ਲੱਗੀ ਤੂੰ ਆਸਰਾ ਲੈ ਬਾਣੀ ਦਾ। ਗੁਰੂਆਂ ਦਾ ਆਸਰਾ ਲੈ ਤੇ ਮੇਰੇ ਨਾਲ ਰਲ ਤੇ ਕਾਮ ਵੈਰੀ ਦੇ ਉਤੇ ਆਪਾਂ ਫਤਹਿ ਪਾਈਏ। ਅੱਖਾਂ 'ਚ ਨਿਵਾਸ ਹੈ। ਜਗਿਆਸੂ ਨੇ ਇਸੇ ਤਰ੍ਹਾਂ ਕੀਤਾ, ਬਾਣੀ ਦਾ ਓਟ ਆਸਰਾ ਲਿਆ ਤੇ ਅੱਗੇ ਚੱਲ ਪਿਆ। ਅੱਗੇ ਜਾ ਕੇ ਆ ਗਿਆ, ਦਰਵਾਜ਼ਾ ਮੁੱਖ ਦਾ, ਉਹਦੇ ਵਿਚੋਂ ਦਇਆ ਨਿਕਲ ਆਈ, ਜੀਭ ਤੋਂ। ਕਹਿਣ ਲੱਗੀ, ਤੂੰ ਕੌਣ ਹੈਂ? ਕਹਿਣ ਲੱਗੀ, ਮੈਂ ਦਇਆ ਹਾਂ। ਕਹਿੰਦੇ, ਇੱਥੇ ਦੁਸ਼ਮਣ ਵੀ ਹੈ ਕੋਈ? ਕਹਿੰਦੀ, ਇੱਥੇ ਕ੍ਰੋਧ ਹੈ ਦੁਸ਼ਮਣ ਤੇ ਕਿਵੇਂ ਮਾਰਿਆ ਜਾਵੇਗਾ ਕ੍ਰੋਧ? ਕਹਿੰਦੇ, ਖਿਮਾ ਦਾ ਆਸਰਾ ਤੈਨੂੰ ਲੈਣਾ ਪਵੇਗਾ। ਖਿਮਾ

ਆ ਜਾਵੇ, ਤਾਂ ਕ੍ਰੋਧ ਮਰ ਜਾਂਦਾ ਹੈ।

ਮਹਾਰਾਜ ਰਣਜੀਤ ਸਿੰਘ ਚਲੇ ਜਾ ਰਹੇ ਨੇ ਤੇ ਅਚਾਨਕ ਇੱਕ ਵਾੜ ਦੇ ਓਹਲੇ, ਛੋਟੇ-ਛੋਟੇ ਬੱਚੇ ਨੇ, ਕੋਈ ਦੱਸ ਸਾਲ ਦਾ, ਕੋਈ ਅੱਠ ਸਾਲ ਦਾ, ਕੋਈ ਛੇ ਸਾਲ ਦਾ। ਇੱਕ ਬੇਰੀ ਹੈ ਉੱਚੀ, ਉਹਨੂੰ ਇੱਟਾਂ ਮਾਰ ਕੇ ਬੇਰ ਝਾੜਨ ਦਾ ਯਤਨ ਕਰ ਰਹੇ ਨੇ। ਇੱਕ ਬੱਚੇ ਨੇ ਜ਼ੋਰ ਨਾਲ ਇੱਟ ਮਾਰੀ, ਉਹ ਬੇਰੀ 'ਚ ਤਾਂ ਲੱਗੀ ਨਾ, ਉੱਪਰ ਚਲੀ ਗਈ, ਉਤੋਂ ਗਿਰ ਕੇ ਮਹਾਰਾਜੇ ਦੇ ਮੋਢੇ 'ਚ ਲੱਗੀ, ਬੜਾ ਦਰਦ ਹੋਇਆ। ਸੱਟ ਲੱਗੀ ਚੰਗੀ ਹੀ। ਉਸ ਵੇਲੇ ਮਹਾਰਾਜਾ ਰਣਜੀਤ ਸਿੰਘ ਨੇ ਕਿਹਾ ਕਿ ਕੌਣ ਹੈ ਬੰਦਾ ਜਿਹਨੇ ਇੱਟ ਮਾਰੀ ਹੈ ਮੇਰੇ? ਜਾਓ ਪਤਾ ਕਰੋ।

ਜਿਹੜੇ ਅੰਗਰਖਿਅਕ ਸੀ ਦੌੜ ਕੇ ਗਏ, ਚਾਰ ਪੰਜ ਤਮਾਚੇ ਮਾਰੇ ਬੱਚਿਆਂ ਦੇ, ਬਾਹਾਂ ਮਰੋੜ ਲਈਆਂ, ਫੜ ਕੇ ਲੈ ਆਏ।

ਮਹਾਰਾਜ ਕਹਿੰਦੇ, ਬੱਚਿਆਂ ਨੂੰ ਕੀ ਕਹਿੰਦੇ ਓਂ ਤੁਸੀਂ। ਇਨ੍ਹਾਂ ਨੇ ਮੇਰੇ ਕਿਤੇ ਜਾਣ ਕੇ ਇੱਟ ਮਾਰੀ ਹੈ, ਤੁਸੀਂ ਇਨ੍ਹਾਂ ਦੀਆਂ ਬਾਹਾਂ ਮਰੋੜੀਆਂ ਨੇ, ਕੁਛ ਅਕਲ ਤੋਂ ਵੀ ਕੰਮ ਲੈ ਲਿਆ ਕਰੋ। ਛੋਟੇ ਬੱਚੇ ਨੇ, ਪੰਜ ਸਾਲ ਦਾ, ਸੱਤ ਸਾਲ ਦਾ। ਉਸ ਵੇਲੇ ਮਹਾਰਾਜਾ ਬੜੇ ਪਿਆਰ ਦੇ ਵਿਚ ਆ ਕੇ ਬੱਚਿਆਂ ਨੂੰ ਪੁੱਛਣ ਲੱਗਿਆ, ਬੇਟਾ! ਤੁਸੀਂ ਮੇਰੇ ਇੱਟ ਕਿਉਂ ਮਾਰੀ ਹੈ? ਮੈਂ ਤਾਂ ਤੁਹਾਡਾ ਕੁਛ ਵਿਗਾੜਿਆ ਨਹੀਂ ਸੀ।

ਹੁਣ ਦੇਖੋ, ਕ੍ਰੋਧ ਜਿੱਤਿਆ ਜਾ ਰਿਹਾ ਹੈ। ਨਹੀਂ ਤਾਂ ਕ੍ਰੋਧ ਆ ਜਾਂਦਾ ਹੈ, ਕਹਿੰਦੇ ਕਿ ਮਾਰੋ, ਗਲ ਵੱਢ ਦਿਓ ਇਹਦਾ। ਅੱਗੇ ਵਾਸਤੇ ਨਾ ਕੋਈ ਕਰੇ।

ਕਹਿੰਦੇ, ਜੀ ਅਸੀਂ ਤੁਹਾਡੇ ਨਹੀਂ ਮਾਰੀ ਇੱਟ।

ਅੰਗਰੱਖਿਅਕ ਕਹਿੰਦੇ, ਮਾਰੀ ਨਹੀਂ, ਇਨ੍ਹਾਂ ਦੇ ਮੋਢੇ 'ਤੇ ਆ ਕੇ ਲੱਗੀ ਹੈ?

ਕਹਿੰਦੇ, ਨਾ ਤੁਸੀਂ ਨਾ ਬੋਲੋ, ਮੈਂ ਗੱਲ ਕਰਦਾ ਹਾਂ।

ਕਹਿੰਦੇ, ਨਾ ਬੇਟਾ, ਡਰੋ ਨਾ, ਸਹੀ-ਸਹੀ ਗੱਲ ਦੱਸੋ। ਕਹਿੰਦੇ, ਜੀ ਅਸੀਂ ਤਾਂ ਬੇਰ ਝਾੜਦੇ ਸੀ। ਬੇਰੀ ਦੇ ਇੱਟ ਮਾਰੀ ਸੀ। ਉਹ ਆ ਕੇ ਤੁਹਾਡੇ ਲਗ ਗਈ। ਬੇਰੀ 'ਚ ਲੱਗੀ ਨਾ, ਸਾਨੂੰ ਨਹੀਂ ਸੀ ਪਤਾ ਕਿ ਤੁਸੀਂ ਤੁਰੇ ਜਾ ਰਹੇ ਹੋਂ।

ਉਸ ਵੇਲੇ ਮਹਾਰਾਜਾ ਰਣਜੀਤ ਸਿੰਘ ਦਇਆ ਵਿਚ ਆ ਗਏ, ਖਿਮਾ ਵਿਚ ਆ ਗਏ।

ਆਪਣਾ ਪ੍ਰਾਈਵੇਟ ਸੈਕਟਰੀ ਬੁਲਾ ਲਿਆ, ਕਹਿੰਦੇ ਇਸ ਤਰ੍ਹਾਂ ਕਰੋ, ਦੋ ਪਿੰਡਾਂ ਦੀ ਜਗੀਰ ਇਨ੍ਹਾਂ ਮੁੰਡਿਆਂ ਨੂੰ ਲਿਖ ਦਿਓ। ਕਿ ਇਹ ਬੇਰੀ ਦੇ ਇੱਟ ਮਾਰਦੇ ਸੀ, ਬੇਰੀ ਬੇਰ ਦਿੰਦੀ ਹੈ, ਇਹਦੇ 'ਚ ਦਸੋ ਰਾਜੇ ਨੂੰ

ਦੇਣਾ ਚਾਹੀਦਾ ਹੈ? ਰਾਜਾ ਵੀ ਝੜਨਾ ਚਾਹੀਦਾ ਹੈ ਨਾ? ਦੋ ਪਿੰਡਾਂ ਦੀ ਜਗੀਰ ਦੇ ਦਿਤੀ ਤੇ ਕਿਹਾ ਕਿ ਦੇਖੋ, ਬੱਚਿਓ! ਕਿਤੇ ਫੇਰ ਨਾ ਮਾਰਿਓ, ਫੇਰ ਸਜ਼ਾ ਮਿਲੇਗੀ।

ਸਾਧਸੰਗਤ ਜੀ! ਕਿੰਨੀ ਖਿਮਾ ਹੈ, ਕਿਵੇਂ ਕ੍ਰੋਧ ਨੂੰ ਮਾਰ ਦਿਤਾ। ਸੋ ਇਹ ਖਿਮਾ ਵੱਡੀ ਚੀਜ਼ ਹੈ। ਸੋ ਇਸ ਤੋਂ ਬਾਅਦ ਅੱਗੇ ਚਲੇ ਗਏ, ਅੱਗੇ ਖੋਜ ਕਰਦੇ ਨੇ ਤੇ ਮਹਿਲ ਦਰਵਾਜ਼ਾ ਆ ਗਿਆ ਅੱਗੇ। ਉਹਦੇ 'ਚੋਂ ਨਿਕਲੀ ਕੀਰਤੀ, ਜਸ ਆ ਗਿਆ।

ਕਹਿਣ ਲੱਗੇ, ਤੇਰਾ ਵੀ ਕੋਈ ਵੈਰੀ ਹੈ?

ਕਹਿੰਦੇ, ਮੇਰਾ ਵੈਰੀ ਲੋਭ ਹੈ, ਜਦੋਂ ਲੋਭ ਦੇ ਵਿਚ ਆ ਕੇ, ਅਸੀਂ ਕਿਸੇ ਤੋਂ ਮੰਗ ਲਿਆ ਤਾਂ ਇੱਜ਼ਤ ਸਾਡੀ ਜਾਂਦੀ ਰਹਿੰਦੀ ਹੈ, ਸਾਰੀ ਕੀਰਤੀ ਨੂੰ ਧੱਕਾ ਲਗ ਜਾਂਦਾ ਹੈ। ਉਹਨੂੰ ਵੀ ਉਪਦੇਸ਼ ਦੇ ਕੇ ਉਹਨੇ ਜਿੱਤ ਲਿਆ।

ਇੱਕ ਸੁਥਰਾ ਸੀ, ਚੰਗਾ ਪੈਸਾ ਸੀ ਉਹਦੇ ਕੋਲ ਤੇ ਉਹਦੇ ਉਤੇ ਡਾਕੂ ਆ ਗਏ, ਡਾਕੂਆਂ ਨੇ ਆ ਕੇ ਸੁਥਰੇ ਦਾ ਸਾਰਾ ਡੇਰਾ ਲੁੱਟ ਲਿਆ, ਸਭ ਕੱਪੜੇ ਲੈ ਗਏ। ਜਦੋਂ ਕੱਪੜੇ ਲੈ ਕੇ ਚਲੇ ਗਏ। ਉਸ ਵੇਲੇ ਸੁਥਰਾ ਨੱਚਣ ਲੱਗ ਗਿਆ, ਇਕੱਲੀਓ ਕੁਪੀਨ ਰਹਿ ਗਈ ਉਹਦੇ ਤੇੜ। ਛਾਲਾਂ ਮਾਰਦਾ ਹੈ।

ਡਾਕੂ ਕਹਿਣ ਲੱਗੇ, ਤੈਨੂੰ ਕਿਹੜੀ ਖੁਸ਼ੀ ਚੜ੍ਹ ਗਈ। ਤੇਰਾ ਤਾਂ ਸਭ ਕੁਛ ਜਾਂਦਾ ਰਿਹਾ। ਕਹਿੰਦਾ, ਮੇਰਾ ਕੁਛ ਨਹੀਂ ਗਿਆ।

ਕਹਿੰਦਾ, ਕਿਉਂ?

ਕਹਿੰਦਾ, ਜੇ ਤੁਸੀਂ ਕੁਪੀਨ ਵੀ ਲੈ ਜਾਂਦੇ, ਮੈਂ ਨੰਗਾ ਹੀ ਰਹਿ ਜਾਣਾ ਸੀ। ਕਹਿੰਦਾ, ਤੇੜ ਜੋਗਾ ਤਾਂ ਤੁਸੀਂ ਛੱਡ ਦਿਤਾ। ਐਨਾ ਹੀ ਬਹੁਤ ਹੈ ਆਪਾਂ ਨੂੰ। ਇਹ ਤਾਂ ਮਾਲ ਫੇਰ ਆ ਜਾਣਾ ਹੈ। ਮੈਂ ਤਾਂ ਨੱਚਦਾਂ ਕਿ ਤੁਸੀਂ ਮੈਨੂੰ ਨਗਨ ਹੀ ਕਰ ਜਾਣਾ ਸੀ ਜੇ ਮੇਰੀ ਕੁਪੀਨ ਵੀ ਲੈ ਜਾਂਦੇ।

ਉਨ੍ਹਾਂ ਨੇ ਸੋਚਿਆ ਕਿ ਇਹ ਤਾਂ ਬੜਾ ਸੰਤੋਖੀ ਪੁਰਸ਼ ਹੈ। ਡਾਕੂਆਂ ਦੇ ਮਨ 'ਚ ਵੀ ਦਇਆ ਆ ਗਈ। ਸਾਰਾ ਮਾਲ ਮੋੜ ਕੇ ਸੁਥਰੇ ਨੂੰ ਕਹਿੰਦੇ ਸਾਨੂੰ ਆਪਣੇ ਚੇਲੇ ਬਣਾ ਲੈ। ਸਾਨੂੰ ਇਹ ਸੋਝੀ ਨਹੀਂ ਸੀ, ਅਸੀਂ ਤਾਂ ਰੌਲਾ ਪਾਉਣਾ ਸੀ, ਰੋਣਾ ਸੀਗਾ ਜੇ ਸਾਡਾ ਕੋਈ ਕੁਛ ਲੈ ਜਾਂਦਾ। ਸੋ ਲੋਭ ਨਹੀਂ ਕੀਤਾ ਉਸਨੇ।

ਇਵੇਂ ਜਿਵੇਂ ਸਮਦਰਸੀ ਬੱਚਾ ਸੀ, ਸੰਤੋਖ ਦੇ ਵਿਚ ਰਹਿਣ ਵਾਲਾ। ਉਹਨੂੰ ਇੱਕ ਸੇਠ ਨੇ ਗੋਦ ਲੈ ਲਿਆ। ਉਹ ਉਸਨੂੰ ਬਹੁਤ ਸੋਹਣਾ ਖਾਣਾ ਦੇਵੇ, ਸੋਹਣਾ ਰਹਿਣ ਵਾਸਤੇ ਦੇਵੇ। ਉਹਨੂੰ ਇੱਕ ਦਿਨ ਪੁੱਛਣ ਲੱਗਿਆ ਕਿ ਤੂੰ ਇਸ ਤਰ੍ਹਾਂ ਦੱਸ ਕਿ ਜਦੋਂ ਤੂੰ ਪਹਿਲਾਂ ਸੀ, ਰੁਲਦਾ ਖੁਲਦਾ ਜਦ ਚੰਗਾ ਸੀ ਕਿ ਹੁਣ ਚੰਗਾ ਹੈਂ? ਕਹਿੰਦਾ, ਉਸ ਵੇਲੇ ਉਵੇਂ ਵੀ ਚੰਗਾ ਸੀ, ਹੁਣ ਵੀ ਚੰਗਾ ਹਾਂ।

ਕਹਿੰਦਾ, ਜਦ ਵੀ ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ ਸੀ, ਹੁਣ ਵੀ ਕਿਸੇ ਚੀਜ਼ ਦੀ ਲੋੜ ਨਹੀਂ।

ਕਹਿੰਦਾ, ਬੜਾ ਤੂੰ ਤਾਂ ਅਕ੍ਰਿਤਘਣ ਹੈਂ।

ਕਹਿੰਦਾ, ਨਾ ਮੈਨੂੰ ਲੋੜ ਹੀ ਨਹੀਂ ਹੈ, ਜਿਸ ਹਾਲ 'ਚ ਵੀ ਹੋਵਾਂ, ਠੀਕ ਹੀ ਹਾਂ ਮੈਂ।

ਉਹਨੇ ਇੱਕ ਸੇਠਾਣੀ ਨੂੰ ਵੇਚ ਦਿਤਾ ਉਹ ਬੱਚਾ। ਉਹ ਲੈ ਗਈ, ਬੜੀ ਖੁਸ਼ ਹੋਈ। ਬੜਾ ਸੋਹਣਾ ਉਹਨੂੰ ਪਾਲਿਆ। ਬੜਾ ਵਧੀਆ ਉਹਨੂੰ ਰੱਖਿਆ, ਛੋਟਾ ਬੱਚਾ ਸੀ, ਇੱਕ ਦਿਨ ਪੁੱਛਣ ਲੱਗੀ ਕਿ ਬੇਟਾ, ਇਸ ਤਰ੍ਹਾਂ ਦਸ ਤੂੰ ਮੇਰੇ ਘਰ ਆ ਕੇ ਜ਼ਿਆਦਾ ਸੁਖੀ ਹੈਂ ਕਿ ਪਹਿਲਾਂ ਜ਼ਿਆਦਾ ਸੁਖੀ ਸੀ?

ਉਹ ਕਹਿੰਦਾ, ਬੀਬੀ! ਮੈਂ ਤਾਂ ਉਥੇ ਵੀ ਸੁਖੀ ਸੀ, ਇਥੇ ਵੀ ਸੁਖੀ ਹਾਂ। ਮੈਨੂੰ ਤਾਂ ਫਰਕ ਨਹੀਂ ਪੈਂਦਾ ਕੋਈ।

ਕਹਿੰਦੀ, ਤੂੰ ਤਾਂ ਬੜਾ ਖਰਾਬ ਹੈਂ? ਉਸ ਤੋਂ ਬਾਅਦ ਉਨ੍ਹਾਂ ਨੇ ਇੱਕ ਰਾਜੇ ਨੂੰ ਵੇਚ ਦਿਤਾ। ਰਾਜੇ ਦੇ ਚਲਿਆ ਗਿਆ, ਰਾਜੇ ਨੇ ਫੇਰ ਉਸਨੂੰ ਪੁੱਛਿਆ।

ਕਹਿਣ ਲੱਗਿਆ, ਐ ਲੜਕੇ! ਜਦੋਂ ਤੋਂ ਸੇਠ ਤੇ ਸੇਠਾਣੀ ਕੋਲ ਸੀ ਜਦ ਜ਼ਿਆਦਾ ਸੁਖੀ ਸੀ ਕਿ ਹੁਣ ਸੁਖੀ ਹੈਂ?

ਕਹਿਣ ਲੱਗਿਆ, ਮਹਾਰਾਜ! ਜਦੋਂ ਮੇਰੇ ਕੋਲ ਕੁਛ ਨਹੀਂ ਸੀ, ਮੈਂ ਰੁਲਦਾ ਫਿਰਦਾ ਸੀ, ਜਦ ਵੀ ਸੁਖੀ ਸੀ। ਹੁਣ ਵੀ ਸੁਖੀ ਹਾਂ, ਉਨ੍ਹਾਂ ਕੋਲ ਵੀ ਸੁਖੀ ਸੀ।

ਕਹਿੰਦਾ, ਕੀ ਗੱਲ?

ਕਹਿੰਦਾ, ਮੈਨੂੰ ਲੋੜ ਹੀ ਨਹੀਂ ਕਿਸੇ ਚੀਜ਼ ਦੀ।

ਜਿਹਦੇ ਕੋਲ ਸੰਤੋਖ ਦਾ ਧਨ ਹੈ, ਉਹਦੇ ਕੋਲ ਹਾਥੀਆਂ, ਘੋੜਿਆਂ, ਕਾਰਾਂ ਦਾ ਧਨ, ਪੈਸੇ ਦਾ, ਰਤਨਾਂ ਦਾ ਧਨ, ਧਰਤੀ ਦਾ ਧਨ ਜਿਹੜਾ ਹੈ, ਉਹ ਜਦ ਸੰਤੋਖ ਆ ਗਿਆ –

***ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ ॥ ਅੰਗ – 1373***

ਉਹ ਕਹਿੰਦਾ, ਤਿੰਨਾਂ ਲੋਕਾਂ ਦਾ ਰਾਜਾ ਜਿਹੜਾ ਹੈ ਉਹ ਕੰਗਾਲ ਹੈ, ਕਿਉਂਕਿ ਸੰਤੋਖ ਨਹੀਂ ਵਸਦਾ ਉਸਦੇ ਵਿਚ। ਸੰਤੋਖ ਦੇ ਨਾਲ ਲੋਭ ਦਾ ਨਾਸ਼ ਹੁੰਦਾ ਹੈ।

ਇਸੇ ਤਰ੍ਹਾਂ ਦੇ ਨਾਲ ਫੇਰ ਧੀਰਜ ਆ ਗਈ। ਧੀਰਜ ਨੇ ਮੋਹ ਨੂੰ ਜਿੱਤ ਲਿਆ। ਕਿਉਂਕਿ ਧੀਰਜ ਬੜਾ ਭਾਰਾ ਗੁਣ ਹੈ ਸਾਧਸੰਗਤ ਜੀ! ਜਿਹੜਾ ਧੀਰਜੀ ਬੰਦਾ ਹੈ, ਕੋਈ-ਕੋਈ ਹੁੰਦਾ ਹੈ ਧੀਰਜੀ ਬੰਦਾ, ਸਾਰੇ ਧੀਰਜ ਨਹੀਂ ਕਰਦੇ। ਕ੍ਰੋਧ 'ਚ ਆ ਕੇ ਆਦਮੀ ਕੰਬਣ ਲਗ ਜਾਂਦੇ ਨੇ।

ਮਾੜਾ ਜਿਹਾ ਨਿਰਾਦਰ ਹੋ ਜਾਏ, ਕੰਬਣ ਲੱਗ ਜਾਂਦੇ ਨੇ। ਧੀਰਜੀ ਬੰਦੇ ਥੋੜ੍ਹੇ ਹੀ ਦੇਖੇ ਨੇ।

ਇੱਕ ਵਾਰੀ ਸਾਧੂਆਂ 'ਚ ਸਵਾਲ ਚੱਲਿਆ। ਸਾਰੇ ਸਾਧੂ ਆਸਾਮ ਦੇ ਵਿਚ ਇਕੱਠੇ ਹੋਏ ਸੀ। ਨਾਗੇ ਸੀ, ਸੰਨਿਆਸੀ ਸੀ। ਉਥੇ ਚੱਲਿਆ ਕਿ ਕੋਈ ਸੰਤ ਹੈ ਜਿਹੜਾ ਸ਼ਾਂਤੀ ਅਰ ਧੀਰਜ ਦੇ ਵਿਚ ਰਹਿੰਦਾ ਹੋਵੇ। ਇੱਕ ਨਾਗਾ ਸਾਧੂ ਕਹਿਣ ਲੱਗਿਆ ਹਾਂ, ਮੈਂ ਇੱਕ ਸੰਤ ਦੇਖਿਆ ਹੈ।

ਕਹਿੰਦੇ, ਕਿੱਥੇ ਦੇਖਿਆ ਹੈ?

ਕਹਿੰਦੇ, ਹਰਖੋਵਾਲ ਰਹਿੰਦਾ ਹੈ।

ਉਹਦਾ ਨਾਉਂ ਬਾਬਾ ਜੁਆਲਾ ਸਿੰਘ ਹੈ। ਉਹ ਸੰਨਿਆਸੀ ਕਹਿਣ ਲੱਗਿਆ, ਬਿਲਕੁਲ ਗਲਤ। ਅੱਜ ਕਲਜੁਗ ਦੇ ਜ਼ਮਾਨੇ 'ਚ ਨਾ ਕੋਈ ਸ਼ਾਂਤੀ ਵਾਲਾ ਤੇ ਨਾ ਕੋਈ ਧੀਰਜ ਵਾਲਾ। ਕਹਿੰਦਾ, ਦੇਖ ਲੈ ਤੂੰ ਜਾ ਕੇ। ਕਹਿੰਦਾ, ਚੰਗਾ। ਮੈਂ ਨਿਰਣਾ ਕਰਕੇ, ਸੰਤਾਂ ਨੂੰ ਇੱਥੇ ਹੀ ਆ ਕੇ ਦੱਸਾਂਗਾ। ਹੁਸ਼ਿਆਰਪੁਰ ਉਤਰ ਗਿਆ, ਗੱਡੀ ਚੜ੍ਹ ਕੇ। ਇੱਥੋਂ ਪਤਾ ਕਰਕੇ, ਹਰਖੋਵਾਲ ਚਲਿਆ ਗਿਆ। ਹਰਖੋਵਾਲ ਜਾ ਕੇ ਪੁੱਛਣ ਲੱਗ ਗਿਆ ਕਿ ਕਿੱਥੇ ਨੇ ਸੰਤ ਜੁਆਲਾ ਸਿੰਘ। ਕਹਿੰਦੇ ਔਹ ਅੰਬਾਂ ਦੀ ਝੜੀ ਹੈ, ਉਥੇ ਉਨ੍ਹਾਂ ਦਾ ਆਸ਼ਰਮ ਹੈ। ਉਥੇ ਪਹੁੰਚ ਜਾਂਦਾ ਹੈ, ਉਥੇ ਪੁੱਛਿਆ ਤਾਂ ਉਹ ਕਹਿੰਦੇ ਬਾਬਾ ਜੀ ਤਾਂ ਬਾਹਰ ਨੂੰ ਗਏ ਹੋਏ ਨੇ।

ਕਿੱਥੇ ਹੋਣੇ ਨੇ?

ਕਹਿੰਦੇ, ਕਿਸੇ ਦਰਖਤ ਥੱਲੇ ਆਰਾਮ ਕਰਦੇ ਹੋਣੇ ਨੇ।

ਭੁੰਜੇ ਹੀ ਪੈ ਜਾਇਆ ਕਰਦੇ ਸੀ। ਮੌਜ ਹੁੰਦੀ ਹੈ ਮਹਾਤਮਾ ਦੀ।

ਟੋਲ੍ਹਦਾ-ਟੋਲ੍ਹਦਾ, ਚੋਅ ਦੇ ਅੱਗੇ ਚਲਿਆ ਗਿਆ, ਅੰਬਾਂ ਦੀ ਛਾਉਂ ਸੀ, ਉਥੇ ਇੱਕ ਸੇਵਾਦਾਰ ਮਿਲਿਆ, ਕਹਿੰਦਾ, ਕਿਉਂ ਬਈ ਬਾਬਾ ਕਿੱਧਰ ਹੈ?

ਕਹਿੰਦੇ, ਜੀ ਔਹ ਪਏ ਨੇ।

ਕਹਿੰਦਾ, ਕਿੱਥੇ?

ਕਹਿੰਦਾ ਜੀ, ਔਹ।

ਕਹਿੰਦਾ, ਪੱਕੀ ਤਰ੍ਹਾਂ ਕਹਿੰਦਾ ਹੈਂ?

ਔਹ ਖਾਕੀ ਚਾਦਰੇ ਵਾਲੇ।

ਅੰਦਰੋਂ ਡਰੇ ਵੀ ਕਿ ਜੇ ਕੋਈ ਹੋਰ ਹੋਇਆ ਕਿਤੇ ਉੱਠ ਕੇ ਮੈਨੂੰ ਕੁੱਟਣ ਹੀ ਨਾ ਲੱਗ ਜਾਏ। ਮੈਂ ਕਰਨੀ ਹੈ ਗੱਲ ਹੋਰ ਤਰ੍ਹਾਂ। ਕਹਿੰਦਾ, ਪੱਕਾ ਹੈ ਕਿ ਉਹ ਬਾਬਾ ਜੁਆਲਾ ਸਿੰਘ ਨੇ?

ਕੋਲ ਚਲਿਆ ਗਿਆ, ਉਹ ਆਰਾਮ ਨਾਲ ਪਏ ਨੇ, ਮੂੰਹ ਢਕਿਆ ਹੋਇਆ ਹੈ।

ਇਹਨੇ ਛਾਤੀ ਦੇ ਉਤੇ ਜੁੱਤੀ ਸਣੇ ਪੈਰ ਰੱਖ ਦਿਤਾ। ਬਾਬਾ ਜੀ ਨੇ ਹੌਲੀ ਦੇ ਕੇ ਹੱਥ ਬਾਹਰ ਕੱਢੇ। ਚਰਨ ਘੁੱਟਣ ਲੱਗ ਗਏ, ਕਹਿੰਦੇ, ਧੰਨ ਭਾਗ! ਧੰਨ ਭਾਗ। ਤੂੰ ਚਰਨਾਂ ਦੀ ਛੋਹ ਦੇ ਕੇ ਮੈਨੂੰ ਪਵਿੱਤਰ ਕਰ ਦਿਤਾ।

ਇਹਨੇ ਚਰਨ ਛੁਡਾ ਕੇ ਠੇਡਾ ਮਾਰਿਆ। ਠੇਡਾ ਮਾਰਿਆ ਤੇ ਬਾਬਾ ਜੀ ਉੱਠ ਕੇ ਬੈਠ ਗਏ। ਜਦ ਦੇਖਿਆ ਕਿ ਸਾਧੂ ਖੜ੍ਹਾ ਹੈ, ਨਮਸ਼ਕਾਰ ਕਰਨ ਲੱਗ ਪਏ। ਕਹਿੰਦੇ, ਤੁਸੀਂ ਸੱਚੀਂ ਹੀ ਮੇਰੀ ਭੁੱਲ ਦੀ ਸਜ਼ਾ ਦਿਤੀ ਹੈ। ਤੁਸੀਂ ਐਡੀ ਦੂਰੋਂ ਮਹਾਂਪੁਰਸ਼ ਆਏ ਤੇ ਮੈਂ ਪਿਆ-ਪਿਆ ਹੀ ਗੱਲਾਂ ਕਰਦਾ ਹਾਂ। ਬਖਸ਼ੋ ਮਹਾਰਾਜ ਮੈਨੂੰ ਬਖਸ਼ੋ। ਜਦੋਂ ਐਨੀ ਗੱਲ ਕਹੀ ਰੋਣ ਲੱਗ ਗਿਆ ਸੰਨਿਆਸੀ, ਧਾਹਾਂ ਮਾਰਨ ਲੱਗ ਗਿਆ। ਕਹਿੰਦਾ, ਬਾਬਾ ਜਵਾਲਾ ਸਿੰਘਾਂ! ਸਿਰਫ ਮੈਂ ਤੈਨੂੰ ਦੇਖਿਆ ਹੈ ਇੱਕ ਧੀਰਜੀ ਬੰਦੇ ਨੂੰ ਤੇ ਸ਼ਾਂਤੀ ਵਾਲੇ ਨੂੰ। ਨਹੀਂ ਤਾਂ ਨਾਉਂ ਸ਼ਾਂਤੀ ਪ੍ਰਕਾਸ਼ ਹੋਏਗਾ, ਹੁੰਦਾ ਅਗਨ ਪ੍ਰਕਾਸ਼ ਹੈ। ਗੱਲ ਕਰ ਲਓ ਉਹਦੇ ਨਾਲ, ਵੱਢ ਖਾਣਿਆਂ ਵਾਂਗੂੰ ਪੈਂਦਾ ਹੈ। ਸੋ ਵਿਰਲੇ-ਵਿਰਲੇ ਨੇ।

ਬਾਬਾ ਅਜੀਤ ਸਿੰਘ ਨਥਲਪੁਰ ਵਾਲੇ, ਇਹ ਜਾਂਦੇ ਨੇ, ਮੋਰਿੰਡੇ ਤੋਂ ਜਾ ਰਹੇ ਸੀ, ਰੰਗੀਆਂ ਪਿੰਡ ਦੇ ਕੋਲੋਂ ਲੰਘੇ, ਉਥੇ ਲਾਭ ਸਿੰਘ ਹੁੰਦਾ, ਉਹ ਭੂਤ ਕੱਢਦਾ ਹੁੰਦਾ। ਬਾਬਾ ਜੀ ਨੇ ਕਿਹਾ, ਲਾਭ ਸਿੰਘਾਂ! ਕਾਹਨੂੰ ਉਲਟੇ ਚੱਕਰਾਂ 'ਚ ਪੈ ਗਿਆ। ਬੀਬੀਆਂ ਬੈਠੀਆਂ ਸੀ, ਭਾਈ ਬੈਠੇ ਸੀ, ਉਹਨੇ ਸਮਝਿਆ ਮੇਰੀ ਬੇਇਜ਼ਤੀ ਕਰ ਦਿਤੀ ਸਾਰਿਆਂ ਦੇ ਸਾਮ੍ਹਣੇ, ਉੱਠਿਆ, ਕਹਿੰਦਾ ਤੈਨੂੰ ਕੀਹਨੇ ਕਿਹਾ ਹੈ ਇੱਥੇ ਆਉਣ ਨੂੰ? ਬਾਬਾ ਜੀ ਦਾ ਨਾਲੇ ਕੰਬਲ ਖੋਹ ਲਿਆ, ਨਾਲੇ ਧੱਕੇ ਮਾਰ ਦਿਤੇ। ਕਈ ਪ੍ਰੇਮੀ ਬੈਠੇ ਸੀ, ਬੜੇ ਨਰਾਜ਼ ਹੋਏ, ਉਨ੍ਹਾਂ ਨੇ ਗੱਲ ਬਾਹਰ ਫੈਲਾ ਦਿਤੀ। ਬਾਬਾ ਜੀ ਨੇ ਦੇਖ ਲਿਆ ਇਹਨੂੰ ਕੁੱਟਣਗੇ ਆਪਸ ਵਿਚ। ਉਹ ਰੇਲ ਦੀ ਪਟੜੀ 'ਤੇ ਬੈਠ ਗਏ, ਉਥੇ ਹੀ ਮੋਰਿੰਡੇ ਕੋਲ। ਇਧਰਲੇ ਪਾਸੇ ਜਦੋਂ ਸਿੰਘਾਂ ਨੂੰ ਪਤਾ ਲੱਗਿਆ, ਜੋਗਿੰਦਰ ਸਿੰਘ ਉਨ੍ਹਾਂ ਸਾਰਿਆਂ ਨੂੰ। ਇਹ ਇਕੱਠ ਕਰਕੇ ਤੁਰੇ ਕਿ ਚਲੋ, ਇਸ ਤੋਂ ਪੁੱਛਦੇ ਹਾਂ ਕਿ ਬਾਬੇ ਨੂੰ ਕਿਉਂ ਧੱਕੇ ਮਾਰੇ। ਉਹ ਰਾਹ ਵਿਚ ਬੈਠੇ ਸੀ, ਕਹਿੰਦੇ, ਸਾਊ! ਉਰ੍ਹੇ ਆਓ, ਉਰ੍ਹੇ, ਕਿਧਰ ਨੂੰ ਜਾ ਰਹੇ ਓਂ, ਆਹ ਡਾਗਾਂ ਚੁੱਕੀਆਂ ਨੇ। ਕਹਿੰਦੇ, ਬਾਬਾ ਜੀ! ਤੁਹਾਡਾ ਬੜਾ ਨਿਰਾਦਰ ਕਰਿਆ ਹੈ ਇਨ੍ਹਾਂ ਨੇ। ਕਹਿੰਦੇ, ਬਹਿ ਜਾਓ, ਬਹਿ ਜਾਓ। ਸਾਰੇ ਬਿਠਾਲ ਲਏ, ਕਹਿੰਦੇ ਦੇਖੋ, ਸਿਆਣਾ ਬੰਦਾ ਇਸ ਤਰ੍ਹਾਂ ਸੋਚਦਾ ਹੁੰਦਾ ਹੈ ਕਿ ਕਸੂਰ ਕੀਹਦਾ ਹੈ? ਕਸੂਰ ਤਾਂ ਮੇਰਾ ਸੀ, ਉਹ ਭੂਤ ਕੱਢਦਾ ਸੀ, ਮੈਨੂੰ ਕੀ ਲੋੜ ਸੀ ਉਹਦੇ ਕੋਲ ਜਾਣ ਦੀ। ਮੈਂ ਜਾ ਕੇ ਉਹਨੂੰ ਉਪਦੇਸ਼ ਦਿਤਾ, ਉਹਨੇ ਭਾਈ, ਫੇਰ ਮੇਰਾ ਕੰਬਲ ਲਾਉਣਾ ਹੀ ਸੀ। ਤਾਂ ਕੀ ਫਰਕ ਪੈ ਗਿਆ ਜੇ ਕੰਬਲ ਲਾਹ ਲਿਆ। ਮੇਰੇ ਕੋਲ ਹੋਇਆ ਕਿ ਉਹਦੇ ਕੋਲ

ਹੋਇਆ, ਸੋ ਇਹ ਧੀਰਜ 'ਤੇ ਸ਼ਾਂਤੀ ਦੋ ਵੱਡੇ ਗੁਣ ਨੇ ਜਿਹੜੇ ਹਰੇਕ 'ਚ ਹੁੰਦੇ ਨਹੀਂ।

*ਬ੍ਰਹਮ ਗਿਆਨੀ ਕੈ ਧੀਰਜੁ ਏਕ ॥*
*ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥ ਅੰਗ - 272*

ਹੁਣ ਇਸ ਤੋਂ ਬਾਅਦ ਸ਼ਾਂਤੀ ਆਉਂਦੀ ਹੈ, ਸ਼ਾਂਤੀ ਕਹਿੰਦੀ ਮੇਰਾ ਵੈਰੀ ਹੰਕਾਰ ਹੈ, ਮੈਂ ਹਿਰਦੇ 'ਚ ਰਹਿੰਦੀ ਹਾਂ ਤੇ ਮੇਰੇ ਨਾਲ ਜੇ ਕੋਈ ਪਿਆਰ ਕਰੇ ਤਾਂ ਮੈਂ ਆਤਮ ਗਿਆਨ ਕਰਾ ਦਿੰਦੀ ਹਾਂ। ਸ਼ਾਂਤੀ ਤੇ ਧੀਰਜ ਰੱਖ ਲਈਆਂ ਬਾਕੀ ਉਹਨੇ ਛੱਡ ਦਿਤੀਆਂ। ਇਹਦੇ ਨਾਲ ਬ੍ਰਹਮਗਿਆਨ ਦੇ ਵਿਚ ਪ੍ਰਵੇਸ਼ ਕਰਕੇ ਕਹਿੰਦੇ ਉਹ ਜੀਵਨ ਮੁਕਤ ਹੋ ਗਿਆ। ਮਹਾਰਾਜ ਕਹਿਣ ਲੱਗੇ, ਪ੍ਰੇਮੀਓਂ! ਆਪਣੇ ਆਪ ਦੀ ਖੋਜ ਕਰੋ। ਮਨ ਦੇ ਵਿਚ ਵਾਸ਼ਨਾਵਾਂ ਰਹਿੰਦੀਆਂ ਨੇ। ਵਾਸ਼ਨਾ 'ਤੇ ਪਾਓ ਕਾਬੂ, ਵਾਸ਼ਨਾਵਾਂ ਨੇ ਬਹੁਤ ਕਿਸਮ ਦੀਆਂ। ਪਹਿਲਾਂ ਧਨ ਵਾਸ਼ਨਾ ਹੈ, ਧਨ ਵਾਸ਼ਨਾ 'ਚ ਲੱਗਿਆ ਹੋਇਆ ਬੰਦਾ, ਹਰ ਵਕਤ ਮਾਇਆ ਦਾ ਧਿਆਨ ਰੱਖਦਾ ਹੈ। ਕਹਿੰਦੇ, ਨਤੀਜਾ ਕੀ ਹੁੰਦਾ ਹੈ? ਬਹੁਤ ਭਿਆਨਕ -

*ਧਾਰਨਾ - ਸੱਪ ਬਣ ਜਾਂਦੇ ਨੇ,*
*ਮਾਇਆ ਵਿਚ ਧਿਆਨ ਜਿਨ੍ਹਾਂ ਦਾ।*

ਧਿਆਨ ਮਾਇਆ ਵਿਚ ਰਹਿ ਜਾਏ ਮਰਨ ਵੇਲੇ -

*ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਸਰਪ ਜੋਨਿ ਵਲਿ ਵਲਿ ਅਉਤਰੈ ॥ ਅੰਗ - 526*

ਸੱਪ ਬਣ ਜਾਂਦਾ ਹੈ।

ਇੱਕ ਵਾਰੀ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਊਨੇ ਵਾਲੇ ਅੰਮ੍ਰਿਤਸਰ ਆਏ, ਆਪ ਦਾ ਦੀਵਾਨ ਲੱਗਿਆ ਹੋਇਆ ਹੈ, ਕੀਰਤਨ ਹੋ ਰਿਹਾ ਹੈ, ਆਪ ਬਚਨ ਸੁਣਾ ਰਹੇ ਨੇ। ਉਸ ਵੇਲੇ ਕੀ ਦੇਖਦੇ ਨੇ, ਇੱਕ ਮਹਿਲ ਸੀ ਫਟਿਆ ਹੋਇਆ, ਉਹਦੇ ਵਿਚੋਂ ਇੱਕ ਵੱਡਾ ਕਾਲਾ ਨਾਗ ਨਿਕਲਿਆ, ਬਾਬਾ ਜੀ ਵਲ ਨੂੰ ਆਈ ਜਾਵੇ। ਕਹਿੰਦੇ, ਮਾਰਿਓ ਨਾ ਭਾਈ। ਫੇਰ ਹਟਾ ਦੇਣ ਫੇਰ ਆ ਜਾਵੇ, ਫੇਰ ਹਟਾਉਣ ਫੇਰ ਆ ਜਾਵੇ। ਬਾਬਾ ਜੀ ਕਹਿੰਦੇ, ਆ ਜਾਣ ਦਿਓ। ਸਾਮ੍ਹਣੇ ਆ ਗਿਆ, ਆ ਕੇ ਜਿੱਥੇ ਬਾਬਾ ਜੀ ਬੈਠੇ ਸੀ ਫਣ ਫੈਲਾ ਲਿਆ, ਖੜ੍ਹ ਗਿਆ। ਬਾਬਾ ਜੀ ਕਹਿੰਦੇ, ਆਹ ਸਾਡਾ ਗੜ੍ਹਵਾ ਹੈ, ਜਿਹੜਾ ਨਾਮ ਜਪਣ ਵੇਲੇ ਅਸੀਂ ਕੋਲ ਰੱਖਦੇ ਹਾਂ, ਇਹਦੇ 'ਚੋਂ ਜਲ ਦਾ ਛਿੱਟਾ ਮਾਰਿਓ ਇਹਦੇ ਉੱਤੇ। ਚੂਲੀ ਭਰੀ, ਛਿੱਟਾ ਮਾਰ ਦਿਤਾ, ਉਥੇ ਹੀ ਗਿਰ ਗਿਆ, ਗਿਰ ਕੇ ਕੀ ਹੋਇਆ, ਧੂਆਂ ਜਿਹਾ ਨਿਕਲ ਆਇਆ ਵਿਚੋਂ, ਨਮਸ਼ਕਾਰਾਂ ਕਰੀ ਜਾਂਦਾ ਹੈ ਬਾਬਾ ਜੀ ਨੂੰ। ਸਾਰਿਆਂ ਨੇ ਕਿਹਾ ਬਾਬਾ ਜੀ! ਕਿਸੇ ਨੂੰ ਦਿਸਦਾ ਨਹੀਂ, ਸਿਵਾਏ ਬਾਬਾ ਜੀ ਤੋਂ। ਕਹਿਣ ਲੱਗੇ, ਬਾਬਾ ਜੀ! ਇਹ ਕੀ ਕੌਤਕ ਵਰਤਿਆ, ਪਾਣੀ ਪਾਉਣ 'ਤੇ ਹੀ ਸੱਪ ਮਰ ਗਿਆ। ਇਹ ਤੁਹਾਡੇ ਵੱਲ ਨੂੰ ਬਾਰ-ਬਾਰ ਕਿਉਂ ਆਉਂਦਾ ਸੀ? ਕਹਿੰਦੇ, ਭਾਈ ਪ੍ਰੇਮੀਓ! ਇਹ ਦਰਬਾਰ ਸਾਹਿਬ ਦਾ ਗ੍ਰੰਥੀ ਸੀਗਾ,

ਪੁਜਾਰੀ ਸੀ, ਹਰ ਵਕਤ ਪੈਸੇ 'ਚ ਧਿਆਨ ਰੱਖਦਾ ਸੀ। ਹਰ ਵਕਤ ਪੈਸਾ, ਹਰ ਵਕਤ ਪੈਸਾ, ਐਧਰੋਂ ਵੀ ਮਿਲ ਜਾਏ, ਓਧਰੋਂ ਵੀ ਮਿਲ ਜਾਏ, ਕਹਿ-ਕਹਿ ਕੇ ਪੈਸੇ ਇਕੱਠੇ ਕਰਦਾ ਸੀ। ਕਹਿੰਦੇ, ਹੁਣ ਪੈਸਾ ਹੋ ਗਿਆ ਬਹੁਤਾ ਤੇ ਜਦ ਮਰਿਆ ਤਾਂ ਕਹਿੰਦਾ ਧਿਆਨ ਆ ਗਿਆ ਕਿ ਉਥੇ ਦੱਬਿਆ ਹੋਇਆ ਹੈ, ਓਥੇ ਦੱਬਿਆ ਹੋਇਆ ਹੈ। ਕਹਿੰਦੇ, ਹੁਣ ਫੇਰ, ਗੁਰੂ ਮਹਾਰਾਜ ਜਿਵੇਂ ਫੁਰਮਾਨ ਕਰਦੇ ਨੇ - ***ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਸਰਪ ਜੋਨਿ ਵਲਿ ਵਲਿ ਅਉਤਰੈ ॥' (ਅੰਗ - 526)***

ਕਹਿੰਦੇ, ਹੁਣ ਸੱਪ ਬਣ ਕੇ ਦੁਖੀ ਹੋ ਗਿਆ, ਕੁਛ ਥੋੜ੍ਹਾ ਜਿਹਾ ਗਿਆਨ ਰਹਿ ਗਿਆ ਪਿਛਲੇ ਜਨਮ ਦਾ, ਇਸ ਕਰਕੇ ਸਤਿਸੰਗ ਦਾ ਆਸਰਾ ਲੈ ਕੇ ਚਾਹੁੰਦਾ ਸੀ, ਮੇਰੀ ਖਲਾਸੀ ਹੋ ਜਾਏ, ਸੋ ਇਹਦੀ ਖਲਾਸੀ ਹੋ ਗਈ। ਇਸੇ ਤਰ੍ਹਾਂ ਦੇ ਨਾਲ ਆਦਮੀ ਦੇ ਅੰਦਰ ਵਾਸ਼ਨਾ ਹੈ ਕਿ ਮੇਰੀ ਜਾਇਦਾਦ ਬਣ ਜਾਏ। ਮੇਰੀਆਂ ਕੋਠੀਆਂ ਬਣ ਜਾਣ। ਮੇਰੀਆਂ ਦੁਕਾਨਾਂ ਬਣ ਜਾਣ, ਮੇਰਾ ਔਹ ਬਣ ਜਾਏ, ਆਹ ਬਣ ਜਾਏ। ਮਹਾਰਾਜ ਕਹਿੰਦੇ ਪ੍ਰੇਮੀਓਂ! ਇਹ ਵਾਸ਼ਨਾ ਵੀ ਬੜੀ ਦੁਖਦਾਇਕ ਹੈ -

***ਧਾਰਨਾ - ਬਣਦੇ ਪ੍ਰੇਤ ਨੇ, ਮੰਦਰਾਂ ਨਾਲ ਜੋੜ ਪ੍ਰੀਤਾਂ।***

ਜਿਨ੍ਹਾਂ ਦਾ ਜਾਇਦਾਦ ਵਿਚ ਸਾਰੀ ਜ਼ਿੰਦਗੀ ਧਿਆਨ ਰਹਿੰਦਾ ਹੈ ਕਿ ਮੈਂ ਆਹ ਜ਼ਮੀਨ ਬਣਾ ਲਵਾਂ, ਔਹ ਕੋਠੀ ਲੈ ਲਵਾਂ, ਔਹ ਸ਼ਹਿਰ 'ਚ ਲੈ ਲਵਾਂ। ਜਦੋਂ ਜਾਂਦਾ ਹੈ, ਕੁਦਰਤੀ ਤੌਰ 'ਤੇ ਧਿਆਨ ਉਹਦਾ ਉਨ੍ਹਾਂ 'ਚ ਰਹਿ ਜਾਂਦਾ ਹੈ ਤੇ ਮਰਨ ਤੋਂ ਬਾਅਦ ਭੂਤ ਬਣ ਕੇ ਉਨ੍ਹਾਂ 'ਚ ਰਹਿਣਾ ਸ਼ੁਰੂ ਕਰ ਦਿੰਦਾ ਹੈ।

ਇੱਕ ਵਾਰੀ ਇੱਕ ਮਹਾਤਮਾ ਹਜ਼ੂਰ ਸਾਹਿਬ ਨੂੰ ਜਾਂਦੇ ਨੇ, ਨਿਰਮਲੇ ਸੰਤ ਨੇ, ਨਾਲ ਮੰਡਲੀ ਹੈ। ਜਾਂਦੇ-ਜਾਂਦੇ ਜਦੋਂ ਜੈਪੁਰ ਪਹੁੰਚਦੇ ਨੇ, ਉਥੇ ਪੁੱਛਿਆ ਕਿ ਇੱਥੇ ਕੋਈ ਸੰਤਾਂ ਸਾਧਾਂ ਦੇ ਰਹਿਣ ਵਾਸਤੇ ਥਾਉਂ ਵੀ ਹੈ ਭਾਈ? ਉਥੇ ਸ਼ਰਾਰਤੀ ਮੁੰਡੇ ਬੈਠੇ ਸੀ, ਕਹਿੰਦੇ ਬਾਬਾ ਜੀ! ਸਪੈਸ਼ਲ ਥਾਉਂ ਹੈ ਸੰਤਾਂ ਵਾਸਤੇ।

ਕਹਿੰਦੇ, ਕਿਹੜਾ?

ਕਹਿੰਦੇ, ਨਾ ਕਿਸੇ ਨੂੰ ਪੁੱਛਣਾ ਪੈਂਦਾ ਹੈ, ਨਾ ਗਿਣਨਾ ਪੈਂਦਾ ਹੈ। ਕਹਿੰਦੇ, ਔਹ ਦੇਖੋ ਕੋਠੀ ਬਾਗ ਦੇ ਵਿਚ।

ਕਹਿੰਦੇ, ਕਿਸੇ ਨੂੰ ਨਹੀਂ ਪੁੱਛਣਾ?

ਕਹਿੰਦੇ, ਨਾ ਬਾਬਾ ਜੀ, ਕੋਈ ਲੋੜ ਹੀ ਨਹੀਂ ਪੁੱਛਣ ਦੀ। ਅਸੀਂ ਆਹੀ ਦੱਸਣ ਵਾਸਤੇ ਇੱਥੇ ਬੈਠਦੇ ਹੁੰਦੇ ਹਾਂ ਕਿ ਜੇ ਕੋਈ ਸਾਧੂ ਸੰਤ ਆਵੇ ਉਹਨੂੰ ਦੱਸ ਦੇਈਏ ਕਿ ਇੱਥੇ ਜਾਓ, ਕੋਠੀ ਸਾਫ ਕਰ ਲਓ ਤੇ ਇਹਦੇ 'ਚ ਰਿਹਾਇਸ਼ ਕਰ ਲਓ।

ਸੰਤ ਚਲੇ ਗਏ, ਵਿਚਾਰ ਕਰਦੇ ਜਾਂਦੇ ਨੇ ਕਿ ਇਸ ਤਰ੍ਹਾਂ ਤਾਂ ਕੋਈ ਮਕਾਨ ਸੁੰਨੇ ਨਹੀਂ ਛੱਡਦਾ ਹੁੰਦਾ। ਕੋਈ ਨਾ ਕੋਈ ਭੇਤ ਹੈ ਏਸ ਗੱਲ 'ਚ। ਰੋਜ਼ ਤੁਰੇ ਫਿਰਦੇ ਸੀ, ਨਿੱਤ ਭਰਮਣ ਕਰਦੇ ਸੀ ਤੇ ਅਖੀਰ ਕਹਿਣ ਲੱਗੇ ਕਿ ਜੋ ਕੁਛ ਹੋਏਗਾ। ਜਾ ਕੇ ਸਾਧੂਆਂ ਨੂੰ ਕਿਹਾ ਕਿ ਭਾਈ, ਪਹਿਲਾਂ ਸਫਾਈ ਕਰੋ। ਚੰਗੀ ਤਰ੍ਹਾਂ ਸਾਫ ਕਰੋ, 20-22 ਕਮਰਿਆਂ ਦੀ ਕੋਠੀ। ਕਮਰੇ ਛਾਂਟ ਲਓ ਤੇ ਆਰਾਮ ਨਾਲ ਰਹੋ ਤੇ ਫੇਰ ਸਾਡੇ ਕੋਲ ਆ ਜਾਓ ਸਾਰੇ। ਪ੍ਰਸ਼ਾਦ ਪਾਣੀ ਛਕ ਲਓ, ਬਣਾ ਲਓ ਤਿਆਰ ਕਰ ਲਓ। ਉਸ ਤੋਂ ਬਾਅਦ ਜਦੋਂ ਮਹਾਂਪੁਰਸ਼ਾਂ ਕੋਲ ਗਏ, ਸੂਰਜ ਛਿਪ ਗਿਆ, ਕਹਿੰਦੇ, ਦੇਖੋ ਰਹਿਰਾਸ ਸਾਹਿਬ ਦਾ ਧਿਆਨ ਨਾਲ ਪਾਠ ਕਰ ਲਓ। ਫੇਰ ਪ੍ਰਸ਼ਾਦਾ ਛਕ ਕੇ ਸਿਮਰਨ ਕਰਨਾ ਹੈ, ਉਸ ਤੋਂ ਬਾਅਦ ਫੇਰ ਕੀਰਤਨ ਸੋਹਿਲਾ ਪੜ੍ਹਨਾ ਹੈ ਤੇ ਸਾਵਧਾਨੀ ਨਾਲ ਪੈਣਾ ਹੈ ਪ੍ਰੇਮੀਓ! ਕਹਿੰਦੇ, ਮਹਾਰਾਜ ਕੋਈ ਗੱਲ ਹੈ? ਕਹਿੰਦੇ, ਹਾਂ ਗੱਲ ਦਾ ਪਤਾ ਲੱਗ ਜਾਊ। ਉਸ ਵੇਲੇ ਸਾਰੇ ਇਸੇ ਤਰ੍ਹਾਂ ਕਰਕੇ ਬਿਰਾਜਮਾਨ ਹੋ ਗਏ ਤੇ ਮਹਾਂਪੁਰਸ਼ ਬੈਠੇ ਨੇ। ਗਿਆਰ੍ਹਾਂ ਵੱਜ ਗਏ ਰਾਤ ਦੇ, ਐਨੇ ਨੂੰ ਕੀ ਦੇਖਦੇ ਨੇ, ਬਹੁਤ ਵਿਕਰਾਲ ਰੂਹ ਉਸੇ ਕੋਠੀ ਦੇ ਕਮਰਿਆਂ 'ਚੋਂ ਨਿਕਲੀ ਤੇ ਸੰਤਾਂ ਕੋਲ ਕੰਬਦੀ-ਕੰਬਦੀ ਆ ਗਈ, ਦੂਰ ਹੀ ਰਹਿ ਗਈ, ਮਹਾਤਮਾ ਕਹਿਣ ਲੱਗੇ, ਤੂੰ ਕੌਣ ਹੈਂ?

ਕਹਿੰਦਾ, ਮਹਾਰਾਜ! ਮੈਂ ਇਸ ਕੋਠੀ ਦਾ ਮਾਲਕ, ਵੱਡਾ ਸੇਠ ਹਾਂ।

ਕਹਿੰਦੇ, ਕੀ ਗੱਲ ਤੂੰ ਇਥੇ ਰਹਿੰਦਾ ਹੈਂ?

ਕਹਿੰਦਾ, ਮੇਰੀ ਵਿਥਿਆ ਸੁਣੋ। ਮੈਂ ਇੱਥੇ ਰਹਿੰਦਾ ਸੀ, ਵੱਡਾ ਪਰਿਵਾਰ ਸੀ ਮੇਰਾ, ਕੋਠੀ ਐਡੀ ਵੱਡੀ ਮੈਂ ਬਣਾਈ ਕਿ ਸਾਰਾ ਪਰਿਵਾਰ ਰਹਿ ਸਕੇ। ਮੈਂ ਮਰ ਗਿਆ ਤੇ ਮੇਰਾ ਧਿਆਨ ਕੋਠੀ 'ਚ ਰਹਿ ਗਿਆ ਤੇ ਮੈਂ ਪ੍ਰੇਤ ਬਣ ਗਿਆ, ਇੱਥੇ ਹੀ ਰਹਿੰਦਾ ਹਾਂ, ਦੁਖੀ ਮੈਂ ਬਹੁਤ ਹਾਂ ਮਹਾਂਪੁਰਸ਼ੋ! ਮੇਰੀ ਗਤੀ ਨਾ ਹੋਈ, ਮੈਂ ਆਪਣਾ ਸਾਰਾ ਹੀ ਪਰਿਵਾਰ ਮਾਰ ਦਿਤਾ। ਜਿੰਨੇ ਬੱਚੇ ਵਗੈਰਾ ਸੀ, ਕੋਈ ਨਾ ਰਿਹਾ, ਖਾਲੀ ਹੋ ਗਈ ਕੋਠੀ। ਉਸ ਤੋਂ ਬਾਅਦ ਇਸ ਕੋਠੀ ਜੇ ਕੋਈ ਪਸ਼ੂ ਆ ਗਿਆ, ਪਸ਼ੂ ਮਰ ਗਿਆ, ਕੋਈ ਪੰਛੀ ਉਡ ਕੇ ਬਹਿ ਗਿਆ ਉਹ ਮਰ ਗਿਆ, ਮੇਰੀ ਬਿਰਤੀ ਕਰੂਰ ਸੀ ਤੇ ਜੇ ਕੋਈ ਸਾਧੂ ਮਹਾਤਮਾ ਕੋਈ ਠਹਿਰਨ ਵਾਲਾ ਆ ਗਿਆ, ਰਾਤ ਨੂੰ ਮੈਂ ਮੰਜੇ ਮੂਧੇ ਮਾਰ ਦਿੰਦਾ ਸੀ, ਜਾਂ ਮੈਂ ਉਨ੍ਹਾਂ ਨੂੰ ਮਾਰ ਦਿੰਦਾ ਸੀ।

ਕਹਿੰਦਾ, ਹੁਣ ਵੀ ਉਹ ਮੁੰਡੇ ਉਥੇ ਬੈਠੇ ਨੇ ਜਿਨ੍ਹਾਂ ਨੇ ਤੁਹਾਨੂੰ ਭੇਜਿਆ ਹੈ। ਕਹਿੰਦਾ, ਫੇਰ ਉਹ ਚੀਕਾਂ ਮਾਰਦਾ ਇੱਥੋਂ ਨੱਠਦਾ ਹੁੰਦਾ, ਉਹ ਤਮਾਸ਼ਾ ਦੇਖਦੇ ਹੁੰਦੇ ਤੇ ਕਹਿੰਦੇ ਕਿ ਰਹਿ ਭਾਈ ਕੋਠੀ 'ਚ, ਨੱਠਿਆ ਕਿਉਂ ਆਉਂਦਾ ਹੈਂ।

ਕਹਿੰਦੇ, ਤੁਹਾਡੇ ਨਾਲ ਮਸ਼ਕਰੀ ਕਰੀ ਸੀ ਉਨ੍ਹਾਂ ਨੇ। ਪਰ ਤੁਸੀਂ ਜਪ ਤਪ ਵਾਲੇ ਓਂ। ਕੋਈ ਐਸੀ ਕਲਾਮ ਪੜ੍ਹੀ ਹੈ, ਮੇਰਾ ਬਲ ਨਹੀਂ ਚੱਲ ਰਿਹਾ ਕਿਸੇ ਦੇ ਉੱਤੇ ਵੀ।

ਕੀਰਤਨ ਸੋਹਿਲਾ ਪੜ੍ਹ ਕੇ ਪੈ ਗਏ, ਤਾਂ ਬਲ ਕੀ ਚੱਲਣਾ ਸੀ। ਕਿਲ੍ਹਾ ਹੋ ਗਿਆ।

ਕਹਿੰਦਾ, ਮੈਂ ਸਾਰਾ ਬਲ ਲਾ ਕੇ, ਹਾਰ ਕੇ ਤੁਹਾਡੇ ਚਰਨੀਂ ਆਇਆ ਹਾਂ, ਮੇਰਾ ਉਧਾਰ ਕਰੋ, ਮੈਂ ਬੜਾ ਦੁਖੀ ਹਾਂ।

ਮਹਾਂਪੁਰਸ਼ ਕਹਿਣ ਲੱਗੇ ਕਿ ਅਖੰਡਪਾਠ ਕਰਨਾ ਪੈਣਾ ਹੈ। ਕਿਉਂਕਿ ਗੁਰੂ ਦੀ ਬਾਣੀ ਦੇ ਵਿਚ ਬੇ-ਅਥਾਹ ਫਲ ਹੈ।

ਜੇ ਸ਼ੁੱਧ ਅਖੰਡਪਾਠ ਕੀਤਾ ਜਾਵੇ। ਇਹਦੇ ਵਿਚ ਵੀ ਫਰਕ ਹੋਇਆ ਕਰਦਾ ਹੈ, ਸ਼ੁੱਧ ਤੇ ਅਸ਼ੁੱਧ 'ਚ। ਗਲਤ ਹੋ ਜਾਵੇ, ਪਾਠੀ ਗਲਤ ਹੋਵੇ, ਨਿਤਨੇਮੀ ਨਾ ਹੋਵੇ, ਚੁਗਲੀਆਂ ਕਰਨ ਵਾਲਾ, ਈਰਖਾ ਵਾਲਾ ਹੋਵੇ, ਉਹਦੇ ਅੰਦਰ ਲਿਵ ਨਾ ਲੱਗਣ ਕਰਕੇ ਪਾਠ ਦਾ ਫਲ, ਬਾਣੀ ਚਾਰਜ ਨਹੀਂ ਹੁੰਦੀ। ਜਿਵੇਂ ਬੈਟਰੀ ਤਾਂ ਹੈਗੀ ਚਾਰਜ ਕਰਨ 'ਤੇ ਕਰੰਟ ਦਿੰਦੀ ਹੈ। ਇਵੇਂ ਜਿਵੇਂ ਸਾਡੇ ਮੁੱਖ 'ਤੇ ਹਿਰਦੇ ਦੇ ਨਾਲ ਰਲ ਕੇ ਬਾਣੀ ਕਰੰਟ ਦਿੰਦੀ ਹੈ। ਸੰਤਾਂ 'ਚ ਸ਼ਕਤੀਆਂ ਕਿਉਂ ਹੁੰਦੀਆਂ ਨੇ? ਕਿਉਂਕਿ ਉਹ ਬਾਣੀ ਸਾਕਾਰ ਕਰ ਲੈਂਦੇ ਨੇ।

ਸੋ ਕਹਿਣ ਲੱਗੇ ਕਿ ਅਸੀਂ ਅਖੰਡਪਾਠ ਕਰਾ ਦਿੰਦੇ ਹਾਂ, ਮਾਇਆ ਸਾਡੇ ਕੋਲ ਹੈ ਨਹੀਂ ਪ੍ਰੇਮੀਆਂ। ਕਹਿੰਦਾ, ਮਾਇਆ ਤਾਂ ਕੋਈ ਦੇਹਲੀ ਪੁੱਟ ਲਓ, ਮਾਇਆ ਹੀ ਮਾਇਆ ਹੈ। ਇੱਕ ਦੇਹਲੀ ਪੁੱਟੀ ਪੰਜ ਸੌ ਰੁਪਿਆ ਨਿਕਲ ਆਇਆ। ਸੰਤ ਕਹਿਣ ਲੱਗੇ ਕਿ ਦੇਖ ਪ੍ਰੇਮੀਆਂ ਅਸੀਂ ਅਖੰਡਪਾਠ ਕਰਾਵਾਂਗੇ, ਦੇਗ ਰੱਖਾਂਗੇ, ਜੇ ਤਾਂ ਤੂੰ ਚੁੱਕ ਕੇ ਲੈ ਗਿਆ ਤਾਂ, ਤਾਂ ਸਮਝ ਲਵਾਂਗੇ ਕਿ ਤੇਰੀ ਗਤੀ ਹੋ ਗਈ। ਜੇ ਨਾ ਚੁੱਕਿਆ, ਫੇਰ ਅਸੀਂ ਇੱਕ ਦਿਨ ਠਹਿਰਾਂਗੇ, ਸਾਨੂੰ ਦਸ ਦੇਈਂ।

ਇਸੇ ਤਰ੍ਹਾਂ ਕੀਤਾ ਗਿਆ, ਪਾਠ ਤੋਂ ਬਾਅਦ ਪ੍ਰਸ਼ਾਦ ਰੱਖਿਆ ਕੋਲੀ 'ਚ ਪਾ ਕੇ, ਇੰਤਜ਼ਾਰ ਕਰਦੇ ਰਹੇ, ਪ੍ਰਸ਼ਾਦ ਗਿਆ ਨਾ, ਕੋਲੀ 'ਚ ਪਿਆ ਰਿਹਾ।

ਰਾਤ ਨੂੰ ਫੇਰ ਆ ਗਿਆ, ਲੇਕਿਨ ਸੋਹਣਾ ਹੋਇਆ-ਹੋਇਆ।

ਮਹਾਤਮਾ ਕਹਿੰਦੇ, ਪ੍ਰੇਮੀਆਂ! ਤੇਰਾ ਕੁਛ ਬਣਿਆ?

ਕਹਿੰਦਾ, ਮਹਾਰਾਜ! ਮੇਰਾ ਰੂਪ ਤਾਂ ਹੋ ਗਿਆ ਠੀਕ। ਦੁਖ ਵੀ ਮੇਰਾ ਸਾਰਾ ਘਟ ਗਿਆ। ਲੇਕਿਨ ਮੇਰੀ ਗਤੀ ਨਹੀਂ ਹੋਈ।

ਕਹਿੰਦੇ, ਕਿਉਂ?

ਕਹਿਣ ਲੱਗਿਆ, 12 ਤੋਂ 2 ਵਜੇ ਦੀ ਰੌਲ ਤੇ ਜਿਹੜਾ ਪਾਠੀ ਸੀ ਉਹ ਅਸ਼ੁੱਧ ਸੀ ਉਸ ਵੇਲੇ, ਇਸ਼ਨਾਨ ਨਹੀਂ ਸੀ ਉਹਨੇ ਕਰਿਆ। ਬੁਲਾ ਕੇ ਪੁੱਛਿਆ, ਕਹਿੰਦਾ ਹਾਂ ਜੀ, ਭੁੱਲ ਹੋ ਗਈ। ਕਹਿੰਦੇ, ਤੂੰ ਬੜਾ ਮਾੜਾ ਕੰਮ ਕਰਿਆ।

ਹੁਣ ਫੇਰ?

ਕਹਿੰਦਾ, ਮਹਾਰਾਜ! ਹੋਰ ਦੇਹਲੀ ਪੁੱਟ ਲਓ, ਉਥੋਂ ਮਾਇਆ ਕੱਢ ਲਓ, ਦੇਹਲੀ ਪੁੱਟੀ ਮਾਇਆ ਕੱਢ ਲਈ। ਉਸ ਤੋਂ ਬਾਅਦ ਅਖੰਡਪਾਠ ਜਦੋਂ ਕਰਿਆ। ਪ੍ਰਸ਼ਾਦ ਲੈ ਗਿਆ ਤੇ ਗਤੀ ਹੋ ਗਈ।

ਸੋ ਮਤਲਬ ਇਹ ਹੈ ਕਿ ਵਾਸ਼ਨਾ ਜਿਹੜੀ ਹੈ ਜਾਇਦਾਦ ਦੀ, ਆਦਮੀ ਨੂੰ ਪ੍ਰੇਤ ਬਣਾ ਦਿੰਦੀ ਹੈ। ਮਹਾਰਾਜ ਕਹਿੰਦੇ, ਦੇਖੋ ਪ੍ਰੇਮੀਓ! ਤੁਸੀਂ ਬਾਕੀ ਤਪ ਕਰ ਲਓਂਗੇ, ਵਾਸ਼ਨਾ ਕਿਵੇਂ ਮਾਰੋਂਗੇ? ਵਾਸ਼ਨਾ ਤਾਂ ਜਦ ਅੰਦਰ ਖੋਜ ਕਰੋਂਗੇ, ਹੁਕਮ 'ਚ ਆਓਂਗੇ, ਫੇਰ ਹੀ ਵਾਸ਼ਨਾਵਾਂ ਮਰਦੀਆਂ ਨੇ। ਸੋ ਤੁਹਾਡਾ ਜਿਹੜਾ ਤਪ ਹੈ, ਜਿਹੜਾ ਤੁਸੀਂ ਕਰਦੇ ਰਹੇ ਹੋਂ, ਤਾਮਸੀ ਤਪ ਉਹਨੇ ਫਲ ਨਹੀਂ ਦਿਤਾ। ਤੁਸੀਂ ਰਾਜਸੀ ਤੇ ਸਾਂਤਕੀ ਤਪ ਕਰੋ -

***ਤਪ ਜੁ ਤਾਮਸੀ ਸ਼੍ਰਮ ਬਹੁ ਦੇਹੀ।***
***ਗਯਾਨ ਪ੍ਰਾਪਤਿ ਹੋਇ ਨ ਕੇਹੀ।***

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 1126***

ਇਹਦੇ ਨਾਲ ਗਿਆਨ ਨਹੀਂ ਪ੍ਰਾਪਤ ਹੋਇਆ ਕਰਦਾ, ਤਾਮਸੀ ਤਪ ਨਾਲ।

***ਕਥਾ ਕੀਰਤਨ ਪਢਿਨਿ ਸੁਨਿਨਿ ਤੇ।***
***ਦ੍ਰਿੜ ਉਪਾਸਨਾ ਹੋਤਿ ਗੁਨਨ ਤੇ।*** ***--ਓਹੀ***

ਕਹਿੰਦੇ, ਸਾਂਤਕੀ ਤੇ ਰਾਜਸੀ ਤਪ ਕਰੋਂਗੇ, ਉਸ ਕਥਾ ਕਰੋਂਗੇ, ਕੀਰਤਨ ਸੁਣੋਂਗੇ, ਬਾਣੀ ਪੜ੍ਹੋਂਗੇ, ਫੇਰ ਤੁਹਾਡੇ ਅੰਦਰ ਗੁਰੂ ਦਾ ਸਰੂਪ ਦ੍ਰਿੜ੍ਹ ਹੋ ਕੇ ਗੁਰੂ ਨਾਲ ਪਿਆਰ ਪੈ ਜਾਏਗਾ, ਗੁਰੂ ਦਾ ਸਰੂਪ ਤੁਹਾਡੇ ਅੰਦਰ ਦ੍ਰਿੜ੍ਹ ਹੋ ਕੇ ਤੁਹਾਡੇ ਅੰਦਰ ਪ੍ਰਕਾਸ਼ ਪੈਦਾ ਕਰ ਦਏਗਾ -

***ਧਾਰਨਾ - ਧਰੀਏ ਮਨ ਵਿਚ ਧਿਆਨ ਗੁਰਾਂ ਦੀ ਮੂਰਤ ਦਾ।***
***ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥***
***ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥*** ***ਅੰਗ - 864***

ਧਿਆਨ ਦੀਆਂ ਤਿੰਨ ਕਿਸਮਾਂ ਹੋਇਆ ਕਰਦੀਆਂ ਨੇ। ਉਪਾਸ਼ਨਾ ਦੋ ਤਰ੍ਹਾਂ ਦੀ ਹੁੰਦੀ ਹੈ, ਇੱਕ ਬਹਿਰੰਗ ਉਪਾਸਨਾ ਹੁੰਦੀ ਹੈ, ਇਕ ਅੰਤਰੰਗ ਉਪਾਸ਼ਨਾ ਹੁੰਦੀ ਹੈ। ਅੰਤਰੰਗ ਉਪਾਸਨਾ ਜਦੋਂ ਤੁਹਾਡੀ ਸਿੱਧ ਹੋ ਜਾਏਗੀ, ਉਸ ਵੇਲੇ ਤੁਸੀਂ ਵਿਵੇਕ ਮੰਡਲ 'ਚ, ਦਾਖਲ ਹੋ ਜਾਓਂਗੇ, ਗਿਆਨ ਦੇ ਮੰਡਲ ਵਿਚ ਦਾਖਲ ਹੋ ਜਾਓਂਗੇ। ਇਹਦੀ ਸਹਾਇਤਾ ਕਰਨ ਵਾਲਾ, ਇੱਥੇ ਪਹੁੰਚਾਉਣ ਵਾਲਾ, ਜੋ ਸਾਧਨ supreme (ਸਰਵੋਤਮ) ਹੈ, ਜਿਹਨੂੰ ਸਾਂਤਕੀ ਤਪ ਕਹਿੰਦੇ ਨੇ, ਉਹ ਕੀਰਤਨ ਹੋਇਆ ਕਰਦਾ ਹੈ, ਹਰੀ ਦਾ ਜਸ, ਨਿਰਵਾਣ ਕੀਰਤਨ ਜਿਹੜਾ ਹੈ, ਜੋ ਕਰਤਾ ਹੈ ਉਹਦੇ ਨਾਲ ਉਪਾਸਨਾ ਦ੍ਰਿੜ੍ਹ ਹੋ ਜਾਇਆ ਕਰਦੀ ਹੈ ਤੇ ਵਿਵੇਕ ਬਿਰਤੀ 'ਚ ਦਾਖਲਾ ਮਿਲ ਜਾਇਆ ਕਰਦਾ ਹੈ ਕਿਉਂਕਿ ਚਿੱਤ ਦੀ ਇਕਾਗਰਤਾ ਹੋ ਜਾਂਦੀ ਹੈ। ਤਿੰਨ ਘੰਟੇ ਕੀਰਤਨ ਕਰਦਾ ਹੈ, ਤਿੰਨ ਘੰਟੇ ਦੀ ਸਮਾਧੀ ਲਗ ਗਈ ਤੇ ਫਲ ਬੇਅੰਤ ਉਸਨੂੰ ਪ੍ਰਾਪਤ ਹੋ ਰਿਹਾ ਹੈ। ਸੋ ਬਾਕੀ ਜੋ ਕਲਜੁਗ ਦੇ ਅੰਦਰ

ਉੱਤਮ ਸਾਧਨ ਹੈ ਉਹ ਹਰੀ ਦਾ ਜਸ ਕਰਨਾ ਹੀ ਸਭ ਤੋਂ ਉੱਤਮ ਹੈ।

*ਧਾਰਨਾ - ਕਲਜੁਗ ਮਹਿ ਕੀਰਤਨ ਪਰਧਾਨਾ।*

*ਕਲਜੁਗ ਮਹਿ ਕੀਰਤਨੁ ਪਰਧਾਨਾ ॥*
*ਗੁਰਮੁਖਿ ਜਪੀਐ ਲਾਇ ਧਿਆਨਾ ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ ॥* ***ਅੰਗ - 1075***

ਕਹਿੰਦੇ, ਜਦੋਂ ਗੁਰੂ ਦੀ ਬਾਣੀ ਨੂੰ ਧਿਆਨ ਦੇ ਨਾਲ, ਹਰੀ ਦੇ ਜਸ ਨੂੰ ਗਾਵੇਂਗੇ ਤੇ ਹਿਰਦੇ 'ਚ ਧਾਰਨ ਕਰੋਂਗੇ ਤੇ ਬਾਣੀ ਨੂੰ ਮੰਨੋਂਗੇ, ਆਪ ਵੀ ਤਰ ਜਾਓਂਗੇ ਤੇ ਫੇਰ ਸਾਰੀਆਂ ਕੁਲਾਂ ਨੂੰ ਵੀ ਤਾਰ ਦਿਓਂਗੇ। ਇਸੇ ਕਰਕੇ ਬਾਰ-ਬਾਰ ਹੁਕਮ ਆਉਂਦਾ ਹੈ -

*ਧਾਰਨਾ - ਗਾ ਲੈ ਮੇਰੀ ਜਿੰਦੜੀਏ,*
*ਮੀਠੇ ਗੁਣ ਤੂੰ ਰਾਮ ਦੇ।*

ਕੀ ਹੁੰਦਾ ਹੈ, ਗੁਣ ਗਾ ਕੇ? ਫੁਰਮਾਨ ਹੈ -

*ਮੀਠੇ ਹਰਿ ਗੁਣ ਗਾਉ ਜਿੰਦੂ ਤੂੰ ਮੀਠੇ ਹਰਿ ਗੁਣ ਗਾਉ ॥*
*ਸਚੇ ਸੇਤੀ ਰਤਿਆ.......॥* ***ਅੰਗ - 218***

ਜਦੋਂ ਗੁਣ ਗਾਉਂਦੇ-ਗਾਉਂਦੇ ਪ੍ਰਮੇਸ਼ਰ ਦੇ ਨਾਲ ਰੱਤੇ ਜਾਵਾਂਗੇ, ਪਿਆਰ ਪੈ ਜਾਏਗਾ। ਫੇਰ -

*........ਮਿਲਿਆ ਨਿਥਾਵੇ ਥਾਉ ॥* ***ਅੰਗ - 218***

ਨਿਥਾਵਿਆਂ ਨੂੰ ਦਰਗਾਹ ਵਿਚ ਥਾਂ ਮਿਲ ਜਾਏਗਾ।

*ਹਰਿ ਕੀਰਤਿ ਉਤਮੁ ਨਾਮੁ ਹੈ ਵਿਚਿ ਕਲਿਜੁਗ ਕਰਣੀ ਸਾਰੁ ॥*
*ਮਤਿ ਗੁਰਮਤਿ ਕੀਰਤਿ ਪਾਈਐ*
*ਹਰਿ ਨਾਮਾ ਹਰਿ ਉਰਿ ਹਾਰੁ ॥*

***ਅੰਗ - 1314***

ਸੋ ਇਸ ਤਰ੍ਹਾਂ ਮਹਾਰਾਜ ਕਹਿਣ ਲੱਗੇ, ਪ੍ਰੇਮੀਓਂ! ਹਰ ਬੰਦੇ ਨੂੰ ਹਉਮੈ ਦੀ ਜ਼ਹਿਰ ਚੜ੍ਹੀ ਹੋਈ ਹੈ, ਇਹਦਾ ਇਲਾਜ ਕੋਈ ਨਹੀਂ ਹੈ। ਇੱਕ ਤਾਂ ਜ਼ਹਿਰ ਚੜ੍ਹ ਜਾਂਦੀ ਹੈ, ਮਿਹਦੇ ਵਿਚ ਹੁੰਦੀ ਹੈ, ਡਾਕਟਰ ਉਹਨੂੰ ਕੱਢ ਦਿੰਦੇ ਨੇ ਉਲਟੀਆਂ ਕਰਾ ਕੇ, ਧੋ ਕੇ ਸਾਫ ਕਰ ਦਿੰਦੇ ਨੇ ਮਿਹਦੇ ਨੂੰ। ਇੱਕ ਜ਼ਹਿਰ ਉਹ ਹੁੰਦੀ ਹੈ ਉਹ ਖ਼ੂਨ ਵਿਚ ਰਲ ਜਾਂਦੀ ਹੈ ਤੇ ਰਗ-ਰਗ ਵਿਚ ਪਹੁੰਚ ਜਾਂਦੀ ਹੈ ਉਹ ਜ਼ਹਿਰ ਨਹੀਂ ਹਟਿਆ ਕਰਦੀ। ਉਸ ਜ਼ਹਿਰ ਨੂੰ ਫੈਲੀ ਹੋਈ ਜ਼ਹਿਰ ਕਹਿੰਦੇ ਨੇ ਤੇ ਉਹਦਾ ਕੋਈ ਤਰੀਕਾ ਨਹੀਂ ਹੈ। ਨਾ ਤਾਂ ਉਹ ਤੀਰਥ ਯਾਤਰਾ ਨਾਲ, ਨਾ ਦਾਨ ਦਿਤੇ, ਨਾ ਕੋਈ ਹੋਰ ਸਾਧਨ ਕਰਕੇ, ਕਿਸੇ ਤਰੀਕੇ ਨਾਲ ਵੀ ਉਸ ਜ਼ਹਿਰ ਦਾ ਆਦਮੀ ਤੋਂ ਛੁਟਕਾਰਾ ਨਹੀਂ ਹੁੰਦਾ ਤੇ ਮਹਾਰਾਜ ਕਹਿੰਦੇ ਇੱਕ ਇਲਾਜ ਹੈ ਕਿ ਜਿਹੜੀ ਹਉਮੈ ਦੀ ਬਿਹੁ ਫੈਲੀ ਹੋਈ ਹੈ, ਉਹਦਾ ਇਲਾਜ ਪ੍ਰਮੇਸ਼ਰ ਦਾ ਨਾਮ ਹੈ, ਭਾਈ ਹਰੀ ਦਾ ਜਸ ਕਰਨਾ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਜਨਮਾਂ-ਜਨਮਾਂ ਦੀ ਮੈਲ ਲਹਿ ਜਾਵੇ,***
***ਗਾ ਕੇ ਗੁਣ ਸੱਚੇ ਸਾਂਈਂ ਦੇ।***

***ਗੁਨ ਗਾਵਤ ਤੇਰੀ ਉਤਰਸਿ ਮੈਲੁ ॥ ਅੰਗ - 289***

ਦੂਜਾ ਕੰਮ ਕੀ ਕਰੂੰ? ਕਹਿੰਦੇ -

***ਬਿਨਸਿ ਜਾਇ ਹਉਮੈ ਬਿਖੁ ਫੈਲੁ ॥ ਅੰਗ - 289***

ਜਿਹੜੀ ਬਿਹੁ ਫੈਲੀ ਪਈ ਹੈ ਸਾਰੇ ਸਰੀਰ 'ਚ, ਰੋਮ-ਰੋਮ ਦੇ ਵਿਚ ਸਾਰੇ ਸੈਲਾਂ ਦੇ ਅੰਦਰ, ਉਹ ਬਿਹੁ ਜਿਹੜੀ ਹੈ ਉਹਦਾ ਕੋਈ ਇਲਾਜ ਨਹੀਂ ਹੈ, ਸਿਰਫ ਹਰੀ ਦਾ ਜਸ ਗਾ ਕੇ ਉਹ ਉਤਰ ਜਾਂਦੀ ਹੈ।

***ਸਰਬ ਬੈਕੁੰਠ ਮੁਕਤਿ ਮੋਖ ਪਾਏ ॥***
***ਏਕ ਨਿਮਖ ਹਰਿ ਕੇ ਗੁਨ ਗਾਏ ॥ ਅੰਗ - 290***

ਅੱਖ ਦੇ ਝਮਕਣ ਜਿੰਨੇ ਚਿਰ ਵਿਚ ਜੇ ਚਿੱਤ ਲਗ ਜਾਵੇ, ਸਾਰੇ ਬੈਕੁੰਠ 'ਤੇ ਮੁਕਤੀ ਪ੍ਰਾਪਤ ਹੋ ਜਾਂਦੀ ਹੈ

ਇਸ ਕਰਕੇ ਪ੍ਰੇਮੀਓਂ ਅਸੀਂ ਤੁਹਾਨੂੰ ਤਾਂ ਦਸਿਆ ਹੈ ਕਿ ਸਾਂਤਕੀ ਤਪ ਦਾ ਫਲ ਬੇਅੰਤ ਹੈ, ਤਾਮਸੀ ਤਪ ਦਾ ਹੈ ਨਹੀਂ। ਸੋ ਇਸ ਕਰਕੇ ਤੁਸੀਂ ਕਥਾ ਤੇ ਕੀਰਤਨ ਤੇ ਸਤਿਸੰਗ, ਤਿੰਨ ਚੀਜ਼ਾਂ ਜ਼ਰੂਰੀ ਨੇ। ਜਿਹਨੇ ਪਾਰ ਲੰਘਣਾ ਹੈ, ਤਿੰਨ ਚੀਜ਼ਾਂ ਚਾਹੀਦੀਆਂ ਨੇ।

***ਸਤਸੰਗਤਿ ਕੈਸੀ ਜਾਣੀਐ ॥***
***ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - 72***

ਜਿੱਥੇ ਨਾਮ ਦੀ ਗੱਲ ਹੋਵੇ ਉਹ ਸਤਿਸੰਗ ਹੁੰਦਾ ਹੈ। ਜਿੱਥੇ ਊਟ-ਪਟਾਂਗ ਗੱਲਾਂ ਹੋਣ ਉਹ ਸਤਿਸੰਗ ਨਹੀਂ ਹੋਇਆ ਕਰਦਾ। ਸੋ ਬਿਨਾਂ ਭਾਗਾਂ ਤੋਂ ਮਿਲਦੀ ਨਹੀਂ ਹੁੰਦੀ। ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ -

***ਧਾਰਨਾ - ਭਾਗਾਂ ਤੋਂ ਹੀਣੇ ਨੂੰ,***
***ਮਿਲਦੀ ਨਾ ਸੰਗਤ ਪਿਆਰੇ।***

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥***
***ਅੰਗ - 642***

ਸਾਰੇ ਕਰਮਾਂ ਦਾ ਜੋ ਸ਼੍ਰੋਮਣੀ ਕਰਮ ਮਹਾਰਾਜ ਨੇ ਦੱਸਿਆ ਕਿ ਹਰੀ ਦਾ ਕੀਰਤਨ ਕਰਨਾ ਤੇ ਸੰਤਾਂ ਦੀ ਸੰਗਤ ਕਰਨੀ।

***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - 642***

ਮਿਲਦੀ ਉਹਨੂੰ ਹੈ ਜਿਹਦੇ ਮੱਥੇ ਦੇ ਵਿਚ ਲੇਖ ਲਿਖਿਆ ਹੋਵੇ, ਦੂਜੇ ਨੂੰ ਪ੍ਰਾਪਤ ਨਹੀਂ ਹੋਇਆ ਕਰਦੀ। ਦੂਜਾ ਕੋਲੋਂ ਹੀ ਲੰਘ ਜਾਂਦਾ ਹੈ। ਸੋ ਮਹਾਰਾਜ ਕਹਿਣ ਲੱਗੇ ਪ੍ਰੇਮੀਆਂ! ਆਹ ਜਿਹੜਾ ਅਸੀਂ ਤੈਨੂੰ ਦੱਸਿਆ ਹੈ, ਇਹਦੇ ਨਾਲ ਕੀ ਹੋਏਗਾ, ਜਦੋਂ ਤੂੰ ਕੀਰਤਨ ਕਰੇਂਗਾ, ਕਥਾ ਸੁਣੇਂਗਾ, ਉਸ ਵੇਲੇ ਪ੍ਰਮੇਸ਼ਰ ਦੇ ਨਾਲ ਤੇਰਾ ਪਿਆਰ ਕੁਦਰਤੀ ਤੌਰ 'ਤੇ ਹੋਵੇਗਾ।

ਜਦੋਂ ਰਾਜੇ ਪਰੀਛਤ ਨੂੰ ਸੱਪ ਨੇ ਡੰਗਿਆ, ਸਰਾਪ ਦਿਤਾ ਰਿਸ਼ੀ ਨੇ, ਉਸ ਵੇਲੇ ਨਾਲ ਦੀ ਨਾਲ ਰਿਸ਼ੀ ਨੇ ਦਸ ਦਿਤਾ ਕਿ ਉਹਨੂੰ ਜਾ ਕੇ ਦਸ ਆਓ ਭਾਈ ਪਰੀਛਤ ਨੂੰ ਕਿ ਉਹਦੀ ਗਤੀ ਨਹੀਂ ਹੋਣੀ ਤੇ ਸੁਕਦੇਵ ਮੁਨੀ ਨੂੰ ਬੁਲਾ ਲਏ ਤੇ ਭਾਗਵਤ ਦੀ ਕਥਾ ਸਰਵਣ ਕਰੇ। ਤਾਂ ਉਹਦੀ ਮੁਕਤੀ ਹੋਏਗੀ ਨਹੀਂ ਤਾਂ ਮੁਕਤੀ ਨਹੀਂ ਹੋ ਸਕਦੀ। ਸੋ ਸੁਕਦੇਵ ਮੁਨੀ ਆ ਗਿਆ, ਬੁਲਾਇਆ ਗਿਆ, ਅੱਠ ਦਿਨ ਦੇ ਅੰਦਰ-ਅੰਦਰ ਸੱਪ ਲੜਨਾ ਸੀ ਉਹਦੇ। ਕਾਰਨ ਇਹ ਸੀ ਕਿ ਉਹ ਸਮਾਧੀ ਵਿਚ ਬੈਠਾ ਸੀ, ਕਲਜੁਗ ਪ੍ਰਵੇਸ਼ ਕਰ ਗਿਆ, ਤਾਜ ਲਾ ਕੇ ਚਲਿਆ ਗਿਆ, ਕਲਜੁਗ ਨੇ ਬਚਨ ਲਿਆ ਹੋਇਆ ਸੀ ਕਿ ਮੈਂ ਸੋਨੇ 'ਚ ਰਹਿਣਾ ਹੈ। ਸੋਨੇ 'ਚ ਰਹਿਣ ਕਰਕੇ ਬੁੱਧੀ ਭ੍ਰਿਸ਼ਟ ਕਰ ਦਿਤੀ।

ਹੁਣ ਸਾਡੇ ਤਾਂ ਸਾਰੇ ਸਰੀਰਾਂ 'ਚ ਕਲਜੁਗ ਵਸਦਾ ਹੈ। ਸਾਡੀ ਬੁੱਧੀ ਕਿੱਥੋਂ ਨਿਰਮਲ ਹੋ ਜਾਏਗੀ। ਉਲਟੀਆਂ ਗੱਲਾਂ ਕਰਦੇ ਹਾਂ ਅਸੀਂ। ਸੋ ਉਸ ਵੇਲੇ ਨਾਲ ਉਹਨੇ ਕਿਹਾ ਕਿ ਸੱਪ ਅੱਠਾਂ ਦਿਨਾਂ 'ਚ ਮਰ ਜਾਏਗਾ, ਸੱਪ ਲੜ ਕੇ। ਉਹਨੇ ਸ਼ੀਸ਼ੇ ਦਾ ਘਰ ਬਣਾ ਲਿਆ ਜਮੁਨਾ 'ਚ, ਆਹ ਪਰੀਛਤਗੜ੍ਹ ਹੈ ਮੇਰਠ ਦੇ ਉਰਲੇ ਪਾਸੇ। ਉਥੇ ਦਾ ਰਾਜਾ ਸੀ ਉਹ। ਅਰਜਨ ਦਾ ਪੋਤਾ ਸੀ ਤੇ ਬਾਹਰ ਪਹਿਰੇ ਖੜ੍ਹੇ ਕਰ ਦਿਤੇ ਕਿ ਕੋਈ ਚੀਜ਼, ਕੋਈ ਕੀੜੀ ਵੀ ਨਾ ਅੰਦਰ ਆਉਣ ਦਿਓ। ਐਸਾ ਮਹਿਲ ਬਣਾਇਆ ਤੇ ਮਹਾਂਪੁਰਸ਼ਾਂ ਨੇ ਸੁਨੇਹਾ ਭੇਜ ਦਿਤਾ ਕਿ ਉਹਦੀ ਗਤੀ ਨਹੀਂ ਹੋਣੀ, ਸੱਪ ਉਹਨੂੰ ਜ਼ਰੂਰ ਲੜ ਜਾਣਾ ਹੈ, ਕੁਛ ਕਰ ਲਵੇ। ਬੜੇ ਯਤਨ ਕਰੇ ਉਸ ਰਾਜੇ ਨੇ, ਸਾਰੇ ਪਾਸੇ ਸੂਰਮੇ ਖੜ੍ਹਾ ਦਿਤੇ। ਜਦੋਂ ਆਗਿਆ ਹੋਈ ਅਕਾਲ ਪੁਰਖ ਦੀ ਕੀੜੀ ਬਣ ਕੇ ਸਾਹ ਖਿੱਚ ਲਿਆ। ਕਥਾ ਸੁਣਦਾ ਹੈ, ਤਿੰਨ ਦਿਨ ਹੋ ਗਏ ਸੀ ਕਥਾ ਕਰਦੇ ਨੂੰ।

ਸੁਕਦੇਵ ਮੁਨੀ ਕਹਿਣ ਲੱਗਿਆ, ਪਰੀਛਤ! ਤੇਰਾ ਮਨ ਲੱਗ ਗਿਆ ਕਥਾ 'ਚ?

ਕਹਿੰਦਾ, ਨਾ।

ਕਹਿੰਦਾ, ਕਿੱਥੇ ਹੈ?

ਕਹਿੰਦਾ, ਮੇਰਾ ਮਨ ਰਾਜ ਵਿਚ ਘੁੰਮਦਾ ਹੈ।

ਸਹੀ ਬੰਦਾ ਸੀ, ਸਾਰੀ ਗੱਲ ਸਹੀ ਦਸ ਦਿਤੀ ਕਿ ਮੈਂ ਹੁਣ ਚਲੇ ਜਾਣਾ ਹੈ, ਰਾਣੀਆਂ ਕੀ ਕਰਨਗੀਆਂ, ਰਾਜ ਕੌਣ ਕਰੇਗਾ। ਔਹ ਵਜ਼ੀਰ ਖਰਾਬ ਹੈ, ਰਾਜ ਕੌਣ ਕਰੇਗਾ, ਔਹ ਫਲਾਣਾ ਜਰਨੈਲ ਖਰਾਬ ਹੈ, ਔਹ ਚੰਗਾ ਹੈ, ਉਹਨੂੰ ਲਿਆਵਾਂ ਕਿਵੇਂ। ਸਮਾਂ ਹੈ ਨਹੀਂ ਮੇਰੇ ਕੋਲ। ਕਹਿੰਦਾ, ਤੂੰ ਤਾਂ ਬਹੁਤ ਗਲਤ ਹੈਂ, ਤੂੰ ਮਨ ਇਕਾਗਰ ਕਰ, ਦੂਸਰੇ ਦਿਨ ਫੇਰ, ਚੌਥਾ ਦਿਨ ਹੋ ਗਿਆ, ਮਨ ਇਕਾਗਰ ਨਾ ਕਰਿਆ। ਚੌਥੇ ਦਿਨ ਕਹਿਣ ਲੱਗੇ, ਰਾਜਨ! ਤੂੰ ਬੜਾ ਇਨਸਾਫ ਵਾਲਾ ਹੈਂ, ਮੈਂ ਇੱਕ ਇਨਸਾਫ ਕਰਾਉਣਾ ਚਾਹੁੰਦਾ ਹਾਂ ਤੇਰੇ ਤੋਂ, ਤੂੰ ਫੈਸਲਾ ਦੇਹ, ਕਹਿੰਦੇ ਦੱਸੋ।

ਕਹਿੰਦੇ, ਇੱਕ ਰਾਜਾ ਸੀ, ਜੰਗਲ ਵਿਚ ਚਲਿਆ ਗਿਆ, ਘੁੰਮਦੇ-ਘੁੰਮਦੇ ਨੂੰ ਰਾਤ ਪੈ ਗਈ ਤੇ ਉਸ ਰਾਜ ਵਿਚ ਬਰਫ ਬਹੁਤ ਪੈਂਦੀ ਸੀ। ਇਹਦੇ ਕੋਲ ਕੱਪੜਾ ਕੋਈ ਨਹੀਂ ਸੀ ਤੇ ਜਦੋਂ ਇਹਨੇ ਦੇਖਿਆ ਕਿ ਰਾਤ ਪੈ ਗਈ, ਰਾਹ ਭੁੱਲ ਗਿਆ, ਕਿਸੇ ਪਾਸੇ ਰਸਤਾ ਨਾ ਆਵੇ, ਅਖੀਰ ਫਿਕਰ ਪੈ ਗਿਆ ਕਿ ਹੁਣ ਤਾਂ ਬਰਫ ਸ਼ੁਰੂ ਹੋ ਜਾਣੀ ਹੈ ਤੇ ਮੈਂ ਤਾਂ ਜੰਮ ਕੇ ਮਰ ਜਾਣਾ ਹੈ ਬਰਫ 'ਚ। ਉਸ ਤੋਂ ਬਾਅਦ ਇਹਨੂੰ ਇਕ ਦੀਵਾ ਬਲਦਾ ਦਿਸਿਆ ਕਿ ਉਥੇ ਗਿਆ ਤੇ ਉਹ ਕਹਿਣ ਲੱਗਿਆ ਕਿ ਮੈਂ ਰਾਜਾ ਹਾਂ, ਮੈਂ ਰਾਤ ਕੱਟਣੀ ਹੈ, ਮੈਨੂੰ ਥਾਂ ਦੇ। ਉਹ ਕਹਿਣ ਲੱਗਿਆ ਕਿ ਥਾਂ ਤਾਂ ਮੇਰੇ ਕੋਲ ਹੈ ਨਹੀਂ। ਇਹਦੇ ਵਿਚ ਮੈਂ ਤੇ ਮੇਰੇ ਘਰਵਾਲੀ ਤੇ ਮੇਰੇ ਬੱਚੇ ਨੇ। ਥਾਂ ਹੈ ਨਹੀਂ ਤੇ ਦੂਸਰਾ ਮੈਂ ਜਾਤ ਦਾ ਚੰਡਾਲ ਹਾਂ। ਤੂੰ ਹੈਂ ਕਸ਼ਤੱਰੀ, ਵੈਸੇ ਹੀ ਨਹੀਂ ਬਣਦਾ ਤੇਰਾ ਮੇਰੇ ਘਰ ਵਿਚ ਰਹਿਣਾ। ਮੈਂ ਦੋਸ਼ੀ ਹੋਵਾਂਗਾ ਤੈਨੂੰ ਰੱਖਿਆ ਤੇ ਤੂੰ ਵੀ ਦੋਸ਼ੀ ਹੋਵੇਂਗਾ। ਉਹ ਕਹਿੰਦਾ, ਇਸ ਵੇਲੇ ਮੈਨੂੰ ਮੇਰੀ ਜਾਨ ਦਾ ਫਿਕਰ ਪਿਆ ਹੋਇਆ ਹੈ ਤੇ ਤੂੰ ਮੈਨੂੰ ਜਗ੍ਹਾ ਦੇ। ਉਹ ਕਹਿੰਦਾ ਦੇਖ ਕਿ ਮੇਰੇ ਕੋਲ ਇੱਕ ਜਗ੍ਹਾ ਹੈ, ਜੇ ਤਾਂ ਉਥੇ ਰਹਿ ਸਕਦਾ ਹੈਂ ਤਾਂ ਰਹਿ। ਉਥੇ ਲੈ ਗਿਆ, ਜਿਥੇ ਮਰੇ ਹੋਏ ਡੰਗਰਾਂ ਦੀਆਂ ਖੱਲ੍ਹਾਂ ਲਾਹੁੰਦਾ ਹੁੰਦਾ। ਆਲੇ-ਦੁਆਲੇ ਹੱਡ ਹੀ ਹੱਡ ਪਏ ਨੇ, ਬਦਬੂ ਮਾਰ ਰਹੀ ਹੈ, ਨੱਕ 'ਤੇ ਕੱਪੜਾ ਲਿਆ ਹੋਇਆ ਹੈ ਰਾਜੇ ਨੇ। ਕਹਿੰਦਾ, ਆਹ ਜਗ੍ਹਾ ਹੈ। ਕਹਿੰਦਾ ਘੋੜਾ? ਕਹਿੰਦਾ, ਘੋੜਾ ਵੀ ਅੰਦਰ ਹੀ ਬੰਨ੍ਹ ਲਈਂ।

ਸੋ ਰਾਤ ਨੂੰ ਪੈ ਗਿਆ, ਨਾਲ ਸ਼ਰਤ ਲਾ ਦਿਤੀ ਕਿ ਸੂਰਜ ਦੀ ਜਿਹੜੀ ਪਹਿਲੀ ਕਿਰਨ ਹੈ ਉਹਦੇ ਨਿਕਲਦੇ ਸਾਰ, ਮੈਂ ਇਥੋਂ ਚਲਿਆ ਜਾਣਾ ਹੈ। ਕਹਿੰਦਾ, ਠੀਕ ਹੈ। ਉਸ ਵੇਲੇ ਪਹਿਲਾਂ ਨੀਂਦ ਨਹੀਂ ਆਉਂਦੀ, ਬਦਬੂ ਮਾਰਦੀ ਹੈ, ਬੇਅੰਤ ਬਦਬੂ ਆ ਰਹੀ ਹੈ। ਸਿਰ ਚੱਕਰ ਖਾਣ ਲੱਗ ਗਿਆ ਤੇ ਉਥੇ ਘੋੜੇ ਨੇ ਲਿੱਦ ਕਰ ਦਿਤੀ ਹੋਰ ਮੁਸ਼ਕ ਵੱਧ ਗਿਆ। ਪਿਸ਼ਾਬ ਕਰ ਦਿਤਾ ਹੋਰ ਮੁਸ਼ਕ ਵੱਧ ਗਿਆ ਤੇ ਉਥੇ ਹੀ ਪਿਆ ਹੈ ਤੇ ਜਦ ਪਿਛਲੀ ਰਾਤ ਆਈ, ਨੀਂਦ ਨੇ ਪਾਇਆ ਜ਼ੋਰ, ਨੀਂਦ ਆ ਗਈ। ਸਵੇਰੇ ਸੂਰਜ ਚੜ੍ਹ ਗਿਆ ਉਠਿਆ ਨਾ, ਚੰਡਾਲ ਆਇਆ, ਉਹਨੇ ਆ ਕੇ ਕਿਹਾ ਰਾਜਨ! ਸੂਰਜ ਚੜ੍ਹ ਗਿਆ ਹੁਣ ਤੂੰ ਮੇਰੀ ਝੌਂਪੜੀ ਖਾਲੀ ਕਰ ਦੇ। ਕਹਿੰਦਾ, ਅਜੇ ਤਾਂ ਮੈਨੂੰ ਪਿਆ ਰਹਿਣ ਦੇ, ਮੈਂ ਜਾਣਾ ਨਹੀਂ। ਕਹਿੰਦਾ, ਤੂੰ ਮੇਰੇ ਨਾਲ ਸਮਾਂ ਬੰਨ੍ਹਿਆ ਹੋਇਆ ਹੈ ਤੂੰ ਕਿਉਂ ਨਹੀਂ ਜਾਂਦਾ?

ਕਹਿੰਦਾ, ਰਾਜਨ! ਇਸ ਤਰ੍ਹਾਂ ਦਸ ਕਿ ਰਾਜੇ ਨੂੰ ਚਲੇ ਜਾਣਾ ਚਾਹੀਦਾ ਸੀ ਕਿ ਨਹੀਂ ਜਾਣਾ ਚਾਹੀਦਾ। ਰਾਜਾ ਪਰੀਛਤ ਕਹਿਣ ਲੱਗਿਆ, ਇਹੋ ਜਿਹੇ ਗੰਦੇ ਥਾਉਂ ਰਹਿ ਕੇ ਰਾਜੇ ਨੂੰ ਤਾਂ ਫੌਰਨ ਚਲੇ ਜਾਣਾ ਚਾਹੀਦਾ ਸੀ। ਠੀਕ ਹੈ ਬਚ ਗਿਆ, ਸੂਰਜ ਚੜ੍ਹ ਆਇਆ, ਹੁਣ ਬਰਫ ਤੋਂ ਵੀ ਬਚ ਜਾਏਗਾ ਤੇ ਇਹਨੂੰ ਚਲੇ ਜਾਣਾ ਚਾਹੀਦਾ ਹੈ।

ਕਹਿਣ ਲੱਗੇ, ਫੇਰ ਰਾਜਾ ਗਲਤ ਹੋਇਆ ਨਾ?

ਕਹਿਣ ਲੱਗੇ, ਹਾਂ ਰਾਜਾ ਗਲਤ ਹੋਇਆ।

ਫੇਰ ਕਹਿੰਦੇ, ਹੁਣ ਮੈਨੂੰ ਤੂੰ ਦਸ, ਤੂੰ ਸਰੀਰ ਤਾਂ ਹੈ ਨਹੀਂ ਜੀਵ ਆਤਮਾ ਹੈਂ। ਆਹ ਕਾਹਦੇ ਵਿਚ ਬੈਠਾ ਹੈਂ –

***ਬਿਸਟਾ ਅਸਤ ਰਕਤੁ ਪਰੇਟੇ ਚਾਮ ॥***
***ਇਸੁ ਊਪਰਿ ਲੇ ਰਾਖਿਓ ਗੁਮਾਨ ॥*** ***ਅੰਗ – 374***

ਕਹਿੰਦੇ, ਆਹ ਸਰੀਰ ਦੇ ਵਿਚ ਕੀ ਪਿਆ ਹੈ, ਵਿਸ਼ਟਾ ਪਿਆ ਹੈ। ਪੇਸ਼ਾਬ ਪਿਆ ਹੈ, ਮੈਲ ਪਈ ਹੈ, ਅੱਖਾਂ 'ਚ ਮੈਲ, ਕੰਨਾਂ 'ਚ ਮੈਲ। ਸਾਰਾ ਸਰੀਰ ਮੈਲਾ ਤੇ ਗੰਦ-ਮੰਦ ਦੇ ਵਿਚ ਹੀ ਰਾਧ ਪਈ ਹੈ, ਵਿਚੇ ਮਾਸ, ਹੱਡੀਆਂ, ਲਹੂ ਪਿਆ ਹੈ। ਤੂੰ ਇਹਦੇ ਵਿਚ ਟਿਕਿਆ ਬੈਠਾ ਹੈਂ ਤੇ ਤੇਰਾ ਜੀਅ ਨਹੀਂ ਕਰਦਾ ਇਹਦੇ ਵਿਚੋਂ। ਦਸ ਤੂੰ ਗਲਤ ਹੈਂ ਕਿ ਠੀਕ ਹੈਂ? ਸਮਝ ਆ ਗਈ, ਕਹਿੰਦਾ, ਮਹਾਰਾਜ! ਮੈਂ ਬਿਲਕੁਲ ਗਲਤ ਹਾਂ, ਮੈਨੂੰ ਨਹੀਂ ਸੀ ਪਤਾ ਕਿ ਮੈਂ ਐਨੇ ਗੰਦਮੰਦ ਦੇ ਥੈਲੇ 'ਚ ਰਹਿ ਰਿਹਾ ਹਾਂ, ਅੱਜ ਮੈਨੂੰ ਪਤਾ ਲੱਗਿਆ ਹੈ। ਉਸ ਵੇਲੇ ਉਹਨੇ ਕਥਾ ਕਰੀ, ਤਿੰਨ ਦਿਨ ਬਾਕੀ ਰਹਿ ਗਏ ਤੇ ਐਸਾ ਦਸਦੇ ਨੇ ਕਿ ਜਦੋਂ ਭੋਗ ਪਿਆ, ਪ੍ਰਸ਼ਾਦ ਦੇ ਤੌਰ 'ਤੇ ਫੁੱਲ ਮੰਗਾ ਲਏ, ਫੁੱਲਾਂ ਦੇ ਵਿਚ ਇਛਿਆਧਾਰੀ ਨਾਗ ਕੀੜੀ ਦਾ ਰੂਪ ਧਾਰ ਕੇ ਵੜ ਗਿਆ। ਵੜਿਆ ਹੋਇਆ ਤਾਂ ਜਦੋਂ ਉਹਨੇ ਪ੍ਰਸ਼ਾਦ ਲੈ ਕੇ ਮੱਥੇ ਨਾਲ ਲਾਇਆ, ਉਹਨੂੰ ਕੀੜੀ ਰੂਪ ਦੇ ਵਿਚ ਡੰਗ ਮਾਰਿਆ, ਜਿਹਦੇ ਨਾਲ ਰਾਜਾ ਪ੍ਰੀਛਤ ਮਰ ਗਿਆ। ਲੇਕਿਨ ਉਹਨੇ ਕਥਾ ਸੁਣ ਲਈ, ਕਥਾ ਸੁਣਨ ਦੇ ਨਾਲ ਉਹਦੀ ਮੁਕਤੀ ਹੋ ਗਈ।

ਸੋ ਮਹਾਰਾਜ ਕਹਿੰਦੇ ਨੇ ਕਿ –

***ਸੁਨਿ ਹਰਿ ਕਥਾ ਉਤਾਰੀ ਮੈਲੁ ॥***
***ਮਹਾ ਪੁਨੀਤ ਭਏ ਸੁਖ ਸੈਲੁ ॥***
***ਵਡੈ ਭਾਗਿ ਪਾਇਆ ਸਾਧਸੰਗੁ ॥***
***ਪਾਰਬ੍ਰਹਮ ਸਿਉ ਲਾਗੋ ਰੰਗੁ ॥*** ***ਅੰਗ – 178***

ਸੋ ਮਹਾਰਾਜ ਕਹਿਣ ਲੱਗੇ, ਦੇਖੋ ਪ੍ਰੇਮੀਓ! ਹੁਣ ਤੁਸੀਂ ਇਸ ਤਰ੍ਹਾਂ ਕਰੋ, ਤੁਹਾਨੂੰ ਸਾਰੀ ਗੱਲ ਸਮਝਾ ਦਿਤੀ, ਤੁਸੀਂ ਰਾਜਸੀ ਤੇ ਸਾਂਤਕੀ ਤਪ ਕਰਨਾ। ਹਰੀ ਦਾ ਜਸ ਕਰਨਾ ਹੈ, ਕਥਾ ਕਰਨੀ ਹੈ ਨਾਲ। ਇਕੱਲਾ ਜਿਹੜਾ ਕੀਰਤਨ ਹੈ ਉਹ ਛਾਛੜੇ ਦਾ ਮੀਂਹ ਹੁੰਦਾ ਹੈ, ਉਹ ਰੋੜ੍ਹ ਕੇ ਤਾਂ ਲੈ ਜਾਂਦਾ ਹੈ ਸਭ ਚੀਜ਼ਾਂ ਨੂੰ, ਪਰ ਗਿੱਲ ਨਹੀਂ ਛੱਡਦਾ, ਗਿੱਲ ਨਹੀਂ ਹੁੰਦੀ, ਪਾਣੀ ਰੁੜ੍ਹ ਜਾਂਦਾ ਹੈ। ਜਿਹੜਾ ਮੀਂਹ ਪੈ ਗਿਆ, ਫੇਰ ਚੁੱਪ ਕਰ ਗਿਆ, ਫੇਰ ਹਲਕੀ-ਹਲਕੀ ਕਣੀ ਦਾ ਪੈ ਗਿਆ, ਫੇਰ ਚੁੱਪ ਕਰ ਗਿਆ, ਫੇਰ ਇੱਕ ਬਾਛੜ ਜਿਹੀ ਆ ਗਈ, ਫੇਰ ਚੁੱਪ ਕਰ ਗਿਆ, ਫੇਰ ਬਾਛੜ ਜਿਹੀ ਆ ਗਈ, ਫੇਰ ਚੁੱਪ ਕਰ ਗਿਆ। ਫੇਰ ਬੁਛਾੜ ਆ ਗਈ, ਫੇਰ ਚੁੱਪ ਕਰ ਗਿਆ। ਕਹਿੰਦੇ, ਇਹਦੇ ਨਾਲ ਡੂੰਘਿਆਈ ਜਿਹੜੀ ਹੈ ਪਾਣੀ ਹਾਂਡੇ ਚਲੀ ਜਾਂਦੀ ਹੈ ਤੇ ਪਾਣੀ ਉਤੇ ਆ ਜਾਇਆ ਕਰਦਾ ਹੈ, ਖੂਹਾਂ ਦਾ

ਪਾਣੀ ਵੀ, ਟਿਊਬਵੈਲਾਂ ਦਾ ਵੀ ਪਾਣੀ। ਇਸ ਕਰਕੇ ਕਥਾ ਜਿੱਥੇ ਨਾਲ ਕੀਰਤਨ ਦੇ ਹੈ। ਉਥੇ ਜਗਿਆਸੂ ਦੇ ਹਿਰਦੇ ਤਕ ਗੱਲ ਜਾ ਪਹੁੰਚਦੀ ਹੈ, ਗਿੱਲ ਪਹੁੰਚ ਜਾਂਦੀ ਹੈ ਤੇ ਉਹਦਾ ਮਨ ਹਰੀ ਦੇ ਜਸ ਵਲ, ਪ੍ਰਮੇਸ਼ਰ ਵਲ ਹੋ ਜਾਇਆ ਕਰਦਾ ਹੈ। ਇਸ ਕਰਕੇ ਤੁਹਾਨੂੰ ਅਸੀਂ ਸਾਂਤਕੀ ਤਪ ਦੱਸਿਆ ਹੈ ਤੇ ਸਾਂਤਕੀ ਤਪ ਕਰੋ।

ਕਹਿਣ ਲੱਗੇ ਕਿ ਮਹਾਰਾਜ! ਸਾਡੇ ਉੱਤੇ ਕ੍ਰਿਪਾ ਕਰੋ, ਉਸ ਵੇਲੇ ਮਹਾਰਾਜ ਜੀ ਨੇ ਦੋਵੇਂ ਸਾਮ੍ਹਣੇ ਬਿਠਾ ਲਏ, ਕਹਿਣ ਲੱਗੇ, ਕਹੁ ਵਾਹਿਗੁਰੂ! ਕਹੁ ਵਾਹਿਗੁਰੂ! ਕਹੁ ਵਾਹਿਗੁਰੂ! ਤਿੰਨ ਵਾਰੀ ਵਾਹਿਗੁਰੂ ਕਹਾ ਦਿਤਾ। ਵਾਹਿਗੁਰੂ ਕਹਿਣ ਦੀ ਦੇਰ ਸੀ, ਪੈਰਾਂ ਦੇ ਅੰਗੂਠੇ ਤੋਂ ਲੈ ਕੇ ਸਿਰ ਦੀ ਚੋਟੀ ਤਕ ਝਰਨ੍ਹਾਟਾਂ ਚੱਲਣੀਆਂ ਸ਼ੁਰੂ ਹੋ ਗਈਆਂ।

ਗੁਰੂ ਨਾਨਕ ਦੇ ਮੁੱਖ ਤੋਂ ਵਾਹਿਗੁਰੂ ਕਿਹਾ ਹੋਇਆ ਕੋਈ ਸਹਿ ਸਕਦਾ ਸੀ? ਕੋਈ ਨਹੀਂ ਸਹਿ ਸਕਦਾ।

ਇੱਕ ਵਾਰੀ ਬਾਬਾ ਰਾਮ ਸਿੰਘ ਜੀ ਦਿੱਲੀ ਗਏ ਹੋਏ ਨੇ। ਉਥੇ ਸੰਗਤ ਨੇ ਇਹ ਗੱਲ ਕਹੀ ਕਿ ਤੁਸੀਂ ਉੱਚੀ ਵਾਹਿਗੁਰੂ ਕਿਉਂ ਨਹੀਂ ਕਹਿੰਦੇ, ਸਤਿਨਾਮ ਕਹਿੰਦੇ ਓਂ। ਉਹ ਕਹਿਣ ਲੱਗੇ, ਭਾਈ! ਮੰਤਰ ਗੋਪ ਹੈ, ਪ੍ਰਗਟ ਨਹੀਂ ਕਰਨਾ ਚਾਹੀਦਾ। ਕਹਿੰਦੇ, ਉੱਚੀ ਕਹਿ ਦਿਓ ਫੇਰ ਕੀ ਫਰਕ ਪੈਂਦਾ ਹੈ। ਬਾਰ-ਬਾਰ ਕਿਹਾ, ਬਾਬਾ ਜੀ ਕਹਿੰਦੇ ਚੰਗਾ! ਕੱਲ੍ਹ ਨੂੰ ਸਮਝਾਂਵਾਂਗੇ ਤੁਹਾਨੂੰ। ਕਹਿੰਦੇ, ਇਸ ਤਰ੍ਹਾਂ ਕਰੋ, ਬਾਣ ਲੈ ਆਇਓ ਬਹੁਤ ਸਾਰਾ, ਜਿੰਨੀ ਸੰਗਤ ਬੈਠੀ ਹੈ ਸਾਰਿਆਂ ਦੇ ਹੱਥਾਂ 'ਚ ਆ ਜਾਏ ਬਾਣ। ਮੁੰਝ ਦਾ ਬਾਣ ਲਿਆਂਦਾ, ਕਹਿੰਦੇ ਫੜ ਲਓ ਇਹਨੂੰ ਸਾਰੇ, ਇੱਕ ਸਿਰਾ ਆਪ ਫੜ ਲਿਆ ਉਨ੍ਹਾਂ ਨੇ। ਖੜ੍ਹੇ ਹੋ ਗਏ, ਕਹਿੰਦੇ ਲਓ ਪ੍ਰੇਮੀਓ! ਹੁਣ ਗੁਰੂ ਨਾਨਕ ਸਾਹਿਬ ਦਾ ਛੱਤੀ ਜੁਗ ਦਾ ਜੰਮਿਆ ਹੋਇਆ ਨਾਮ ਹਿਰਦੇ 'ਚ ਆ ਕੇ ਵਸਿਆ ਹੋਇਆ ਹੈ, ਹੁਣ ਮੈਂ ਕਹਿਣ ਲੱਗਿਆ ਹਾਂ, ਉੱਚੀ ਆਵਾਜ਼ 'ਚ, ਸੰਭਲੋ।

ਜਦੋਂ ਉਨ੍ਹਾਂ ਨੇ ਕਿਹਾ –

ਵਾ.......ਹਿ.....ਗੁ.......ਰੂ।

ਜ਼ੋਰ ਦੀ ਆਵਾਜ਼ ਦਿਤੀ। ਸਾਰੀ ਸੰਗਤ ਮੂਰਛਤ ਹੋ ਗਈ, ਇੱਕ ਵੀ ਸੁਰਤ ਵਾਲਾ ਨਾ ਰਿਹਾ। ਕਮਾਇਆ ਹੋਇਆ ਨਾਮ ਸਹਿ ਨਹੀਂ ਹੁੰਦਾ।

ਗੁਰੂ ਨਾਨਕ ਨੇ ਜਦੋਂ ਨਾਮ ਉਚਾਰਨ ਕਰਿਆ ਬਗਦਾਦ ਦੇ ਵਿਚ, ਵੱਟੇ ਲੈ ਕੇ ਮਾਰਨ ਆ ਰਹੇ ਨੇ। ਪੀਰ ਦਸਤਗੀਰ ਕਹਿੰਦਾ ਗੁਰੂ ਨਾਨਕ ਨੂੰ ਮਾਰ ਦਿਓ ਕਿਉਂਕਿ ਇਹ ਕਿਉਂ ਕਹਿੰਦਾ ਹੈ, ਨਾਲੇ ਵਜਾਉਂਦਾ ਹੈ ਸਰੋਦ, ਕੀਰਤਨ ਕਰਦਾ ਹੈ। ਮਾਰੋ ਇਹਨੂੰ ਜੀਉਂਦੇ ਨੂੰ। ਵੱਟੇ ਲੈ ਕੇ ਜਦੋਂ ਉਲ੍ਹਾਰ ਕੇ ਲੱਗੇ ਮਾਰਨ। ਮਹਾਰਾਜ ਨੇ ਸਤਿਨਾਮ ਦੀ ਬਾਂਗ ਦੇ ਦਿਤੀ। ਸਾਰਿਆਂ ਦੇ ਹੱਥ ਜੁੜ ਗਏ, ਸੁੰਨ ਮੁੰਨ ਹੋ ਗਈ ਨਗਰੀ ਸਾਰੀ। ਵਿਚੇ

ਪੀਰ ਹੋ ਗਿਆ। ਮਹਾਰਾਜ ਨੇ ਪੀਰ ਨੂੰ ਤਾਂ ਸੁਰਜੀਤ ਕਰ ਦਿਤਾ। ਕਹਿੰਦਾ, ਮਹਾਰਾਜ! ਕ੍ਰਿਪਾ ਕਰੋ, ਇਨ੍ਹਾਂ ਨੂੰ ਵੀ ਸੁਰਜੀਤ ਕਰੋ।

ਯਾਨਿ ਕਮਾਇਆ ਹੋਇਆ ਨਾਮ ਜਿਹੜਾ ਹੁੰਦਾ ਹੈ, ਉਹ ਸਹਿਆ ਨਹੀਂ ਜਾਂਦਾ। ਸੋ ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਨਾਮ ਦਾ ਉਚਾਰਨ ਕਰਿਆ, ਕੰਨਾਂ 'ਚੋਂ ਹੋ ਕੇ ਹਿਰਦੇ 'ਚ ਗਿਆ, ਰੋਮ-ਰੋਮ 'ਚ ਨਾਮ ਫੈਲ ਗਿਆ। ਇਸ ਤਰ੍ਹਾਂ ਜਪੋ ਭਾਈ!

ਵਾ.......ਹਿ.....ਗੁ.......ਰੂ।

ਵਾ.......ਹਿ.....ਗੁ.......ਰੂ।

ਵਾ.......ਹਿ.....ਗੁ.......ਰੂ।

ਵਾ.......ਹਿ.....ਗੁ.......ਰੂ।

ਇਹਨੂੰ ਧੁਨ ਕਹਿੰਦੇ ਨੇ, ਅਨਹਦ ਸ਼ਬਦ ਜਦੋਂ ਅੰਦਰ ਜਾਗ ਪੈਂਦਾ ਹੈ ਫੇਰ ਇਹ ਧੁਨ -

***ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ ॥ ਅੰਗ - 879***

ਇਹ ਧੁਨ ਜਿਹੜੀ ਹੈ, ਇਹਨੂੰ ਕਹਿੰਦੇ ਨੇ ਗੁਰੂ ਦੇ ਸ਼ਬਦ ਦਾ ਧਿਆਨ। ਇਸ ਧਿਆਨ ਦੇ ਨਾਲ ਸਾਨੂੰ ਇਹ ਵਿਵੇਕ ਮੰਡਲ 'ਚ ਆਪੇ ਹੀ ਲੈ ਕੇ ਦਾਖਲ ਹੋ ਜਾਂਦਾ ਹੈ। ਫੇਰ ਗਿਆਨ ਹੋ ਜਾਂਦਾ ਹੈ। ਸੋ ਇਨ੍ਹਾਂ ਦੋਹਾਂ ਪ੍ਰੇਮੀਆਂ ਨੇ, ਅੰਮ੍ਰਿਤ ਵੇਲੇ ਉੱਠ ਕੇ ਨਾਮ ਜਪਣਾ। ਫੇਰ ਉਸ ਤੋਂ ਬਾਅਦ ਕਥਾ ਕਰਨੀ। ਇੱਕ ਨੇ ਕਥਾ ਕਰਨੀ ਦੂਜੇ ਨੇ ਸੁਣਨਾ। ਫੇਰ ਦੋਹਾਂ ਨੇ ਇਕੱਠੇ ਹੋ ਕੇ ਕੀਰਤਨ ਕਰਨਾ। ਹੌਲੀ-ਹੌਲੀ ਸੰਗਤ ਬਣਨ ਲੱਗ ਗਈ। ਇਤਿਹਾਸ 'ਚ ਲਿਖਿਆ ਹੈ ਐਨੀ ਸੰਗਤ ਬਣ ਗਈ ਕਿ ਸਾਂਭੀ ਨਾ ਜਾਵੇ, ਦੂਰ-ਦਰਾਜ ਪਿੰਡਾਂ 'ਚ ਜਾਣ, ਹਰੀ ਦਾ ਜਸ ਕਰਨ, ਹਰੀ ਦੀ ਕਥਾ ਕਰਨ, ਨਾਮ ਜਪਣ, ਨਾਮ ਜਪਾਉਣ ਤੇ ਗੁਰੂ ਨਾਨਕ ਪਾਤਸ਼ਾਹ ਦੇ ਪ੍ਰਵਾਨ ਸਿੱਖਾਂ ਦੇ ਵਿਚ ਦਾਖਲਾ ਮਿਲ ਗਿਆ। ਆਪ ਵੀ ਮੁਕਤ ਹੋਏ, ਕੁਲਾਂ ਵੀ ਮੁਕਤ ਕਰ ਦਿਤੀਆਂ ਤੇ ਸੰਸਾਰ ਨੂੰ ਵੀ ਉਧਾਰ ਦਿਤਾ ਤੇ ਪਦਵੀ ਕਿੱਡੀ ਹੈ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ - 306***

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ। ਸਾਰੇ ਪ੍ਰੇਮੀ ਅਨੰਦ ਸਾਹਿਬ, ਗੁਰ ਸਤੋਤਰ 'ਚ ਬੋਲੋ। ਜਿਹੜੇ ਹਾਲਾਂ ਤੱਕ ਨਹੀਂ ਬੋਲੇ ਉਹ ਵੀ ਆਪਣੀ ਰਸਨਾ ਪਵਿੱਤਰ ਕਰ ਲਓ।

ਅਰਦਾਸ, ਹੁਕਮਨਾਮਾ।

# 13

## ਗੁਰੂ ਨਾਨਕ ਪਾਤਸ਼ਾਹ,
## ਭਾਈ ਸੀਂਹਾਂ ਤੇ ਭਾਈ ਗੱਜਣ

ਸ਼ਾਨ...............................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*
*ਅੰਗ - 290*

*ਧਾਰਨਾ - ਮੈਂ ਕੀ ਜਾਣਾ ਜੀ, ਤੇਰੀ ਸਾਰ ਨੂੰ,*
*ਤੂੰ ਤਾਂ ਸਾਰਿਆਂ ਰੰਗਾਂ ਦੇ ਵਿਚ ਖੇਲ੍ਹੇ ਮਾਲਕਾ,*
*ਤੇਰੀ ਸਾਰ ਨੂੰ।*

*ਆਪੇ ਜਗਤੁ ਉਪਾਇਦਾ ਮੇਰੇ ਗੋਵਿਦਾ*
*ਹਰਿ ਆਪਿ ਖੇਲੈ ਬਹੁ ਰੰਗੀ ਜੀਉ ॥*
*ਇਕਨਾ ਭੋਗ ਭੋਗਾਇਦਾ ਮੇਰੇ ਗੋਵਿੰਦਾ*
*ਇਕਿ ਨਗਨ ਫਿਰਹਿ ਨੰਗ ਨੰਗੀ ਜੀਉ ॥*
*ਆਪੇ ਜਗਤੁ ਉਪਾਇਦਾ ਮੇਰੇ ਗੋਵਿਦਾ*
*ਹਰਿ ਦਾਨੁ ਦੇਵੈ ਸਭ ਮੰਗੀ ਜੀਉ ॥*
*ਭਗਤਾ ਨਾਮੁ ਆਧਾਰੁ ਹੈ ਮੇਰੇ ਗੋਵਿੰਦਾ*
*ਹਰਿ ਕਥਾ ਮੰਗਹਿ ਹਰਿ ਚੰਗੀ ਜੀਉ ॥ ਅੰਗ - 174*

*ਆਪੇ ਧਰਤੀ ਆਪੇ ਹੈ ਰਾਹਕੁ ਆਪਿ ਜੰਮਾਇ ਪੀਸਾਵੈ ॥*
*ਆਪਿ ਪਕਾਵੈ ਆਪਿ ਭਾਂਡੇ ਦੇਇ ਪਰੋਸੈ ਆਪੇ ਹੀ ਬਹਿ ਖਾਵੈ ॥*

*ਆਪੇ ਜਲੁ ਆਪੇ ਦੇ ਛਿੰਗਾ ਆਪੇ ਚੁਲੀ ਭਰਾਵੈ ॥*
*ਆਪੇ ਸੰਗਤਿ ਸਦਿ ਬਹਾਲੈ ਆਪੇ ਵਿਦਾ ਕਰਾਵੈ ॥*
*ਜਿਸ ਨੋ ਕਿਰਪਾਲੁ ਹੋਵੈ ਹਰਿ ਆਪੇ ਤਿਸ ਨੋ ਹੁਕਮੁ ਮਨਾਵੈ ॥*
*ਅੰਗ - 550*

*ਧਾਰਨਾ - ਆਪੇ ਸਾਰਿਆਂ ਰੰਗਾਂ ਦੇ ਵਿਚ ਖੇਡਦੈਂ,*
*ਮੈਂ ਕੀ ਜਾਣਾ ਤੇਰੀ ਸਾਰ ਨੂੰ।*

ਜਿੰਨੇ ਵੀ ਰੰਗ ਨੇ, ਜਿੰਨਾਂ ਕੁਛ ਵੀ ਨਜ਼ਰ ਆਉਂਦਾ ਹੈ, ਵਾਹਿਗੁਰੂ ਜੀ ਨੂੰ ਮੁਖਾਤਬ ਕਰਕੇ, ਇਸ ਸ਼ਬਦ ਦੇ ਅੰਦਰ ਕਿਹਾ ਹੈ ਕਿ ਤੁਸੀਂ ਸਾਰਿਆਂ ਰੰਗਾਂ 'ਚ ਖੇਡ ਰਹੇ ਓਂ। ਥੋੜ੍ਹਾ ਜਿਹਾ ਵਿਆਕਰਣ ਦਾ ਧਿਆਨ ਦਿਆ ਕਰੋ ਜਦੋਂ ਬੋਲਦੇ ਓਂ। ਜੇ ਅਸੀਂ ਇਹ ਕਹਿ ਦੇਈਏ ਕਿ 'ਆਪੇ ਸਾਰਿਆਂ ਰੰਗਾਂ ਦੇ ਵਿਚ ਖੇਡਦਾ।' ਫੇਰ 'ਤੇਰੀ ਸਾਰ' ਨਹੀਂ, ਉਥੇ ਆਏਗਾ, 'ਉਹਦੀ ਸਾਰ ਨੂੰ।' ਜਦੋਂ ਵਾਹਿਗੁਰੂ ਸਾਮ੍ਹਣੇ ਹੈ, ਫੇਰ ਉਹਦਾ ਨਹੀਂ ਕਿਹਾ ਜਾ ਸਕਦਾ, ਫੇਰ ਤੇਰਾ ਕਿਹਾ ਜਾਂਦਾ ਹੈ। 'ਖੇਡਦਾ' ਤੇ 'ਖੇਡਦੈਂ' ਦੇ ਵਿਚ ਫਰਕ ਹੋਇਆ ਕਰਦਾ ਹੈ। 'ਖੇਡਦੈਂ' ਹੁੰਦਾ ਹੈ, ਦੂਸਰਾ ਬੰਦਾ, 'ਖੇਡਦਾ' ਹੁੰਦਾ ਹੈ ਤੀਸਰਾ ਬੰਦਾ।

ਸੋ ਆਪ ਸਾਰੇ ਗੁਰੂ ਮਹਾਰਾਜ ਦੇ ਹਜ਼ੂਰ ਪਹੁੰਚੇ ਓਂ, ਮਹਾਰਾਜ ਦੀ ਕ੍ਰਿਪਾ ਦੇ ਨਾਲ। ਗੁਰੂ ਨਾਨਕ ਪਾਤਸ਼ਾਹ ਦਾ ਦਰਬਾਰ ਲੱਗਿਆ ਹੋਇਆ, ਕਰਤਾਰਪੁਰ। ਬੇਅੰਤ ਸੰਗਤਾਂ ਜਿਨ੍ਹਾਂ ਨੂੰ ਪਹਿਲਾਂ ਉਪਦੇਸ਼ ਹੋ ਚੁੱਕਿਆ ਸੀ, ਉਹ ਵੀ ਤੇ ਹੋਰ ਜਿਹੜੇ ਨਵੇਂ ਸੁਣਦੇ ਨੇ, ਕਿਉਂਕਿ ਸਿੱਖੀ ਦਾ ਜੋ ਪ੍ਰਚਾਰ ਹੈ ਸਾਧਸੰਗਤ ਜੀ, ਇਹਦਾ ਤੇ ਦੂਸਰੇ ਧਰਮਾਂ ਦੇ ਪ੍ਰਚਾਰ 'ਚ ਥੋੜ੍ਹਾ ਜਿਹਾ ਫਰਕ ਹੈ। ਉਹ ਇਹ ਹੈ ਕਿ latest (ਨਵੀਨ ਧਰਮ) ਹੋਣ ਕਰਕੇ, ਇਹਦੇ ਵਿਚ ਕੋਈ ਪੁਜਾਰੀ ਤੇ ਪ੍ਰਚਾਰਕ ਕਲਾਸ ਵੱਖਰੀ ਨਹੀਂ ਰੱਖੀ ਗਈ ਕਿਉਂਕਿ ਉਹ ਦੂਸ਼ਿਤ ਹੋ ਚੁੱਕੀਆਂ ਸੀ। ਗਲਤ ਮਾਰਗ 'ਤੇ ਗੱਲਾਂ 'ਚ ਪੈ ਕੇ ਉਨ੍ਹਾਂ ਦਾ ਦਿਮਾਗ ਦੂਸ਼ਿਤ ਹੋ ਚੁੱਕਿਆ ਸੀ, ਪਾਖੰਡ ਆ ਗਏ ਸੀ, ਭੇਖ ਆ ਗਏ ਸੀ। ਗਲਤ ਆ ਕੇ ਪੁਜਾਰੀ ਕਲਾਸ ਅਲਾਹਿਦਾ ਹੋ ਗਈ ਸੀ। ਉਹਦਾ ਗੁਜ਼ਾਰਾ ਹੀ ਏਸ ਗੱਲ ਦੇ ਉਤੇ ਸੀ ਕਿ ਭੋਲੀ-ਭਾਲੀ ਜਨਤਾ ਨੂੰ ਕਿਸ ਤਰੀਕੇ ਨਾਲ ਬਹੁਤਾ ਮਗਰ ਲਾਇਆ ਜਾ ਸਕਦਾ ਹੈ। ਜੇ ਅਸੀਂ ਐਵੇਂ ਹੀ ਤੁਹਾਨੂੰ ਕਹੀ ਜਾਈਏ ਕਿ ਤੁਹਾਡੇ 'ਤੇ ਫਲਾਣੀ ਚੀਜ਼ ਦਾ ਬੋਝ ਪੈ ਗਿਆ, ਅਖੰਡਪਾਠ ਕਰਾਓ ਹੁਣੇ ਹੀ। ਅਖੰਡਪਾਠ ਕਰਾਉਂਦੇ ਓਂ, ਰੁਜ਼ਗਾਰ ਮਿਲਦਾ ਹੈ ਪਾਠ ਕਰਨ ਵਾਲਿਆਂ ਨੂੰ। ਗੱਲ ਸਾਫ ਨਹੀਂ ਹੈ, ਆਪਣੇ ਸਿਰ 'ਤੇ ਬੋਝ ਲੈਣਾ ਹੁੰਦਾ ਹੈ ਇਹ ਪੁਜਾਰੀ ਕਲਾਸ ਦੇ ਵਿਚ ਨੁਕਸ ਪੈ ਜਾਇਆ ਕਰਦਾ ਹੈ। ਗੁਰੂ ਨਾਨਕ ਪਾਤਸ਼ਾਹ ਨੇ ਇਹ ਕਰਿਆ ਸੀ ਕਿ ਜਾਗੀਆਂ ਹੋਈਆਂ ਰੂਹਾਂ ਪੈਦਾ ਕਰੀਆਂ। ਹਨ੍ਹੇਰੇ ਕੱਟੇ ਨੇਤਰਾਂ ਦੇ। ਉਹਦੇ ਨਾਲ ਉਨ੍ਹਾਂ ਦੀ ਡਿਊਟੀ ਬਣ ਜਾਂਦੀ ਸੀ ਕਿ ਫੇਰ ਅੱਗੇ ਪ੍ਰਚਾਰ ਕਰਨ ਉਹ। ਇਹ ਸਾਰੇ ਹੀ ਜਿੰਨੇ ਗੁਰਸਿੱਖ ਨੇ, ਸਭ ਦੀ ਡਿਊਟੀ ਹੈ ਕਿ ਇੱਕ ਤੋਂ ਦੋ ਕਰਨਾ, ਦੋ ਨੇ ਚਾਰ ਕਰਨੇ, ਚਾਰ ਨੇ ਅੱਠ ਕਰਨੇ। ਅੱਠ ਨੇ ਸੋਲ੍ਹਾਂ ਕਰਨੇ। ਵਧਾਉਣਾ ਹੈ ਇਹ। ਇਸੇ ਕਰਕੇ ਬੜੀ ਭਾਰੀ ਵਿਸ਼ੇਸ਼ਤਾ ਇਤਿਹਾਸ ਦੇ ਅੰਦਰ ਆਉਂਦੀ ਹੈ ਕਿ ਜਿਹੜਾ ਇੱਕ ਗੁਰਸਿੱਖ ਨੂੰ ਵੀ ਰਾਹ ਪਾ ਦੇਵੇ, ਉਹ ਵੀ ਬਹੁਤ ਵੱਡਾ ਪੁੰਨ ਕਰਦਾ ਹੈ। ਅਠਾਹਠ ਤੀਰਥਾਂ ਦਾ ਪੁੰਨ ਉਹਦੇ ਹਿੱਸੇ 'ਚ ਆਉਂਦਾ ਹੈ। ਜਿਹੜਾ ਕਿਸੇ ਨੂੰ

ਸਹੀ ਮਾਰਗ 'ਤੇ ਪਾ ਦੇਵੇ। ਇਸ ਕਰਕੇ ਤੁਹਾਡੀ ਸਾਰੀ, ਸਾਡੀ ਸਾਰਿਆਂ ਦੀ ਡਿਊਟੀ ਹੈ ਕਿ ਅਸੀਂ ਸੱਚ ਦੇ ਮਾਰਗ ਨੂੰ, ਸੱਚ ਦੇ ਧਰਮ ਨੂੰ, ਧਰਮ ਦਾ ਪੰਥ ਜਿਸਨੂੰ ਆਖਦੇ ਨੇ। ਇਹਨੂੰ ਸੰਸਾਰ ਦੇ ਅੰਦਰ ਫੈਲਾਈਏ, ਜਿਸ ਬੋਲੀ 'ਚ ਵੀ ਕੋਈ ਸਮਝ ਸਕਦਾ ਹੈ, ਉਸ ਬੋਲੀ 'ਚ ਬੋਲੀਏ। ਸਿਧਾਂਤ ਬਾਣੀ ਦਾ ਹੋਵੇ, ਅੰਗ੍ਰੇਜ਼ੀ ਸਮਝਦਾ ਹੈ, ਅੰਗ੍ਰੇਜ਼ੀ ਵਿਚ ਦੱਸੋ। ਇਹ ਡਿਊਟੀ ਸਾਰਿਆਂ ਦੀ ਹੁੰਦੀ ਹੈ। ਸੋ ਇਸੇ ਤਰ੍ਹਾਂ ਦੇ ਨਾਲ ਗੁਰੂ ਨਾਨਕ ਪਾਤਸ਼ਾਹ ਵੇਲੇ ਜਿੰਨੀਆਂ ਰੂਹਾਂ ਜਾਗ ਪਈਆਂ, ਚਾਹੇ ਉਹ ਇਸਲਾਮ ਦੀਆਂ ਸਨ, ਚਾਹੇ ਉਹ ਮੱਠਾਂ 'ਚ ਰਹਿਣ ਵਾਲੇ ਸੀ, ਚਾਹੇ ਮੰਦਰਾਂ 'ਚ ਰਹਿਣ ਵਾਲੇ ਸੀ, ਚਾਹੇ ਤਾਂਤਰਿਕ ਸਨ। ਉਹ ਸਾਰੇ ਜਾਗੇ ਹੋਏ, ਥਾਂ-ਥਾਂ ਦੇ ਉਤੇ, ਲਾਈਟ ਹਾਊਸ ਬਣਾ ਕੇ ਚਾਨਣਾ ਕਰ ਰਹੇ ਸੀ। ਬਹੁਤ ਸੰਗਤਾਂ ਪੈਦਾ ਕਰਕੇ, ਗੁਰੂ ਦੇ ਦਰ 'ਤੇ ਲੈ ਕੇ ਆਉਂਦੇ ਸਨ।

ਅੱਜ ਗੁਰੂ ਨਾਨਕ ਪਾਤਸ਼ਾਹ ਕਰਤਾਰਪੁਰ ਸਾਹਿਬ ਬੈਠੇ ਨੇ ਤੇ ਬਹੁਤ ਸਾਰੀ ਸੰਗਤ ਦੀਵਾਨ ਦੇ ਅੰਦਰ ਸਸ਼ੋਭਤ ਹੈ। ਉਸ ਵੇਲੇ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਇਹ ਜਿਹੜਾ ਜੀਵ ਹੈ, ਇਹ ਆਪਣੇ ਆਪ ਨੂੰ ਭੁੱਲ ਜਾਂਦਾ ਹੈ। ਆਪਣੇ ਲੰਘ ਚੁੱਕੇ ਦੁੱਖਾਂ ਨੂੰ ਯਾਦ ਨਹੀਂ ਰੱਖਦਾ, ਜਿਨ੍ਹਾਂ ਤੋਂ ਇਹਨੂੰ ਸਬਕ ਮਿਲਦਾ ਹੈ ਤੇ ਜਿਨ੍ਹਾਂ ਦੁੱਖਾਂ ਦੇ ਸਦਕੇ, ਇਹ ਸੰਸਾਰ ਸਾਗਰ ਤੋਂ ਪਾਰ ਹੋ ਸਕਦਾ ਹੈ ਕਿਉਂਕਿ ਦੁੱਖ ਆਉਂਦਾ ਹੀ ਸੰਸਾਰ ਤੋਂ ਲੰਘਾਉਣ ਵਾਸਤੇ ਹੁੰਦਾ ਹੈ। ਜਿਹੜਾ ਦੁੱਖ ਦੇ ਵਿਚ ਵੀ ਹੋਸ਼ ਵਿਚ ਨਾ ਆਵੇ, ਉਹਦਾ ਕੋਈ ਇਲਾਜ ਨਹੀਂ ਹੋਇਆ ਕਰਦਾ। ਮਹਾਰਾਜ ਕਹਿੰਦੇ, ਇਹਨੂੰ ਆਪ ਤਾਂ ਯਾਦ ਨਹੀਂ ਹੈ, ਪਰ ਮਹਾਂਪੁਰਸ਼ ਜਿਹੜੇ ਤ੍ਰਿਕਾਲ ਦਰਸ਼ੀ ਨੇ ਉਨ੍ਹਾਂ ਨੂੰ ਪਤਾ ਹੈ, ਜਦੋਂ ਮਾਤਾ ਦੇ ਪੇਟ ਵਿਚ ਸੀ, ਉਸ ਵੇਲੇ ਇਹ ਬਾਰ-ਬਾਰ ਬੇਨਤੀਆਂ ਕਰਦਾ ਸੀ ਕਿ ਹੇ ਪ੍ਰਭੂ! ਮੈਨੂੰ ਪੁੱਠੇ ਲਟਕਦੇ ਨੂੰ ਮੁਦਤਾਂ ਹੋ ਗਈਆਂ ਤੇ ਹੁਣ ਜਿਸ ਨਾਮ ਦੇ ਆਧਾਰ 'ਤੇ ਮੈਂ ਬਚਿਆ ਹੋਇਆ ਹਾਂ ਇਹ ਮੈਂ ਨਾਮ ਸੰਸਾਰ 'ਚ ਜਾ ਕੇ 24 ਘੰਟੇ ਜਪਾਂਗਾ ਤੇ ਇੱਕ ਸਕਿੰਟ ਵਾਸਤੇ ਵੀ ਨਹੀਂ ਭੁੱਲਾਂਗਾ, ਕਿਉਂਕਿ ਮੈਨੂੰ ਇੱਥੇ ਪਤਾ ਲੱਗ ਗਿਆ ਕਿ ਦੁਨੀਆਂ ਜਿਹੜੀ ਹੈ, ਇਹ ਕੋਈ ਸਦੀਵੀ ਚੀਜ਼ ਨਹੀਂ। ਇਹ ਤਾਂ ਥੋੜ੍ਹੀ ਦੇਰ ਵਾਸਤੇ ਅਸੀਂ ਰੰਗ-ਮੰਚ 'ਤੇ (ਸੌਂਪਿਆ ਕਾਰਜ) ਆਉਂਦੇ ਹਾਂ, ਡਰਾਮਾ ਕਰਕੇ ਚਲੇ ਜਾਂਦੇ ਹਾਂ। ਆਪਣਾ part (ਪੱਖ) ਅਦਾ ਕਰਕੇ, ਚੰਗਾ ਕਰਦੇ ਹਾਂ ਕਿ ਮਾੜਾ ਕਰਦੇ ਹਾਂ, ਆਪਣੇ ਸਿਰ ਦੇ ਉਤੇ ਗੁਨਾਹਾਂ ਦਾ ਬੋਝ ਲੈ ਕੇ ਚਲੇ ਜਾਂਦੇ ਹਾਂ ਤੇ ਫੇਰ ਦੁੱਖ ਭੋਗਦੇ ਹਾਂ, ਹੇ ਪ੍ਰਭੂ! ਹੁਣ ਤੂੰ ਮੇਰੇ 'ਤੇ ਕ੍ਰਿਪਾ ਕਰ। ਇਹ ਮੈਨੂੰ ਸੋਝੀ ਆ ਗਈ -

***ਗਰਭ ਕੁੰਟ ਮਹਿ ਉਰਧ ਤਪ ਕਰਤੇ ॥***
***ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥*** ***ਅੰਗ - 251***

ਹੁਣ ਨਹੀਂ ਮੈਂ ਤੇਰਾ ਨਾਮ ਭੁੱਲਣਾ। ਪਰ ਮਹਾਰਾਜ ਕਹਿੰਦੇ, ਇੱਕ ਦੋ ਚਾਰ ਨਹੀਂ ਹੈ। ਹਰ ਕੋਈ ਬੰਦਾ ਜਦੋਂ ਸੰਸਾਰ ਦੇ ਅੰਦਰ ਪੈਦਾ ਹੁੰਦਾ ਹੈ, ਪਹਿਲੀ ਹਵਾ ਜਿਸ ਵਕਤ ਇਸਨੂੰ ਲਗਦੀ ਹੈ, ਅੱਖਾਂ ਖੁਲ੍ਹਦੀਆਂ ਨੇ, ਦੁਨੀਆਂ ਨੂੰ ਦੇਖਦਾ ਹੈ। ਇਹ ਪਹਿਲੇ ਝਲਕਾਰੇ ਨਾਲ ਹੀ ਸਭ ਕੁਛ ਭੁੱਲ ਜਾਂਦਾ ਹੈ। ਲੇਕਿਨ ਨਾਮ ਦਾ ਉਚਾਰਨ ਇਹਦੇ ਅੰਦਰ ਹੋ ਰਿਹਾ ਹੁੰਦਾ

ਹੈ। ਧੁਨ ਚਲ ਰਹੀ ਹੁੰਦੀ ਹੈ, ਉਹ ਧੁਨ ਓਧਰ ਨੂੰ ਖਿੱਚਦੀ ਹੈ, ਖੁਸ਼ ਹੁੰਦਾ ਹੈ, ਲੇਕਿਨ ਜਦੋਂ ਭੁੱਲਦੀ ਹੈ ਫੇਰ ਇਹ ਹੱਥ ਪੈਰ ਮਾਰਦਾ ਹੈ, ਰੋਂਦਾ ਹੈ, ਛਟਪਟਾਉਂਦਾ ਹੈ। ਮਾਂ-ਬਾਪ ਹੈਰਾਨ ਹੁੰਦੇ ਨੇ ਕਿ ਇਹਨੂੰ ਕੋਈ ਪਿਛਲਾ ਜਨਮ ਯਾਦ ਆ ਰਿਹਾ ਹੈ। ਪਿਛਲਾ ਨਹੀਂ ਸਾਧਸੰਗਤ ਜੀ! ਨਾਮ ਨਾਲੋਂ ਟੁੱਟ ਰਿਹਾ ਹੁੰਦਾ ਹੈ। ਜਦੋਂ ਫੇਰ ਧੁਨ ਜਾਗ ਪੈਂਦੀ ਹੈ, ਫੇਰ ਇਹ ਖੁਸ਼ ਹੋ ਜਾਂਦਾ ਹੈ। ਸਵਾ ਮਹੀਨਾ ਪੈਦਾ ਹੋਣ ਤੋਂ ਬਾਅਦ ਵੀ ਇਸਨੂੰ ਇਹ ਹਾਲਤ ਰਹਿੰਦੀ ਹੈ। ਲੇਕਿਨ ਜਿਉਂ-ਜਿਉਂ ਸਮਾਂ ਬੀਤਦਾ ਜਾਂਦਾ ਹੈ, ਉਸ ਵੇਲੇ-

***ਪਹਿਲੈ ਪਿਆਰਿ ਲਗਾ ਥਣ ਦੁਧਿ ॥ ਅੰਗ - 137***

ਦੁੱਧ ਦੇ ਨਾਲ ਪਿਆਰ ਹੋ ਗਿਆ। ਜਦੋਂ ਜ਼ਰਾ ਕੁ ਇਹਨੂੰ ਭੁੱਖ ਲਗਦੀ ਹੈ, ਦੁੱਧ ਮੰਗਦਾ ਹੈ, ਰੋ-ਰੋ ਕੇ ਮੰਗਦਾ ਹੈ।

***ਦੂਜੈ ਮਾਇ ਬਾਪ ਕੀ ਸੁਧਿ ॥ ਅੰਗ - 137***

ਹੋਰ ਅੱਗੇ ਭੁੱਲ ਗਿਆ। ਮਾਂ-ਬਾਪ ਦੀ ਸੋਝੀ ਆ ਗਈ।

***ਤੀਜੈ ਭਯਾ ਭਾਭੀ ਬੇਬ ॥ ਅੰਗ - 137***

ਨੇੜੇ ਰਹਿਣ ਵਾਲੇ, ਭਰਾ, ਰਿਸ਼ਤੇਦਾਰਾਂ ਦੀ ਸੋਝੀ ਆ ਗਈ।

***ਚਉਥੈ ਪਿਆਰਿ ਉਪੰਨੀ ਖੇਡ ॥ ਅੰਗ - 137***

ਵੱਡਾ ਹੋ ਗਿਆ, ਖੇਡਾਂ 'ਚ ਮਨ ਲੱਗ ਗਿਆ। ਉਹ ਧੁਨ ਪਿਛੇ ਰਹਿ ਗਈ ਨਾਮ ਦੀ।

***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥***
***ਅੰਗ - 921***

ਇਸ ਤਰ੍ਹਾਂ ਹੀ ਹੌਲੀ-ਹੌਲੀ ਸੰਸਾਰ ਵਿਚ ਆ ਕੇ, ਜਿਉਂ-ਜਿਉਂ ਸੰਸਾਰ ਦੇ ਵਿਚ ਇਹਦੇ ਜਨਮ ਦਿਨ ਮਨਾਏ ਜਾਂਦੇ ਨੇ ਕਿ ਹੁਣ ਪਹਿਲਾ ਜਨਮ ਦਿਨ, ਹੁਣ ਦੂਜਾ, ਹੁਣ ਤੀਜਾ, ਹੁਣ ਚੌਥਾ..., ਜਿਉਂ-ਜਿਉਂ ਜਨਮ ਦਿਨ ਮਨਾਉਂਦੇ ਨੇ, ਓਨਾਂ ਹੀ ਭੁਲਦਾ ਤੁਰਿਆ ਜਾਂਦਾ ਹੈ। ਓਨਾਂ ਹੀ ਦੂਰੀ 'ਤੇ ਆਉਂਦਾ ਹੈ ਉਹ ਪ੍ਰਮੇਸ਼ਰ ਦੇ ਨਾਮ ਨਾਲੋਂ। ਮਹਾਰਾਜ ਕਹਿੰਦੇ ਇਹਨੂੰ ਕੋਈ ਪਤਾ ਨਹੀਂ ਜੇ ਇਹਨੂੰ ਯਾਦ ਵੀ ਕਰਾਵੋ ਤਾਂ ਵੀ ਏਸ ਗੱਲ ਦੇ ਉੱਤੇ ਵਿਸ਼ਵਾਸ਼ ਨਹੀਂ ਕਰਦਾ। ਕਿਉਂਕਿ ਇਹਦਾ ਚਿੱਤ ਮਾਇਆ ਨਾਲ ਲੱਗ ਗਿਆ। ਇਸ ਤਰ੍ਹਾਂ ਫੁਰਮਾਉਂਦੇ ਨੇ -

***ਧਾਰਨਾ - ਪਿਆਰੇ ਭੁੱਲ ਗਿਐਂ, ਦੀਨਾਂ ਦੇ ਦਇਆਲ ਨੂੰ,***
***ਮਾਇਆ ਨਾਲ ਚਿੱਤ ਲਾ ਲਿਆ।***

ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ ਕਿ ਪ੍ਰੇਮੀਓਂ! ਇਹ ਜੀਵ ਜਿਸ ਵਕਤ ਮਾਤਾ ਦੇ ਪੇਟ ਵਿਚ ਸੀ, ਉਸ ਵੇਲੇ ਸਾਸ-ਸਾਸ ਪ੍ਰਮੇਸ਼੍ਰਰ ਨੂੰ ਯਾਦ ਰਖਦਾ ਸੀ, ਉਹਦੇ ਨਾਮ ਦੇ ਬਲ ਕਰਕੇ ਇਸਨੂੰ 101 ਜਨਮ ਦੀ ਸੋਝੀ ਸੀ। ਪਰ ਜਿਉਂ-ਜਿਉਂ ਇਹਦੇ ਜਨਮਦਿਨ ਮਨਾਉਂਦੇ ਗਏ, ਪਹਿਲਾ ਦੂਜਾ, ਚੌਥਾ ਦਸਵਾਂ, ਪੰਦਰਵਾਂ, ਇਹ ਦੁਨੀਆਂ ਦੇ ਵਿਚ ਸਫਰ ਕਰਦਾ ਗਿਆ ਤੇ

ਪਦਾਰਥਾਂ ਨਾਲ ਇਹਦਾ ਵਾਹ ਪੈਂਦਾ ਗਿਆ ਤੇ ਇਹ ਭੁੱਲਦਾ ਚਲਾ ਗਿਆ ਪ੍ਰਮੇਸ਼੍ਵਰ ਨੂੰ ਤੇ ਆਪ ਨੇ ਫੁਰਮਾਨ ਕੀਤਾ ਹੈ ਕਿ–

***ਸੰਜੋਗੁ ਵਿਜੋਗੁ ਧੁਰਹੁ ਹੀ ਹੂਆ ॥***
***ਪੰਚ ਧਾਤੁ ਕਰਿ ਪੁਤਲਾ ਕੀਆ ॥*** ***ਅੰਗ – 1007***

ਮਿਲ ਜਾਣਾ ਤੇ ਵਿਛੜ ਜਾਣਾ, ਧੁਰ ਦਰਗਾਹ ਦਾ ਹੀ ਹੁਕਮ ਹੈ। ਇਹ ਪੰਜਾਂ ਤੱਤਾਂ ਨੂੰ ਰਲਾ ਕੇ ਆਹ ਜਿਹੜੇ ਆਪਾਂ ਬੈਠੇ ਹਾਂ, ਜਿਹਨੂੰ ਗਲਤੀ ਨਾਲ ਮੈਂ ਕਹਿੰਦੇ ਹਾਂ ਇਹ ਪੁਤਲਾ ਜਿਹਾ ਬਣਾ ਦਿਤਾ।

***ਸਾਹੈ ਕੈ ਫੁਰਮਾਇਅੜੈ ਜੀ ਦੇਹੀ***
***ਵਿਚਿ ਜੀਉ ਆਇ ਪਇਆ ॥*** ***ਅੰਗ – 1007***

ਜਦੋਂ ਹੁਕਮ ਹੋਇਆ ਤਾਂ ਦੇਹੀ ਦੇ ਵਿਚ ਜਿਹੜਾ ਪੁਤਲਾ ਬਣਾਇਆ ਸੀ ਪ੍ਰਮੇਸ਼੍ਵਰ ਨੇ, ਉਹਦੇ ਵਿਚ ਜੀਵ–ਆਤਮਾ ਆ ਕੇ ਪ੍ਰਵੇਸ਼ ਕਰ ਗਈ –

***ਜਿਥੈ ਅਗਨਿ ਭਖੈ ਭੜਹਾਰੇ ॥ ਊਰਧ ਮੁਖ ਮਹਾ ਗੁਬਾਰੇ ॥***
***ਅੰਗ – 1007***

ਮਹਾਂ–ਗੁਬਾਰ, ਚਾਨਣੇ ਦੀ ਜਿੱਥੇ ਇੱਕ ਕਿਰਨ ਵੀ ਨਹੀਂ ਸੀ ਤੇ ਜਿੱਥੇ ਅੱਗ ਫੜ–ਫੜ ਕਰ ਕੇ ਜਲ ਰਹੀ ਸੀ, ਜਿਹਨੂੰ ਪੇਟ ਦੀ ਅਗਨ ਕਹਿੰਦੇ ਨੇ। ਮੂਲੀਆਂ ਨੂੰ ਕੱਚੀਆਂ ਹੀ ਖਾ ਲਓ, ਪੇਟ 'ਚ ਜਾਂਦੀਆਂ ਹੀ ਰਿੱਝ ਜਾਂਦੀਆਂ ਨੇ, ਬਾਹਰ ਅੱਗ ਨਾਲ ਰਿੰਨੋ ਕਿੰਨੀ ਦੇਰ ਲਗਦੀ ਹੈ –

***ਸਾਸਿ ਸਮਾਲੇ ਸੋਈ ਓਥੈ ਖਸਮਿ ਛਡਾਇ ਲਇਆ ॥***
***ਅੰਗ – 1007***

ਉਥੇ ਹਰ ਸਵਾਸ ਦੇ ਨਾਲ ਪ੍ਰਮੇਸ਼੍ਵਰ ਨੂੰ ਯਾਦ ਕਰਦਾ ਹੈ। ਉਥੇ ਉਸ ਪ੍ਰਮੇਸ਼੍ਵਰ ਨੇ ਛੁਡਾ ਦਿਤਾ। ਹੁਣ ਅੱਗੇ ਗੱਲ ਕੀ ਚੱਲੀ–

***ਵਿਚਹੁ ਗਰਭੈ ਨਿਕਲਿ ਆਇਆ ॥*** ***ਅੰਗ – 1007***

ਸੰਸਾਰ 'ਚ ਆ ਗਿਆ, ਖੁਸ਼ੀਆਂ ਮਨਾਈਆਂ ਜਾ ਰਹੀਆਂ ਨੇ। ਬੜੀਆਂ ਪਾਰਟੀਆਂ ਕੀਤੀਆਂ ਜਾਂਦੀਆਂ ਨੇ, ਰਿਸ਼ਤੇਦਾਰ ਬੁਲਾਏ ਜਾਂਦੇ ਨੇ ਤੇ ਹੋਇਆ ਕੀ? ਜੀਵ ਦਾ ਬੜਾ ਭਾਰਾ ਨੁਕਸਾਨ ਹੋ ਗਿਆ। ਉਹਨੇ –

***ਖਸਮੁ ਵਿਸਾਰਿ ਦੁਨੀ ਚਿਤੁ ਲਾਇਆ ॥*** ***ਅੰਗ – 1007***

ਉਹਨੂੰ ਤਾਂ ਭੁੱਲ ਗਿਆ, ਜਿਹਨੇ ਰੱਖਿਆ ਸੀ, ਦੁਨੀਆਂ ਦੇ ਨਾਲ ਚਿੱਤ ਲੱਗ ਗਿਆ ਅਰ ਚਿੱਤ ਵੀ ਇਹੋ ਜਿਹਾ ਲਾਇਆ ਕਿ ਇਹ ਦੋਸਤ ਮਿੱਤਰ ਮੇਰੇ ਕੋਲੋਂ ਜਾਣੇ ਹੀ ਨਹੀਂ, ਮੇਰੇ ਕੋਲ ਹੀ ਰਹਿਣੇ ਹਨ। ਬਾਣੀ ਨਹੀਂ ਸੁਣਦਾ –

***ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥***
***ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥***
***ਅੰਗ – 1381***

ਤੂੰ ਮੰਨਿਆ ਹੀ ਨਹੀਂ ਸੰਸਾਰ ਤੇ ਆ ਕੇ ਕਿ ਮੈਂ ਜਾਣਾ ਵੀ ਹੈ।

ਇਥੇ ਦੀਆਂ ਹੀ ਦਿਨ ਰਾਤ ਵਿਉਂਤਾਂ ਬਣਾਉਂਦਾ ਚਲਿਆ ਜਾਂਦਾ ਹੈ। ਸੋ ਭੁੱਲ ਗਿਆ ਤੂੰ।

*ਆਵੈ ਜਾਇ ਭਵਾਈਐ ਜੋਨੀ*
*ਰਹਣੁ ਨ ਕਿਤਹੀ ਥਾਇ ਭਇਆ ॥* **ਅੰਗ - 1007**

ਹੁਣ ਕੀ ਹੋ ਗਿਆ, ਆਇਆ ਤਾਂ ਸੀ ਕਿ ਮੈਂ ਹੁਣ ਜੂਨਾਂ ਦੇ ਵਿਚੋਂ ਨਿਕਲ ਜਾਣਾ ਹੈ। ਉਹਨੂੰ ਭੁੱਲ ਕੇ ਆਉਂਦਾ ਹੈ, ਫੇਰ ਜਾਂਦਾ ਹੈ, ਫੇਰ ਭੁਆਟਣੀਆਂ ਦਿਤੀਆਂ ਜਾਂਦੀਆਂ ਨੇ ਇਹਨੂੰ ਜੂਨਾਂ ਦੀਆਂ ਤੇ ਇਹ ਕਿਸੇ ਥਾਂ ਦੇ ਉਤੇ ਟਿਕ ਕੇ ਰਹਿ ਨਹੀਂ ਰਿਹਾ -

*ਮਿਹਰਵਾਨਿ ਰਖਿ ਲਇਅਨੁ ਆਪੇ ॥*
*ਜੀਅ ਜੰਤ ਸਭਿ ਤਿਸ ਕੇ ਥਾਪੇ ॥* **ਅੰਗ - 1007**

ਜਿਹੜੇ ਉਹਦੀ ਸ਼ਰਨ ਵਿਚ ਆ ਜਾਂਦੇ ਨੇ, ਉਹ ਉਨ੍ਹਾਂ ਉਤੇ ਮਿਹਰਵਾਨ ਹੈ, ਕਿਸੇ ਨਾਲ ਧੱਕਾ ਨਹੀਂ ਕਰਦਾ, ਜ਼ੋਰ ਨਹੀਂ ਕਰਦਾ, ਸਦਾ ਹੀ ਮਿਹਰਾਂ ਦੇ ਘਰ 'ਤੇ -

*ਸਦਾ ਸਦਾ ਸਦਾ ਦਇਆਲ ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥* **ਅੰਗ - 275**

ਕਹਿੰਦੇ ਹਮੇਸ਼ਾ-ਹਮੇਸ਼ਾ, ਉਹ ਦਿਆਲੂ ਹੈ, ਕਰੂਰਤਾ ਉਹਦੇ ਵਿਚ ਹੈ ਨਹੀਂ। ਜਿਹੜਾ ਵੀ ਸ਼ਰਨ ਆਉਂਦਾ ਹੈ ਉਹਨੂੰ ਰੱਖ ਲੈਂਦਾ ਹੈ। ਫੇਰ ਕੀ ਹੁੰਦਾ ਹੈ -

*ਜਨਮੁ ਪਦਾਰਥੁ ਜਿਣਿ ਚਲਿਆ*
*ਨਾਨਕ ਆਇਆ ਸੋ ਪਰਵਾਣੁ ਥਿਆ ॥* **ਅੰਗ - 1007**

ਉਹਨੇ ਜਨਮ ਦੇ ਪਦਾਰਥ ਨੂੰ ਜਿੱਤ ਲਿਆ। ਜਿਸ ਕੰਮ ਨੂੰ ਕਰਨ ਵਾਸਤੇ ਆਇਆ ਸੀ, ਉਹਦਾ ਆਉਣਾ ਸੰਸਾਰ ਦੇ ਉਤੇ ਪ੍ਰਵਾਨ ਹੈ। ਜਿਹੜੇ ਭੁੱਲ ਜਾਂਦੇ ਨੇ ਉਨ੍ਹਾਂ ਦਾ ਸੰਸਾਰ 'ਤੇ ਆਉਣਾ ਵਿਅਰਥ ਹੋਇਆ ਕਰਦਾ ਹੈ -

*ਆਇਆ ਸਫਲ ਤਾਹੂ ਕੋ ਗਨੀਐ ॥* **ਅੰਗ - 252**

ਕਹਿੰਦੇ ਸਫਲ ਓਹੀ ਹੈ, ਜਿਹਦੇ ਹਰ ਸਵਾਸ ਦੇ ਵਿਚੋਂ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅੱਲਾਹ-ਅੱਲਾਹ; ਕੋਈ ਵੀ ਨਾਮ ਪ੍ਰਮੇਸ਼ੂਰ ਦਾ, ਉਹਦਾ ਧਿਆਨ ਜਿਸਦੇ ਹਿਰਦੇ 'ਚ ਆਉਂਦਾ ਹੈ, ਕਹਿੰਦੇ ਉਹਦਾ ਆਉਣਾ ਤਾਂ ਹੈ ਸਫਲ ਤੇ ਪ੍ਰਵਾਨ ਹੋ ਜਾਂਦਾ ਹੈ ਦਰਗਾਹ 'ਚ। ਜਿਹੜਾ ਪ੍ਰਵਾਨ ਹੋ ਜਾਂਦਾ ਹੈ -

*ਰੇ ਰੇ ਦਰਗਹ ਕਹੈ ਨ ਕੋਊ ॥*
*ਆਉ ਬੈਠੁ ਆਦਰੁ ਸੁਭ ਦੇਊ ॥* **ਅੰਗ - 252**

ਉਥੇ ਵੀ ਦੁਨੀਆਂ ਹੈ, ਇਹ ਮਿੱਟੀ ਦੀ ਦੁਨੀਆਂ ਹੈ, ਉਹ anti matter (ਨਿਰ-ਪਦਾਰਥ) ਦੀ ਦੁਨੀਆਂ ਹੈ। ਇਥੇ ਉਹ ਚੀਜ਼ ਨਾ ਹੋਣ ਕਰਕੇ ਅਸੀਂ ਦਸ ਨਹੀਂ ਸਕਦੇ ਕਿ ਉਥੇ ਕਿਹੋ ਜਿਹਾ ਸਾਡਾ ਸਰੀਰ ਹੈ। ਕਿਵੇਂ ਅਸੀਂ ਰਹਿੰਦੇ ਹਾਂ ਲੇਕਿਨ ਇੱਕ ਗੱਲ ਦਾ ਪਤਾ ਹੈ ਕਿ ਉਥੇ ਸਦਾ

ਸੁੱਖ ਦੀ ਪ੍ਰਾਪਤੀ, ਸਰੀਰ ਚਾਹੇ ਕਿਹੋ ਜਿਹਾ ਹੀ ਹੋਵੇ, ਮਿਲ ਜਾਂਦਾ ਹੈ ਤੇ ਸਦਾ ਸੁਖੀ ਹੁੰਦਾ ਹੈ। ਆਹ ਭਾਰਾ ਸਰੀਰ ਨਹੀਂ ਮਿਲਦਾ, ਹਲਕਾ ਫੁਲਕਾ ਸਰੀਰ, ਕਰੋੜਾਂ ਬ੍ਰਹਿਮੰਡਾਂ 'ਚ ਇੱਕ ਚੁਟਕੀ ਵਿਚ ਚਲਿਆ ਜਾਂਦਾ ਹੈ। ਸਦਾ ਹੀ ਸੁਖੀ ਰਹਿੰਦਾ ਹੈ, ਕਾਲ ਦਾ ਡਰ ਹਟ ਜਾਂਦਾ ਹੈ। ਕਿਹੋ ਜਿਹੀ ਵਧੀਆ ਚੀਜ਼ ਹੈ। ਲੇਕਿਨ ਇਹ ਮਾਇਆ ਦੇ ਵਿਚ ਪਿਆ ਹੋਇਆ ਸੰਸਾਰ, ਇੱਕ ਜਾਲ 'ਚ ਫਸਿਆ ਪਿਆ ਹੈ ਤੇ ਉਹਦੇ ਨਾਲ ਕੀ ਹੁੰਦਾ ਹੈ, ਜੰਮਦਾ ਹੈ ਮਰਦਾ ਹੈ, ਕਰੋੜਾਂ ਆਉਂਦੇ ਨੇ, ਕਰੋੜਾਂ ਜਾਂਦੇ ਨੇ, ਖਰਬਾਂ ਜਾਂਦੇ ਨੇ, ਖਰਬਾਂ ਨੇ ਆਉਣਾ, ਖਰਬਾਂ ਨੇ ਜਾਣਾ ਹੈ। ਇੱਕ ਚੱਕਰ 'ਚ ਪਿਆ ਹੋਇਆ ਸਿਆਣਾ ਕਹਾਉਂਦਾ ਹੈ ਆਪਣੇ ਆਪ ਨੂੰ ਕਿ ਮੈਂ ਬਹੁਤ ਪੜ੍ਹਿਆ ਹੋਇਆ ਹਾਂ। ਬੜੀਆਂ ਕਿਤਾਬਾਂ ਮੈਂ ਪੜ੍ਹੀਆਂ ਹਨ, ਮਹਾਰਾਜ ਕਹਿੰਦੇ, ਜੇ ਤੈਨੂੰ ਐਨੀ ਹੀ ਸੋਝੀ ਨਹੀਂ ਆਈ ਹਾਲੇ ਤੱਕ, ਤੂੰ ਬਿਲਕੁਲ ਅਨਪੜ੍ਹ ਹੈਂ, ਤੂੰ ਤਾਂ ਅਜੇ ੳ, ਅ ਵੀ ਨਹੀਂ ਪੜ੍ਹਿਆ –

***ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥ ਅੰਗ – 467***

ਹਉਮੈ ਦੇ ਝਖਣਾ ਝਾਖ 'ਚ ਪਿਆ ਹੋਇਆ ਹੈਂ ਪ੍ਰੇਮੀਆਂ! ਆਪਣੇ ਆਪ ਨੂੰ ਪਛਾਣ। ਤੂੰ ਹੀ ਨਹੀਂ ਫਸਿਆ ਹੋਇਆ, ਸਾਰਾ ਸੰਸਾਰ ਫਸਿਆ ਹੋਇਆ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਪਿਆਰੇ ਜੀ, ਜਗ ਮਾਇਆ ਜਾਲ ਫਸਿਆ।***
***ਜੰਮਣ ਮਰਨ ਨਾ ਸਿਰ ਤੋਂ ਮਿਟਦਾ।***

ਮਹਾਰਾਜ ਫੁਰਮਾਨ ਲੱਗੇ ਕਿ ਪਿਆਰਿਓ! ਇਹ ਸਾਰਾ ਸੰਸਾਰ ਜਿੰਨਾ ਤੁਹਾਨੂੰ ਨਜ਼ਰ ਆਉਂਦਾ ਹੈ, ਇਹਦੇ ਵਿਚ ਵੱਡੇ-ਵੱਡੇ ਸਿਆਣੇ ਜਿਹੜੇ ਆਪਣੇ ਆਪ ਨੂੰ ਸਿਆਣੇ ਕਹਿੰਦੇ ਨੇ, ਫਿਲਾਸਫਰ ਨੇ, ਬੜੀਆਂ ਸ਼ਕਤੀਆਂ ਵਾਲੇ, ਬੜੀਆਂ ਕਰਾਮਾਤਾਂ ਵਾਲੇ, ਹਵਾ 'ਚ ਉੱਡਣ ਵਾਲੇ, ਬੈਠੇ-ਬੈਠ ਗੁੰਮ ਹੋ ਜਾਣ ਵਾਲੇ, ਇਥੋਂ ਲੰਮੀ ਬਾਂਹ ਕਰਕੇ ਗੰਗਾ 'ਚੋਂ ਪਾਣੀ ਲਿਆ ਕੇ, ਇੱਕ ਕਟੋਰੇ ਨਾਲ ਬੇਅੰਤ ਵੱਡਾ ਸਾਗਰ ਭਰ ਦੇਣ ਵਾਲੇ, ਕਹਿੰਦੇ ਸਾਰੇ ਮਾਇਆ 'ਚ ਫਸੇ ਹੋਏ ਨੇ ਤੇ ਇਹਦਾ ਫਲ ਕੀ ਹੁੰਦਾ ਹੈ ਕਿ ਉਨ੍ਹਾਂ ਦੇ ਮੱਥੇ 'ਤੇ ਜਿਹੜਾ ਲੇਖ ਲਿਖਿਆ ਜਾਂਦਾ ਹੈ, ਜੰਮਣ ਤੇ ਮਰਨ ਦਾ। ਉਹ ਟਲਦਾ ਨਹੀਂ, ਮਿਟਦਾ ਨਹੀਂ ਤੇ ਘੁੰਮੇਟਣੀਆਂ ਖਾਂਦਾ ਫਿਰਦਾ ਹੈ –

***ਬਿਖੁ ਬੋਹਿਥਾ ਲਾਦਿਆ ਦੀਆ ਸਮੁੰਦ ਮੰਝਾਰਿ ॥***

***ਅੰਗ– 1009***

ਜ਼ਹਿਰ ਦਾ ਭਰਿਆ ਹੋਇਆ ਜਹਾਜ਼ ਸਮੁੰਦਰ ਦੇ ਵਿਚ ਰੋੜ੍ਹ ਦਿਤਾ –

***ਕੰਧੀ ਦਿਸਿ ਨ ਆਵਈ ਨਾ ਉਰਵਾਰੁ ਨ ਪਾਰੁ ॥***

***ਅੰਗ – 1009***

ਅਗਲਾ ਕੰਢਾ ਨਜ਼ਰ ਨਹੀਂ ਆਉਂਦਾ, ਨਾ ਇਧਰਲੇ ਪਾਸੇ ਦਾ ਰਿਹਾ ਨਾਂਹ ਓਧਰ ਦਾ ਰਿਹਾ।

***ਵੰਝੀ ਹਾਥਿ ਨ ਖੇਵਟੂ ਜਲੁ ਸਾਗਰੁ ਅਸਰਾਲੁ ॥ ਅੰਗ – 1009***

ਨਾ ਹੱਥ ਦੇ ਵਿਚ ਚੱਪੂ ਨੇ, ਨਾ ਚਲਾਉਣ ਵਾਲਾ ਹੈ ਕੋਈ ਤੇ ਜਲ ਦਾ ਕੋਈ ਥਾਹ ਨਹੀਂ ਹੈ ਕਿ ਕਿੰਨਾ ਡੂੰਘਾ ਹੈ –

***ਬਾਬਾ ਜਗੁ ਫਾਥਾ ਮਹਾ ਜਾਲਿ ॥ ਅੰਗ – 1009***

ਛੋਟੇ ਜਾਲ 'ਚ ਨਹੀਂ, ਬਹੁਤ ਵੱਡੇ ਜਾਲ 'ਚ ਜਗ ਫਸ ਗਿਆ।

***ਗੁਰ ਪਰਸਾਦੀ ਉਬਰੇ ਸਚਾ ਨਾਮੁ ਸਮਾਲਿ ॥***

***ਅੰਗ – 1009***

ਤੇ ਨਾਲ ਹੱਲ ਦਸ ਦਿਤਾ ਕਿ ਏਸ, ਮਹਾਂ ਜਾਲ ਦੇ ਵਿਚੋਂ ਨਿਕਲਣ ਦਾ ਤੇ ਭਵਜਲ ਨੂੰ ਤਰਨ ਦਾ ਇੱਕ ਤਰੀਕਾ ਹੈ। ਜੇ ਸਿੱਖ ਮਨੋ, ਤਨੋ ਹੋ ਕੇ ਇਸਨੂੰ ਮੰਨ ਲਵੇ। ਤਾਂ ਉਹ ਪਾਰ ਲੰਘ ਜਾਂਦਾ ਹੈ, ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਭਵਜਲ ਤਰ ਜਾਈਦੈ,***
***ਵਾਹਿਗੁਰੂ ਮੰਤਰ ਜਪ ਕੇ।***

ਫੁਰਮਾਨ ਕਰਦੇ ਨੇ ਕਿ ਇਹ ਜਿਹੜਾ ਭਵਜਲ ਹੈ ਇਹਨੂੰ ਅਕਲਾਂ ਨਾਲ ਨਹੀਂ ਤਰਿਆ ਜਾਂਦਾ। ਦਾਨ ਪੁੰਨ ਦੇ ਨਾਲ ਨਹੀਂ ਤਰਿਆ ਜਾਂਦਾ, ਲੱਖਾਂ ਕਰੋੜਾਂ ਨੇਕੀਆਂ ਕਰਨ ਦੇ ਨਾਲ ਨਹੀਂ ਤਰਿਆ ਜਾਂਦਾ।

***ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥***
***ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ॥***

***ਅੰਗ – 467***

ਇਨ੍ਹਾਂ ਦੇ ਨਾਲ ਨਹੀਂ ਤਰਿਆ ਜਾਂਦਾ, ਜੇ ਕੋਈ ਤਰਨ ਦਾ ਤਰੀਕਾ ਹੈ, ਉਹ ਮਹਾਰਾਜ ਫੁਰਮਾਨ ਕਰਦੇ ਨੇ ਕਿ –

***ਸਤਿਗੁਰੂ ਹੈ ਬੋਹਿਥਾ ਸਬਦਿ ਲੰਘਾਵਣਹਾਰੁ ॥ ਅੰਗ – 1009***

ਗੁਰੂ ਜਿਹੜਾ ਹੈ ਇਹ ਜਹਾਜ਼ ਹੈ, ਇਸ ਜਹਾਜ਼ ਦੇ ਵਿਚ ਜਿਹੜਾ ਬੈਠ ਜਾਂਦਾ ਹੈ, ਗੁਰੂ ਇਸਨੂੰ ਸ਼ਬਦ ਦਿੰਦਾ ਹੈ, ਉਸ ਸ਼ਬਦ ਦਾ ਜਦੋਂ ਜਾਪ ਕਰਦਾ ਹੈ ਫੇਰ ਏਸ ਭਵਜਲ ਨੂੰ ਲੰਘਣਾ ਸ਼ੁਰੂ ਕਰ ਦਿੰਦਾ ਹੈ। ਨਾ ਉਥੇ ਪਵਣ ਦਾ ਡਰ ਹੈ, ਨਾ ਉਥੇ ਅਗਨ ਦੀਆਂ ਲਹਿਰਾਂ ਦਾ ਡਰ ਹੈ, ਨਾ ਉਥੇ ਘੁੰਮਣਘੇਰੀਆਂ ਨੇ, ਕਿਸੇ ਚੀਜ਼ ਦਾ ਨਾਮ ਨਿਸ਼ਾਨ ਹੀ ਨਹੀਂ –

***ਤਿਥੈ ਪਵਣੁ ਨ ਪਾਵਕੋ ਨਾ ਜਲੁ ਨਾ ਆਕਾਰੁ ॥***
***ਤਿਥੈ ਸਚਾ ਸਚਿ ਨਾਇ ਭਵਜਲ ਤਾਰਣਹਾਰੁ ॥***

***ਅੰਗ – 1009***

ਉਥੇ ਵਾਹਿਗੁਰੂ ਦਾ ਜਿਹੜਾ ਮੰਤਰ ਹੈ ਇਹੀ ਜਿਵੇਂ ਹਵਾਈ ਜਹਾਜ਼ ਦੇ ਉਤੇ ਬੈਠ ਕੇ ਸਮੁੰਦਰ ਲੰਘ ਜਾਈਦਾ ਹੈ। ਇਸ ਤਰ੍ਹਾਂ ਸ਼ਬਦ ਦੀ ਸਵਾਰੀ ਕਰਕੇ, ਇਹ ਭਵਜਲ ਨੂੰ ਤਰ ਜਾਈਦਾ ਹੈ –

***ਗੁਰਮੁਖਿ ਲੰਘੇ ਸੇ ਪਾਰਿ ਪਏ ਸਚੇ ਸਿਉ ਲਿਵ ਲਾਇ ॥***

***ਅੰਗ – 1009***

ਸਾਧੂਆਂ ਦੀ ਸੰਗਤ ਕਰਕੇ, ਸੰਤਾਂ ਦੀ ਸੰਗਤ ਕਰਕੇ, ਗੁਰਮੁਖਾਂ ਦੀ

ਸੰਗਤ ਕਰਕੇ, ਲੰਘ ਗਏ ਤੇ ਉਹ ਲੰਘੇ ਕਿਵੇਂ, ਉਨ੍ਹਾਂ ਨੇ ਪ੍ਰਮੇਸ਼ੂਰ ਦੇ ਨਾਲ ਸੱਚੀ ਲਿਵ ਲਾ ਲਈ। ਦਿਨ ਰਾਤ ਵਾਹਿਗੁਰੂ-ਵਾਹਿਗੁਰੂ ਕਹਿੰਦੇ ਨੇ -

***ਆਵਾ ਗਉਣੁ ਨਿਵਾਰਿਆ ਜੋਤੀ ਜੋਤਿ ਮਿਲਾਇ ॥***

***ਅੰਗ - 1009***

ਫੇਰ ਜਿਹੜਾ ਆਉਣ ਜਾਣ ਦਾ ਚੱਕਰ ਸੀ ਇਹ ਖਤਮ ਹੋ ਗਿਆ, ਆਪਣਾ ਸਫਰ ਖਤਮ ਕਰ ਲਿਆ ਤੇ ਪ੍ਰਮੇਸ਼ੂਰ ਦੇ ਦਰ 'ਤੇ ਜਾ ਕੇ ਉਹਦੀ ਜੋਤੀ 'ਚ ਜੋਤ ਰੂਪ ਹੋ ਕੇ ਸਮਾ ਗਿਆ।

***ਗੁਰਮਤੀ ਸਹਜੁ ਊਪਜੈ ਸਚੇ ਰਹੈ ਸਮਾਇ ॥ ਅੰਗ - 1009***

ਗੁਰੂ ਦੀ ਮੱਤ ਧਾਰਨ ਕਰਨ ਨਾਲ, ਇਹ ਸਹਿਜ ਅਵਸਥਾ ਪੈਦਾ ਹੁੰਦੀ ਹੈ ਤੇ ਫੇਰ ਇਹ ਸੱਚ 'ਚ ਸਮਾਇਆ ਜਾਂਦਾ ਹੈ -

***ਸਪੁ ਪਿੜਾਈ ਪਾਈਐ ਬਿਖੁ ਅੰਤਰਿ ਮਨਿ ਰੋਸੁ ॥***

***ਅੰਗ - 1009***

ਮਹਾਰਾਜ ਦੂਜਾ ਪਾਸਾ ਦਸਦੇ ਨੇ ਕਿ ਇਹ ਭੇਖਾਂ ਨਾਲ ਨਹੀਂ ਲੰਘ ਹੁੰਦਾ, ਜੇ ਰੂਪ ਬਣਾਓ ਕਿ ਇਹੋ ਜਿਹਾ ਰੂਪ ਬਣਾ ਕੇ ਮੈਂ ਲੰਘ ਜਾਵਾਂਗਾ, ਇਹੋ ਜਿਹਾ ਭੇਖ ਧਾਰ ਕੇ ਲੰਘ ਜਾਊਂਗਾ। ਬਿਲਕੁਲ ਗਲਤ ਹੈ। ਕਹਿੰਦੇ ਜੇ ਸੱਪ ਨੂੰ ਪਾ ਦੇਈਏ ਪਿਟਾਰੀ 'ਚ, ਉਹਦੇ ਅੰਦਰ ਤਾਂ ਵਿਹੁ ਹੈ ਤੇ ਝੁੰਜਲਾਇਆ ਬੈਠਾ ਹੈ ਕਿ ਮੈਨੂੰ ਬੰਦ ਕਰ ਦਿਤਾ, ਮਨ 'ਚ ਉਹਦੇ ਰੋਸ ਹੈ -

***ਪੂਰਬਿ ਲਿਖਿਆ ਪਾਈਐ ਕਿਸ ਨੋ ਦੀਜੈ ਦੋਸੁ ॥ ਅੰਗ - 1009***

ਕਿਉਂਕਿ ਉਹਨੇ ਆਪਣੀ ਕਿਰਤ ਇਹੋ ਜਿਹੀ ਬਣਾ ਲਈ, ਖਿਆਲਾਂ ਦੀ। ਹੁਣ ਲਿਖਿਆ ਹੋਇਆ ਉਹਦੇ ਨਾਲ ਚੱਲ ਰਿਹਾ ਹੈ, ਕੀਹਨੂੰ ਦੋਸ਼ ਦੇਈਏ।

***ਗੁਰਮੁਖਿ ਗਾਰੜੂ ਜੇ ਸੁਣੇ ਮੰਨੇ ਨਾਉ ਸੰਤੋਸੁ ॥ ਅੰਗ - 1009***

ਗੁਰੂ ਗਾਰੜ ਤੋਂ ਮੰਤਰ ਲੈ ਕੇ, ਗੁਰੂ ਦਾ ਸ਼ਬਦ ਲੈ ਕੇ, ਗਾਰੜ ਕਹਿੰਦੇ ਨੇ ਗੁਰੂ ਦੇ ਸ਼ਬਦ ਨੂੰ, ਉਸਨੂੰ ਸੁਣੇ ਤੇ ਫੇਰ ਉਸਨੂੰ ਮੰਨੇ ਤੇ ਫੇਰ ਇਹਦੇ ਉਤੇ ਅਸਰ ਹੋਣਾ ਸ਼ੁਰੂ ਹੋ ਜਾਇਆ ਕਰਦਾ ਹੈ -

***ਮਾਗਰਮਛੁ ਫਹਾਈਐ ਕੁੰਡੀ ਜਾਲੁ ਵਤਾਇ ॥ ਅੰਗ - 1009***

ਕੁੰਡੀ ਪਾ ਕੇ ਮੱਗਰਮੱਛ ਨੂੰ ਫੜ ਲੈਂਦੇ ਨੇ।

***ਦੁਰਮਤਿ ਫਾਥਾ ਫਾਹੀਐ ਫਿਰਿ ਫਿਰਿ ਪਛੋਤਾਇ ॥***

***ਅੰਗ - 1009***

ਇਸੇ ਤਰ੍ਹਾਂ ਜਿਹੜਾ ਜੀਵ ਹੈ ਖੋਟੀ ਮੱਤ 'ਚ ਪੈ ਕੇ, ਮਨ ਦੀ ਮਤ 'ਚ ਪੈ ਕੇ, ਫਸ ਜਾਂਦਾ ਹੈ ਤੇ ਨਤੀਜਾ ਕੀ ਹੁੰਦਾ ਹੈ? ਆਹ ਜਨਮ ਲੰਘ ਜਾਣਾ ਹੈ, ਫੇਰ ਬਾਰ-ਬਾਰ ਪਛਤਾਉਂਦਾ ਹੈ-

***ਜੰਮਣ ਮਰਣੁ ਨ ਸੁਝਈ ਕਿਰਤੁ ਨ ਮੇਟਿਆ ਜਾਇ ॥***

***ਅੰਗ - 1009***

ਹੁਣ ਜਿਹੜਾ ਕਿਰਤ, ਸੁਭਾਅ ਬਣ ਗਿਆ, ਉਸ ਸੁਭਾਅ ਦੇ ਮੁਤਾਬਿਕ ਜੰਮਣ-ਮਰਣ ਇਹਦੇ ਗਲ ਪੈ ਜਾਂਦਾ ਹੈ -

***ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥***

***ਅੰਗ - 133***

ਕਿਰਤ ਕਹਿੰਦੇ ਨੇ, ਕਰਮਾਂ ਦੇ ਨਾਲ ਜਿਹੜਾ ਸਾਡਾ ਸੁਭਾਅ ਬਣਦਾ ਹੈ। ਉਹਦੇ ਮੁਤਾਬਿਕ ਹੁਣ ਸਾਡੇ ਸਿਰ ਤੋਂ ਜੰਮਣ ਮਰਨਾ ਨਹੀਂ ਮਿਟਦਾ -

***ਹਉਮੈ ਬਿਖੁ ਪਾਇ ਜਗਤੁ ਉਪਾਇਆ ਸਬਦੁ ਵਸੈ ਬਿਖੁ ਜਾਇ ॥***

***ਅੰਗ - 1009***

ਆਹ ਜਗ ਦੇ ਵਿਚ ego (ਹਉਮੈ) ਜਿਹੜੀ ਸੀ ਇਹ ਜ਼ਹਿਰ ਪਾ ਦਿਤੀ ਵਾਹਿਗੁਰੂ ਨੇ, ਖੇਲ੍ਹ ਕਰਨ ਵਾਸਤੇ। ਜਿਹਨੂੰ ਠਗਮੂਰੀ ਕਹਿੰਦੇ ਨੇ। ਠੱਗਾਂ ਦੀ ਵਟੀ ਜਿਹੜੀ ਸੁੰਘਾ ਕੇ ਆਦਮੀ ਨੂੰ ਬੇਹੋਸ਼ ਕਰ ਦਿੰਦੇ ਨੇ। ਕਹਿੰਦੇ, ਜੇ ਸ਼ਬਦ ਮਨ ਵਿਚ ਵਸ ਜਾਵੇ, ਵਾਹਿਗੁਰੂ ਮੰਤਰ, ਹਰ ਵਕਤ ਇਹਦੀ ਜ਼ੁਬਾਨ ਤੋਂ ਵਾਹਿਗੁਰੂ-ਵਾਹਿਗੁਰੂ ਹੁੰਦਾ ਹੀ ਰਹੇ, ਕਹਿੰਦੇ ਇਹ ਬਿਹੁ ਚਲੀ ਜਾਂਦੀ ਹੈ।

***ਬਿਨਸਿ ਜਾਇ ਹਉਮੈ ਬਿਖੁ ਫੈਲੁ ॥*** ***ਅੰਗ - 289***

ਜਿਹੜੀ ਬਿਹੁ ਪੈਰ ਦੇ ਅੰਗੂਠੇ ਤੋਂ ਲੈ ਕੇ ਸਿਰ ਦੀ ਚੋਟੀ ਤਕ ਫੈਲੀ ਪਈ ਹੈ, ਰੋਮ-ਰੋਮ ਦੇ ਵਿਚ, ਦੋ ਖਰਬ ਪੰਦਰਾਂ ਅਰਬ ਸੈੱਲ ਨੇ ਸਾਡੇ। 72 ਕਰੋੜ, 72 ਲੱਖ, 72 ਹਜ਼ਾਰ ਦੋ ਸੌ ਬਲੱਡ ਚੈਨਲਜ਼ ਨੇ, ਇਨ੍ਹਾਂ ਸਾਰਿਆਂ ਦੇ ਵਿਚ ਬਿਹੁ ਫੈਲ ਗਈ ਹਉਮੈ ਦੀ। ਦੱਸੋ, ਬਿਹੁ ਨੂੰ ਕਿਹੜਾ ਕੱਢ ਦਏਗਾ? ਮਹਾਰਾਜ ਕਹਿੰਦੇ, ਇੱਕੋ ਹੀ ਹੈ, ਮੰਤਰ ਕੱਢ ਸਕਦਾ ਹੈ ਇਸਨੂੰ, ਹੋਰ ਨਹੀਂ ਕੋਈ ਕੱਢ ਸਕਦਾ। ਮੰਤਰ ਦੇ ਵਿਚ ਬਹੁਤ ਵੱਡਾ ਬਲ ਹੈ। ਜੇ ਸ਼ਬਦ ਮਨ ਵਿਚ ਵਸ ਜਾਏ, ਜਿਉਂ-ਜਿਉਂ ਵਸਦਾ ਹੈ ਤਿਉਂ-ਤਿਉਂ ਬਿਹੁ ਲਹਿੰਦੀ ਤੁਰੀ ਜਾਂਦੀ ਹੈ -

***ਜਰਾ ਜੋਹਿ ਨ ਸਕਈ ਸਚਿ ਰਹੈ ਲਿਵ ਲਾਇ ॥***
***ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ ॥***

***ਅੰਗ - 1009***

ਇਸੇ ਤਰ੍ਹਾਂ ਰਹਿੰਦਾ ਹੈ, ਮਨੁੱਖਾਂ ਵਾਂਗ। ਰੋਟੀ ਖਾਂਦਾ, ਬਾਲ-ਬੱਚਿਆਂ ਨੂੰ ਪਾਲਦਾ, ਕਿਰਤ ਕਰਦਾ। ਜਿਸਨੂੰ ਜੀਵਨ ਮੁਕਤੀ ਦੀ ਅਵਸਥਾ ਪ੍ਰਾਪਤ ਹੋ ਗਈ -

***ਪ੍ਰਭ ਕੀ ਆਗਿਆ ਆਤਮ ਹਿਤਾਵੈ ॥***
***ਜੀਵਨ ਮੁਕਤਿ ਸੋਊ ਕਹਾਵੈ ॥***
***ਤੈਸਾ ਹਰਖੁ ਤੈਸਾ ਉਸੁ ਸੋਗੁ ॥***
***ਸਦਾ ਅਨੰਦੁ ਤਹ ਨਹੀ ਬਿਓਗੁ ॥***
***ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥***
***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥***

*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥ 7 ॥*
*ਪਾਰਬ੍ਰਹਮ ਕੇ ਸਗਲੇ ਠਾਉ ॥* *ਅੰਗ - 275*

ਜਿਹਨੂੰ ਸਹਿਜ ਦੀ ਅਵਸਥਾ ਪ੍ਰਾਪਤ ਹੋ ਗਈ, ਮਹਾਰਾਜ ਕਹਿੰਦੇ ਉਹ ਜਿਹੜਾ ਹੈ, ਉਹਦੇ ਵਿਚੋਂ ਹਉਮੈ ਦਾ ਨਾਸ਼ ਹੁੰਦਾ ਹੈ, ਬਾਕੀਆਂ ਦੇ ਅੰਦਰ ਤਾਂ ਵਿਹੁ ਰਹਿ ਜਾਂਦੀ ਹੈ। ਭੇਖ ਨਾਲ ਤਾਂ ਇਹ ਉਤਰਦੀ ਨਹੀਂ। ਭੇਖ ਤਾਂ ਇਸ ਤਰ੍ਹਾਂ ਹੀ ਹੈ ਕਿ ਸੱਪ ਨੂੰ ਪਟਾਰੀ 'ਚ ਬੰਦ ਕਰ ਦਿਤਾ। ਭੇਖ ਬਿਹੁ ਲਾਹੁਣ ਵਾਸਤੇ ਨਹੀਂ ਹੁੰਦਾ, ਇਹ ਤਾਂ ਸਗੋਂ ਹੋਰ ਖਰਾਬੀ ਕਰਦਾ ਹੈ। ਸੋ ਮਹਾਰਾਜ ਕਹਿੰਦੇ, ਦਰਅਸਲ ਗੱਲ ਇਹ ਹੈ ਪਿਆਰਿਓ! ਧੰਦੇ ਆਦਮੀ ਨੇ ਐਨੇ ਛੇੜ ਲਏ, ਇਹ ਧੰਦਿਆਂ ਦੇ ਵਿਚ ਹੀ ਫਸ ਗਿਆ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਦੁਨੀਆਂ ਬੰਨ੍ਹ ਲਈ ਬਈ ਧੰਦਿਆਂ ਨੇ ਘੇਰ ਕੇ,*
*ਮਰਨਾ ਇਹਨੂੰ ਵਿਸਰ ਗਿਆ।*

ਸੰਸਾਰ ਦੇ ਵਿਚ ਸਾਰੇ ਸੁਣਦੇ ਨੇ, ਰਸਤੇ ਦੀ ਸੋਝੀ ਦਾ ਸਾਰਿਆਂ ਨੂੰ ਗਿਆਨ ਹੁੰਦਾ ਹੈ, ਫੇਰ ਕਿਉਂ ਨਹੀਂ ਇਸ ਪਾਸੇ ਚਲਦਾ, ਕਹਿੰਦੇ ਵਿਹਲ ਨਹੀਂ ਹੈ ਸਾਨੂੰ, ਫੁਰਸਤ ਨਹੀਂ ਹੈ। ਨਾਮ ਜਪਣ ਵਾਸਤੇ ਸਮਾਂ ਨਹੀਂ, ਹੋਰ ਗੱਲਾਂ ਵਾਸਤੇ, ਸਭ ਵਾਸਤੇ ਸਮਾਂ ਹੈ, ਅਸਲੀ ਕੰਮ ਕਰਨ ਵਾਸਤੇ ਸਾਨੂੰ ਟਾਈਮ ਨਹੀਂ -

*ਧੰਧੈ ਧਾਵਤ ਜਗੁ ਬਾਧਿਆ ਨਾ ਬੂਝੈ ਵੀਚਾਰੁ ॥* *ਅੰਗ - 1010*

ਇੱਕ ਦੋ ਚਾਰ ਨਹੀਂ, ਮਹਾਰਾਜ ਕਹਿੰਦੇ, ਸਾਰਾ ਸੰਸਾਰ ਬੰਨ੍ਹ ਲਿਆ ਧੰਦਿਆਂ ਨੇ। ਵੀਚਾਰ ਦੇ ਵਿਚ ਆਉਂਦਾ ਹੀ ਨਹੀਂ ਕਦੇ -

*ਜੰਮਣ ਮਰਣੁ ਵਿਸਾਰਿਆ ਮਨਮੁਖ ਮੁਗਧੁ ਗਵਾਰੁ ॥*
*ਅੰਗ - 1010*

ਹੁਣ ਸਾਨੂੰ ਖਿਤਾਬ ਕੀ ਮਿਲ ਗਿਆ। ਮਹਾਰਾਜ ਕਹਿੰਦੇ, ਜੰਮਣਾ ਤੇ ਮਰਨਾ ਭੁੱਲ ਗਿਆ ਇਹਨੂੰ, ਧੰਦਿਆਂ 'ਚ ਪੈ ਕੇ, ਕੱਲ੍ਹ ਨੂੰ ਚੜ੍ਹਾਈ ਕਰ ਜਾਣੀ ਹੈ ਅਜੇ ਵੀ ਧੰਦੇ ਕਰਕੇ ਆਸ ਰੱਖਦਾ ਹੈ ਕਿ ਮੈਂ ਲੱਖਾਂ ਰੁਪਏ ਕਮਾ ਲਵਾਂ। ਕਿਥੋਂ ਕਮਾ ਲਏਂਗਾ, ਜੋ ਤੇਰੇ ਮੱਥੇ 'ਚ ਲਿਖਿਆ ਹੈ ਓਹੀ ਆਉਣਾ ਹੈ। ਕਹਿੰਦੇ ਮੁਗਧ ਗਵਾਰ ਹੈ, ਮਹਾਂ ਮੂਰਖ ਹੈ ਤੇ ਨਾਲ ਮਨ ਦੇ ਪਿੱਛੇ ਲੱਗਣ ਵਾਲਾ ਮਨਮੁਖ ਹੈ -

*ਗੁਰਿ ਰਾਖੇ ਸੇ ਉਬਰੇ ਸਚਾ ਸਬਦੁ ਵੀਚਾਰਿ ॥* *ਅੰਗ - 1010*

ਫੇਰ ਰਸਤਾ ਦੱਸਿਆ ਤੇ ਗੁਰੂ ਦੀ ਸ਼ਰਨ ਵਿਚ ਜਿਹੜਾ ਪੈ ਜਾਂਦਾ ਹੈ, ਉਹ ਉੱਭਰ ਜਾਂਦਾ ਹੈ, ਉਹ ਸ਼ਬਦ ਦਿੰਦਾ ਹੈ, ਉਹ ਜਦੋਂ ਸੱਚੇ ਸ਼ਬਦ ਦੀ ਵੀਚਾਰ ਕਰਦਾ ਹੈ, ਉਸ ਵੇਲੇ ਇਹਨੂੰ ਖਸਮ ਦੀ ਪਛਾਣ ਆ ਜਾਂਦੀ ਹੈ ਕਿ ਮੇਰੇ ਅੰਦਰ ਬਾਹਰ -

***ਕਾਹੇ ਰੇ ਬਨ ਖੋਜਨ ਜਾਈ ॥***
***ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥***

***ਅੰਗ – 684***

ਵਿਸ਼ਵਾਸ਼ ਤਾਂ ਹੋ ਗਿਆ ਨਾ ਏਸ ਗੱਲ ਨੂੰ ਸੁਣ ਕੇ ਕਿ ਉਹ ਮੇਰੇ ਨਾਲ ਹੀ ਹੈ, ਮੇਰੇ ਅੰਦਰ ਸਮਾਇਆ ਹੋਇਆ ਹੈ। ਕਿਵੇਂ ਸਮਾਇਆ ਹੋਇਆ ਹੈ? ਮਹਾਰਾਜ ਕਹਿੰਦੇ –

***ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥***

***ਅੰਗ – 684***

ਸ਼ੀਸੇ 'ਚ ਜਿਵੇਂ ਤੇਰਾ ਪਰਛਾਵਾਂ ਸਮਾਅ ਜਾਂਦਾ ਹੈ, ਫੁੱਲ ਦੇ ਅੰਦਰ ਖੁਸ਼ਬੂ ਸਮਾਅ ਜਾਂਦੀ ਹੈ –

***ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥***

***ਅੰਗ – 684***

ਇਸੇ ਤਰ੍ਹਾਂ ਤੇਰੇ ਅੰਦਰ ਰਹਿੰਦਾ ਹੈ। ਉਹਦੀ ਪਛਾਣ ਕਰ ਅੰਦਰ। ਪਛਾਣ ਕਰ ਗੁਰਸਿੱਖਾਂ ਨੂੰ, ਗੁਰਮੁਖਾਂ, ਸਾਧੂਆਂ ਨੂੰ ਮਿਲ ਕੇ, ਸੰਤਾਂ ਨੂੰ ਮਿਲ ਕੇ। ਪੁੱਛ ਉਨ੍ਹਾਂ ਨੂੰ ਕਿ ਮੈਨੂੰ ਰੱਬ ਦਾ ਨਹੀਂ ਪਤਾ ਲਗਦਾ। ਮੈਨੂੰ ਆਪਣਾ ਪਤਾ ਨਹੀਂ ਕੁਛ ਲਗਦਾ।

ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਪਾਸ ਇੱਕ ਪ੍ਰੇਮੀ ਆਤਮਾ ਸਿੰਘ ਆਉਂਦੇ ਨੇ, ਬਾਬਾ ਜੀ ਨੇ ਉਹਦੀ ਜਗਿਆਸਾ ਦੇਖ ਕੇ ਉਹਨੂੰ ਸਿੱਧਾ ਹੀ ਸਵਾਲ ਕਰ ਦਿਤਾ ਕਿ ਤੂੰ ਕੌਣ ਹੈਂ? ਕਹਿੰਦਾ, ਬਾਬਾ ਜੀ! ਆਹੀ ਪੁੱਛਣ ਤਾਂ ਮੈਂ ਤੁਹਾਡੇ ਕੋਲ ਆਇਆ ਹਾਂ, ਸੈਂਕੜੇ ਮੀਲਾਂ ਤੋਂ ਚੱਲ ਕੇ। ਤੁਸੀਂ ਮੈਨੂੰ ਦੱਸੋ ਕਿ ਮੈਂ ਕੌਣ ਹਾਂ।

ਸਾਰੀ ਸੰਗਤ ਹੈਰਾਨ ਹੋ ਗਈ ਕਿ ਇਸ ਬੰਦੇ ਨੂੰ ਆਪਣਾ ਹੀ ਨਹੀਂ ਪਤਾ, ਮੈਂ ਕੌਣ ਹਾਂ? ਉਨ੍ਹਾਂ ਨੂੰ ਤਾਂ ਛੱਡੋ ਸਾਨੂੰ ਸਾਰਿਆਂ ਨੂੰ ਹੀ ਨਹੀਂ ਪਤਾ ਕਿ ਅਸੀਂ ਕੌਣ ਹਾਂ। ਨਾ ਕੋਈ ਪਛਾਣ ਹੈ ਸਾਨੂੰ। ਨਾ ਅੰਦਰ ਰਹਿੰਦੇ ਵਾਹਿਗੁਰੂ ਦਾ ਪਤਾ ਲਗਦਾ ਹੈ। ਨਾ ਉਹਦੇ 'ਤੇ ਵਿਸ਼ਵਾਸ਼ ਆਉਂਦਾ ਹੈ, ਨਾ ਉਹਦਾ ਪਿਆਰ ਜਾਗਦਾ ਹੈ। ਤਿੰਨ ਦੋਸ਼ ਨੇ ਬੜੇ ਜ਼ਬਰਦਸਤ, ਕਿਉਂਕਿ ਮਨ ਨਹੀਂ ਮੰਨਦਾ। ਜੇ ਮਨ ਮੰਨ ਜਾਵੇ ਤੇ ਉਹਦੀ ਪਛਾਣ ਹੋ ਜਾਵੇ। ਐਨਾ ਹੀ ਯਾਦ ਰੱਖ ਲਓ ਕਿ –

***ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥***
***ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥***

***ਅੰਗ – 684***

ਗੁਰੂ ਦੇ ਸ਼ਬਦ ਦੇ ਰਾਹੀਂ ਸਾਨੂੰ ਪਤਾ ਲੱਗ ਗਿਆ ਕਿ ਅੰਦਰ ਵੀ ਤੇ ਬਾਹਰ ਵੀ ਓਹੀ ਵਸਦਾ ਹੈ। ਕਹਿੰਦੇ, ਕੋਈ ਥਾਂ ਐਸਾ ਵੀ ਹੈ ਜਿਥੇ ਉਹ ਹੈ ਨਹੀਂ। ਕਹਿੰਦੇ, ਨਾ। –

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ 1 ॥***

*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥*
*ਰਹਾਉ ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥* *ਅੰਗ - 677*

ਇਹ ਛੇ ਤੁਕਾਂ ਨੇ, ਜੇ ਇਨ੍ਹਾਂ 'ਤੇ ਵਿਸ਼ਵਾਸ਼ ਆ ਜਾਵੇ, ਕੋਸ਼ਿਸ਼ ਕਰੋ ਕਿ ਇਹਦੇ 'ਤੇ ਵਿਸ਼ਵਾਸ਼ ਲੈ ਕੇ ਆਈਏ। ਵਿਸ਼ਵਾਸ਼ ਬਣਦਾ ਨਹੀਂ ਹੈ, ਇੱਕ ਤਾਂ ਜਦੋਂ ਅਸੀਂ ਦੇਖਦੇ ਹਾਂ ਕਿ ਮੇਰੇ ਅੰਦਰ ਵੀ ਤੇ ਬਾਹਰ ਵੀ ਰਹਿੰਦਾ ਹੈ ਤਾਂ ਅਸੀਂ ਉਹਨੂੰ ਪਿਆਰ ਕਿਵੇਂ ਕਰੀਏ। ਸਮਝ ਤੋਂ ਬਾਹਰਲੀ ਗੱਲ ਹੈ। ਮਹਾਰਾਜ ਕਹਿੰਦੇ, ਇਸ ਤਰ੍ਹਾਂ ਨਹੀਂ ਤੇਰੇ ਸਮਝ 'ਚ ਆਉਣੀ, ਇਹ ਤਾਂ ਜਿੰਨੀ ਦੇਰ ਤਕ ਅੰਦਰਲੇ ਨੇਤਰ ਨਹੀਂ ਖੁੱਲ੍ਹਦੇ। ਦਿਬਯ ਕੰਨ ਨਹੀਂ ਖੁੱਲ੍ਹਦੇ, ਦਿਬਯ ਨਾਸਕਾ ਨਹੀਂ ਖੁਲ੍ਹਦੀ, ਦਿਬਯ ਤੇਰੀ ਜ਼ੁਬਾਨ ਨਹੀਂ ਖੁਲ੍ਹਦੀ, ਦਿਬਯ ਸਪਰਸ਼ ਨਹੀਂ ਆਉਂਦੀ ਤੇਰੇ ਅੰਦਰ। ਤੈਨੂੰ ਇਹ ਗੱਲ ਦੀ ਸੋਝੀ ਨਹੀਂ ਆਉਣੀ। ਜਦੋਂ ਆ ਜਾਣੀ ਹੈ, ਤੈਨੂੰ ਪਤਾ ਲੱਗੇਗਾ ਕਿ ਵਾਹਿਗੁਰੂ ਹੈ ਮੇਰੇ ਅੰਦਰ। ਵਾਹਿਗੁਰੂ ਕੀ ਹੈ? ਰਸ ਰੂਪ ਹੈ ਵਾਹਿਗੁਰੂ। ਰਸ ਹੁੰਦਾ ਹੈ, ਪ੍ਰਕਾਸ਼ ਰੂਪ ਹੈ, ਸ਼ਬਦ ਰੂਪ ਹੈ। ਤਿੰਨ ਰੂਪ ਸਾਡੇ ਅੰਦਰ ਪ੍ਰਗਟ ਹੁੰਦੇ ਨੇ। ਚੌਥਾ ਹੈ ਕਿ ਉਹ ਸਪਰਸ਼ ਹੈ, ਸਪਰਸ਼ ਦੇ ਨਾਲ ਝੁਣਝੁਣੀਆਂ ਆਉਂਦੀ ਨੇ। ਕਹਿ ਨਹੀਂ ਸਕਦਾ ਬੰਦਾ। ਐਨਾ ਅਨੰਦ ਆਉਂਦਾ ਹੈ ਕਿ ਕਿਸੇ ਚੀਜ਼ ਦੇ ਵਿਚ ਹੈ ਹੀ ਨਹੀਂ ਇਹ ਅਨੰਦ। ਦੁਨੀਆਂ ਦੇ ਵਿਚ ਕਾਮ ਨੂੰ ਕਹਿੰਦੇ ਨੇ, ਇਹ ਤਾਂ ਕਰੋੜਾਂ ਕੋਹ ਦੂਰ ਰਹਿ ਜਾਂਦਾ ਹੈ। ਉਹ ਅਨੁਭਵ ਹੋਰ ਹੈ, ਜਿੱਥੇ ਰੂਹਾਨੀ ਸਪਰਸ਼ ਹੋਇਆ ਕਰਦਾ ਹੈ। ਉਹ ਤਾਂ ਇੱਕ ਵਾਰੀ ਆਇਆ ਹੋਇਆ, ਮਹੀਨਿਆਂ ਉਹਦਾ ਨਸ਼ਾ ਨਹੀਂ ਲਹਿੰਦਾ। ਇੱਕ ਵਾਰੀ ਦਿਬਯ ਨੇਤਰਾਂ ਦੇ ਨਾਲ ਉਹਦੀ ਝਾਕੀ ਦੇਖ ਲਓ, ਸਾਰੀ ਜ਼ਿੰਦਗੀ ਉਹਦੀ ਝਾਕੀ ਨਹੀਂ ਭੁੱਲਦੀ। ਇੱਕ ਵਾਰੀ ਉਹਦਾ ਸੁੰਦਰ ਸ਼ਬਦ ਸੁਣ ਲਓ, ਨਸ਼ਾ ਹੀ ਚੜ੍ਹ ਜਾਂਦਾ ਹੈ ਮਹੀਨਿਆਂ ਤੱਕ। ਜਿਹੜੇ ਬੰਦਗੀ ਕਰਦੇ ਨੇ ਉਨ੍ਹਾਂ ਨੂੰ ਪੁੱਛ ਕੇ ਦੇਖੋ ਕਿ ਕਦੇ ਇਸ ਤਰ੍ਹਾਂ ਹੋਇਆ ਹੈ। ਜਿਨ੍ਹਾਂ ਨੂੰ ਲਗਾਤਾਰ ਸੁਣਦਾ ਹੈ, ਉਹ ਤਾਂ ਭਾਗਾਂ ਵਾਲੇ ਬੰਦੇ ਨੇ। ਉਹ ਇਸੇ ਕਰਕੇ ਨਹੀਂ ਉਠਦੇ ਬੈਠੇ ਰਹਿੰਦੇ ਨੇ। ਮਹਾਂਅਨੰਦ 'ਚ ਗੋਤੇ ਲਾਉਂਦੇ ਰਹਿੰਦੇ ਨੇ, ਸੋ ਇਹਦੀ ਪਛਾਣ ਨਹੀਂ ਹੁੰਦੀ। ਜੇ ਪਛਾਣ ਲਵੇ-

*ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥*
*ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥*
*ਅੰਗ - 684*

ਆਪਾ ਚੀਨਣ ਦੀ ਸੋਝੀ ਆ ਜਾਵੇ, ਫੇਰ ਉਸ ਖਸਮ ਦੀ ਪਛਾਣ ਹੋ ਜਾਂਦੀ ਹੈ -

*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥*
*ਅੰਗ - 954*
*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥* *ਅੰਗ - 947*

ਜਦੋਂ ਉਹਦੀ ਪਛਾਣ ਹੋ ਗਈ ਉਸ ਵੇਲੇ ਉਹਦਾ ਦਰਜਾ ਉੱਚਾ ਹੋ ਗਿਆ –

***ਧਾਰਨਾ – ਪਾਉਂਦੈ ਮੋਖ ਦੁਆਰ, ਜਦੋਂ ਖਸਮ ਪਛਾਣਿਆ।***

ਜਦੋਂ ਪਛਾਣ ਹੋ ਗਈ ਅੰਦਰ, ਉਹਦਾ ਪਿਆਰ ਜਦੋਂ ਅੰਦਰ ਉਗਮ ਪਿਆ ਤੇ ਉਹਦੇ ਨਾਲ ਸਾਡਾ ਸੰਪਰਕ ਹੋ ਗਿਆ।

***ਸੂਹਟੁ ਪਿੰਜਰਿ ਪ੍ਰੇਮ ਕੈ ਬੋਲੈ ਬੋਲਣਹਾਰੁ ॥***
***ਸਚੁ ਚੁਗੈ ਅੰਮ੍ਰਿਤੁ ਪੀਐ ਉਡੈ ਤ ਏਕਾ ਵਾਰ ॥ ਅੰਗ – 1010***

ਫੇਰ ਉਹ ਸੱਚੇ ਨਾਮ ਨੂੰ ਚੁਗਦਾ ਹੈ। ਨਾਮ ਦੀ ਧੁਨ ਉਹਦੇ ਅੰਦਰ ਦਿਨ ਰਾਤ ਲੱਗੀ ਰਹਿੰਦੀ ਹੈ। ਇੱਕ ਤਾਲ ਚਲਦੀ ਹੈ, ਵਾਹਿਗੁਰੂ–ਵਾਹਿਗੁਰੂ–ਵਾਹਿਗੁਰੂ–ਵਾਹਿਗੁਰੂ। ਧੁਨ ਆਪੇ ਚਲਦੀ ਹੈ, ਸਾਰੇ ਸਰੀਰ 'ਚ vibration (ਝਰਨਾਹਟ) ਹੁੰਦੀ ਹੈ। ਰੋਕੀ ਹੋਈ ਨਹੀਂ ਰੁਕਦੀ, ਆਪਣੇ ਆਪ ਹੀ ਹੋਈ ਜਾਂਦੀ ਹੈ। ਝੁਣ–ਝੁਣੀਆਂ ਆਉਂਦੀਆਂ ਨੇ, ਸੱਚ ਦੀ ਸੋਝੀ ਹੋ ਜਾਂਦੀ ਹੈ। ਫੇਰ ਉਹ ਅੰਮ੍ਰਿਤ ਪੀਂਦਾ ਹੈ। ਜਦੋਂ ਸਰੀਰ ਛਡਦਾ ਹੈ ਇੱਕੋ ਵਾਰੀ ਛੱਡਦਾ ਹੈ, ਫੇਰ ਕਿਸੇ ਸਰੀਰ 'ਚ ਨਹੀਂ ਆਉਂਦਾ –

***ਗੁਰਿ ਮਿਲਿਐ ਖਸਮੁ ਪਛਾਣੀਐ ਕਹੁ ਨਾਨਕ ਮੋਖ ਦੁਆਰੁ ॥***
***ਅੰਗ – 1010***

ਜਦੋਂ ਗੁਰੂ ਮਿਲ ਜਾਂਦਾ ਹੈ ਤਾਂ ਖਸਮ ਦੀ ਪਛਾਣ ਹੋ ਗਈ।

ਗੁਰੂ ਮਹਾਰਾਜ ਦੇ ਇਹ ਬਚਨ ਜਦੋਂ ਸਾਰੀ ਸੰਗਤ ਨੇ ਸੁਣੇ, ਉਸ ਵੇਲੇ ਦੋ ਭਰਾ ਗੁਰੂ ਮਹਾਰਾਜ ਦੀ ਹਜ਼ੂਰੀ 'ਚ ਆਏ ਹੋਏ ਸੀ, ਜਿਨ੍ਹਾਂ ਦਾ ਨਾਮ ਸੀਂਹਾ ਲਿਖਿਆ ਹੈ ਗੋਤ ਉਸ ਦਾ ਉਪੱਲ ਸੀ ਤੇ ਦੂਸਰਾ ਉਹਦਾ ਭਰਾ ਸੀ ਜਿਹਨੂੰ ਗੱਜਣ ਉੱਪਲ ਕਹਿੰਦੇ ਸੀ। ਦੋਵੇਂ ਭਰਾ ਜਿਉਂ–ਜਿਉਂ ਗੁਰੂ ਮਹਾਰਾਜ ਦੇ ਮੁਖਾਰਬਿੰਦ ਤੋਂ ਬਚਨ ਉਚਰਦੇ ਨੇ, ਮਸਤ ਹੁੰਦੇ ਤੁਰੇ ਜਾ ਰਹੇ ਨੇ। ਕਿਸੇ ਅਕਹਿ ਰਸ 'ਚ ਬਚਨ ਸੁਣਦੇ ਸਾਰ ਹੀ ਚਲੇ ਗਏ।

ਗੁਰੂ ਨਾਨਕ ਪਾਤਸ਼ਾਹ ਦਾ ਤਾਂ ਦਰਸ਼ਨ ਹੀ ਦੁਰਲੱਭ ਸੀ ਸਾਧਸੰਗਤ ਜੀ। ਧੰਨ ਨੇ ਉਹ ਗੁਰਸਿੱਖ ਜਿਹੜੇ ਗੁਰੂ ਮਹਾਰਾਜ ਵੇਲੇ ਹੋ ਕੇ ਉਨ੍ਹਾਂ ਦੇ ਬਚਨ ਆਪਣੇ ਕੰਨਾਂ ਦੇ ਨਾਲ ਸੁਣਦੇ ਸੀ। ਜ਼ੋਰਦਾਰ ਬਚਨ ਤੇ ਉਨ੍ਹਾਂ ਦੋਹਾਂ ਨੇ ਜਦੋਂ ਬਚਨ ਸੁਣੇ ਤੇ 100% ਉਨ੍ਹਾਂ ਦਾ ਮਨ ਮੰਨ ਗਿਆ। ਧੰਦਿਆਂ ਦੇ ਵਿਚੋਂ ਖਿੱਚਿਆ ਗਿਆ। ਆਪਣੇ ਜੀਵਨ ਦੀ ਪੜਚੋਲ ਕਰੀ। ਦੇਖਿਆ ਅਸੀਂ ਕਿੱਥੇ–ਕਿੱਥੇ ਫਸੇ ਹੋਏ ਹਾਂ, ਕਿਹੜੀ–ਕਿਹੜੀ ਮੋਹ ਮਾਇਆ ਸਾਨੂੰ ਪੈ ਰਹੀ ਹੈ ਤੇ ਮਹਾਰਾਜ ਜੀ ਦੇ ਸਾਮ੍ਹਣੇ ਦੋਵੇਂ ਭਰਾ ਉੱਠ ਕੇ ਖੜ੍ਹੇ ਹੋ ਗਏ। ਭਾਈ ਗੁਰਦਾਸ ਜੀ ਨੇ ਉਨ੍ਹਾਂ ਦਾ ਨਾਂ, ਪ੍ਰਵਾਨ ਗੁਰਸਿੱਖਾਂ ਦੇ ਨਾਉਂ ਲਿਖਿਆ ਹੈ –

***ਸੀਹਾਂ ਉਪਲੁ ਜਾਣੀਐ ਗਜਣੁ ਉਪਲੁ ਸਤਿਗੁਰ ਭਾਵੈ।***
***ਭਾਈ ਗੁਰਦਾਸ ਜੀ, ਵਾਰ 11/14***

ਸਤਿਗੁਰੂ ਨੂੰ ਇਹ ਦੋਵੇਂ ਗੁਰਸਿੱਖ ਭਾਅ ਗਏ ਸੀ। ਉਸ ਵੇਲੇ

ਮਹਾਰਾਜ ਦੇ ਹਜ਼ੂਰ ਖੜ੍ਹੇ ਹੋ ਕੇ, ਗਲ 'ਚ ਪੱਲੇ ਪਾ ਲਏ, ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਦੱਸੋ ਕੀ ਮਨੋਰਥ ਹੈ, ਤੁਸੀਂ ਕੀ ਕਹਿਣਾ ਚਾਹੁੰਦੇ ਓਂ, ਤੁਸੀਂ ਨਿਸੰਗ ਹੋ ਕੇ ਗੱਲ ਕਹੋ। ਉਸ ਵੇਲੇ ਬੇਨਤੀ ਕਰਦੇ ਨੇ ਉਹ –

*ਧਾਰਨਾ – ਅਨਿਕ ਜੋਨ ਦੂਖ ਪਾਇਆ ਜੀ,*
*ਕੋਟ ਜਨਮ ਭ੍ਰਮ ਆਇਆ ਪਿਆਰੇ।*

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥* ***ਅੰਗ – 176***
*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥*
***ਅੰਗ – 156***

ਪਾਤਸ਼ਾਹ! ਆਪ ਦੇ ਮੁਖਾਰਬਿੰਦ ਤੋਂ ਅੰਮ੍ਰਿਤ ਬਚਨ ਸ੍ਰਵਣ ਕੀਤੇ, ਮਨ ਮੰਨ ਗਿਆ, ਸੰਸਾਰ ਦੇ ਨਾਲ ਅਸੀਂ ਵੀ ਬੰਨ੍ਹੇ ਹੋਏ, ਕਰੋੜਾਂ ਜੂਨੀਆਂ 'ਚ ਘੁੰਮਦੇ ਹਾਂ –

*ਕੋਟਿ ਜਨਮ ਭ੍ਰਮਿ ਆਇਆ ਪਿਆਰੇ*
*ਅਨਿਕ ਜੋਨਿ ਦੁਖੁ ਪਾਇ ॥*
***ਅੰਗ – 640***

ਸੋਝੀ ਹੋ ਗਈ ਕਿ ਬੈਲ ਬਣ ਕੇ ਕਿੰਨਾ ਦੁਖ ਪਾਇਆ, ਖੋਤਾ ਬਣ ਕੇ ਕਿੰਨਾ ਦੁਖ ਪਾਇਆ, ਸੱਪ ਬਣ ਕੇ ਕਿੰਨਾ ਦੁਖ ਪਾਇਆ, ਕੀੜੇ ਮਕੌੜੇ ਬਣ ਕੇ ਕਿੰਨਾ ਦੁਖ ਪਾਉਂਦੇ ਰਹੇ।

ਪਾਤਸ਼ਾਹ! ਆਪ ਦੇ ਬਚਨਾਂ ਦੇ ਨਾਲ ਚਾਨਣ ਹੋ ਗਿਆ ਸਾਡੇ ਹਿਰਦੇ 'ਚ।

*ਸਾਚਾ ਸਾਹਿਬੁ ਵਿਸਰਿਆ ਪਿਆਰੇ ਬਹੁਤੀ ਮਿਲੈ ਸਜਾਇ ॥*
***ਅੰਗ – 640***

ਵਿਸਰਿਆ ਰਿਹਾ ਹੈ ਸਾਨੂੰ ਉਹ ਸੱਚਾ ਸਾਹਿਬ। ਸਾਨੂੰ ਉਸ ਦਾ ਫਲ ਕੀ ਮਿਲਿਆ ਕਿ ਬਹੁਤ ਵੱਡੀ ਸਜ਼ਾ, ਅਰਬਾਂ-ਖਰਬਾਂ ਸਾਲਾਂ ਤੋਂ ਅਸੀਂ ਭੁਗਤਦੇ ਹੋਏ ਆਪ ਜੀ ਦੀ ਸ਼ਰਨ ਵਿਚ ਆਏ ਹਾਂ –

*ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ ॥* ***ਅੰਗ – 1238***

ਬੜੀ ਵਾਰੀ ਜੁੜੇ। ਫੇਰ ਵਿਛੜ ਜਾਂਦੇ ਸੀ, ਵਿਛੁੜ ਕੇ ਫੇਰ ਕਿਤੇ ਜਾ ਕੇ ਜੁੜ ਗਏ –

*ਜੀਵਿ ਜੀਵਿ ਮੁਏ ਮੁਏ ਜੀਵੇ ॥* ***ਅੰਗ – 1238***

ਜਿਉਂ-ਜਿਉਂ ਕੇ ਮਰੇ, ਮਰ-ਮਰ ਕੇ ਫੇਰ ਜੰਮੇ –

*ਕੇਤਿਆ ਕੇ ਬਾਪ ਕੇਤਿਆ ਕੇ ਬੇਟੇ ਕੇਤੇ ਗੁਰ ਚੇਲੇ ਹੂਏ ॥*
***ਅੰਗ – 1238***

ਪਤਾ ਹੀ ਨਹੀਂ ਕਿੰਨਿਆਂ ਕੁ ਦੇ ਬਾਪ ਹੁਣ ਤੱਕ ਬਣ ਚੁੱਕੇ ਹਾਂ। ਅਸੀਂ ਤਾਂ ਇਹੀ ਕਹਿੰਦੇ ਹਾਂ ਕਿ ਮੇਰੇ ਐਨੇ ਪੁੱਤਰ ਨੇ, ਮੇਰੇ ਪੁੱਤਰ ਦਾ ਨਾਉਂ ਫਲਾਣਾ ਹੈ, ਮੇਰੇ ਦਾ ਫਲਾਣਾ। ਤੇਰੇ ਹੁਣ ਦੇ ਇਹੀ ਪੁੱਤਰ ਥੋੜ੍ਹਾ, ਤੇਰੇ ਤਾਂ ਖਰਬਾਂ ਪੁੱਤਰ ਪਹਿਲਾਂ ਹੋ ਚੁੱਕੇ ਨੇ। ਤੂੰ ਖਰਬਾਂ ਵਾਰੀ ਪੁੱਤਰ ਬਣ ਚੁੱਕਿਆ ਹੈਂ, ਬਾਪ ਤੇਰੇ ਖਰਬਾਂ ਹੋ ਚੁੱਕੇ ਨੇ। ਖਰਬਾਂ ਹੀ ਤੇਰੇ ਵਿਆਹ ਹੋ ਚੁੱਕੇ ਨੇ, ਖਰਬਾਂ ਹੀ ਤੇਰੇ ਪਰਿਵਾਰ ਹੋ ਚੁੱਕੇ ਨੇ। ਇੱਕ ਪਰਿਵਾਰ 'ਤੇ ਹੀ ਖੜ੍ਹ ਗਿਆ।

ਕਹਿੰਦੇ, ਪਾਤਸ਼ਾਹ! ਸੋਝੀ ਆਈ ਤੁਹਾਡੇ ਬਚਨਾਂ ਤੋਂ।

ਕਿੰਨੀ ਵਾਰੀ, ਗੁਰੂ ਚੇਲੇ ਬਣੇ।

***ਆਗੈ ਪਾਛੈ ਗਣਤ ਨ ਆਵੈ ਕਿਆ ਜਾਤੀ ਕਿਆ ਹੁਣਿ ਹੂਏ ॥***

***ਅੰਗ - 1238***

ਨਾ ਅਗਲੀ ਗਣਤ ਆਉਂਦੀ ਹੈ, ਨਾ ਪਿਛਲੀ ਗਣਤ ਆਉਂਦੀ ਹੈ, ਕੋਈ ਹਿਸਾਬ ਬੰਨਾ ਲਗਦਾ ਨਹੀਂ ਕਿ ਇਥੇ ਬਸ ਕਰ ਦੇਈਏ। ਕੀ ਜਾਣੀਏ ਕਿ ਅਸੀਂ ਹੁਣ ਕੀ ਹੋਏ ਹੋਏ ਹਾਂ। ਇਹ ਵੀ ਪਤਾ ਨਹੀਂ ਕਿ ਹੁਣ ਤੋਂ ਥੋੜ੍ਹੀ ਦੇਰ ਬਾਅਦ ਜਦੋਂ ਅਸੀਂ ਪਿੰਜਰ ਛੱਡ ਜਾਣਾ ਹੈ, ਉਸ ਤੋਂ ਬਾਅਦ ਅਸੀਂ ਕੀ ਬਣ ਜਾਣਾ ਹੈ। ਤੇਰੀ ਸ਼ਰਨ ਆਏ ਹਾਂ ਪਾਤਸ਼ਾਹ। ਆਪ ਸਾਡੇ 'ਤੇ ਕ੍ਰਿਪਾ ਕਰੋ।

ਉਸ ਵੇਲੇ ਮਹਾਰਾਜ ਜੀ ਨੇ ਕ੍ਰਿਪਾ ਕੀਤੀ, ਕਹਿਣ ਲੱਗੇ ਕਿ ਤੁਸੀਂ ਆਪਣਾ ਮਨੋਰਥ ਦੱਸੋ, ਕੀ ਚਾਹੁੰਦੇ ਓਂ?

ਕਹਿਣ ਲੱਗੇ, ਸੱਚੇ ਪਾਤਸ਼ਾਹ! ਸਾਡਾ ਛੁਟਕਾਰਾ ਵੀ ਹੋ ਜਾਏ ਤੇ ਸੰਸਾਰ 'ਚ ਰਹਿੰਦੇ ਹੋਏ ਅਸੀਂ ਚਾਰ ਪਦਾਰਥ ਸੁਣੇ ਨੇ। ਜਿਹਨੂੰ ਚਾਰ ਪਦਾਰਥ ਮਿਲ ਜਾਣ ਉਹ ਭਾਗਾਂ ਵਾਲਾ ਬੰਦਾ ਹੁੰਦਾ ਹੈ। ਇਕ ਤਾਂ ਧਰਮ ਹੁੰਦਾ ਹੈ, ਇਕ ਅਰਥ ਹੁੰਦਾ ਹੈ, ਇਕ ਨੂੰ ਕਾਮ ਕਹਿੰਦੇ ਨੇ, ਇੱਕ ਨੂੰ ਮੋਕਸ਼ ਕਹਿੰਦੇ ਨੇ। ਇਹਦੇ ਵਿਚ ਇਹ ਚਾਰੋਂ ਚੀਜ਼ਾਂ ਆ ਜਾਂਦੀਆਂ ਨੇ ਦੁਨੀਆਂ। ਧਰਮ ਤਾਂ ਉਹ ਜੀਵਨ ਹੁੰਦਾ ਹੈ ਜਿਹੜਾ ਕਿਸੇ ਨੂੰ ਦੁੱਖ ਨਾ ਦੇਵੇ ਤੇ ਸਦਾ ਹੀ ਸੁਖ ਵਲ ਨੂੰ ਵਧਦਾ ਜਾਵੇ। ਉਸ ਆਦਮੀ ਦੇ ਅੰਦਰ ਗੁਣ ਹੁੰਦੇ ਨੇ, ਧਰਮ ਦੇ ਜੀਵਨ ਦੇ ਅੰਦਰ। ਉਹਦੇ ਅੰਦਰ ਦਇਆ ਹੋਏਗੀ, ਧੀਰਜ ਹੋਏਗੀ, ਸਤਿ ਦਾ ਜੀਵਨ ਹੋਏਗਾ, ਅਹਿੰਸਾ ਹੋਏਗੀ, ਨਾ ਕਿਸੇ ਨੂੰ ਸਰੀਰਕ ਤੌਰ 'ਤੇ ਦੁੱਖ ਦੇਵੇ, ਨਾ ਕਿਸੇ ਨੂੰ ਬਚਨ ਦੇ ਰਾਹੀਂ ਦੁੱਖ ਦੇਵੇ। ਨਾ ਕਿਸੇ ਨੂੰ ਮਨ ਦੇ ਵਿਚ ਚਿਤਵ ਕੇ ਦੁਖ ਦੇਵੇ। ਨਾ ਬੁੱਧੀ ਦੇ ਨਾਲ ਗਲਤ ਗਾਈਡ ਕਰਕੇ ਕਿਸੇ ਨੂੰ ਦੁੱਖ ਦੇਵੇ, ਨਾ ਕੋਈ ਸ਼ਕਤੀ ਵਰਤ ਕੇ ਕਿਸੇ ਨੂੰ ਦੁੱਖ ਦੇਵੇ। ਧਾਰਮਕ ਜੀਵਨ 'ਚ ਇਹ ਚੀਜ਼ਾਂ ਹੋਇਆ ਕਰਦੀਆਂ ਨੇ। ਆਪ ਸਹਿ ਜਾਂਦਾ ਹੈ, ਕਿਸੇ ਨੂੰ ਦੁਖੀ ਨਹੀਂ ਕਰਦਾ, ਆਪਣੀ ਜਾਨ ਦੇ ਉਤੇ ਹੀ ਸਹਿ ਜਾਂਦਾ ਹੈ, ਦੂਸਰੇ ਨੂੰ ਨਹੀਂ ਤੰਗ ਕਰਦਾ। ਚੁੱਪ ਕਰ ਰਹਿੰਦਾ ਹੈ, ਔਖ-ਸੌਖ ਆਪਣੇ ਉਪਰ ਸਹਿ ਕੇ ਦੂਸਰੇ

ਦਾ ਬੁਰਾ ਨਹੀਂ ਕਰਦਾ। ਸੋ ਅਹਿੰਸਾ ਆ ਜਾਂਦੀ ਹੈ, ਸੰਤੋਖ ਆ ਜਾਂਦਾ ਹੈ। 'ਯਥਾ ਲਾਭ ਸੰਤੁਸ਼ਟੇ'। ਅੱਖਾਂ ਦਾ ਸੰਤੋਖ ਆ ਜਾਂਦਾ ਹੈ, 'ਪਰ ਨਾਰੀ ਧੀ ਭੈਣ ਪਛਾਣੇ', ਕੰਨਾਂ ਦਾ ਸੰਤੋਖ ਆ ਜਾਂਦਾ ਹੈ –

***ਕਰਨ ਨ ਸੁਨੈ ਕਾਹੂ ਕੀ ਨਿੰਦਾ ॥*** ***ਅੰਗ – 274***

ਹੱਥਾਂ ਪੈਰਾਂ ਦਾ ਸੰਤੋਖ ਆ ਜਾਂਦਾ ਹੈ, ਮਾੜੇ ਥਾਂ 'ਤੇ ਪੈਰ ਨਹੀਂ ਚਲ ਕੇ ਜਾਂਦੇ, ਹੱਥ ਮਾੜਾ ਕੰਮ ਨਹੀਂ ਕਰਦੇ। ਮਿਠਾਸ ਆ ਜਾਂਦੀ ਹੈ ਜੀਵਨ ਦੇ ਅੰਦਰ, ਕੁੜੱਤਣ ਖਤਮ ਹੋ ਜਾਂਦੀ ਹੈ, ਫਿੱਕਾਪੁਣ ਖਤਮ ਹੋ ਜਾਂਦਾ ਹੈ। ਸੌਚ ਆ ਜਾਂਦੀ ਹੈ ਅੰਦਰ, ਪਵਿੱਤਰਤਾ – ਮਨ ਦੀ ਪਵਿੱਤਰਤਾ, ਬਚਨਾਂ ਦੀ ਪਵਿੱਤਰਤਾ, ਸਰੀਰ ਦੀ ਪਵਿੱਤਰਤਾ, ਘਰ-ਬਾਰ ਦੀ ਪਵਿੱਤਰਤਾ, ਵਸਤਰਾਂ ਦੀ ਪਵਿੱਤਰਤਾ, ਬੁੱਧੀ ਦੀ ਪਵਿੱਤਰਤਾ, ਆਤਮ ਪਵਿੱਤਰਤਾ, ਸਾਰੀ ਪਵਿੱਤਰਤਾ ਆ ਜਾਂਦੀ ਹੈ। ਸ਼ੀਲ ਆ ਜਾਂਦਾ ਹੈ ਜਿਹਨੂੰ ਚਰਿੱਤਰ ਕਹਿੰਦੇ ਨੇ। ਦਾਨ ਆ ਜਾਂਦਾ ਹੈ, ਸੇਵਾ ਭਾਵ ਆ ਜਾਂਦਾ ਹੈ।

ਪਾਤਸ਼ਾਹ! ਇਹ ਤਾਂ ਇੱਕ ਚੀਜ਼ ਦੇ ਵਿਚ ਹੀ ਆ ਗਏ, ਜਿਹਨੂੰ ਧਰਮ ਕਹਿੰਦੇ ਨੇ। ਦੂਸਰਾ ਹੈ ਅਰਥ – ਅਰਥ ਹੈ ਕਿ ਜ਼ਰੂਰਤ ਵਾਸਤੇ ਆਦਮੀ ਨੂੰ ਪੈਸੇ ਦੀ ਲੋੜ ਹੈ। ਕਾਰਜ ਸਾਧਣ ਵਾਸਤੇ ਮਾਇਆ ਦੀ ਲੋੜ ਹੈ ਤੇ ਦੂਸਰਾ ਪਦਾਰਥ ਸੰਸਾਰ ਦੇ ਅੰਦਰ ਗਿਣਿਆ ਗਿਆ ਹੈ, ਤੀਸਰਾ ਹੈ ਆਦਮੀ ਨੂੰ ਕੋਈ ਵਾਸ਼ਨਾਵਾਂ ਜਾਗਦੀਆਂ ਨੇ। ਉਹ ਉਹਦੀਆਂ ਪੂਰੀਆਂ ਹੋ ਜਾਣ, ਥੁੜ੍ਹ ਕੇ ਨਾ ਬੈਠੇ, ਮੰਗਦਾ ਨਾ ਫਿਰੇ। ਪਾਤਸ਼ਾਹ! ਜੇ ਇਹ ਤਿੰਨ ਚੀਜ਼ਾਂ ਹੋਣ, ਅਸੀਂ ਸੁਣਿਆ ਹੈ ਕਿ ਫੇਰ ਭਜਨ ਚੱਲਿਆ ਕਰਦਾ ਹੈ। ਭਜਨ ਨਿਰਵਿਘਨ ਚੱਲ ਪੈਂਦਾ ਹੈ ਫੇਰ ਤੇ ਚੌਥੀ ਚੀਜ਼ ਹੁੰਦੀ ਹੈ ਕਿ ਮੋਖਸ਼ ਦੀ ਪ੍ਰਾਪਤੀ ਹੋ ਜਾਵੇ। ਜੰਮਣ ਮਰਨਾ ਮਿਟ ਜਾਵੇ। ਇਹ ਚਾਰ ਪਦਾਰਥ ਆਪ ਕ੍ਰਿਪਾ ਕਰਕੇ ਦੇਵੋ। ਇਹਦੀ ਮੰਗ ਅਸੀਂ ਆਪ ਕਰਦੇ ਹਾਂ ਤੇ ਇਨ੍ਹਾਂ ਵਿਚ ਹੀ ਮੁਕਤੀ ਆ ਜਾਂਦੀ ਹੈ ਤੇ ਅਸੀਂ ਆਪ ਦੇ ਗੁਰਸਿੱਖਾਂ ਦੇ ਪਾਸੋਂ ਇਸ ਤਰ੍ਹਾਂ ਦੇ ਬਚਨ ਸੁਣੇ ਨੇ –

***ਧਾਰਨਾ – ਸਤਿਗੁਰ ਦੇ ਵਸ ਵਿਚ ਨੇ,***
***ਚਾਰੇ ਪਦਾਰਥ ਪਿਆਰੇ।***

ਪਾਤਸ਼ਾਹ! ਚਾਰੇ ਪਦਾਰਥ ਦੁਨੀਆਂ ਦੇ ਉਤੇ ਦੁਰਲੱਭ ਚੀਜ਼ ਨੇ ਤੇ ਸਤਿਗੁਰੂ ਦੇ ਵਸ ਵਿਚ ਨੇ। ਬਾਣੀ 'ਚ ਐਸਾ ਫੁਰਮਾਨ ਆਇਆ ਹੈ –

***ਸਤਿਗੁਰ ਕੈ ਵਸਿ ਚਾਰਿ ਪਦਾਰਥ ॥***
***ਤੀਨਿ ਸਮਾਏ ਏਕ ਕ੍ਰਿਤਾਰਥ ॥*** ***ਅੰਗ – 1345***

ਕਬੀਰ ਸਾਹਿਬ ਜੀ ਇਸ ਤਰ੍ਹਾਂ ਕਹਿੰਦੇ ਨੇ –

***ਤੀਰਥ ਕੀਏ ਏਕ ਫਲ, ਸੰਤ ਮਿਲੇ ਫਲ ਚਾਰ।***

ਸੰਤ ਮਿਲ ਜਾਵੇ, ਉਹਦੇ ਕੋਲ ਚਾਰੋ ਪਦਾਰਥ ਹੁੰਦੇ ਨੇ।

***ਗੁਰੂ ਮਿਲੇ ਫਲ ਅਨੇਕ ਹੈ, ਕਹਤ ਕਬੀਰ ਵੀਚਾਰ।***

ਗੁਰੂ ਵਿਚ ਚਾਰੇ ਪਦਾਰਥ ਤਾਂ ਇਹ ਨੇ, ਇਨ੍ਹਾਂ ਤੋਂ ਅਗਾਂਹਾਂ ਬੇਅੰਤ ਪਦਾਰਥ ਹੋਰ ਨੇ। ਗਿਣਤੀ ਮਿਣਤੀ ਤੋਂ ਬਾਹਰ ਨੇ ਇਹ ਚੀਜ਼ਾਂ। ਸੋ ਪਾਤਸ਼ਾਹ! ਐਸੀ ਕੋਈ ਕ੍ਰਿਪਾ ਕਰੋ ਕਿ ਚਾਰੇ ਪਦਾਰਥ ਸਾਨੂੰ ਪ੍ਰਾਪਤ ਹੋ ਜਾਣ। ਧਰਮ ਦਾ ਜੀਵਨ ਵੀ ਮਿਲ ਜਾਵੇ, ਅਰਥ ਵਿਚ ਵੀ ਘਾਟਾ ਨਾ ਰਹੇ, ਪੈਸੇ ਟਕੇ ਵਿਚ। ਤੇ ਜ਼ਰੂਰੀ ਵਾਸ਼ਨਾਵਾਂ ਵੀ ਪੂਰੀਆਂ ਹੋ ਜਾਣ, ਉਥੇ ਵੀ ਕੋਈ ਔਕੜ ਨਾ ਆਵੇ ਤੇ ਨਾਲ ਫੇਰ ਮੋਕਸ਼ ਪਦਵੀ ਵੀ ਪ੍ਰਾਪਤ ਹੋ ਜਾਵੇ। ਆਪ ਦੇ ਚਰਨਾਂ 'ਚ ਸਦਾ ਵਾਸਤੇ ਪੱਕਾ ਨਿਵਾਸ ਹੋ ਜਾਵੇ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਗੰਭੀਰ ਹੋ ਗਏ। ਆਹ ਕੋਇਆਂ ਦੇ ਵਿਚੋਂ ਸਾਰਿਆਂ ਨੂੰ ਦ੍ਰਿਸ਼ਟੀ ਆਇਆ ਕਿ ਆਪ ਬਹੁਤ ਦਇਆ ਦੇ ਘਰ ਵਿਚ ਚਲੇ ਗਏ। ਨੇਤਰਾਂ ਦਾ ਰੰਗ ਬਦਲ ਗਿਆ। ਦਿਆਲੂ ਨੇਤਰਾਂ ਦੇ ਨਾਲ ਉਨ੍ਹਾਂ ਦੋਹਾਂ ਭਰਾਵਾਂ ਵਲ ਦੇਖ ਕੇ ਕਰੁਣਾ ਦਾ ਰੂਪ ਬਣ ਕੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ –

***ਧਾਰਨਾ – ਜੇ ਤੈਂ ਚਾਰ ਪਦਾਰਥ ਲੈਣੇ,***
***ਸਤਿਨਾਮ ਜਪ ਲੈ, ਵਾਹਿਗੁਰੂ।***

ਕਹਿੰਦੇ, ਪ੍ਰੇਮੀਆਂ! ਇਹ ਤਾਂ ਬਹੁਤ ਛੋਟੀ ਜਿਹੀ ਮੰਗ ਹੈ, ਚਲੋ ਤੁਹਾਡੀ ਮੰਗ ਹੈ, ਹਾਥੀ ਦੀ ਪੈੜ ਵਿਚ ਜਿਵੇਂ ਸਾਰੀਆਂ ਹੀ ਪੈੜਾਂ ਆ ਜਾਇਆ ਕਰਦੀਆਂ ਨੇ। ਇਸ ਤਰ੍ਹਾਂ ਤੁਸੀਂ ਵਾਹਿਗੁਰੂ ਨਾਮ ਦਾ ਜਾਪ ਕਰੋ। ਸਭ ਕੁਛ ਆ ਜਾਂਦਾ ਹੈ, ਚਾਰ ਪਦਾਰਥ ਕੀ ਇਸ ਤੋਂ ਵੀ ਵਧੇਰੇ ਪਦਾਰਥ। ਨਿਤ–ਨਿਤ ਜਾਗਰਣ ਕਰੋ। ਰੋਜ਼–ਰੋਜ਼ ਜਾਗਰਣ ਕਰੋ। ਸੌਂਵੋਂ ਨਾ, ਸਰੀਰ ਨੂੰ ਜਿੰਨੀ ਨੀਂਦ ਦੀ ਲੋੜ ਹੈ, ਆਮ ਗ੍ਰਹਿਸਤੀ ਬੰਦੇ ਨੂੰ ਛੇ ਘੰਟੇ ਦੀ ਨੀਂਦ ਬਹੁਤ ਹੋਇਆ ਕਰਦੀ ਹੈ। ਬੀਬੀਆਂ ਇੱਕ ਘੰਟਾ ਜ਼ਿਆਦਾ ਸੌਂਦੀਆਂ ਨੇ, ਬੱਚੇ ਹੋਰ ਇੱਕ ਘੰਟਾ ਜ਼ਿਆਦਾ, ਮਤਲਬ ਅੱਠ ਘੰਟੇ। ਬੀਬੀਆਂ ਸੱਤ ਘੰਟੇ, ਭਾਈਆਂ ਨੂੰ ਛੇ ਘੰਟੇ ਦੀ ਨੀਂਦ ਪ੍ਰਮੇਸ਼ਰ ਨੇ ਬਣਾਈ ਹੈ। ਕਹਿੰਦੇ, ਇਸ ਤੋਂ ਬਾਅਦ ਫੇਰ ਜਾਗਦੇ ਰਹੋ, ਮਾਇਆ ਦੀ ਨੀਂਦ ਵਿਚ ਨਾ ਸੌਂਵੋ। ਇੱਕ ਤਾਂ ਨੀਂਦ ਉਹ ਹੈ ਜਿਹੜੀ ਸਰੀਰ ਦੀ ਹੈ, ਇਹ ਤਾਂ ਲੈਣੀ ਹੀ ਲੈਣੀ ਹੈ। ਮਾਇਆ ਦੀ ਨੀਂਦ ਨੂੰ ਅਸੀਂ ਬਚ ਸਕਦੇ ਹਾਂ। ਉਹਦੇ ਵਿਚ ਵਾਹਿਗੁਰੂ ਦਾ ਧਿਆਨ, ਵਾਹਿਗੁਰੂ ਦਾ ਜਾਪ, ਸਤਿਸੰਗ, ਬਾਣੀ ਦਾ ਪਾਠ ਅਸੀਂ ਕਰ ਸਕਦੇ ਹਾਂ। ਮਹਾਰਾਜ ਕਹਿੰਦੇ ਨਿਤ–ਨਿਤ ਜਾਗਰਣ ਕਰੋ, ਇਸ ਤਰ੍ਹਾਂ ਨਹੀਂ ਕਿ ਦੋ ਮਹੀਨੇ ਜਾਗਰਣ ਕਰਨਾ।

ਮੇਰੇ ਕੋਲ ਆਉਂਦੇ ਨੇ ਪ੍ਰੇਮੀ ਕਿ ਮੇਰਾ ਆਹ ਕੰਮ ਨਹੀਂ ਬਣਦਾ। ਮੈਂ ਕਹਿੰਦਾ ਕਿ ਤੂੰ ਦੋ ਮਹੀਨੇ 'ਜਪੁਜੀ ਸਾਹਿਬ' ਦਾ ਪਾਠ ਕਰ। ਪਾਠ ਕਰਕੇ ਕੰਮ ਬਣ ਜਾਂਦਾ ਹੈ। ਕਹਿੰਦੇ, ਜੀ ਕੰਮ ਤਾਂ ਠੀਕ ਹੋ ਗਿਆ। ਉਸ ਤੋਂ ਬਾਅਦ ਉਹਨੂੰ ਇਹ ਖਿਆਲ ਨਹੀਂ ਆਉਂਦਾ ਕਿ ਜਿਹੜਾ ਦੋ ਮਹੀਨੇ ਮੇਰਾ ਐਨਾ ਕੰਮ ਹੋ ਗਿਆ, ਜੇ ਮੈਂ ਹਮੇਸ਼ਾ ਹੀ ਕਰਾਂ ਤਾਂ ਕਿੰਨਾ ਹੋ ਜਾਏਗਾ। ਉਥੇ ਹੀ ਛੱਡ ਦਿੰਦੇ ਨੇ ਕਿਉਂ ਆਦਮੀ ਦਾ ਸੁਭਾਅ ਐਸਾ ਹੈ –

***ਨੈਂ ਲੰਘੀਂ ਖ਼ੁਆਜਾ ਵਿਸਰਿਆ।***

ਨਦੀ ਲੰਘ ਲਈ, ਜਦੋਂ ਤਾਂ ਵਿਚ ਸੀ ਖ਼ੁਆਜੇ ਨੂੰ ਯਾਦ ਕਰਦਾ ਸੀ ਕਿ ਮੈਂ ਜਾ ਕੇ ਕੜਾਹੀ ਦੇਵਾਂਗਾ ਤੇਰੀ। ਪੀਰ ਜੀ, ਕਿਤੇ ਪਾਣੀ 'ਚ ਨਾ ਡੋਬ ਦੇਵੀਂ। ਜਦੋਂ ਲੰਘ ਗਏ ਫੇਰ ਕਿਹੜਾ ਪੀਰ, ਕਿਹੜਾ ਪਾਣੀ। ਮੁੜ ਕੇ ਆਪਾਂ ਜਾਣਾ ਹੀ ਨਹੀਂ ਕਹਿੰਦੇ, ਪੁੱਲ ਤੋਂ ਲੰਘਿਆ ਕਰਾਂਗੇ। ਐਸਾ ਹੀ ਹੈ ਹਿਸਾਬ।

ਇੱਕ ਮਹਾਂਪੁਰਸ਼ ਦੱਸਿਆ ਕਰਦੇ ਸੀ ਕਿ ਇੱਕ ਪ੍ਰੇਮੀ ਖਜੂਰ 'ਤੇ ਚੜ੍ਹ ਗਿਆ। ਜਦੋਂ ਚੜ੍ਹ ਗਿਆ, ਉਤਰਨਾ ਔਖਾ ਹੋ ਗਿਆ, ਲੱਤਾਂ ਕੰਬਣ ਲੱਗ ਗਈਆਂ, ਹੱਥ ਝੂਠੇ ਪੈ ਗਏ। ਉਹਨੇ ਕਿਹਾ ਕਿ ਹੁਣ ਤਾਂ ਮੈਂ ਮਰ ਜਾਵਾਂਗਾ। ਖਜੂਰ ਹੈ ਉੱਚੀ, ਹੇਠਾਂ ਨੂੰ ਦੇਖ ਕੇ ਡਰ ਲੱਗਣ ਲੱਗ ਗਿਆ। ਉਸ ਵੇਲੇ ਕਹਿਣ ਲੱਗਿਆ, ਹੇ ਦੇਵੀ ਮਾਤਾ! ਮੈਨੂੰ ਤੂੰ ਥੱਲੇ ਲਾਹ ਦੇ, 25 ਰੁਪਈਆਂ ਦਾ ਪ੍ਰਸ਼ਾਦ ਕਰੂੰ। 30 ਕਿਲੋ ਘਿਉ ਬਣਦਾ ਸੀ ਉਸ ਸਮੇਂ ਦਾ, ਕਿੰਨਾ ਪ੍ਰਸ਼ਾਦ ਬਣਦਾ ਹੈ, 25 ਰੁਪਏ ਦਾ। ਬਲ ਆ ਗਿਆ ਕਿ ਹੁਣ ਮੈਨੂੰ ਦੇਵੀ ਮਾਤਾ ਲਾਹ ਦਏਗੀ 25 ਦਾ ਪ੍ਰਸ਼ਾਦ ਸੁੱਖਿਆ ਹੈ। ਐਨਾ ਤਾਂ ਕਿਸੇ ਨੇ ਕਦੇ ਕਰਾਇਆ ਹੀ ਨਹੀਂ, ਅੱਧ 'ਚ ਪਹੁੰਚ ਗਿਆ। ਕਹਿੰਦਾ, 25 ਦਾ ਪ੍ਰਸ਼ਾਦ ਤਾਂ ਮੈਂ ਕਰ ਦੇਵਾਂਗਾ, ਇਹ ਤਾਂ ਕਿੰਨੇ ਮਣ ਬਣ ਜਾਏਗਾ। ਖਾਏਗਾ ਕਿਹੜਾ ਇਹ ਤਾਂ ਖਰਾਬ ਹੋ ਜਾਏਗਾ। ਕਹਿੰਦਾ, ਸਾਢੇ ਬਾਰ੍ਹਾਂ ਦਾ ਬਹੁਤ ਹੈ। ਚੌਥਾ ਹਿੱਸਾ ਉਤਰ ਆਇਆ, ਕਹਿੰਦਾ, ਸਾਢੇ ਬਾਰ੍ਹਾਂ ਦਾ ਵੀ ਵੀਹ ਕਿਲੋ ਘਿਉ, ਵੀਹ ਕਿਲੋ ਆਟਾ, ਵੀਹ ਕਿਲੋ ਚੀਨੀ, ਅੱਸੀ ਕਿਲੋ ਪਾਣੀ। ਇਹ ਤਾਂ ਇੱਕ ਕੁਵਿੰਟਲ 40 ਕਿਲੋ ਬਣ ਗਿਆ। ਐਨੇ ਬੰਦੇ ਕਿੱਥੋਂ ਆਉਣਗੇ ਖਾਣ ਵਾਲੇ। ਇਹ ਵੀ ਮੈਂ ਗਲਤ ਹੀ ਕਰ ਲਿਆ, ਢਾਈ ਰੁਪਏ ਦਾ ਕਰਾਉਂਦੀ ਹੈ ਦੁਨੀਆਂ, ਢਾਈ ਬਹੁਤ ਹੈ। ਹੋਰ ਪੈਰ ਥੱਲੇ ਪਾਇਆ, ਕਹਿੰਦਾ ਢਾਈ ਦਾ ਕਿਹੜਾ ਥੋੜ੍ਹਾ ਬਣਨਾ ਹੈ, ਵੱਡੀ ਕੜਾਹੀ ਭਰ ਜਾਣੀ ਹੈ, ਆਪਾਂ ਤਾਂ ਥੋੜ੍ਹਾ ਜਿਹਾ ਹੀ ਕਰਨਾ ਹੈ, ਮੰਦਰ ਦੇ ਕਿੰਨੇ ਕੁ ਬੰਦੇ ਹੁੰਦੇ ਨੇ, ਮੈਂ ਘੰਟਿਆਂ ਬੱਧੀ ਬੈਠ ਕੇ ਥੋੜ੍ਹਾ ਵੰਡਣਾ ਹੈ। ਕਹਿੰਦਾ ਸਵਾ ਰੁਪਏ ਦਾ ਬਹੁਤ ਹੈ। ਐਨੇ ਨੂੰ ਗਜ਼ ਉੱਚਾ ਰਹਿ ਗਿਆ। ਉਥੋਂ ਛਾਲ ਮਾਰੀ ਥੱਲੇ, ਫੇਰ ਨਹੀਂ ਪੈਰ ਲਾਇਆ, ਛਾਲ ਮਾਰੀ। ਕਹਿੰਦਾ, ਲੈ ਦੇਵੀ ਮਾਤਾ! ਨਾ ਮੁੜ ਕੇ ਖਜੂਰ 'ਤੇ ਚੜ੍ਹੀਏ, ਨਾ ਤੇਰਾ ਪ੍ਰਸ਼ਾਦ ਕਰਾਈਏ। ਆਪਾਂ ਮੁੜ ਕੇ ਚੜ੍ਹਨਾ ਹੀ ਨਹੀਂ।

ਇਹ ਬੰਦੇ ਦੀ ਰੁਚੀ ਹੈ ਸਾਧਸੰਗਤ ਜੀ। ਕੁਦਰਤੀ ਰੁਚੀ ਹੈ। ਮਹਾਂਪੁਰਸ਼ਾਂ ਦੇ ਤੱਤ ਕੱਢੇ ਹੁੰਦੇ ਨੇ। ਉਹ ਬੰਦਾ ਭੁੱਲ ਜਾਂਦਾ ਹੈ। ਭੁੱਲਿਆ ਹੋਇਆ ਉਹਦੇ ਯਾਦ ਨਹੀਂ ਰਹਿੰਦਾ। ਮਿਲ ਸਭ ਕੁਛ ਜਾਂਦਾ ਹੈ, ਜਿਹੜੀਆਂ ਬਿਮਾਰੀਆਂ ਦੂਰ ਹੁੰਦੀਆਂ ਨੇ, ਜਪੁਜੀ ਸਾਹਿਬ ਦੇ ਵਿਚ ਐਨੀ ਸਤਿਆ ਹੈ ਕਿ ਜਮਦੂਤ ਨੇੜੇ ਨਹੀਂ ਆਉਂਦਾ, ਜਿਹੜਾ ਪੜ੍ਹੀ ਜਾਵੇ। 25 ਪਾਠ ਕਰਕੇ ਦੇਖ ਲਓ, ਸਾਰੀ ਜ਼ਿੰਦਗੀ, ਨਾਲੇ ਤਾਂ ਸ਼ਬਦ ਸਿੱਧੀ ਆ ਜਾਏਗੀ, ਵਾਕ ਕਿਹਾ ਤੇ ਪਾਰ। ਬੀਮਾਰ ਨੂੰ ਕਹਿ ਦਿਤਾ ਰਾਜ਼ੀ ਹੋ ਜਾ, ਰਾਜ਼ੀ ਹੋ ਜਾਏਗਾ। ਐਨੀ ਚੀਜ਼ ਫੇਰ ਆਦਮੀ ਨਹੀਂ ਕਰਦਾ, ਫੇਰ ਤਾਂ ਭਾਈ! ਬੜੀ

ਭਾਰੀ ਭੁੱਲ ਵਿਚ ਹੈ। ਸਾਡਾ ਮਤਲਬ ਇਹੀ ਹੁੰਦਾ ਹੈ ਕਿ ਇਹਨੂੰ ਰੁਚੀ ਜਾਗ ਪਵੇ ਬਾਣੀ ਦੀ, ਅਗਲਾ ਜੀਵਨ ਇਹਦਾ ਗੁਰੂ ਵਾਲਾ ਬਣ ਜਾਵੇ। ਮਨਮੁਖਤਾਈ ਦਾ ਨਾ ਬਣੇ। ਸੋ ਮਹਾਰਾਜ ਕਹਿੰਦੇ ਏਸ ਗੱਲ ਨੂੰ ਸਮਝਣਾ ਚਾਹੀਦਾ ਹੈ।

***ਨਿਤ ਨਿਤ ਜਾਗਰਣੁ ਕਰਹੁ***
***ਸਦਾ ਸਦਾ ਆਨੰਦੁ ਜਪਿ ਜਗਦੀਸੋੁਰਾ ॥*** ***ਅੰਗ - 1201***

ਸਦਾ ਦਾ ਅਨੰਦ ਪ੍ਰਾਪਤ ਹੋ ਜਾਏਗਾ। ਫੇਰ ਮੁੜ ਕੇ ਦੁਖ ਆਏਗਾ ਹੀ ਨਹੀਂ। ਵਾਹਿਗੁਰੂ ਨੂੰ ਜਪੋ ਤੁਸੀਂ। ਫੇਰ ਦੂਜਾ ਕੀ ਹੋਏਗਾ।

***ਮਨ ਇਛੇ ਫਲ ਪਾਵਹੁ ਸਭੈ ਫਲ ਪਾਵਹੁ ਧਰਮੁ ਅਰਥੁ ਕਾਮ ਮੋਖੁ॥***
***ਜਨ ਨਾਨਕ ਹਰਿ ਸਿਉ ਮਿਲੇ ਹਰਿ ਭਗਤ ਤੋਰਾ ॥***
***ਅੰਗ - 1201***

ਚਾਰ ਪਦਾਰਥਾਂ ਦੀ ਤਾਂ ਗੱਲ ਛੱਡੋ, ਜਿਹੜੀ ਮਨ ਵਿਚ ਇਛਿਆ ਆ ਗਈ, ਉਹੀ ਮਿਲ ਜਾਏਗੀ। ਮਹਾਰਾਜ ਕਹਿੰਦੇ ਇਕ ਦੋ ਚਾਰ ਨਹੀਂ, ***'ਮਨ ਇਛੇ ਫਲ ਪਾਵਹੁ'*** ਪਹਿਲਾਂ ਕਹਿ ਦਿਤਾ ਫੇਰ ਕਹਿ ਦਿਤਾ ***'ਸਭੈ ਫਲ ਪਾਵਹੁ'*** ਸਾਰੇ ਹੀ ਫਲ ਮਿਲਣਗੇ। ਧਰਮ ਵੀ, ਕਾਮ ਵੀ, ਮੋਖ ਵੀ ਤੇ ਅਰਥ ਵੀ।

***ਮੇਰੇ ਮਨ ਜਪਿ ਹਰਿ ਗੁਨ ਅਕਥ ਸੁਨਥਈ ॥***
***ਧਰਮੁ ਅਰਥੁ ਸਭੁ ਕਾਮੁ ਮੋਖੁ ਹੈ ਜਨ ਪੀਛੈ ਲਗਿ ਫਿਰਥਈ ॥***
***ਅੰਗ - 1320***

ਕਹਿੰਦੇ, ਨੱਠੇ ਹੀ ਫਿਰਦੇ ਨੇ ਜਿਹੜਾ ਨਾਮ ਜਪਦਾ ਹੈ। ਦੌੜੇ ਹੀ ਫਿਰਦੇ ਨੇ ਕਦੇ ਧਰਮ ਮੂਹਰੇ ਹੋ ਜਾਂਦਾ ਹੈ, ਕਦੇ ਅਰਥ ਹੋ ਜਾਂਦਾ ਹੈ ਕਿ ਮੈਨੂੰ ਵਰਤ। ਕਦੇ ਕਾਮਨਾ ਕਹਿੰਦੀ ਮੈਨੂੰ ਵਰਤ। ਮੋਖ ਕਹਿੰਦੀ ਹੈ ਕਿ ਮੈਂ ਤੇਰੇ ਪਿੱਛੇ ਲੱਗੀ ਫਿਰਦੀ ਹਾਂ। ਮਹਾਰਾਜ ਕਹਿੰਦੇ, ਇਹ ਤਾਂ ਪ੍ਰੇਮੀਆਂ! ਤੇਰਾ ਹੱਕ ਸੀ, ਜਿਹੜੀਆਂ ਚੀਜ਼ਾਂ ਤੂੰ ਸਾਡੇ ਤੋਂ ਮੰਗ ਰਿਹਾ ਹੈਂ। ਇਹ ਤਾਂ ਜਦੋਂ ਤੈਨੂੰ ਸੰਸਾਰ 'ਚ ਅਕਾਲ ਪੁਰਖ ਨੇ ਭੇਜਿਆ ਹੈ। ਉਸ ਵੇਲੇ ਇਹ ਚਾਰੇ ਚੀਜ਼ਾਂ ਤੇਰੇ ਨਾਲ ਭੇਜੀਆਂ ਸੀ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਚਾਰ ਪਦਾਰਥ ਲੈ ਕੇ ਜਗ ਆਇਆ ਸੀ,***
***ਗੁਆਚ ਗਏ ਭੁੱਲ ਨਾਮ ਨੂੰ।***

ਕਹਿਣ ਲੱਗੇ, ਭਾਈ ਸੀਂਹਾਂ, ਭਾਈ ਗੱਜਣ, ਜਿਹੜੀਆਂ ਚੀਜ਼ਾਂ ਤੁਸੀਂ ਸਾਡੇ ਤੋਂ ਮੰਗਦੇ ਓਂ। ਇਹ ਤਾਂ ਜਦੋਂ ਤੁਸੀਂ ਪੈਦਾ ਹੋਏ ਓਂ, ਤੁਹਾਡੇ ਨਾਲ ਹੀ ਸੀਗੀਆਂ ਕਿਉਂਕਿ ਤੁਸੀਂ ਉਸ ਵੇਲੇ ਨਾਮ ਜਪਦੇ ਸੀ। ਨਾਮ ਦੇ ਵਿਚ ਚਾਰੋ ਪਦਾਰਥ ਹੋਇਆ ਕਰਦੇ ਨੇ ਤੇ ਜਦੋਂ ਜੀਵ ਆਤਮਾ ਨੇ ਤੁਹਾਡੇ ਸਰੀਰ ਵਿਚ ਵਾਸਾ ਕਰਿਆ ਹੈ, ਉਸ ਵੇਲੇ ਅਕਾਲ ਪੁਰਖ ਨੇ ਚਾਰੋ ਪਦਾਰਥ ਤੁਹਾਨੂੰ ਦਿਤੇ ਸੀ, ਸੰਸਾਰ 'ਚ ਵਰਤਣ ਵਾਸਤੇ। ਲੇਕਿਨ ਹੋਇਆ

ਕੀ, ਨਾਮ ਨੂੰ ਭੁੱਲ ਗਏ ਤੇ ਉਹ ਗਵਾਚ ਗਏ -

*ਚਾਰਿ ਪਦਾਰਥ ਲੈ ਜਗਿ ਜਨਮਿਆ*
*ਸਿਵ ਸਕਤੀ ਘਰਿ ਵਾਸੁ ਧਰੇ ॥* *ਅੰਗ- 1014*

ਚਾਰ ਪਦਾਰਥ ਲੈ ਕੇ ਜਗ 'ਚ ਆਇਆ ਸੀ। ਜਦੋਂ ਇਹ ਜੀਵ ਆਤਮਾ ਨੇ, ਸ਼ਿਵ ਨੇ ਮਾਇਆ ਰੂਪ ਸਰੀਰ ਦੇ ਅੰਦਰ ਵਾਸਾ ਕਰਿਆ। ਫੇਰ ਕੀ ਹੋਇਆ -

*ਲਾਗੀ ਭੂਖ ਮਾਇਆ ਮਗੁ ਜੋਹੈ ਮੁਕਤਿ ਪਦਾਰਥੁ ਮੋਹਿ ਖਰੇ ॥*
*ਅੰਗ - 1014*

ਭੁੱਖ ਲਗ ਗਈ, ਤ੍ਰਿਸ਼ਨਾ ਲਗ ਗਈ -

*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥*
*ਅੰਗ - 921*

ਮਾਇਆ ਦਾ ਰਸਤਾ ਖੋਜਣ ਲੱਗ ਗਿਆ ਤ੍ਰਿਸ਼ਨਾ ਲੱਗਣ ਕਰਕੇ।

*ਗਰਭ ਕੁੰਡਲ ਮਹਿ ਉਰਧ ਧਿਆਨੀ ॥* *ਅੰਗ - 1026*

ਮਾਤਾ ਦੇ ਪੇਟ ਵਿਚ ਪੁੱਠਾ ਲਟਕ ਕੇ ਤਪਸਿਆ ਕਰਦਾ ਸੀ।

*ਆਪੇ ਜਾਣੈ ਅੰਤਰਜਾਮੀ ॥*
*ਸਾਸਿ ਸਾਸਿ ਸਚੁ ਨਾਮੁ ਸਮਾਲੇ ਅੰਤਰਿ ਉਦਰ ਮਝਾਰਾ ਹੇ ॥*
*ਅੰਗ - 1026*

ਉਥੇ ਹਰ ਸਵਾਸ ਦੇ ਨਾਲ ਨਾਮ ਸੰਮਾਲਦਾ ਸੀ। ਫੇਰ ਜਦੋਂ ਹੁਕਮ ਹੋਇਆ -

*ਚਾਰਿ ਪਦਾਰਥ ਲੈ ਜਗਿ ਆਇਆ ॥*
*ਸਿਵ ਸਕਤੀ ਘਰਿ ਵਾਸਾ ਪਾਇਆ ॥* *ਅੰਗ - 1027*

ਓਹੀ ਸ਼ਬਦ ਦੁਬਾਰਾ ਫੇਰ ਮਹਾਰਾਜ ਜੀ ਨੇ 1027 ਪੰਨੇ 'ਤੇ ਲਿਖਿਆ ਹੈ, ਉਸੇ ਭਾਵ ਦਾ। ਜਦੋਂ ਜੀਵ ਨੇ ਆ ਕੇ ਸਰੀਰ ਦੇ ਵਿਚ ਵਾਸਾ ਪਾਇਆ, ਇਹਦੇ ਨਾਲ ਚਾਰ ਪਦਾਰਥ ਆਏ ਸੀ। ਫੇਰ ਗੁਆਚ ਕਿੱਥੇ ਗਏ? ਮਹਾਰਾਜ ਕਹਿੰਦੇ -

*ਏਕੁ ਵਿਸਾਰੇ ਤਾ ਪਿੜ ਹਾਰੇ ਅੰਧੁਲੈ ਨਾਮੁ ਵਿਸਾਰਾ ਹੇ ॥*
*ਅੰਗ - 1027*

ਕਹਿੰਦੇ, ਹਾਰ ਗਿਆ ਪਿੜ 'ਚ ਆ ਕੇ, ਮੈਦਾਨ 'ਚ ਆ ਕੇ, ਕਿਉਂਕਿ ਵਾਹਿਗੁਰੂ ਨੂੰ ਵਿਸਾਰ ਦਿਤਾ ਇਸਨੇ।

ਉਸ ਵੇਲੇ ਦੋਹਾਂ ਭਰਾਵਾਂ ਨੇ ਚਰਨ ਫੜ ਲਏ ਗੁਰੂ ਮਹਾਰਾਜ ਦੇ, ਕਹਿਣ ਲੱਗੇ, ਪਾਤਸ਼ਾਹ! ਕ੍ਰਿਪਾ ਕਰੋ। ਇਹ ਤਾਂ ਸਾਡੇ ਸਮਝ ਵਿਚ ਆ ਗਿਆ। ਹੁਣ ਆਪ ਕ੍ਰਿਪਾ ਕਰੋ।

ਮਹਾਰਾਜ ਕਹਿੰਦੇ, ਬੈਠੋ! ਸਾਵਧਾਨ ਹੋਵੋ। ਸਾਰੀ ਸੰਗਤ ਦੇ ਸਾਮ੍ਹਣੇ

ਬਿਠਾਲ ਲਏ। ਨੇਤਰਾਂ 'ਚ ਨੇਤਰ ਪਾਏ। ਚਰਨਾਂਮ੍ਰਿਤ ਦਿਤਾ। ਕਹਿੰਦੇ, ਕਹੁ ਵਾਹਿਗੁਰੂ-ਕਹੁ ਵਾਹਿਗੁਰੂ-ਕਹੁ ਵਾਹਿਗੁਰੂ। ਤਿੰਨ ਵਾਰੀ ਕਹਾ ਦਿਤਾ। ਸਮਾਧੀ ਹੀ ਲਗ ਗਈ। ਕਾਫੀ ਦੇਰ ਬੈਠੇ ਰਹੇ। ਨਵਾਂ ਨਾਮ ਸੁਣਿਆ ਸੀ ਅੱਜ, ਰਾਮ-ਰਾਮ ਸੁਣਿਆ ਹੋਇਆ ਸੀ। ਹਰੇ-ਹਰੇ ਸੁਣਿਆ ਹੋਇਆ ਸੀ, ਗੋਬਿੰਦ-ਗੋਬਿੰਦ ਸੁਣਿਆ ਹੋਇਆ ਸੀ, ਵਾਸੁਦੇਵ ਸੁਣਿਆ ਹੋਇਆ ਸੀ ਤੇ ਵਾਹਿਗੁਰੂ ਤਾਂ ਵੇਦਾਂ ਤੇ ਕਤੇਬਾਂ ਤੋਂ ਬਾਹਰਲਾ ਨਾਮ ਹੈ। ਇਹ ਪਹਿਲੀ ਵਾਰੀ ਸੁਣਿਆ। ਉਸ ਵੇਲੇ ਆਪ ਨੇ ਕਿਹਾ ਕਿ ਪਾਤਸ਼ਾਹ! ਜਿਸ ਤਰ੍ਹਾਂ ਦੇ ਨਾਲ ਵਾਸੁਦੇਵ ਜਪਦੇ ਹਾਂ, ਉਹ ਸਾਰੇ ਪਰੀਪੂਰਨ ਹੈ, ਹਰੀ ਜਪਦੇ ਹਾਂ ਤੇ ਉਹ ਨਿਰਮਲ ਕਰਨ ਵਾਲਾ ਹੈ, ਗੋਬਿੰਦ ਜਪਦੇ ਹਾਂ ਉਹ ਸਵਰਗਾਂ 'ਚ ਵਾਸਾ ਦੇਣ ਵਾਲਾ ਹੈ, ਰਾਮ ਜਪਦੇ ਹਾਂ ਉਹਦੀ ਯੋਗੀ ਕ੍ਰੀੜਾ ਕਰਦੇ ਨੇ। ਇਹ 'ਵਾਹਿਗੁਰੂ' ਮੰਤ੍ਰ ਕੀ ਹੋਇਆ? ਇਹਦੀ ਕ੍ਰਿਪਾ ਕਰਕੇ ਸਾਨੂੰ ਕੁਛ ਸੋਝੀ ਬਖਸ਼ੋ। ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ ਕਿ 'ਵਾਹਿ' ਜਿਹੜਾ ਹੈ ਇਹ ਉਹ ਸੱਤਾ ਹੈ ਜਿਸਦੀ ਸੱਤਾ ਕਰਕੇ ਨਿਰਗੁਣ ਤੋਂ ਸਰਗੁਨ ਹੋ ਕੇ ਸਾਰੇ ਪਦਾਰਥਾਂ ਦਾ ਸਾਨੂੰ ਗਿਆਨ ਹੁੰਦਾ ਹੈ। ਉਹ ਸਾਨੂੰ ਜਾਣਦਾ ਹੈ, ਉਹ ਸਾਰੇ ਕੰਮ ਓਹਲੇ ਹੋ ਕੇ ਕਰਦਾ ਹੈ। ਅਸੀਂ ਉਹਨੂੰ ਜਾਣ ਨਹੀਂ ਸਕਦੇ, ਉਹ ਜਿਹੜੀ ਸ਼ਕਤੀ ਸਾਰੇ ਸੰਸਾਰ ਨੂੰ ਓਹਲੇ ਰਹਿ ਕੇ ਚਲਾ ਰਹੀ ਹੈ ਆਪਣੇ ਹੁਕਮ ਦੇ ਅੰਦਰ, ਉਹਨੂੰ 'ਵਾਹਿ' ਕਹਿੰਦੇ ਨੇ। ਧਿਆਨ ਦਿਓ ਕਹਿੰਦੇ, ਸੋਚੋ। ਲੈ ਜਾਓ ਬਿਰਤੀ ਉਸ ਸ਼ਕਤੀ 'ਚ, ਜਿਹੜੀ ਅਸਚਰਜ ਸ਼ਕਤੀ ਹੈ, ਦਿਸਦੀ ਹੈ ਨਹੀਂ, ਸਾਰੇ ਕੰਮ ਕਰ ਰਹੀ ਹੈ। ਹਰੇਕ ਦੇ ਨਾਲ ਹੈ। ਜਦੋਂ ਅਸੀਂ ਸੌਂ ਜਾਂਦੇ ਹਾਂ, ਤਾਂ ਵੀ ਉਹ ਕੰਮ ਕਰ ਰਹੀ ਹੁੰਦੀ ਹੈ। ਜਦੋਂ ਅਸੀਂ ਜਾਗਦੇ ਹਾ ਤਾਂ ਵੀ ਕੰਮ ਕਰ ਰਹੀ ਹੁੰਦੀ ਹੈ। ਲਗਾਤਾਰ ਇੱਕ ਆਵਾਜ਼ ਸਾਡੇ ਅੰਦਰ ਉਹਦੀ ਹੋਂਦ ਦੀ ਹਰ ਵਕਤ ਆਉਂਦੀ ਰਹਿੰਦੀ ਹੈ -

***ਦਿਲਾ ਕਾ ਮਾਲਕੁ ਕਰੇ ਹਾਕੁ ॥*** ***ਅੰਗ - 897***

ਭਜਨ ਕਰਨ ਵਾਲਿਆਂ ਨੂੰ ਉਹਦੀ ਆਵਾਜ਼ ਸੁਣਨ ਲਗ ਜਾਂਦੀ ਹੈ, ਫੇਰ ਉਹ ਆਵਾਜ਼ ਦੀ ਸੇਧ ਵਿਚ ਹੋ ਜਾਂਦੇ ਨੇ, ਜਿਨ੍ਹਾਂ ਨੂੰ ਅਨਹਦ ਸ਼ਬਦ ਕਹਿੰਦੇ ਨੇ। ਕਹਿੰਦੇ, ਹਰ ਵਕਤ ਆਵਾਜ਼ ਚਲਦੀ ਹੈ ਤੁਹਾਡੇ ਅੰਦਰ। ਉਹ ਜਿਹੜੀ ਅਜੀਬ ਸ਼ਕਤੀ ਹੈ, ਸਾਰੇ ਕੰਮ ਕਰਦੀ ਹੈ, ਉਹਦੀ ਸਤਾ ਦੇ ਨਾਲ ਸਾਰੇ ਪਦਾਰਥ ਜਾਣੇ ਜਾਂਦੇ ਨੇ ਤੇ ਅਸੀਂ ਜਿਹਨੂੰ ਜਾਣ ਨਾ ਸਕੀਏ, ਕਹਿੰਦੇ ਉਹ 'ਵਾਹਿ' ਹੁੰਦੀ ਹੈ। ਆਹ ਜਿਹੜਾ ਸਾਡਾ ਸਰੀਰ ਹੈ ਇਹ ਬਿਲਕੁਲ ਜੜ੍ਹ ਹੈ। ਪੰਜ ਤੱਤ ਜੁੜੇ ਹੋਏ ਨੇ। ਨਾ ਹਵਾ 'ਚ ਜਾਨ ਹੈ, ਨਾ ਪਾਣੀ 'ਚ ਜਾਨ ਹੈ, ਨਾ ਅੱਗ 'ਚ ਹੈ, ਨਾ ਮਿੱਟੀ 'ਚ ਹੈ। ਕਹਿੰਦੇ, ਇਹਦੇ ਵਿਚ ਸੋਝੀ ਨਹੀਂ ਹੈਗੀ, ਹਵਾ ਨੂੰ ਕੋਈ ਪਤਾ ਨਹੀਂ। ਇਕੱਠੀਆਂ ਕਰ ਦਿਓ, ਇਕੱਠੇ ਹੀ ਨੇ, ਧਰਤੀ ਦੇ ਨਾਲ ਲਗ ਕੇ ਹਵਾ ਚੱਲ ਰਹੀ ਹੈ। ਗਰਮੀ ਵੀ ਧਰਤੀ ਦੇ ਨਾਲ ਹੀ ਲੱਗੀ ਹੋਈ ਹੈ, ਆਕਾਸ਼ ਵੀ ਧਰਤੀ ਦੇ ਨਾਲ, ਪਾਣੀ ਵੀ ਧਰਤੀ ਨਾਲ ਹੈ, ਇਥੇ ਕਿਉਂ ਨਹੀਂ ਸੋਝੀ ਆਉਂਦੀ? ਕਹਿੰਦੇ, ਇਹ ਜਿਹੜਾ ਹਨ੍ਹੇਰਾ ਹੈ, ਜਿਹਦਾ ਸਾਨੂੰ ਕੁਛ ਪਤਾ

ਨਹੀਂ ਲਗਦਾ, ਆਹ ਜਿਹੜੀ ਦੇਹ ਹੈ, ਜੜ੍ਹ ਦੇਹ ਹੈ, ਇਹਦੇ ਵਿਚ ਜਿਹੜਾ ਪ੍ਰਕਾਸ਼ ਕਰਦਾ ਹੈ, ਉਹਨੂੰ ਗੁਰੂ ਕਹਿੰਦੇ ਨੇ। ਸਮਝ 'ਚ ਆ ਗਿਆ ਕਹਿੰਦੇ?

ਦੇਖੋ, ਆਹ ਸਭ ਕੁਛ ਜਿਹੜਾ ਕੁਛ ਹੋ ਰਿਹਾ ਹੈ, ਇਹ ਕਾਰਜ ਨੂੰ ਜਿਹੜਾ ਚਲਾ ਰਿਹਾ ਹੈ ਇਹ ਤਾਂ ਹੈਗਾ 'ਵਾਹਿ' ਜਿਹੜੀ ਸਾਡੇ ਅੰਦਰ ਜਾਗਰਤ ਪੈਦਾ ਹੋ ਕੇ ਸਾਨੂੰ ਸੋਝੀ ਆਉਂਦੀ ਹੈ ਉਹਨੂੰ 'ਗੋ' ਮਤਲਬ ਹੁੰਦਾ ਹੈ ਹਨ੍ਹੇਰਾ 'ਰੂ' ਮਤਲਬ ਹੁੰਦਾ ਹੈ ਪ੍ਰਕਾਸ਼। ਉਸ ਜੜ੍ਹ ਦੇ ਵਿਚ ਪ੍ਰਕਾਸ਼ ਕਰਨ ਵਾਲਾ ਜਿਹੜਾ ਹੈ ਉਹ 'ਗੁਰੂ' ਹੈ ਤੇ ਫਲ ਕੀ ਹੁੰਦਾ ਹੈ? ਇਹਦੇ ਜਪਣ ਨਾਲ ਚਾਰੋ ਪਦਾਰਥ ਮਿਲਦੇ ਨੇ। ਇਹਦੇ ਜਪਣ ਨਾਲ ਰਿੱਧੀਆਂ-ਸਿੱਧੀਆਂ-

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ ॥*** ***ਅੰਗ - 649***

ਇਹ ਸਾਰੀਆਂ ਚੀਜ਼ਾਂ ਮਿਲ ਜਾਂਦੀਆਂ ਨੇ। ਲੇਕਿਨ ਸੰਤਾਂ ਦੀ ਸੰਗਤ ਜਿੰਨਾਂ ਚਿਰ ਆਦਮੀ ਨਹੀਂ ਕਰਦਾ, ਸਤਿਸੰਗ ਦੇ ਵਿਚ ਨੇਮ ਦੇ ਨਾਲ ਨਹੀਂ ਆ ਕੇ ਸੇਵਾ ਕਰਦਾ, ਨਿਮਰਤਾ ਭਾਵ ਨਾਲ ਨਹੀਂ ਆਉਂਦਾ। ਓਨੀਂ ਦੇਰ ਤੱਕ ਮਹਾਰਾਜ ਕਹਿੰਦੇ, ਨਾਮ ਜਪਿਆ ਨਹੀਂ ਜਾਂਦਾ। ਇਹਦੇ 'ਚ ਰੁੱਖਾਪਨ ਆ ਜਾਂਦਾ ਹੈ। ਜਪ ਨਹੀਂ ਸਕਦਾ। ਕਿਉਂਕਿ ਉਹ ਇੱਕ ਚੀਜ਼ 'ਚੋਂ ਫੇਲ੍ਹ ਹੋ ਗਿਆ। ਜਿਸ ਥਾਂ ਦੇ ਉੱਤੇ ਇਹ ਚੀਜ਼ ਚੱਲਣੀ ਸੀ। ਉਥੇ ਉਹ ਆ ਨਹੀਂ ਸਕਿਆ। ਬਚਨ ਸਰਵਣ ਨਹੀਂ ਕਰ ਸਕਿਆ ਤੱਤ ਬਾਣੀ ਦੇ। ਇਸ ਕਰਕੇ ਗਲਤ ਚੀਜ਼ਾਂ, ਮਨ ਵਿਚ ਕੂੜ-ਕਬਾੜ ਭਰ ਲੈਂਦਾ ਹੈ ਉਹਦੇ ਨਾਲ ਫੇਰ ਨਾਮ ਕੀ ਚੱਲਣਾ ਹੈ, ਉਨ੍ਹਾਂ ਚੀਜ਼ਾਂ ਦਾ ਹੀ ਧਿਆਨ ਰਹਿੰਦਾ ਹੈ। ਸੋ ਮਹਾਰਾਜ ਕਹਿੰਦੇ ਕਿ ਸੰਗਤ ਵਿਚ ਆ। ਦੇਖੋ, ਤੁਸੀਂ ਸਿਰਫ ਚਾਰ ਪਦਾਰਥ ਮੰਗੇ ਨੇ। ਇਹਦਾ ਤਾਂ ਤੁਹਾਨੂੰ ਇਸ ਤੋਂ ਵੀ ਸੁਖਾਲਾ ਤਰੀਕਾ ਹੋਰ ਦੱਸ ਦਿੰਦੇ ਹਾਂ -

***ਧਾਰਨਾ - ਜੇ ਤੈਂ ਚਾਰ ਪਦਾਰਥ ਲੈਣੇ,***
***ਸੇਵਾ ਕਰ ਲੈ ਸਾਧੂਆਂ ਦੀ।***
***ਚਾਰਿ ਪਦਾਰਥ ਜੇ ਕੋ ਮਾਗੈ ॥***
***ਸਾਧ ਜਨਾ ਕੀ ਸੇਵਾ ਲਾਗੈ ॥***
***ਜੇ ਕੋ ਆਪੁਨਾ ਦੂਖੁ ਮਿਟਾਵੈ ॥***
***ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥***
***ਜੇ ਕੋ ਆਪੁਨੀ ਸੋਭਾ ਲੋਰੈ ॥***
***ਸਾਧਸੰਗਿ ਇਹ ਹਉਮੈ ਛੋਰੈ ॥***
***ਜੇ ਕੋ ਜਨਮ ਮਰਣ ਤੇ ਡਰੈ ॥***
***ਸਾਧ ਜਨਾ ਕੀ ਸਰਨੀ ਪਰੈ ॥***
***ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥***
***ਨਾਨਕ ਤਾ ਕੈ ਬਲਿ ਬਲਿ ਜਾਸਾ ॥*** ***ਅੰਗ - 266***

ਕਹਿਣ ਲੱਗੇ, ਭਾਈ ਸੀਂਹਾਂ! ਭਾਈ ਗੱਜਣ ਜੀ! ਸੰਗਤ ਵਿਚ ਆਉਣ ਦਾ ਹੀ ਫਲ, ਚਾਰ ਪਦਾਰਥ ਮਿਲ ਜਾਂਦੇ ਨੇ। ਸੇਵਾ ਕਰੇ, ਵਿਧੀਪੂਰਵਕ ਆਵੇ। ਘਰ ਤੋਂ ਜਦੋਂ ਚੱਲੇ, ਉਸ ਵੇਲੇ ਸ਼ਰਧਾ ਧਾਰੇ ਕਿ ਮੈਂ ਗੁਰੂ ਨਾਨਕ ਦੇ ਦਰ 'ਤੇ ਜਾ ਰਿਹਾ ਹਾਂ ਤੇ ਮੈਂ ਬਚਨ ਸੁਣਨੇ ਨੇ। ਸ਼ਰਧਾ ਦਾ ਪੱਲਾ, ਝੋਲੀ, ਭਾਂਡਾ ਨਾਲ ਲੈ ਕੇ ਜਾਵੇ। ਫੇਰ ਦੂਜਾ ਹੁੰਦਾ ਹੈ ਕਿ ਜਦੋਂ ਸਤਿਸੰਗ ਸ਼ੁਰੂ ਹੁੰਦਾ ਹੈ, ਉਸ ਤੋਂ ਪਹਿਲਾਂ ਬੈਠਾ ਹੋਵੇ। ਗੁਰੂ ਪਹਿਲਾਂ ਆ ਜਾਵੇ, ਸੰਗਤ ਪਿੱਛੋਂ ਆਵੇ, ਕਹਿੰਦੇ ਇਹ ਠੀਕ ਨਹੀਂ ਹੋਇਆ ਕਰਦਾ। ਸੰਗਤ ਪਹਿਲਾਂ ਆਵੇ, ਗੁਰੂ ਪਿੱਛੋਂ ਆਵੇ। ਆਦਰ ਸਤਿਕਾਰ ਹੁੰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਸਤਿਸੰਗ 'ਚ ਜਾਵੇਗਾ –

***ਸਤਸੰਗਤਿ ਕੈਸੀ ਜਾਣੀਐ ॥***
***ਜਿਥੈ ਏਕੋ ਨਾਮੁ ਵਖਾਣੀਐ ॥***

***ਅੰਗ – 72***

ਜਿੱਥੇ ਅਨੁਭਵੀ ਮਹਾਂਪੁਰਸ਼ ਨਾਮ ਦੀ ਵਿਆਖਿਆ ਕਰਦੇ ਹੋਣ, ਉਸ ਥਾਂ ਨੂੰ ਸਤਿਸੰਗ ਕਹਿੰਦੇ ਨੇ। ਉਥੇ ਜਾਣ ਦਾ ਫਲ ਇਹ ਹੋਇਆ ਕਰਦਾ ਹੈ ਕਿ ਇੱਕ ਕਦਮ ਪੁੱਟਣ ਦੇ ਨਾਲ, ਇਕ ਅਸ੍ਵਮੇਧ ਜੱਗ ਦਾ ਫਲ ਮਿਲ ਜਾਂਦਾ ਹੈ। ਇਕੱਲਾ-ਇਕੱਲਾ ਕਦਮ ਪੁੱਟੀ ਜਾਓ, ਓਨੇ ਅਸ੍ਵਮੇਧ ਜੱਗਾਂ ਦਾ ਫਲ ਮਿਲ ਗਿਆ। ਉਸ ਤੋਂ ਬਾਅਦ ਜਦੋਂ ਉਥੇ ਪਹੁੰਚਦਾ ਹੈ, ਫੇਰ ਬਾਣੀ ਸੁਣਦਾ ਹੈ ਤੇ ਗਾਉਂਦਾ ਹੈ, ਵੀਚਾਰਦਾ ਹੈ ਤੇ ਹਿਰਦੇ 'ਚ ਧਾਰਦਾ ਹੈ, ਹਿਰਦੇ 'ਚ ਧਾਰ ਕੇ ਬਾਣੀ ਨੂੰ ਸਤਿ ਮੰਨ ਕੇ, ਆਪਣੇ ਜੀਵਨ ਨੂੰ ਉਸ ਦੇ ਮੁਤਾਬਿਕ ਚਲਾਉਂਦਾ ਹੈ, ਫੇਰ ਕਹਿੰਦੇ ਉਥੇ –

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥ ਅੰਗ – 546***

ਕਈ ਕਰੋੜ ਜੱਗਾਂ ਦਾ ਫਲ ਮਿਲ ਜਾਂਦਾ ਹੈ, ਜਿਹੜਾ ਇਸ ਵਿਧੀ ਨਾਲ ਸਤਿਸੰਗ ਕਰਦਾ ਹੈ ਤੇ ਫੇਰ ਸੇਵਾ ਕਰਦਾ ਹੈ ਤੇ ਮਾਇਆ ਜਿਹੜੀ ਹੈ, ਜਦੋਂ ਬੰਦਗੀ ਕਰਦਾ ਹੈ, ਨਾਮ ਜਪਦਾ ਹੈ ਇਹ ਵਾਹਿਗੁਰੂ ਮੰਤਰ ਦੇ ਵਿਚ ਰਿੱਧੀਆਂ-ਸਿੱਧੀਆਂ, ਨਉ ਨਿਧੀਆ, ਚਾਰੋਂ ਅੱਖਰਾਂ 'ਚ ਭਰੀਆਂ ਪਈਆਂ ਨੇ। ਜਿਉਂ-ਜਿਉਂ ਜਾਪ ਕਰਦਾ ਹੈ, ਜਿਉਂ-ਜਿਉਂ ਪ੍ਰਮੇਸ਼੍ਵਰ ਦੇ ਨੇੜੇ ਜਾਂਦਾ ਹੈ, ਜਿਉਂ-ਜਿਉਂ ਵਧਦਾ ਹੈ ਤੇ ਮਾਇਆ ਉਹਦੇ ਪਿੱਛੇ ਲਗ ਤੁਰਦੀ ਹੈ। ਪਿੱਛੇ ਲਗਦੀ ਹੀ ਨਹੀਂ ਹੈ ਸਗੋਂ ਹੁਕਮ ਦਾ ਇੰਤਜ਼ਾਰ ਕਰਦੀ ਹੈ ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ –

***ਧਾਰਨਾ – ਦਾਸੀ ਹੋ ਕੇ ਕਾਰ ਕਮਾਵੇ ਮਾਇਆ,***
***ਸਾਧੂਆਂ ਦੀ।***

ਕਹਿਣ ਲੱਗੇ, ਪਿਛੇ ਲਗ ਤੁਰਦੀ ਹੈ ਮਾਇਆ।

***ਸਗਲ ਮਾਹਿ ਨਕਟੀ ਕਾ ਵਾਸਾ ਸਗਲ ਮਾਰਿ ਅਉਹੇਰੀ ॥***
***ਸਗਲਿਆ ਕੀ ਹਉ ਬਹਿਨ ਭਾਨਜੀ ਜਿਨਹਿ ਬਰੀ ਤਿਸੁ ਚੇਰੀ ॥***

***ਅੰਗ – 476***

ਮਹਾਤਮਾ ਮੈਨੂੰ ਜਿੱਤ ਲੈਂਦੇ ਨੇ ਤੇ ਮੈਂ ਚੇਲੀ ਹੋ ਕੇ ਉਨ੍ਹਾਂ ਦਾ ਕੰਮ ਕਰਦੀ ਹਾਂ। ਦਾਸੀ ਬਣ ਜਾਂਦੀ ਹਾਂ। ਮਹਾਰਾਜ ਕਹਿੰਦੇ, ਜਿਸ ਵਕਤ ਬੰਦਗੀ ਕਰਦਾ ਹੈ ਆਦਮੀ, ਉਹਦੇ 'ਚ ਚਾਰ ਪਦਾਰਥ ਹੀ ਨਹੀਂ ਆਉਂਦੇ, ਉਹਦੇ 'ਚ ਐਨੀ ਸ਼ਕਤੀ ਆ ਜਾਂਦੀ ਹੈ, ਜਿਹੜਾ ਵੀ ਉਸ 'ਤੇ ਆ ਕੇ, ਕਾਮਨਾ ਕਰਦਾ ਹੈ, ਉਹਦੀ ਕਾਮਨਾ ਪੂਰੀ ਹੋ ਜਾਂਦੀ ਹੈ ਤੇ ਮਾਇਆ ਉਨ੍ਹਾਂ ਦੇ ਚਰਨਾਂ 'ਚ ਆ ਕੇ ਗਿਰਨੀ ਸ਼ੁਰੂ ਹੋ ਜਾਂਦੀ ਹੈ। ਉਹ ਮਾਇਆ ਨਾਲ ਮੋਹ ਨਹੀਂ ਕਰਦੇ। ਉਹਨੂੰ ਉਸੇ ਵੇਲੇ ਕੰਮ 'ਤੇ ਲਾਉਣਾ ਸ਼ੁਰੂ ਕਰ ਦਿੰਦੇ ਨੇ। ਕਹਿੰਦੇ, ਬੰਦਗੀ ਕਰਨ ਦੇ ਨਾਲ, ਨਾਮ ਜਪਣ ਨਾਲ ਧਰਮ ਦਾ ਜੀਵਨ ਮਿਲ ਜਾਂਦਾ ਹੈ। ਬੰਦਗੀ ਦਾ ਜਦੋਂ ਜ਼ੋਰ ਵਧਦਾ ਹੈ, ਮਾਇਆ ਆਪਣੇ ਆਪ ਹੀ ਉਥੇ ਆਉਣੀ ਸ਼ੁਰੂ ਹੋ ਜਾਂਦੀ ਹੈ। ਕਾਮਨਾ ਪੂਰੀਆਂ ਹੋਣ ਲਗ ਜਾਂਦੀਆਂ ਨੇ। ਉਨ੍ਹਾਂ ਦੇ ਉਪਦੇਸ਼ 'ਚੋਂ ਕਹਿੰਦੇ ਮੁਕਤੀ ਮਿਲ ਜਾਂਦੀ ਹੈ। ਇਹ ਤਾਂ ਥੋੜ੍ਹੀ ਜਿਹੀ ਚੀਜ਼ ਮੰਗੀ ਹੈ, ਕਹਿੰਦੇ, ਵੱਡੇ ਪਦਾਰਥ ਜਿਹੜੇ ਨੇ, ਮਹਾਨ ਪਦਾਰਥ, ਨਾਮ ਦੀ ਪ੍ਰਾਪਤੀ, ਬ੍ਰਹਮਗਿਆਨ ਦੀ ਪ੍ਰਾਪਤੀ, ਇਹ ਵੀ ਸਾਰੇ ਫਲ ਪ੍ਰਮੇਸ਼੍ਵਰ ਦੇ ਨਾਮ ਵਿਚ ਨੇ–

***ਧਾਰਨਾ – ਸਾਰੇ ਫਲ ਮਿਲਦੇ ਨੇ, ਜਪ ਕੇ ਸਤਿਨਾਮ ਵਾਹਿਗੁਰੂ।***

ਮਹਾਰਾਜ ਕਹਿੰਦੇ, ਭਾਈ! ਇੱਕ ਫਲ ਨਹੀਂ, ਬਾਣੀ 'ਚ ਇਸ ਤਰ੍ਹਾਂ ਆਉਂਦਾ ਹੈ ਕਿ –

***ਖੇਮ ਸਾਂਤਿ ਰਿਧਿ ਨਵ ਨਿਧਿ ॥ ਅੰਗ – 295***

ਸ਼ਾਂਤੀ, ਪਰਮ ਸ਼ਾਂਤੀ। ਖੇਮ, ਸਦਾ ਦੀ ਸ਼ਾਂਤੀ। ਰਿੱਧੀਆਂ-ਸਿੱਧੀਆਂ, ਨੌਂ ਨਿਧੀਆਂ, ਬੁੱਧ ਗਿਆਨ, ਬੁੱਧੀ ਚਤੁਰ ਹੁੰਦੀ ਹੈ ਤੇ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ।

***ਬੁਧਿ ਗਿਆਨੁ ਸਰਬ ਤਹ ਸਿਧਿ ॥***
***ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥***
***ਗਿਆਨੁ ਸ੍ਰੇਸਟ ਊਤਮ ਇਸਨਾਨੁ ॥***
***ਚਾਰਿ ਪਦਾਰਥ ਕਮਲ ਪ੍ਰਗਾਸ ॥ ਅੰਗ – 295***

ਕਮਲ ਦਾ ਪ੍ਰਕਾਸ਼ ਹੋ ਜਾਣਾ ਤੇ ਅੰਦਰ ਅੰਮ੍ਰਿਤ ਝਰਦਾ ਹੈ ਉਹਦੇ –

***ਸਭ ਕੈ ਮਧਿ ਸਗਲ ਤੇ ਉਦਾਸ ॥ ਅੰਗ – 295***

ਗ੍ਰਹਿਸਤ 'ਚ ਰਹਿੰਦਾ ਹੋਇਆ, ਫੇਰ ਕੋਈ ਚੀਜ਼ ਉਹਨੂੰ ਪਕੜ ਨਾ ਸਕੇ।

***ਸੁੰਦਰੁ ਚਤੁਰੁ ਤਤ ਕਾ ਬੇਤਾ ॥ ਸਮਦਰਸੀ ਏਕ ਦ੍ਰਿਸਟੇਤਾ ॥ ਅੰਗ – 295***

ਇੱਕ ਦ੍ਰਿਸ਼ਟੀ ਨਾਲ ਸਾਰੇ ਸੰਸਾਰ ਨੂੰ ਦੇਖਣ ਵਾਲੀ ਸ਼ਕਤੀ।

***ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥***
***ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥ ਅੰਗ – 295***

ਜਿਹੜਾ ਨਾਮ 'ਤੇ ਗੁਰੂ ਦੀ ਬਾਣੀ ਨੂੰ ਸੁਣਦਾ ਮਨ ਦੇ ਅੰਦਰ, ਕਹਿੰਦੇ ਇਹ ਸਾਰੇ ਪਦਾਰਥ ਪ੍ਰੇਮੀਓ! ਉਸਨੂੰ ਪ੍ਰਾਪਤ ਹੋ ਜਾਂਦੇ ਨੇ।

ਬੇਨਤੀ ਕਰੀ, ਪਾਤਸ਼ਾਹ! ਸਾਡੀ ਨਿਸ਼ਾ ਹੋ ਗਈ। ਕ੍ਰਿਪਾ ਕਰੋਂਗੇ ਕਿ ਇਹ ਚਾਰ ਅੱਖਰ ਨੇ। ਇਹ ਚਾਰ ਅੱਖਰ ਬਣਾਉਣ ਦੀ, ਪ੍ਰਚਲਤ ਕਰਨ ਦੀ ਪਾਤਸ਼ਾਹ, ਜ਼ਰੂਰਤ 'ਤੇ ਵੀ ਆਪ ਚਾਨਣਾ ਪਾਓ ਤਾਂਕਿ ਸਾਡਾ ਸੰਸਾ ਜਿਹੜਾ ਇੱਕ ਰਹਿੰਦਾ ਹੈ, ਕਿਉਂਕਿ-

***ਸ਼ਮ ਦਮ ਸ਼੍ਰਧਾ ਤੀਸਰੀ ਸਮਾਧਾਨ ਉਪਰਾਮ॥***
***ਛਠੀ ਤਿਤੀਕਸ਼ਾ ਜਾਨਿਏਂ ਭਿੰਨ ਭਿੰਨ ਯਹ ਨਾਮ॥***
***ਮਨ ਵਿਸ਼ਯਨ ਤੇ ਰੋਕ ਨੋਂ ਸ਼ਮ ਤਿਹਿਂ ਕਹਤ ਸੁਧੀਰ॥***
***ਇੰਦ੍ਰਯਗਣ ਕੋ ਰੋਕਨੋਂ ਦਮ ਭਾਖਤ ਬੁਧ ਵੀਰ॥***

*ਵਿਚਾਰ ਸਾਗਰ ਪੰਨਾ - 5*

ਸਮਾਧਾਨ ਹੋ ਜਾਣਾ ਚਾਹੀਦਾ ਹੈ ਇਸ ਚੀਜ਼ ਦਾ। ਸੋ ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ, ਦੇਖੋ, ਚਾਰ ਜੁੱਗਾਂ ਦੇ ਅੰਦਰ ਚਾਰ ਨਾਮ ਜਪੇ ਜਾਂਦੇ ਸੀ। ਸਤਿਜੁਗ ਦੇ ਅੰਦਰ 'ਓਮ ਨਮਹ ਭਗਵਤੇ ਵਾਸੁਦੇਵਹ' ਧਰੂ ਨੇ, ਪ੍ਰਹਿਲਾਦ ਨੇ ਇਹ ਜਾਪ ਜਪਿਆ ਤੇ ਬੜੀਆਂ ਪ੍ਰਾਪਤੀਆਂ ਹੋਈਆਂ। ਉਸ ਵੇਲੇ ਵਾਸਦੇਵ ਦਾ 17 ਲੱਖ 28 ਹਜ਼ਾਰ ਸਾਲ, ਮਨੁੱਖ ਏਸ ਨਾਮ ਨੂੰ ਜਪ ਕੇ ਪਾਰ ਹੋਇਆ ਕਿਉਂਕਿ ਉਹਦੇ ਕੋਲ ਚਾਰ ਚੀਜ਼ਾਂ ਸੀ। ਚਾਰ ਪੈਰ ਧਰਮ ਦੇ ਉਸ ਵੇਲੇ ਸਾਬਤ ਸੀਗੇ। ਸਤਿ ਵੀ ਉਹਦੇ ਕੋਲ ਸੀ, ਪੂਜਾ ਵੀ ਉਹਦੇ ਕੋਲ ਸੀ, ਵੰਡ ਕੇ ਖਾਣਾ ਵੀ ਉਹਦੇ ਕੋਲ ਸੀ ਤੇ ਨਾਮ ਵੀ ਜਪਦਾ ਹੈ। ਕਹਿੰਦੇ ਹੌਲੀ-ਹੌਲੀ ਆਦਮੀ ਦੀ ਬੁੱਧੀ ਬਦਲ ਗਈ। ਬੁੱਧੀ ਹੇਠਾਂ ਆ ਗਈ, ਸਤਿ ਦਾ ਜੀਵਨ ਜਾਂਦਾ ਰਿਹਾ, ਸਤਿ ਗੁਆਚ ਗਿਆ -

***ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ ਅੰਗ - 468***

ਰਿਦੇ ਵਿਚੋਂ ਸੱਚ ਨਿਕਲ ਗਿਆ। ਨਿਕਲਣ ਦੇ ਨਾਲ ਸੱਚ ਦੀ ਪਛਾਣ ਘਟ ਗਈ। ਉਸ ਵੇਲੇ ਆਦਮੀ ਨੇ ਆਪਣੀ ਬੁੱਧੀ ਨੂੰ ਨਿਰਮਲ ਕਰਨ ਵਾਲਾ, ਮੈਲ ਰਹਿਤ ਨਾਮ ਜਪਿਆ, ਜਿਸਨੂੰ ਹਰੀ ਦਾ ਨਾਮ ਕਹਿੰਦੇ ਨੇ। ਹਰੇ-ਹਰੇ ਨਾਮ ਜਪਿਆ। ਫੇਰ ਮਨੁੱਖ ਦਾ ਮਨ 12 ਲੱਖ 96 ਹਜ਼ਾਰ ਸਾਲ ਤੋਂ ਬਾਅਦ ਮਨੁੱਖ ਦਾ ਮਨ ਫੇਰ ਬਦਲਿਆ, ਦੋ ਪੈਰ ਧਰਮ ਦੇ ਟੁੱਟ ਗਏ ਤੇ ਇੱਕ ਪੂਜਾ ਰਹਿ ਗਈ ਇਹਦੇ ਕੋਲ ਇੱਕ ਨਾਮ ਰਹਿ ਗਿਆ। ਉਸ ਵੇਲੇ ਇਹ ਨਾਮ ਜਪਦਾ ਰਿਹਾ ਗੋਬਿੰਦ ਦਾ। ਗੋਬਿੰਦ ਹਰੇ-ਗੋਬਿੰਦ ਹਰੇ। ਇਹ ਨਾਮ ਦੁਆਪਰ ਦੇ ਅੰਦਰ ਜਪਿਆ ਜਾਣ ਲੱਗ ਗਿਆ। ਇਹਦੇ ਨਾਲ ਉਨ੍ਹਾਂ ਨੂੰ ਬੈਕੁੰਠ ਧਾਮ ਦੀ ਪ੍ਰਾਪਤੀ ਹੁੰਦੀ ਰਹੀ। ਗਿਰੇ ਨਹੀਂ ਹੈਗੇ, ਉੱਚਾ ਚੜ੍ਹਦੇ ਗਏ, ਲੇਕਿਨ ਹੇਠਾਂ ਆ ਗਏ। ਕਲਜੁਗ ਦੇ ਅੰਦਰ ਪ੍ਰਮੇਸ਼੍ਵਰ ਦਾ ਨਾਮ ਗੋਬਿੰਦ ਵੀ ਹਟ ਗਿਆ ਤੇ ਕੇਵਲ ਰਾਮ ਰਹਿ ਗਿਆ। ਯੋਗੀ ਜਨ ਇਸ ਰਾਮ ਦੇ ਵਿਚ ਸੁਰਤੀ ਲਿਜਾ ਕੇ, ਰਾਮ ਨਾਲ ਕ੍ਰੀੜਾ ਕਰਦੇ ਰਹੇ। ਸੁੰਦਰ ਨਾਮ ਹੈ। ਲੇਕਿਨ ਕਲਜੁਗ ਭਿਆਨਕ ਹੋਣ ਕਰਕੇ

ਇਹ ਜਿਹੜੇ ਚਾਰੋਂ ਹੀ ਨਾਮ ਸੀ, ਇਹ ਤਾਂ ਫਲੀਭੂਤ ਹੁੰਦੇ ਸੀ ਜੇ ਚਾਰੋ ਚੀਜ਼ਾਂ ਮਨੁੱਖ ਦੇ ਕੋਲ ਹੋਣ। ਹੁਣ ਚਾਰੋ ਚੀਜ਼ਾਂ ਮਨੁੱਖ ਤੋਂ ਗੁਆਚ ਗਈਆਂ। ਨਾ ਤਾਂ ਸਤਿ ਰਿਹਾ, ਨਾ ਵੰਡ ਕੇ ਖਾਣਾ ਰਿਹਾ, ਵਿਧੀਪੂਰਵਕ ਨਾ ਇਹਦੇ ਕੋਲ ਕੋਈ ਪੂਜਾ ਰਹੀ ਹੈ, ਨਾ ਨਾਮ ਰਿਹਾ ਹੈ। ਹੁਣ ਇਹਨੂੰ injection (ਟੀਕਾ) ਲਾਉਣ ਦੀ ਲੋੜ ਸੀ, ਤਾਕਤਵਰ ਟੀਕਾ (injection). ਸੋ ਉਹਦੇ ਵਾਸਤੇ ਅਸੀਂ ਚਾਰੋਂ ਜੁੱਗਾਂ ਦਾ ਨਾਮ ਇਕੱਠਾ ਕਰ ਦਿਤਾ।

***ਵਾਸਦੇਵ ਵਾਵਾ ਵਰਨ ਹਾਹਾ ਹਰਿ ਤੇ ਲੀਨ।***
***ਗੱਗਾ ਗੋਬਿੰਦ ਤੇ ਲਿਯੋ ਰਾਰਾ ਰਾਮ ਪ੍ਰਬੀਨ।***

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 1130***

ਕਹਿੰਦੇ, ਮਹਾਰਾਜ! ਇਨ੍ਹਾਂ ਦੇ ਅਰਥ?

ਮਹਾਰਾਜ ਕਹਿੰਦੇ ਵਾਸਦੇਵ ਦਾ ਅਰਥ ਸੀ, ਵਿਆਪਕ ਸ਼ਕਤੀ, ਜਿਹੜੀ ਸਾਰੇ ਸੰਸਾਰ ਦੀ ਕ੍ਰਿਆ ਨੂੰ ਚਲਾ ਰਹੀ ਹੈ। ਹਰੀ ਦਾ ਅਰਥ ਸੀ, ਮਨ ਤੋਂ ਪਾਪਾਂ ਨੂੰ ਦੂਰ ਕਰਨ ਵਾਲੀ ਸ਼ਕਤੀ ਹੀ ਹਰੀ ਹੈ। 'ਗੋਬਿੰਦ' ਜਿਸਦੀ ਅਰਾਧਨਾ ਕਰਕੇ ਆਦਮੀ ਬੈਕੁੰਠ ਧਾਮ 'ਚ ਜਾ ਸਕਦਾ ਹੈ। ਰਾਮ 'ਸਤਿ ਚਿਤ ਅਨੰਦ' ਸ਼ਕਤੀ ਸਾਰੇ ਪ੍ਰੀਪੂਰਨ ਹੈ। ਜਿਸ ਵਿਚ ਯੋਗੀ ਕ੍ਰੀੜਾ ਕਰਦੇ ਨੇ। ਸੋ ਇਸ ਤਰ੍ਹਾਂ ਦੇ ਨਾਲ 'ਵਾਹ' ਜਦੋਂ ਅਸੀਂ ਇਕੱਠਾ ਕਰਦੇ ਹਾਂ 'ਵਾਹਿ' ਕਹਿੰਦੇ ਉਹ ਮੂਲ ਹੈ ਸਾਰੀਆਂ ਚੀਜ਼ਾਂ ਜਿਸ ਤੋਂ ਪ੍ਰਗਟ ਹੁੰਦੀਆਂ ਨੇ। 'seed' ਹੈ, 'ਵਾਹਿ' ਕਹਿਣ ਨਾਲ ਅਸੀਂ ਸਾਰੀ ਸ੍ਰਿਸ਼ਟੀ ਦੇ ਅਖੀਰਲੇ ਸਿਰੇ 'ਤੇ ਪਹੁੰਚ ਜਾਂਦੇ ਹਾਂ। ਜਿਸ ਥਾਂ 'ਤੇ ਸ੍ਰਿਸ਼ਟੀ ਨਹੀਂ ਸੀ, ਜਿਸਨੂੰ 'ਓਅੰਕਾਰ' ਕਹਿੰਦੇ ਨੇ, ਏਕੰਕਾਰ ਕਹਿੰਦੇ ਨੇ। 'ਓਅੰਕਾਰ' ਤੇ 'ਏਕੰਕਾਰ' 'ਵਾਹਿ' ਕਹਿਣ ਦੇ ਨਾਲ ਇਹ ਅਰਥ ਬਣ ਜਾਂਦਾ ਹੈ। ਉਹ ਮੂਲ ਜਿਸ ਤੋਂ ਸਭ ਕੁਛ ਪ੍ਰਗਟ ਹੁੰਦਾ ਹੈ, ਓਹੀ ਆਪਣਾ ਖੁਦਾ ਹੈ, ਓਹੀ ਆਪਣਾ ਰੱਬ ਹੈ। ਉਸਨੂੰ ਕੋਈ ਨਹੀਂ ਵੇਖਦਾ, ਉਹ ਸਾਰਿਆਂ ਨੂੰ ਦੇਖਦਾ ਹੈ–

***ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥***
***ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥***
***ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥***
***ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥***

***ਅੰਗ – 7***

ਕਹਿੰਦੇ, ਜਿਹੜਾ 'ਵਿਡਾਣੁ' ਹੈ ਇਹਨੂੰ 'ਵਾਹਿ' ਕਿਹਾ ਸੀ। ਅਸਚਰਜ ਹੈ ਇਹ ਚੀਜ਼, ਤੇ ਬੀਜ ਹੈ ਸਾਰੇ ਸੰਸਾਰ ਦਾ 'ਵਾਹਿ'। ਗੁਰੂ ਜੋ ਹੈ 'ਗੋ' ਇਹ ਮੁਕਤੀ ਦਾਤਾ ਹੈ, 'ਰ' ਜਿਹੜਾ ਇਹਦੇ ਮਗਰ ਲੱਗਿਆ ਹੋਇਆ, ਉਹ ਕਹਿੰਦੇ ਜਿਹੜਾ ਬ੍ਰਹਿਮੰਡ ਹੈ, ਇਹਦੀ ਰੂਹ ਹੈ, ਆਤਮਾ ਹੈ। ਇਹ ਚਾਰੋਂ ਅੱਖਰ ਮਿਲਾ ਕੇ ਅਸੀਂ –

***'ਵਾਹਿ' ਨਾਮ ਅਚਰਜ ਪਹਿਚਾਨੋ।***

*ਜਿਹ ਕੀ ਸੱਤਯਾ ਜਗ ਪ੍ਰਗਟਾਨੋਂ।*
*ਜਿਹ ਸੱਤਯਾ ਕਰਿ ਲਖਿਯਤਿ ਭਵ ਹੈ।*

***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 1130***

ਜਿਹਦੀ ਸੱਤਿਆ ਕਰਕੇ ਆਹ ਸੰਸਾਰ ਸਾਨੂੰ ਦਿਸਦਾ ਹੈ, ਨਹੀਂ ਤਾਂ ਅਸੀਂ ਵੀ ਪੱਥਰ ਵਰਗੇ ਹੁੰਦੇ। ਜਿਵੇਂ ਪੱਥਰ ਪਏ ਨੇ ਇਸ ਤਰ੍ਹਾਂ ਸਾਡੇ ਸਰੀਰ ਪਏ ਰਹਿਣੇ ਸੀ, ਸੁੰਨ-ਮੁੰਨ।

*ਜਿਹ ਸਤਯਾ ਕਰਿ ਲਖਿਯਤਿ ਭਵ ਹੈ।*

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 1130***

ਇਹਨੂੰ 'ਵਾਹਿ' ਕਹਿੰਦੇ ਨੇ -

*ਸੋ ਨਹਿਂ ਲਖੀ ਜਾਇ ਅਨੁਭਵ ਹੈ॥*

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 1130***

ਅਨੁਭਵ ਹੁੰਦਾ ਹੈ, ਦੇਖਿਆ ਨਹੀਂ ਉਹ ਜਾਂਦਾ।

*ਯਾਂਤੇ ਸੋ ਅਚਰਜ ਭਯੋ ਗੁਰੂ ਅਰਥ ਸੁਨਿ ਕਾਨ।*
*ਅੰਧਕਾਰ 'ਗੋ' ਨਾਮ ਹੈ 'ਰੂ' ਪ੍ਰਕਾਸ਼ ਪਹਿਚਾਨ।*

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 1130***

ਕਹਿੰਦੇ ਰੂਹ ਜਿਹੜੀ ਹੈ, ਸਾਰੇ ਹੀ ਪ੍ਰਕਾਸ਼ ਆਤਮਾ ਹੈ। ਇਸ ਕਰਕੇ ਜਿਹਨੇ ਪ੍ਰਕਾਸ਼ ਕੀਤਾ ਓਸਨੂੰ, ਅਸਚਰਜ, ਸਾਰੀ ਸ੍ਰਿਸ਼ਟੀ ਦੇ ਆਦਿ, ਤੇ ਆਹ ਜਿਹੜੀ ਸੱਤਿਆ ਸਾਡੇ ਅੰਦਰ ਹੈ ਇਹਨੂੰ 'ਵਾਹਿਗੁਰੂ' ਕਹਿੰਦੇ ਹਾਂ ਅਸੀਂ।

ਕਹਿੰਦੇ, ਹੁਣ ਤੁਸੀਂ ਇਹਨੂੰ ਸਵਾਸ-ਸਵਾਸ ਜਪਣਾ। ਅੰਦਰ ਨੂੰ ਸਾਹ ਜਾਂਦਾ ਹੈ 'ਵਾਹਿ' ਕਹਿਣਾ ਹੈ, ਬਾਹਰ ਨੂੰ ਆਉਂਦਾ ਹੈ 'ਗੁਰੂ' ਜਪਣਾ ਹੈ। ਹੁਣ ਤੋਂ ਹੀ ਜਪਣਾ ਸ਼ੁਰੂ ਕਰ ਦੇਣਾ ਹੈ। ਇਸਨੂੰ ਇਹ ਨਹੀਂ ਕਿ ਸਵੇਰੇ ਇਸ਼ਨਾਨ ਕਰਕੇ ਫੇਰ ਸ਼ੁਰੂ ਕਰਨਾ ਹੈ। ਸੋ ਹੁਕਮ ਮੰਨ ਲਿਆ, ਏਸੇ ਤਰ੍ਹਾਂ ਦੇ ਨਾਲ ਨਾਮ ਜਪਣਾ ਸ਼ੁਰੂ ਕਰ ਦਿਤਾ -

*ਧਾਰਨਾ - ਸ੍ਵਾਸ-ਸ੍ਵਾਸ ਹਰਿ ਜਪਦੇ*
*ਗੁਰਮੁਖ ਪਿਆਰੇ-ਗੁਰਮੁਖ ਪਿਆਰੇ।*

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥* ***ਅੰਗ - 295***

ਸਵਾਸ-ਸਵਾਸ, ਅੰਦਰ ਨੂੰ ਸਾਹ ਜਾਂਦਾ ਹੈ 'ਵਾਹਿ', ਬਾਹਰ ਨੂੰ ਆਉਂਦਾ ਹੈ 'ਗੁਰੂ' ਇਹ ਜਪਦੇ-ਜਪਦੇ ਸਵਾਸ ਤੋਂ ਨਾਮ ਵੱਖਰਾ ਹੋ ਜਾਇਆ ਕਰਦਾ ਹੈ ਆਪੇ ਹੀ, ਆਪੇ ਹੀ ਵੱਖਰਾ ਹੋ ਕੇ ਇਹਦੇ ਅੰਦਰ ਧੁਨ ਬਣ ਜਾਂਦੀ ਹੈ। ਫੇਰ ਧੁਨ ਵਿਚ ਧਿਆਨ ਜਿਹੜਾ ਲਾਉਣਾ ਹੈ -

*ਧੁਨਿ ਮਹਿ ਧਿਆਨੁ ਧਿਆਨ*
*ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥* ***ਅੰਗ - 879***

ਆਪਣੇ-ਆਪ ਹੀ ਇਹ ਉੱਚਾ ਚੜ੍ਹ ਜਾਂਦਾ ਹੈ। ਸਾਰੇ ਰੋਮਾਂ 'ਚ ਪ੍ਰਤੀਤ ਦਿੰਦਾ ਹੈ, ਸਾਰੀ ਦੇਹੀ ਵਿਚ ਨਾਮ ਜਪਦਾ ਪ੍ਰਤੀਤ ਦਿੰਦਾ ਹੈ। ਸਾਰੀ ਕਾਇਨਾਤ ਵਿਚੋਂ ਨਾਮ ਦੀ ਧੁਨ ਵਿਚੋਂ ਨਾਮ ਦੀ ਧੁਨ ਸੁਣਨੀ ਸ਼ੁਰੂ ਹੋ ਜਾਂਦੀ ਹੈ ਇਹਨੂੰ ਪ੍ਰਾਪਤੀ ਕਹਿੰਦੇ ਨੇ, ਅਵਸਥਾ ਕੀ ਹੁੰਦੀ ਹੈ -

***ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ - 397***

'ਵਾਹਿਗੁਰੂ' ਵਰਗੇ ਹੀ ਬਣ ਜਾਂਦੇ ਨੇ, ਜਿਨ੍ਹਾਂ ਨੂੰ ਨਾਮ ਨਹੀਂ ਭੁੱਲਦਾ -

***ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ਅੰਗ - 319***

ਸੰਤ ਕੋਈ ਭੇਖ ਦਾ ਨਾਉਂ ਨਹੀਂ ਹੈ, ਲਿਬਾਸ ਦਾ ਨਾਉਂ ਨਹੀਂ ਹੈ, ਕਿਸੇ ਦੇ ਚੇਲੇ ਦਾ ਨਾਉਂ ਨਹੀਂ ਹੈ, ਇਹ ਤਾਂ ਦੁਨੀਆਂ ਨੂੰ ਭੁਲੇਖੇ ਪਾਏ ਹੋਏ ਨੇ। ਸੰਤ ਉਹ ਹੈ ਜਿਹਨੂੰ ਨਾਮ ਨਾ ਕਦੇ ਭੁੱਲੇ। ਗਿਆਨ ਦੇ ਵਿਚ ਪੂਰਨ ਹੋਵੇ, ਅਗਿਆਨ ਦਾ ਹਨ੍ਹੇਰਾ ਨਾ ਉਹਦੇ ਮਨ 'ਤੇ ਛਾਵੇ। ਇਥੇ ਤਾਂ ਹਰੇਕ ਨੂੰ ਹੀ ਅਸੀਂ ਸੰਤ ਕਹਿ ਦਿੰਦੇ ਹਾਂ। ਚਾਹੇ ਕੁਛ ਹੈ ਕਿਸੇ 'ਚ, ਚਾਹੇ ਨਹੀਂ ਹੈ। ਇਸੇ ਕਰਕੇ ਇਸ ਸ਼ਬਦ ਦਾ ਦੁਰਉਪਯੋਗ ਹੋਣਾ ਸ਼ੁਰੂ ਹੋ ਗਿਆ।

ਸੋ ਇਸ ਤਰ੍ਹਾਂ ਦੇ ਨਾਲ ਨਾਮ ਜਪਦੇ ਨੇ ਉਹ ਹਰ ਵਕਤ। ਨਾਲ ਧਰਮ ਦੀ ਕਿਰਤ ਕਰਦੇ ਨੇ। ਮਹਾਰਾਜ ਨੇ ਕਿਹਾ ਕਿ ਧਰਮ ਦੀ ਕਿਰਤ ਕਰਨੀ ਹੈ, ਯਥਾਸ਼ਕਤ ਵੰਡ ਕੇ ਖਾਣਾ ਹੈ। ਗੁਰਸਿੱਖਾਂ ਦੀ ਸੇਵਾ ਕਰਨੀ ਹੈ। ਬੰਦਗੀ ਕਰਨ ਵਾਲਿਆਂ ਦੀ ਸੇਵਾ ਕਰਨੀ -

***ਦਿਨ ਸਗਰੋ ਨਿਜ ਕ੍ਰਿੱਤ ਕਮਾਵਹਿਂ॥***
***ਅੱਭਯਾਗਤ ਸੋਂ ਵੰਡਹਿਂ ਖਾਵਹਿਂ।***

***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 1131***

ਸਾਰਾ ਦਿਨ ਕਿਰਤ ਕਰਦਾ ਹੈ। ਜੇ ਕੋਈ ਭੁੱਖਾ ਆਉਂਦਾ ਹੈ, ਉਹਦੇ ਨਾਲ ਵੰਡ ਕੇ ਖਾਂਦੇ ਨੇ, ਗੁਰਸਿੱਖ ਆਉਂਦਾ ਹੈ, ਬੰਦਗੀ ਕਰਨ ਵਾਲਾ ਆਉਂਦਾ ਹੈ। -

***ਅੰਤਰ ਸ੍ਵਾਸ ਜਿ 'ਵਾਹਿ' ਮਿਲਾਵੈਂ।***
***ਨਿਕਸਹਿ ਵਹਿਰ ਤ 'ਗੁਰੂ' ਅਲਾਵੈਂ॥***

***ਸ਼੍ਰੀ ਗੁਰ ਨਾਨਕ ਪ੍ਰਕਾਸ਼ ਪੰਨਾ 1131***

ਜਦੋਂ ਅੰਦਰ ਨੂੰ ਸਾਹ ਜਾਂਦਾ ਹੈ, 'ਵਾਹਿ, ਬਾਹਰ ਨੂੰ ਆਉਂਦਾ ਹੈ ਤਾਂ 'ਗੁਰੂ'। ਇਸ ਤਰ੍ਹਾਂ ਕਰਦੇ-ਕਰਦੇ ਸੁਰਤੀ ਚੜ੍ਹ ਗਈ ਤੇ ਲਿਵ ਵਿਚ ਚਲੇ ਗਏ। ਅਨੰਦ ਆ ਗਿਆ, ਅੰਦਰ ਪ੍ਰਕਾਸ਼ ਹੋ ਗਿਆ, ਅਨਹਦ ਜਾਗ ਗਏ। ਸਾਰੀ ਸ੍ਰਿਸ਼ਟੀ ਦੇ ਅੰਦਰ ਨਾਮ ਦੀ ਧੁਨ ਸੁਣਨੀ ਸ਼ੁਰੂ ਹੋ ਗਈ। ਪੰਛੀ ਬੋਲਦੇ ਨੇ ਆਪਣੀ ਬੋਲੀਆਂ, ਉਹਨੂੰ Decord (ਅਰਥ)

ਕਰ ਲਿਆ ਤੇ ਸੁਣਾਈ ਕੀ ਦਿੰਦਾ ਹੈ, ਪ੍ਰਮੇਸ਼ਰ ਦਾ ਨਾਮ।

*ਧਾਰਨਾ - ਨਾਮ ਹਰੀ ਦਾ ਜਪਦੇ ਸਾਰੇ ਵਣਾਂ ਦੇ ਪੰਖੇਰੂ।*

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ ਅੰਗ - 1265*

ਐਸੀ ਅਵਸਥਾ ਹੋ ਗਈ ਕਿ ਨਾਮ ਦੀ ਧੁਨ ਸੁਣਦੀ ਹੈ, ਕਿਰਤ ਕਰਦੇ ਨੇ, ਵੰਡ ਕੇ ਛਕਦੇ ਨੇ। ਸੰਗਤ ਕਰਦੇ ਨੇ, ਸੰਗਤ ਆਉਂਦੀ ਹੈ, ਸ਼ਾਮ ਨੂੰ ਗੁਰਸਿੱਖ ਇਕੱਠੇ ਹੋ ਜਾਂਦੇ ਨੇ। ਬੈਠ ਕੇ ਬੰਦਗੀ ਕਰਦੇ ਨੇ, ਬੰਦਗੀ ਕਰਨਾ, ਨਾਮ ਜਪਣਾ ਸਭ ਤੋਂ ਉੱਤਮ ਕਰਮ ਹੋਇਆ ਕਰਦਾ ਹੈ। ਕਈ ਵਾਰੀ ਪਰਉਪਕਾਰ ਵਿਘਨਕਾਰੀ ਹੋ ਜਾਂਦੇ ਨੇ, ਨਾਮ ਜਪਣ 'ਚ। ਕਿਉਂਕਿ ਆਦਮੀ ਰੁੱਝਿਆ ਰਹਿੰਦਾ, ਏਧਰ ਜਾਹ ਓਧਰ ਜਾ। ਹੋਈ ਤਾਂ ਜਾਂਦਾ ਹੈ, ਫਲ ਤਾਂ ਉਹਦਾ ਹੀ ਬਹੁਤ ਹੈ, ਲੇਕਿਨ ਅੰਦਰਲੀ ਤਰੱਕੀ ਰੁਕ ਜਾਇਆ ਕਰਦੀ ਹੈ। ਇਸੇ ਕਰਕੇ ਬਹੁਤ ਸਾਰੇ ਮਹਾਂਪੁਰਸ਼, ਇਕਾਂਤ ਭਾਲ ਲਿਆ ਕਰਦੇ ਨੇ।

ਇੱਕ ਵਾਰੀ ਬਾਬਾ ਕਰਮ ਸਿੰਘ ਜੀ, ਆਪ ਦੇ ਪਾਸ ਬਹੁਤ ਸੰਗਤ ਆਉਣੀ ਸ਼ੁਰੂ ਹੋਈ। ਸੰਗਤ ਆਉਂਦੀ ਹੈ, ਨਾਮ ਦੀ ਗੱਲ ਤਾਂ ਕੋਈ ਵਿਰਲਾ ਹੀ ਕਰਦਾ ਹੈ, ਕਰੋੜਾਂ 'ਚੋਂ ਇੱਕ ਅੱਧਾ। ਮੇਰਾ ਆਹ ਨਹੀਂ ਹੁੰਦਾ, ਮੇਰਾ ਫਲਾਣਾ ਕੰਮ ਨਹੀਂ ਹੁੰਦਾ, ਆਹੀ ਸਾਰਾ ਦਿਨ ਕਰੀ ਜਾਂਦੇ ਨੇ। ਬਿਰਤੀ ਆਉਂਦੀ ਹੈ, ਲੋਕਾਂ ਦਾ ਦੁਖ ਅੰਦਰ ਜਾਂਦਾ ਹੈ, ਉਹਦਾ ਫੁਰਨਾ ਬਣਦਾ ਹੈ ਤੇ ਸੁਰਤੀ ਸੰਕੋਚਣ ਨੂੰ ਚਿਰ ਲਗ ਜਾਂਦਾ ਹੈ। ਬਹੁਤ ਕਿਸਮ ਦੀ ਦੁਨੀਆਂ ਆਉਂਦੀ ਹੈ, ਕੋਈ, ਕੋਈ ਸੰਸਕਾਰ ਪੈਦਾ ਕਰਦੀ ਹੈ, ਕੋਈ ਕਿਸੇ ਤਰ੍ਹਾਂ ਦਾ ਕਰਦੀ ਹੈ।

ਇਕ ਦਿਨ ਆਪ ਨੇ ਅੰਮ੍ਰਿਤ ਵੇਲੇ ਇਸ਼ਨਾਨ ਕਰਨ ਤੋਂ ਬਾਅਦ, ਚੁੱਪ ਕਰਕੇ ਸਾਰਿਆਂ ਤੋਂ ਅੱਖ ਬਚਾ ਕੇ ਚਲੇ ਗਏ। ਸਾਰੇ ਤਲਾਸ਼ ਹੋ ਰਹੀ ਹੈ, ਕਿਤੇ ਨਹੀਂ ਲੱਭ ਰਹੇ। ਨੇੜੇ-ਤੇੜੇ ਹਰ ਜਗ੍ਹਾ ਤਲਾਸ਼ਿਆ, ਪਠਾਣਾਂ ਨੂੰ ਪੁੱਛਿਆ ਜਾ ਰਿਹਾ ਹੈ ਕਿ ਕਿ ਕਿਤੇ ਕਿਡਨੈਪ (ਗੈਬ) ਤਾਂ ਨਹੀਂ ਕਰ ਲਏ ਕਿਸੇ ਨੇ। ਕਈ ਮਹੀਨੇ ਨਾ ਪਤਾ ਲੱਗਿਆ।

ਇਕ ਦਿਨ ਇੱਕ ਸਹਿਜਧਾਰੀ ਗੁਰਸਿੱਖ ਪੰਜਾ ਸਾਹਿਬ ਗਿਆ, ਉਥੇ ਕੀ ਦੇਖਦੇ ਨੇ ਉਥੇ ਪ੍ਰਕਰਮਾ ਦੇ ਵਿਚ ਚੌਂਕੜੀ ਮਾਰੀ ਹੋਈ ਤੇ ਇੱਕ ਰਸ ਦੇ ਵਿਚ ਲੀਨ ਬੈਠੇ ਨੇ, ਇੱਕ ਕੋਨੇ 'ਚ। ਪਛਾਣ ਲਿਆ ਉਨ੍ਹਾਂ ਨੇ। ਪਛਾਣ ਕੇ ਜਾ ਕੇ ਚਰਨਾਂ 'ਤੇ ਨਮਸ਼ਕਾਰ ਕਰ ਦਿਤੀ।

ਕਹਿਣ ਲੱਗੇ, ਬਾਬਾ ਜੀ! ਸੰਗਤਾਂ ਤਾਂ ਬਿਹਬਲ ਹੋਈਆਂ ਫਿਰਦੀਆਂ ਨੇ, ਤੁਸੀਂ ਸਾਰਿਆਂ ਨੂੰ ਛੱਡ ਕੇ ਇਥੇ ਆ ਗਏ। ਉਸ ਵੇਲੇ ਆਪ ਨੇ ਕਿਸੇ ਨਾ ਕਿਸੇ ਤਰੀਕੇ ਉਹਨੂੰ ਵਿਦਾ ਕਰ ਦਿਤਾ, ਜਦੋਂ ਉਹ ਚਲਿਆ ਗਿਆ, ਬਾਬਾ ਜੀ ਹੋਰ ਅਗਾਂਹਾਂ ਪਹਾੜਾਂ 'ਚ ਜਾ ਬੈਠੇ। ਉਥੇ ਫੇਰ

ਪਛਾਣ ਲਏ -

***ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥ ਅੰਗ- 265***

ਛੁਪਦਾ ਨਹੀਂ ਹੈ ਉਹ ਤਾਂ, ਫੇਰ ਸਾਰੀਆਂ ਸੰਗਤਾਂ ਲੈਣ ਗਈਆਂ। ਜਦੋਂ ਹੋਤੀ ਆ ਕੇ ਆਪ ਉਤਰੇ, ਉਸ ਵੇਲੇ ਅੰਗਰੇਜ਼ਾਂ ਨੇ ਵੀ ਬੈਂਡ-ਵਾਜੇ ਭੇਜੇ ਹੋਏ, ਪਠਾਣਾਂ ਨੇ ਵੀ ਬੈਂਡ ਲਿਆਂਦੇ ਆਪਣੇ। ਚਾਹੇ ਹਿੰਦੂ ਸੀ, ਚਾਹੇ ਸਿੱਖ ਸੀ, ਸਟੇਸ਼ਨ ਭਰਿਆ ਪਿਆ ਹੈ ਸਾਰੇ ਇੰਤਜ਼ਾਰ ਕਰ ਰਹੇ ਨੇ ਬਾਬਾ ਜੀ ਦੀ। ਸੋ ਕਈ ਵਾਰੀ ਐਸੀਆਂ ਗੱਲਾਂ ਹੋ ਜਾਂਦੀਆਂ ਨੇ ਕਿ ਨਾਮ ਦਾ ਜੋ ਅਖੰਡ ਅਨੰਦ ਹੈ ਉਸਨੂੰ ਪ੍ਰਾਪਤ ਕਰਨ ਵਾਸਤੇ ਮਹਾਤਮਾ ਦੂਰ-ਦੂਰ ਨਿਕਲ ਜਾਂਦੇ ਨੇ। ਚੁੱਪ ਕਰਕੇ ਚਲੇ ਜਾਂਦੇ ਨੇ। ਸੋ ਇਹ ਦਿਨ ਰਾਤ ਨਾਮ ਜਪਦੇ ਨੇ। ਸੰਗਤ ਹੁੰਦੀ ਹੈ।

ਸੋ ਆਪ ਦੀ ਬਹੁਤ ਜ਼ਿਆਦਾ ਮਹਿਮਾ ਗੁਰੂ ਮਹਾਰਾਜ ਦੇ ਦਰ 'ਤੇ ਪਹੁੰਚਦੀ ਹੈ। ਜਿਉਂ-ਜਿਉਂ ਇਨ੍ਹਾਂ ਦਾ ਜ਼ਿਕਰ ਕਰਦੇ ਨੇ ਤਿਉਂ-ਤਿਉਂ ਗੁਰੂ ਨਾਨਕ ਦੀਆਂ ਬਰਕਤਾਂ ਹੋਰ-ਹੋਰ, ਵੱਧ-ਵੱਧ ਕੇ ਇਨ੍ਹਾਂ ਦੇ ਕੋਲ ਪਹੁੰਚਦੀਆਂ ਨੇ। ਗੁਰਸਿੱਖੀ ਦਾ ਜੀਵਨ ਪੂਰਾ ਹੈ, ਵੰਡ ਕੇ ਛਕਦੇ ਨੇ।

ਅੱਜ ਸੀਂਹੇ ਦੇ ਲੜਕੀ ਜੁਆਨ ਹੋਈ-ਹੋਈ ਹੈ। ਬਰਾਤ ਆਉਣੀ ਹੈ, ਉਹਦੇ ਵਾਸਤੇ ਹਫਤਾ ਭਰ ਤੋਂ ਮਠਿਆਈਆਂ ਪਹਿਲਾਂ ਹੀ ਪੱਕਣੀਆਂ ਸ਼ੁਰੂ ਹੋ ਗਈਆਂ ਕਿਉਂਕਿ ਉਨ੍ਹਾਂ ਦਿਨਾਂ 'ਚ ਹਫਤਾ-ਹਫਤਾ ਬਰਾਤਾਂ ਠਹਿਰਦੀਆਂ ਸੀ ਤੇ ਸੌ-ਸੌ, ਦੋ-ਦੋ ਸੌ, ਪੰਜ-ਪੰਜ ਸੌ ਬੰਦਾ ਆਉਂਦਾ ਸੀ, ਕੋਈ ਵਿਧਾਨ ਨਹੀਂ ਸੀਗਾ। ਸੋ ਮਠਿਆਈਆਂ ਪੱਕਣੀਆਂ ਸ਼ੁਰੂ ਹੋ ਗਈਆਂ, ਪੰਜ-ਛੇ ਦਿਨ ਲਗਾਤਾਰ ਮਠਿਆਈਆਂ ਪੱਕਦੀਆਂ ਰਹੀਆਂ। ਅਨੇਕ ਕਿਸਮ ਦੇ ਪਦਾਰਥ ਬਣਾ ਕੇ ਇੱਕ ਕੋਠਾ ਭਰ ਲਿਆ। ਦੂਸਰੇ ਦਿਨ ਬਰਾਤ ਨੇ ਆਉਣਾ ਸੀ। ਲੇਕਿਨ ਉਸ ਤੋਂ ਪਹਿਲਾਂ ਇੱਕ ਸੰਗ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕਰਨ ਜਾਂਦਾ ਹੋਇਆ, ਮਹਿਮਾ ਆਪ ਦੀ ਬਹੁਤ ਫੈਲੀ ਹੋਈ ਸੀ ਤੇ ਭਾਰਾ ਸੰਗ ਸੀ ਤੇ ਉਹ ਭਾਈ ਸੀਂਹੇ ਤੇ ਭਾਈ ਗੱਜਣ ਦੇ ਘਰ ਆ ਗਿਆ। ਆਪ ਨੇ ਯਥਾਸ਼ਕਤ ਸੰਗਤਾਂ ਨੂੰ ਰਹਿਣ ਵਾਸਤੇ ਥਾਂ ਦਿਤਾ, ਇਸ਼ਨਾਨ ਕਰਾਏ, ਹੋਰ ਸੇਵਾ ਕੀਤੀ। ਪ੍ਰਸ਼ਾਦਾ ਛਕਾਇਆ, ਸ਼ਾਮ ਨੂੰ ਵੀ ਤੇ ਸਵੇਰ ਵੀ। ਛਕਾਇਆ ਕੀ? ਉਹ ਜਿਹੜੀ ਮਠਿਆਈ ਬਣੀ ਪਈ ਸੀ, ਪਦਾਰਥ ਬਣੇ ਪਏ ਸੀ, ਦਰਵਾਜ਼ਾ ਖੋਲ੍ਹ ਲਿਆ, ਸੀਂਹੇ ਨੂੰ ਚਾਉ ਚੜ੍ਹ ਗਿਆ ਕਿ ਅੱਜ ਗੁਰੂ ਨਾਨਕ ਪਾਤਸ਼ਾਹ ਆਪ ਸੰਗਤ ਦੇ ਰੂਪ ਵਿਚ ਆ ਗਏ। ਉਸ ਵੇਲੇ ਘਰਵਾਲੀ ਨਾਲ ਗੱਲ ਕਰੀ, ਉਹਦੇ ਮਨ 'ਚ ਚਿੰਤਾ ਆ ਗਈ। ਕਹਿੰਦੀ, ਦੇਖੋ ਕੱਲ੍ਹ ਨੂੰ ਆਉਣੀ ਹੈ ਬਰਾਤ ਤੇ ਆਪਾਂ ਜੇ ਇਨ੍ਹਾਂ ਨੂੰ ਛਕਾ ਦਿਤਾ, ਇਹ ਸੰਗਤ ਐਨੀ ਹੈ ਸੈਂਕੜਿਆਂ ਦੀ ਤਦਾਦ 'ਚ, ਇਹ ਤਾਂ ਸਾਰਾ ਰਾਸ਼ਨ ਇਨ੍ਹਾਂ ਜੋਗਾ ਹੀ ਹੈ। ਉਹ ਕਹਿੰਦਾ, ਭੋਲੀਏ! ਗੁਰੂ ਦੀਆਂ ਸੰਗਤਾਂ ਦੀ ਸੇਵਾ ਕਦੇ ਮਿਲਦੀ ਹੈ, ਉਹ ਤਾਂ ਭਾਗਾਂ ਵਾਲੇ ਨੇ ਜਿਹਨੂੰ ਮਿਲ ਜਾਵੇ -

*ਧਾਰਨਾ - ਵੱਡਿਆਂ ਭਾਗਾਂ ਨਾਲ,*
*ਮਿਲਦੀ ਸੇਵਾ ਸੰਗਤਾਂ ਦੀ।*

ਕਹਿਣ ਲੱਗੇ, ਭੋਲੀਏ! ਆਪਣੇ ਤਾਂ ਭਾਗ ਜਾਗ ਪਏ-

*ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ ॥ ਅੰਗ - 810*

ਕਹਿੰਦੇ ਉਨ੍ਹਾਂ ਦੇ ਤਾਂ ਚਰਨ ਵੀ ਆਪਣੇ ਕੇਸਾਂ ਨਾਲ ਝਾੜਨੇ ਚਾਹੀਦੇ ਨੇ।

*ਮਸਤਕੁ ਅਪਨਾ ਭੇਟ ਦੇਉ ਗੁਨ ਸੁਨਉ ਰਸਾਲ ॥ ਅੰਗ - 810*

ਇਹ ਤਾਂ ਕੁਛ ਵੀ ਨਹੀਂ ਹੈ, ਆਪਣਾ ਜਿਹੜਾ ਸਿਰ ਹੈ ਇਹ ਵੀ ਇਨ੍ਹਾਂ ਦੀ ਭੇਟ ਦੇ ਦਿਓ।

*ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥*
*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥*
*ਅੰਗ - 558*

ਮਠਿਆਈ ਦੀ ਗੱਲ ਤੂੰ ਕਰਦੀ ਹੈਂ, ਮਠਿਆਈ ਤਾਂ ਕੋਈ ਚੀਜ਼ ਹੀ ਨਹੀਂ ਹੈ ਇਨ੍ਹਾਂ ਦੇ ਸਾਮ੍ਹਣੇ। ਬਾਕੀ ਤੋਟਾ ਨਹੀਂ ਆਉਣਾ, ਬਰਕਤ ਨਾਮ ਦੇ ਵਿਚ ਬਹੁਤ ਵੱਡੀ ਹੈ।

*ਧਾਰਨਾ - ਖਾ ਲੈ, ਖਰਚ ਲੈ ਮੁੱਕਣੀ ਨਹੀਂ ਬਰਕਤ ਨਾਮ ਦੀ,*
*ਸ਼ਬਦ ਅਖੁੱਟ ਗੁਰਾਂ ਦਾ।*

*ਤਿਚਰੁ ਮੂਲਿ ਨ ਥੁੜ੍ਹੀਦੋ ਜਿਚਰੁ ਆਪਿ ਕ੍ਰਿਪਾਲੁ ॥*
*ਸਬਦੁ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ ॥*
*ਅੰਗ - 1426*

ਕਹਿਣ ਲੱਗਿਆ, ਭੋਲੀਏ! ਇਹ ਨਾਮ ਦੀ ਬਰਕਤ ਹੈ, ਇਹ ਨਹੀਂ ਖਤਮ ਹੋਣੀ, ਕਿਉਂ ਚਿੰਤਾ ਕਰਦੀ ਹੈਂ। ਚਿੰਤਾ ਨਹੀਂ ਕਰਨੀ ਚਾਹੀਦੀ -

*ਖਾਵਹਿ ਖਰਚਹਿ ਰਲਿ ਮਿਲਿ ਭਾਈ ॥*
*ਤੋਟਿ ਨ ਆਵੈ ਵਧਦੋ ਜਾਈ ॥ ਅੰਗ - 186*

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਜਿਸ ਵਕਤ ਢੱਕੀ ਵਿਚ ਆਏ ਤੇ ਛੋਟੇ ਮਹਾਰਾਜ ਬਾਬਾ ਕਿਸ਼ਨ ਸਿੰਘ ਜੀ ਵੀ ਨਾਲ ਆਏ ਆਪ ਦੇ। ਉਸ ਵੇਲੇ ਆਪ ਨਰਵਿਰਤੀ ਬਿਰਤੀ 'ਚ ਰਹਿੰਦੇ ਨੇ, ਕੋਈ ਚੀਜ਼ ਰਖਦੇ ਨਹੀਂ ਕੋਲ। ਹੌਲੀ-ਹੌਲੀ ਕਿਸੇ ਨੇ ਨਲਕਾ ਲਵਾ ਦਿਤਾ, ਪਾਣੀ ਪੀਣ ਨੂੰ ਹੋ ਗਿਆ। ਪਹਿਲਾਂ ਨਹਿਰ 'ਚ ਪਾਣੀ ਪੀ ਲੈਂਦੇ ਸੀ ਜਾ ਕੇ, ਊਂਜਲਾਂ ਦੇ ਨਾਲ, ਉਥੇ ਹੀ ਕੱਪੜੇ ਧੋ ਲੈਣੇ, ਉਥੇ ਹੀ ਇਸ਼ਨਾਨ, ਇੱਕੋ ਚੋਲਾ ਰਖਦੇ ਸੀ, ਦੋ ਕਛਹਿਰੇ ਤੇ ਇੱਕ ਪਰਨਾ। ਉਸ ਤੋਂ ਵੱਧ ਕੋਈ ਚੀਜ਼ ਨਹੀਂ ਸੀ ਰਖਦੇ। ਹਰ ਵਕਤ ਨਾਮ ਜਪਦੇ ਸੀ। ਇੱਕ ਪ੍ਰੇਮੀ ਨੇ ਦੇਖਿਆ ਕਿ ਆਹ ਕਿੰਨੇ ਦਿਨਾਂ ਦੇ ਬੈਠੇ ਨੇ, ਉਹਨੇ ਘੜਾ ਲਿਆ ਕੇ ਰੱਖ ਦਿਤਾ ਪਾਣੀ ਦਾ ਭਰ ਕੇ। ਜਦੋਂ ਮੁੱਕ ਜਾਇਆ ਕਰੇ, ਫੇਰ ਲਿਆ ਦਿਆ ਕਰੇ। ਉੱਠ ਚਾਰਦਾ ਹੁੰਦਾ ਸੀ ਉਹ

ਉਥੇ। ਇਕ ਪ੍ਰੇਮੀ ਆਇਆ ਉਹਨੇ ਨਲਕਾ ਲਵਾ ਦਿਤਾ ਸੀ।

ਇਸੇ ਤਰ੍ਹਾਂ ਥੋੜ੍ਹਾ-ਥੋੜ੍ਹਾ ਵਧਣ ਲਗ ਗਿਆ। ਅੱਜ ਕਿਸੇ ਨੇ ਢਾਈ ਰੁਪਏ ਲਿਆ ਕੇ, ਮਹਾਰਾਜ ਜੀ ਨੂੰ ਭੇਟਾ ਕਰ ਦਿਤੇ। ਮਹਾਰਾਜ ਕਹਿਣ ਲੱਗੇ ਕਿ ਇਸ ਤਰ੍ਹਾਂ ਇਹਦੀ ਸਾਰੇ ਦੀ ਹੀ ਦੇਗ ਬਣਾਓ, ਰੱਖਣਾ ਨਹੀਂ ਆਪਾਂ ਕੋਈ ਵੀ ਪੈਸਾ। ਸਾਰਾ ਹੀ ਖਰਚ ਦਿੰਦੇ ਸੀ, ਜਿੰਨਾ ਵੀ ਆਉਂਦਾ ਸੀ। ਢਾਈ ਰੁਪਏ ਤਿੰਨ ਸੇਰ ਘਿਉ ਆਇਆ। ਉਹਦੀ ਦੇਗ ਬਣਾ ਲਈ ਤੇ ਉਥੇ ਇੱਕ ਮਕਾਣ ਜਾਂਦੀ ਬਹੁਤ ਵੱਡੀ, ਗੁਜਰਵਾਲ ਤੋਂ ਰਾਏਪੁਰ ਦੀ ਜਰਗ ਨੂੰ ਜਾ ਰਹੇ ਸੀ, ਨਹਿਰ ਨਹਿਰ ਵਲ ਦੀ। ਉਥੇ ਆ ਕੇ ਜਦ ਦੇਖਿਆ ਉਥੇ ਕੁਛ ਰੌਣਕ ਜਿਹੀ ਦਿਖੀ, ਢੱਕੀ ਦੇ ਅੰਦਰ। ਉਥੇ ਡੰਗਰ ਚਾਰਨ ਵਾਲੇ ਨੂੰ ਪੁੱਛਿਆ ਕਿ ਇਥੇ ਕੌਣ ਹੈ। ਉਹ ਕਹਿੰਦਾ ਕਿ ਇਥੇ ਦੋ ਸਾਧੂ ਆਏ ਨੇ, ਮੁੰਡੇ ਜਿਹੇ ਨੇ। ਕਹਿੰਦੇ, ਕਿੱਥੋਂ ਆਏ ਨੇ?

ਕਹਿੰਦੇ, ਰੇਰੂ ਸਾਹਿਬ ਤੋਂ।

ਇੱਕ ਤਾਂ ਘੋੜੇ ਦੀ ਸੇਵਾ ਕਰਦੇ ਨੇ, ਉਹ ਛੋਟੇ ਕਹਾਉਂਦੇ ਨੇ, ਹਨ ਵੱਡੇ। ਇੱਕ ਉਹ ਨੇ ਜਿਹੜੇ ਹਰ ਵਕਤ ਮਹਾਂਪੁਰਸ਼ਾਂ ਦੇ ਨਾਲ ਰਹਿੰਦੇ ਸੀ। ਕਹਿੰਦੇ, ਚਲੋ ਹੁਣ ਤਾਂ ਆਪਾਂ ਚੱਲੀਏ, ਮੁੜਦੇ ਹੋਏ ਆਪਾਂ ਆਵਾਂਗੇ।

ਕਾਫੀ ਇਕੱਠ ਸੀ, ਦੋ ਪਿੰਡਾਂ ਦੀ ਮਕਾਣ ਗਈ ਹੋਈ ਸੀ। ਜਦ ਵਾਪਸ ਆਉਂਦੇ ਨੇ ਤਾਂ ਮਹਾਰਾਜ ਜੀ ਦੇ ਦਰਸ਼ਨ ਕਰਨ ਵਾਸਤੇ ਸਾਰੀ ਸੰਗਤ ਬੈਠ ਗਈ। ਏਧਰੋਂ ਮਹਾਰਾਜ ਜੀ ਨੇ ਕਿਹਾ ਕਿ ਪ੍ਰਸ਼ਾਦ ਵਰਤਾਓ ਭਾਈ। ਜਦੋਂ ਪਿੰਡਾਂ 'ਚ ਪਤਾ ਲੱਗਿਆ ਕਿ ਅੱਜ ਦੇਗ ਬਣੀ ਹੈ, ਕੜਾਹ ਪ੍ਰਸ਼ਾਦ ਦਾ ਲੰਗਰ ਵਰਤਣਾ ਹੈ ਉਥੇ, ਕਿਉਂਕਿ ਕਾਫੀ ਸੰਗਤ ਹੋ ਜਾਂਦੀ ਸੀ। ਕੋਈ ਤਕਰੀਬਨ ਮਣ ਹੋ ਜਾਂਦਾ ਹੈ। ਪਿੰਡਾਂ 'ਚੋਂ ਆਉਣੇ ਸ਼ੁਰੂ ਹੋ ਗਏ, ਪੰਗਤਾਂ ਲੱਗੀ ਗਈਆਂ, ਸਵੇਰ ਤੋਂ ਪ੍ਰਸ਼ਾਦ ਵਰਤਣ ਲਗ ਗਿਆ ਤੇ ਜਦੋਂ ਇਹ ਸੰਗਤ ਆਈ ਇੱਕ ਬਾਟਾ ਰਹਿ ਗਿਆ। ਉਸ ਵੇਲੇ ਮਹਾਰਾਜ ਜੀ ਨੇ ਸਹਿਜ ਸੁਭਾਅ ਕਿਹਾ ਕਿ ਜਾਓ ਭਾਈ, ਅੱਜ ਲੰਗਰ ਛਕੋ, ਕੜਾਹ ਪ੍ਰਸ਼ਾਦ ਦਾ ਲੰਗਰ ਹੈ। ਇਹ ਜਦੋਂ ਲਾਂਗਰੀ ਸਿੰਘ ਨੂੰ ਪਤਾ ਲੱਗਿਆ, ਦੌੜਿਆ-ਦੋੜਿਆ ਮਹਾਰਾਜ ਜੀ ਕੋਲ ਆਇਆ ਕਹਿੰਦਾ, ਮਹਾਰਾਜ! ਆਪ ਨੇ ਹੁਕਮ ਦੇ ਦਿਤਾ ਇਹ ਤਾਂ ਕਿੰਨੇ ਬੰਦੇ ਨੇ, ਸੈਂਕੜਿਆਂ ਦੀ ਤਾਦਾਦ 'ਚ ਨੇ ਤੇ ਮੇਰੇ ਕੋਲ ਤਾਂ ਸਿਰਫ ਇੱਕ ਬਾਟਾ ਬਚਿਆ ਹੋਇਆ ਹੈ। ਇਹ ਮੈਂ ਕੀਹਨੂੰ ਦੇਵਾਂਗਾ ਤੇ ਕੀਹਨੂੰ ਨਾ ਦੇਵਾਂਗਾ। ਮੈਨੂੰ ਤਾਂ ਡਰ ਲਗਦਾ ਹੈ, ਅੰਦਰ ਬਹਿ ਗਿਆ ਜਾ ਕੇ। ਮਹਾਰਾਜ ਜੀ ਨੇ ਛੋਟੇ ਸੰਤਾਂ ਨੂੰ ਬੁਲਾਇਆ ਕਹਿੰਦੇ ਜਾਓ, ਭਾਈ ਇਨ੍ਹਾਂ ਨੂੰ ਪ੍ਰਸ਼ਾਦ ਛਕਾਓ। ਲਾਂਗਰੀ ਸਿੰਘ ਕੋਲ ਆ ਗਏ, ਕਹਿੰਦੇ ਤੂੰ ਵਰਤਾਉਂਦਾ ਕਿਉਂ ਨਹੀਂ? ਪੰਗਤ ਲਗ ਗਈ ਹੈ, ਨਾਲ ਉਨ੍ਹਾਂ ਨੇ ਵੀ ਕਹਿ ਦਿਤਾ ਕਿ ਭਾਈ! ਅੱਜ ਦਾਲ ਭਾਜੀ ਤਾਂ ਹੈ ਨਹੀਂ, ਰੱਜ-ਰੱਜ ਕੇ ਕੜਾਹ ਪ੍ਰਸ਼ਾਦ ਛਕੋ। ਜਦੋਂ ਅੰਦਰ ਸੁਣਿਆ ਉਹ ਬਿਲਕੁਲ ਹੀ ਚੁੱਪ ਕਰ ਗਿਆ। ਉਡੀਕ-ਉਡੀਕ ਕੇ ਅੰਦਰ ਗਏ, ਕਹਿੰਦੇ ਤੂੰ ਬਾਹਰ

ਕਿਉਂ ਨਹੀਂ ਆਉਂਦਾ?

ਕਹਿਣ ਲੱਗਿਆ, ਦੇਖੋ, ਮਹਾਰਾਜ! ਇੱਕ ਬਾਟਾ ਹੈ ਸਾਰਾ ਹੀ ਇਹ ਤਾਂ ਚਾਰ-ਪੰਜ ਨੂੰ ਵਰਤਾਉਂਦੇ ਹੀ ਮੁੱਕ ਜਾਣਾ ਹੈ, ਤੁਸੀਂ ਕਹਿ ਦਿਤਾ ਲੱਪ ਭਰ-ਭਰ ਕੇ ਦੇ। ਕਹਿੰਦਾ, ਪੰਜ ਸੱਤ ਬੰਦਿਆਂ ਨੂੰ ਮੈਂ ਦੇ ਕੇ, ਬਾਕੀ ਨੂੰ ਮੈਂ ਕੀ ਦੇਵਾਂਗਾ। ਆਪ ਹੀ ਵਰਤਾ ਲਓ, ਮੇਰੇ 'ਚ ਨਹੀਂ ਤਾਕਤ ਇਹ।

ਉਸ ਵੇਲੇ ਛੋਟੇ ਮਹਾਰਾਜ ਵੱਡਿਆਂ ਕੋਲ ਗਏ। ਤੁਸੀਂ ਕਰੋ ਕ੍ਰਿਪਾ। ਉਹ ਕਹਿੰਦੇ, ਨਾ ਲੰਗਰ ਦਾ ਕੰਮ ਤੁਹਾਡਾ ਹੈ, ਆਪ ਹੀ ਕਰੋ ਤੁਸੀਂ ਆਪਣੀ ਡਿਊਟੀ।

ਵਾਪਸ ਆ ਜਾਂਦੇ ਨੇ, ਕਹਿਣ ਲੱਗੇ, ਲੈ ਬਈ ਲਾਂਗਰੀ ਸਿੰਘਾ! ਨਾਮ ਦੀ ਬਰਕਤ ਕਦੇ ਖਤਮ ਨਹੀਂ ਹੁੰਦੀ। ਆਹ ਲੈ ਸਾਡਾ ਰੁਮਾਲ ਇਹਨੂੰ ਢਕ ਲੈ, ਤੇ ਨਿਸੰਗ ਹੋ ਕੇ, ਚਿੱਤ 'ਚ ਨਾ ਗਿਣੀਂ, ਨਾ ਦੇਖੀਂ ਕਿ ਕਿੰਨਾ ਰਹਿ ਗਿਆ। ਖੁਲ੍ਹਾ ਹੋ ਕੇ ਵਰਤਾਈ ਚੱਲ, ਉਂਜਲ ਭਰ-ਭਰ ਦੇਈ ਜਾ। ਜਿਉਂ ਲੱਗਿਆ, ਉਂਜਲ ਭਰ-ਭਰ ਕੇ ਦੇਣ। ਸੈਂਕੜੇ ਹੀ ਤਾਂ ਉਹ ਛਕ ਗਏ, ਚਾਰ ਵਜੇ ਸ਼ਾਮ ਤੱਕ ਪਿੰਡਾਂ 'ਚ ਖਬਰ ਹੋ ਗਈ ਕਿ ਅੱਜ ਲੰਗਰ ਚਲ ਰਹੇ ਨੇ ਕੜਾਹ ਪ੍ਰਸ਼ਾਦ ਦੇ, ਟੋਲੀਆਂ ਦੀਆਂ ਟੋਲੀਆਂ ਆਉਣ ਲਗ ਗਈਆਂ, ਚਾਰ ਵੱਜ ਗਏ ਸ਼ਾਮ ਦੇ, ਸਵੇਰ ਤੋਂ ਲੈ ਕੇ ਲੰਗਰ ਵਰਤਾਉਂਦਿਆਂ ਨੂੰ ਤੇ ਉਸ ਤੋਂ ਬਾਅਦ ਜਦੋਂ ਸਾਰੀਆਂ ਸੰਗਤਾਂ ਚਲੀਆਂ ਗਈਆਂ, ਮਹਾਰਾਜ ਨੇ ਕਿਹਾ ਕਿ ਭਾਈ ਕਿੰਨਾ ਕੁ ਪ੍ਰਸ਼ਾਦ ਬਚਿਆ ਹੋਇਆ ਹੈ? ਕਹਿੰਦਾ, ਜੇ ਹੁਕਮ ਹੋਵੇ ਮਹਾਰਾਜ! ਤਾਂ ਮੈਂ ਰੁਮਾਲ ਲਾਹ ਕੇ ਦੇਖ ਲਵਾਂ? ਕਹਿੰਦੇ, ਦੇਖ ਲੈ। ਕੀ ਦੇਖਦੇ ਨੇ ਕਿ ਬਾਟਾ ਮੂੰਹ ਤੱਕ ਭਰਿਆ ਪਿਆ ਹੈ।

ਇਸੇ ਤਰ੍ਹਾਂ ਦੇ ਨਾਲ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਕੋਲ ਸੰਤ ਨਗੀਨਾ ਸਿੰਘ ਜੀ ਆਏ, ਬੜੇ ਪ੍ਰੇਮੀ ਸੀਗੇ। ਉਨ੍ਹਾਂ ਨੇ ਆਪ ਨੂੰ ਬੇਨਤੀ ਕਰੀ ਕਿ ਪਾਤਸ਼ਾਹ! ਆਪ ਸਾਡੇ ਨਗਰ ਵਿਚ ਦਰਸ਼ਨ ਦੇਵੋ ਤੇ ਵਿਉਂਤ ਇਹ ਹੈ ਕਿ ਉਥੇ ਇੱਕ ਵੱਡਾ ਲੰਗਰ ਕੀਤਾ ਜਾਵੇ ਕਿਉਂਕਿ ਸੰਗਤਾਂ ਉਥੇ ਬਹੁਤ ਆਉਂਦੀਆਂ ਨੇ। ਬਾਬਾ ਜੀ ਕਹਿਣ ਲੱਗੇ, ਠੀਕ ਹੈ। ਕੁਛ ਮਾਇਆ ਲਾਂਗਰੀ ਸਿੰਘ ਤੋਂ ਲੈ ਜਾਓ। ਤੁਸੀਂ ਵੀ ਵਿਰਕਤ ਸਾਧੂ ਹੀ ਹੋਂ। ਆਹ ਖਰੀਦ ਲਓ ਤੇ ਉਥੇ ਲੰਗਰ ਚਲਾਓ। ਜਦੋਂ ਇਲਾਕੇ 'ਚ ਪਤਾ ਲੱਗਿਆ ਕਿ ਬਾਬਾ ਜੀ ਨੇ ਆਉਣਾ ਹੈ, ਉਸ ਵੇਲੇ ਹੁੰਮ-ਹੁੰਮਾ ਕੇ ਹਜ਼ਾਰਾਂ ਦੀ ਤਾਦਾਦ ਵਿਚ ਸੰਗਤਾਂ ਆ ਗਈਆਂ। ਤਾਂਤੇ ਹੀ ਵਧ ਗਏ, ਇੱਕ ਆਈ ਜਾਂਦੇ ਨੇ, ਬੈਠੀ ਜਾਂਦੇ ਨੇ, ਰਾਹ ਭਰ ਗਏ ਸਾਰੇ। ਸੰਤਾਂ ਨੇ ਲੰਗਰ ਬਣਾਇਆ, ਲਾਂਗਰੀ ਸਿੰਘ ਗਏ, ਸੰਤ ਨਗੀਨਾ ਸਿੰਘ ਜੀ ਕੋਲ ਕਿ ਮਹਾਰਾਜ! ਲੰਗਰ ਤਾਂ ਹੁਣ ਮਸਤਾਨਾ ਹੋ ਗਿਆ। ਹੁਣ ਕੀ ਕਰੀਏ? ਸੰਗਤ ਤਾਂ ਆਈ ਜਾਂਦੀ ਹੈ, ਕਹਿੰਦੇ, ਚੌਲ ਬਣਾ ਦਿਓ, ਜਿੰਨੇ ਚੌਲ ਨੇ

ਬਣਾਈ ਜਾਓ। ਫੇਰ ਆਇਆ ਲਾਂਗਰੀ ਸਿੰਘ ਕਿ ਮਹਾਰਾਜ ਚੌਲ ਵਰਤ ਗਏ ਸਾਰੇ, ਹੁਣ ਕੀ ਬਣਾਈਏ, ਨਾ ਕੋਈ ਆਟਾ ਹੈ, ਨਾ ਕੁਛ ਹੋਰ ਹੈ, ਕੋਈ ਚੀਜ਼ ਨਹੀਂ ਹੈ। ਕਹਿੰਦੇ, ਹੁਣ ਤਾਂ ਵੱਡੇ ਮਹਾਂਪੁਰਸ਼ਾਂ ਕੋਲ ਚੱਲੀਏ। ਉਸ ਵੇਲੇ ਆਪ ਬਾਬਾ ਜੀ ਦੇ ਕੋਲ ਆ ਗਏ। ਬੇਨਤੀ ਕਰੀ ਕਿ ਪਾਤਸ਼ਾਹ! ਜੋ ਕੁਛ ਸੀ ਉਹ ਤਾਂ ਵਰਤ ਗਿਆ, ਸੰਗਤ ਅਜੇ ਆਈ ਜਾਂਦੀ ਹੈ, ਆਪ ਦੀ ਮਹਿਮਾ ਐਡੀ ਜ਼ਬਰਦਸਤ ਹੈ ਕਿ ਸੁਣ-ਸੁਣ ਕੇ ਸੰਗਤਾਂ ਆ ਰਹੀਆਂ ਨੇ। ਕ੍ਰਿਪਾ ਕਰੋ ਕਿ ਹੁਣ ਲਾਜ ਰਹਿ ਜਾਏ।

ਬਾਬਾ ਜੀ ਕਹਿਣ ਲੱਗੇ ਕਿ ਗੁਰੂ ਕਾ ਲੰਗਰ ਹੈ, ਵਿਸ਼ਵਾਸ਼ ਕਰੋ ਕਿ ਗੁਰੂ ਨਾਨਕ ਦਾ ਲੰਗਰ ਹੈ। ਕਹਿੰਦੇ, ਮਹਾਰਾਜ! ਕੋਈ ਚੀਜ਼ ਵੀ ਨਹੀਂ ਭਾਂਡਿਆਂ ਦੇ ਵਿਚ, ਭਾਂਡੇ ਖਾਲੀ ਹੋ ਗਏ। ਆਹ ਪੰਗਤ ਲੱਗੀ ਹੋਈ ਹੈ, ਕੀ ਦੇਈਏ?

ਕਹਿੰਦੇ, ਕੁਛ ਤਾਂ ਹੈਗਾ?

ਕਹਿੰਦੇ, ਜੌਂਆਂ ਦੀਆਂ ਬੋਰੀਆਂ ਨੇ। ਕਹਿੰਦੇ ਆਹ ਸਾਡਾ ਚਾਦਰਾ ਲੈ ਜਾਓ, ਉਤੇ ਪਾ ਲਓ ਤੇ ਬਾਸਮਤੀ ਕੱਢ ਲਓ ਉਨ੍ਹਾਂ ਦੇ ਵਿਚੋਂ। ਨਿਹਚੇ ਦੇ ਨਾਲ ਜੌਂ ਦੀ ਬੋਰੀ ਖੋਲ੍ਹੀ, ਹੈਰਾਨ ਹੋ ਗਏ ਕਿ ਬਾਸਮਤੀ ਨਿਕਲ ਰਹੀ ਹੈ, ਸੁਗੰਧੀਆਂ ਆ ਰਹੀਆਂ ਨੇ। ਬਾਸਮਤੀ ਬਣਾ ਲਈ, ਬਣਾ ਕੇ ਬਾਬਾ ਜੀ ਕਹਿੰਦੇ, ਆਹ ਸਾਡਾ ਦੂਜਾ ਵਸਤਰ ਲੈ ਲਓ ਤੇ ਇਹ ਕੜਾਹੇ ਦੇ ਉਤੇ ਦੇ ਦਿਓ, ਵਰਤਾਓ ਖੁੱਲ੍ਹਾ।

ਸਵੇਰ ਤੋਂ ਲੈ ਕੇ ਸ਼ਾਮ ਦੇ ਚਾਰ ਵੱਜ ਗਏ, ਵਰਤਾਈ ਜਾਂਦੇ ਨੇ। ਜਦੋਂ ਸਾਰੀਆਂ ਸੰਗਤਾਂ ਚਲੀਆਂ ਗਈਆਂ, ਬਾਬਾ ਜੀ ਕਹਿੰਦੇ, ਭਾਈ ਕਿਵੇਂ ਹੈ ਲੰਗਰ ਦਾ ਕੰਮ?

ਕਹਿੰਦੇ, ਮਹਾਰਾਜ! ਆਪ ਜਾਣਦੇ ਹੀ ਹੋਂ, ਉਹ ਤਾਂ ਕੜਾਹਾ ਊਣਾ ਹੀ ਨਹੀਂ ਹੋ ਰਿਹਾ। ਕਹਿੰਦੇ ਚੰਗਾ, ਚਾਦਰਾ ਸਾਡਾ ਲੈ ਆਓ, ਚਾਦਰਾ ਲੈ ਆਂਦਾ। ਜਿਸ ਵਕਤ ਲਾਹ ਕੇ ਦੇਖਦੇ ਨੇ, ਫੇਰ ਜੌਂ ਨੇ, ਜੌਆਂ ਦੀਆਂ ਬੋਰੀਆਂ ਭਰੀਆਂ ਪਈਆਂ ਨੇ, ਕੱਢੀ ਗਏ, ਕਿੱਥੋਂ ਆਈ ਗਈਆਂ ਵਾਹਿਗੁਰੂ ਜਾਣਦਾ ਹੈ।

ਸੋ ਭਾਈ ਸੀਂਹਾਂ ਕਹਿਣ ਲੱਗਿਆ ਕਿ ਤੂੰ ਕਿਉਂ ਚਿੰਤਾ ਕਰਦੀ ਹੈਂ? ਨਾਮ ਦੀ ਬਰਕਤ ਹੈ ਇਹ, ਇਥੇ ਕੁਛ ਨਹੀਂ ਮੁੱਕਣਾ, ਸੰਗਤਾਂ ਦੀ ਸੇਵਾ ਬਾਰ-ਬਾਰ ਹੱਥ ਨਹੀਂ ਆਉਣੀ ਤੇ ਐਨੀ ਸੰਗਤ ਆ ਗਈ, ਹੋਰ ਆ ਗਈ, ਹੋਰ ਆ ਗਈ। ਸਾਰਾ ਦਿਨ ਲੰਗਰ ਵਰਤਾਈ ਗਏ ਤੇ ਸਾਰੀ ਮਠਿਆਈ, ਬਰਫੀਆਂ ਵਗੈਰਾ ਜਿੰਨੀਆਂ ਮੰਗਵਾਈਆਂ ਸੀ, ਸਾਰੇ ਟੋਕਰੇ ਖਾਲੀ ਹੋ ਗਏ ਤੇ ਸੀਂਹੇਂ ਦੀ ਘਰਵਾਲੀ ਨੂੰ ਰਾਤ ਨੂੰ ਨੀਂਦ ਨਹੀਂ ਆਉਂਦੀ ਤੇ ਅਰਦਾਸ ਕਰੀ ਜਾਂਦੀ ਹੈ ਕਿ ਕੀ ਬਣੇਗਾ? ਸਵੇਰੇ ਤਾਂ ਬੜੀ ਨਮੋਸ਼ੀ ਹੋਏਗੀ। ਬਰਾਤ ਨੇ ਆ ਜਾਣਾ ਹੈ। ਕੀ ਕਹਿਣਗੇ, ਹੁਣ ਐਨੀ ਛੇਤੀ ਬਣ

ਕੁਛ ਨਹੀਂ ਸਕਦਾ –

*ਚਿੰਤ ਕਰੈ ਸ਼ੀਹੇਂ ਕੀ ਨਾਰਿ।*
*ਤਨਕ ਨਿਕੇਤ ਨ ਰਹਯੋ ਅਹਾਰ।*

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 1131***

ਹੁਣ ਤਾਂ ਭੋਰਾ ਜਿੰਨਾਂ ਵੀ ਅਹਾਰ ਨਹੀਂ ਰਿਹਾ। ਮੈਂ ਕੋਠਾ ਜਾ ਕੇ ਦੇਖ ਕੇ ਆਈ ਹਾਂ।

*ਆਵਹਿ ਅਬ ਬਰਾਤ ਕਯਾਖਾਹੀ।*
*ਤੂਰਨ ਤਯਾਰ ਹੋਤਿ ਕਸ ਨਾਂਹੀ।*

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 1131***

ਤੇ ਹੁਣ ਛੇਤੀ ਨਾਲ ਤਾਂ ਕੁਛ ਵੀ ਤਿਆਰ ਨਹੀਂ ਹੋਣਾ। ਹੁਣ ਕੀ ਕਰਿਆ ਜਾਵੇ। ਸੀਂਹਾਂ ਆਇਆ ਕਹਿਣ ਲੱਗਿਆ, ਕਿਉਂ ਚਿੰਤਾ ਕਰਦੀ ਹੈਂ, ਤੇਰੇ ਮਨ 'ਚ ਵਿਸ਼ਵਾਸ਼ ਨਹੀਂ ਆਉਂਦਾ। ਇਹ ਤਾਂ ਆਦਿ ਜੁਗਾਦਿ ਤੋਂ ਅਕਾਲ ਪੁਰਖ ਦਾ ਬਿਰਧ ਹੈ ਇਸ ਤਰ੍ਹਾਂ –

***ਧਾਰਨਾ – ਪੈਜ ਜੁਗੋ ਜੁਗ ਰਖਦੇ ਆਏ,***
***ਆਸ ਰੱਖ ਸਤਿਗੁਰ ਦੀ।***

***ਹਰਿ ਜੁਗੁ ਜੁਗੁ ਭਗਤ ਉਪਾਇਆ***
***ਪੈਜ ਰਖਦਾ ਆਇਆ ਰਾਮ ਰਾਜੇ॥***
***ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥***
***ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥***
***ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥***

***ਅੰਗ – 451***

ਕਹਿਣ ਲੱਗਿਆ, ਕਿਉਂ ਚਿੰਤਾ 'ਚ ਪੈਨੀਂ ਹੈਂ। ਗੁਰੂ ਦੀ ਡਿਊਟੀ ਹੈ –

***ਅਪੁਨੇ ਜਨ ਕਾ ਪਰਦਾ ਢਾਕੈ ॥***
***ਅਪਨੇ ਸੇਵਕ ਕੀ ਸਰਪਰ ਰਾਖੈ ॥*** ***ਅੰਗ – 285***

ਉਹਨੇ ਰੱਖਣਾ ਹੀ ਰੱਖਣਾ ਹੈ, ਤੂੰ ਕਿਉਂ ਚਿੰਤਾ ਕਰਦੀ ਹੈਂ?

ਕਹਿੰਦੀ, ਇੱਕ ਦਾਣਾ ਵੀ ਅਹਾਰ ਦਾ ਨਹੀਂ ਰਿਹਾ।

ਬਚਨ ਕਰ ਰਹੇ ਨੇ, ਐਨੇ ਨੂੰ ਬਰਾਤ ਆ ਗਈ, ਬੜੀ ਭਾਰੀ ਬਰਾਤ। ਵਾਜੇ ਗਾਜੇ ਵਜਦੇ ਨੇ, ਬੇਅੰਤ ਭਾਈ ਸੀਂਹੇਂ ਉਨ੍ਹਾਂ ਦੇ ਮੇਲੀ, ਸਤਿਸੰਗੀ ਸਾਰੇ ਆਏ ਹੋਏ ਨੇ। ਹਜ਼ਾਰਾਂ ਦੀ ਤਾਦਾਦ ਵਿਚ ਇਕੱਠ ਹੋ ਗਿਆ। ਉਹ ਤਾਂ ਅੰਦਰ ਵੜ ਕੇ ਬਹਿ ਗਈ ਕਿ ਜਿਹੜਾ ਕੁਛ ਹੋਵੇ, ਆਪੇ ਸਮਝੂ, ਮੇਰੇ ਤੋਂ ਤਾਂ ਦੇਖਿਆ ਨਹੀਂ ਜਾਣਾ ਕੁਛ ਵੀ। ਉਸ ਵੇਲੇ ਗੁਰਸਿੱਖ ਨੇ ਗੁਰੂ ਦੀ ਓਟ ਲਈ, ਧਿਆਨ ਕੀਤਾ ਗੁਰੂ ਨਾਨਕ ਪਾਤਸ਼ਾਹ ਦਾ, ਦੋਵੇਂ ਹੱਥ ਜੋੜ ਕੇ ਖੜ੍ਹਾ ਹੋ ਗਿਆ –

*ਧਾਰਨਾ - ਕਰ 'ਤੀ ਅਰਦਾਸ ਜੀ,*
*ਸਤਿਗੁਰ ਦਾ ਧਿਆਨ ਕਰਕੇ।*

ਅਰਦਾਸ ਗੁਰਸਿੱਖ ਦੇ ਕੋਲ ਹਥਿਆਰ, ਇੱਕ ਵਸੀਲਾ ਹੈ। ਜਿੱਥੇ ਆਪਣਾ ਵਸ ਨਾ ਚੱਲੇ, ਜ਼ੋਰ ਨਾ ਚੱਲੇ, ਉਸ ਥਾਂ 'ਤੇ ਜੇ ਸਿੱਖ ਇੱਕ ਮਨ ਇੱਕ ਚਿਤ ਹੋ ਕੇ ਅਰਦਾਸ ਕਰਦਾ ਹੈ, ਫੇਰ ਸਮਰੱਥ ਗੁਰੂ ਉਹਦੀ ਅਰਦਾਸ ਸੁਣ ਲੈਂਦਾ ਹੈ -

*ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥ ਅੰਗ - 819*

ਅਰਦਾਸ ਕੀਤੀ, ਪਾਤਸ਼ਾਹ! ਆਪ ਨੇ ਜੁਗਾਂ-ਜੁਗਾਂਤਰਾਂ 'ਚ ਪੈਜ ਰੱਖੀ ਹੈ। ਲਾਜ ਰੱਖੀ ਹੈ, ਆਪਣੇ ਜਨ ਦਾ ਆਪ ਪਰਦਾ ਢਕਦੇ ਓਂ। ਪਾਤਸ਼ਾਹ! ਕਬੀਰ ਨੂੰ ਬ੍ਰਾਹਮਣਾਂ ਨੇ ਕਿਹਾ ਸੀ ਕਿ ਅਸੀਂ ਮੋਹਰਾਂ ਵੀ ਲੈਣੀਆਂ ਨੇ, ਮਠਿਆਈ ਵੀ ਲੈਣੀ ਹੈ, ਕੋਈ ਭਾਂਡਾ ਸਾਧਸੰਗਤ ਜੀ, ਕੋਈ ਚੀਜ਼ ਕਬੀਰ ਸਾਹਿਬ ਦੇ ਘਰ ਨਹੀਂ ਸੀ। ਉਸ ਵੇਲੇ ਥੋੜ੍ਹੀ ਚਿੰਤਾ ਹੋ ਗਈ ਕਬੀਰ ਸਾਹਿਬ ਜੀ ਨੂੰ, ਬਹੁਤ ਸਾਰੇ ਬ੍ਰਾਹਮਣ ਇਕੱਠੇ ਹੋ ਕੇ ਆਏ। ਕਹਿੰਦੇ, ਕਬੀਰ ਸੁਣਿਆ ਹੈ ਕਿ ਤੂੰ ਅੱਜ ਮਠਿਆਈ ਦੇਣੀ ਹੈ ਬ੍ਰਾਹਮਣਾਂ ਨੂੰ? ਅਸੀਂ ਇਕੱਲੀ ਮਠਿਆਈ ਨਹੀਂ ਲੈਣੀ, ਨਾਲ ਦੱਛਣਾ ਮੋਹਰਾਂ ਦੀ ਲੈਣੀ ਹੈ। ਉਸ ਵੇਲੇ ਆਪ ਬੈਠੇ ਨੇ, ਕੁਛ ਮਨ 'ਚ ਖਿਆਲ ਆਇਆ ਕਿ ਕਿੱਥੋਂ ਬਣਾਈਏ, ਮੰਗਦੇ ਨੇ।

ਅਕਾਲ ਪੁਰਖ ਨੇ ਦੇਖ ਲਿਆ ਕਿ ਮੇਰੇ ਪਿਆਰੇ ਨੂੰ ਚਿੰਤਾ ਹੋ ਗਈ ਹੈ ਇਸ ਚੀਜ਼ ਦੀ। ਲੋਈ ਨੂੰ ਪਰੇਰ ਦਿਤਾ, ਬਰਤਨ ਦਾ ਇੱਕ ਚੱਪਣ ਚੁੱਕਿਆ, ਵੱਡੇ ਮੱਟ ਦਾ। ਦੌੜੀ ਆਉਂਦੀ ਹੈ ਕਿ ਇਹ ਬ੍ਰਾਹਮਣ ਕੀ ਕਹਿੰਦੇ ਨੇ। ਕਹਿੰਦੇ ਕਿ ਇਹ ਕਹਿੰਦੇ ਨੇ ਕਿ ਮਠਿਆਈ ਵੀ ਖਾਣੀ ਹੈ ਤੇ ਨਾਲ ਦੱਛਣਾ ਵੀ ਲੈਣੀ ਹੈ, ਕਹਿੰਦੀ ਕਹਿ ਦਿਓ ਪੰਗਤਾਂ ਲਾ ਲੈਣ। ਕਹਿੰਦੇ, ਕਿਉਂ?

ਕਹਿੰਦੀ, ਅੰਦਰ ਆ ਕੇ ਦੇਖੋ, ਕੀ ਬਣਿਆ ਪਿਆ ਹੈ। ਮੋਹਰਾਂ ਦਾ ਵੀ ਬਰਤਨ ਭਰਿਆ ਪਿਆ ਹੈ ਤੇ ਨਾਲ ਮਠਿਆਈ ਦੇ ਮੱਟ ਭਰੇ ਪਏ ਨੇ। ਵਰਤਾਈ ਜਾਂਦੇ ਨੇ, ਬ੍ਰਾਹਮਣ ਖਾਈ ਜਾਂਦੇ ਨੇ, ਨਾਲ ਸੋਨੇ ਦੀਆਂ ਮੋਹਰਾਂ ਨਾਲ ਦਾਨ ਦੇਈ ਜਾਂਦੇ ਨੇ।

ਪਾਤਸ਼ਾਹ! ਤੇਰੇ ਚੋਜ ਨਿਆਰੇ ਨੇ। ਭਾਈ ਸੀਂਹਾਂ ਕਹਿਣ ਲੱਗਿਆ ਕਿ ਪਾਤਸ਼ਾਹ! ਆਪਣੀ ਲਾਜ ਆਪ ਰੱਖੋ। ਨਿਹਚੇ ਨਾਲ, ਭਰੋਸੇ ਨਾਲ ਤਾਲਾ ਖੋਲ੍ਹ ਲਿਆ ਕੋਠੇ ਦਾ। ਕੋਲ ਸਾਥੀ ਵੀ ਖੜ੍ਹੇ ਨੇ, ਭਾਈ ਗੱਜਣ ਖੜ੍ਹਾ ਹੈ, ਗੁਰਸਿੱਖ ਸਾਰੇ ਖੜ੍ਹੇ ਨੇ, ਸਭ ਨੂੰ ਪਤਾ ਹੈ ਕਿ ਮਠਿਆਈ ਤਾਂ ਸੰਗਤਾਂ ਨੂੰ ਕੱਲ੍ਹ ਛਕਾ ਦਿਤੀ ਸਾਰੀ। ਉਸ ਵੇਲੇ ਜਦੋਂ ਦਰਵਾਜਾ ਖੋਲ੍ਹਿਆ, ਤਾਜ਼ੀ ਮਠਿਆਈ ਦੀ ਸੁਗੰਧੀ ਆ ਰਹੀ ਹੈ ਤੇ ਨਾਲ ਗਰਮ-ਗਰਮ ਹੱਥ ਨੂੰ ਲਗ ਰਹੀ ਹੈ। ਪ੍ਰਸੰਨ ਹੋ ਗਏ, ਗੁਰੂ ਨਾਨਕ ਦੀਆਂ ਬਰਕਤਾਂ, ਸ਼ਬਦ ਦੀਆਂ ਬਰਕਤਾਂ ਦੇਖ ਕੇ। ਉਸ ਵੇਲੇ ਬਰਾਤ ਦੀਆਂ ਪੰਗਤਾਂ ਲਵਾ ਲਈਆਂ

ਤੇ ਮਠਿਆਈ ਵਰਤਣੀ ਸ਼ੁਰੂ ਹੋ ਗਈ, ਪੰਜ ਦਿਨ ਤਿੰਨ ਡੰਗ ਦਾ ਲੰਗਰ ਰੋਜ਼, ਸਾਰੀਆਂ ਸੰਗਤਾਂ ਨੂੰ, ਜਿੰਨਾ ਭਾਈਚਾਰਾ ਹੈ, ਦਿਨ ਰਾਤ ਲੰਗਰ ਚਲਦਾ ਹੈ –

*ਪੰਚ ਦਿਵਸ ਘਰ ਰਾਖੀ ਸੋਈ।*

***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 1132***

ਪੰਜ ਦਿਨ ਘਰ ਵਿਚ ਕਹਿੰਦੇ ਬਰਾਤ ਰੱਖੀ –

*ਤੋਟ ਅਸਨ ਕੀ ਹੋਇ ਨ ਕੋਈ।*

***ਸ੍ਰੀ ਗੁਰ ਨਾਨਕ ਪ੍ਰਕਾਸ਼ ਪੰਨਾ 1132***

ਭੋਜਨ ਦੀ ਤੋਟ ਹੀ ਨਹੀਂ ਆਉਂਦੀ। ਇੱਕ ਟੋਕਰਾ ਵਰਤਾਉਂਦੇ ਨੇ, ਮੁੜ ਕੇ ਆ ਕੇ ਦੇਖਦੇ ਨੇ ਫੇਰ ਭਰਿਆ ਹੋਇਆ–

*ਜਿਸ ਕਾ ਕਾਰਜੁ ਤਿਨ ਹੀ ਕੀਆ*
*ਮਾਣਸੁ ਕਿਆ ਵੇਚਾਰਾ ਰਾਮ ॥* ***ਅੰਗ – 784***

ਇਹ ਤਾਂ ਗੁਰੂ ਨਾਨਕ ਦਾ ਕਾਰਜ ਹੈ। ਗੁਰੂ ਨਾਨਕ ਦਾ ਲੰਗਰ ਗੁਰੂ ਨਾਨਕ ਦੀਆਂ ਸੰਗਤਾਂ ਨੂੰ ਛਕਾਇਆ।

***ਧਾਰਨਾ – ਤੋਟਿ ਉਨ੍ਹਾਂ ਨੂੰ ਕਦੇ ਨਾ ਆਵੇ,***
***ਜਿਨ੍ਹਾਂ ਰੱਖੀ ਆਸ ਗੁਰਾਂ 'ਤੇ।***

ਸਾਰੀਆਂ ਸੰਗਤਾਂ ਨੂੰ, ਬਰਾਤ ਪੰਜ ਦਿਨ ਤਕ ਰੱਖ ਕੇ ਪ੍ਰਸ਼ਾਦੇ ਛਕਾਉਂਦੇ ਰਹੇ। ਸੋ ਇਹ ਸ਼ਬਦ ਦੀ ਮਹਿਮਾ ਹੈ –

*ਤਿਚਰੁ ਮੂਲਿ ਨ ਥੁੜੀਂਦੋ ਜਿਚਰੁ ਆਪਿ ਕ੍ਰਿਪਾਲੁ ॥*
*ਸਬਦੁ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ ॥*

***ਅੰਗ – 1426***

ਮਹਾਰਾਜ ਕਹਿੰਦੇ, ਚਾਰੋ ਪਦਾਰਥ ਨਾਮ ਦੇ ਵਿਚ, ਰਿੱਧੀ–ਸਿੱਧੀ ਨਉਨਿਧੀ, ਤੋਟ ਨਹੀਂ ਆਏਗੀ ਕਦੇ ਵੀ, ਜਿੱਥੇ ਨਾਮ ਦੀ ਬਰਕਤ ਹੋਵੇ।

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਸਾਰੇ ਪ੍ਰੇਮੀ ਅਨੰਦ ਸਾਹਿਬ, ਗੁਰ ਸਤੋਤਰ ਵਿਚ ਬੋਲੋ।

ਅਰਦਾਸ, ਹੁਕਮਨਾਮਾ।

ਨਾਮ ਤਾਂ ਸਾਰੀ ਦੁਨੀਆਂ ਲੈ ਲੈਂਦੀ ਹੈ ਪਰ ਸਿਰੇ ਕਿਸੇ-ਕਿਸੇ ਦਾ ਲਗਦਾ ਹੈ। ਕਾਰਨ ਕੀ ਹੈ ਕਿ ਸਿਰੇ ਨਾਮ ਕਿਉਂ ਨਹੀਂ ਲਗਦਾ ਪਹਿਲਾਂ ਤਾਂ ਇਹ ਹੈ ਕਿ ਸਾਡੇ ਮਨ ਵਿਚ ਰੁਚੀ ਨਹੀਂ ਹੁੰਦੀ। ਅਸੀਂ ਚਾਹੁੰਦੇ ਨਹੀਂ ਹਾਂ ਕਿ ਅਸੀਂ ਸੰਸਾਰ ਤੋਂ ਪਾਰ ਹੋ ਜਾਈਏ। ਪਸ਼ੂ ਬਿਰਤੀ 'ਚ ਅਸੀਂ ਰਹਿੰਦੇ ਹਾਂ, ਅਜੇ ਮਨੁੱਖ ਬਿਰਤੀ ਨਹੀਂ ਸਾਡੇ ਅੰਦਰ ਜਾਗੀ। ਮਨੁੱਖ ਬਿਰਤੀ ਤੋਂ ਬਾਅਦ ਫੇਰ ਦੇਵਤਾ ਬਿਰਤੀ ਜਾਗਣੀ। ਅਜੇ ਅਸੀਂ ਬਹੁਤ ਹੇਠਾਂ ਤੁਰੇ ਫਿਰਦੇ ਹਾਂ। ਏਸ ਕਰਕੇ ਸਾਡਾ ਨਾਮ ਨਹੀਂ ਚਲਦਾ, ਅੰਮ੍ਰਿਤ ਅਸੀਂ ਛਕ ਲੈਂਦੇ ਹਾਂ। ਪੰਜ ਪਿਆਰੇ ਨਾਮ ਦੇ ਦਿੰਦੇ ਨੇ ਲੇਕਿਨ ਗੱਲ ਉਥੇ ਦੀ ਉਥੇ ਰਹਿ ਜਾਂਦੀ ਹੈ। ਅਸੀਂ ਕਿਸੇ ਕਿਨਾਰੇ ਨਹੀਂ ਲਗਦੇ। ਬੜੀ ਮਾੜੀ ਹਾਲਤ ਹੋ ਰਹੀ ਹੈ। ਬੜੀ ਮੁਸ਼ਕਲ ਦੇ ਨਾਲ ਸਾਨੂੰ ਆਹ ਮਾਨਸ ਸਰੀਰ ਪ੍ਰਾਪਤ ਹੋਇਆ ਪਰ ਦੇਖਦਿਆਂ-ਦੇਖਦਿਆਂ ਸਭ ਦਾ ਲੰਘਦਾ ਤੁਰਿਆ ਜਾਂਦਾ ਹੈ, ਫੇਰ ਮੁੜ ਕੇ ਸਮਾਂ ਹੱਥ ਨਹੀਂ ਆਉਂਦਾ। ਗੁਰੂ ਮਹਾਰਾਜ ਕਹਿੰਦੇ ਪ੍ਰੇਮੀਓਂ! ਧਿਆਨ ਦੇਵੋ, ਥੋੜ੍ਹਾ ਧਿਆਨ ਦੇਵੋ। ਬਹੁਤ ਕੀਮਤੀ ਚੀਜ਼ ਤੁਹਾਡੇ ਹੱਥ 'ਚੋਂ ਲੰਘਦੀ ਜਾਂਦੀ ਹੈ। ਰੋਜ਼ 24 ਹਜ਼ਾਰ ਸਵਾਸ ਤੁਹਾਡਾ ਖਤਮ ਹੋ ਜਾਂਦਾ ਹੈ। ਸਵਾਸ ਮੁੱਕਦੇ ਜਾਂਦੇ ਨੇ ਤੇ ਕੋਡੀਆਂ ਦੇ ਭਾਅ ਤੁਹਾਡਾ ਜਨਮ ਲੰਘਦਾ ਜਾਂਦਾ ਹੈ।

ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ



ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ